# ਅੰਮ੍ਰਿਤਸਰ
(ਮਹਾਨ ਵਿਰਸੇ ਵਾਲੀ ਗੁਰੂ ਨਗਰੀ)

# ਅੰਮ੍ਰਿਤਸਰ

(ਮਹਾਨ ਵਿਰਸੇ ਵਾਲੀ ਗੁਰੂ ਨਗਰੀ )

**ਲੇਖਕ**

**ਵਰਿੰਦਰ ਸਿੰਘ ਵਾਲੀਆ**

**ਅਨੁਵਾਦਕ:**

**ਨਰਿੰਜਨ ਸਿੰਘ ਸਾਥੀ**

**Amritsar: A City With Glorious Legacy**
*by*
**Varinder Singh Walia**
Editor Punjabi Jagran

*Editor*
**Prof. Joginder Singh Jogi**
**Amritsar**

*Translation by*
**Narinjan Singh Sathi**

**ਸਮਰਪਨ**

ਰਾਮਦਾਸ ਸਰੋਵਰਿ ਨਾਤੇ ॥
ਸਭਿ ਉਤਰੇ ਪਾਪ ਕਮਾਤੇ ॥
(ਪੰਨਾ 625)

**ਇਹ ਸਭ ਉਸ ਦੀ ਵਡਿਆਈ**

**ਜਿਸ ਨੇ ਮੇਰਾ ਹੱਥ ਫੜ ਕੇ ਆਪਣੀ ਮਾਤ ਭੂਮੀ ਬਾਰੇ ਇਹ ਸ਼ਬਦ ਲਿਖਵਾਏ।**

*–ਵਰਿੰਦਰ ਸਿੰਘ ਵਾਲੀਆ*

# ਤਤਕਰਾ


- ਅੰਮ੍ਰਿਤਸਰ : ਸਿਫਤੀ ਦਾ ਘਰੁ xi
- ਮੈਂ ਧੰਨਵਾਦੀ ਹਾਂ xx

**ਭਾਗ ਪਹਿਲਾ**

- ਇਤਿਹਾਸ ਦੀਆਂ ਝਲਕਾਂ 1
  - ➢ ਇਤਿਹਾਸ ਉਤੇ ਇਕ ਪਿਛਲਝਾਤ 4
  - ➢ ਗੌਰਵਮਈ ਇਤਿਹਾਸ ਦਾ ਇਕ ਭੁੱਲਿਆ ਵਿਸਰਿਆ ਕਾਂਡ 8
  - ➢ ਕੀ ਗੁਰੂ ਗੋਬਿੰਦ ਸਿੰਘ ਜੀ ਸੱਚਮੁੱਚ ਅੰਮ੍ਰਿਤਸਰ ਆਏ ਸਨ? 11
  - ➢ ਪੰਜਾਬ ਦੇ ਇਤਿਹਾਸ ਉਤੇ ਪੰਛੀ ਝਾਤ 16
  - ➢ ਸੁਨਹਿਰੀ ਯੁੱਗ 21
  - ➢ ਜੱਲਿਆਂਵਾਲੇ ਬਾਗ ਦੀ ਮੁੜ-ਯਾਤਰਾ 27
  - ➢ ਇਕ ਭੁੱਲਿਆ ਵਿਸਰਿਆ ਯੋਧਾ 33
  - ➢ ਇਕ ਵੱਡੀ ਅਣਗਹਿਲੀ 38
  - ➢ ਇਤਿਹਾਸਕ ਪਿੰਡ ਭੱਕਣਾ 43
  - ➢ ਕਾਮਾਗਾਟਾਮਾਰੂ ਦਾ ਸਾਕਾ 47
  - ➢ ਜੰਗਨਾਮੇ ਦਾ ਕਵੀ ਸ਼ਾਹ ਮੁਹੰਮਦ 49
  - ➢ ਨੇਤਾ ਜੀ ਦਾ ਕਾਬਲ ਨੂੰ ਫ਼ਰਾਰ ਹੋਣਾ 53

**ਭਾਗ ਦੂਜਾ**

- ਮਹਾਨ ਸੰਸਥਾਵਾਂ 59
  - ➢ ਸ਼ਹਿਰ ਦੀ ਸ਼ਾਨ 61
  - ➢ ਚਾਨਣ ਦਾ ਸਰੋਤ : ਖਾਲਸਾ ਕਾਲਜ ਅੰਮ੍ਰਿਤਸਰ 66
  - ➢ ਇਕ ਅਨੋਖਾ ਕਾਲਜ 70
  - ➢ ਅਖਾੜਾ ਸੰਗਲਵਾਲਾ ਦੀ ਵਿਲੱਖਣ ਵਿਰਾਸਤ 75
  - ➢ ਸੇਵਾ ਨੂੰ ਸਮਰਪਿਤ ਸੰਸਥਾਵਾਂ 79
  - ➢ ਦੋ ਵਿੱਦਿਅਕ ਸਿਤਾਰੇ ਅਤੇ ਭਵਨ ਨਿਰਮਾਣ ਕਲਾ 83

**ਭਾਗ ਤੀਜਾ**

- ਸਾਹਿੱਤਕ ਵਿਰਸਾ 87
  - ➢ ਪੰਜਾਬ ਦਾ ਛੇਵਾਂ ਦਰਿਆ 89
  - ➢ ਦੇਸ਼ਭਗਤ ਨਾਵਲਕਾਰ: ਸ. ਨਾਨਕ ਸਿੰਘ 93

➢ ਮਿੱਟੀ ਹੋ ਗਿਆ ਗੌਰਵਮਈ ਵਿਰਸਾ 96
➢ ਟੁੱਟ ਗਿਆ ਸੁਪਨਾ : ਪ੍ਰੀਤ ਨਗਰ 99
➢ ਲੇਖਕਾਂ ਦਾ ਪੰਘੂੜਾ 103
➢ ਕਿਵੇਂ ਉਜੜਿਆ ਸੁਹਣੀ ਕੁੜੀ ਦਾ ਬਾਗ਼ 108
➢ ਗਿਆਨੀ, ਗੁਰਮੁਖ ਅਤੇ ਇਕ ਮੁਸਾਫ਼ਰ ਵੀ 112
➢ ਪੰਜਾਬੀ ਸਾਹਿਤ ਦਾ ਕੇਸਰ ਗਿਆਨੀ ਕੇਸਰ ਸਿੰਘ 116
➢ ਹਿੰਦੀ ਨਾਵਲ ਦਾ ਪਿਤਾਮਾ: ਸ਼ਰਧਾ ਰਾਮ ਫਿਲੌਰੀ 121


## ਭਾਗ ਚੌਥਾ


• ਸ਼ਹਿਰ ਦੇ ਸਿਤਾਰੇ 124
➢ ਡਾ. ਮਨਮੋਹਨ ਸਿੰਘ ਸਿਆਸਤ ਤੋਂ ਬੇਲਾਗ ਪ੍ਰਧਾਨ ਮੰਤਰੀ 127
➢ ਇਤਿਹਾਸ ਦਾ ਖ਼ਜ਼ਾਨਾ: ਮਾਸਟਰ ਤਾਰਾ ਸਿੰਘ ਨਿਵਾਸ 131
➢ ਨਿਆਸਰਿਆਂ ਦਾ ਆਸਰਾ ਭਗਤ ਪੂਰਨ ਸਿੰਘ 136
➢ ਪਹਿਲੀ ਮਹਿਲਾ ਆਈਪੀਐੱਸ : ਡਾ. ਕਿਰਨ ਬੇਦੀ 139
➢ ਦੋ ਚੋਟੀ ਦੇ ਸਿਵਲ ਤੇ ਸੈਨਾ ਅਫ਼ਸਰ 142
➢ ਆਦਰਸ਼ ਨਾਗਰਿਕ: ਸ੍ਰੀ ਸਤਪਾਲ ਡਾਂਗ 147
➢ ਗਿੱਲ ਪਰਿਵਾਰ ਦਾ ਵਿਸ਼ਵੀਕਰਨ 151
➢ ਨੇਤਰਹੀਣਾਂ ਦਾ ਮੱਕਾ 155
➢ ਪੈਨਸ਼ਨ ਯੋਜਨਾ ਦਾ ਜਨਮਦਾਤਾ : ਕਾਮਰੇਡ ਪਰਦੁਮਨ ਸਿੰਘ 160
➢ ਭੁੱਲਿਆ ਵਿਸਰਿਆ ਲੋਕ ਨਾਇਕ : ਸੋਹਨ ਸਿੰਘ ਜੋਸ਼ 166
➢ ਉਹ ਸਾਕਾ ਨੀਲਾ ਤਾਰਾ ਨੂੰ ਰੋਕ ਨਾ ਸਕਿਆ 172
➢ ਸ਼ੌਰੀਆ ਚੱਕਰਾਂ ਦੀ ਗਾਥਾ 175


## ਭਾਗ ਪੰਜਵਾਂ


• ਸੱਭਿਆਚਾਰਾਂ ਦਾ ਸੰਗਮ 180
➢ ਅਨੰਦ ਮਾਰਗ ਦਾ ਵਿਲੱਖਣ ਸਿਧਾਂਤ 183
➢ ਪਿਸ਼ੌਰੀ ਲੋਕਾਂ ਦੀ ਇਲਾਕਾਈ ਪਛਾਣ 186
➢ ਪੰਜਾਬ ਦੇ ਦਿਲ ਵਿਚ ਇਕ ਟੁਕੜਾ ਬਿਹਾਰ ਵਸਦਾ ਹੈ 189
➢ ਭਗਵਾਨ ਸ਼ਿਵ ਦੇ ਪੁਜਾਰੀ: ਜੰਗਮ 191
➢ ਹਿਮਾਚਲ ਦੇ ਉੱਦਮੀ ਲੋਕ 195
➢ ਪਾਵਨ ਨਗਰੀ ਦੇ ਜੈਨ ਵਸਨੀਕ 200
➢ ਪਵਿੱਤਰ ਨਗਰ ਵਿਚ ਮਾਰਵਾੜੀਆਂ ਦੀ ਹਿੱਸੇਦਾਰੀ 202
➢ ਸਵਰਗ ਦੀ ਧਰਤੀ ਤੋਂ ਪਵਿੱਤਰ ਸ਼ਹਿਰ ਵੱਲ 206
➢ ਪੱਛਮੀ ਉੜੀਸਾ ਤੇ ਪੂਰਬੀ ਪੰਜਾਬ 212
➢ ਰੰਕ ਤੋਂ ਰਾਜਾ ਬਣਨ ਦੀ ਗਾਥਾ 216
➢ ਪੰਜਾਬ ਤੇ ਬੰਗਾਲ ਦਾ ਇਤਿਹਾਸਕ ਸੁਮੇਲ 222
➢ ਬਰ੍ਹਮਾ ਦੇਸ਼ ਨਾਲ ਅੰਮ੍ਰਿਤਸਰ ਦਾ ਸਬੰਧ 227
➢ ਦੋ ਸ਼ਹਿਰਾਂ ਦੀ ਕਹਾਣੀ 230
➢ ਡੇਟਨ ਦੇ ਸਿੱਖਾਂ ਨਾਲ ਇਕ ਮੁਲਾਕਾਤ 234
➢ ਲਾਸ ਐਂਜਲਜ਼ ਦੇ ਕੈਫ਼ੇ ਤੋਂ ਰਾਜਸਾਂਸੀ ਦੀ ਲੱਸੀ ਤਕ 238
➢ ਖਾਓ ਪੀਓ ਤੇ ਅੰਮ੍ਰਿਤਸਰੀਏ ਬਣ ਜਾਓ 242
➢ ਵਿਸ਼ਵਾਸ ਆਪੋ-ਆਪਣਾ 245


## ਭਾਗ ਛੇਵਾਂ


• ਚਿਤਰਕਾਰ ਤੇ ਕਲਾਕਾਰ 248
➢ ਸੁਰ ਸਿਰਮੌਰ: ਮੁਹੰਮਦ ਰਫ਼ੀ 250
➢ ਗ਼ਰੀਬ ਕਲਾਕਾਰ ਦੀ ਅਮੀਰ ਕਲਾ 255
➢ ਫੂਲਾਂ ਰਾਣੀ : ਜੀਵਨ ਤੇ ਕਲਾ 258
➢ ਚਲ-ਚਿਤਰਾਂ ਦੀ ਚਹਿਲ-ਪਹਿਲ 261
➢ ਬਾਬਾ ਦੀਪ ਸਿੰਘ ਬਾਰੇ ਫਿਲਮ ਵਿਚ ਅੰਮ੍ਰਿਤਸਰੀ ਐਕਟਰਾਂ ਦੀ ਪੇਸ਼ਕਾਰੀ 265
➢ ਬੱਲੇ ਬੱਲੇ ਫਰਾਮ ਅੰਮ੍ਰਿਤਸਰ ਟੂ ਲਾਸ ਐਂਜਲਜ਼ 269
➢ ਵੰਡ ਦੇ ਵਖਰੇਵੇਂ ਮੇਟਣ ਦੀ ਕਲਾ 272


## ਭਾਗ ਸੱਤਵਾਂ


• ਕੁੱਝ ਵਿਸ਼ੇਸ਼ ਘਟਗਿਣਤੀਆਂ 276
➢ ਸਰਹੱਦੀ ਖੇਤਰ ਦੇ ਸੂਰਮੇ : ਰਾਏ ਸਿੱਖ 277
➢ ਪਵਿੱਤਰ ਜੋਤ ਨੂੰ ਜਗਦੀ ਰੱਖਣ ਲਈ ਸੰਘਰਸ਼ਸ਼ੀਲ ਪਾਰਸੀ ਲੋਕ 280
➢ ਫਰੀਮੈਸਨ ਭਾਈਚਾਰੇ ਦੀ ਗੁਪਤ ਨਿਯਮਾਵਲੀ 285


## ਭਾਗ ਅੱਠਵਾਂ


• ਵਿਰਸੇ ਦੀ ਸੰਭਾਲ 290
➢ ਕਿਧਰ ਗਿਆ ਵਿਰਸੇ ਦਾ ਪਿਆਰ? 292
➢ ਇਤਿਹਸਕ ਯਾਦਗਾਰਾਂ ਦੀ ਭਿਅੰਕਰ ਬਰਬਾਦੀ 298
➢ ਸਿਫ਼ਤੀ ਦੇ ਘਰ ਦੀ ਦੁਰਦਸ਼ਾ 307
➢ ਇਤਿਹਾਸਕ ਗ੍ਰੰਥਾਂ ਦੀ ਲੁੱਟ 311
➢ ਅੰਮ੍ਰਿਤਸਰ ਸ਼ਹਿਰ ਦੇ ਇਤਿਹਾਸਕ ਦਰਵਾਜ਼ੇ 315
➢ ਕਾਰ ਸੇਵਾ ਵਾਲੇ ਬਾਬੇ 318
➢ ਅਤੀਤ ਦੀਆਂ ਨਿਸ਼ਾਨੀਆਂ: ਸਾਡੇ ਟੋਭੇ ਤੇ ਤਲਾਅ 323

## ਭਾਗ ਨੌਵਾਂ


- • ਵਪਾਰ ਤੇ ਵਿਘਨਕਾਰ 327
- ➢ ਪਵਿੱਤਰ ਸ਼ਹਿਰ ਦੇ ਪੁਰਾਣੇ ਬਾਜ਼ਾਰ 329
- ➢ ਬਰਾਮਦ ਦੀ ਉਡੀਕ ਵਿਚ ਅੰਮ੍ਰਿਤਸਰ 333
- ➢ ਸੁੰਦਰ ਊਨੀ ਵਸਤਾਂ ਦਾ ਸ਼ਹਿਰ 338
- ➢ ਕੜਾਹੀਆਂ ਪਤੀਲੇ ਰਸੋਈ 'ਚੋਂ ਬਾਹਰ 341
- ➢ ਕਿਰਪਾਨ ਬਹਾਦਰ ਸ਼ਹਿਰ 345
- ➢ ਅੱਗ ਨਾਲ ਖੇਡਦੇ ਲੋਕ 351
- ➢ ਸ਼ਹਿਰ ਵਿਚ ਖੁੱਲ੍ਹ ਰਹੇ ਦਸਤਾਰ ਕੇਂਦਰ 354
- ➢ ਲਾਲ ਟੋਪੀ ਵਾਲੇ 357
- ➢ ਸਾਰੀਆਂ ਸਰਹੱਦਾਂ ਲੰਘ ਗਿਆ ਅਫ਼ੀਮ ਦਾ ਵਪਾਰ 361
- ➢ ਨਸ਼ਾ ਪ੍ਰਭਾਵਿਤ ਸ਼ਹਿਰ 365


## ਭਾਗ ਦਸਵਾਂ


- • ਵਿਰਾਸਤੀ ਪਿੰਡ 369
- ➢ ਸੁਲਤਾਨਵਿੰਡ ਦੇ 800 ਸਾਲ 371
- ➢ ਆਹਲੂਵਾਲੀਆ ਮਿਸਲ ਦੀ ਰਾਜਧਾਨੀ ਫ਼ਤਿਹਆਬਾਦ 376
- ➢ ਇਤਿਹਾਸ ਨਾਲ ਓਤਪੋਤ ਇਕ ਪਿੰਡ 381
- ➢ ਭਗਤ ਸਿੰਘ ਦੀ ਸ਼ਰਨਗਾਹ : ਇਸਲਾਮਾਬਾਦ 385
- ➢ ਕਾਲਿਆਂਵਾਲਾ ਖੂਹ ਅਜਨਾਲਾ 391
- ➢ ਸਰਹੱਦੀ ਵਿਰਸੇ ਦੀ ਤਬਾਹੀ 394
- ➢ ਇਤਿਹਾਸ ਦਾ ਖ਼ਜ਼ਾਨਾ: ਪਿੰਡ ਮਾਲੂਨੰਗਲ 397
- ➢ ਸ਼ਿਵ ਮੰਦਰ ਦਾ ਨਵਾਂ ਰੂਪ 402
- ➢ ਇਸ ਭਲੇ ਪਿੰਡ ਦਾ ਕੁਝ ਵੀ ਬੁਰਾ ਨਹੀਂ 404
- ➢ ਨਾਰਲੀ ਪਿੰਡ ਦਾ ਲਾਸਾਨੀ ਇਤਿਹਾਸ 407
- ➢ ਕਿਵੇਂ ਉੱਜੜ ਗਿਆ ਪੁਲ ਕੰਜਰੀ? 413


## ਭਾਗ ਗਿਆਰ੍ਹਵਾਂ


- • ਹਿੰਦ-ਪਾਕਿ ਰਿਸ਼ਤੇ 417
- ➢ ਹਿੰਦ-ਪਾਕਿ ਤਜਾਰਤ 419
- ➢ ਪਾਕਿਸਤਾਨ ਨਾਲ ਅੰਮ੍ਰਿਤਸਰ ਦਾ ਸੋਨ-ਸੰਬੰਧ 422
- ➢ ਹਿੰਦ-ਪਾਕਿ ਰਿਸ਼ਤੇ ਬਾਸਮਤੀ ਉਤੇ ਨਿਰਭਰ ਹਨ 426
- ➢ ਰੱਖੜੀ ਦੇ ਧਾਗੇ 429
- ➢ ਸਮਝੌਤਾ ਐਕਸਪ੍ਰੈਸ ਨੂੰ ਚੱਲਣ ਦਿਓ 431
- ➢ ਕਿੰਨੀ ਦੂਰ ਕੁ ਹੈ ਅਟਾਰੀ ਤੋਂ ਵਾਹਗਾ! 436


# ਅੰਮ੍ਰਿਤਸਰ : ਸਿਫਤੀ ਦਾ ਘਰੁ

ਅੰਮ੍ਰਿਤਸਰ ਭਾਰਤ ਵਿਚ ਪੰਜਾਬ ਦੇ ਮੁਖ ਸ਼ਹਿਰਾਂ ਵਿਚੋਂ ਇਕ ਸ਼ਹਿਰ ਹੈ। ਇਤਿਹਾਸ ਦਸਦਾ ਹੈ ਕਿ ਤੀਜੀ ਪਾਤਸ਼ਾਹੀ ਗੁਰੂ ਅਮਰ ਦਾਸ ਜੀ ਦੇ ਆਦੇਸ਼ ਅਨੁਸਾਰ ਉਨ੍ਹਾਂ ਦੇ ਉਤਰਅਧਿਕਾਰੀ ਗੁਰੂ ਰਾਮ ਦਾਸ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ 1574 ਈ. ਵਿਚ ਇਸ ਸ਼ਹਿਰ ਦੀ ਨੀਂਹ ਰੱਖੀ ਸੀ। ਸ਼ਹਿਰ ਵਸਾਉਣ ਲਈ ਜ਼ਮੀਨ ਪਿੰਡ ਤੁੰਗ ਦੇ ਮਾਲਕਾਂ ਤੋਂ 700 ਰੁਪਏ ਦੇ ਕੇ ਖਰੀਦੀ ਗਈ ਸੀ। ਇਸ ਤੋਂ ਪਹਿਲਾਂ ਗੁਰੂ ਰਾਮ ਦਾਸ ਜੀ ਨੇ 1564 ਈ. ਵਿਚ ਸੰਤੋਖਸਰ ਸਰੋਵਰ ਬਣਾਉਣਾ ਸ਼ੁਰੂ ਕੀਤਾ ਸੀ। ਇਕ ਹੋਰ ਸਰੋਤ ਅਨੁਸਾਰ ਸੰਤੋਖਸਰ ਸਰੋਵਰ ਦੀ ਖੁਦਾਈ 1570 ਈ. ਵਿਚ ਸ਼ੁਰੂ ਕੀਤੀ ਗਈ ਸੀ। ਜਦੋਂ ਗੁਰੂ ਰਾਮ ਦਾਸ ਜੀ ਨੇ ਇੱਥੇ ਆਪਣੇ ਰਿਹਾਇਸ਼ੀ ਮਹਿਲ ਉਸਾਰ ਕੇ ਰਹਿਣਾ ਸ਼ੁਰੂ ਕੀਤਾ, ਉਸ ਸਮੇਂ ਇਸ ਅਸਥਾਨ ਨੂੰ ਗੁਰੂ ਦਾ ਚੱਕ ਕਿਹਾ ਜਾਂਦਾ ਸੀ। ਕੁਝ ਸਮੇਂ ਬਾਅਦ ਇਸ ਨੂੰ ਚੱਕ ਰਾਮਦਾਸ ਆਖਿਆ ਜਾਣ ਲੱਗਾ। ਗੁਰੂ ਰਾਮ ਦਾਸ ਜੀ ਨੇ ਇੱਥੇ ਪਵਿੱਤਰ ਸਰੋਵਰ ਦੀ ਖੁਦਾਈ 1574 ਈ. ਵਿਚ ਸ਼ੁਰੂ ਕੀਤੀ। ਸਰੋਵਰ ਦੀ ਖੁਦਾਈ 1581 ਈ. ਵਿਚ ਪੂਰੀ ਹੋਈ। ਗੁਰੂ ਅਰਜਨ ਦੇਵ ਜੀ ਨੇ 1586 ਈ. ਵਿਚ ਇਸ ਸਰੋਵਰ ਨੂੰ ਨਵਾਂ ਰੂਪ ਦਿੱਤਾ। ਉਸ ਸਮੇਂ ਤੋਂ ਇਸ ਸ਼ਹਿਰ ਦਾ ਨਾਂ ਅੰਮ੍ਰਿਤਸਰ ਪੈ ਗਿਆ। ਅੰਮ੍ਰਿਤਸਰ ਦਾ ਅਰਥ ਹੈ ਅੰਮ੍ਰਿਤ ਸਰੋਵਰ। ਪਵਿੱਤਰ ਦਰਬਾਰ ਸਾਹਿਬ ਦੀ ਨੀਂਹ, ਕਹਿੰਦੇ ਹਨ ਕਿ ਗੁਰੂ ਅਰਜਨ ਦੇਵ ਜੀ ਦੇ ਕਹਿਣ 'ਤੇ ਇਕ ਮੁਸਲਮਾਨ ਫਕੀਰ ਸਾਈਂ ਮੀਆਂ ਮੀਰ ਜੀ ਨੇ ਰੱਖੀ ਸੀ। 1590 ਵਿਚ ਗੁਰੂ ਅਰਜਨ ਦੇਵ ਜੀ ਨੇੜੇ ਹੀ ਇਕ ਪਿੰਡ ਵਡਾਲੀ ਵਿਚ ਚਲੇ ਗਏ ਜਿੱਥੇ 19 ਜੂਨ 1595 ਈ. ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਹੋਇਆ। 1601 ਵਿਚ ਦਰਬਾਰ ਸਾਹਿਬ ਦੀ ਉਸਾਰੀ ਸੰਪੂਰਨ ਹੋ ਗਈ। 1603-1604 ਵਿਚ ਸਿੱਖ ਧਾਰਮਕ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਸਰੂਪ ਮੁਕੰਮਲ ਹੋ ਗਿਆ ਅਤੇ 16 ਅਗਸਤ 1604 ਈ. ਨੂੰ ਸ੍ਰੀ ਦਰਬਾਰ ਸਾਹਿਬ ਵਿਚ ਇਸ ਦਾ ਪਹਿਲੀ ਵਾਰ ਪ੍ਰਕਾਸ਼ ਕੀਤਾ ਗਿਆ।

ਇੱਥੇ ਹੀ ਗੁਰੂ ਹਰਿਗੋਬਿੰਦ ਸਾਹਿਬ ਨੇ 1609 ਈ. ਵਿਚ ਸਿੱਖ ਅਲੌਕਿਕ ਸ਼ਕਤੀ ਦੇ ਪ੍ਰਤੀਕ, ਅਮਰ ਤਖ਼ਤ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕੀਤੀ। ਮੀਰੀ-ਪੀਰੀ ਤੇ ਸਿੱਖ ਪ੍ਰਭੂਸੱਤਾ ਦੇ ਪ੍ਰਤੀਕ ਦੋ ਨਿਸ਼ਾਨ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਝੁਲਾਏ ਗਏ। ਇੱਥੇ ਹੀ ਗੁਰੂ ਹਰਿਗੋਬਿੰਦ ਸਾਹਿਬ ਨੇ ਛੇਵੇਂ ਗੁਰੂ ਵਜੋਂ ਗੱਦੀ 'ਤੇ ਬਿਰਾਜਮਾਨ ਹੋਣ ਸਮੇਂ ਲੌਕਿਕ ਅਤੇ ਪਰਾਲੌਕਿਕ ਸ਼ਕਤੀ ਦੀਆਂ ਪ੍ਰਤੀਕ, ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ।

ਮੁਗਲ ਫ਼ੌਜ ਨੇ ਇੱਥੇ 13 ਅਪ੍ਰੈਲ 1634 ਈ. ਨੂੰ ਗੁਰੂ ਹਰਿਗੋਬਿੰਦ ਸਾਹਿਬ

ਉਤੇ ਹਮਲਾ ਕਰ ਦਿੱਤਾ। ਇਹ ਸਿੱਖ ਗੁਰੂ ਸਾਹਿਬਾਨ ਦੀ ਧਾਰਮਕ ਪਾਤਸ਼ਾਹੀ ਅਤੇ ਮੁਗਲ ਹਾਕਮਾਂ ਦੀ ਰਾਜਨੀਤਕ ਬਾਦਸ਼ਾਹੀ ਵਿਚਾਲੇ ਟਕਰਾਉ ਦੀ ਸ਼ੁਰੂਆਤ ਸੀ। ਗੁਰੂ ਜੀ ਨੂੰ ਕਈ ਵਾਰ ਮੁਗਲ ਫ਼ੌਜ ਦਾ ਮੁਕਾਬਲਾ ਕਰਨਾ ਪਿਆ। ਇਸ ਉਪਰੰਤ ਗੁਰੂ ਹਰਿਗੋਬਿੰਦ ਸਾਹਿਬ ਰੋਪੜ ਦੇ ਨੇੜੇ ਪਹਾੜੀ ਇਲਾਕੇ ਵਿਚ ਕੀਰਤਪੁਰ ਸਾਹਿਬ ਚਲੇ ਗਏ। ਉਨ੍ਹਾਂ ਤੋਂ ਪਿਛੋਂ ਸਤਵੀਂ ਪਾਤਸ਼ਾਹੀ ਗੁਰੂ ਹਰਿ ਰਾਏ ਸਾਹਿਬ ਨੇ ਵੀ ਇੱਥੇ ਕੁਝ ਸਮਾਂ ਬਤੀਤ ਕੀਤਾ। ਇੱਥੇ ਹੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਗੁਰਗੱਦੀ ਮਿਲੀ। ਕੀਰਤਪੁਰ ਤੋਂ ਉਨ੍ਹਾਂ ਨੂੰ ਦਿੱਲੀ ਜਾਣਾ ਪਿਆ, ਜਿੱਥੇ ਛੋਟੀ ਉਮਰ ਵਿਚ ਹੀ ਉਹ ਜੋਤੀ ਜੋਤ ਸਮਾ ਗਏ। 1635 ਤੋਂ ਲੈ ਕੇ 1698 ਤਕ ਅੰਮ੍ਰਿਤਸਰ ਦਾ ਪ੍ਰਬੰਧ ਮੀਣਿਆਂ ਦੇ ਪਰਿਵਾਰ ਕੋਲ ਰਿਹਾ । ਮੀਣੇ, ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਬਾਬਾ ਪ੍ਰਿਥੀ ਚੰਦ ਦੀ ਔਲਾਦ ਸਨ। ਇਸ ਸਮੇਂ ਦੌਰਾਨ 23 ਨਵੰਬਰ 1664 ਨੂੰ ਗੁਰੂ ਤੇਗ ਬਹਾਦਰ ਜੀ ਅੰਮ੍ਰਿਤਸਰ ਆਏ ਪਰ ਉਨ੍ਹਾਂ ਨੂੰ ਇੱਥੇ ਟਿਕਣ ਨਹੀਂ ਦਿੱਤਾ ਗਿਆ। ਅਪ੍ਰੈਲ 1698 ਵਿਚ ਅੰਮ੍ਰਿਤਸਰ ਦੇ ਗੁਰੂ ਅਸਥਾਨਾਂ ਦੀ ਜ਼ਿੰਮੇਵਾਰੀ ਭਾਈ ਮਨੀ ਸਿੰਘ ਜੀ ਨੂੰ ਸੌਂਪੀ ਗਈ।

ਪੱਟੀ ਦੇ ਮੁਗਲ ਸ਼ਾਸਕ ਨੇ ਅੰਮ੍ਰਿਤਸਰ ਉਤੇ ਕਬਜ਼ਾ ਕਰਨ ਦੀ ਕਈ ਵਾਰ ਕੋਸ਼ਿਸ਼ ਕੀਤੀ। ਇਸੇ ਤਰ੍ਹਾਂ ਦਾ ਇਕ ਹਮਲਾ ਉਸ ਨੇ ਅਪ੍ਰੈਲ 1709 ਵਿਚ ਕੀਤਾ। ਭਾਈ ਮਨੀ ਸਿੰਘ ਅਤੇ ਭਾਈ ਤਾਰਾ ਸਿੰਘ ਡੱਲ-ਵਾਂ ਦੀ ਅਗਵਾਈ ਵਿਚ ਸਿੱਖਾਂ ਨੇ ਇਹ ਹਮਲਾ ਪਛਾੜ ਦਿੱਤਾ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਦੇ ਕਈ ਇਲਾਕਿਆਂ ਉਤੇ ਕਬਜ਼ਾ ਕਰ ਲਿਆ ਤਾਂ ਮੁਗਲ ਹਮਲਿਆਂ ਤੋਂ ਬਚਣ ਲਈ ਭਾਈ ਮਨੀ ਸਿੰਘ ਅੰਮ੍ਰਿਤਸਰ ਵਿਚੋਂ ਚਲੇ ਗਏ। 30 ਦਸੰਬਰ 1711 ਨੂੰ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੇ ਅੰਮ੍ਰਿਤਸਰ ਅਜੀਤ ਸਿੰਘ ਪਾਲਿਤ ਦੇ ਹਵਾਲੇ ਕਰ ਦਿੱਤਾ ਤਾਂ ਜੋ ਉਸ ਨੂੰ ਬੰਦਾ ਸਿੰਘ ਬਹਾਦਰ ਦੇ ਖ਼ਿਲਾਫ਼ ਵਰਤਿਆ ਜਾ ਸਕੇ। ਬਹਾਦਰ ਸ਼ਾਹ ਦੀ ਮੌਤ ਤੋਂ ਬਾਅਦ ਅਜੀਤ ਸਿੰਘ ਪਾਲਿਤ ਦਿੱਲੀ ਨੂੰ ਪਰਤ ਗਿਆ। 1721 ਈ. ਵਿਚ ਭਾਈ ਮਨੀ ਸਿੰਘ ਵਾਪਸ ਅੰਮ੍ਰਿਤਸਰ ਆ ਗਏ ਅਤੇ ਦਰਬਾਰ ਸਾਹਿਬ ਵਿਚ ਪੂਜਾ-ਪਾਠ ਦੀ ਮਰਯਾਦਾ ਫੇਰ ਸ਼ੁਰੂ ਕੀਤੀ। ਉਨ੍ਹਾਂ ਨੇ ਅੰਮ੍ਰਿਤਸਰ ਵਾਪਸ ਆ ਕੇ ਪਹਿਲਾ ਕੰਮ ਇਹ ਕੀਤਾ ਕਿ ਅੰਮ੍ਰਿਤਸਰ ਦੇ ਗੁਰਧਾਮਾਂ ਦੀ ਸੇਵਾ-ਸੰਭਾਲ ਬਾਰੇ ਤੱਤ ਖਾਲਸਾ ਅਤੇ ਬੰਦਈ ਖ਼ਾਲਸਾ ਦੇ ਝਗੜੇ ਨੂੰ ਹੱਲ ਕੀਤਾ।

29 ਮਾਰਚ 1733 ਈ. ਨੂੰ ਸਿੱਖਾਂ ਦੀ ਇਕ ਪ੍ਰਤੀਨਿਧ ਇਕੱਤਰਤਾ ਜਿਸ ਨੂੰ ਸਰਬਤ ਖਾਲਸਾ ਕਹਿੰਦੇ ਹਨ, ਅਕਾਲ ਤਖ਼ਤ ’ਤੇ ਬੁਲਾਈ ਗਈ। ਇਸ ਇਕੱਤਰਤਾ ਵਿਚ ਮੁਗਲ ਸਰਕਾਰ ਵੱਲੋਂ ਨਵਾਬੀ ਦੀ ਪੇਸ਼ਕਸ਼ ਉਤੇ ਵਿਚਾਰ ਕੀਤੀ ਗਈ। ਸਿੱਖਾਂ ਨੇ ਨਵਾਬੀ ਲੈਣ ਤੋਂ ਇਨਕਾਰ ਕਰ ਦਿੱਤਾ। ਅਪ੍ਰੈਲ 1734 ਵਿਚ ਭਾਈ ਮਨੀ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ 24 ਜੂਨ 1734 ਨੂੰ ਉਨ੍ਹਾਂ ਨੂੰ ਲਾਹੌਰ ਵਿਚ ਸ਼ਹੀਦ ਕਰ ਦਿੱਤਾ ਗਿਆ।

1740 ਵਿਚ ਇਕ ਮੁਗਲ ਅਹਿਲਕਾਰ ਮੱਸੇ ਰੰਗੜ ਨੇ ਦਰਬਾਰ ਸਾਹਿਬ ਦੀ ਬੇਅਦਬੀ ਕੀਤੀ। ਇਸ ਅਵੱਗਿਆ ਕਾਰਨ, ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ



ਸਿੰਘ ਨੇ ਉਸ ਨੂੰ 11 ਅਗਸਤ, 1740 ਨੂੰ ਮਾਰ ਦਿੱਤਾ। 1757 ਵਿਚ ਅਹਿਮਦ ਸ਼ਾਹ ਅਬਦਾਲੀ ਦੀ ਪਠਾਨ ਫ਼ੌਜ ਨੇ ਦਰਬਾਰ ਸਾਹਿਬ ਦੇ ਸਰੋਵਰ ਨੂੰ ਬੇਅਦਬੀ ਕਰ ਕੇ ਪੂਰ ਦਿੱਤਾ। ਉਸ ਵੇਲੇ ਬਾਬਾ ਦੀਪ ਸਿੰਘ ਨੇ ਕਈ ਹਜ਼ਾਰ ਸਿੱਖਾਂ ਦੀ ਅਗਵਾਈ ਕਰਦਿਆਂ ਪਠਾਨਾਂ ਨਾਲ ਯੁੱਧ ਕੀਤਾ। ਵੱਡੀ ਲੜਾਈ 11 ਨਵੰਬਰ 1757 ਨੂੰ ਹੋਈ। ਇਸ ਜੰਗ ਵਿਚ ਹਜ਼ਾਰਾਂ ਸਿੱਖ ਅਤੇ ਬਾਬਾ ਦੀਪ ਸਿੰਘ ਸ਼ਹੀਦ ਹੋ ਗਏ। 1762 ਵਿਚ ਪਠਾਨੀ ਫ਼ੌਜ ਨੇ ਦਰਬਾਰ ਸਾਹਿਬ ਦੀ ਫੇਰ ਬੇਅਦਬੀ ਕੀਤੀ। ਹਰਿਮੰਦਰ ਸਾਹਿਬ ਨੂੰ ਬਰੂਦ ਨਾਲ ਉਡਾ ਦਿੱਤਾ ਅਤੇ ਸਰੋਵਰ ਨੂੰ ਵੀ ਢਾਹ-ਢੇਰੀ ਕਰ ਦਿੱਤਾ। ਇਕ ਦਸੰਬਰ 1764 ਨੂੰ ਪਠਾਨ ਫ਼ੌਜ ਨੇ ਇਕ ਹੋਰ ਹਮਲਾ ਕੀਤਾ। ਜਥੇਦਾਰ ਗੁਰਬਖ਼ਸ਼ ਸਿੰਘ ਦੀ ਅਗਵਾਈ ਵਿਚ 30 ਸਿੱਖਾਂ ਨੇ ਵਿਸ਼ਾਲ ਪਠਾਨ ਫ਼ੌਜ ਦਾ ਮੁਕਾਬਲਾ ਕੀਤਾ ਅਤੇ ਸਾਰੇ ਸ਼ਹੀਦ ਹੋ ਗਏ। 1765 ਵਿਚ ਸਿੱਖਾਂ ਨੇ ਦਰਬਾਰ ਸਾਹਿਬ ਦੀ ਮੁੜ ਉਸਾਰੀ ਸ਼ੁਰੂ ਕੀਤੀ। 1776 ਤਕ ਇਸ ਦਾ ਵਿਚਕਾਰਲਾ ਹਿਸਾ ਮੁਕੰਮਲ ਹੋ ਗਿਆ ਸੀ।

ਇਸ ਤਰ੍ਹਾਂ ਅਠਾਰ੍ਹਵੀਂ ਸਦੀ ਵਿਚ ਸ਼ਹਿਰ ਅੰਮ੍ਰਿਤਸਰ ਨੇ ਸਮੁੱਚੀ ਸਿੱਖ ਕੌਮ ਦੀ ਤਰ੍ਹਾਂ, ਇਤਿਹਾਸ ਦੇ ਕਈ ਉਤਾਰ-ਚੜ੍ਹਾ ਵੇਖੇ। ਇਸ ਦੀ ਉਦੋਂ ਤਕ ਵਾਰ-ਵਾਰ ਬੇਅਦਬੀ ਅਤੇ ਤਬਾਹੀ ਕੀਤੀ ਗਈ, ਜਦੋਂ ਤਕ ਕਿ 1765 ਈ. ਵਿਚ ਪੰਜ ਸਿੱਖ ਮਿਸਲਾਂ ਦੀ ਰਜਵਾੜਾਸ਼ਾਹੀ ਅਤੇ ਸੁਤੰਤਰ ਸੱਤਾ ਕਾਇਮ ਨਹੀਂ ਹੋ ਗਈ। ਇਸ ਤੋਂ ਪਿਛੋਂ ਅੰਮ੍ਰਿਤਸਰ ਕਈ ਮਿਸਲ ਸਰਦਾਰਾਂ ਦੇ ਪ੍ਰਬੰਧ ਅਧੀਨ ਰਿਹਾ, ਭਾਵੇਂ ਇਸ ਦੇ ਆਲੇ-ਦੁਆਲੇ ਦੇ ਇਲਾਕਿਆਂ ਉਤੇ ਭੰਗੀ ਮਿਸਲ ਦੇ ਸਰਦਾਰ ਹਰੀ ਸਿੰਘ ਦਾ ਕਬਜ਼ਾ ਸੀ। ਕਈ ਸਰਦਾਰਾਂ ਨੇ ਸਰੋਵਰ ਦੇ ਆਲੇ-ਦੁਆਲੇ ਆਪਣੇ ਰਿਹਾਇਸ਼ੀ ਬੁੰਗੇ ਅਤੇ ਕਟੜੇ ਬਣਾ ਲਏ। ਕਟੜੇ ਇਕ ਤਰ੍ਹਾਂ ਦੇ ਮਲਕੀਤੀ ਮਹੱਲੇ ਸਨ, ਜਿਨ੍ਹਾਂ ਵਿਚ ਵਪਾਰੀਆਂ ਅਤੇ ਕਿੱਤਾਕਾਰੀ ਲੋਕਾਂ ਨੂੰ ਰਹਿਣ ਲਈ ਉਤਸ਼ਾਹਿਤ ਕੀਤਾ ਜਾਂਦਾ ਸੀ। ਇਹ ਕਟੜੇ ਵੱਖ-ਵੱਖ ਮਿਸਲ ਸਰਦਾਰਾਂ ਦੀ ਮਲਕੀਅਤ ਸਨ। ਪਵਿੱਤਰ ਦਰਬਾਰ ਸਾਹਿਬ ਦਾ ਪ੍ਰਬੰਧ ਇਕ ਸਾਂਝੀ ਕੌਂਸਲ (ਕਮੇਟੀ) ਕਰਦੀ ਸੀ ਜਿਸ ਵਿਚ ਉਨ੍ਹਾਂ ਸਰਦਾਰਾਂ ਦੇ ਪ੍ਰਤੀਨਿਧ ਸ਼ਾਮਲ ਹੁੰਦੇ ਸਨ, ਜਿਨ੍ਹਾਂ ਨੇ ਦਰਬਾਰ ਸਾਹਿਬ ਦੀ ਸਾਂਭ-ਸੰਭਾਲ ਲਈ ਜ਼ਮੀਨਾਂ ਦਾਨ ਕੀਤੀਆਂ ਹੁੰਦੀਆਂ ਸਨ। ਸਿੱਖਾਂ ਦੀ ਚੜ੍ਹਤ ਤੋਂ ਪਹਿਲਾਂ ਵੀ ਪੰਥ ਦੇ ਰਾਜਨੀਤਕ ਮਸਲਿਆਂ ਦੇ ਗੰਭੀਰ ਫੈਸਲੇ ਲੈਣ ਲਈ ਅੰਮ੍ਰਿਤਸਰ ਵਿਚ ਸਾਂਝੀਆਂ ਇਕੱਤਰਤਾਵਾਂ ਹੁੰਦੀਆਂ ਸਨ ਜਿਨ੍ਹਾਂ ਨੂੰ ‘ਸਰਬਤ ਖਾਲਸਾ’ ਕਹਿੰਦੇ ਸਨ। ਹੁਣ ਕਿਉਂਕਿ ਸਾਰੇ ਮਿਸਲ ਸਰਦਾਰਾਂ ਦੇ ਬੁੰਗੇ ਇੱਥੇ ਬਣ ਗਏ ਸਨ, ਇਸ ਲਈ ਅੰਮ੍ਰਿਤਸਰ ਖਾਲਸਾ ਪੰਥ ਦੀ ਸਾਂਝੀ ਰਾਜਧਾਨੀ ਬਣ ਗਿਆ। ਤਕਰੀਬਨ ਸੱਠ ਸਾਲ ਜ਼ੁਲਮ ਸਹਿਣ ਤੋਂ ਬਾਅਦ ਦੂਰ ਨੇੜੇ ਤੋਂ ਸ਼ਰਧਾਲੂ, ਹੁਣ ਜਦੋਂ ਚਾਹੁਣ ਇਸ ਪਵਿੱਤਰ ਸ਼ਹਿਰ ਦੇ ਦਰਸ਼ਨ ਕਰ ਸਕਦੇ ਸਨ। ਇਸੇ ਤਰ੍ਹਾਂ ਇੱਥੇ ਰਹਿੰਦੇ ਲੋਕਾਂ ਅਤੇ ਬਾਹਰੋਂ ਆਉਂਦੇ ਯਾਤਰੀਆਂ ਦੀ ਨਿੱਤ-ਵਧਦੀ ਗਿਣਤੀ ਦੇ ਲਾਭ ਉਠਾਉਣ ਲਈ ਕਈ ਦੁਕਾਨਦਾਰ ਤੇ ਵਪਾਰੀ ਇੱਥੇ ਵਸ ਗਏ ਸਨ। ਸ਼ਹਿਰ ਦੇ ਸਾਰੇ ਕਟੜਿਆਂ ਦੇ

ਆਪਣੇ ਬਾਜ਼ਾਰ ਅਤੇ ਕਾਰਖਾਨੇ ਸਨ। ਇਸ ਲਈ ਹਰ ਕਟੜੇ ਵਿਚ ਵਣਜ ਵਪਾਰ ਅਤੇ ਦਸਤਕਾਰੀ ਨੇ ਬਹੁਤ ਉਨਤੀ ਕੀਤੀ। ਅਠਾਰ੍ਹਵੀਂ ਸਦੀ ਦੇ ਅੰਤ ਤਕ ਅੰਮ੍ਰਿਤਸਰ ਪੰਜਾਬ ਦਾ ਮੁੱਢਲਾ ਵਾਪਰਕ ਕੇਂਦਰ ਬਣ ਗਿਆ। ਇਸ ਦੇ ਬਾਵਜੂਦ ਅੰਮ੍ਰਿਤਸਰ ਇਕ ਸੰਗਠਿਤ ਸ਼ਹਿਰ ਬਣਨ ਦੀ ਬਜਾਏ, ਵੱਖਰੇ-ਵੱਖਰੇ ਕਟੜਿਆਂ ਦਾ ਇਕ ਸਮੂਹ ਹੀ ਬਣਿਆ ਰਿਹਾ ਜਦ ਤਕ ਕਿ ਮਹਾਰਾਜਾ ਰਣਜੀਤ ਸਿੰਘ (1780-1839) ਦਾ ਰਾਜ ਸਥਾਪਿਤ ਨਹੀਂ ਹੋ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਸਾਰੇ ਪੰਜਾਬ ਨੂੰ ਇਕ ਮੁੱਠ ਕਰ ਕੇ ਇਕ ਸੁਤੰਤਰ ਰਾਜ ਬਣਾ ਦਿੱਤਾ।

ਰਣਜੀਤ ਸਿੰਘ ਸੁਕਰਚੱਕੀਆ ਮਿਸਲ ਦਾ ਸਰਦਾਰ ਸੀ। ਉਸ ਨੇ 1799 ਈ. ਵਿਚ ਪੰਜਾਬ ਦੀ ਪੁਰਾਣੀ ਰਾਜਧਾਨੀ ਲਾਹੌਰ ਉਤੇ ਕਬਜ਼ਾ ਕੀਤਾ ਅਤੇ ਫੇਰ 1801 ਵਿਚ ਆਪਣੇ-ਆਪ ਨੂੰ ਪੰਜਾਬ ਦਾ ਮਹਾਰਾਜਾ ਐਲਾਨ ਕਰ ਦਿੱਤਾ। ਰਣਜੀਤ ਸਿੰਘ ਨੇ 1805 ਵਿਚ ਆਪਣੇ ਰਾਜ ਦੀ ਹੱਦ ਅੰਮ੍ਰਿਤਸਰ ਤਕ ਵਧਾ ਲਈ। ਉਸ ਨੇ ਆਪਣੇ ਪੁਰਾਣੇ ਵਿਰੋਧੀ ਭੰਗੀ ਸਰਦਾਰਾਂ ਤੋਂ ਉਨ੍ਹਾਂ ਦਾ ਕਿਲਾ ਜਿੱਤ ਲਿਆ ਜਿੱਥੇ ਨਾਨਕਸ਼ਾਹੀ ਰੁਪਈਏ ਢਾਲਣ ਦੀ ਟਕਸਾਲ ਸੀ। ਉਸ ਨੇ ਜ਼ਮਜ਼ਮਾ ਨਾਂ ਦੀ ਪ੍ਰਸਿੱਧ ਭੰਗੀਆਂ ਦੀ ਤੋਪ ਉਤੇ ਵੀ ਕਬਜ਼ਾ ਕਰ ਲਿਆ। ਰਾਮਗੜ੍ਹੀਆ ਮਿਸਲ ਦੇ ਕਿਲੇ ਉਤੇ 1815 ਵਿਚ ਕਬਜ਼ਾ ਕੀਤਾ ਗਿਆ। ਇਸ ਤੋਂ ਪਿਛੋਂ ਕਨੱਈਆ ਮਿਸਲ ਦੀ ਰਾਣੀ ਸਦਾ ਕੌਰ ਅਤੇ ਸ. ਫ਼ਤਿਹ ਸਿੰਘ ਆਹਲੂਵਾਲੀਆ ਦੀ ਮਦਦ ਨਾਲ 1820 ਤੋਂ ਛੇਤੀ ਹੀ ਬਾਅਦ ਅੰਮ੍ਰਿਤਸਰ ਉਤੇ ਰਣਜੀਤ ਸਿੰਘ ਦਾ ਮੁਕੰਮਲ ਕਬਜ਼ਾ ਹੋ ਗਿਆ। ਫੇਰ ਉਸ ਨੇ ਸ਼ਹਿਰ ਦੇ ਦੁਆਲੇ ਦੋਹਰੀ ਕੰਧ ਉਸਾਰ ਕੇ ਨਾਲ-ਨਾਲ ਡੂੰਘੀ ਖਾਈ ਪੁਟਵਾ ਦਿੱਤੀ। ਚਾਰਦੀਵਾਰੀ ਵਿਚ 12 ਦਰਵਾਜ਼ੇ ਰੱਖ ਕੇ ਉਨ੍ਹਾਂ ਦੇ ਸਾਹਮਣੇ ਖਾਈ ਉਤੇ ਪੁਲ ਬਣਾਏ ਗਏ। ਇਸ ਤੋਂ ਪਹਿਲਾਂ 1809 ਈ. ਵਿਚ ਰਣਜੀਤ ਸਿੰਘ ਨੇ ਲਾਹੌਰੀ ਦਰਵਾਜ਼ੇ ਦੇ ਬਾਹਰ ਕਿਲ੍ਹਾ ਗੋਬਿੰਦਗੜ੍ਹ ਉਸਾਰ ਲਿਆ ਸੀ। ਇਸ ਕਿਲੇ ਦੇ ਦੁਆਲੇ ਵੀ ਡੂੰਘੀ ਖਾਈ ਪੁੱਟੀ ਗਈ ਸੀ। ਕਿਲੇ ਦੇ ਦੁਆਲੇ ਸੁਰੱਖਿਆ ਦੀ ਤੀਹਰੀ ਕੰਧ ਉਸਾਰ ਕੇ ਉਸ ਉਤੇ ਕਈ ਬੁਰਜ ਅਤੇ ਭਾਰੀ ਤੋਪਾਂ ਲਈ ਮੋਰਚੇ ਬਣਾਏ ਗਏ। ਇਸ ਤਰ੍ਹਾਂ ਅੰਮ੍ਰਿਤਸਰ ਮਹਾਰਾਜਾ ਰਣਜੀਤ ਸਿੰਘ ਦਾ ਦੂਜਾ ਰਾਜਧਾਨੀ ਸ਼ਹਿਰ ਬਣ ਗਿਆ। ਸ਼ਾਹੀ ਰਾਜ ਘਰਾਣੇ ਦੀਆਂ ਮਹਿੰਗੀਆਂ ਚੀਜ਼ਾਂ ਕਿਲ੍ਹਾ ਗੋਬਿੰਦਗੜ੍ਹ ਵਿਚ ਰੱਖੀਆਂ ਜਾਂਦੀਆਂ ਸਨ। ਮਹਾਰਾਜਾ ਜਦੋਂ ਅੰਮ੍ਰਿਤਸਰ ਆਉਂਦਾ ਸੀ ਤਾਂ ਇਸ ਕਿਲੇ ਨੂੰ ਉਦੋਂ ਤਕ ਸ਼ਾਹੀ ਰਿਹਾਇਸ਼ ਵਜੋਂ ਵਰਤਿਆ ਜਾਂਦਾ ਰਿਹਾ, ਜਦੋਂ ਤਕ ਕਿ 1831 ਵਿਚ ਸ਼ਹਿਰ ਵਿਚ ਮਹਾਰਾਜੇ ਦੀ ਰਿਹਾਇਸ਼ ਲਈ ਰਾਮ ਬਾਗ ਵਿਚ ਸ਼ਾਹੀ ਮਹਿਲ ਨਹੀਂ ਸੀ ਬਣ ਗਿਆ। ਕਈ ਅਮੀਰ ਲੋਕਾਂ ਨੇ ਸ਼ਹਿਰ ਦੇ ਅੰਦਰ ਅਤੇ ਬਾਹਰ ਆਪਣੇ ਮਹਿਲ-ਨੁਮਾ ਘਰ ਬਣਾ ਲਏ ਅਤੇ ਸੁੰਦਰ ਬਾਗ ਵੀ ਲਗਵਾ ਲਏ। ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਦੇ ਗੁੰਬਦ ਅਤੇ ਦੀਵਾਰਾਂ ਦੇ ਬਾਹਰਲੇ ਪਾਸੇ ਸੋਨੇ ਦੇ ਪੱਤਰੇ ਲਾਉਣ ਲਈ ਅਤੇ ਦਰਬਾਰ ਸਾਹਿਬ ਨੂੰ ਅੰਦਰੋਂ ਮੋਹਰਾਕਸ਼ੀ, ਮੀਨਾਕਾਰੀ, ਸੰਗਮਰਮਰੀ ਕੰਧ-ਚਿਤਕਾਰੀ ਅਤੇ ਰੰਗੀਨ ਪੱਥਰਾਂ ਦੀ ਜੜਤਕਾਰੀ



ਨਾਲ ਸਜਾ ਕੇ ਸੁੰਦਰ ਬਣਾਉਣ ਲਈ ਦਿਲ ਖੋਲ੍ਹ ਕੇ ਧਨ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦਾ ਜਦੋਂ ਅੰਮ੍ਰਿਤਸਰ ਉਤੇ ਕਬਜ਼ਾ ਹੋ ਗਿਆ ਤਾਂ ਉਸ ਨੇ ਸਰਦਾਰ ਦੇਸਾ ਸਿੰਘ ਮਜੀਠੀਆ (1768-1832) ਨੂੰ ਸ਼ਹਿਰ ਦੇ ਸਾਰੇ ਧਰਮ ਅਸਥਾਨਾਂ ਦਾ ਮੈਨੇਜਰ ਨਿਯੁਕਤ ਕਰ ਦਿੱਤਾ। ਉਸ ਨੇ ਗੁਰਦੁਆਰਾ ਅਟੱਲ ਸਾਹਿਬ ਦੇ ਗੁੰਬਦ ਨੂੰ ਸੁਨਹਿਰੀ ਕਰਨ ਲਈ ਸੋਨਾ ਦਾਨ ਕੀਤਾ। 1830 ਦੇ ਨੇੜੇ-ਤੇੜੇ ਮਹਾਰਾਜਾ ਰਣਜੀਤ ਸਿੰਘ ਨੇ ਦਰਬਾਰ ਸਾਹਿਬ ਦੇ ਕੁਝ ਅੰਦਰਲੇ ਹਿੱਸਿਆਂ ਉਤੇ ਸੋਨੇ ਦੇ ਪੱਤਰੇ ਲਾਉਣ ਲਈ ਕੁਝ ਮੁਸਲਮਾਨ ਸੁਨਿਆਰਿਆਂ ਨੂੰ ਨਿਯੁਕਤ ਕੀਤਾ। ਸੋਨੇ ਦੇ ਪੱਤਰੇ ਲਗ ਜਾਣ ਕਰ ਕੇ ਦਰਬਾਰ ਸਾਹਿਬ ਨੂੰ ਸੁਨਹਿਰੀ ਮੰਦਰ (ਗੋਲਡਨ ਟੈਂਪਲ) ਕਿਹਾ ਜਾਣ ਲਗ ਪਿਆ, ਪਰ ਸਿੱਖ ਸ਼ਰਧਾਲੂ ਇਸ ਨੂੰ ਹਰਿਮੰਦਰ ਸਾਹਿਬ ਜਾਂ ਦਰਬਾਰ ਸਾਹਿਬ ਹੀ ਕਹਿੰਦੇ ਹਨ।

1846 ਵਿਚ ਅੰਗਰੇਜ਼ ਲਾਹੌਰ ਦਰਬਾਰ ਵਿਚ ਆ ਬੈਠੇ। ਦਰਬਾਰ ਵਿਚ ਇਕ ਅੰਗਰੇਜ਼ ਰੈਜ਼ੀਡੈਂਟ ਦੇ ਸ਼ਾਮਲ ਹੋ ਜਾਣ ਕਰ ਕੇ ਅੰਗਰੇਜ਼ ਅੰਮ੍ਰਿਤਸਰ ਵਿਚ ਵੀ ਆਉਣ ਜਾਣ ਲਗ ਪਏ। ਅੰਮ੍ਰਿਤਸਰ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਅੰਗਰੇਜ਼ ਰੈਜ਼ੀਡੈਂਟ ਐੱਚ.ਐੱਮ. ਲਾਰੰਸ ਨੇ 24 ਮਾਰਚ 1847 ਨੂੰ ਇਕ ਹੁਕਮ ਜਾਰੀ ਕਰ ਕੇ ਅੰਗਰੇਜ਼ਾਂ ਨੂੰ ਹਦਾਇਤ ਕੀਤੀ ਕਿ ਸਿੱਖ ਧਾਰਮਕ ਸਥਾਨਾਂ 'ਤੇ ਜਾਣ ਸਮੇਂ ਸਿੱਖ ਮਰਯਾਦਾ ਦਾ ਪਾਲਣ ਕੀਤਾ ਜਾਵੇ। 1858 ਵਿਚ ਇੱਥੇ ਇਕ ਮਿਊਂਸਪਲ ਕਮੇਟੀ ਬਣਾ ਦਿੱਤੀ ਗਈ। 1862 ਵਿਚ ਲਾਹੌਰ ਅਤੇ ਅੰਮ੍ਰਿਤਸਰ ਦੇ ਵਿਚਾਲੇ ਰੇਲ ਗੱਡੀ ਚੱਲਣ ਲਗ ਪਈ। 1892 ਵਿਚ ਸਿੱਖਾਂ ਦਾ ਪਹਿਲਾ ਕਾਲਜ, ਖਾਲਸਾ ਕਾਲਜ ਅੰਮ੍ਰਿਤਸਰ ਬਣਾਇਆ ਗਿਆ। 1913 ਵਿਚ ਸ਼ਹਿਰ ਵਿਚ ਬਿਜਲੀ ਆ ਗਈ। ਸਤੰਬਰ 1915 ਵਿਚ ਅੰਗਰੇਜ਼ਾਂ ਨੇ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਐਲਾਨ ਕਰ ਦਿੱਤਾ। 13 ਅਪ੍ਰੈਲ 1919 ਨੂੰ ਜਰਨਲ ਰਿਜੀਨਾਲਡ ਡਾਇਰ ਨੇ ਦਰਬਾਰ ਸਾਹਿਬ ਦੇ ਨੇੜੇ ਜੱਲਿਆਂਵਾਲੇ ਬਾਗ ਵਿਚ ਹੋ ਰਹੇ ਜਲਸੇ ਉਤੇ ਗੋਲੀ ਚਲਾ ਦਿੱਤੀ। ਇਸ ਕਤਲਾਮ ਵਿਚ 379 ਲੋਕ ਮਾਰੇ ਗਏ 1200 ਜ਼ਖ਼ਮੀ ਹੋ ਗਏ। ਸ਼੍ਰੋਮਣੀ ਅਕਾਲੀ ਦਲ ਦੀ 1920 ਵਿਚ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 1925 ਵਿਚ ਇੱਥੇ ਹੀ ਸਥਾਪਨਾ ਕੀਤੀ ਗਈ।

ਸਿੱਖ ਇਤਿਹਾਸ ਵਿਚ ਅੰਮ੍ਰਿਤਸਰ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਸਿੱਖਾਂ ਦੇ ਬਹੁਤ ਸਾਰੇ ਗੁਰਦੁਆਰੇ ਇਸ ਸ਼ਹਿਰ ਵਿਚ ਜਾਂ ਇਸ ਦੇ ਆਲੇ-ਦੁਆਲੇ ਬਣੇ ਹੋਏ ਹਨ। ਇਹ ਸ਼ਹਿਰ ਸਿੱਖਾਂ ਦੀ ਸਰਬ-ਉੱਚ ਲੌਕਿਕ ਸ਼ਕਤੀ ਦਾ ਅਸਥਾਨ ਹੈ। ਸ਼ਹਿਰ ਦੇ ਅੰਦਰਲੇ ਹਿੱਸੇ ਨੂੰ ਪੁਰਾਣਾ ਸ਼ਹਿਰ ਜਾਂ ਚਾਰਦੀਵਾਰੀ ਦੇ ਅੰਦਰਲਾ ਸ਼ਹਿਰ ਕਹਿੰਦੇ ਹਨ। ਸ਼ਹਿਰ ਦੀਆਂ ਵਲ ਵਲੇਵੇਂਦਾਰ ਤੰਗ ਗਲੀਆਂ 17ਵੀਂ ਅਤੇ 18ਵੀਂ ਸਦੀ ਦੀਆਂ ਬਣੀਆਂ ਹੋਈਆਂ ਹਨ। ਅੰਮ੍ਰਿਤਸਰ ਸ਼ਹਿਰ ਅੰਦਰੂਨੀ ਯੋਜਨਾਬੰਦੀ ਦੀ ਇਕ ਖਾਸ ਮਿਸਾਲ ਹੈ। ਸ਼ਹਿਰ ਨੂੰ ਬਾਹਰਲੇ ਹਮਲਿਆਂ ਤੋਂ ਬਚਾਉਣ ਲਈ ਬਹੁਤ ਵਧੀਆ ਬੰਦੋਬਸਤ ਕੀਤਾ ਗਿਆ ਹੈ।

ਅੰਮ੍ਰਿਤਸਰ, ਦਿੱਲੀ ਤੋਂ ਅੰਮ੍ਰਿਤਸਰ ਨੂੰ ਆਉਂਦੀ ਜਰਨੈਲੀ ਸੜਕ ਉਤੇ ਸਥਿਤ ਹੈ ਜੋ ਅੱਗੇ ਪਾਕਿਸਤਾਨ ਵਿਚ ਲਾਹੌਰ ਨਾਲ ਜੁੜਿਆ ਹੋਇਆ ਹੈ। ਇਹ ਸ਼ਹਿਰ ਰੇਲ ਵਿਵਸਥਾ ਦੇ ਵੱਡੇ ਜਾਲ ਰਾਹੀਂ ਨਵੀਂ ਦਿੱਲੀ, ਮੁੰਬਈ ਅਤੇ ਕਲਕੱਤੇ ਨਾਲ ਵੀ ਜੁੜਿਆ ਹੋਇਆ ਹੈ। ਇਸ ਸ਼ਹਿਰ ਵਿਚ ਹਵਾਈ ਸੇਵਾ ਵੀ ਉਪਲਬਧ ਹੈ। ਰਾਜਾਸਾਂਸੀ ਵਿਖੇ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਭਾਰਤੀ ਸ਼ਹਿਰਾਂ ਦੇ ਨਾਲ-ਨਾਲ ਬ੍ਰਮਿੰਘਮ, ਟੋਰੰਟੋ, ਦੁਬਈ, ਸਿੰਗਾਪੁਰ, ਤਾਸ਼ਕੰਦ ਅਤੇ ਲੰਡਨ ਵਰਗੇ ਅੰਤਰਰਾਸ਼ਟਰੀ ਸ਼ਹਿਰਾਂ ਨੂੰ ਵੀ ਉਡਾਨ ਭਰੀ ਜਾ ਸਕਦੀ ਹੈ। ਭਵਿੱਖ ਵਿਚ ਹਵਾਈ ਸੇਵਾ ਦੀ ਵਧ ਰਹੀ ਮੰਗ ਕਾਰਨ ਇਸ ਹਵਾਈ ਅੱਡੇ ਦਾ ਹੋਰ ਵਿਸਥਾਰ ਕੀਤਾ ਜਾ ਰਿਹਾ ਹੈ। ਅੰਤਰਰਾਸ਼ਟਰੀ ਆਮਦ ਅਤੇ ਜਾਂਦਕ ਦੇ ਨਵੇਂ ਟਰਮੀਨਲ ਚਾਲੂ ਹੋ ਗਏ ਹਨ। ਮਾਲ ਦੀ ਲਹਾਈ-ਚੜ੍ਹਾਈ ਦਾ ਟਰਮੀਨਲ ਉਸਾਰੀ ਅਧੀਨ ਹੈ। ਇਹ ਸ਼ਹਿਰ ਇਕ ਪੇਂਡੂ ਛਪੜੀ ਤੋਂ ਉੱਨਤ ਹੋ ਕੇ ਵਪਾਰ ਦਾ ਇਕ ਮੁੱਖ ਕੇਂਦਰ ਬਣ ਗਿਆ ਹੈ। ਅੰਮ੍ਰਿਤਸਰ ਜ਼ਿਲ੍ਹੇ ਦਾ ਪ੍ਰਬੰਧਕੀ ਕੇਂਦਰ ਵੀ ਹੈ।

## ਇਹ ਲੇਖ-ਸੰਗ੍ਰਹਿ

ਇਸ ਸੰਗ੍ਰਹਿ ਵਿਚ ਅਸੀਂ ਉਹ ਲੇਖ ਸ਼ਾਮਲ ਕਰ ਰਹੇ ਹਾਂ ਜਿਹੜੇ ਸਮੇਂ-ਸਮੇਂ 'ਦਿ ਟ੍ਰਿਬਿਊਨ' ਅਖ਼ਬਾਰ ਦੇ ਸਪਤਾਹਿਕ 'ਅੰਮ੍ਰਿਤਸਰ ਪਲੱਸ' ਸਪਲੀਮੈਂਟ ਵਿਚ ਛਪਦੇ ਰਹੇ ਹਨ। ਪੁਸਤਕ ਰੂਪ ਵਿਚ ਸੰਗ੍ਰਹਿ ਕੀਤੇ ਗਏ ਇਹ ਲੇਖ ਅੰਮ੍ਰਿਤਸਰ ਦੇ ਨੌਜਵਾਨ ਸ਼ਹਿਰੀਆਂ ਦਾ ਮਾਨਸਕ ਵਿਕਾਸ ਕਰਨ ਦਾ ਇਕ ਦਸਤਾਵੇਜ਼ ਸਿੱਧ ਹੋਣਗੇ। ਸਪਲੀਮੈਂਟ ਦੇ ਹਰ ਅੰਕ ਨੂੰ ਇਕ ਵਿਸ਼ੇਸ਼ ਅੰਕ ਬਣਾਉਣ ਵਜੋਂ ਸ੍ਰੀ ਵਰਿੰਦਰ ਵਾਲੀਆ ਉਨ੍ਹਾਂ ਪ੍ਰਤਿਭਾਸ਼ੀਲ ਸਾਹਿਤਕਾਰਾਂ ਵਿਚ ਸ਼ੁਮਾਰ ਹੋਣ ਦੇ ਯੋਗ ਹਨ ਜੋ ਸਮੇਂ-ਸਮੇਂ ਇਸ ਸ਼ਹਿਰ ਵਿਚ ਨਿਵਾਸ ਕਰ ਕੇ ਸ਼ਹਿਰ ਦੀ ਸਾਹਿਤਕ ਫ਼ਿਜ਼ਾ ਨੂੰ ਸੁਗੰਧਿਤ ਕਰਦੇ ਰਹੇ ਹਨ। ਆਪਣੇ ਹਰ ਲੇਖ ਵਿਚ ਵਰਿੰਦਰ ਵਾਲੀਆ ਕੁਝ ਅਜਿਹੀ ਜਾਣਕਾਰੀ ਮੁਹੱਈਆ ਕਰਦੇ ਸਨ ਜਿਹੜੀ ਪਹਿਲਾਂ ਕਦੀ ਪੜ੍ਹੀ-ਸੁਣੀ ਨਾ ਹੋਵੇ। ਇਸ ਲਈ ਅਨਜਾਣੇ ਤੱਥਾਂ ਨੂੰ ਜਾਣਨ ਲਈ ਇਹ ਸੰਗ੍ਰਹਿ ਇਕ ਦਿਲਚਸਪ ਰਚਨਾ ਬਣ ਗਿਆ ਹੈ।

ਲੇਖਾਂ ਦੀ ਅੰਦਰੂਨੀ ਭਾਵਨਾ ਦੀ ਪਛਾਣ ਕਰ ਕੇ ਇਹ ਫੈਸਲਾ ਕੀਤਾ ਗਿਆ ਕਿ ਇਕ ਵੰਨਗੀ ਦੇ ਲੇਖਾਂ ਦੇ ਵੱਖ-ਵੱਖ ਜੁੱਟ ਬਣਾ ਦਿੱਤੇ ਜਾਣ। ਅਸੀਂ ਇਸ ਸ਼ਹਿਰ ਦੇ ਸਦਾ ਅੰਗ-ਸੰਗ, ਮਹਾਨ ਸਿੱਖ ਗੁਰੂ ਸਾਹਿਬਾਨ ਦੇ ਰਿਣੀ ਹਾਂ ਕਿ ਅਸੀਂ ਉਨ੍ਹਾਂ ਦੀ ਵਡਿਆਈ ਤੇ ਉਸਤਤ ਵਿਚ ਇਕ ਤੁੱਛ ਜਿਹਾ ਨਜ਼ਰਾਨਾ ਭੇਟ ਕਰਨ ਦੇ ਯੋਗ ਹੋਏ ਹਾਂ! ਇਹ ਲੇਖ ਸ਼ਹਿਰ ਦੀ ਰੂਹਾਨੀ ਪਵਿੱਤਰਤਾ ਨੂੰ ਇੱਕ ਸ਼ਰਧਾਂਜਲੀ ਹਨ। ਜੇਕਰ ਕੋਈ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਸਮਝ ਕੇ ਉਨ੍ਹਾਂ ਅਨੁਸਾਰ ਆਪਣਾ ਜੀਵਨ ਢਾਲ ਸਕੇ ਤਾਂ ਉਸ ਲਈ ਇਹ ਸ਼ਹਿਰ, ਸਰਬਤ ਦੇ ਭਲੇ ਲਈ ਅਰਦਾਸ ਦੁਆਰਾ, ਦੁਨਿਆਵੀ ਚਿੰਤਾਵਾਂ ਤੋਂ ਮੁਕਤੀਦਾਤਾ ਸਿੱਧ ਹੋ ਸਕਦਾ ਹੈ।



ਪ੍ਰਾਣੀ-ਮਾਤਰ ਦੀ ਸੇਵਾ ਕਰਨਾ, ਗੁਰੂ ਦੇ ਸਿੱਖਾਂ ਦੀ ਹਮੇਸ਼ਾ ਮੁੱਖ ਪਛਾਣ ਰਹੀ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਸਮੇਂ, ਦਇਆ ਦੇ ਪੁੰਜ ਗੁਰੂ ਅਰਜਨ ਦੇਵ ਜੀ ਨੇ ਇਹ ਸੇਵਾ ਮੁਸਲਮਾਨ ਫ਼ਕੀਰ ਸਾਈਂ ਮੀਆਂ ਮੀਰ ਜੀ ਤੋਂ ਲਈ ਜਿਵੇਂ ਕਿ ਲੇਖ 'ਇਤਿਹਾਸ ਉਤੇ ਪੁਨਰਝਾਤ' ਵਿਚ ਅੰਕਿਤ ਕੀਤਾ ਗਿਆ ਹੈ। ਭਾਈ ਗੁਰਦਾਸ ਜੀ ਨੇ ਵੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖ ਕੇ ਬੜੀ ਉੱਤਮ ਤੇ ਪਵਿੱਤਰ ਸੇਵਾ ਕੀਤੀ। ਉਨ੍ਹਾਂ ਦੀ ਇਸ ਸੇਵਾ ਨੂੰ ਲੇਖ, 'ਗੌਰਵਮਈ ਇਤਿਹਾਸ ਦਾ ਇਕ ਭੁੱਲਿਆ-ਵਿਸਰਿਆ ਕਾਂਡ' ਵਿਚ ਯਾਦ ਕੀਤਾ ਗਿਆ ਹੈ। ਗੁਰੂ-ਪਰੰਪਰਾ ਦੇ ਪਗ-ਚਿੰਨ੍ਹਾਂ ਉਤੇ ਚਲਦਿਆਂ ਗੁਰੂ ਨੇ ਮਹਾਰਾਜਾ ਰਣਜੀਤ ਸਿੰਘ ਉਤੇ ਬਹੁਤ ਕਿਰਪਾ ਕੀਤੀ। ਉਨ੍ਹਾਂ ਦੀਆਂ ਸੇਵਾਵਾਂ ਨੂੰ 'ਪੰਜਾਬ ਦੇ ਇਤਿਹਾਸ ਉਤੇ ਇਕ ਪੰਛੀ ਝਾਤ' ਲੇਖ ਵਿਚ ਦਰਸਾਇਆ ਗਿਆ ਹੈ। ਸਰਦਾਰ ਲਹਿਣਾ ਸਿੰਘ ਮਜੀਠੀਆ, ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੀ ਇਕ ਪ੍ਰਤਿਭਾਸ਼ੀਲ ਹਸਤੀ ਸਨ। ਉਨ੍ਹਾਂ ਦੀਆਂ ਸੇਵਾਵਾਂ ਦੀ ਲੜੀ ਅਣਮੁੱਕ ਹੈ। ਸੇਵਾ ਪਰੰਪਰਾ ਦੀ ਇਹ ਲੜੀ ਅੱਜ ਵੀ ਜਾਰੀ ਹੈ ਜਿਵੇਂ ਸੰਗਲਵਾਲਾ ਅਖਾੜਾ; ਹਿਮਾਚਲੀ, ਮਾਰਵਾੜੀ, ਕਸ਼ਮੀਰੀ ਅਤੇ ਕਈ ਹੋਰ ਰਾਜਾਂ ਅਤੇ ਜਾਤਾਂ ਦੇ ਲੋਕ, ਜਿਨ੍ਹਾਂ ਨੇ ਅੰਮ੍ਰਿਤਸਰ ਨੂੰ ਆਪਣਾ ਘਰ ਬਣਾਇਆ ਅਤੇ ਸ਼ਹਿਰ ਦੀ ਅਮੀਰੀ ਵਿਚ ਵਾਧਾ ਕੀਤਾ। ਇਥੋਂ ਦੀਆਂ ਵਿਦਿਅਕ ਸੰਸਥਾਵਾਂ ਨੇ ਸ਼ਹਿਰ ਨੂੰ ਵਿਦਿਆ ਦਾ ਕੇਂਦਰ ਬਣਾ ਦਿੱਤਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਸ਼ਹਿਰ ਦੀ ਸ਼ਾਨ ਤੇ ਮਾਨ ਬਣ ਗਈ ਹੈ। 'ਦੋ ਵਿਦਿਅਕ ਰਤਨ' ਨਾਂ ਦੇ ਲੇਖ ਵਿਚ ਪੁਰਾਣੇ ਪੰਜਾਬ ਦੀਆਂ ਦੋ ਮਹਾਨ ਵਿਦਿਅਕ ਸੰਸਥਾਵਾਂ ਨੂੰ ਯਾਦ ਕੀਤਾ ਗਿਆ ਹੈ।

'ਸ਼ਹਿਰ ਦੇ ਸਿਤਾਰੇ' ਵਾਲੇ ਭਾਗ ਵਿਚ ਉਨ੍ਹਾਂ ਸ਼ਖ਼ਸੀਅਤਾਂ ਨੂੰ ਯਾਦ ਕੀਤਾ ਗਿਆ ਹੈ, ਜਿਨ੍ਹਾਂ ਨੇ ਸਾਹਿਤ ਅਤੇ ਕਲਾ ਦੀ ਸਿਰਜਨਾਤਮਿਕ ਪਰੰਪਰਾ ਨੂੰ, ਸੇਵਾ ਜਾਣ ਕੇ, ਅਮੀਰ ਬਣਾਇਆ। ਸ਼ਾਹ ਮੁਹੰਮਦ, ਭਾਈ ਵੀਰ ਸਿੰਘ, ਨਾਵਲਕਾਰ ਤੇ ਦੇਸ਼ਭਗਤ ਸ. ਨਾਨਕ ਸਿੰਘ, ਧਨੀ ਰਾਮ ਚਾਤ੍ਰਿਕ, ਸ਼ਰਧਾ ਰਾਮ ਫਿਲੌਰੀ, ਗੁਰਮੁਖ ਸਿੰਘ ਮੁਸਾਫ਼ਰ, ਸੋਹਨ ਸਿੰਘ ਜੋਸ਼, ਗਿ. ਕੇਸਰ ਸਿੰਘ, ਕਾਮਰੇਡ ਪਰਦੁਮਨ ਸਿੰਘ ਅਤੇ ਸਤਪਾਲ ਡਾਂਗ ਨੂੰ ਯਾਦ ਕਰ ਕੇ ਸਾਨੂੰ ਬਹੁਤ ਖ਼ੁਸ਼ੀ ਹੁੰਦੀ ਹੈ। ਅਤਿਅੰਤ ਰੌਸ਼ਨ ਸਿਤਾਰੇ ਭਾਰਤ ਦੇ ਮਾਨਯੋਗ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅੰਮ੍ਰਿਤਸਰ ਦੇ ਹੀ ਰਹਿਣ ਵਾਲੇ ਹਨ। ਇਸੇ ਤਰ੍ਹਾਂ ਅਸੀਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ, ਸ. ਜੱਸਾ ਸਿੰਘ ਆਹਲੂਵਾਲੀਆ, ਮੁਹੰਮਦ ਰਫ਼ੀ, ਜਨਰਲ ਮਾਨਕ ਸ਼ਾਅ, ਨੱਕਾਸ਼ ਗਿਆਨ ਸਿੰਘ ਅਤੇ ਸੰਸਾਰ ਪ੍ਰਸਿੱਧ ਅੱਖਾਂ ਦੇ ਡਾਕਟਰ, ਡਾ. ਦਲਜੀਤ ਸਿੰਘ, ਡਾ. ਰਣਬੀਰ ਅਤੇ ਡਾ. ਓਮ ਪ੍ਰਕਾਸ਼ ਨੂੰ ਨਹੀਂ ਭੁੱਲ ਸਕਦੇ। ਵਿਸ਼ਵ ਪ੍ਰਸਿੱਧੀ ਵਾਲੇ ਕਈ ਕਵੀ ਅੰਮ੍ਰਿਤਸਰ ਨਾਲ ਸਬੰਧ ਰੱਖਦੇ ਹਨ। ਚੀਫ਼ ਏਅਰ ਮਾਰਸ਼ਲ ਅਰਜਨ ਸਿੰਘ, ਡਾ. ਮਨੋਹਰ ਸਿੰਘ ਗਿੱਲ, ਭਾਰਤ ਦੀ ਪਹਿਲੀ ਮਹਿਲਾ ਆਈ.ਪੀ.ਐੱਸ. ਅਫ਼ਸਰ ਡਾ. ਕਿਰਨ ਬੇਦੀ ਅਤੇ ਜਿਊਂਦੇ-ਜੀਅ ਗਾਥਾ ਬਣੀ ਚਿਤਰਕਾਰ ਫੂਲਾਂ ਰਾਣੀ

ਵਰਗੀਆਂ ਸ਼ਖ਼ਸੀਅਤਾਂ ਅੰਮ੍ਰਿਤਸਰ ਦੇ ਸਦਾ ਚਮਕਦੇ ਰਹਿਣ ਵਾਲੇ ਸਿਤਾਰੇ ਹਨ।

ਅੰਮ੍ਰਿਤਸਰ ਆਪਣੇ ਆਲੇ-ਦੁਆਲੇ ਦੇ ਕਈ ਪਿੰਡਾਂ ਅਤੇ ਕਸਬਿਆਂ ਨਾਲੋਂ ਛੋਟੀ ਉਮਰ ਦਾ ਸ਼ਹਿਰ ਹੈ। ਨੇੜੇ-ਤੇੜੇ ਅਤੇ ਆਲੇ-ਦੁਆਲੇ ਦੇ ਕਈ ਪਿੰਡ ਇਤਿਹਾਸਕ ਘਟਨਾਵਾਂ ਦੀ ਗੁਆਹੀ ਭਰਦੇ ਹਨ। ਕਸਬਾ ਸਰਹਾਲੀ ਸਾਨੂੰ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਅਤੇ ਉਨ੍ਹਾਂ ਦੇ ਸਾਥੀ ਕਈ ਸੁਤੰਤਰਤਾ-ਸੰਗਰਾਮੀਆਂ ਦੀ ਯਾਦ ਦੁਆਉਂਦਾ ਹੈ। ਪਿੰਡ ਭੱਕਣਾ ਸੰਸਾਰ ਪ੍ਰਸਿੱਧ ਇਨਕਲਾਬੀ ਬਾਬਾ ਸੋਹਨ ਸਿੰਘ ਭੱਕਣਾ ਦੀਆਂ ਯਾਦਾਂ ਤਾਜ਼ਾ ਕਰ ਦਿੰਦਾ ਹੈ। ਪਿੰਡ ਨੇਸ਼ਟਾ ਦਾ ਨਾਂ 'ਸੋਹਣੀ ਕੁੜੀ ਦੇ ਬਾਗ਼' ਨਾਲ ਜੁੜਿਆ ਹੋਇਆ ਹੈ। ਇਹ ਪਿੰਡ ਸਾਨੂੰ ਪੰਜਾਬੀ ਦੇ ਇਨਕਲਾਬੀ ਸ਼ਾਇਰ ਬਾਵਾ ਬਲਵੰਤ ਦੀ ਯਾਦ ਦੁਆਉਂਦਾ ਹੈ। ਜੇ ਅਸੀਂ ਅਜਨਾਲੇ ਦੇ ਇਤਿਹਾਸਕ ਖੂਹ ਨੂੰ ਵੇਖੀਏ, ਤਾਂ ਕੁਝ ਸਮਾਂ ਪਹਿਲਾਂ ਉਥੇ ਵਾਪਰੀਆਂ ਇਤਿਹਾਸਕ ਘਟਨਾਵਾਂ ਸਾਡੀਆਂ ਅੱਖਾਂ ਸਾਹਮਣੇ ਆ ਜਾਂਦੀਆਂ ਹਨ। ਇਸੇ ਤਰ੍ਹਾਂ ਅੰਮ੍ਰਿਤਸਰ ਦੇ ਮਹੱਲਾ ਇਸਲਾਮਾਬਾਦ ਦੀ ਅਹਿਮੀਅਤ ਨੂੰ ਅਨੁਭਵ ਕਰ ਕੇ ਅਸੀਂ ਹੈਰਾਨ ਰਹਿ ਜਾਂਦੇ ਹਾਂ ਜਿੱਥੇ ਕਦੀ ਮੁਸ਼ਕਿਲ ਸਮਿਆਂ ਵਿਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਪਨਾਹ ਲਈ ਸੀ। ਗੋਇੰਦਵਾਲ ਸਾਹਿਬ ਦੇ ਨੇੜੇ ਫ਼ਤਿਹਾਬਾਦ ਦੀ ਗੁਆਚੀ ਸ਼ਾਨ ਨੂੰ ਵੇਖ ਕੇ ਸਾਨੂੰ ਅਫਸੋਸ ਹੁੰਦਾ ਹੈ। ਇਥੋਂ ਦੇ ਇਤਿਹਾਸਕ ਦ੍ਰਿਸ਼ਾਂ ਨੂੰ ਲੋਕਾਂ ਨੇ ਬੇਸ਼ਕਲ ਕਰ ਦਿੱਤਾ ਹੈ। ਰਾਜਾ ਸਾਂਸੀ ਦੇ ਨੇੜੇ ਪਿੰਡ ਮਾਲੂ ਨੰਗਲ ਅਤੇ ਤਰਨਤਾਰਨ ਦੇ ਨੇੜੇ ਝੂਲਣੇ ਮਹਿਲ ਗਿਆਨ ਅਤੇ ਸਿਆਣਪ ਦੇ ਖ਼ਜ਼ਾਨੇ ਹਨ। ਜੇਕਰ ਅਸੀਂ ਅੰਮ੍ਰਿਤਸਰ ਦੇ ਸੁੱਕ ਰਹੇ ਜਲ-ਸਰੋਤ ਟੋਭਿਆਂ ਅਤੇ ਤਾਲਾਬਾਂ ਨੂੰ ਭੁੱਲ ਜਾਵਾਂਗੇ ਤਾਂ ਇਸੇ ਤਰ੍ਹਾਂ ਅਸੀਂ ਉਨ੍ਹਾਂ ਰਾਏ ਸਿੱਖਾਂ ਦੀ ਭੂਮਿਕਾ ਨੂੰ ਵੀ ਵਿਸਾਰ ਦਿਆਂਗੇ ਜਿਨ੍ਹਾਂ ਨੇ ਸਰਹੱਦ ਦੇ ਨੇੜੇ ਰਹਿਣ ਦੇ ਬਾਵਜੂਦ ਜੰਗ ਦੇ ਬੱਦਲਾਂ ਹੇਠਾਂ ਆਪਣੇ ਹੌਸਲੇ ਨਹੀਂ ਡਿੱਗਣ ਦਿੱਤੇ ਸਨ।

ਜਿਹੜਾ ਵਿਅਕਤੀ ਵੀ ਇਸ ਧਰਤੀ ਉਤੇ ਆਉਂਦਾ ਹੈ, ਉਸ ਦੇ ਲੇਖਾਂ ਵਿਚ ਕੁਝ ਨਾ ਕੁਝ ਕਰਨਾ ਲਿਖਿਆ ਹੁੰਦਾ ਹੈ। ਹਰ ਬੰਦੇ ਨੂੰ ਭਾਵੇਂ ਇਕ-ਸਮਾਨ ਮਾਨਤਾ ਨਾ ਮਿਲੇ ਘਰ ਦੇਸ਼ ਜਾਂ ਸਮਾਜ ਲਈ ਜਿੰਨਾ ਕੁਝ ਵੀ ਕੋਈ ਕਰਦਾ ਹੈ, ਉਸ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਉਹ ਵੀ ਸੇਵਾ ਕਰਦੇ ਹਨ ਜੋ ਕੇਵਲ ਖਾਂਦੇ ਤੇ ਪੀਂਦੇ ਹਨ ਅਤੇ ਢਾਬਾ ਸੱਭਿਆਚਾਰ ਦੇ ਸ਼ੌਕੀਨ ਹਨ ਜਾਂ 'ਅੰਮ੍ਰਿਤਸਰ ਤੋਂ ਲਾਸ ਐਂਜਲਜ਼' ਦੀ ਬੱਲੇ-ਬੱਲੇ ਕਰਦੇ ਹਨ। ਸਾਨੂੰ ਝਟਪਟ ਸਟੂਡੀਓ ਜਾਂ ਲਾਲ ਟੋਪੀਵਾਲੇ ਨੂੰ ਵੇਖਣ ਦਾ ਬੜਾ ਚਾਅ ਰਹਿੰਦਾ ਹੈ। ਅਸੀਂ ਰੱਖੜੀ ਦੇ ਪਵਿੱਤਰ ਧਾਗਿਆਂ ਨਾਲ ਆਪਣੇ ਪਾਕਿਸਤਾਨੀ ਭਰਾਵਾਂ ਨਾਲ ਰਿਸ਼ਤੇ ਪੱਕੇ ਕਰਨੇ ਚਾਹੁੰਦੇ ਹਾਂ। ਭਾਰਤ ਤੇ ਪਾਕਿਸਤਾਨ ਦੇ ਵਾਤਾਵਰਨ ਵਿਚ ਬਾਸਮਤੀ ਦੀ ਜੋ ਮਹਿਕ ਘੁਲੀ ਹੋਈ ਹੈ, ਉਸ ਨੂੰ ਕੋਈ ਰੋਕ ਨਹੀਂ ਸਕਦਾ। ਦਸਤਾਰ ਸਿਖਲਾਈ ਕੇਂਦਰ ਅਤੇ ਪਤੰਗਬਾਜ਼ੀ ਦਾ ਸ਼ੌਕ ਅੰਮ੍ਰਿਤਸਰੀਆਂ ਦੇ ਮੌਜੀ ਸੁਆਦਾਂ ਵਿਚ ਵਾਧਾ ਕਰਦੇ ਹਨ। ਜੇਕਰ ਅੰਮ੍ਰਿਤਸਰ ਦੇ ਸਥਾਨਕ ਐਕਟਰ ਆਪਣੀਆਂ ਵੱਖ-ਵੱਖ ਭੂਮਿਕਾਵਾਂ ਬੜੇ ਸ਼ੌਕ ਨਾਲ ਨਿਭਾਉਂਦੇ



ਹਨ, ਤਾਂ ਅੰਮ੍ਰਿਤਸਰੀ ਕਲਾਕਾਰਾਂ ਦੀਆਂ ਸਰਗਰਮੀਆਂ ਨਾਲ ਬਾਲੀਵੁੱਡ ਦਾ ਫਿਲਮੀ ਦ੍ਰਿਸ਼ ਵੀ ਅਮੀਰ ਹੋ ਰਿਹਾ ਹੈ।

ਇਨ੍ਹਾਂ ਲੇਖਾਂ ਨੂੰ ਵਿਸ਼ੇਵਾਰ ਤਰਤੀਬ ਦੇਣ ਲਈ ਵੱਖ-ਵੱਖ ਸਿਰਲੇਖਾਂ ਹੇਠ ਵੰਡਿਆਂ ਗਿਆ ਹੈ, ਜਿਵੇਂ ਇਤਿਹਾਸ ਦੀਆਂ ਝਲਕਾਂ, ਗੌਰਵਮਈ ਸੰਸਥਾਵਾਂ, ਸਾਹਿਤਕ ਵਿਰਸਾ, ਸ਼ਹਿਰ ਦੇ ਸਿਤਾਰੇ, ਸੱਭਿਆਚਾਰਾਂ ਦਾ ਸੁਮੇਲ, ਕਲਾਕਾਰ ਤੇ ਗਾਇਕ, ਵਿਸ਼ੇਸ਼ ਘਟਗਿਣਤੀਆਂ, ਵਿਰਸੇ ਦੇ ਦਿਸ-ਹੱਦਿਆਂ ਬਾਰੇ, ਵਣਜ ਵਪਾਰ ਤੇ ਵਰਜਿਤ ਧੰਦੇ, ਵਿਰਸੇ ਦੇ ਪ੍ਰਤੀਕ ਕੁਝ ਪਿੰਡ ਅਤੇ ਹਿੰਦ-ਪਾਕਿ ਸਬੰਧ। ਇਨ੍ਹਾਂ ਸਾਰੇ 11 ਭਾਗਾਂ ਵਿਚ 100 ਲੇਖਾਂ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ, ਜਿਨ੍ਹਾਂ ਨਾਲ ਅੰਮ੍ਰਿਤਸਰ ਸ਼ਹਿਰ ਦੇ ਵਿਰਸੇ ਨਾਲ ਸਬੰਧਿਤ 45 ਤਸਵੀਰਾਂ ਵੀ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ।

ਇਹ ਪੁਸਤਕ ਸੁਨਹਿਰੀ ਆਭਾ ਵਾਲੇ ਇਸ ਸ਼ਹਿਰ ਦੇ ਕੁਝ ਪੱਖਾਂ ਨੂੰ ਉਜਾਗਰ ਕਰਨ ਦਾ ਇਕ ਨਿਮਾਣਾ ਯਤਨ ਹੈ। ਅੰਮ੍ਰਿਤਸਰ ਹਮੇਸ਼ਾ ਉਨਤੀ ਦੇ ਰਾਹ 'ਤੇ ਅੱਗੇ ਵਧਦਾ ਰਹੇਗਾ। ਉਮੀਦ ਹੈ ਕਿ ਭਵਿੱਖ ਵਿਚ ਵੀ ਇਸ ਪਵਿੱਤਰ ਸ਼ਹਿਰ ਦੀ ਸੂਰਜੀ ਸ਼ੋਭਾ ਨੂੰ ਦ੍ਰਿਸ਼ਟਮਾਨ ਕਰਨ ਲਈ ਕਈ ਹੋਰ ਉਪਰਾਲੇ ਕੀਤੇ ਜਾਣਗੇ।

**-ਜ.ਸ.ਜੋਗੀ**

# ਮੈਂ ਧੰਨਵਾਦੀ ਹਾਂ

ਮੈਂ ਲੋਕ ਆਵਾਜ਼ ਦੇ ਬੁਲਾਰੇ 'ਟ੍ਰਿਬਿਊਨ' ਅਖ਼ਬਾਰ ਦੇ ਟਰੱਸਟੀ ਸਾਹਿਬਾਨ ਦਾ ਰਿਣੀ ਹਾਂ ਜਿਨ੍ਹਾਂ ਦੀ ਸਰਪ੍ਰਸਤੀ ਹੇਠ ਛਪਦੇ ਇਸ ਸਤਿਕਾਰਿਤ ਅਖ਼ਬਾਰ ਵਿਚ ਪਾਠਕਾਂ ਦੇ ਗਿਆਨ ਵਿਚ ਵਾਧਾ ਕਰਨ ਲਈ, ਇਹ ਲੇਖ ਛਪਦੇ ਰਹੇ ਹਨ।

ਮੈਂ 'ਪੰਜਾਬੀ ਜਾਗਰਣ' ਦੇ ਸੰਪਾਦਕ ਤੇ 'ਪੰਜਾਬੀ ਟ੍ਰਿਬਿਊਨ' ਦੇ ਸਾਬਕਾ ਸੰਪਾਦਕ ਸ੍ਰੀ ਵਰਿੰਦਰ ਵਾਲੀਆ ਦਾ ਬੇਹੱਦ ਸਤਿਕਾਰ ਕਰਦਾ ਹਾਂ ਜੋ ਮੇਰੀ ਕਲਮ ਦੀ ਹਮੇਸ਼ਾ ਰਾਹਨੁਮਾਈ ਕਰਦੇ ਹਨ।

ਮੈਂ ਟ੍ਰਿਬਿਊਨ ਦਫ਼ਤਰ ਅੰਮ੍ਰਿਤਸਰ ਵਿਚ ਬੈਠੇ ਆਪਣੇ ਸਾਰੇ ਦੋਸਤਾਂ ਮਿੱਤਰਾਂ ਦਾ ਧੰਨਵਾਦੀ ਹਾਂ ਜੋ ਲਿਖਣ ਲਈ ਹਮੇਸ਼ਾ ਮੈਨੂੰ ਚੰਗੀ ਸਲਾਹ ਦਿੰਦੇ ਹਨ। ਮੈਂ ਅਤਿਅੰਤ ਧੰਨਵਾਦ ਕਰਦਾ ਹਾਂ, ਅਸ਼ੋਕ ਸੇਠੀ, ਰਸ਼ਮੀ ਤਲਵਾੜ, ਨੀਰਜ ਬੱਗਾ, ਪਵਨ ਕੁਮਾਰ ਜੈਸਵਾਰ, ਸੰਜੇ ਬਮਰੂ ਅਤੇ ਵਿਭੋਰ ਮੋਹਨ ਦਾ ਜੋ ਅਖ਼ਬਾਰ ਵਿਚ ਨਿਰੰਤਰ ਲਿਖਦੇ ਰਹੇ ਹਨ। ਮੈਂ ਰਾਜੀਵ ਸ਼ਰਮਾ ਅਤੇ ਵਿਸ਼ਾਲ ਕੁਮਾਰ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਵਰਿੰਦਰ ਵਾਲੀਆ ਜੀ ਨਾਲ ਫ਼ੋਟੋਗ੍ਰਾਫ਼ੀ ਕੀਤੀ।

ਮੈਨੂੰ ਸ੍ਰੀਮਤੀ ਅਮਰਜੀਤ ਵਾਲੀਆ, ਪਿਆਰੀ ਬੇਟੀ ਅਵਿੰਦਰ ਅਤੇ ਪੁੱਤਰ ਵਰਜੀਤ ਦਾ ਧੰਨਵਾਦ ਕਰਦਿਆਂ ਵੀ ਖ਼ੁਸ਼ੀ ਹੋ ਰਹੀ ਹੈ ਜਿਨ੍ਹਾਂ ਨੇ ਉਦੋਂ ਮੇਰੀ ਹਰ ਸਹੂਲਤ ਦਾ ਖ਼ਿਆਲ ਰੱਖਿਆ ਜਦੋਂ ਮੈਂ ਇਸ ਕਾਰਜ ਨੂੰ ਪੂਰਾ ਕਰਨ ਵਿਚ ਰੁੱਝਿਆ ਹੋਇਆ ਸਾਂ।

ਮੈਂ ਅੰਗਰੇਜ਼ੀ 'ਟ੍ਰਿਬਿਊਨ' ਨਾਲ ਸਬੰਧਿਤ ਸ. ਰੁਪਿੰਦਰ ਸਿੰਘ ਦਾ ਸਦਾ ਰਿਣੀ ਰਹਾਂਗਾ ਜਿਨ੍ਹਾਂ ਨੇ ਇਸ ਪੁਸਤਕ ਦੀ ਦਿੱਖ ਨੂੰ ਸੰਵਾਰਨ ਅਤੇ ਇਸ ਨੂੰ ਵਧੇਰੇ ਮੁੱਲਵਾਨ ਬਣਾਉਣ ਵਿਚ ਮੇਰੀ ਰਾਹਨੁਮਾਈ ਕੀਤੀ।

ਅੰਮ੍ਰਿਤਸਰ ਵਿਕਾਸ ਮੰਚ ਨਾਲ ਸਬੰਧਿਤ ਪ੍ਰੋ. ਮੋਹਨ ਸਿੰਘ ਮੈਨੂੰ ਸਹੀ ਸੇਧ ਵਿਚ ਰੱਖਣ ਲਈ ਸਦਾ ਮੇਰੀ ਸਹਾਇਤਾ ਕਰਦੇ ਰਹੇ। ਮੈਂ ਇਸ ਗੱਲੋਂ ਖੁਸ਼ਨਸੀਬ ਸਾਂ ਕਿ ਮੈਨੂੰ ਆਪਣੇ ਨੌਜਵਾਨ ਸਾਥੀ ਬਿਕਰਮਪਾਲ ਸਿੰਘ ਅਤੇ ਹਰਦੀਪ ਸਿੰਘ ਸੋਢੀ ਵੱਲੋਂ ਤਕਨੀਕੀ ਸਹਾਇਤਾ ਮਿਲਦੀ ਰਹੀ। ਉਹ ਇਸ ਕੰਮ ਨੂੰ ਪੂਰਾ ਕਰਨ ਲਈ ਘੰਟਿਆਂ-ਬੱਧੀ ਮੇਰੇ ਕੋਲ ਬੈਠੇ ਰਹਿੰਦੇ ਸਨ।

ਮੈਂ ਨਵੀਂ ਦਿੱਲੀ ਨਿਵਾਸੀ ਸ. ਸਵਰਨਜੀਤ ਸਿੰਘ ਜਸਪਾਲ ਦਾ ਵੀ ਧੰਨਵਾਦ ਕਰਦਾ ਹਾਂ ਜੋ ਇਸ ਕੰਮ ਨੂੰ ਪੂਰਾ ਕਰਨ ਲਈ ਮੈਨੂੰ ਹਮੇਸ਼ਾ ਉਤਸ਼ਾਹਿਤ ਕਰਦੇ ਹਨ। ਸ਼ਿਸ਼ਟਾਚਾਰ ਦੇ ਨਾਤੇ ਮੈਂ ਉਨ੍ਹਾਂ ਸੂਚਨਾਵਾਂ ਲਈ ਵੀ ਅਹਿਸਾਨਮੰਦ ਹਾਂ ਜਿਹੜੀਆਂ ਅਸੀਂ ਸਮੇਂ-ਸਮੇਂ ਇੰਟਰਨੈੱਟ ਤੋਂ ਹਾਸਲ ਕਰਦੇ ਰਹੇ ਹਾਂ।

ਇਸ ਲੜੀ ਵਿਚ ਮੈਂ ਸ. ਹਰਦੇਵ ਸਿੰਘ, ਮਿਸ ਦੀਪਕ, ਆਪਣੀਆਂ ਬੇਟੀਆਂ



ਆਨੰਦ ਤੇ ਬਿਨੋਦ ਅਤੇ ਸਪੁੱਤਰ ਅੰਗਦ ਅਤੇ ਆਪਣੀ ਜੀਵਨ ਸਾਥਣ ਪਰਮਿੰਦਰ ਪ੍ਰਤੀ ਵੀ ਧੰਨਵਾਦ ਪ੍ਰਗਟ ਕਰਨਾ ਆਪਣਾ ਫਰਜ਼ ਸਮਝਦਾ ਹਾਂ ਜਿਨ੍ਹਾਂ ਨੇ ਮੇਰੇ ਇਸ ਕਾਰਜ ਦੌਰਾਨ ਮੇਰੀਆਂ ਹਰ ਤਰ੍ਹਾਂ ਦੀਆਂ ਸਹੂਲਤਾਂ ਦਾ ਖ਼ਿਆਲ ਰੱਖਿਆ।

ਮੈਂ ਸਿੰਘ ਬ੍ਰਦਰਜ਼ ਅੰਮ੍ਰਿਤਸਰ ਦੇ ਸੰਚਾਲਕ ਸ. ਗੁਰਸਾਗਰ ਸਿੰਘ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਦੀ ਉਦਾਰ-ਚਿੱਤ ਅਗਵਾਈ ਮੈਨੂੰ ਇਸ ਕੰਮ ਨੂੰ ਸੰਪੂਰਨ ਕਰਨ ਲਈ ਹਮੇਸ਼ਾ ਪ੍ਰੇਰਿਤ ਕਰਦੀ ਰਹੀ। ਉਨ੍ਹਾਂ ਦੇ ਉੱਦਮੀ ਸਹਿਯੋਗ ਅਤੇ ਉਨ੍ਹਾਂ ਦੇ ਅਦਾਰੇ ਨਾਲ ਸਬੰਧਿਤ ਸ. ਗੁਰਜੀਤ ਸਿੰਘ, ਪਰਵਿੰਦਰ ਸਿੰਘ ਅਤੇ ਅਰਵਿੰਦਰ ਸਿੰਘ ਦੀ ਮਦਦ ਤੋਂ ਬਿਨਾਂ ਇਹ ਨਿਵੇਕਲੀ ਰਚਨਾ ਪਾਠਕਾਂ ਦੇ ਹੱਥਾਂ ਤਕ ਨਹੀਂ ਪਹੁੰਚ ਸਕਦੀ ਸੀ।

**ਅੰਮ੍ਰਿਤਸਰ** — **ਜ.ਸ. ਜੋਗੀ**
**ਜਨਵਰੀ 26, 2012** — **email.jsjogi@yahoo.com**

ਭਾਗ ਪਹਿਲਾ

# ਇਤਿਹਾਸ ਦੀਆਂ ਝਲਕਾਂ

ਇਤਿਹਾਸ ਦੀ ਚਾਸ਼ਨੀ ਨਾਲ ਓਤ-ਪੋਤ ਅੰਮ੍ਰਿਤਸਰ, ਆਪਣੇ ਖੇਤਰ ਵਿਚ ਇਕ ਵਿਸ਼ੇਸ਼ ਅਹਿਮੀਅਤ ਦਾ ਧਾਰਨੀ ਹੈ। ਸ੍ਰੀ ਹਰਿਮੰਦਰ ਸਾਹਿਬ ਜਿਸ ਨੂੰ ਆਮ ਤੌਰ 'ਤੇ 'ਗੋਲਡਨ ਟੈਂਪਲ' ਕਿਹਾ ਜਾਂਦਾ ਹੈ, ਇਥੇ ਸੁਭਾਇਮਾਨ ਹੈ; ਜਿਸ ਕਾਰਨ ਇਹ ਸ਼ਹਿਰ ਸਾਰੀ ਦੁਨੀਆ ਵਿਚ ਪ੍ਰਸਿੱਧ ਹੈ।

- ਅੰਮ੍ਰਿਤਸਰ ਸਿਫ਼ਤੀ ਦਾ ਘਰ-ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸ ਨੇ ਰੱਖੀ? ਇਸ ਸਵਾਲ ਦਾ ਕੀ ਮਹੱਤਵ ਹੈ? ਸਮੇਂ ਦੇ ਉਤਰਾਅ-ਚੜ੍ਹਾਅ ਦੇ ਬਾਵਜੂਦ ਇਸ ਪਵਿੱਤਰ ਅਸਥਾਨ ਨੇ ਆਪਣੀ ਆਨ-ਸ਼ਾਨ ਅਤੇ ਵਿਲੱਖਣਤਾ ਨੂੰ ਕਾਇਮ ਰੱਖਿਆ ਹੈ ਅਤੇ ਸਮੂਹ ਮਾਨਵਤਾ ਨੂੰ ਪੁਰਅਮਨ ਸਹਿਹੋਂਦ ਦੇ ਰਾਹ 'ਤੇ ਚੱਲਣ ਲਈ ਪ੍ਰੇਰਿਤ ਕੀਤਾ ਹੈ। ਇਤਿਹਾਸ ਦੇ ਪੰਨਿਆਂ ਉਤੇ ਅੰਮ੍ਰਿਤਸਰ, ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਮਿੱਟ ਨਿਸ਼ਾਨ ਸਦਾ ਕਾਇਮ ਰਹਿਣਗੇ। (ਇਤਿਹਾਸ ਉਤੇ ਇਕ ਪਿਛਲਝਾਤ; ਪੰਨਾ-4)
- ਭਾਈ ਗੁਰਦਾਸ ਜੀ ਵਿਲੱਖਣ ਪ੍ਰਤਿਭਾ ਵਾਲੇ ਵਿਦਵਾਨ ਸਨ। ਉਨ੍ਹਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਗਿਆ ਅਨੁਸਾਰ ਪਵਿੱਤਰ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੱਥੀਂ ਲਿਖਣ ਦਾ ਮਾਣ ਪ੍ਰਾਪਤ ਹੈ। ਵਾਰਾਂ ਭਾਈ ਗੁਰਦਾਸ ਦੇ ਸਿਰਲੇਖ ਅਧੀਨ ਉਨ੍ਹਾਂ ਦੀਆਂ ਆਪਣੀਆਂ ਰਚਨਾਵਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਆਖਿਆ ਜਾਂਦਾ ਹੈ। (ਗੌਰਵਮਈ ਇਤਿਹਾਸ ਦਾ ਇਕ ਭੁੱਲਿਆ-ਵਿਸਰਿਆ ਕਾਂਡ; ਪੰਨਾ-8)
- ਕੀ ਗੁਰੂ ਗੋਬਿੰਦ ਸਿੰਘ ਅੰਮ੍ਰਿਤਸਰ ਆਏ ਸਨ? ਇਸ ਗੱਲ ਦੀ ਅਜੇ ਪੁਸ਼ਟੀ ਨਹੀਂ ਹੋਈ ਕਿਉਂਕਿ ਕਿਸੇ ਵੀ ਪੁਰਾਣੀ ਲਿਖਤ ਵਿਚ ਇਸ ਦਾ ਇਤਿਹਾਸਕ ਹਵਾਲਾ ਨਹੀਂ ਮਿਲਦਾ। ਪਰ ਪ੍ਰਸਿੱਧ ਇਤਿਹਾਸਕਾਰ ਸ. ਕਰਮ ਸਿੰਘ ਦਾਅਵਾ ਕਰਦੇ ਹਨ ਕਿ ਦਸਮ ਪਿਤਾ ਸੰਮਤ 1752 ਬਿਕਰਮੀ ਵਿਚ ਅੰਮ੍ਰਿਤਸਰ ਆਏ ਸਨ। ਆਪਣੇ ਦਾਅਵੇ ਦੀ ਪੁਸ਼ਟੀ ਵਿਚ ਉਹ ਕਈ ਪਰਮਾਣ ਦਿੰਦੇ ਹਨ। (ਕੀ ਗੁਰੂ ਗੋਬਿੰਦ ਸਿੰਘ ਜੀ ਸੱਚਮੁੱਚ ਅੰਮ੍ਰਿਤਸਰ ਆਏ ਸਨ?; ਪੰਨਾ-11)
- ਗੁਰੂ ਕਾਲ ਤੋਂ ਬਾਅਦ ਇਕ ਸਦੀ ਦੇ ਸਮੇਂ ਤਕ, ਜਦੋਂ ਤਕ ਕਿ 1803 ਵਿਚ ਮਹਾਰਾਜਾ ਰਣਜੀਤ ਸਿੰਘ ਪੰਜਾਬ ਵਿਚ ਸਿੱਖ ਰਾਜ ਸਥਾਪਤ ਕਰਨ ਵਿਚ ਸਫ਼ਲ ਨਹੀਂ ਹੋਇਆ, ਸਿੱਖਾਂ ਨੂੰ ਬੜੇ ਕਸ਼ਟਮਈ ਹਾਲਾਤ ਵਿਚੋਂ ਲੰਘਣਾ ਪਿਆ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ (1803-1839) ਨੂੰ ਸਿੱਖ ਇਤਿਹਾਸ ਦਾ ਸੁਨਹਿਰੀ ਯੁੱਗ ਕਿਹਾ ਜਾਂਦਾ ਹੈ। ਮਹਾਰਾਜਾ ਗੁਰੂ ਸਾਹਿਬਾਨ ਦਾ ਅਤਿਅੰਤ ਸ਼ਰਧਾਲੂ ਸਿੱਖ ਸੀ। ਉਸ ਨੇ ਸ੍ਰੀ ਹਰਿਮੰਦਰ ਸਾਹਿਬ ਦੀ

ਇਮਾਰਤ ਦੇ ਉਪਰਲੇ ਹਿੱਸੇ ਨੂੰ ਸੋਨੇ ਨਾਲ ਮੜ੍ਹ ਦਿੱਤਾ। ਇਹੀ ਕਾਰਨ ਹੈ ਕਿ ਸਿੱਖਾਂ ਦੇ ਇਸ ਪਰਮ ਪਵਿੱਤਰ ਅਸਥਾਨ ਨੂੰ ਗੋਲਡਨ ਟੈਂਪਲ (ਸੁਨਹਿਰੀ ਮੰਦਰ) ਕਿਹਾ ਜਾਂਦਾ ਹੈ। ਆਧੁਨਿਕ ਤਕਨਾਲੋਜੀ ਦੇ ਅਦਭੁੱਤ ਸਾਧਨਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀਆਂ ਸ਼ਾਨਦਾਰ ਘਟਨਾਵਾਂ ਨੂੰ ਮੁੜ-ਜੀਵਤ ਕਰ ਦਿੱਤਾ ਹੈ। ਅੰਮ੍ਰਿਤਸਰ ਵਿਖੇ, ਇਤਿਹਾਸ ਪ੍ਰਸਿੱਧ ਮਹਾਰਾਜੇ ਦੇ ਗਰਮੀ ਰੁੱਤ ਮਹਿਲ ਦੇ ਵਿਹੜੇ ਵਿਚ ਉਨ੍ਹਾਂ ਘਟਨਾਵਾ ਦੇ ਜਿਊਂਦੇ-ਜਾਗਦੇ ਚਿਤਰ ਦ੍ਰਿਸ਼ਟਮਾਨ ਹਨ। (ਪੰਜਾਬ ਦੇ ਇਤਿਹਾਸ ਉਤੇ ਪੰਛੀ ਝਾਤ; ਪੰਨਾ-16)

- ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਵਿਚ ਮਜੀਠੀਏ ਸਰਦਾਰਾਂ ਨੇ ਆਮ ਲੋਕਾਂ ਨੂੰ ਅਤੇ ਖਾਸ ਕਰ ਕੇ ਸਿੱਖ ਭਾਈਚਾਰੇ ਨੂੰ ਉਨਤ ਕਰਨ ਵਿਚ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਬਹਾਲ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਮਜੀਠੀਆ ਖ਼ਾਨਦਾਨ ਦਾ ਦੇਸ਼ਭਗਤੀ ਦਾ ਜਜ਼ਬਾ ਸ. ਦੇਸਾ ਸਿੰਘ, ਸ. ਲਹਿਣਾ ਸਿੰਘਾ, ਸ. ਦਿਆਲ ਸਿੰਘ, ਸ. ਸੁੰਦਰ ਸਿੰਘ, ਸ. ਸੁਰਜੀਤ ਸਿੰਘ ਅਤੇ ਅਜੋਕੇ ਸਮੇਂ ਦੀ ਪ੍ਰਸਿੱਧ ਹਸਤੀ ਸ. ਸਤਿਆਜੀਤ ਸਿੰਘ ਦੇ ਕਾਰਨਾਮਿਆਂ ਰਾਹੀਂ ਪ੍ਰਗਟ ਹੁੰਦਾ ਰਿਹਾ ਹੈ। ਇਨ੍ਹਾਂ ਸਾਰੀਆਂ ਸ਼ਖ਼ਸੀਅਤਾਂ ਨੇ ਵਿਦਿਅਕ ਅਦਾਰੇ, ਸਮਾਜਕ-ਧਾਰਮਕ ਜਾਗ੍ਰਿਤੀ ਦੇ ਕੇਂਦਰ ਅਤੇ ਆਰਥਿਕ ਵਿਕਾਸ ਦੀਆਂ ਸੰਸਥਾਵਾਂ ਸਥਾਪਤ ਕਰ ਕੇ ਆਪਣੇ ਲੋਕ-ਭਲਾਈ ਦੇ ਜਜ਼ਬੇ ਦਾ ਇਜ਼ਹਾਰ ਕੀਤਾ। ਲੋਕਾਂ ਦੀ ਆਵਾਜ਼ 'ਟ੍ਰਿਬਿਊਨ' ਅਖ਼ਬਾਰ ਭਾਰਤ ਨੂੰ ਤਰੱਕੀ ਅਤੇ ਵਿਕਾਸ ਦੇ ਨਵੇਂ ਰਾਹਾਂ 'ਤੇ ਪਾਉਣ ਲਈ ਹਰ ਨਵੀਂ ਸਵੇਰ ਨੂੰ ਮਾਤਭੂਮੀ ਦੇ ਹਰ ਹਿੱਸੇ ਵਿਚ ਚੜ੍ਹਦੇ ਸੂਰਜ ਵਾਂਗ ਹਾਜ਼ਰ ਹੁੰਦਾ ਹੈ। (ਸਿੱਖ ਇਤਿਹਾਸ ਦਾ ਇਕ ਸੁਨਹਿਰੀ ਯੁੱਗ; ਪੰਨਾ-21)
- ਜੱਲਿਆਂਵਾਲੇ ਬਾਗ ਦੇ ਸਾਕੇ ਨੇ ਦੇਸ਼ ਦੇ ਆਜ਼ਾਦੀ ਸੰਗਰਾਮ ਨੂੰ ਇਕ ਨਵਾਂ ਮੋੜ ਦਿੱਤਾ। ਇਹ ਸਾਕਾ ਇਸ ਗੱਲ ਦੀ ਵੀ ਇਕ ਮਿਸਾਲ ਹੈ ਕਿ ਆਪਣੇ-ਆਪ ਨੂੰ ਸੱਭਿਅਕ ਅਤੇ ਅਕਲਮੰਦ ਕਹਾਉਂਦੇ ਅੰਗਰੇਜ਼ ਹਾਕਮ ਕਿਸ ਹੱਦ ਤਕ ਵਹਿਸ਼ੀ ਤੇ ਨਿਰਦਈ ਹੋ ਸਕਦੇ ਹਨ। ਉਨ੍ਹਾਂ ਨੇ 13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਹਜ਼ਾਰਾਂ ਨਿਰਦੋਸ਼ ਭਾਰਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਜੱਲਿਆਂਵਾਲੇ ਬਾਗ ਵਿਚ 'ਆਜ਼ਾਦੀ ਦੀ ਲਾਟ' ਦੇ ਸਾਹਮਣੇ ਖੜ੍ਹੇ ਹੋ ਕੇ ਇਹ ਖ਼ਿਆਲ ਦਿਲ ਵਿਚ ਕੰਡੇ ਵਾਂਗ ਚੁੱਭਦਾ ਹੈ ਕਿ 'ਇਕ ਆਦਮੀ ਦੂਜੇ ਆਦਮੀ ਨਾਲ ਕਿਹੋ ਜਿਹਾ ਸਲੂਕ ਕਰ ਸਕਦਾ ਹੈ।' (ਜੱਲਿਆਂਵਾਲੇ ਬਾਗ ਦੀ ਮੁੜ ਯਾਤਰਾ; ਪੰਨਾ-27)
- ਸੁਲਤਾਨ-ਉਲ-ਕੌਮ ਸ. ਜੱਸਾ ਸਿੰਘ ਆਹਲੂਵਾਲੀਆ ਗੁਰੂ ਗੋਬਿੰਦ ਸਿੰਘ ਜੀ ਦਾ ਪਰਮ ਸ਼ਰਧਾਲੂ ਸੀ ਅਤੇ ਵੇਲੇ ਦੇ ਹਾਕਮਾਂ ਦੇ ਜ਼ੁਲਮ, ਧੱਕੇਸ਼ਾਹੀ ਅਤੇ ਅਨਿਆਂ ਵਿਰੁੱਧ ਨਿਰੰਤਰ ਜੂਝਦਾ ਰਿਹਾ। (ਇਕ ਭੁੱਲਿਆ ਵਿਸਰਿਆ ਯੋਧਾ; ਪੰਨਾ-33)



- ਇਕ ਹੋਰ ਜੱਸਾ ਸਿੰਘ ਦੇ ਕਾਰਨਾਮਿਆਂ ਦਾ ਸਮਾਂ ਭਾਵੇਂ ਥੋੜ੍ਹਾ ਸੀ ਪਰ ਉਹ ਇਤਿਹਾਸ ਦੇ ਪੰਨਿਆਂ ਉਤੇ ਹਮੇਸ਼ਾ ਚਮਕਦੇ ਰਹਿਣਗੇ। ਉਹ ਵੀ ਗੁਰੂ ਸਾਹਿਬਾਨ ਦਾ ਨਿਰਮਾਣ ਸੇਵਕ ਸੀ ਅਤੇ ਕੌਮ ਦੀ ਅਣਖ ਦੀ ਖ਼ਾਤਰ ਸਦਾ ਲੜਦਾ ਰਿਹਾ। ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਬਹਾਦਰੀ ਦੇ ਕਾਰਨਾਮੇ ਇਤਿਹਾਸ ਦੀਆਂ ਪੁਸਤਕਾਂ ਵਿਚ ਲਿਖੇ ਹੋਏ ਹਨ ਪਰ ਆਪਣੇ ਜੀਵਨ ਵਿਚ ਢਾਲਣ ਲਈ ਉਨ੍ਹਾਂ ਨੂੰ ਘਟ-ਵਧ ਹੀ ਪੜ੍ਹਿਆ ਜਾਂਦਾ ਹੈ। (ਇਕ ਵੱਡੀ ਅਣਗਹਿਲੀ; ਪੰਨਾ-38)
- ਬਾਬਾ ਸੋਹਣ ਸਿੰਘ ਭੱਕਣਾ ਵਰਗੇ ਕਈ ਨਿਰਸੁਆਰਥ ਇਨਕਲਾਬੀ ਦੇਸ਼ ਭਗਤੀ ਅਤੇ ਸ਼ਹੀਦੀ ਲਈ ਸਦਾ ਤਿਆਰ-ਬਰ-ਤਿਆਰ ਰਹਿੰਦੇ ਸਨ। ਭਾਵੇਂ ਭਾਰਤ ਦੀ ਆਜ਼ਾਦੀ ਲਈ ਉਨ੍ਹਾਂ ਦਾ ਜਜ਼ਬਾ ਉਨ੍ਹਾਂ ਨੂੰ ਦੇਸ਼ ਤੋਂ ਬਾਹਰ ਜਾਂ ਜੇਲ੍ਹ ਦੀ ਕਾਲ-ਕੋਠੜੀ ਵਿਚ ਹੀ ਲੈ ਜਾਵੇ। (ਇਤਿਹਾਸਕ ਪਿੰਡ ਭੱਕਣਾ; ਪੰਨਾ-43)
- ਕਾਮਾਗਾਟਾਮਾਰੂ ਦੀ ਪ੍ਰਸਿੱਧੀ ਵਾਲੇ ਬਾਬਾ ਗੁਰਦਿੱਤ ਸਿੰਘ ਨੇ ਅੰਗਰੇਜ਼ ਸਾਮਰਾਜ ਦਾ ਮੁਕਾਬਲਾ ਕਰਨ ਲਈ ਪੰਜਾਬੀ ਢੰਗ ਵਰਤਦਿਆਂ ਇਕ ਬੜਾ ਦਲੇਰੀ ਭਰਿਆ ਕਾਰਨਾਮਾ ਕੀਤਾ। ਉਸ ਨੂੰ ਕਿਸੇ ਇਨਾਮ ਦੀ ਲਾਲਸਾ ਨਹੀਂ ਸੀ। ਉਸ ਨੇ ਭਾਰਤੀਆਂ ਵਿਚ ਆਜ਼ਾਦੀ ਦੀ ਤੜਪ ਨੂੰ ਜਿਊਂਦਾ ਰੱਖਣ ਲਈ ਕੈਨੇਡਾ ਵਿਚ ਕੰਢੇ ਦੇ ਨੇੜੇ ਸਮੁੰਦਰ ਵਿਚ ਕਈ ਮੁਸ਼ਕਲਾਂ ਅਤੇ ਤਕਲੀਫਾਂ ਦਾ ਸਾਹਮਣਾ ਕੀਤਾ। (ਭਾਰਤੀ ਇਤਿਹਾਸ ਦਾ ਇਕ ਸ਼ਾਨਦਾਰ ਪੰਨਾ: ਕਾਮਾਗਾਟਾਮਾਰੂ ਦਾ ਸਾਕਾ; ਪੰਨਾ-47)
- ਪੇਸ਼ਾਵਰ ਇਤਿਹਾਸਕਾਰਾਂ ਨਾਲੋਂ ਕਵੀ ਆਪਣੇ ਸਮੇਂ ਦੇ ਬਿਹਤਰ ਬਿਰਤਾਂਤਕਾਰ ਹੁੰਦੇ ਹਨ। ਸ਼ਾਹ ਮੁਹੰਮਦ ਦਾ ਜੰਗਨਾਮਾ ਉਸ ਸਮੇਂ ਦੀਆਂ ਇਤਿਹਾਸਕ ਘਟਨਾਵਾਂ ਦੀ ਗੁਆਹੀ ਭਰਦਾ ਹੈ। ਵਾਪਰੀਆਂ ਘਟਨਾਵਾਂ ਬਾਰੇ ਕਵੀ ਆਪਣੇ ਵਿਚਾਰ ਵੀ ਲਿਖਦਾ ਹੈ। (ਜੰਗਨਾਮੇ ਦਾ ਕਵੀ: ਸ਼ਾਹ ਮੁਹੰਮਦ; ਪੰਨਾ-49)
- ਭਾਰਤ ਦੇ ਆਜ਼ਾਦੀ ਸੰਗਰਾਮ ਦੌਰਾਨ ਸੁਭਾਸ਼ ਚੰਦਰ ਬੋਸ ਦਾ ਭਾਰਤ ਵਿਚੋਂ ਕਾਬਲ ਨੂੰ ਬਚ ਨਿਕਲਣਾ ਇਕ ਬਹੁਤ ਹੀ ਦਲੇਰੀ ਭਰਿਆ ਕਦਮ ਸੀ। ਕਾਬਲ ਨੂੰ ਜਾਂਦਿਆਂ ਉਹ ਕੁਝ ਸਮੇਂ ਲਈ ਅੰਮ੍ਰਿਤਸਰ ਰੁਕੇ ਸਨ। ਅੰਮ੍ਰਿਤਸਰ ਵਿਚ ਉਨ੍ਹਾਂ ਦਾ ਠਹਿਰਾਉ ਪੰਜਾਬੀਆਂ ਅਤੇ ਬੰਗਾਲੀਆਂ ਦੇ ਸੁਭਾ ਅਤੇ ਸਾਹਸ ਦੀ ਸਾਂਝ ਨੂੰ ਪ੍ਰਗਟ ਕਰਦਾ ਹੈ। ਦੋਹਾਂ ਹੀ ਪ੍ਰਾਂਤਾਂ ਦੇ ਲੋਕ ਪਹਿਲੇ ਦਰਜੇ ਦੇ ਦੇਸ਼ ਭਗਤ ਅਤੇ ਸੁਤੰਤਰਤਾ ਸੰਗਰਾਮੀ ਹੋਣ ਦੇ ਨਾਲ-ਨਾਲ ਨਿਡਰਤਾ ਤੇ ਬੌਧਿਕ ਪ੍ਰਵੀਣਤਾ ਦੇ ਮਾਲਕ ਹਨ। (ਨੇਤਾ ਜੀ ਦਾ ਕਾਬਲ ਨੂੰ ਫ਼ਰਾਰ ਹੋਣਾ; ਪੰਨਾ-53)

****

# ਇਤਿਹਾਸ ਉਤੇ ਇਕ ਪਿਛਲਝਾਤ

ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਬਾਰੇ ਪ੍ਰਮਾਣਿਕ ਇਤਿਹਾਸਕ ਹਵਾਲੇ ਬਹੁਤ ਸੀਮਤ ਹਨ ਅਤੇ ਇਸ ਸਬੰਧ ਵਿਚ ਕੁਝ ਪਰਸਪਰ ਵਿਰੋਧੀ ਵਿਚਾਰਾਂ ਨੇ ਇਤਿਹਾਸਕਾਰਾਂ ਤੇ ਆਮ ਲੋਕਾਂ ਨੂੰ ਉਲਝਣ ਵਿਚ ਪਾ ਰੱਖਿਆ ਹੈ।

ਇਕ ਸਵਾਲ ਇਹ ਵੀ ਹੈ ਕਿ ਪ੍ਰਸਿੱਧ ਪੰਜਾਬੀ ਸੂਫ਼ੀ ਕਵੀ ਬੁੱਲ੍ਹੇ ਸ਼ਾਹ ਨੇ ਇਸ ਪਵਿੱਤਰ ਸ਼ਹਿਰ ਦੀ ਯਾਤਰਾ ਕੀਤੀ ਸੀ ਕਿ ਨਹੀਂ?

ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਿਤ ਸਾਹਿਤ ਵਿਚ ਅਤੇ ਕਮੇਟੀ ਦੀ ਵੈੱਬਸਾਈਟ ਵਿਚ ਜੋ ਸਵੈ-ਵਿਰੋਧੀ ਸੂਚਨਾ ਦਿੱਤੀ ਗਈ ਹੈ ਉਸ ਨੇ ਇਸ ਮਸਲੇ ਨੂੰ ਹੋਰ ਉਲਝਾ ਦਿੱਤਾ ਹੈ।

ਆਪਣੀ ਹੋਂਦ ਦੇ 85 ਸਾਲਾਂ ਵਿਚ ਸ਼੍ਰੋਮਣੀ ਕਮੇਟੀ ਅਜਿਹੀ ਮੁਕੰਮਲ ਅਤੇ ਪ੍ਰਮਾਣਿਕ ਜਾਣਕਾਰੀ ਮੁਹੱਈਆ ਕਰਨ ਦੇ ਯੋਗ ਨਹੀਂ ਹੋ ਸਕੀ। ਬਹੁਤ ਸਾਰੇ ਮੁਸਲਮਾਨ ਵੀ ਸ੍ਰੀ ਹਰਿਮੰਦਰ ਸਾਹਿਬ ਦੇ ਦ੍ਰਿੜ੍ਹ ਸ਼ਰਧਾਲੂ ਸਨ। ਨਤੀਜਾ ਇਹ ਕਿ ਸਿੱਖ ਇਹ ਤਾਂ ਚੰਗੀ ਤਰ੍ਹਾਂ ਜਾਣਦੇ ਹਨ ਕਿ ਮੁਗਲਾਂ ਨੇ ਸਿੱਖਾਂ ਉਤੇ ਬੇਅੰਤ ਹਮਲੇ ਕੀਤੇ ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਬਹੁਤ ਸਾਰੇ ਮੁਸਲਮਾਨ ਭਰਾ ਵੀ ਗੁਰੂ-ਘਰ ਦਾ ਪੂਰਾ ਸਤਿਕਾਰ ਕਰਦੇ ਸਨ।

ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਸ੍ਰੀ ਹਰਿਮੰਦਰ ਦੀ ਨੀਂਹ ਮੁਸਲਮਾਨ ਫ਼ਕੀਰ ਸਾਈਂ ਮੀਆਂ ਮੀਰ ਨੇ ਰੱਖੀ ਸੀ, ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕ ਜਥੇਦਾਰ ਸਵਰਗਵਾਸੀ ਗਿ. ਕਿਰਪਾਲ ਸਿੰਘ ਆਪਣੀ ਪ੍ਰਸਿੱਧ ਪੁਸਤਕ 'ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ' ਵਿਚ ਇਸ ਗੱਲ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕਰਦੇ ਹਨ। ਇਹ ਪੁਸਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਥਾਪਿਤ ਧਰਮ ਪ੍ਰਚਾਰ ਕਮੇਟੀ ਵਲੋਂ ਪ੍ਰਕਾਸ਼ਿਤ ਕੀਤੀ ਗਈ ਹੈ।

ਇਕ ਹੋਰ ਸਿੱਖ ਵਿਦਵਾਨ ਡਾ. ਮਦਨਜੀਤ ਕੌਰ ਨੇ ਵੀ ਆਪਣੀ ਪੁਸਤਕ 'ਦੀ ਗੋਲਡਨ ਟੈਂਪਲ' ਵਿਚ ਇਹੋ ਨਿਰਨਾ ਕੀਤਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਜੀ ਨੇ ਨਹੀਂ, ਗੁਰੂ ਸਾਹਿਬ ਨੇ ਖ਼ੁਦ ਰੱਖੀ ਸੀ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਦੋ ਵੈੱਬਸਾਈਟਾਂ ਨੇ ਇਸ ਅਹਿਮ ਤਵਾਰੀਖੀ ਘਟਨਾ ਬਾਰੇ ਭੰਬਲਭੂਸਾ ਹੋਰ ਸੰਘਣਾ ਕਰ ਦਿੱਤਾ ਹੈ। ਪਹਿਲੀ ਵੈੱਬਸਾਈਟ ਵਿਚ ਲਿਖਿਆ ਹੈ ਕਿ ਨੀਂਹ-ਪੱਥਰ ਸਾਈਂ ਮੀਆਂ ਮੀਰ ਜੀ ਨੇ ਰੱਖਿਆ ਸੀ ਪਰ ਦੂਜੀ ਸੋਧੀ ਹੋਈ ਵੈੱਬਸਾਈਟ ਵਿਚ ਲਿਖਿਆ ਹੈ ਕਿ ਨੀਂਹ-ਪੱਥਰ ਗੁਰੂ ਜੀ ਨੇ ਆਪ ਰੱਖਿਆ ਸੀ।

ਸ਼੍ਰੋਮਣੀ ਕਮੇਟੀ ਦੀ ਪਹਿਲੀ ਵੈੱਬਸਾਈਟ ਵਿਚ ਦਰਜ ਹੈ ਕਿ 'ਗੁਰੂ ਅਰਜਨ



ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਲਾਹੌਰ ਦੇ ਮੁਸਲਮਾਨ ਫ਼ਕੀਰ ਸਾਈਂ ਮੀਆਂ ਮੀਰ ਜੀ ਤੋਂ ਇਕ ਮਾਘ 1645 ਬਿਕਰਮੀ (ਦਸੰਬਰ 1588) ਨੂੰ ਰਖਵਾਈ ਸੀ। ਗੁਰੂ ਅਰਜਨ ਦੇਵ ਜੀ ਉਸਾਰੀ ਦੇ ਕੰਮ ਦੀ ਨਿਗਰਾਨੀ ਆਪ ਕਰਦੇ ਸਨ। ਇਸ ਪਵਿੱਤਰ ਕਾਰਜ ਵਿਚ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਸਾਹਲੋ ਜੀ ਅਤੇ ਕਈ ਹੋਰ ਪ੍ਰਮੁੱਖ ਸਿੱਖ ਸੇਵਕ ਗੁਰੂ ਜੀ ਦੀ ਸਹਾਇਤਾ ਕਰਦੇ ਸਨ।'

ਪਰ ਸ਼੍ਰੋਮਣੀ ਕਮੇਟੀ ਦੀ ਸੋਧੀ ਹੋਈ ਵੈੱਬਸਾਈਟ ਵਿਚ ਇਹ ਸ਼ਬਦ ਅੰਕਿਤ ਹਨ, 'ਸ੍ਰੀ ਦਰਬਾਰ ਸਾਹਿਬ ਦੀ ਨੀਂਹ ਗੁਰੂ ਅਰਜਨ ਦੇਵ ਜੀ ਨੇ 3 ਜਨਵਰੀ 1588 ਨੂੰ ਰੱਖੀ। (ਪਰ ਬਾਅਦ ਵਿਚ ਇਹ ਪ੍ਰਚਾਰ ਕੀਤਾ ਜਾਣ ਲਗ ਪਿਆ ਕਿ ਦਰਬਾਰ ਸਾਹਿਬ ਦੀ ਨੀਂਹ ਇਕ ਮੁਸਲਮਾਨ ਸੰਤ ਸਾਈਂ ਮੀਆਂ ਮੀਰ ਜੀ ਨੇ ਰੱਖੀ ਸੀ। ਸਾਈਂ ਮੀਆਂ ਮੀਰ ਗੁਰੂ ਜੀ ਦੇ ਪਰਮ ਮਿੱਤਰ ਸਨ ਪਰ ਦਰਬਾਰ ਸਾਹਿਬ ਦੀ ਨੀਂਹ ਗੁਰੂ ਸਾਹਿਬ ਨੇ ਆਪ ਰੱਖੀ ਸੀ।)

ਭਾਰਤੀ ਇਤਿਹਾਸਕਾਰ ਜੇ.ਆਰ. ਪੁਰੀ ਅਤੇ ਟੀ.ਆਰ. ਸ਼ੰਗਾਰੀ ਲਿਖਦੇ ਹਨ, 'ਇਹ ਗੱਲ ਭਲੀ ਭਾਂਤ ਪ੍ਰਸਿੱਧ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਨੀਂਹ ਗੁਰੂ ਰਾਮਦਾਸ ਜੀ ਨੇ ਮੀਆਂ ਮੀਰ ਤੋਂ ਰਖਵਾਈ ਸੀ।'

ਇਸ ਤੋਂ ਇਲਾਵਾਂ ਲਾਹੌਰ ਨਿਵਾਸੀ ਮਖ਼ਦੂਮ ਸੱਯਦ ਚੰਨ ਪੀਰ ਕਾਦਰੀ ਨੇ ਜੋ ਆਪਣੇ-ਆਪ ਨੂੰ ਸਾਈਂ ਮੀਆਂ ਮੀਰ ਜੀ ਦਾ ਉੱਨ੍ਹੀਵਾਂ ਜ਼ਾਨਸ਼ੀਨ ਕਹਿੰਦੇ ਹਨ, ਆਪਣੀ ਅੰਮ੍ਰਿਤਸਰ ਯਾਤਰਾ ਸਮੇਂ ਦਾਅਵਾ ਕੀਤਾ ਕਿ ਇਸ ਗੱਲ ਦੇ ਕਾਫ਼ੀ ਇਤਿਹਾਸਕ ਪ੍ਰਮਾਣ ਮਿਲਦੇ ਹਨ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਜੀ ਨੇ ਰੱਖੀ ਸੀ। ਇਸ ਘਟਨਾ ਕਾਰਨ ਉਸ ਸਮੇਂ ਸਿੱਖ-ਮੁਸਲਿਮ ਦੋਸਤੀ ਦਾ ਯੁੱਗ ਅਰੰਭ ਹੋਇਆ। ਉਨ੍ਹਾਂ ਕਿਹਾ ਕਿ ਮੇਰਾ ਇਹ ਦਾਅਵਾ ਇਸ ਇਤਿਹਾਸਕ ਤੱਥ 'ਤੇ ਆਧਾਰਿਤ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸਾਰੇ ਭਾਰਤ ਨੂੰ ਅਮਨ ਅਤੇ ਰੂਹਾਨੀ ਏਕਤਾ ਦਾ ਸੰਦੇਸ਼ ਦਿੱਤਾ।

ਇਤਿਹਾਸਕਾਰਾਂ ਨੇ ਸ੍ਰੀ ਹਰਿਮੰਦਰ ਸਾਹਿਬ ਨਾਲ ਮੁਸਲਿਮ ਭਾਈਚਾਰੇ ਦੇ ਇਕ ਹੋਰ ਸਬੰਧ ਨੂੰ ਵੀ ਵਿਸਾਰਿਆ ਹੋਇਆ ਹੈ। ਉਹ ਹੈ-ਕੀ ਭਾਈ ਮਰਦਾਨਾ ਜੀ ਨੇ ਇਸ ਅਸਥਾਨ ਦੇ ਦਰਸ਼ਨ ਕੀਤੇ ਸਨ? ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦੇ ਰਬਾਬੀ ਸਨ। ਗੁਰੂ ਜੀ ਦੀਆਂ ਸਾਰੀਆਂ ਉਦਾਸੀਆਂ ਵਿਚ ਉਹ ਗੁਰੂ ਜੀ ਦੇ ਨਾਲ ਰਹੇ। ਮਰਦਾਨਾ ਜੀ ਦੇ ਤਿੰਨ ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਪਰ ਇਸ ਗੱਲ ਦਾ ਕੋਈ ਪ੍ਰਮਾਣੀਕ ਇਤਿਹਾਸ ਨਹੀਂ ਹੈ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਵਾਲੇ ਅਸਥਾਨ 'ਤੇ ਆਏ ਸਨ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿ. ਕਿਰਪਾਲ ਸਿੰਘ, ਗਿ. ਗਿਆਨ ਸਿੰਘ ਰਚਿਤ 'ਤਵਾਰੀਖ ਗੁਰੂ ਖਾਲਸਾ' ਦੇ ਹਵਾਲੇ ਨਾਲ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਇਸ ਅਸਥਾਨ 'ਤੇ ਕਈ ਵਾਰ ਆਏ ਸਨ, ਜਿੱਥੇ ਅੱਜ ਕੱਲ ਸ੍ਰੀ ਹਰਿਮੰਦਰ ਸਾਹਿਬ ਸੁਭਾਇਮਾਨ ਹੈ। ਉਹ ਇੱਥੇ ਬੈਠ ਕੇ

ਸ਼ਬਦ ਗਾਇਣ ਕਰਿਆ ਕਰਦੇ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਗੱਲ ਉਤੇ ਭਰੋਸਾ ਕੀਤਾ ਜਾ ਸਕਦਾ ਹੈ ਕਿਉਂਕਿ ਹਰਿਮੰਦਰ ਸਾਹਿਬ ਵਾਲਾ ਅਸਥਾਨ ਕਰਤਾਰਪੁਰ ਤੋਂ ਸੁਲਤਾਨਪੁਰ ਲੋਧੀ ਨੂੰ ਜਾਂਦੀ ਸੜਕ ਉਤੇ ਪੈਂਦਾ ਹੈ। ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਲੋਧੀ ਨੂੰ ਜਾਇਆ ਕਰਦੇ ਸਨ ਕਿਉਂਕਿ ਉਥੇ ਉਨ੍ਹਾਂ ਦੀ ਵੱਡੀ ਭੈਣ ਬੇਬੇ ਨਾਨਕੀ ਜੀ ਵਿਆਹੇ ਹੋਏ ਸਨ। ਪਰ ਨਿਰੰਤਰ ਲਿਖਦੇ ਰਹਿਣ ਵਾਲੇ ਲੇਖਕ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਧੀਕ ਸਕੱਤਰ, ਡਾ. ਰੂਪ ਸਿੰਘ ਲਿਖਦੇ ਹਨ, 'ਮੈਂ ਇਹ ਗੱਲ ਪੂਰੇ ਯਕੀਨ ਨਾਲ ਕਹਿ ਸਕਦਾ ਹਾਂ ਕਿ ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨਾ ਦੇ ਸ੍ਰੀ ਹਰਿਮੰਦਰ ਸਾਹਿਬ ਵਾਲੇ ਅਸਥਾਨ 'ਤੇ ਆਉਣ ਦੀ ਕਹਾਣੀ ਉੱਕਾ ਮਨਘੜਤ ਹੈ।' ਭਾਈ ਮਰਦਾਨਾ ਜੀ ਦੇ ਸਲੋਕ ਗੁਰੂ ਗ੍ਰੰਥ ਸਾਹਿਬ ਵਿਚ 'ਬਿਹਾਗੜੇ ਦੀ ਵਾਰ' ਵਿਚ ਦਰਜ ਹਨ। ਇਹ ਸਲੋਕ ਸ਼ਰਾਬ ਪੀਣ ਦੇ ਵਿਰੁੱਧ ਹਨ ਜੋ ਦੁੱਖ-ਕਲੇਸ਼, ਕਾਮ, ਹੰਕਾਰ, ਹਉਮੈ ਅਤੇ ਕਪਟ ਨੂੰ ਜਨਮ ਦਿੰਦੀ ਹੈ ਅਤੇ ਮਨੁੱਖ ਦਾ ਸਰੀਰ ਬਿਮਾਰੀਆਂ ਦੀ ਪਕੜ ਵਿਚ ਆ ਜਾਂਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧਿਤ ਸਿੱਖ ਇਤਿਹਾਸ ਰਿਸਰਚ ਬੋਰਡ ਵੱਲੋਂ 1977 ਵਿਚ ਗਿ: ਜੰਗ ਸਿੰਘ ਦੀ ਇਕ ਪੁਸਤਕ 'ਅੰਮ੍ਰਿਤਸਰ : ਸਿਫਤੀ ਦਾ ਘਰ' ਛਾਪੀ ਗਈ ਸੀ। ਇਸ ਪੁਸਤਕ ਵਿਚ ਗਿਆਨੀ ਜੀ ਨੇ ਇਹ ਸੂਚਨਾ ਦਿੱਤੀ ਹੈ ਕਿ ਬੁੱਲ੍ਹੇ ਸ਼ਾਹ (1680-1758) ਨੇ ਸ੍ਰੀ ਹਰਿਮੰਦਰ ਸਾਹਿਬ ਦੀ ਜ਼ਿਆਰਤ ਕੀਤੀ ਸੀ। ਬੁੱਲ੍ਹੇ ਸ਼ਾਹ ਦੀ ਇਕ ਕਾਫ਼ੀ ਦਾ ਹਵਾਲਾ ਦੇ ਕੇ ਗਿਆਨੀ ਜੀ ਕਹਿੰਦੇ ਹਨ ਕਿ ਬੁੱਲ੍ਹੇ ਸ਼ਾਹ ਨੇ ਹਰਿਮੰਦਰ ਸਾਹਿਬ 'ਚ ਹੁੰਦੇ ਕੀਤਰਨ ਅਤੇ ਵਰਤਾਏ ਜਾਂਦੇ ਲੰਗਰ ਦੀ ਤਾਰੀਫ਼ ਕੀਤੀ ਹੈ ਪਰ ਸ੍ਰੀ ਹਰਿਮੰਦਰ ਸਾਹਿਬ ਦੇ ਸਿੱਖ ਅਜਾਇਬ ਘਰ ਦੀ ਕਿਸੇ ਦੀਵਾਰ ਉਤੇ ਨਾ ਤਾਂ ਬੁੱਲ੍ਹੇ ਸ਼ਾਹ ਦੀ ਕੋਈ ਤਸਵੀਰ ਲਾਈ ਗਈ ਹੈ ਅਤੇ ਨਾ ਹੀ ਗਿ. ਜੰਗ ਸਿੰਘ ਦੀ ਲਿਖਤ ਦੀ ਕਿਸੇ ਹੋਰ ਇਤਿਹਾਸਕ ਹਵਾਲੇ ਤੋਂ ਪੁਸ਼ਟੀ ਹੁੰਦੀ ਹੈ।

ਬੁੱਲ੍ਹੇ ਸ਼ਾਹ ਪੰਜਾਬ ਦੇ ਮਹਾਨ ਸੂਫ਼ੀ ਕਵੀਆਂ ਵਿਚੋਂ ਇਕ ਸੀ। ਉਹ ਮਜ਼੍ਹਬੀ ਤੌਰ 'ਤੇ ਇੰਨੇ ਖੁੱਲ੍ਹੇ ਵਿਚਾਰਾਂ ਦਾ ਸੀ ਕਿ ਜਦੋਂ ਉਸ ਦੀ ਮੌਤ ਹੋਈ ਤਾਂ ਮੁਸਲਿਮ ਮੌਲਾਣਿਆਂ ਨੇ ਉਸ ਨੂੰ ਮੁਸਲਮਾਨਾਂ ਦੇ ਕਬਰਸਤਾਨ ਵਿਚ ਦਫ਼ਨਾਉਣ ਤੋਂ ਇਨਕਾਰ ਕਰ ਦਿੱਤਾ।

ਬਾਬਾ ਫਰੀਦ ਵੀ (1173-1266ਈ.) ਇਕ ਹੋਰ ਸੂਫ਼ੀ ਸ਼ਾਇਰ ਹਨ ਜਿਨ੍ਹਾਂ ਨੂੰ ਪੰਜਾਬੀ ਬੋਲੀ ਦਾ 'ਆਦਿ ਕਵੀ' ਕਿਹਾ ਜਾਂਦਾ ਹੈ। ਹੈਦਰਾਬਾਦ ਦੇ ਨਵਾਬ ਹਬੀਬ ਜੰਗ ਬਹਾਦਰ, ਬਾਬਾ ਫਰੀਦ ਜੀ ਦੇ ਵੰਸ਼ ਵਿਚੋਂ ਹਨ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਾਰ ਸੌ ਸਾਲਾ ਪ੍ਰਕਾਸ਼ ਪੁਰਬ 'ਤੇ ਸ੍ਰੀ ਹਰਿਮੰਦਰ ਸਾਹਿਬ ਵਿਚ ਆਏ ਸਨ। ਸ਼੍ਰੋਮਣੀ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਸ. ਪ੍ਰਕਾਸ਼ ਸਿੰਘ ਬਾਦਲ ਨੇ ਸਿਰੋਪਾ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ ਸੀ। ਬਾਬਾ ਫਰੀਦ ਜੀ ਇਕ ਸੂਫ਼ੀ ਸੰਤ ਅਤੇ ਸੂਫ਼ੀਆਂ ਦੇ ਚਿਸ਼ਤੀ ਸਿਲਸਿਲੇ ਨਾਲ ਸਬੰਧ ਰੱਖਦੇ ਸਨ। ਲੋਕ-ਰਵਾਇਤਾਂ ਉਤੇ ਆਧਾਰਿਤ ਉਨ੍ਹਾਂ ਦੀ ਕਾਵਿ-ਰਚਨਾ ਸਾਦੀ ਬੋਲੀ ਵਿਚ ਲਿਖੀ ਗਈ ਹੈ।



1925 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਣਨ ਤਕ ਸ੍ਰੀ ਹਰਿਮੰਦਰ ਸਾਹਿਬ ਵਿਚ ਮੁਸਲਮਾਨ ਰਬਾਬੀ ਕੀਰਤਨ ਕਰਿਆ ਕਰਦੇ ਸਨ। ਭਾਈ ਮਰਦਾਨਾ ਜੀ ਦੇ ਵੰਸ਼ਜ ਸ੍ਰੀ ਗੁਲਾਮ ਮੁਹੰਮਦ ਚਾਂਦ ਪਿਛਲੇ ਦਿਨੀਂ ਜਦੋਂ ਅੰਮ੍ਰਿਤਸਰ ਆਏ ਤਾਂ ਉਹ ਇਹ ਜਾਣ ਕੇ ਬੇਹੱਦ ਨਿਰਾਸ਼ ਹੋਏ ਕਿ ਉਹ ਆਪਣੇ ਪੂਰਵਜਾਂ ਦੀ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਨਹੀਂ ਕਰ ਸਕਦੇ। ਦੇਸ਼-ਵੰਡ ਤੋਂ ਪਹਿਲਾਂ ਉਨ੍ਹਾਂ ਦੇ ਚਾਚਾ ਭਾਈ ਚਾਂਦ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਹੁੰਦੇ ਸਨ।

****

# ਗੌਰਵਮਈ ਇਤਿਹਾਸ ਦਾ
# ਇਕ ਭੁੱਲਿਆ ਵਿਸਰਿਆ ਕਾਂਡ

ਭਾਈ ਗੁਰਦਾਸ ਜੀ ਨੇ ਆਪਣੇ ਭਾਣਜੇ ਗੁਰੂ ਅਰਜਨ ਦੇਵ ਜੀ ਦੀ ਨਿਗਾਹਬਾਨੀ ਹੇਠ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਲਿਖੀ। ਉਨ੍ਹਾਂ ਨੂੰ ਮੱਧ ਯੁੱਗ ਦਾ ਇਕ ਚੋਟੀ ਦਾ ਹਿੰਦੀ ਕਵੀ ਵੀ ਮੰਨਿਆ ਜਾਂਦਾ ਹੈ। ਇਸ ਦੇ ਬਾਵਜੂਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖ਼ਤ ਸਾਹਿਬ ਸਮੇਤ ਸਿੱਖ ਸੰਸਾਰ ਭਾਈ ਗੁਰਦਾਸ ਜੀ ਦੇ ਯੋਗਦਾਨ ਦਾ ਪੂਰਾ ਮੁੱਲ ਪਾਉਣ ਵਿਚ ਅਸਫ਼ਲ ਰਿਹਾ ਹੈ। ਇਥੋਂ ਤਕ ਕਿ ਉਨ੍ਹਾਂ ਦੇ ਜਨਮ-ਅਸਥਾਨ ਅਤੇ ਜਨਮ-ਤਾਰੀਖ ਦਾ ਵੀ ਅਜੇ ਤਕ ਸਹੀ ਨਿਰਨਾ ਨਹੀਂ ਹੋ ਸਕਿਆ।

ਉਨ੍ਹਾਂ ਨੂੰ ਗੁਰਬਾਣੀ ਦਾ ਪਹਿਲਾ ਵਿਆਖਿਆਕਾਰ ਮੰਨਿਆ ਜਾਂਦਾ ਹੈ। ਉਨ੍ਹਾਂ ਦੀਆਂ ਲਿਖਤਾਂ ਨੂੰ ਸਿੱਖ ਧਰਮ ਦੇ ਪਵਿੱਤਰ ਗ੍ਰੰਥ ਦੀ ਕੁੰਜੀ ਕਿਹਾ ਜਾਂਦਾ ਹੈ। ਉਨ੍ਹਾਂ ਨੇ ਪੰਜਾਬੀ ਕਵਿਤਾ ਦੇ ਰੂਪ ਵਿਚ 40 ਵਾਰਾਂ ਅਤੇ 556 ਕਬਿੱਤ ਲਿਖੇ। ਉਨ੍ਹਾਂ ਦੀਆਂ ਲਿਖਤਾਂ ਨੂੰ ਸਿੱਖ ਸਾਹਿਤ ਅਤੇ ਦਰਸ਼ਨ ਦੀ ਉੱਤਮ ਉਦਾਹਰਨ ਮੰਨਿਆ ਜਾਂਦਾ ਹੈ। ਉਹ ਕਈ ਸਾਲ ਵਾਰਾਨਸੀ ਵਿਚ ਰਹੇ ਜਿੱਥੇ ਉਨ੍ਹਾਂ ਨੇ ਸੰਸਕ੍ਰਿਤ ਗ੍ਰੰਥਾਂ ਦਾ ਅਧਿਐਨ ਕੀਤਾ। ਉਹ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਆਗਰਾ, ਲਖਨਊ, ਬੁਰਹਾਨਪੁਰ, ਰਾਜਸਥਾਨ, ਜੰਮੂ ਅਤੇ ਚੰਬੇ ਦੀਆਂ ਪਹਾੜੀਆਂ ਵਿਚ ਦੂਰ-ਦੂਰ ਤਕ ਗਏ।

ਸਿੱਖ ਧਰਮ ਅਤੇ ਹਿੰਦੀ, ਪੰਜਾਬੀ ਤੇ ਬ੍ਰਜ ਸਾਹਿਤ ਵਿਚ ਉਨ੍ਹਾਂ ਦੇ ਮਹਾਨ ਯੋਗਦਾਨ ਦੇ ਬਾਵਜੂਦ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਸਮੇਂ ਯਾਦ ਨਹੀਂ ਕੀਤਾ ਗਿਆ। ਕਾਸ਼ੀ ਨਾਗਰੀ ਪ੍ਰਚਾਰਨੀ ਸਭਾ ਬਨਾਰਸ ਹਿੰਦੀ ਸਾਹਿਤ ਦੀ ਇਕ ਪ੍ਰਸਿੱਧ ਸੰਸਥਾ ਹੈ। ਉਸ ਨੇ ਆਪਣੀਆਂ ਖੋਜ ਰਿਪੋਰਟਾਂ ਵਿਚ ਭਾਈ ਗੁਰਦਾਸ ਵਲੋਂ ਲਿਖੇ ਗਏ ਹਿੰਦੀ ਸਾਹਿਤ ਦਾ ਭਰਪੂਰ ਜ਼ਿਕਰ ਕੀਤਾ ਹੈ। ਕਿਹਾ ਜਾਂਦਾ ਹੈ ਕਿ ਬਨਾਰਸ ਦਾ ਮਹਾਰਾਜਾ ਭਾਈ ਗੁਰਦਾਸ ਜੀ ਦਾ ਅਨੁਆਈ ਬਣ ਗਿਆ ਸੀ ਅਤੇ ਉਸ ਨੇ ਭਾਈ ਸਾਹਿਬ ਦੀਆਂ ਵਿਦੱਵਤਾ-ਪੂਰਨ ਰਚਨਾਵਾਂ ਦੀ ਭਰਪੂਰ ਪ੍ਰਸ਼ੰਸ਼ਾ ਕੀਤੀ ਸੀ।

ਵਾਰਾਨਸੀ ਵਿਚ ਭਾਈ ਗੁਰਦਾਸ ਜੀ ਦੀ ਯਾਦ ਵਿਚ ਇਕ ਵਿਸ਼ਾਲ ਗੁਰਦੁਆਰਾ ਬਣਿਆ ਹੋਇਆ ਹੈ। ਜਾਂ ਫਿਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਆਪਣੀ ਲਾਇਬ੍ਰੇਰੀ ਦਾ ਨਾਂ ਭਾਈ ਗੁਰਦਾਸ ਲਾਇਬ੍ਰੇਰੀ ਰੱਖਿਆ ਹੈ ਪਰ ਅੰਮ੍ਰਿਤਸਰ ਜ਼ਿਲ੍ਹੇ ਵਿਚ ਉਨ੍ਹਾਂ ਦੀ ਕੋਈ ਵੱਖਰੀ ਯਾਦਗਾਰ ਨਹੀਂ ਬਣਾਈ ਗਈ, ਜਿੱਥੇ ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਗੁਜ਼ਾਰਿਆ। ਸ਼੍ਰੋਮਣੀ ਗੁਰਦੁਆਰਾ



ਪ੍ਰਬੰਧਕ ਕਮੇਟੀ ਦੇ ਵਿਸ਼ਾਲ ਭਵਨ ਵਿਚ ਕੇਵਲ ਇਕ ਹਾਲ ਦਾ ਨਾਂ ਭਾਈ ਗੁਰਦਾਸ ਜੀ ਦੇ ਨਾਂ 'ਤੇ ਰੱਖਿਆ ਗਿਆ ਹੈ। ਗੁਰਦੁਆਰਾ ਪਿਪਲੀ ਸਾਹਿਬ (ਪੁਤਲੀਘਰ) ਵਿਚ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਈ ਸਾਹਿਬ ਦੇ ਨਾਂ 'ਤੇ ਕੋਈ ਜਗ੍ਹਾ ਸੁਰੱਖਿਅਤ ਨਹੀਂ ਕੀਤੀ ਜਿੱਥੇ ਉਹ ਸੰਗਤ ਦੀ ਅਗਵਾਈ ਕਰਿਆ ਕਰਦੇ ਸਨ।

ਅਫ਼ਸੋਸ ਦੀ ਗੱਲ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਈ ਗੁਰਦਾਸ ਜੀ ਨਾਲ ਸਬੰਧਿਤ ਕਦੀ ਕੋਈ ਵਿਸ਼ੇਸ਼ ਦਿਨ ਨਹੀਂ ਮਨਾਇਆ ਕਿਉਂਕਿ ਉਨ੍ਹਾਂ ਦੇ ਜਨਮ ਜਾਂ ਸੁਰਗਵਾਸ ਹੋਣ ਦੀ ਕੋਈ ਤਰੀਕ ਹੀ ਉਪਲਬਧ ਨਹੀਂ ਹੈ; ਹਾਲਾਂਕਿ ਉਨ੍ਹਾਂ ਨੇ 91 ਸਾਲ ਦੀ ਲੰਬੀ ਆਯੂ ਭੋਗੀ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿ: ਜੋਗਿੰਦਰ ਸਿੰਘ ਵੇਦਾਂਤੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਇਹ ਮੰਨਦੇ ਹਨ ਕਿ ਭਾਈ ਗੁਰਦਾਸ ਜੀ ਦੇ ਜਨਮ ਜਾਂ ਸੁਰਗਵਾਸ ਹੋਣ ਦੀਆਂ ਤਰੀਕਾਂ ਬਾਰੇ ਅਜੇ ਤਕ ਕੋਈ ਸਹਿਮਤੀ ਨਹੀਂ ਹੋਈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਦੇ ਸਾਬਕਾ ਮੁਖੀ ਡਾ. ਐੱਚ.ਐੱਸ.ਬੇਦੀ ਕਹਿੰਦੇ ਹਨ ਕਿ ਭਾਈ ਗੁਰਦਾਸ ਜੀ ਦਾ ਜਿੰਨਾ ਸਾਹਿਤ ਉਪਲਬਧ ਹੈ, ਉਨ੍ਹਾਂ ਨੇ ਉਸ ਤੋਂ ਵੀ ਜ਼ਿਆਦਾ ਸਾਹਿਤ ਹਿੰਦੀ ਤੇ ਬ੍ਰਜ ਵਿਚ ਲਿਖਿਆ ਹੋਵੇਗਾ। ਵਿਦਵਾਨ ਸੱਜਣਾਂ ਨੂੰ ਭਾਈ ਸਾਹਿਬ ਦਾ ਲੁਪਤ ਸਾਹਿਤ ਲਭਣਾ ਚਾਹੀਦਾ ਹੈ। ਇਸ ਕੰਮ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਇਕ ਭਾਈ ਗੁਰਦਾਸ ਚੇਅਰ ਸਥਾਪਿਤ ਕਰਨੀ ਚਾਹੀਦੀ ਹੈ।

ਭਾਈ ਗੁਰਦਾਸ ਜੀ ਬਾਰੇ ਸਹੀ ਢੰਗ ਨਾਲ ਜੇ ਕੋਈ ਖੋਜ ਕੀਤੀ ਜਾਏ ਤਾਂ ਉਨ੍ਹਾਂ ਬਾਰੇ ਬਣੀਆਂ ਹੋਈਆਂ ਕਈ ਸਾਹਿਤਕ ਮਿੱਥਾਂ ਟੁੱਟ ਜਾਣਗੀਆਂ। ਉਨ੍ਹਾਂ ਦੀਆਂ ਲਿਖਤਾਂ ਸਿੱਖ ਸਾਹਿਤ ਅਤੇ ਦਰਸ਼ਨ ਦੀ ਉੱਤਮ ਵੰਨਗੀ ਹਨ।

ਡਾ. ਬੇਦੀ ਕਹਿੰਦੇ ਹਨ, 'ਭਾਈ ਗੁਰਦਾਸ ਜੀ ਉੱਚ ਕੋਟੀ ਦੇ ਵਿਦਵਾਨ ਸਨ। ਉਨ੍ਹਾਂ ਨੇ ਪ੍ਰਾਚੀਨ ਗ੍ਰੰਥਾਂ ਅਤੇ ਦਰਸ਼ਨ ਦਾ ਬਹੁਤ ਅਧਿਐਨ ਕੀਤਾ ਸੀ। ਉਨ੍ਹਾਂ ਨੇ ਆਪਣੀ ਵਿਲੱਖਣ ਪ੍ਰਤਿਭਾ ਨੂੰ ਸਿੱਖ ਧਰਮ ਦੇ ਪ੍ਰਚਾਰ ਲਈ ਵਰਤਿਆ। ਉਨ੍ਹਾਂ ਦੀ ਕਾਵਿ ਰਚਨਾ ਦੋ ਭਾਗਾਂ ਵਿਚ ਉਪਲਬਧ ਹੈ : ਵਾਰਾਂ ਭਾਈ ਗੁਰਦਾਸ ਅਤੇ ਕਬਿੱਤ ਸਵੱਯੇ। ਉਨ੍ਹਾਂ ਦੀਆਂ ਰਚਨਾਵਾਂ ਨੂੰ ਧਾਰਮਕ ਦੀਵਾਨਾਂ ਵਿਚ ਗੁਰਬਾਣੀ ਦੇ ਨਾਲ ਗਾਇਣ ਕੀਤਾ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੀਆਂ ਰਚਨਾਵਾਂ ਨੂੰ ਗੁਰਬਾਣੀ ਦੀ 'ਕੁੰਜੀ' ਆਖ ਕੇ ਮਾਨਤਾ ਦਿੱਤੀ ਹੈ।'

ਜਥੇਦਾਰ ਵੇਦਾਂਤੀ ਜੀ ਕਹਿੰਦੇ ਹਨ ਕਿ ਭਾਈ ਗੁਰਦਾਸ ਜੀ ਦੀ ਜਨਮ-ਤਰੀਕ ਅਤੇ ਜਨਮ-ਸਥਾਨ ਬਾਰੇ ਅਗਿਆਨਤਾ 'ਬੇਹੱਦ ਮੰਦਭਾਗੀ' ਗੱਲ ਹੈ। ਕੁਝ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਭਾਈ ਗੁਰਦਾਸ ਗੋਇੰਦਵਾਲ ਦੇ ਭੱਲਾ ਖੱਤਰੀ ਪਰਿਵਾਰ ਵਿਚੋਂ ਸਨ ਅਤੇ ਉਨ੍ਹਾਂ ਦਾ ਜਨਮ 1608 ਬਿਕਰਮੀ (1551 ਈ.) ਵਿਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਭਾਈ ਈਸ਼ਰ ਦਾਸ ਅਤੇ ਮਾਤਾ ਦਾ ਨਾਂ ਜੀਵਨੀ

ਸੀ। ਉਹ ਤੀਸਰੀ ਪਾਤਸ਼ਾਹੀ ਗੁਰੂ ਅਮਰ ਦਾਸ ਜੀ ਦੇ ਭਤੀਜੇ ਸਨ।

ਕੁਝ ਹੋਰ ਇਤਿਹਾਸਕਾਰ ਕਹਿੰਦੇ ਹਨ ਕਿ ਉਨ੍ਹਾਂ ਦੇ ਪਿਤਾ ਦਾ ਨਾਂ ਭਾਈ ਦਾਤਾਰ ਚੰਦ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਪੁਸਤਕ 'ਗਿਆਨ ਰਤਨਾਵਲੀ' ਵਿਚ ਉਨ੍ਹਾਂ ਦਾ ਜਨਮ ਸੰਮਤ 1603 ਬਿਕਰਮੀ (1546ਈ.) ਵਿਚ ਹੋਇਆ ਲਿਖਿਆ ਹੈ। ਸਿੱਖ ਵਿਦਵਾਨ ਭਾਈ ਵੀਰ ਸਿੰਘ ਅਨੁਸਾਰ ਭਾਈ ਗੁਰਦਾਸ ਦਾ ਜਨਮ 1600 ਬਿਕਰਮੀ ਅਤੇ 1610 ਬਿਕਰਮੀ ਦੇ ਵਿਚਾਲੇ ਹੋਇਆ। ਉਨ੍ਹਾਂ ਦਾ ਇਹ ਅਨੁਮਾਨ ਗਿ. ਗਿਆਨ ਸਿੰਘ ਅਤੇ ਭਾਈ ਸੰਤੋਖ ਸਿੰਘ ਦੀਆਂ ਰਚਨਾਵਾਂ ਉੱਤੇ ਆਧਾਰਿਤ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਿਤ ਅਤੇ ਪ੍ਰੋ. ਸੰਤ ਸਿੰਘ ਸੇਖੋਂ ਦੁਆਰਾ ਲਿਖਤ ਪੰਜਾਬੀ ਸਾਹਿਤ ਦਾ ਇਤਿਹਾਸ ਵਿਚ ਸੇਖੋਂ ਸਾਹਿਬ ਲਿਖਦੇ ਹਨ ਕਿ ਭਾਈ ਗੁਰਦਾਸ ਦਾ ਜਨਮ ਅੰਮ੍ਰਿਤਸਰ ਦੇ ਨੇੜੇ ਪਿੰਡ ਗਿੱਲਵਾਲੀ (ਜਿਸ ਨੂੰ ਗੁਰੂਵਾਲੀ ਵੀ ਕਿਹਾ ਜਾਂਦਾ ਹੈ) ਵਿਚ 1551 ਈ. ਵਿਚ ਹੋਇਆ। ਜਦੋਂ ਇਹ ਲੇਖਕ ਪਿੰਡ ਗਿੱਲਵਾਲੀ ਵਿਚ ਗਿਆ ਤਾਂ ਸਰਪੰਚ ਬਲਵਿੰਦਰ ਸਿੰਘ ਸਮੇਤ ਪਿੰਡ-ਵਾਸੀਆਂ ਇਸ ਗੱਲ ਤੋਂ ਇਨਕਾਰ ਕੀਤਾ। ਡੇਰਾ ਬਾਬਾ ਸੰਤ ਸਿੰਘ ਨਾਲ ਸਬੰਧਿਤ ਇਕ ਵਿਅਕਤੀ ਗੁਰਦਾਸ ਸਿੰਘ ਨੇ ਕਿਹਾ ਕਿ ਉਸ ਨੇ ਗਿੱਲਵਾਲੀ ਵਿਚ ਭਾਈ ਗੁਰਦਾਸ ਦੇ ਜਨਮ ਬਾਰੇ ਕਦੀ ਨਹੀਂ ਸੁਣਿਆ। ਕੁਝ ਇਤਿਹਾਸਕਾਰ ਅੰਮ੍ਰਿਤਸਰ ਤੋਂ 16 ਕਿਲੋਮੀਟਰ ਦੂਰ ਪਿੰਡ ਬਾਸਰਕੇ ਨੂੰ ਭਾਈ ਗੁਰਦਾਸ ਦਾ ਜਨਮ-ਪਿੰਡ ਦਸਦੇ ਹਨ।

ਬਾਸਰਕੇ ਵਿਚ ਜਾ ਕੇ ਪਤਾ ਲੱਗਾ ਕਿ ਪਿੰਡ ਦੇ ਲੋਕਾਂ ਨੇ ਸਿਰਫ਼ ਸੁਣਿਆ ਹੀ ਹੈ ਕਿ ਭਾਈ ਗੁਰਦਾਸ ਜੀ ਇੱਥੇ ਜਨਮੇ ਸਨ ਪਰ ਉਨ੍ਹਾਂ ਦਾ ਜਨਮ ਕਿਸ ਅਸਥਾਨ ਜਾਂ ਘਰ ਵਿਚ ਹੋਇਆ ਸੀ, ਇਸ ਦਾ ਕੁਝ ਪਤਾ ਨਹੀਂ ਲੱਗਾ। ਖਾੜਕੂਵਾਦ ਦੇ ਦਿਨਾਂ ਵਿਚ ਪਿੰਡ-ਵਾਸੀਆਂ ਨੇ ਭਾਈ ਗੁਰਦਾਸ ਦੀ ਯਾਦ ਵਿਚ ਇਕ ਗੇਟ ਬਣਾਉਣ ਦੀ ਕੋਸ਼ਿਸ਼ ਕੀਤੀ। ਪਿੰਡ ਦੇ ਇਕ ਦੁਕਾਨਦਾਰ ਹਰਦੀਪ ਸਿੰਘ ਨੇ ਦੱਸਿਆ ਕਿ ਪਿੰਡ ਵਿਚ ਭਾਈ ਸਾਹਿਬ ਦਾ ਸਹੀ ਜਨਮ-ਅਸਥਾਨ ਲੱਭਣ ਦੀਆਂ ਸਾਰੀਆਂ ਕੋਸ਼ਿਸ਼ਾਂ ਦਾ ਅਜੇ ਤਕ ਕੋਈ ਨਤੀਜਾ ਨਹੀਂ ਨਿਕਲਿਆ।

****



# ਕੀ ਗੁਰੂ ਗੋਬਿੰਦ ਸਿੰਘ ਜੀ ਸੱਚਮੁੱਚ ਅੰਮ੍ਰਿਤਸਰ ਆਏ ਸਨ?

ਬਹੁਗਿਣਤੀ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨਾ ਤਾਂ ਕਦੀ ਮਾਝੇ ਦੇ ਇਲਾਕੇ ਵਿਚ ਆਏ ਹਨ ਅਤੇ ਨਾ ਹੀ ਉਨ੍ਹਾਂ ਨੇ ਕਦੀ ਅੰਮ੍ਰਿਤਸਰ ਸ਼ਹਿਰ ਦੀ ਯਾਤਰਾ ਕੀਤੀ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਪੁਸਤਕ 'ਅੰਮ੍ਰਿਤਸਰ ਦੀ ਤਵਾਰੀਖ' ਵਿਚ ਸ. ਕਰਮ ਸਿੰਘ ਹਿਸਟੋਰੀਅਨ ਇਹ ਦਾਅਵਾ ਕਰਦੇ ਹਨ ਕਿ ਸੰਮਤ 1752 ਬਿਕਰਮੀ ਵਿਚ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਅੰਮ੍ਰਿਤਸਰ ਆਏ ਸਨ। ਲੇਖਕ ਦਾ ਇਹ ਦਾਅਵਾ ਗੁਰਦੁਆਰਿਆਂ ਦੀ ਸੂਚੀ ਉਤੇ ਆਧਾਰਿਤ ਹੈ। ਇਹ ਪੁਸਤਕ ਇਸ ਲਈ ਬੜੀ ਅਹਿਮ ਹੈ ਕਿਉਂਕਿ ਇਸ ਨੂੰ ਖ਼ਾਲਸਾ ਸਿਰਜਨਾ ਦੀ ਤ੍ਰੈਸ਼ਤਾਬਦੀ ਦੇ ਅਵਸਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧਿਤ ਧਰਮ ਪ੍ਰਚਾਰ ਕਮੇਟੀ ਨੇ ਪ੍ਰਕਾਸ਼ਿਤ ਕੀਤੀ ਹੈ।

ਪਰ ਪ੍ਰਸਿੱਧ ਸਿੱਖ ਇਤਿਹਾਸਕਾਰ ਗਿ. ਗਿਆਨ ਸਿੰਘ ਦੀ ਪੁਸਤਕ 'ਗੁਰਧਾਮ ਸੰਗ੍ਰਹਿ' ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੀ ਛਾਪੀ ਹੈ। ਉਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤਸਰ ਆਉਣ ਦੀ ਯਾਦ ਵਿਚ ਬਣਾਏ ਗਏ ਕਿਸੇ ਗੁਰਦੁਆਰੇ ਦਾ ਜ਼ਿਕਰ ਨਹੀਂ ਹੈ। ਉਪਰੋਕਤ ਪੁਸਤਕ ਨਾਲ ਸਿੱਖ ਪੰਥ ਵਿਚ ਹੁਣ ਇਕ ਬਹਿਸ ਸ਼ੁਰੂ ਹੋ ਗਈ ਹੈ। ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈੱਬਸਾਈਟ ਵਿਚ ਦਸਮ ਗੁਰੂ ਦੇ ਅੰਮ੍ਰਿਤਸਰ ਆਉਣ ਦਾ ਕੋਈ ਜ਼ਿਕਰ ਨਹੀਂ। ਇਥੋਂ ਤਕ ਕਿ ਸ. ਵਰਿਆਮ ਸਿੰਘ ਅਤੇ ਡਾ. ਰੂਪ ਸਿੰਘ ਜੋ ਕ੍ਰਮਵਾਰ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਅਤੇ ਮੁੱਖ ਸਕੱਤਰ ਹਨ, ਇਸ ਸਬੰਧ ਵਿਚ ਸ. ਕਰਮ ਸਿੰਘ ਹਿਸਟੋਰੀਅਨ ਨਾਲ ਸਹਿਮਤ ਨਹੀਂ ਹਨ।

ਸਬੰਧਿਤ ਪੁਸਤਕ ਦੱਸਦੀ ਹੈ ਕਿ ਅੰਮ੍ਰਿਤਸਰ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਨਿਵਾਸ ਨਾਲ ਸਬੰਧਿਤ ਇਕ ਗੁਰਦੁਆਰਾ ਕੌਲਸਰ ਦੇ ਨੇੜੇ ਕਟੜਾ ਦਲ ਸਿੰਘ ਵਿਚ ਹੁੰਦਾ ਸੀ। ਇਸ ਕਿਤਾਬ ਵਿਚ ਇਹ ਵੀ ਲਿਖਿਆ ਹੈ ਕਿ ਇਸ ਗੁਰਦੁਆਰੇ ਦੀ ਉਨ੍ਹਾਂ ਦਿਨਾਂ ਵਿਚ ਇਕ ਸ਼ਰਧਾਲੂ ਸਿੱਖ ਮਹੰਤ ਗੁਰਦਿੱਤ ਸਿੰਘ ਨੇ ਮੁਰੰਮਤ ਵੀ ਕਰਾਈ ਸੀ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਗੁਰੂ ਗੋਬਿੰਦ ਸਿੰਘ ਜੀ ਕਦੀ ਅੰਮ੍ਰਿਤਸਰ ਆਏ ਸਨ ਤਾਂ ਉਨ੍ਹਾਂ ਦੀ ਯਾਦ ਵਿਚ ਬਣਿਆ ਗੁਰਦੁਆਰਾ ਲੋਪ ਕਿਉਂ ਹੋਣ ਦਿੱਤਾ ਗਿਆ? ਇਸ ਕਿਤਾਬ ਦੇ ਸੰਪਾਦਕ ਗਿ. ਗੁਰਦਿੱਤ ਸਿੰਘ ਦੱਸਦੇ ਹਨ ਕਿ ਉਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਇਸ ਪੁਸਤਕ ਨੂੰ ਛਾਪਣ ਵਿਚ ਬਹੁਤ ਦਿਲਚਸਪੀ ਲਈ ਸੀ।

ਪਰ ਵਰਿਆਮ ਸਿੰਘ ਕਹਿੰਦੇ ਹਨ ਕਿ 'ਇਸ ਤਰ੍ਹਾਂ ਦੀ ਗੱਲ ਲਿਖਣਾ ਸ਼ਾਇਦ ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਭੁੱਲ ਹੋਵੇਗੀ।' ਪਰ ਵਰਿਆਮ ਸਿੰਘ ਇਸ ਸਵਾਲ ਦਾ ਕੋਈ ਢੁਕਵਾਂ ਜਵਾਬ ਨਹੀਂ ਦੇ ਸਕੇ ਕਿ ਅਜਿਹੀ 'ਇਤਿਹਾਸਕ ਗਲਤੀ' ਵਾਲੀ ਪੁਸਤਕ ਛਾਪਣ ਵਿਚ ਕੀ ਸਿਆਣਪ ਸੀ; ਉਹ ਵੀ ਉਸ ਸਮੇਂ ਜਦੋਂ ਖਾਲਸਾ ਸਿਰਜਨਾ ਦੀ ਤ੍ਰੈਸ਼ਤਾਬਦੀ ਮਨਾਈ ਜਾ ਰਹੀ ਸੀ।

ਸ. ਵਰਿਆਮ ਸਿੰਘ ਨੇ ਉਂਜ ਦਸਿਆ ਕਿ ਸ. ਕਰਮ ਸਿੰਘ ਨੇ ਸਿੱਖ ਧਰਮ ਦੇ ਮੁੱਢਲੇ ਸਰੋਤ ਲੱਭਣ ਵਿਚ ਪੰਥ ਦੀ ਬਹੁਤ ਸੇਵਾ ਕੀਤੀ। ਉਹ ਇਹ ਵੀ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤਸਰ ਆਗਮਨ ਬਾਰੇ ਹੋਰ ਖੋਜ ਕਰਨ ਦੀ ਲੋੜ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤਸਰ ਆਉਣ ਦੀ ਗੱਲ ਨੂੰ ਹੋਰ ਬਲ ਇਸ ਕਰਕੇ ਮਿਲਿਆ ਕਿਉਂਕਿ ਇਸ ਕਿਤਾਬ ਦੀ ਭੂਮਿਕਾ ਪ੍ਰਸਿੱਧ ਸਿੱਖ ਇਤਿਹਾਸਕਾਰ ਗਿ. ਗੁਰਦਿੱਤ ਸਿੰਘ ਨੇ ਲਿਖੀ ਹੈ।

ਇਸ ਵਿਵਾਦਪੂਰਨ ਪੁਸਤਕ ਦੇ ਮੁਖਬੰਦ ਵਿਚ ਗਿ. ਗੁਰਦਿੱਤ ਸਿੰਘ ਲਿਖਦੇ ਹਨ ਕਿ 'ਅੰਮ੍ਰਿਤਸਰ ਦੀ ਤਵਾਰੀਖ' ਦੇ 'ਸੁਨਹਿਰੀ ਪੰਨੇ' ਰੱਦੀ ਕਾਗਜ਼ਾਂ ਵਿਚ ਪਏ ਮਿਲੇ ਸਨ। ਇਸ ਪੁਸਤਕ ਵਿਚ 'ਬੇਹੱਦ ਮਹੱਤਪੂਰਨ' ਜਾਣਕਾਰੀ ਉਪਲਬਧ ਹੈ, ਜਿਸ ਬਾਰੇ ਇਸ ਤੋਂ ਪਹਿਲਾਂ ਹੋਰ ਕਿਸੇ ਇਤਿਹਾਸਕਾਰ ਨੇ ਨਹੀਂ ਲਿਖਿਆ। ਗਿ. ਗੁਰਦਿੱਤ ਸਿੰਘ ਲਿਖਦੇ ਹਨ ਕਿ ਇਤਿਹਾਸ ਦੇ ਇਹ ਅਹਿਮ ਪੰਨੇ ਸ. ਕਰਮ ਸਿੰਘ ਦੇ ਸਪੁੱਤਰ ਸ. ਰਣਬੀਰ ਸਿੰਘ ਨੇ ਜੂਨ-ਜੁਲਾਈ 1998 ਵਿਚ ਰੱਦੀ ਕਾਗਜ਼ਾ ਵਿਚੋਂ ਲੱਭੇ ਸਨ। ਘੌਲ ਤੇ ਅਲਗਰਜ਼ੀ ਦੇ ਕਾਰਨ ਸ. ਕਰਮ ਸਿੰਘ ਦੀਆਂ ਕਈ ਮਹੱਤਵਪੂਰਨ ਪੁਸਤਕਾਂ ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਗੁੰਮ ਹੋ ਗਈਆਂ।

ਬਹੁਤ ਸਾਰੇ ਸਿੱਖ ਇਤਿਹਾਸਕਾਰਾਂ ਦਾ ਮਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਪਹਾੜੀ ਰਾਜਿਆਂ ਤੇ ਮਗੁਲਾਂ ਨਾਲ ਜੰਗਾਂ-ਯੁੱਧਾਂ ਵਿਚ ਬਹੁਤ ਰੁੱਝੇ ਹੋਏ ਸਨ। ਇਸ ਲਈ ਉਨ੍ਹਾਂ ਨੂੰ ਆਪਣੇ ਜੀਵਨ ਵਿਚ ਅੰਮ੍ਰਿਤਸਰ ਆਉਣ ਦਾ ਕਦੀ ਮੌਕਾ ਹੀ ਨਹੀਂ ਮਿਲਿਆ।

ਦਸਮ ਗੁਰੂ ਜੀ ਇਕ ਮੁਕੰਮਲ ਸੰਤ-ਸਿਪਾਹੀ ਦੀ ਉੱਤਮ ਮਿਸਾਲ ਹਨ। ਉਨ੍ਹਾਂ ਦੀ ਫ਼ੌਜ ਭਾਵੇਂ ਛੋਟੀ ਸੀ ਪਰ ਸੈਨਿਕ ਪੱਖੋਂ ਉਹ ਪੂਰਨ ਸਿੱਖਿਅਤ ਸੀ। ਉਨ੍ਹਾਂ ਨੇ 33 ਸਾਲ ਦੀ ਉਮਰ ਵਿਚ 1699 ਈ. ਦੀ ਵਿਸਾਖੀ ਨੂੰ ਖਾਲਸਾ ਪੰਥ ਦੀ ਸਾਜਨਾ ਕੀਤੀ ਅਤੇ ਸਿੱਖ ਧਰਮ ਨੂੰ ਮੌਜੂਦਾ ਸਰੂਪ ਬਖਸ਼ਿਆ। ਗੁਰੂ ਜੀ ਨੇ ਅਨੰਦਪੁਰ, ਚਮਕੌਰ ਅਤੇ ਮੁਕਤਸਰ ਵਿਚ ਕਈ ਜੰਗਾਂ ਲੜੀਆਂ। ਉਨ੍ਹਾਂ ਦੇ ਦੋ ਸਾਹਿਬਜ਼ਾਦੇ, ਅਜੀਤ ਸਿੰਘ ਅਤੇ ਜੁਝਾਰ ਸਿੰਘ ਚਮਕੌਰ ਦੀ ਜੰਗ ਵਿਚ ਸ਼ਹੀਦ ਹੋ ਗਏ। ਉਨ੍ਹਾਂ ਦੇ ਦੋ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫ਼ਤਿਹ ਸਿੰਘ ਨੂੰ ਸਰਹਿੰਦ ਦੇ ਸੂਬੇਦਾਰ ਨੇ ਗ੍ਰਿਫ਼ਤਾਰ ਕਰ ਲਿਆ ਅਤੇ ਉਨ੍ਹਾਂ ਨੂੰ ਜ਼ਿੰਦਾ ਦੀਵਾਰ ਵਿਚ ਚਿਣਵਾ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਤੇ ਨਿਆਂ ਦੀ ਖ਼ਾਤਰ ਆਪਣਾ ਸਾਰਾ ਪਰਿਵਾਰ ਕੁਰਬਾਨ ਕਰ ਦਿੱਤਾ ਅਤੇ ਆਪ ਵੀ ਅਨੇਕਾਂ ਕਸ਼ਟ ਝੱਲੇ।



'ਅੰਮ੍ਰਿਤਸਰ ਦੀ ਤਵਾਰੀਖ' ਤੋਂ ਇਲਾਵਾ ਸਿੱਖ ਸਾਹਿਤ ਦੀ ਕਿਸੇ ਪੁਸਤਕ ਵਿਚ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈੱਬਸਾਈਟ ਵਿਚ ਇਹ ਨਹੀਂ ਲਿਖਿਆ ਗਿਆ ਕਿ ਗੁਰੂ ਗੋਬਿੰਦ ਸਿੰਘ ਜੀ ਕਦੀ ਅੰਮ੍ਰਿਤਸਰ ਪਧਾਰੇ ਸਨ। ਸੰਤ-ਸਿਪਾਹੀ ਅਤੇ ਕਵੀ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਬਹੁਤ ਸਾਰੀਆਂ ਬਾਣੀਆਂ ਦੀ ਰਚਨਾ ਕੀਤੀ। ਉਨ੍ਹਾਂ ਨੇ ਆਪਣੀ ਜੁਆਨ ਉਮਰ ਵਿਚ ਕਈ ਸੰਸਕ੍ਰਿਤ, ਫਾਰਸੀ ਅਤੇ ਭਾਰਤੀ ਗ੍ਰੰਥਾਂ ਦਾ ਅਧਿਐਨ ਕੀਤਾ। ਗੁਰੂ ਜੀ ਨੇ ਸਾਬੋ ਦੀ ਤਲਵੰਡੀ ਵਿਖੇ, ਜਿਸ ਨੂੰ ਅੱਜਕਲ੍ਹ ਤਖ਼ਤ ਸ੍ਰੀ ਦਮਦਮਾ ਸਾਹਿਬ ਕਹਿੰਦੇ ਹਨ, ਸ੍ਰੀ ਆਦਿ ਗ੍ਰੰਥ ਜੀ ਨੂੰ ਸੰਪੂਰਨਤਾ ਪ੍ਰਦਾਨ ਕੀਤੀ।

ਦਸਮ ਪਾਤਸ਼ਾਹ ਦਾ 1666 ਈ. ਵਿਚ ਮਾਤਾ ਗੁਜਰੀ ਜੀ ਦੇ ਉਦਰ ਤੋਂ ਜਨਮ ਹੋਇਆ। ਉਸ ਸਮੇਂ ਉਨ੍ਹਾਂ ਦੇ ਪਿਤਾ, ਗੁਰੂ ਤੇਗ ਬਹਾਦਰ ਜੀ ਬੰਗਾਲ ਦਾ ਦੌਰਾ ਕਰ ਰਹੇ ਸਨ। ਗੁਰੂ ਜੀ ਪੰਜ ਸਾਲ ਦੀ ਉਮਰ ਤਕ ਪਟਨਾ ਸਾਹਿਬ ਰਹੇ ਸਨ। ਇਸ ਉਪਰੰਤ ਉਨ੍ਹਾਂ ਨੂੰ ਅਨੰਦਪੁਰ ਵਿਚ ਲਿਆਂਦਾ ਗਿਆ। ਉਥੇ ਉਨ੍ਹਾਂ ਨੇ ਕਈ ਕਵੀਆਂ, ਦਾਰਸ਼ਨਕਾਂ ਅਤੇ ਵਿਦਵਾਨਾਂ ਦੀ ਸਰਪ੍ਰਸਤੀ ਕੀਤੀ। ਇਹ ਇਕ ਲੰਬੇ ਸਮੇਂ ਦਾ ਕਾਰਜ ਸੀ।

ਪਟਨਾ ਸਾਹਿਬ ਵਿਚ ਜਿੱਥੇ ਗੋਬਿੰਦ ਰਾਏ ਦਾ ਜਨਮ ਹੋਇਆ ਸੀ ਅਤੇ ਜਿੱਥੇ ਉਨ੍ਹਾਂ ਨੇ ਆਪਣਾ ਬਚਪਨ ਗੁਜ਼ਾਰਿਆ ਸੀ, ਉਥੇ ਅੱਜਕਲ੍ਹ ਗੁਰਦੁਆਰਾ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਸੁਭਾਇਮਾਨ ਹੈ, ਜੋ ਸਿੱਖ ਧਰਮ ਦੇ ਸਤਿਕਾਰਯੋਗ ਪੰਜ ਤਖ਼ਤਾਂ ਵਿਚੋਂ ਇਕ ਹੈ। ਪੰਜ ਸਾਲ ਦੀ ਉਮਰ ਵਿਚ ਗੋਬਿੰਦ ਰਾਏ ਨੂੰ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਅਨੰਦਪੁਰ ਲਿਆਂਦਾ ਗਿਆ, ਜਿਸ ਨੂੰ ਉਸ ਵਕਤ ਚੱਕ ਨਾਨਕੀ ਕਿਹਾ ਜਾਂਦਾ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਬਹੁਤ ਸਾਰੀਆਂ ਰਚਨਾਵਾਂ ਪਾਉਂਟਾ ਸਾਹਿਬ ਵਿਚ ਮੁਕੰਮਲ ਕੀਤੀਆਂ, ਜਿਸ ਨੂੰ ਉਨ੍ਹਾਂ ਨੇ ਜਮਨਾ ਦੇ ਕਿਨਾਰੇ ਵਸਾਇਆ ਸੀ। ਇੱਥੇ ਉਹ ਆਰਜ਼ੀ ਤੌਰ 'ਤੇ ਅਪ੍ਰੈਲ 1685 ਵਿਚ ਆ ਗਏ ਸਨ। ਕੁਝ ਸਮਾਂ ਪਾ ਕੇ ਦਸਮ ਪਾਤਸ਼ਾਹ ਮਾਲਵੇ ਦੀ ਧੁੰਨੀ ਦੀਨਾ ਕਾਂਗੜ ਵਿਚ ਆ ਗਏ। ਉਥੇ ਉਨ੍ਹਾਂ ਨੇ ਕੁਝ ਸੌ ਬਰਾੜ ਸੂਰਮਿਆਂ ਨੂੰ ਭਰਤੀ ਕਰ ਕੇ ਇਕ ਫ਼ੌਜ ਬਣਾਈ ਅਤੇ ਇੱਥੇ ਹੀ ਉਨ੍ਹਾਂ ਨੇ ਬਾਦਸ਼ਾਹ ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਦੇ ਸਿਰਲੇਖ ਹੇਠ ਆਪਣਾ ਪ੍ਰਸਿੱਧ ਫ਼ਤਿਹ-ਪੱਤਰ ਫਾਰਸੀ ਵਿਚ ਲਿਖਿਆ। ਫੇਰ ਉਨ੍ਹਾਂ ਨੇ ਖਿਦਰਾਣੇ ਦੀ ਢਾਬ ਦੇ ਕਿਨਾਰੇ ਮੋਰਚਾ ਮੱਲ ਕੇ ਮੁਕਤਸਰ ਦੀ ਜੰਗ ਲੜੀ। ਕੁਝ ਸਮਾਂ, ਲੱਖੀ ਜੰਗਲ ਵਿਚ ਗੁਜ਼ਾਰ ਕੇ ਗੁਰੂ ਜੀ 20 ਜਨਵਰੀ 1706 ਨੂੰ ਤਲਵੰਡੀ ਸਾਬੋ ਪਹੁੰਚੇ, ਜਿਸ ਨੂੰ ਅੱਜਕਲ੍ਹ ਦਮਦਮਾ ਸਾਹਿਬ ਕਿਹਾ ਜਾਂਦਾ ਹੈ।

ਦੀਨਾ ਕਾਂਗੜ ਤੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਫ਼ਰ ਜਾਰੀ ਰੱਖਿਆ ਅਤੇ 30 ਅਕਤੂਬਰ 1706 ਨੂੰ ਉਹ ਦਮਦਮਾ ਸਾਹਿਬ ਤੋਂ ਦੱਖਣ ਨੂੰ ਰਵਾਨਾ ਹੋ ਗਏ।

ਸਿੱਖ ਇਤਿਹਾਸ ਦੀਆਂ ਉਪਰੋਕਤ ਬਿਰਤਾਂਤਾਂ ਵਾਲੀਆਂ ਸਾਰੀਆਂ ਪੁਸਤਕਾਂ ਵਿਚ ਇਹ ਕਿਤੇ ਨਹੀਂ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਜੀ ਕਦੀ ਅੰਮ੍ਰਿਤਸਰ ਗਏ ਸਨ।

## ਇਤਿਹਾਸਕਾਰਾਂ ਲਈ ਇਕ ਆਦਰਸ਼ਕ ਮਿਸਾਲ

ਵੈਸੇ ਸਿੱਖ ਪੰਥ ਪ੍ਰਤੀ ਸ. ਕਰਮ ਸਿੰਘ ਹਿਸਟੋਰੀਅਨ ਦੀਆਂ ਸੇਵਾਵਾਂ ਨੂੰ ਸਮੇਂ-ਸਮੇਂ ਬੜੇ ਸਤਿਕਾਰ ਨਾਲ ਸਵੀਕਾਰ ਕੀਤਾ ਜਾਂਦਾ ਹੈ। ਖਾਲਸਾ ਕਾਲਜ ਅੰਮ੍ਰਿਤਸਰ ਵਿਚ ਸਿੱਖ ਹਿਸਟਰੀ ਰਿਸਰਚ ਡਿਪਾਰਟਮੈਂਟ (ਸਿੱਖ ਇਤਿਹਾਸ ਖੋਜ ਵਿਭਾਗ) ਸਥਾਪਿਤ ਕਰਨ ਵਿਚ ਉਨ੍ਹਾਂ ਦੀ ਸੋਚ ਹੀ ਕੰਮ ਕਰ ਰਹੀ ਸੀ; ਭਾਵੇਂ ਇਹ ਵਿਭਾਗ ਉਨ੍ਹਾਂ ਦੀ ਮੌਤ ਤੋਂ ਬਾਅਦ ਹੀ ਹੋਂਦ ਵਿਚ ਆਇਆ।

ਇਹ ਵਿਭਾਗ ਸਥਾਪਿਤ ਕਰਨ ਤੋਂ ਇਕ ਸਾਲ ਪਹਿਲਾਂ 22 ਦਸੰਬਰ 1929 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਕ ਮੀਟਿੰਗ ਕੀਤੀ ਗਈ ਸੀ। ਇਸ ਮੀਟਿੰਗ ਵਿਚ ਇਤਿਹਾਸ ਵਿਭਾਗ ਸਥਾਪਿਤ ਕਰਨ ਦਾ ਫੈਸਲਾ ਕੀਤਾ ਗਿਆ ਅਤੇ ਸ. ਕਰਮ ਸਿੰਘ ਹਿਸਟੋਰੀਅਨ ਨੂੰ ਇਸ ਵਿਭਾਗ ਦਾ ਪਹਿਲਾ ਸਕੱਤਰ ਨਾਮਜ਼ਦ ਕੀਤਾ ਗਿਆ। ਬਦਕਿਸਮਤੀ ਨਾਲ 30 ਸਤੰਬਰ 1930 ਨੂੰ ਸ. ਕਰਮ ਸਿੰਘ ਸੁਰਗਵਾਸ ਹੋ ਗਏ, ਪਰ ਖਾਲਸਾ ਕਾਲਜ ਨੇ ਉਨ੍ਹਾਂ ਦੇ ਸੁਝਾਉ ਨੂੰ ਨਹੀਂ ਵਿਸਾਰਿਆ। ਉਸੇ ਸਾਲ ਗੁਰੂ ਕਾ ਬਾਗ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਇਸ ਮਹਾਨ ਸਿੱਖ ਇਤਿਹਾਸਕਾਰ ਦੀ ਯਾਦ ਵਿਚ ਇਕ ਸ਼ਰਧਾਂਜਲੀ ਸਮਾਰੋਹ ਹੋਇਆ ਜਿਸ ਵਿਚ ਇਤਿਹਾਸ ਵਿਭਾਗ ਦੀ ਸਥਾਪਨਾ ਦਾ ਐਲਾਨ ਕੀਤਾ ਗਿਆ।

1930 ਵਿਚ ਸਥਾਪਿਤ ਕੀਤੇ ਗਏ ਸਿੱਖ ਇਤਿਹਾਸ ਖੋਜ ਵਿਭਾਗ ਵਿਚ ਸਿੱਖ ਰਾਜ ਅਤੇ ਬ੍ਰਿਟਿਸ਼ ਰਾਜ ਦੇ ਸਮੇਂ ਨਾਲ ਸਬੰਧਿਤ ਦੁਰਲੱਭ ਚਿਤਰ ਸੰਗ੍ਰਹਿ ਕੀਤੇ ਗਏ ਹਨ। ਇਸ ਵਿਭਾਗ ਵਿਚ ਪੁਰਾਣੀਆਂ ਅਖ਼ਬਾਰਾਂ ਤੇ ਰਸਾਲੇ ਵੀ ਇਕੱਤਰ ਕੀਤੇ ਗਏ ਹਨ ਜਿਨ੍ਹਾਂ ਨੂੰ ਅਜਾਇਬ-ਘਰ ਵਿਚ ਬੜੇ ਚੰਗੇ ਢੰਗ ਨਾਲ ਇਕ ਤਰਤੀਬ ਵਿਚ ਸੁਰੱਖਿਅਤ ਕੀਤਾ ਗਿਆ ਹੈ। ਖੋਜ ਵਿਭਾਗ ਵਿਚ ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀ ਦੇ ਦੁਰਲੱਭ ਸਿੱਕੇ ਅਤੇ ਹਥਿਆਰ (ਤੋੜੇਦਾਰ ਬੰਦੂਕਾਂ, ਢਾਲਾਂ, ਕਟਾਰਾਂ, ਚੱਕਰ, ਕਮਾਣਾਂ ਅਤੇ ਕਿਰਪਾਨਾਂ) ਵੀ ਸੰਗ੍ਰਹਿਤ ਹਨ।

ਸ. ਕਰਮ ਸਿੰਘ ਦਾ ਜਨਮ ਸੰਮਤ 1884 ਬਿਕਰਮੀ ਵਿਚ ਜ਼ਿਲ੍ਹਾ ਅੰਮ੍ਰਿਤਸਰ ਵਿਚ ਤਰਨ ਤਾਰਨ ਦੇ ਨੇੜੇ ਪਿੰਡ ਝਬਾਲ ਵਿਚ ਹੋਇਆ। ਆਪ ਦੀ ਇਕ ਲੱਤ ਨੂੰ ਪੋਲੀਉ ਦੀ ਬਿਮਾਰੀ ਸੀ। ਕਿਹਾ ਜਾਂਦਾ ਹੈ ਕਿ ਇਕ ਦਿਨ ਇਲਾਕੇ ਦੇ ਇਕ ਹੱਡੀਆਂ ਚੜ੍ਹਾਉਣ ਵਾਲੇ ਸਿਆਣੇ ਨੇ ਕਿਹਾ ਕਿ ਪੰਜ ਰੁਪਏ ਦੇ ਖਰਚੇ ਨਾਲ ਲੱਤ ਠੀਕ ਹੋ ਸਕਦੀ ਹੈ। ਪਿੰਡ ਦੇ ਇਕ ਬੁੜ੍ਹੇ ਨੇ ਮਜ਼ਾਕ ਨਾਲ ਆਖਿਆ ਕਿ ਪੰਜਾਂ ਰੁਪਈਆਂ ਦਾ ਤਾਂ ਸਾਰਾ ਮੁੰਡਾ ਨਹੀਂ, ਤੈਨੂੰ ਐਨੀ ਰਕਮ ਕਾਹਤੋਂ ਦੇ ਦੇਈਏ। ਪਰ



ਉਸ ਬਜ਼ੁਰਗ ਨੂੰ ਸ਼ਾਇਦ ਇਹ ਨਹੀਂ ਸੀ ਪਤਾ ਕਿ ਇਹ ਮੁੰਡਾ ਵੱਡਾ ਹੋ ਕੇ ਸਾਰੇ ਇਲਾਕੇ ਦਾ ਮਾਣ ਵਧਾਏਗਾ। ਕਰਮ ਸਿੰਘ ਨੇ ਤਰਨ ਤਾਰਨ ਵਿਚ ਸਕੂਲ ਦੀ ਪੜ੍ਹਾਈ ਖ਼ਤਮ ਕਰ ਕੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਐੱਫ਼.ਏ. ਵਿਚ ਦਾਖਲਾ ਲੈ ਲਿਆ। ਪਰ ਉਸ ਨੇ ਇਤਿਹਾਸਕ ਖੋਜ ਦੀ ਖ਼ਾਤਰ ਉੱਚੀ ਪੜ੍ਹਾਈ ਕਰਨ ਦਾ ਖਿਆਲ ਛੱਡ ਦਿੱਤਾ। ਕਰਮ ਸਿੰਘ ਨੇ ਦੇਖਿਆ ਕਿ ਬਹੁਤ ਸਾਰੇ ਉਹ ਬਜ਼ੁਰਗ ਪਲੇਗ ਦੀ ਬਿਮਾਰੀ ਨਾਲ ਮਰ ਰਹੇ ਹਨ, ਜਿਨ੍ਹਾਂ ਨੇ ਸਿੱਖ ਰਾਜ ਅੱਖੀਂ ਦੇਖਿਆ ਹੈ। ਇਸ ਲਈ ਛੇਤੀ ਤੋਂ ਛੇਤੀ ਬਜ਼ੁਰਗਾਂ ਦੇ ਬਿਆਨ ਲਿਖ ਲੈਣੇ ਚਾਹੀਦੇ ਹਨ।

****

## ਪੰਜਾਬ ਦੇ ਇਤਿਹਾਸ ਉਤੇ ਪੰਛੀ ਝਾਤ

ਭਾਰਤ ਦੇ ਇਤਿਹਾਸ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਨਾਂ ਤਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਗਿਆ ਹੈ। ਆਪਣੀ ਧਰਮ-ਨਿਰਪੱਖ ਸਰਬ-ਸਾਂਝੀ ਨੀਤੀ ਦੇ ਕਾਰਨ ਉਸ ਨੇ ਖਾਲਸਾ ਰਾਜ ਨੂੰ ਪੰਜਾਬ ਤੋਂ ਬਾਹਰ ਅਫ਼ਗਾਨਿਸਤਾਨ ਤਕ ਵਧਾਇਆ। ਉੱਤਰੀ ਭਾਰਤ ਦੇ ਕਈ ਇਲਾਕੇ ਉਸ ਨੇ ਅਫ਼ਗਾਨੀ ਹਾਕਮਾਂ ਤੋਂ ਆਜ਼ਾਦ ਕਰਾਏ।

ਇਹ ਬੜੀ ਤਸੱਲੀ ਵਾਲੀ ਗੱਲ ਹੈ ਕਿ ਇਤਿਹਾਸ ਪ੍ਰਸਿੱਧ ਮਹਾਰਾਜੇ ਦੇ ਜੀਵਨ ਦੇ ਕਈ ਦ੍ਰਿਸ਼, ਅੰਮ੍ਰਿਤਸਰ ਵਿਚ ਉਸ ਦੇ ਗਰਮੀ ਰੁੱਤ ਦੇ ਮਹਿਲ ਦੇ ਬਾਗ ਵਿਚ ਸਥਿਤ ਮਹਾਰਾਜਾ ਰਣਜੀਤ ਸਿੰਘ ਸਜੀਵ ਚਿੱਤਰਾਵਲੀ (ਪੈਨੋਰਮਾ) ਵਿਚ ਦਰਸਾਏ ਗਏ ਹਨ।

ਦੁਰਲੱਭ ਚਿਤਰਾਂ ਅਤੇ ਬੁੱਤਾਂ ਦੀ ਸਹਾਇਤਾ ਨਾਲ ਇਸ ਪੈਨੋਰਮਾ ਵਿਚ ਮਹਾਰਾਜਾ ਰਣਜੀਤ ਸਿੰਘ ਵੱਲੋਂ 40 ਸਾਲਾਂ ਵਿਚ ਲੜੀਆਂ ਗਈਆਂ ਵੱਖ-ਵੱਖ ਜੰਗਾਂ ਦੇ ਦ੍ਰਿਸ਼ ਦਿਖਾਏ ਗਏ ਹਨ। ਦਿਲਚਸਪ ਗੱਲ ਇਹ ਹੈ ਕਿ ਕੁਰਕਸ਼ੇਤਰ ਦੇ ਪੈਨੋਰਮੇ ਨਾਲੋਂ ਇਹ ਪੈਨੋਰਮਾ ਵੱਡਾ ਹੈ ਅਤੇ ਤਕਨੀਕੀ ਤੌਰ ’ਤੇ ਵਧੇਰੇ ਸੁੰਦਰ ਵੀ ਹੈ।

ਇਹ ਦੇਸ਼ ਵਿਚ ਆਪਣੀ ਕਿਸਮ ਦਾ ਦੂਜਾ ਪੈਨੋਰਮਾ ਹੈ। ਇਸ ਨੂੰ ਵਿਗਿਆਨਕ ਅਜਾਇਬਘਰਾਂ ਦੀ ਕੌਮੀ ਕੌਂਸਲ ਕਲਕੱਤਾ ਨੇ ਪੰਜ ਕਰੋੜ ਦੀ ਗਰਾਂਟ ਨਾਲ ਭਾਰਤ ਸਰਕਾਰ ਦੇ ਸੱਭਿਆਚਾਰਕ ਮਾਮਲਿਆਂ ਦੇ ਮੰਤਰਾਲੇ ਦੀ ਸਰਪ੍ਰਸਤੀ ਹੇਠ ਬਣਾਇਆ ਸੀ।

ਇਹ ਪੈਨੋਰਮਾ ਰਾਮ ਬਾਗ ਅੰਮ੍ਰਿਤਸਰ ਦੇ ‘ਸੁਰੱਖਿਅਤ ਖੇਤਰ’ ਵਿਚ 20 ਕਨਾਲ ਜ਼ਮੀਨ ਉਤੇ ਫੈਲਿਆ ਹੋਇਆ ਹੈ, ਜਦ ਕਿ ਮੁੱਖ ਭਵਨ ਦਾ ਪਸਾਰ 2500 ਵਰਗ ਮੀਟਰ ਤੋਂ ਵਧ ਹੈ। ਗੋਲਾਕਾਰ ਭਵਨ ਦਾ ਅੰਦਰੂਨੀ ਵਿਆਸ 39 ਮੀਟਰ ਹੈ।

ਪੈਨੋਰਮਾ ਵਿਚ ਪ੍ਰਦਰਸ਼ਿਤ ਚਿਤਰ ਕੌਮੀ ਕੌਂਸਲ ਕਲਕੱਤਾ ਵਿਚ ਤਿਆਰ ਕੀਤੇ ਗਏ ਹਨ। ਇਨ੍ਹਾਂ ਚਿਤਰਾਂ ਦੀਆਂ ਪਹਿਲਾਂ ਫੋਟੋ ਲਈਆਂ ਗਈਆਂ ਅਤੇ ਫੇਰ ਡਿਜਿਟਲ ਕੈਮਰੇ ਨਾਲ ਵੱਡੇ ਕਰ ਕੇ ਫਰੇਮਾਂ ਵਿਚ ਜੜ ਦਿੱਤਾ ਗਿਆ। ਪ੍ਰਦਰਸ਼ਿਤ ਕੀਤੀਆਂ ਗਈਆਂ ਤਸਵੀਰਾਂ ਇਤਿਹਾਸਕਾਰਾਂ ਦੀ ਸਲਾਹ ਨਾਲ ਬਣਾਈਆਂ ਗਈਆਂ ਸਨ। ਇਤਿਹਾਸਕਾਰਾਂ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਇਹ ਤਸਵੀਰਾਂ ਮਹਾਰਾਜਾ ਰਣਜੀਤ ਸਿੰਘ ਦੇ ਪ੍ਰਮਾਣਿਤ ਚਿੱਤਰਾਂ ਉਤੇ ਆਧਾਰਿਤ ਹੋਣੀਆਂ ਚਾਹੀਦੀਆਂ ਹਨ।

ਇਸ ਦੇ ਬਾਵਜੂਦ, ਮਹਾਰਾਜਾ ਰਣਜੀਤ ਸਿੰਘ ਦੇ ਜੀਵਨ, ਦੁਸ਼ਮਣਾਂ ਵਿਰੁੱਧ ਲੜੀਆਂ ਗਈਆਂ ਲੜਾਈਆਂ ਅਤੇ ਮਹਾਰਾਜੇ ਦੇ ਦਰਬਾਰ-ਇ-ਖਾਲਸਾ ਸਜੀਵ ਨੂੰ



ਤਸਵੀਰਾਂ ਵਿਚ ਪੇਸ਼ ਕਰਨਾ ਕੋਈ ਸੌਖੀ ਗੱਲ ਨਹੀਂ ਸੀ। ਇਸ ਸਬੰਧ ਵਿਚ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਇਤਿਹਾਸਕ ਵਿਭਾਗ ਦੀ ਮੁੱਖੀ ਅਤੇ ਮਹਾਰਾਜਾ ਰਣਜੀਤ ਸਿੰਘ ਚੇਅਰ ਦੀ ਪ੍ਰੋਫੈਸਰ ਡਾ. ਰਾਧਾ ਸ਼ਰਮਾ ਅਤੇ ਕਈ ਹੋਰ ਇਤਿਹਾਸਕਾਰਾਂ ਨਾਲ ਸਲਾਹ ਮਸ਼ਵਰਾ ਕੀਤਾ ਗਿਆ।

ਇਨ੍ਹਾਂ ਬੋਲਦੇ ਚਿਤਰਾਂ ਦੀਆਂ ਕੁਝ ਊਣਤਾਈਆਂ ਨੂੰ ਦੂਰ ਕਰਨ ਲਈ ਡਾ. ਸ਼ਰਮਾ ਦੀਆਂ ਕੁਝ ਟਿੱਪਣੀਆਂ ਬੜੀਆਂ ਦਿਲਚਸਪ ਹਨ ਜਿਵੇਂ ‘ਸਿੱਖਾਂ ਦੇ ਮੁਕਾਬਲੇ ਵਿਚ ਗੋਰਖਿਆਂ ਦਾ ਕੱਦ ਛੋਟਾ ਸੀ। ਸਿੱਖ ਲੰਮੀਆਂ ਤਲਵਾਰਾਂ ਦੀ ਵਰਤੋਂ ਕਰਦੇ ਸਨ, ਜਦ ਕਿ ਗੋਰਖਿਆਂ ਦੀਆਂ ਖੁਖਰੀਆਂ ਛੋਟੀਆਂ ਹੁੰਦੀਆਂ ਸਨ। ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਬਹੁਤ ਵੱਡੀ ਦਿਖਾਣੀ ਚਾਹੀਦੀ ਹੈ।’

ਡਾ. ਰਾਧਾ ਸ਼ਰਮਾ ਨੇ ਕਈ ਇਤਿਹਾਸਕ ਤਸਵੀਰਾਂ ਅਤੇ ਹਵਾਲਿਆਂ ਉਤੇ ਆਧਾਰਿਤ, ਦਰਬਾਰ-ਇ-ਖਾਲਸਾ ਨੂੰ ਚਿਤਰਤ ਕਰਨ ਲਈ ਕਈ ਸੁਝਾਅ ਦਿੱਤੇ। ਇਸ ਇਤਿਹਾਸਕਾਰਾ ਨੇ ਅਟਕ ਉਤੇ ਕਬਜ਼ਾ ਕਰਨ ਲਈ ਲੜੀ ਗਈ ‘ਹਜ਼ਰੋ ਦੀ ਲੜਾਈ’ ਨੂੰ ਅਸਲ ਰੂਪ ਵਿਚ ਚਿਤਰਨ ਲਈ ਕਈ ਬਹੁਮੁੱਲੇ ਸੁਝਾਅ ਦਿੱਤੇ।

ਦਿਲਚਸਪੀ ਵਾਲੀ ਇਕ ਗੱਲ ਇਹ ਹੈ ਕਿ ਮੁਲਤਾਨ ਦੀ ਜੰਗ ਦਾ ਜੋ ਚਿਤਰ ਬਣਾਇਆ ਗਿਆ ਸੀ, ਉਸ ਵਿਚ ਪਹਿਲਾਂ ਸ਼ਹਿਜ਼ਾਦਾ ਖੜਕ ਸਿੰਘ ਨੂੰ ਨਹੀਂ ਦਰਸਾਇਆ ਗਿਆ ਸੀ। ਡਾ. ਸ਼ਰਮਾ ਵਰਗੀ ਇਤਿਹਾਸਕਾਰਾ ਨੇ ਕਿਹਾ ਕਿ ਸ਼ਹਿਜ਼ਾਦਾ ਖੜਕ ਸਿੰਘ ਤੋਂ ਬਿਨਾਂ ਇਹ ਜੰਗੀ ਦ੍ਰਿਸ਼ ਅਧੂਰਾ ਹੈ। ਇਹ ਸੁਝਾਅ ਉਸੇ ਵੇਲੇ ਮੰਨ ਲਿਆ ਗਿਆ। ਮਹਾਰਾਜਾ ਰਣਜੀਤ ਸਿੰਘ ਦੇ ਵਿਆਹ ਦਾ ਦ੍ਰਿਸ਼ ਵੀ ਡਾ. ਸ਼ਰਮਾ ਦੇ ਸੁਝਾਅ ਅਨੁਸਾਰ ਠੀਕ ਕੀਤਾ ਗਿਆ।

ਇਕ ਹੋਰ ਵਿਸ਼ੇਸ਼ ਚਿੱਤਰ ਇਕ ਜਰਮਨ ਚਿੱਤਰਕਾਰ ਸ਼ੋਫਟ ਦੇ ਪ੍ਰਸਿੱਧ ਚਿੱਤਰ ਦੇ ਆਧਾਰ ’ਤੇ ਤਿਆਰ ਕੀਤਾ ਗਿਆ ਹੈ ਜਿਸ ਵਿਚ ਮਹਾਰਾਜੇ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉਤੇ ਲਾਏ ਜਾ ਰਹੇ ਸੋਨੇ ਦੇ ਪੱਤਰਿਆਂ ਨੂੰ ਵੇਖਦਾ ਦਿਖਾਇਆ ਗਿਆ ਹੈ। ਇਕ ਹੋਰ ਚਿਤਰ ਵਿਚ ਮਹਾਰਾਜੇ ਦੀ ਧਰਮ-ਨਿਰਪੱਖ ਦ੍ਰਿਸ਼ਟੀ ਨੂੰ ਦਰਸਾਇਆ ਗਿਆ ਹੈ। ਇਸ ਚਿਤਰ ਵਿਚ ਮਹਾਰਾਜਾ ਕਾਂਗੜੇ ਦੀ ਜਿੱਤ ਤੋਂ ਬਾਅਦ ਇਕ ਮੰਦਰ ਉਤੇ ਲਾਏ ਜਾ ਰਹੇ ਸੋਨੇ ਦੇ ਪੱਤਰਿਆਂ ਦੀ ਨਿਗ੍ਹਾਬਾਨੀ ਕਰ ਰਿਹਾ ਹੈ।

ਪੈਨੋਰਮਾ ਦੇ ਮੁੱਖ ਹਾਲ ਵਿਚ ਡੀਜੀਟਲ ਕੈਮਰਿਆਂ ਨਾਲ ਵੱਡੀਆਂ ਕੀਤੀਆਂ ਤਸਵੀਰਾਂ ਨੂੰ ਜੋੜ ਕੇ ਇਕ ਵਿਸ਼ਾਲ ਦ੍ਰਿਸ਼ ਸਿਰਜਿਆ ਗਿਆ ਹੈ। ਜਿਸ ਵਿਚ ਮਹਾਰਾਜੇ ਵੱਲੋਂ ਜਿੱਤੀਆਂ ਗਈਆਂ ਛੇ ਜੰਗਾਂ ਦੇ ਦ੍ਰਿਸ਼ ਦਿਖਾਏ ਗਏ ਹਨ। ਇਸ ਤੋਂ ਬਿਨਾਂ ਅੱਠ ਚਿਤਰ ਹੋਰ ਹਨ ਜਿਨ੍ਹਾਂ ਵਿਚ ਮਹਾਰਾਜੇ ਦੇ ਜਨਮ, ਬਚਪਨ ਅਤੇ ਵਿਆਹ ਦੇ ਦ੍ਰਿਸ਼ਾਂ ਤੋਂ ਇਲਾਵਾ, ਉਨ੍ਹਾਂ ਅਹਿਦਨਾਮਿਆਂ ਨੂੰ ਵੀ ਪ੍ਰਦਰਸ਼ਿਤ ਕੀਤਾ ਗਿਆ ਹੈ, ਜਿਨ੍ਹਾਂ ਦੇ ਆਧਾਰ ’ਤੇ ਮਹਾਰਾਜੇ ਨੇ ਸਿੱਖ ਰਾਜ ਦੀਆਂ ਹੱਦਾਂ ਅਫ਼ਗਾਨਿਸਤਾਨ ਤਕ ਵਧਾ ਦਿੱਤੀਆਂ।

ਇਨ੍ਹਾਂ ਜਿੱਤਾਂ ਵਿਚੋਂ ਇਕ 1799 ਈ. ਲਾਹੌਰ ਦੀ ਜਿੱਤ ਹੈ। ਇਸ ਜਿੱਤ ਤੋਂ ਬਾਅਦ ਰਣਜੀਤ ਸਿੰਘ ਨੂੰ ਵਿਧੀਵਤ ਰੂਪ ਵਿਚ ਪੰਜਾਬ ਦਾ ਮਹਾਰਾਜਾ ਸਵੀਕਾਰ ਕਰ ਲਿਆ ਗਿਆ। ਇਸ ਉਪਰੰਤ ਉਸ ਨੇ 1802 ਵਿਚ ਅੰਮ੍ਰਿਤਸਰ ਉਤੇ ਕਬਜ਼ਾ ਕਰ ਲਿਆ।

ਮੁੱਖ ਹਾਲ ਵਿਚ ਇਕ ਦ੍ਰਿਸ਼ 1809 ਈ. ਵਿਚ ਕਾਂਗੜੇ ਦੀ ਜਿੱਤ ਦਾ ਹੈ। ਮਹਾਰਾਜਾ ਰਣਜੀਤ ਸਿੰਘ ਨੇ ਕਾਂਗੜੇ ਉਤੇ ਹਮਲਾ ਕਾਂਗੜੇ ਦੇ ਸ਼ਾਸਕ ਸੰਸਾਰ ਚੰਦ ਦੇ ਕਹਿਣ ਉਤੇ ਕੀਤਾ ਸੀ। ਕਾਂਗੜੇ ਨੂੰ ਗੋਰਖਿਆਂ ਨੇ ਘੇਰਾ ਪਾਇਆ ਹੋਇਆ ਸੀ। ਮਹਾਰਾਜੇ ਨੇ ਹਮਲਾ ਕਰ ਕੇ ਕਾਂਗੜੇ ਦੇ ਕਿਲੇ ਨੂੰ ਗੋਰਖਿਆਂ ਤੋਂ ਆਜ਼ਾਦ ਕਰਵਾਇਆ। ਇਸ ਚਿਤਰ ਤੋਂ ਬਾਅਦ ਮੁਲਤਾਨ, ਕਸ਼ਮੀਰ ਅਤੇ ਪਿਸ਼ਾਵਰ (ਨੌਸ਼ਹਿਰੇ ਦੀ ਜੰਗ) ਦੀਆਂ ਜਿੱਤਾਂ ਦੇ ਚਿੱਤਰ ਲਗਾਏ ਗਏ ਹਨ।

ਇਕ ਸੀਨ ਵਿਚ ਮਹਾਰਾਜਾ ਰਣਜੀਤ ਸਿੰਘ ਘੋੜੇ ’ਤੇ ਸਵਾਰ ਦਰਿਆ ਅਟਕ ਨੂੰ ਪਾਰ ਕਰ ਰਹੇ ਹਨ। ਇਹ ਦ੍ਰਿਸ਼ ਬਹੁਤ ਦਿਲਕਸ਼ ਹੈ। ਪਠਾਣਾਂ ਦਾ ਮੁਕਾਬਲਾ ਕਰਨ ਲਈ ਆਪਣੀ ਫ਼ੌਜ ਦਾ ਹੌਸਲਾ ਵਧਾਉਣ ਵਾਸਤੇ ਮਹਾਰਾਜੇ ਨੇ ਦਰਿਆ ਅਟਕ ਵਿਚ ਆਪਣਾ ਘੋੜਾ ਠੇਲ੍ਹ ਦਿੱਤਾ ਸੀ। ਅਫ਼ਗਾਨ ਸ਼ਾਸਕ ਵਜ਼ੀਰ ਫ਼ਤਿਹ ਖ਼ਾਨ ਦੇ ਵਜ਼ੀਰ ਅਜ਼ੀਜ਼ ਨੇ ਆਪਣੇ ਇਲਾਕੇ ਨੂੰ ਸੁਰੱਖਿਅਤ ਰੱਖਣ ਵਾਸਤੇ ਅਟਕ ਦੇ ਕਿਲੇ ਉਤੇ ਮਹਾਰਾਜੇ ਦਾ ਕਬਜ਼ਾ ਕਰਵਾ ਦਿੱਤਾ ਸੀ। ਇਸ ਗੱਲ ’ਤੇ ਵਜ਼ੀਰ ਫ਼ਤਿਹ ਖ਼ਾਨ ਨੂੰ ਗੁੱਸਾ ਚੜ੍ਹ ਗਿਆ। ਉਸ ਨੇ ਇਕ ਵੱਡੀ ਫ਼ੌਜ ਨੂੰ ਨਾਲ ਲੈ ਕੇ ਹਮਲਾ ਕਰ ਦਿੱਤਾ ਅਤੇ ਕਿਲੇ ਨੂੰ ਘੇਰਾ ਪਾ ਲਿਆ। ਸਿੱਖ ਫ਼ੌਜ ਦੀ ਅਗਵਾਈ ਕਰਦਿਆਂ ਮਹਾਰਾਜਾ ਰਣਜੀਤ ਸਿੰਘ ਨੇ ਦਰਿਆ ਅਟਕ ਪਾਰ ਕੀਤਾ ਅਤੇ ਗਹਿਗੱਚ ਲੜਾਈ ਸ਼ੁਰੂ ਹੋ ਗਈ। ਜੰਗ ਵਿਚ ਪਠਾਣਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਅਟਕ ਨੂੰ ‘ਭਾਰਤ ਦਾ ਦਰਵਾਜ਼ਾ’ ਕਿਹਾ ਜਾਂਦਾ ਸੀ। ਇਸ ਉਤੇ ਕਬਜ਼ਾ ਹੋਣ ਦਾ ਮਤਲਬ ਸੀ ਕਿ ਉਤੱਰੀ ਭਾਰਤ ਅਫ਼ਗਾਨ ਹਾਕਮਾਂ ਦੇ ਪੰਜੇ ’ਚੋਂ ਆਜ਼ਾਦ ਹੋ ਗਿਆ ਹੈ।

ਇਕ ਦ੍ਰਿਸ਼ 1819 ਵਿਚ ਕਸ਼ਮੀਰ ਦੀ ਜਿੱਤ ਨੂੰ ਦਰਸਾਉਂਦਾ ਹੈ। ਇਸ ਜੰਗ ਵਿਚ ਸਿੱਖ ਫ਼ੌਜ ਨੇ ਕਸ਼ਮੀਰ ਦੇ ਪਠਾਣ ਹਾਕਮ ਜੱਬਾਰ ਖ਼ਾਨ ਨੂੰ ਹਰਾਇਆ ਸੀ। ਇਸ ਤਸਵੀਰ ਵਿਚ ਮੁਲਤਾਨ ਦੇ ਕਿਲੇ ਨੂੰ ਜਿੱਤਣ ਦਾ ਵੀ ਦ੍ਰਿਸ਼ ਹੈ। ਮੁਲਤਾਨ ਦਾ ਕਿਲ੍ਹਾ ਦਰਿਆ ਸਤਲੁਜ ਤੇ ਰਾਵੀ ਦੇ ਵਿਚਾਲੇ ਸਥਿਤ ਸੀ। ਇਸ ਕਿਲੇ ਉਤੇ ਮਹਾਰਾਜੇ ਨੇ ਸੰਨ 1818 ਵਿਚ ਕਬਜ਼ਾ ਕੀਤਾ। ਪਿਸ਼ੌਰ ਦੀ ਆਖ਼ਰੀ ਜੰਗ ਵਿਚ ਸਿੱਖ ਸਿਪਾਹੀ ਆਧੁਨਿਕ ਹਥਿਆਰਾਂ ਦੀ ਵਰਤੋਂ ਕਰਦੇ ਦਿਖਾਏ ਗਏ ਹਨ।

ਇਕ ਸੀਨ ਵਿਚ ‘ਰੋਪੜ ਦੀ ਪ੍ਰਸਿੱਧ ਮੁਲਕਾਤ’ ਨੂੰ ਚਿਤਰਿਆ ਗਿਆ ਹੈ। ਮਹਾਰਾਜਾ ਰਣਜੀਤ ਸਿੰਘ ਅਤੇ ਭਾਰਤ ਦੇ ਗਵਰਨਰ ਜਨਰਲ ਲਾਰਡ ਵਿਲੀਅਮ ਬੈਂਟਿਕ ਵਿਚਾਲੇ ਇਹ ਮੁਲਾਕਾਤ 26 ਅਕਤੂਬਰ 1831 ਨੂੰ ਦਰਿਆ ਸਤਲੁਜ ਦੇ ਕਿਨਾਰੇ ਇਕ ਪਿੱਪਲ ਹੇਠ ਹੋਈ ਸੀ। ਗਵਰਨਰ ਜਨਰਲ ਮਹਾਰਾਜੇ ਨੂੰ ਮਿਲ ਕੇ ਦੁਨੀਆ ਨੂੰ ਇਹ ਦਿਖਾਉਣਾ ਚਾਹੁੰਦਾ ਸੀ ਕਿ ਅਸੀਂ ਦੋਵੇਂ ਪਰਸਪਰ ਮਿੱਤਰ ਹਾਂ।



ਇਸ ਮੁਲਾਕਾਤ ਵਿਚ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ ਸਰਕਾਰ ਦਰਮਿਆਨ ਸਰਹੱਦ ਦੇ ਕੁਝ ਮਾਮਲੇ ਨਜਿੱਠੇ ਗਏ। ਇਸ ਤਸਵੀਰ ਵਿਚ ਮਹਾਰਾਜੇ ਅਤੇ ਗਵਰਨਰ ਜਨਰਲ ਨੂੰ ਨਵੇਂ ਬਣਾਏ ਗਏ ਬੇੜੀਆਂ ਦੇ ਪੁਲ ਉਤੇ ਵੱਖ-ਵੱਖ ਦਿਸ਼ਾਵਾਂ ਵਿਚੋਂ ਆਉਂਦੇ ਹੋਏ ਦਿਖਾਇਆ ਗਿਆ ਹੈ। ਇਸ ਉਪਰੰਤ ਮਹਾਰਾਜਾ ਰਣਜੀਤ ਸਿੰਘ ਆਪਣੇ ਹਾਥੀ ਤੋਂ ਗਵਰਨਰ ਜਨਰਲ ਦੇ ਹਾਥੀ ਉਤੇ ਚਲਾ ਜਾਂਦਾ ਹੈ।

ਇਕ ਹੋਰ ਪੇਂਟਿੰਗ ਵਿਚ ਸ਼ਾਹ ਸ਼ੁਜਾ ਤੋਂ ਕੋਹ-ਇ-ਨੂਰ ਹੀਰਾ ਪ੍ਰਾਪਤ ਕਰਨ ਦਾ ਦ੍ਰਿਸ਼ ਹੈ। ਇਕ ਚਿੱਤਰ ਵਿਚ ਮਹਾਰਾਜਾ ਚੜ੍ਹੇ ਹੋਏ ਦਰਿਆ ਸਿੰਧ ਨੂੰ ਪਾਰ ਕਰਦਾ ਹੋਇਆ ਨਜ਼ਰ ਆਉਂਦਾ ਹੈ।

ਇਕ ਤਸਵੀਰ ਮਹਾਰਾਜੇ ਦੀ ਫ਼ੌਜ ਦੇ ਆਧੁਨਿਕੀਕਰਨ ਨੂੰ ਦਰਸਾਉਂਦੀ ਹੈ। ਯੂਰਪੀਅਨ ਸੈਨਿਕ ਅਫ਼ਸਰ ਐਲਾਰਡ ਤੇ ਵੈਨਤੂਰਾ ਆਧੁਨਿਕ ਸਿੱਖ ਘੋੜ-ਸਵਾਰ ਤੇ ਪਿਆਦਾ ਫ਼ੌਜ ਦਾ ਨਿਰੀਖਣ ਕਰ ਰਹੇ ਹਨ।

ਪੈਨੋਰਮਾ ਦੇ ਪ੍ਰਵੇਸ਼-ਦੁਆਰਾ ’ਤੇ ਦਰਸ਼ਕ ਦੀ ਨਜ਼ਰ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਨਦਾਰ ਦਰਬਾਰ-ਇ-ਖਾਲਸਾ ’ਤੇ ਪੈਂਦੀ ਹੈ। ਇਹ ਦ੍ਰਿਸ਼ ਲਾਹੌਰ ਦੇ ਕਿਲੇ ਦੀ ਇਕ ਦੀਵਾਰ ਉਤੇ ਸ਼ਸ਼ੋਭਤ ਇਕ ਤਸਵੀਰ ਦੀ ਨਕਲ ਹੈ। ਇਸੇ ਤਰ੍ਹਾਂ ਮਹਾਰਾਜੇ ਵਲੋਂ ਲੜੀਆਂ ਗਈਆਂ ਪ੍ਰਸਿੱਧ ਜੰਗਾਂ ਦੇ ਦ੍ਰਿਸ਼ ਵੀ ਇਤਿਹਾਸਕ ਚਿਤਰਾਂ ਉਤੇ ਆਧਾਰਿਤ ਹਨ। ਇਨ੍ਹਾਂ ਜੰਗਾਂ ਦੇ ਤੱਥ ਭਰੋਸੇਯੋਗ ਮੁਢਲੇ ਇਤਿਹਾਸਕ ਸਰੋਤਾਂ ਤੋਂ ਪ੍ਰਾਪਤ ਕੀਤੇ ਗਏ ਹਨ। ਇਸ ਗੱਲ ਦਾ ਖ਼ਾਸ ਧਿਆਨ ਰੱਖਿਆ ਗਿਆ ਹੈ ਕਿ ਮਹਾਰਾਜੇ ਦੀ ਫ਼ੌਜ ਦੇ ਸਿਪਾਹੀਆਂ ਅਤੇ ਉਨ੍ਹਾਂ ਦੇ ਹਥਿਆਰਾਂ ਨੂੰ ਸਹੀ ਰੂਪ ਵਿਚ ਪੇਸ਼ ਕੀਤਾ ਜਾਵੇ।

ਇਹ ਚਿੱਤਰ, ਮੁਗਲ ਦਰਬਾਰਾਂ ਦੇ ਮੁਕਾਬਲੇ ਵਿਚ ਜਿੱਥੇ ਮੁਗਲ ਬਾਦਸ਼ਾਹ ਤੇ ਨਵਾਬ ਲੋਕਾਂ ਦੀ ਪਹੁੰਚ ਤੋਂ ਬਹੁਤ ਦੂਰ ਹੁੰਦੇ ਸਨ, ਮਹਾਰਾਜੇ ਦੇ ਦਰਬਾਰ ਦੀ ਸਾਦਗੀ ਨੂੰ ਜ਼ਾਹਿਰ ਕਰਦਾ ਹੈ। ਦਰਬਾਰ ਦੇ ਚਿਤਰ ਦੇ ਨੇੜੇ ਲੱਗੇ ਟੱਚ-ਸਕਰੀਨ ਕੰਪਿਊਟਰ ਦੀ ਮਦਦ ਨਾਲ ਦਰਸ਼ਕ ਮਹਾਰਾਜੇ ਦੇ ਮੁੱਖ ਸਿੱਖ ਜਰਨੈਲਾਂ ਅਤੇ ਦਰਬਾਰੀਆਂ ਨੂੰ ਵੇਖ ਸਕਦੇ ਹਨ।

ਪੈਨੋਰਮਾ ਵਿਚ ਲੱਗੇ ਲਾਈਟ-ਐਂਡ-ਸਾਊਂਡ ਸਿਸਟਮ ਦੀ ਸਹਾਇਤਾ ਨਾਲ ਮਨੁੱਖੀ ਚਿੱਤਰ ਜਿਊਂਦੇ-ਜਾਗਦੇ ਦਿਖਾਈ ਦਿੰਦੇ ਹਨ। ਪੈਨੋਰਮਾ ਵਿਚ ਪੰਜ ਟੱਚ-ਸਕਰੀਨ ਕੰਪਿਊਟਰ ਲਾਏ ਗਏ ਹਨ ਜੋ ਮਹਾਰਾਜੇ ਦੇ ਜੀਵਨ ਤੇ ਇਤਿਹਾਸ ਬਾਰੇ ਜਾਣਕਾਰੀ ਦਿੰਦੇ ਹਨ।

ਪੈਨੋਰਮੇ ਦਾ ਰੌਸ਼ਨੀ-ਪ੍ਰਬੰਧ ਡੀਜੀਟਲ ਚਿਤਰਾਂ ਦੇ ਪ੍ਰਭਾਵ ਨੂੰ ਵਧਾਉਂਦਾ ਹੈ। ਮਿਸਾਲ ਦੇ ਤੌਰ ’ਤੇ ਸਿੱਖ ਫ਼ੌਜ ਦੇ ਹਮਲੇ ਵੇਲੇ ਮੁਲਤਾਨ ਦੇ ਕਿਲੇ ਵਿਚ ਜੋ ਅੱਗ ਲੱਗੀ ਸੀ ਤੇ ਧੂੰਆਂ ਨਿਕਲਿਆ ਸੀ, ਉਹ ਇਸ ਦ੍ਰਿਸ਼ ਵਿਚ ਸਪੱਸ਼ਟ ਦਿਖਾਈ ਦਿੰਦਾ ਹੈ। ਇਸ ਲੜਾਈ ਵਿਚ ਅਕਾਲੀ ਫੂਲਾ ਸਿੰਘ ਸ਼ਹੀਦ ਹੋ ਗਏ ਸਨ।

### ਲੋਕਾਂ ਦਾ ਹਰਮਨ ਪਿਆਰਾ ਮਹਾਰਾਜਾ

ਪੈਨੋਰਮਾ ਦੇ ਮੁੱਖ ਦਰਵਾਜ਼ੇ ਉਤੇ ਪੰਜਾਬੀ, ਹਿੰਦੀ, ਅੰਗਰੇਜ਼ੀ ਤੇ ਫ਼ਾਰਸੀ ਵਿਚ ਲਿਖੀਆਂ ਕੁਝ ਸਤਰਾਂ ਮਹਾਰਾਜਾ ਰਣਜੀਤ ਸਿੰਘ ਦੀ ਮਹਾਨ ਸ਼ਖ਼ਸੀਅਤ ਦਾ ਨਚੋੜ ਪੇਸ਼ ਕਰਦੀਆਂ ਹਨ। ਲਿਖਿਆ ਹੈ 'ਮਹਾਰਾਜਾ ਸਾਹਿਬ ਦਾ ਸਥਾਈ ਹੁਕਮ : ਹਰ ਸਮੇਂ ਲੋਕਾਂ ਦੀ ਭਲਾਈ ਅਤੇ ਰਾਜ ਦੀ ਆਮਦਨ ਵਧਾਉਣ ਦਾ ਖਿਆਲ ਰੱਖਿਆ ਜਾਵੇ। ਦੇਸ਼ ਦੀ ਉਨੱਤੀ ਅਤੇ ਲੋਕਾਂ ਦੀ ਖੁਸ਼ੀ ਤੇ ਖੁਸ਼ਹਾਲੀ ਨੂੰ ਸਦਾ ਪਹਿਲ ਦਿੱਤੀ ਜਾਏ।'

****



## ਸੁਨਹਿਰੀ ਯੁੱਗ

ਅੰਮ੍ਰਿਤਸਰ ਸਿੱਖ ਧਰਮ ਦੀ ਅਧਿਆਤਮਿਕ ਰਾਜਧਾਨੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਇਸ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ। ਅੰਮ੍ਰਿਤਸਰ ਸਿਫ਼ਤੀ ਦਾ ਘਰ ਲਈ ਸਿੱਖ ਰਾਜ ਦਾ ਸਮਾਂ 'ਸੁਨਹਿਰੀ ਯੁੱਗ' ਮੰਨਿਆ ਜਾਂਦਾ ਹੈ।

ਉਹ ਸਿੱਖ ਸਰਦਾਰ ਜਿਨ੍ਹਾਂ ਨੇ ਸਿੱਖ ਰਾਜ ਦੇ ਸਮੇਂ ਇਸ ਪਵਿੱਤਰ ਸ਼ਹਿਰ ਦੀ ਮੁੜ-ਉਸਾਰੀ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਸੁੰਦਰੀਕਰਨ ਦੀ ਨਿੱਜੀ ਤੌਰ 'ਤੇ ਨਿਗ੍ਰਾਬਾਨੀ ਕੀਤੀ, ਉਨ੍ਹਾਂ ਨੂੰ ਅੱਜ ਤਕ ਮਾਨਤਾ ਨਹੀਂ ਦਿੱਤੀ ਗਈ।

ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੀ ਬਹੁ-ਪੱਖੀ ਸ਼ਖ਼ਸੀਅਤ ਅਤੇ ਲਾਜਵਾਬ ਖਾਨਦਾਨੀ ਸਰਦਾਰ, ਸ. ਲਹਿਣਾ ਸਿੰਘ ਮਜੀਠੀਆ, ਪਿੰਡ ਮਜੀਠਾ ਦੇ ਉੱਘੇ ਤੇ ਪ੍ਰਤਿਸ਼ਟ ਪਰਿਵਾਰ ਨਾਲ ਸਬੰਧ ਰੱਖਦਾ ਸੀ। ਉਨ੍ਹਾਂ ਨੇ ਆਪਣੀ ਇੰਜੀਨੀਅਰੀ ਮੁਹਾਰਤ ਅਤੇ ਸ਼ਰਧਾ ਨਾਲ ਅੰਮ੍ਰਿਤਸਰ ਦੇ ਸਮੁੱਚੇ ਵਿਕਾਸ ਵਿਚ ਬਹੁਤ ਵੱਡਾ ਯੋਗਦਾਨ ਪਾਇਆ। ਉਹ ਟ੍ਰਿਬਿਊਨ ਅਖ਼ਬਾਰ ਦੇ ਬਾਨੀ ਦਿਆਲ ਸਿੰਘ ਮਜੀਠੀਆ ਦੇ ਸਤਿਕਾਰਯੋਗ ਪਿਤਾ ਸਨ।

ਲਹਿਣਾ ਸਿੰਘ ਮਜੀਠੀਆ ਬਿਨਾਂ-ਸ਼ੱਕ ਕੁਝ ਵਿਸ਼ੇਸ਼ ਵਿਅਕਤੀਆਂ ਵਿਚੋਂ ਇਕ ਵਿਅਕਤੀ ਸਨ ਜੋ ਕਈ ਵਿਸ਼ਿਆਂ ਦੀ ਜਾਣਕਾਰੀ ਰੱਖਦੇ ਸਨ। ਅੰਮ੍ਰਿਤਸਰ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਗਰਮੀ-ਰੁੱਤ ਦੇ ਮਹਿਲ ਦੀ ਉਸਾਰੀ ਵਿਚ ਅਤੇ ਉਥੇ, ਲਾਹੌਰ ਦੇ ਸ਼ਾਲਾਮਾਰ ਬਾਗ ਦੇ ਨਮੂਨੇ 'ਤੇ ਰਾਮ ਬਾਗ ਬਣਾਉਣ ਵਿਚ ਉਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਹੈ।

ਫ਼ਕੀਰ ਅਜ਼ੀਜ਼-ਉਦੀਨ ਅਤੇ ਲਾਹੌਰ ਦਰਬਾਰ ਦੇ ਮੁੱਖ ਦਰਬਾਰੀ ਸ. ਦੇਸਾ ਸਿੰਘ ਮਜੀਠੀਆ ਅਤੇ ਉਨ੍ਹਾਂ ਦੇ ਸਪੁੱਤਰ ਸ. ਲਹਿਣਾ ਸਿੰਘ ਮਜੀਠੀਆ ਦੀ ਨਿਗਰਾਨੀ ਵਿਚ 84 ਏਕੜ ਦੇ ਰਕਬੇ ਵਿਚ ਇਕ ਬਾਗ ਲਗਵਾਇਆ ਗਿਆ। ਇਸ ਵਿਚ ਵਧੀਆ ਕਿਸਮਾਂ ਦੇ ਬੂਟੇ, ਫੁੱਲਦਾਰ ਪੌਦੇ ਅਤੇ ਰੁੱਖ ਲਗਾਏ ਗਏ। ਬਾਗ ਦੇ ਆਲੇ-ਦੁਆਲੇ 14 ਫੁੱਟ ਉੱਚੀ ਸੁਰੱਖਿਆ ਕੰਧ ਉਸਾਰੀ ਗਈ। ਕੰਧ ਦੇ ਬਾਹਰਵਾਰ ਇਕ ਡੂੰਘੀ ਖਾਈ ਵੀ ਪੁੱਟੀ ਗਈ। ਜਿਸ ਕਾਰਨ ਇਹ ਬਾਗ ਇੱਕ ਬਹੁਤ ਹੀ ਸੁੰਦਰ ਤੇ ਸੁਰੱਖਿਅਤ ਅਸਥਾਨ ਬਣ ਗਿਆ।

ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਇਕ ਆਦਮੀ ਦੇ ਘਰ ਦਾ ਵਾਤਾਵਰਨ ਉਸ ਦੀ ਸ਼ਖ਼ਸੀਅਤ ਨੂੰ ਢਾਲਦਾ ਹੈ। ਸ. ਲਹਿਣਾ ਸਿੰਘ ਮਜੀਠੀਆ ਦੇ ਸਬੰਧ ਵਿਚ ਇਹ ਗੱਲ ਬਿਲਕੁਲ ਸਹੀ ਹੈ। ਉਨ੍ਹਾਂ ਦਾ ਜਨਮ ਅੰਮ੍ਰਿਤਸਰ ਦੇ ਨੇੜੇ ਇਕ ਪਿੰਡ

ਮਜੀਠੇ ਦੇ ਸ਼ੇਰਗਿੱਲ ਜੱਟ ਪਰਿਵਾਰ ਵਿਚ ਹੋਇਆ। ਪ੍ਰਸਿੱਧ ਸ਼ਖ਼ਸੀਅਤ ਸ. ਦੇਸਾ ਸਿੰਘ ਦਾ ਸਪੁੱਤਰ ਹੋਣ ਕਰਕੇ ਉਹ ਮਹਾਰਾਜਾ ਰਣਜੀਤ ਸਿੰਘ ਦੇ ਬਹੁਤ ਨੇੜੇ ਸਨ। ਕੁਝ ਸਮਾਂ ਉਹ ਅੰਮ੍ਰਿਤਸਰ ਦੇ ਨਾਜ਼ਮ ਅਤੇ ਸਿੱਖ ਰਾਜ ਅਧੀਨ ਪਹਾੜੀ ਰਿਆਸਤਾਂ ਦੇ ਗਵਰਨਰ ਰਹੇ।

ਸ੍ਰੀ ਦਰਬਾਰ ਸਾਹਿਬ ਦੇ ਪ੍ਰਵੇਸ਼-ਦੁਆਰ ’ਤੇ ਇਕ ਸੋਨੇ ਦੀ ਪਲੇਟ ਲੱਗੀ ਹੋਈ ਹੈ ਜਿਸ ਉਤੇ ਮਹਾਰਾਜਾ ਰਣਜੀਤ ਸਿੰਘ ਦਾ ਨਾਂ ਲਿਖਿਆ ਹੋਇਆ ਹੈ। ਇਸ ਪਲੇਟ ਉਤੇ ਲਿਖਿਆ ਹੈ ਕਿ ‘ਸ੍ਰੀ ਮਹਾਰਾਜ ਗੁਰੂ ਸਾਹਿਬ ਜੀ ਨੇ ਆਪਣਾ ਪਰਮ ਸੇਵਕ ਸਿੱਖ ਜਾਣ ਕਰ ਸ੍ਰੀ ਦਰਬਾਰ ਸਾਹਿਬ ਜੀ ਦੀ ਸੇਵਾ ਸ੍ਰੀ ਮਹਾਰਾਜਾ ਸਿੰਘ ਸਾਹਿਬ ਰਣਜੀਤ ਸਿੰਘ ਪਰ ਦਯਾ ਕਰ ਕੇ ਕਰਾਈ।’ ਇਹ ਮਹਾਰਾਜਾ ਸਾਹਿਬ ਦੀ ਅਪਾਰ ਸ਼ਰਧਾ ਹੀ ਸੀ ਕਿ ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਉਤੇ ਸੋਨੇ ਦੇ ਪੱਤਰੇ ਲਗਵਾ ਕੇ ਇਸ ਨੂੰ ‘ਸਵਰਨ ਮੰਦਰ’ ਜਾਂ ‘ਗੋਲਡਨ ਟੈਂਪਲ’ ਬਣਾ ਦਿੱਤਾ। ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਨੇ ਮਤਾ ਪਾਸ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਨੂੰ ਇਨ੍ਹਾਂ ਨਾਵਾਂ ਨਾਲ ਪੁਕਾਰਨ ਤੋਂ ਮਨ੍ਹਾ ਕਰ ਦਿੱਤਾ ਹੈ।

ਸ. ਲਹਿਣਾ ਸਿੰਘ ਮਜੀਠੀਆ ਦਾ ਨਾਂ ਸ੍ਰੀ ਹਰਿਮੰਦਰ ਸਾਹਿਬ ਦੀ ਸੰਗਮਰਮਰੀ ਦਹਿਲੀਜ਼ ਦੇ ਹੇਠਾਂ ਲਿਖਿਆ ਹੋਇਆ ਹੈ ਜਿਸ ਉਤੇ ਕਿਸੇ ਦੀ ਘੱਟ-ਵੱਧ ਹੀ ਨਜ਼ਰ ਪੈਂਦੀ ਹੈ। ਇਸ ਤੋਂ ਉਸ ਮਹਾਨ ਸਿੱਖ ਯੋਧੇ ਦੀ ਨਿਰਮਾਨਤਾ ਜ਼ਾਹਿਰ ਹੁੰਦੀ ਹੈ, ਜਿਸ ਨੇ ਆਪਣੀ ਇੰਜੀਨੀਅਰੀ ਮੁਹਾਰਤ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਵਿਕਾਸ ਵਿਚ ਬਹੁਮੁੱਲਾ ਯੋਗਦਾਨ ਪਾਇਆ।

ਮਹਾਰਾਜਾ ਰਣਜੀਤ ਸਿੰਘ ਦੇ ਉਲਟ ਉਸ ਨੇ ਮਹਾਂ ਪਵਿੱਤਰ ਸਿੱਖ ਗੁਰਧਾਮ ਦੀ ਮੁੜ-ਸਜਾਵਟ ਕਰਾਉਣ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਦੀ ਕੋਸ਼ਿਸ਼ ਨਹੀਂ ਕੀਤੀ। ਅਸਲ ਵਿਚ, ਸ੍ਰੀ ਦਰਬਾਰ ਸਾਹਿਬ ਵਿਚ ਸੁੰਦਰ ਪੱਥਰਾਂ ਦੀ ਜੜਤਕਾਰੀ ਅਤੇ ਕਾਂਗੜੇ ਦੇ ਚਿਤਰਕਾਰਾਂ ਦੁਆਰਾ ਕੰਧ-ਚਿਤਰਾਂ ਦਾ ਸਾਰਾ ਕੰਮ ਸ. ਲਹਿਣਾ ਸਿੰਘ ਮਜੀਠੀਆ ਦੀ ਨਿਪੁੰਨ ਨਿਗਰਾਨੀ ਵਿਚ ਹੋਇਆ।

ਸ. ਮਜੀਠੀਆ ਨੂੰ ਤੋਪਾਂ ਅਤੇ ਪਸਤੌਲਾਂ ਸਮੇਤ ਅਤਿ-ਆਧੁਨਿਕ ਹਥਿਆਰ ਬਣਾਉਣ ਵਿਚ ਵੀ ਮੁਹਾਰਤ ਹਾਸਲ ਸੀ। ਉਸ ਵੱਲੋਂ ਬਣਵਾਏ ਗਏ ਕੁਝ ਹਥਿਆਰ ਤਾਂ ਅੰਗਰੇਜ਼ੀ ਫ਼ੌਜ ਦੇ ਹਥਿਆਰਾਂ ਨਾਲੋਂ ਵੀ ਵਧੀਆ ਸਨ। ਸ. ਮਜੀਠੀਆ ਦੀ ਮੁਹਾਰਤ ਕਾਰਨ 1836-37 ਈ. ਤਕ ਸਿੱਖ ਤੋਪਖਾਨਾ ਐਨਾ ਵਿਕਸਤ ਹੋ ਗਿਆ ਸੀ ਕਿ ਉਹ ਗਿਣਤੀ ਅਤੇ ਗੁਣਵੱਤਾ ਦੇ ਲਿਹਾਜ਼ ਨਾਲ ਈਸਟ ਇੰਡੀਆ ਕੰਪਨੀ ਦੇ ਤੋਪਖਾਨੇ ਦਾ ਮੁਕਾਬਲਾ ਕਰਦਾ ਸੀ। ਇਸ ਤੋਂ ਉਨ੍ਹਾਂ ਉਸਤਾਦ ਕਾਰੀਗਰਾਂ ਦੀ ਤਕਨੀਕੀ ਅਤੇ ਕਲਾਮਈ ਕਾਰੀਗਰੀ ਦਾ ਪਤਾ ਲਗਦਾ ਹੈ ਜਿਹੜੇ ਢਲਾਈ ਦੀਆਂ ਭੱਠੀਆਂ ਅਤੇ ਕਾਰਖਾਨਿਆਂ ਵਿਚ ਕੰਮ ਕਰਦੇ ਸਨ। ਲਾਹੌਰ ਵਿਚ 1838 ਈ.



ਵਿਚ ਜੋ ਤੋਪ ਦੀ ਨਾਲ ਬਣਾਈ ਗਈ ਸੀ ਉਹ ਬ੍ਰਿਟਿਸ਼ ਲਾਈਟ ਛੇ ਪੌਂਡਰ ਉਤੇ ਆਧਾਰਿਤ ਸੀ ਅਤੇ ਜੋ ਗੱਡੀ ਬਣਾਈ ਗਈ ਸੀ ਉਸ ਦਾ ਵਿਚਾਰ 1823 ਵਿਚ ਬਣਾਏ ਗਏ ਬੰਗਾਲ ਤੋਪਖਾਨੇ ਦੇ ਨਮੂਨੇ ਤੋਂ ਲਿਆ ਗਿਆ ਸੀ।

ਇਸ ਸੂਖਮ-ਬੁੱਧ ਇਨਸਾਨ ਦੀ ਯੋਗਤਾ ਦਾ ਇਕ ਦਿਲਚਸਪ ਪੱਖ ਹੋਰ ਵੀ ਸੀ ਕਿ ਉਹ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਇਕ ਤਾਰਾ-ਵਿਗਿਆਨੀ ਸੀ। ਜਦੋਂ ਵੀ ਕੋਈ ਯੂਰਪੀਅਨ ਤਾਰਾ-ਵਿਗਿਆਨੀ ਮਹਾਰਾਜੇ ਦੇ ਦਰਬਾਰ ਵਿਚ ਆਉਂਦਾ ਸੀ, ਉਸ ਦੀ ਦੇਖ-ਭਾਲ ਸਰਦਾਰ ਮਜੀਠੀਏ ਦੇ ਜ਼ਿੰਮੇ ਹੁੰਦੀ। ਸ. ਲਹਿਣਾ ਸਿੰਘ ਮਜੀਠੀਆ ਨੂੰ ਕਈ ਭਾਰਤੀ ਤੇ ਯੂਰਪੀਅਨ ਭਾਸ਼ਾਵਾਂ ਉਤੇ ਅਬੂਰ ਹਾਸਲ ਸੀ।

## ਪਰਮ ਵਿਵੇਕਸ਼ੀਲ ਮਨੁੱਖ

ਸ. ਲਹਿਣਾ ਸਿੰਘ ਮਜੀਠੀਆ ਲਾਹੌਰ ਦਰਬਾਰ ਦਾ ਚੋਟੀ ਦਾ ਸਰਦਾਰ ਸੀ। ਆਪਣੇ ਸਮੇਂ ਵਿਚ ਉਸ ਨੇ ਵਧ ਤੋਂ ਵਧ ਬਹਾਦਰੀ ਦੇ ਖ਼ਿਤਾਬ ਪ੍ਰਾਪਤ ਕੀਤੇ। ਉਸ ਨੂੰ ਸਿੱਖ ਸਰਦਾਰਾਂ ਵਿੱਚੋਂ ਸਭ ਤੋਂ ਬੁੱਧੀਮਾਨ, ਸਰਵੋਤਮ, ਨਿਰਮਲ ਬੁੱਧ, ਅਤਿ ਸਭਿਅਕ, ਦਿਆਲੂ, ਉਦਾਰ-ਚਿੱਤ, ਪਰਮ ਗਿਆਨਵਾਨ, ਅਤਿ ਇਮਾਨਦਾਰ ਅਤੇ ਕਾਬਲ ਪ੍ਰਬੰਧਕ ਕਿਹਾ ਜਾਂਦਾ ਸੀ। ਸ੍ਰੀ ਮਦਨ ਗੋਪਾਲ ਆਪਣੀ ਪੁਸਤਕ ‘ਦਿਆਲ ਸਿੰਘ ਮਜੀਠੀਆ : ਲਾਈਫ਼ ਐਂਡ ਅਚੀਵਮੈਂਟਸ’ (ਸ. ਦਿਆਲ ਸਿੰਘ ਮਜੀਠੀਆ: ਜੀਵਨ ਅਤੇ ਪ੍ਰਾਪਤੀਆਂ) ਵਿਚ ਲਿਖਦੇ ਹਨ “ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਸ. ਲਹਿਣਾ ਸਿੰਘ ਮਜੀਠੀਆ, ਵਿਗਿਆਨਕ ਸੂਝ ਰੱਖਣ ਵਾਲਾ ਇਕੋ ਇਕ ਸਰਦਾਰ ਸੀ।

ਉਹ ਇਕ ਹੁਨਰਮੰਦ ਮਸ਼ੀਨ-ਸਾਜ਼ ਅਤੇ ਅਸਲ ਅਰਥਾਂ ਵਿਚ ਈਜਾਦ-ਕਾਰ ਸੀ। ਉਸ ਨੇ ਕਲਾਕ (ਘੜੀ) ਵਰਗਾ ਇਕ ਜੰਤਰ ਬਣਾਇਆ ਜੋ ਘੰਟੇ, ਤਰੀਕ, ਹਫ਼ਤੇ ਦਾ ਦਿਨ ਅਤੇ ਚੰਦ ਤੇ ਨਛੱਤਰਾਂ ਦੇ ਪੱਖ ਵੀ ਦਸਦਾ ਸੀ। ਮਹਾਰਾਜੇ ਦੇ ਕਹਿਣ ’ਤੇ ਉਸ ਨੇ ਕੈਲੰਡਰ ਵਿਚ ਵੀ ਸੋਧ ਕੀਤੀ ਅਤੇ ਆਪਣੇ ਸਮੇਂ ਦੇ ਭਾਰਤੀ ਤਾਰਾ-ਵਿਗਿਆਨੀਆਂ ਵਿਚ ਆਪਣਾ ਨਾਂ ਪੈਦਾ ਕੀਤਾ। ਪਰ ਜਦੋਂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਦੇਸ਼ ਅਤੇ ਕੌਮ ਦੀ ਦੁਰਦਸ਼ਾ ਹੋ ਰਹੀ ਸੀ ਤਾਂ ਉਹ ਪੰਜਾਬ ਨੂੰ ਆਪਣੇ ਹਾਲ ’ਤੇ ਛੱਡ ਕੇ ਪੰਜਾਬ ਤੋਂ ਬਾਹਰ ਚਲਾ ਗਿਆ।”

ਆਪਣੀ ਪ੍ਰਸਿੱਧ ਰਚਨਾ ‘ਜੰਗਨਾਮਾ ਸ਼ਾਹ ਮੁਹੰਮਦ’ ਵਿਚ ਕਵੀ ਇਸ ਗੱਲ ਉਤੇ ਬੜੀ ਨਿਰਾਸ਼ਾ ਪ੍ਰਗਟ ਕਰਦਾ ਹੈ ਕਿ ਜਦੋਂ ਪੰਜਾਬ ਨੂੰ ਸ. ਲਹਿਣਾ ਸਿੰਘ ਮਜੀਠੀਆ ਦੀਆਂ ਸੇਵਾਵਾਂ ਦੀ ਬੇਹੱਦ ਜ਼ਰੂਰਤ ਸੀ, ਉਸ ਸਮੇਂ ਉਹ ਪੰਜਾਬ ਨੂੰ ਛੱਡ ਕੇ ਬਨਾਰਸ ਤੇ ਹੋਰ ਤੀਰਥਾਂ ਦੀ ਯਾਤਰਾ ’ਤੇ ਚਲਾ ਗਿਆ। ਆਪਣੀ ਕਿਤਾਬ ‘ਪੰਜਾਬ ਚੀਫ਼ਜ਼’ ਵਿਚ ਲੈਪਲ ਗ੍ਰਿਫਿਨ ਉਸ ਨੂੰ ‘ਕਾਇਰ ਬੁਜ਼ਦਿਲ ਅਤੇ ਵਹਿਮ-ਪ੍ਰਸਤ’ ਲਿਖ ਕੇ ਕਹਿੰਦਾ ਹੈ ਕਿ ‘ਉਹ ਖ਼ਤਰੇ ਦੇ ਸਮੇਂ ਹਮੇਸ਼ਾ ਦੌੜ ਜਾਣ ਲਈ ਤਿਆਰ ਰਹਿੰਦਾ ਸੀ ਅਤੇ ਹਰਿਦੁਆਰ ਜਾ ਕੇ ਇਸ਼ਨਾਨ ਕਰਦਾ ਅਤੇ ਬਨਾਰਸ ਦੇ

ਭੁੱਖੇ ਬ੍ਰਾਹਮਣਾਂ ਨੂੰ ਲੰਗਰ ਛਕਾਉਂਦਾ ਸੀ।'

ਗ੍ਰਿਫਿਨ ਦੇ ਇਸ ਕਥਨ ਦੀ 'ਜੰਗਨਾਮੇ' ਦੇ ਇਹ ਸ਼ਿਅਰ ਪੁਸ਼ਟੀ ਕਰਦੇ ਹਨ-

ਲਹਿਣਾ ਸਿੰਘ ਸਰਦਾਰ ਮਜੀਠੀਆ ਸੀ
ਵੱਡਾ ਅਕਲ ਦਾ ਕੋਟ ਕਮਾਲ ਮੀਆਂ।
ਸ਼ਾਹ ਮੁਹੰਮਦਾ ਤੁਰ ਗਿਆ ਤੀਰਥਾਂ ਨੂੰ
ਸਭੇ ਛੱਡ ਕੇ ਡੰਗ ਦਵਾਲ ਮੀਆਂ।

## ਸ. ਦਿਆਲ ਸਿੰਘ ਮਜੀਠੀਆ ਦੀ ਵਿਰਾਸਤ ਦੀ ਕੋਈ ਹੱਦ ਨਹੀਂ

ਵੱਡੇ ਲੋਕਾਂ ਦੇ ਨੁਕਤਾਚੀਨ ਵੀ ਬਹੁਤ ਹੁੰਦੇ ਹਨ। ਪਰ ਦਿਆਲ ਸਿੰਘ ਸੈਂਟਰ ਲਾਹੌਰ ਦੇ ਡਾਇਰੈਕਟਰ ਹਾਫ਼ਿਜ਼ ਗੁਲਾਮ ਹੁਸੈਨ ਸਰਦਾਰ ਜੀ ਬਾਰੇ ਬੜੀ ਉੱਚੀ ਰਾਏ ਰੱਖਦੇ ਹਨ। ਕਹਿੰਦੇ ਹਨ "ਸ. ਦਿਆਲ ਸਿੰਘ ਮੁਕੰਮਲ ਤੌਰ 'ਤੇ ਇਕ ਇਨਸਾਨ-ਪ੍ਰਸਤ ਸ਼ਖ਼ਸੀਅਤ ਸਨ। ਇਸ ਦੁਨੀਆ ਵਿਚ ਕੁਝ ਆਦਮੀ, ਮਨੁੱਖ ਜਾਤੀ ਨੂੰ ਵਧ ਤੋਂ ਵਧ ਦੇਣ ਲਈ ਅਤੇ ਮਨੁੱਖਤਾ ਦੀ ਭਲਾਈ ਲਈ ਜ਼ਿੰਦਗੀਆਂ ਕੁਰਬਾਨ ਕਰਨ ਲਈ ਹੀ ਆਉਂਦੇ ਹਨ।" ਇਸ ਲਈ ਸ. ਮਜੀਠੀਆ ਦੀ ਵਿਰਾਸਤ ਦੀ ਕੋਈ ਹੱਦ ਨਹੀਂ। ਮਹਾਨ ਪੁਰਖਾਂ ਦੀ ਕਲਪਨਾ ਵਿਚ ਭਵਿੱਖ ਦਾ ਇਕ ਚਿੱਤਰ ਹੁੰਦਾ ਹੈ। ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਰੌਸ਼ਨੀ ਦੇ ਮੀਨਾਰ ਦਾ ਕੰਮ ਕਰਦਾ ਹੈ। ਸਰਦਾਰ ਜੀ ਦੀ ਸੁਹਿਰਦਤਾ ਅਤੇ ਸਖਾਵਤ ਦੇਸ਼ ਦੀ ਵੰਡ ਹੋ ਜਾਣ ਤੋਂ ਬਾਅਦ ਵੀ ਜ਼ਿੰਦਾ ਹੈ। ਉਨ੍ਹਾਂ ਦਾ ਸ਼ੋਭਨੀਕ ਨਾਮ ਅੰਮ੍ਰਿਤਸਰ ਅਤੇ ਲਾਹੌਰ ਵਿਚ ਇਕ ਨਾ-ਟੁੱਟਣ-ਵਾਲੀ ਕੜੀ ਹੈ ਜਿਨ੍ਹਾਂ ਵਿਚਾਲੇ ਮਿਸਟਰ ਰੈੱਡਕਲਿਫ਼ ਨੇ 64 ਸਾਲ ਪਹਿਲਾਂ ਵੰਡ ਦੀ ਲਾਲ ਲਕੀਰ ਖਿੱਚ ਦਿੱਤੀ ਸੀ!

ਸ. ਦਿਆਲ ਸਿੰਘ ਮਜੀਠੀਆ ਟਰੱਸਟ ਲਾਇਬ੍ਰੇਰੀ ਲਾਹੌਰ ਪੰਜਾਬੀ ਸੱਭਿਆਚਾਰਕ ਅਤੇ ਸਮਾਜਕ ਸਰਗਰਮੀਆਂ ਦਾ ਕੇਂਦਰ ਹੈ। ਬਹੁਪੱਖੀ ਅਤੇ ਗਿਆਨਵਾਨ ਸ਼ਖ਼ਸੀਅਤ ਦੇ ਮਾਲਕ ਸ. ਮਜੀਠੀਆ ਉਨ੍ਹੀਵੀਂ ਸਦੀ ਦੇ ਪੰਜਾਬ ਦੇ ਮਹਾਨ ਸਪੂਤਾਂ ਵਿਚੋਂ ਇਕ ਸਨ।

ਮਜੀਠਾ (ਅੰਮ੍ਰਿਤਸਰ) ਦੇ ਲੋਕ ਤਾਂ ਅਜੇ ਸਰਦਾਰ ਮਜੀਠੀਆ ਦੇ ਸ਼ਾਨਦਾਰ ਵਿਰਸੇ ਨੂੰ ਸੰਭਾਲਣ ਦੇ ਪੱਖੋਂ ਗੂੜ੍ਹੀ ਨੀਂਦ ਵਿਚ ਸੁੱਤੇ ਪਏ ਹਨ ਪਰ ਅੰਮ੍ਰਿਤਸਰ ਤੋਂ 54 ਕਿਲੋਮੀਟਰ ਦੂਰ ਲਾਹੌਰ ਦੇ ਕੁਝ ਬੁੱਧੀਮਾਨ ਲੋਕ ਸਰਦਾਰ ਸਾਹਿਬ ਦੀ ਯਾਦ ਨੂੰ ਜ਼ਿੰਦਾ ਰੱਖਣ ਲਈ ਕਈ ਤਰ੍ਹਾਂ ਦੇ ਉਪਰਾਲੇ ਕਰ ਰਹੇ ਹਨ। ਮਜੀਠੇ ਵਿਚ ਉਨ੍ਹਾਂ ਵੱਲੋਂ ਤਾਮੀਰ ਕੀਤੇ ਕਿਲ੍ਹੇ ਅਤੇ ਰਿਹਾਇਸ਼ ਦੀਆਂ ਲੋਕ ਇੱਟਾਂ ਤੇ ਬੂਹੇ ਬਾਰੀਆਂ ਤਕ ਪੁੱਟ ਕੇ ਲੈ ਗਏ ਹਨ।

ਦਿਆਲ ਸਿੰਘ ਰਿਸਰਚ ਐਂਡ ਕਲਚਰਲ ਫੋਰਮ (ਦਿਆਲ ਸਿੰਘ ਖੋਜ ਤੇ ਸੱਭਿਆਚਾਰਕ ਫੋਰਮ) ਦਾ ਮਕਸਦ, ਫੋਰਮ ਵਲੋਂ ਛਪੀਆਂ ਕਈ ਕਿਤਾਬਾਂ ਅਤੇ ਪੈਂਫਲਿਟਾਂ ਵਿਚ ਬਿਆਨ ਕੀਤਾ ਗਿਆ ਹੈ। ਲਿਖਿਆ ਹੈ 'ਕਾਫ਼ੀ ਸਮੇਂ ਤੋਂ ਇਹ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਇਕ ਇਹੋ ਜਿਹਾ ਕੇਂਦਰ ਹੋਣਾ ਚਾਹੀਦਾ ਹੈ ਜਿੱਥੇ ਬੈਠ ਕੇ ਪੰਜਾਬੀ ਵਿਰਸੇ, ਪੰਜਾਬੀ ਜ਼ਬਾਨ ਅਤੇ ਪੰਜਾਬ ਦੇ ਸੱਭਿਆਚਾਰ ਤੇ ਇਤਿਹਾਸ



ਉਤੇ ਵਿਚਾਰ ਕੀਤੀ ਜਾ ਸਕੇ। ਅਜਿਹੀ ਲੋੜ ਨੂੰ ਮੁੱਖ ਰੱਖ ਕੇ 2003 ਵਿਚ ਇਹ ਫੋਰਮ ਬਣਾਇਆ ਗਿਆ। ਫੋਰਮ ਦਾ ਨਾਂ ਪੰਜਾਬ ਦੇ ਮਹਾਨ ਸਪੂਤ ਸ. ਦਿਆਲ ਸਿੰਘ ਮਜੀਠੀਆ ਦੇ ਨਾਂ ਉਤੇ ਰੱਖਿਆ ਗਿਆ ਹੈ ਜਿਨ੍ਹਾਂ ਨੇ ਪੰਜਾਬ ਵਿਚ ਵਿੱਦਿਆ ਦੀ ਤਰੱਕੀ ਲਈ ਬਹੁਤ ਸੇਵਾ ਕੀਤੀ। ਦਿਆਲ ਸਿੰਘ ਕਾਲਜ ਅਤੇ ਦਿਆਲ ਸਿੰਘ ਟਰੱਸਟ ਲਾਇਬ੍ਰੇਰੀ ਇਸ ਮਹਾਨ ਸ਼ਖ਼ਸੀਅਤ ਦੇ ਲਾਹੌਰ ਨੂੰ ਜਿਉਂਦੇ-ਜਾਗਦੇ ਦੋ ਤੋਹਫ਼ੇ ਹਨ।

ਮਜੀਠਾ-ਨਿਵਾਸੀ ਸ. ਹਰਬੰਸ ਸਿੰਘ ਮਜੀਠੀਆ (ਉਮਰ 101 ਸਾਲ) ਅਤੇ ਉਨ੍ਹਾਂ ਦੇ ਪੋਤਰੇ ਸ. ਜਗਜੀਤ ਸਿੰਘ ਪਾਕਿਸਤਾਨ ਗਏ ਤਾਂ ਦਿਆਲ ਸਿੰਘ ਫੋਰਮ ਦੇ ਡਾਇਰੈਕਟਰ ਡਾ. ਜ਼ਫ਼ਰ ਚੀਮਾ ਨਾਲ ਉਨ੍ਹਾਂ ਦੀ ਮੁਲਾਕਾਤ ਨੇ ਲਾਹੌਰ ਤੇ ਮਜੀਠਾ ਦੇ ਪੁਰਾਣੇ ਰਿਸ਼ਤੇ ਨੂੰ ਤਾਜ਼ਾ ਕਰ ਦਿੱਤਾ। ਭਰੇ ਹੋਏ ਗਲੇ ਨਾਲ ਡਾ. ਚੀਮਾ ਨੇ ਮਜੀਠੀਏ ਸਰਦਾਰਾਂ ਨੂੰ ਕਿਹਾ ਕਿ ਉਹ ਉਸ ਸ਼ਹਿਰ ਦੀਆਂ ਪੰਜ ਇੱਟਾਂ ਅਤੇ ਮਿੱਟੀ ਲਾਹੌਰ ਲੈ ਕੇ ਆਉਣਗੇ, ਜਿੱਥੇ ਕਦੀ ਸ. ਦਿਆਲ ਸਿੰਘ ਮਜੀਠੀਆ ਰਹਿੰਦਾ ਸੀ। ਡਾ. ਚੀਮਾ ਨੇ ਕਿਹਾ ਕਿ ਜਦੋਂ ਉਨ੍ਹਾਂ ਨੂੰ ਵੀਜ਼ਾ ਮਿਲਿਆ ਉਹ ਤੁਰੰਤ ਮਜੀਠੇ ਆਉਣਗੇ।

ਬੁੱਧੀਜੀਵੀਆਂ ਅਤੇ ਖੋਜਕਾਰਾਂ ਦੀ ਇੱਛਾ ਅਨੁਸਾਰ ਅਤੇ ਸ. ਮਜੀਠੀਆ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਦਿਆਲ ਸਿੰਘ ਟਰੱਸਟ ਲਾਇਬ੍ਰੇਰੀ ਲਾਹੌਰ ਦੇ ਨੇੜੇ, ਜੋ ਆਪਣੇ ਆਪ ਵਿਚ ਸਾਹਿਤ ਦਾ ਇਕ ਖ਼ਜ਼ਾਨਾ ਹੈ, ਦਿਆਲ ਸਿੰਘ ਰਿਸਰਚ ਐਂਡ ਕਲਚਰਲ ਫੋਰਮ ਬਣਾਇਆ ਗਿਆ। ਇਸ ਫੋਰਮ ਦਾ ਨਿਸ਼ਾਨਾ ਪੁਰਾਣੀਆਂ ਸੁਨਹਿਰੀ ਰਵਾਇਤਾਂ ਨੂੰ ਜ਼ਿੰਦਾ ਰੱਖਣਾ, ਆਪਣੇ ਸੱਭਿਆਚਾਰਕ ਵਿਰਸੇ ਨੂੰ ਸੁਰੱਖਿਅਤ ਕਰਨਾ ਅਤੇ ਨੌਜੁਆਨਾਂ ਵਿਚ ਖੋਜ ਦੀ ਰੁਚੀ ਨੂੰ ਪ੍ਰਫੁੱਲਿਤ ਕਰਨਾ ਹੈ।

ਦਿਲਚਸਪ ਗੱਲ ਇਹ ਹੈ ਕਿ ਰਿਸਰਚ ਸੈੱਲ ਦਿਆਲ ਸਿੰਘ ਟਰੱਸਟ ਲਾਇਬ੍ਰੇਰੀ ਨਿਸਬਤ ਰੋਡ ਲਾਹੌਰ ਨੇ ਪੁਸਤਕ 'ਦਿਆਲ ਸਿੰਘ ਮਜੀਠੀਆ : ਲਾਈਫ਼ ਐਂਡ ਅਚੀਵਮੈਂਟਸ (ਦਿਆਲ ਸਿੰਘ ਮਜੀਠੀਆ : ਜੀਵਨ ਤੇ ਪ੍ਰਾਪਤੀਆਂ) ਨੂੰ ਦੁਬਾਰਾ ਪ੍ਰਕਾਸ਼ਿਤ ਕੀਤਾ ਹੈ। ਇਸ ਪੁਸਤਕ ਦੇ ਲੇਖਕ ਸ੍ਰੀ ਐੱਮ.ਗੋਪਾਲ ਨਵੀਂ ਦਿੱਲੀ ਹਨ। ਜਦੋਂ ਇਹ ਲੇਖਕ ਇਕ ਵਾਰ ਲਾਹੌਰ ਗਏ ਤਾਂ ਰਿਸਰਚ ਸੈਂਟਰ ਵਾਲਿਆਂ ਨੇ ਇਸ ਪੁਸਤਕ ਦਾ ਕਾਪੀ-ਰਾਈਟ ਉਨ੍ਹਾਂ ਤੋਂ ਹਾਸਲ ਕਰ ਲਿਆ। ਪੁਸਤਕ ਦੀ ਭੂਮਿਕਾ ਵਿਚ ਰਿਸਰਚ ਸੈੱਲ ਦੇ ਡਾਇਰੈਕਟਰ ਜਨਾਬ ਹਾਫ਼ਿਜ਼ ਗੁਲਾਮ ਹੁਸੈਨ ਸ. ਮਜੀਠੀਆ ਨੂੰ "ਪੂਰਨ ਮਨੁੱਖਤਾਵਾਦੀ" ਲਿਖਦੇ ਹਨ। ਉਹ ਕਹਿੰਦੇ ਹਨ 'ਕੁਝ ਲੋਕ ਇਸ ਦੁਨੀਆਂ ਵਿਚ ਮਨੁੱਖ ਜਾਤੀ ਨੂੰ ਵਧ ਤੋਂ ਵਧ ਦੇਣ ਲਈ ਅਤੇ ਮਾਨਵ ਜਾਤੀ ਦੀ ਭਲਾਈ ਲਈ ਜ਼ਿੰਦਗੀਆਂ ਵਾਰਨ ਲਈ ਆਉਂਦੇ ਹਨ। ਅੱਲ੍ਹਾ-ਤਾਲਾ ਨੇ ਜੋ ਫ਼ਰਜ਼ ਉਨ੍ਹਾਂ ਉਤੇ ਆਇਦ ਕੀਤੇ ਹਨ, ਉਹ ਉਨ੍ਹਾਂ ਨੂੰ ਬਹੁਤ ਚੰਗੀ ਤਰ੍ਹਾਂ ਨਿਭਾ ਕੇ, ਬਿਨਾਂ ਕਿਸੇ ਫਿਕਰ ਜਾਂ ਪਛਤਾਵੇ ਦੇ ਇਸ ਦੁਨੀਆ ਤੋਂ ਹੱਸਦੇ-ਹੱਸਦੇ ਚਲੇ ਜਾਂਦੇ ਹਨ, ਭਾਵੇਂ ਉਨ੍ਹਾਂ ਦਾ ਧਰਮ ਨਸਲ ਜਾਂ ਦੇਸ਼ ਕੋਈ ਵੀ ਹੋਵੇ। ਸ. ਮਜੀਠੀਆ ਅਜਿਹੇ ਪਰਉਪਕਾਰੀ ਇਨਸਾਨਾਂ ਵਿਚੋਂ ਇਕ ਸਨ। ਦਿਆਲ ਸਿੰਘ ਖੋਜ ਤੇ ਸੱਭਿਆਚਾਰਕ

ਫੋਰਮ, ਸ. ਮਜੀਠੀਆ ਦੇ ਮਿਸ਼ਨ ਨੂੰ ਪ੍ਰਚਾਰਨ ਲਈ ਪਾਕਿਸਤਾਨ ਵਿਚ ਮਸ਼ਹੂਰ ਤਿਉਹਾਰਾਂ ਅਤੇ ਅਹਿਮ ਮੌਕਿਆਂ 'ਤੇ ਪੁਸਤਕਾਂ ਦੇ ਸਟਾਲ ਲਾਉਂਦਾ ਹੈ।

ਸ. ਮਜੀਠੀਆ ਛੋਟੀ ਉਮਰ ਵਿਚ ਹੀ ਵਿੱਦਿਆ ਦੀ ਪੱਛਮੀ ਪ੍ਰਣਾਲੀ ਅਤੇ ਪ੍ਰੈੱਸ ਦੀ ਆਜ਼ਾਦੀ ਦੇ ਪ੍ਰਸ਼ੰਸਕ ਬਣ ਗਏ ਸਨ। ਉਨ੍ਹਾਂ ਨੇ 2 ਫਰਵਰੀ 1881 ਨੂੰ ਹਫ਼ਤਾਵਾਰ 'ਟ੍ਰਿਬਿਊਨ' ਛਾਪਣਾ ਸ਼ੁਰੂ ਕੀਤਾ ਜੋ। 1898 ਵਿਚ ਹਫ਼ਤੇ ਵਿਚ ਤਿੰਨ ਵਾਰ ਅਤੇ 1906 ਵਿਚ ਰੋਜ਼ਾਨਾ ਪ੍ਰਕਾਸ਼ਿਤ ਹੋਣ ਲਗ ਪਿਆ।

ਸ. ਦਿਆਲ ਸਿੰਘ ਮਜੀਠੀਆ ਉਸ ਖਾਨਦਾਨ ਨਾਲ ਸੰਬੰਧ ਰੱਖਦੇ ਸਨ ਜੋ ਕਈ ਸਾਲ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਪ੍ਰਬੰਧਕ ਰਿਹਾ ਸੀ। ਸ. ਮਜੀਠੀਆ ਆਪਣੇ ਸਮੇਂ ਦੇ ਹੋਰ ਲੋਕਾਂ ਨਾਲੋਂ ਵਧੇਰੇ ਗਿਆਨਵਾਨ ਸਨ। ਉਨ੍ਹਾਂ ਦੇ ਪਿਤਾ ਸ. ਲਹਿਣਾ ਸਿੰਘ ਆਪਣੇ ਸਮੇਂ ਦੇ ਇਕ ਸਿਰਮੌਰ ਇੰਜੀਨੀਅਰ ਅਤੇ ਇਕ ਨੇਕ ਇਨਸਾਨ ਸਨ। ਉਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਵਿਚ ਧੁੱਪ-ਘੜੀ ਸਥਾਪਿਤ ਕੀਤੀ ਅਤੇ ਆਪਣੀ ਇੰਜੀਨੀਅਰੀ ਦੀ ਕੁਸ਼ਲ ਵਰਤੋਂ ਕਰ ਕੇ ਦਰਬਾਰ ਸਾਹਿਬ ਵਿਚ ਕਈ ਅਦਭੁੱਤ ਵਾਧੇ ਕੀਤੇ।

ਸ. ਦਿਆਲ ਸਿੰਘ ਮਜੀਠੀਆ ਦੀ ਸਮਾਜ ਨੂੰ ਸਭ ਤੋਂ ਵੱਡੀ ਦੇਣ ਇਹ ਸੀ ਕਿ ਉਨ੍ਹਾਂ ਨੇ ਲਾਹੌਰ, ਕਰਾਚੀ, ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਜ਼ਿਲ੍ਹਿਆਂ ਵਿਚ ਆਪਣੀਆਂ ਬਹੁ-ਮੁੱਲੀਆਂ ਜਾਇਦਾਦਾਂ ਦੀ ਸਮੇਤ ਮਾਲ ਰੋਡ ਲਾਹੌਰ ਉਤੇ ਸਥਿਤ ਆਪਣੇ ਵਿਸ਼ਾਲ ਦਿਆਲ ਸਿੰਘ ਮੈਨਸ਼ਨਜ਼ ਦੇ, 1898 ਵਿਚ ਦੋ ਟਰੱਸਟਾਂ ਨੂੰ ਵਸੀਅਤ ਕਰ ਦਿੱਤੀ। ਇਨ੍ਹਾਂ ਜਾਇਦਾਦਾਂ ਦੀ ਕੀਮਤ 30 ਲੱਖ ਰੁਪਏ, ਉਨ੍ਹਾਂ ਦਿਨਾਂ ਵਿਚ ਇਕ ਬਹੁਤ ਵੱਡੀ ਰਕਮ ਹੁੰਦੀ ਸੀ। ਇਨ੍ਹਾਂ ਜਾਇਦਾਦਾਂ ਦੇ ਸਹਾਰੇ ਹੀ ਬਾਅਦ ਵਿਚ ਲਾਹੌਰ ਵਿਚ ਦਿਆਲ ਸਿੰਘ ਕਾਲਜ ਅਤੇ ਦਿਆਲ ਸਿੰਘ ਲਾਇਬ੍ਰੇਰੀ ਬਣਾਈ ਗਈ।

ਦੇਸ਼ ਦੀ ਵੰਡ ਤੋਂ ਬਾਅਦ, ਲਾਹੌਰ ਵਿਚ ਦਿਆਲ ਸਿੰਘ ਕਾਲਜ ਅਤੇ ਦਿਆਲ ਸਿੰਘ ਲਾਇਬ੍ਰੇਰੀ ਪਾਕਿਸਤਾਨ ਸਰਕਾਰ ਦੇ ਅਧਿਕਾਰ ਵਿਚ ਆ ਗਏ। ਪਾਕਿਸਤਾਨ ਵਿਚ ਕਈ ਸੰਸਥਾਵਾਂ ਦੇ ਨਾਂ ਬਦਲ ਕੇ ਉਨ੍ਹਾਂ ਦੇ ਇਸਲਾਮੀ ਨਾਂ ਰੱਖ ਦਿੱਤੇ ਗਏ ਪਰ ਸ. ਦਿਆਲ ਸਿੰਘ ਮਜੀਠੀਆ ਦੀ ਸ਼ਖ਼ਸੀਅਤ ਦਾ ਇਹ ਇਕ ਬਹੁਤ ਵੱਡਾ ਸਨਮਾਨ ਹੈ ਕਿ ਇਸ ਕਾਲਜ ਤੇ ਲਾਇਬ੍ਰੇਰੀ ਦੇ ਨਾਂ ਨਹੀਂ ਬਦਲੇ ਗਏ।

'ਟ੍ਰਿਬਿਊਨ' ਅਖ਼ਬਾਰ ਪਹਿਲਾਂ ਲਾਹੌਰ ਤੋਂ ਸ਼ਿਮਲੇ ਆ ਗਿਆ, ਫੇਰ ਸ਼ਿਮਲੇ ਤੋਂ ਅੰਬਾਲੇ ਅਤੇ ਅੰਤ ਵਿਚ ਚੰਡੀਗੜ੍ਹ ਵਿਚ ਸਥਾਪਿਤ ਹੋ ਗਿਆ। ਸ. ਦਿਆਲ ਸਿੰਘ ਦੀਆਂ ਜਿਹੜੀਆਂ ਜਾਇਦਾਦਾਂ ਭਾਰਤ ਵਿਚ ਸਨ, ਉਹ ਦਿਆਲ ਸਿੰਘ ਕਾਲਜ ਟਰੱਸਟ ਦੇ ਅਧਿਕਾਰ ਵਿਚ ਆ ਗਈਆਂ। ਦਿਆਲ ਸਿੰਘ ਕਾਲਜ ਕਰਨਾਲ ਇਸ ਟਰੱਸਟ ਦੇ ਪ੍ਰਬੰਧ ਅਧੀਨ ਚਲ ਰਿਹਾ ਹੈ। ਨਿਰਸੰਦੇਹ ਇਹ ਸਾਰਾ ਕੁਝ ਅਤੇ ਦਿਆਲ ਸਿੰਘ ਪਬਲਿਕ ਲਾਇਬ੍ਰੇਰੀ ਨਵੀਂ ਦਿੱਲੀ, ਉਸ ਮਹਾਂ ਮਨੁੱਖ ਦੀ ਭਵਿੱਖ-ਦ੍ਰਿਸ਼ਟੀ ਦੇ ਸਬੂਤ ਹਨ।

****



## ਜੱਲਿਆਂਵਾਲੇ ਬਾਗ ਦੀ ਮੁੜ-ਯਾਤਰਾ

ਹਰਮਨ ਪਿਆਰੇ ਗਾਇਕ ਪਰਦੀਪ ਦੇ ਇਕ ਗੀਤ ਦੇ ਬੋਲ ਹਨ-

ਜੱਲਿਆਂਵਾਲਾ ਬਾਗ ਯੇਹ ਦੇਖੋ
ਯਹਾਂ ਚਲੀ ਥੀ ਗੋਲੀਆਂ।
ਮਰਨੇ ਵਾਲੇ ਬੋਲ ਰਹੇ ਥੇ
ਇਨਕਲਾਬ ਕੀ ਬੋਲੀਆਂ।

ਜੱਲਿਆਂਵਾਲੇ ਬਾਗ ਦੀ ਯਾਦਗਾਰ ਉਸ ਘਟਨਾ ਦਾ ਅਨਮੋਲ ਪਰਮਾਣ ਹੈ ਜਿਸ ਨੂੰ ਬਾਅਦ ਵਿਚ ਵਿੰਸਟਨ ਚਰਚਿਲ ਨੇ 'ਭਿਆਨਕ ਸਾਕਾ' ਕਿਹਾ ਸੀ। ਜੱਲਿਆਂਵਾਲਾ ਬਾਗ ਚਹੁੰਆਂ ਪਾਸਿਆਂ ਤੋਂ ਉੱਚੀਆਂ-ਉੱਚੀਆਂ ਇਮਾਰਤਾਂ ਨਾਲ ਘਿਰਿਆ ਹੋਇਆ ਸੀ ਅਤੇ ਉਸ ਦੇ ਅੰਦਰ ਜਾਣ ਦਾ ਰਸਤਾ ਬਹੁਤ ਤੰਗ ਸੀ।

ਇਹ ਗੱਲ ਬੜੀ ਦਿਲਚਸਪ ਹੈ ਕਿ ਅੰਗਰੇਜ਼ ਸਰਕਾਰ ਇਸ ਬਾਗ ਵਾਲੀ ਜਗ੍ਹਾ 'ਤੇ ਕਪੜੇ ਦੀ ਮਾਰਕੀਟ ਬਣਾਉਣਾ ਚਾਹੁੰਦੀ ਸੀ ਪਰ ਇਕ ਬੰਗਾਲੀ ਪਰਿਵਾਰ ਨੇ ਇਸ ਸ਼ਹੀਦੀ ਅਸਥਾਨ 'ਤੇ 'ਕੌਮੀ ਯਾਦਗਾਰ' ਉਸਾਰਨ ਦਾ ਬੀੜਾ ਚੁੱਕ ਲਿਆ। ਅੰਗਰੇਜ਼ ਅਫਸਰਾਂ ਨੇ ਸ਼ਹਿਰ ਦੇ ਵਪਾਰੀਆਂ ਨੂੰ ਬਹੁਤ ਸਸਤੇ ਭਾਅ 'ਤੇ ਜ਼ਮੀਨ ਦੇਣ ਦੇ ਲਾਲਚ ਦਿੱਤੇ ਪਰ ਮੁਖਰਜੀ ਪਰਿਵਾਰ ਦੇ ਮੈਂਬਰਾਂ ਨੇ, ਜੋ ਸ਼ੁਰੂ ਤੋਂ ਇੱਥੇ ਬਣੀ ਸਾਧਾਰਨ ਯਾਦਗਾਰ ਦੀ ਦੇਖ-ਭਾਲ ਕਰ ਰਹੇ ਸਨ, ਇੱਥੇ ਕੌਮੀ ਯਾਦਗਾਰ ਬਣਾਉਣ ਵਿਚ ਅਹਿਮ ਰੋਲ ਅਦਾ ਕੀਤਾ। ਮੁਖਰਜੀ ਪਰਿਵਾਰ ਦੇ ਸਾਰੇ ਮੈਂਬਰ ਆਪਣੀ ਮਾਂ-ਬੋਲੀ ਬੰਗਾਲੀ ਤੋਂ ਇਲਾਵਾ ਪੰਜਾਬੀ, ਹਿੰਦੀ, ਅੰਗਰੇਜ਼ੀ ਚੰਗੀ ਤਰ੍ਹਾਂ ਬੋਲ ਸਕਦੇ ਹਨ।

ਜੱਲਿਆਂਵਾਲਾ ਬਾਗ ਮੈਮੋਰੀਅਲ ਟਰੱਸਟ ਦੇ ਸਕੱਤਰ ਡਾ. ਐੱਸ.ਕੇ. ਮੁਖਰਜੀ ਦਾਅਵਾ ਕਰਦੇ ਹਨ ਕਿ ਉਨ੍ਹਾ ਦੇ ਦਾਦਾ ਜੀ ਡਾ. ਸਾਰਥੀ ਚਰਨ ਮੁਖਰਜੀ, ਜੋ ਉਦੋਂ ਅਲਾਹਾ ਬਾਦ ਵਿਚ ਹੋਮਿਉਪੈਥੀ ਦੇ ਡਾਕਟਰ ਸਨ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਸੰਯੁਕਤ ਸਕੱਤਰ ਸਨ ਉਨ੍ਹਾਂ ਨੂੰ ਪੰਡਤ ਮਦਨ ਮੋਹਨ ਮਾਲਵੀਆ ਅਤੇ ਗੋਕੁਲ ਨਾਥ ਮਿਸ਼ਰਾ ਨੇ ਅੰਮ੍ਰਿਤਸਰ ਭੇਜਿਆ ਸੀ ਤਾਂ ਜੋ ਉਹ ਉਥੇ ਅਗਸਤ 1919 ਵਿਚ ਹੋਣ ਵਾਲੇ ਕਾਂਗਰਸ ਦੇ ਇਜਲਾਸ ਲਈ ਜਗ੍ਹਾ ਵੇਖ ਕੇ ਆਉਣ। ਉਨ੍ਹਾ ਨੇ ਅੰਮ੍ਰਿਤਸਰ ਆ ਕੇ, ਜੱਲਿਆਂਵਾਲੇ ਬਾਗ ਵਿਚ ਚੱਲੀ ਗੋਲ਼ੀ ਨਾਲ ਜ਼ਖ਼ਮੀ ਹੋਏ, ਵਰ੍ਹਦੀਆਂ ਗੋਲੀਆਂ ਵਿਚ ਬਚ ਗਏ ਅਤੇ ਮੌਕੇ ਦੇ ਗੁਆਹ ਲੋਕਾਂ ਤੋਂ ਇਸ ਭਿਆਨਕ ਸਾਕੇ ਦੇ ਹਾਲਾਤ ਸੁਣੇ। ਇਸ ਖ਼ੂਨੀ ਸਾਕੇ ਦੇ ਬਿਰਤਾਂਤ ਸੁਣ ਕੇ ਉਹ ਇੰਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਉਹ ਇਹ ਜੱਲਿਆਂਵਾਲੇ ਬਾਗ ਵਿਚ ਇਸ ਸਾਕੇ ਦੀ ਇਕ ਯਾਦਗਾਰ ਬਣਾਉਣਗੇ। ਉੱਤਰ ਪ੍ਰਦੇਸ਼ ਦੇ ਇਸ

ਬੰਗਾਲੀ ਬਾਬੂ ਨੇ ਦ੍ਰਿੜ੍ਹ ਇਰਾਦਾ ਕਰ ਲਿਆ ਕਿ ਉਹ ਆਪਣਾ ਬਾਕੀ ਜੀਵਨ ਪੰਜਾਬ ਦੀ ਸੇਵਾ ਕਰਨ ਵਿਚ ਬਤੀਤ ਕਰਨਗੇ। ਉਹ ਕੌਮੀ ਏਕਤਾ ਦੇ ਇਕ ਪੂਰਨ ਤੇ ਸ਼ੁੱਧ ਪ੍ਰਤੀਕ ਸਨ।

ਇਸ ਤੋਂ ਪਿੱਛੋਂ ਡਾ. ਮੁਖਰਜੀ, ਗਾਂਧੀ ਜੀ, ਮੋਤੀ ਲਾਲ ਨਹਿਰੂ, ਜਵਾਹਰ ਲਾਲ ਨਹਿਰੂ ਅਤੇ ਸਰਦਾਰ ਪਟੇਲ ਸਮੇਤ ਕਈ ਪ੍ਰਮੁੱਖ ਲੀਡਰਾਂ ਨੂੰ ਮਿਲੇ ਅਤੇ ਉਨ੍ਹਾਂ ਦੇ ਸਾਹਮਣੇ, ਸੁਤੰਤਰਤਾ-ਸੰਗਰਾਮ ਦੇ ਸ਼ਹੀਦਾਂ ਦੀ ਯਾਦ ਨੂੰ ਕਾਇਮ ਰੱਖਣ ਲਈ ਜੱਲਿਆਂਵਾਲੇ ਬਾਗ ਵਿਚ ਇਕ ਕੌਮੀ ਯਾਦਗਾਰ ਸਥਾਪਿਤ ਕਰਨ ਦੀ ਤਜਵੀਜ਼ ਰੱਖੀ।

ਉਹ ਕਹਿੰਦੇ ਹਨ ਕਿ ਉਸ ਸਾਲ ਦਸੰਬਰ ਦੇ ਮਹੀਨੇ ਵਿਚ ਕਾਂਗਰਸ ਦਾ ਇਜਲਾਸ ਅੰਮ੍ਰਿਤਸਰ ਵਿਚ ਅਚਿਸੰਨ ਪਾਰਕ ਵਿਚ ਹੋਇਆ, ਜਿਸ ਨੂੰ ਆਮ ਤੌਰ ’ਤੇ ਗੋਲਬਾਗ ਕਹਿੰਦੇ ਹਨ। ਇਹ ਗੋਲਬਾਗ ਦੁਰਗਿਆਨਾ ਮੰਦਰ ਦੇ ਸਾਹਮਣੇ ਹੈ।

ਇਸ ਤੋਂ ਅੱਗੇ ਉਹ ਦਸਦੇ ਹਨ ਕਿ ਪੰਡਤ ਮੋਤੀ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਹੋਏ ਇਸ ਇਜਲਾਸ ਵਿਚ ਇਕ ਮਤਾ ਪਾਸ ਕਰ ਕੇ ਇਹ ਨਿਸਚਾ ਕੀਤਾ ਗਿਆ ਕਿ ਯਾਦਗਾਰ ਕਾਇਮ ਕਰਨ ਲਈ ਜੱਲਿਆਂਵਾਲੇ ਬਾਗ ਦੀ ਜ਼ਮੀਨ ਖ਼ਰੀਦੀ ਜਾਏਗੀ।

ਇਸ ਤੋਂ ਪਹਿਲਾਂ ਕਿ ਸਰਕਾਰ ਇਸ ਅਸਥਾਨ ’ਤੇ ਕੁਝ ਹੋਰ ਕਰਦੀ, ਡਾ. ਮੁਖਰਜੀ ਨੇ ਪਿੰਡ ਜੱਲਿਆਂ ਦੇ ਸਰਦਾਰਾਂ ਤੋਂ ਜੱਲਿਆਂਵਾਲੇ ਬਾਗ ਦੀ ਜ਼ਮੀਨ ਖਰੀਦਣ ਵਿਚ ਉੱਘਾ ਯੋਗਦਾਨ ਪਾਇਆ। ਇਸ ਬਾਗ ਦਾ ਨਾਂ ਪਿੰਡ ਜੱਲਿਆਂ ਦੇ ਨਾਂ ਉਤੇ ਪਿਆ ਹੋਇਆ ਹੈ।

ਜੱਲਿਆਂਵਾਲੇ ਬਾਗ ਵਿਚ ਪਹਿਲਾਂ ਆਮ ਤੌਰ ’ਤੇ ਜਨਤਕ ਜਲਸੇ ਜਾਂ ਇੱਕਤਰਤਾਵਾਂ ਹੋਇਆ ਕਰਦੀਆਂ ਸਨ। ਡਾ ਐੱਸ.ਕੇ. ਮੁਖਰਜੀ ਦਸਦੇ ਹਨ ਕਿ ਸਰਕਾਰ ਇਸ ਜਗ੍ਹਾ ’ਤੇ ਦੁਕਾਨਾਂ ਜਾਂ ਮੰਡੀ ਬਣਾਉਣਾ ਚਾਹੁੰਦੀ ਸੀ, ਤਾਂ ਜੋ ਲੋਕ ਸਰਕਾਰ ਦੇ ਕੁਕਰਮ ਨੂੰ ਭੁੱਲ ਜਾਣ।

ਡਾ. ਮੁਖਰਜੀ ਜੀ ਇੱਥੇ ਯਾਦਗਾਰ ਬਣਾਉਣ ਲਈ ਫੰਡ ਇਕੱਠਾ ਕਰਨ ਵਾਸਤੇ ਘਰ-ਘਰ ਗਏ ਅਤੇ ਉਨ੍ਹਾ ਨੇ 9 ਲੱਖ 35 ਹਜ਼ਾਰ ਰੁਪਏ ਇਕੱਠੇ ਕਰ ਲਏ। ਅੰਗਰੇਜ਼ ਸਰਕਾਰ ਨਹੀਂ ਚਾਹੁੰਦੀ ਸੀ ਕਿ ਇਹ ਜਗ੍ਹਾ ਕਾਂਗਰਸ ਦੇ ਹੱਥਾਂ ਵਿਚ ਚਲੀ ਜਾਵੇ। ਉਸ ਨੇ ਜੱਲ੍ਹਿਆਂਵਾਲੇ ਬਾਗ ਦੇ 34 ਮਾਲਕਾਂ ਨੂੰ ਬੜੇ ਲਾਲਚ ਦਿੱਤੇ ਅਤੇ ਇਹ ਪੇਸ਼ਕਸ਼ ਵੀ ਕੀਤੀ ਕਿ ਇੱਥੇ ਕਪੜੇ ਦੀ ਮਾਰਕੀਟ ਬਣਾਈ ਜਾਏਗੀ।

ਆਖ਼ਰ ਸਰਕਾਰ ਦੀ ਮਰਜ਼ੀ ਦੇ ਖ਼ਿਲਾਫ਼ ਇਸ ਜ਼ਮੀਨ ਦੀ ਨੀਲਾਮੀ ਕੀਤੀ ਗਈ। ਜ਼ਮੀਨ ਦੀ ਬੋਲੀ ਡਾ. ਮੁਖਰਜੀ ਜੀ ਦੇ ਹੱਕ ਵਿਚ ਪੰਜ ਲੱਖ 65 ਹਜ਼ਾਰ ਰੁਪਏ ’ਤੇ ਟੁੱਟੀ। ਸਰਕਾਰ ਨੇ ਡਾ. ਮੁਖਰਜੀ ਨੂੰ ਗ੍ਰਿਫਤਾਰ ਕਰ ਲਿਆ। ਪੁਲੀਸ ਨੇ ਉਨ੍ਹਾਂ ਨੂੰ ਮਜਬੂਰ ਕੀਤਾ ਕਿ ਉਹ ਜ਼ਮੀਨ ਦਾ ਇਕਰਾਰਨਾਮਾ ਸਰਕਾਰ ਨੂੰ ਦੇ ਦੇਣ ਪਰ ਉਹ ਆਪਣੇ ਫ਼ੈਸਲੇ ਤੋਂ ਜ਼ਰਾ ਭਰ ਵੀ ਇੱਧਰ-ਉੱਧਰ ਨਹੀਂ ਹੋਏ।



ਆਖ਼ਰ 1920 ਵਿਚ ਡਾ. ਮੁਖਰਜੀ ਨੂੰ ਜੱਲਿਆਂਵਾਲਾ ਬਾਗ ਮੈਮੋਰੀਅਲ ਟਰੱਸਟ ਦਾ ਬਾਨੀ ਸਕੱਤਰ ਨਿਯੁਕਤ ਕੀਤਾ ਗਿਆ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਮੈਮੋਰੀਅਲ ਟਰੱਸਟ ਦੇ ਚੇਅਰਮੈਨ ਬਣ ਗਏ। ਸ਼ਹੀਦਾਂ ਦੀ ਢੁਕਵੀਂ ਸ਼ਾਨਦਾਰ ਯਾਦਗਾਰ ਉਸਾਰਨ ਲਈ ਅੰਤਰਰਾਸ਼ਟਰੀ ਪੱਧਰ ’ਤੇ ਟੈਂਡਰ ਮੰਗੇ ਗਏ। ਅਮਰੀਕਾ ਦੇ ਪ੍ਰਸਿੱਧ ਭਵਨ-ਨਿਰਮਾਤਾ ਬੈਂਜਾਮਿਨ ਪੋਲਕ ਦਾ ਲਟ-ਲਟ ਬਲਦੀ ਜੋਤ ਦਾ ਡਿਜ਼ਾਈਨ ਚੁਣਿਆ ਗਿਆ। ਇਸ ਯਾਦਗਾਰ ਨੂੰ ਅੱਜਕਲ੍ਹ ‘ਸੁਤੰਤਰਤਾ ਦੀ ਜੋਤੀ’ ਕਿਹਾ ਜਾਂਦਾ ਹੈ।

ਡਾ. ਮੁਖਰਜੀ ਦੀ ਬੇਨਤੀ ਨੂੰ ਮੰਨ ਕੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਜੀ ਇਸ ਯਾਦਗਾਰ ਦੇ ਉਦਘਾਟਨ ਸਮਾਰੋਹ ਵਿਚ ਸ਼ਾਮਲ ਹੋਏ। ਇਹ ਸ਼ਾਇਦ ਆਜ਼ਾਦ ਭਾਰਤ ਦੇ ਇਤਿਹਾਸ ਵਿਚ ਪਹਿਲਾ ਮੌਕਾ ਸੀ ਜਦੋਂ ਪ੍ਰਧਾਨ ਮੰਤਰੀ ਅਤੇ ਰਾਸ਼ਟਪਤੀ ਦੋਵੇਂ ਦੇਸ਼ ਦੀ ਰਾਜਧਾਨੀ ਤੋਂ ਬਾਹਰ ਕਿਸੇ ਸਮਾਗਮ ਵਿਚ ਇਕੱਠੇ ਹਾਜ਼ਰ ਹੋਏ।

ਡਾ. ਮੁਖਰਜੀ ਦੇ ਸਪੁੱਤਰ ਸ੍ਰੀ ਯੂ.ਐੱਨ. ਮੁਖਰਜੀ 1961 ਤੋਂ 1988 ਤਕ ਮੈਮੋਰੀਅਲ ਟਰੱਸਟ ਦੇ ਸਕੱਤਰ ਰਹੇ। ਉਨ੍ਹਾਂ ਦੇ ਦੇਹਾਂਤ ਤੋਂ ਪਿੱਛੋਂ ਉਨ੍ਹਾਂ ਦੇ ਸਪੁੱਤਰ ਸ੍ਰੀ ਐੱਸ.ਕੇ. ਮੁਖਰਜੀ ਨੂੰ ਸਕੱਤਰ ਬਣਾਇਆ ਗਿਆ। ਐੱਸ.ਕੇ. ਮੁਖਰਜੀ ਨੇ ਸਕੱਤਰ ਦੀ ਸੇਵਾ ਨਿਭਾਉਣ ਲਈ ਓਰੀਐਂਟਲ ਬੈਂਕ ਆਫ਼ ਕਾਮਰਸ ਦੀ ਨੌਕਰੀ ਛੱਡ ਦਿੱਤੀ। ਉਹ ਸਕੱਤਰ ਦੇ ਅਹੁਦੇ ਨੂੰ ਦੇਸ਼ ਦੀ ਸੇਵਾ ਸਮਝਦੇ ਸਨ।

ਮੁਖਰਜੀ ਪਰਿਵਾਰ ਬੰਗਾਲ ਦੇ ਜ਼ਿਲ੍ਹਾ ਹੁਗਲੀ ਦੇ ਪਿੰਡ ਦਾਸਘਾਰਾ ਨਾਲ ਸਬੰਧ ਰੱਖਦਾ ਹੈ। ਸ੍ਰੀ ਐੱਸ.ਕੇ. ਮੁਖਰਜੀ ਆਪਣੇ ਵੱਡੇ ਭਰਾ ਸ੍ਰੀ ਪੀ.ਐੱਸ.ਮੁਖਰਜੀ ਅਤੇ ਆਪਣੇ ਪਰਿਵਾਰਾਂ ਸਹਿਤ ਜੱਲਿਆਂਵਾਲਾ ਬਾਗ ਵਿਚ ਹੀ ਰਹਿੰਦੇ ਹਨ। ਉਹ ਬੰਗਾਲ ਵਿਚ ਆਪਣੇ ਰਿਸ਼ਤੇਦਾਰਾਂ ਨਾਲ ਨੇੜੇ ਦੇ ਸਬੰਧ ਰੱਖਦੇ ਹੋਏ ਉਤਰੀ ਭਾਰਤ ਦੇ ਸਾਰੇ ਤਿਉਹਾਰ ਮਨਾਉਂਦੇ ਹਨ।

ਟਰੱਸਟ ਨੇ ਜੱਲਿਆਂਵਾਲੇ ਬਾਗ ਦੇ ਕਤਲੇਆਮ ਨਾਲ ਸਬੰਧਿਤ ਬਹੁਤ ਸਾਰੀਆਂ ਇਤਿਹਾਸਕ ਵਸਤਾਂ ਸੰਭਾਲੀਆਂ ਹੋਈਆਂ ਹਨ। ਇਨ੍ਹਾਂ ਵਸਤਾਂ ਵਿਚ ਇਕ ਸਿੱਕਾ ਵੀ ਸ਼ਾਮਲ ਹੈ। ਜਿਸ ਵਿਚ ਗੋਲੀ ਲੱਗਣ ਨਾਲ ਮੋਰੀ ਹੋਈ ਹੋਈ ਹੈ। ਇਹ ਸਿੱਕਾ ਇਕ ਸ਼ਹੀਦ ਦੀ ਜੇਬ ਵਿਚੋਂ ਮਿਲਿਆ ਸੀ। ਇਨ੍ਹਾਂ ਵਸਤਾਂ ਵਿਚ ਕਤਲੇਆਮ ਵਿਚ ਜ਼ਖ਼ਮੀ ਹੋਏ ਲੋਕਾਂ ਦੀ ਇਕ ਦੁਰਲੱਭ ਫੋਟੋ, ਸ਼ਹੀਦ ਊਧਮ ਸਿੰਘ ਦੀ ਮੌਤ ਦਾ ਸਰਟੀਫਿਕੇਟ ਅਤੇ ਕਈ ਹੋਰ ਚੀਜ਼ਾਂ ਸ਼ਾਮਲ ਹਨ।

ਇਸ ਖ਼ੂਨੀ ਸਾਕੇ ਤੋਂ ਬਾਅਦ ‘ਟ੍ਰਿਬਿਊਨ’ ਅਖ਼ਬਾਰ ਨੇ ਦੇਸ਼-ਭਗਤੀ ਵਾਲੀ ਭੂਮਿਕਾ ਨਿਭਾਈ।

ਜੱਲਿਆਂਵਾਲੇ ਬਾਗ ਦੀ ਦੁਖਦਾਈ ਘਟਨਾ ਤੋਂ ਪਿੱਛੋਂ ਪੰਜਾਬ ਸਾਰੀ ਦੁਨੀਆ ਨਾਲੋਂ ਕੱਟਿਆ ਗਿਆ ਸੀ। ‘ਟ੍ਰਿਬਿਊਨ’ ਸਮੇਤ ਸਾਰੇ ਸਥਾਨਕ ਕੌਮੀ ਅਖ਼ਬਾਰ ਬੰਦ ਕਰ ਦਿੱਤੇ ਗਏ ਸਨ। ਹਰ ਤਰ੍ਹਾਂ ਦੀਆਂ ਖ਼ਬਰਾਂ ਸਰਕਾਰੀ ਅਧਿਕਾਰੀਆਂ ਦੇ ਕੰਟਰੋਲ

ਵਿਚ ਸਨ। ਇਸ ਸਾਕੇ ਸਬੰਧੀ ਅੰਗਰੇਜ਼ ਸਰਕਾਰ ਵਲੋਂ ਨਿਯੁਕਤ ਕੀਤੀ ਹੰਟਰ ਕਮੇਟੀ ਦੀ ਰਿਪੋਰਟ ਐਵੇਂ ਅੱਖਾਂ ਪੂੰਝਣ ਦਾ ਇਕ ਯਤਨ ਸੀ।

ਇਸ ਸਥਿਤੀ ਵਿਚ ਜਦੋਂ ਦੇਸ਼-ਵਾਸੀ ਆਜ਼ਾਦੀ ਦੀ ਅਸਲ ਜੰਗ ਲੜ ਰਹੇ ਸਨ, ਉਸ ਵੇਲੇ ਕਈ ਪੱਤਰਕਾਰਾਂ ਨੇ ਮੋਹਰੀ ਭੂਮਿਕਾ ਨਿਭਾਈ। ਉਨ੍ਹਾਂ ਨੂੰ ਸਰਕਾਰੀ ਅਧਿਕਾਰੀਆਂ ਦਾ ਅਜ਼ਾਬ ਝੱਲਣਾ ਪਿਆ। ਇਸ ਸੰਗਰਾਮ ਵਿਚ 'ਟ੍ਰਿਬਿਊਨ' ਦੇ ਪ੍ਰਸਿੱਧ ਸੰਪਾਦਕ ਸ੍ਰੀ ਕਾਲੀ ਨਾਥ ਰਾਏ ਸਭ ਤੋਂ ਅੱਗੇ ਸਨ। ਉਨ੍ਹਾਂ ਦਾ ਕੇਸ ਮਾਰਸ਼ਲ ਟ੍ਰਿਬਿਊਨਲ ਦੇ ਮੁਖੀ ਲੈਫ਼ਟੀਨੈਂਟ ਕਰਨਲ ਇਰਵਿਨ ਦੇ ਸਾਹਮਣੇ ਪੇਸ਼ ਹੋਇਆ। ਸ੍ਰੀ ਕਾਲੀ ਨਾਥ ਨੂੰ ਦੋ ਸਾਲ ਸਖ਼ਤ ਕੈਦ ਅਤੇ ਇਕ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ। 'ਟ੍ਰਿਬਿਊਨ' ਉਤੇ ਸਰਕਾਰ ਦਾ ਇਹ ਕਹਿਰ ਇਸ ਲਈ ਨਾਜ਼ਲ ਹੋਇਆ ਕਿਉਂਕਿ ਉਸ ਨੇ 6 ਅਪ੍ਰੈਲ 1919 ਨੂੰ ਇਸ ਸਾਕੇ ਸਬੰਧੀ 'ਜਾਮਾ ਮਸਜਿਦ ਵਿਚ ਕੀਤੀ ਦੁਆ' ਦੀ ਖ਼ਬਰ ਛਾਪ ਦਿੱਤੀ ਸੀ। ਸਾਰਾ ਅੰਮ੍ਰਿਤਸਰ ਸ਼ਹਿਰ ਜਨਰਲ ਡਾਇਰ ਦੇ ਹਵਾਲੇ ਕਰ ਦਿੱਤਾ ਗਿਆ। 'ਟ੍ਰਿਬਿਊਨ' ਵਿਚ ਛਪੇ ਇਕ ਲੇਖ ਦੀਆਂ ਇਹ ਸਤਰਾਂ ਦਸਦੀਆਂ ਹਨ ਕਿ ਇਸ ਖ਼ੂਨੀ ਸਾਕੇ ਤੋਂ ਬਾਅਦ ਕਿਵੇਂ ਸਾਰਾ ਦੇਸ਼ ਅੰਗਰੇਜ਼ਾਂ ਦੇ ਖ਼ਿਲਾਫ ਭੜਕ ਉੱਠਿਆ। "ਜੱਲਿਆਂਵਾਲੇ ਬਾਗ ਦਾ ਖ਼ੂਨੀ-ਕਾਂਡ ਅੰਗਰੇਜ਼ ਸਰਕਾਰ ਦੇ ਘਟੀਆ ਕਿਰਦਾਰ ਦੀ ਇਕ ਮਿਸਾਲ ਹੈ। ਉਨ੍ਹਾਂ ਨੇ ਸਾਨੂੰ ਸ਼ਹਿਰ ਦੀਆਂ ਗਲੀਆਂ ਵਿਚ ਢਿੱਡ-ਭਾਰ ਰੀਂਗਣ ਲਈ ਮਜਬੂਰ ਕੀਤਾ। ਉਨ੍ਹਾਂ ਨੇ ਸਾਡੇ ਉਤੇ ਇੰਜ ਗੋਲੀਆਂ ਚਲਾਈਆਂ ਜਿਵੇਂ ਜੰਗਲ ਦੇ ਅਵਾਰਾ ਕੁੱਤਿਆਂ ਨੂੰ ਮਾਰਿਆ ਜਾਂਦਾ ਹੈ। ਇਸ ਸਾਕੇ ਨੇ ਭਾਰਤ ਵਿਚ ਅੰਗਰੇਜ਼ੀ ਰਾਜ ਦੇ ਕਫ਼ਨ ਵਿਚ ਆਖ਼ਰੀ ਕਿੱਲ ਠੋਕ ਦਿੱਤੇ ਹਨ। ਅੱਜ ਤੋਂ ਸਾਡੇ ਰਾਹ ਸੱਚਮੁੱਚ ਵੱਖ-ਵੱਖ ਹੋ ਗਏ ਹਨ।"

ਬਾਅਦ ਵਿਚ 'ਟ੍ਰਿਬਿਊਨ' ਦੇ ਮੁੱਖ ਸਹਾਇਕ ਸੰਪਾਦਕ ਪੰਡਤ ਪਿਆਰੇ ਮੋਹਨ ਦੱਤਾਤ੍ਰੀਆ ਨੇ ਜੱਲਿਆਂਵਾਲੇ ਬਾਗ ਦੀਆਂ ਇਤਿਹਾਸਕ ਘਟਨਾਵਾਂ ਨੂੰ ਕਲਮ-ਬੰਦ ਕੀਤਾ। ਉਨ੍ਹਾਂ ਨੇ ਦੋ ਭਾਗਾਂ ਵਿਚ ਪੁਸਤਕ 'ਦੀ ਪੰਜਾਬ ਰੈਬਿਲੀਅਨ ਆਫ਼ 1919 ਐਂਡ ਹਊ ਇਟ ਵਾਜ਼ ਸੁਪ੍ਰੈੱਸਡ' (ਪੰਜਾਬ ਦੀ 1919 ਦੀ ਬਗਾਵਤ ਅਤੇ ਇਹ ਕਿਵੇਂ ਦਬਾਈ ਗਈ) ਲਿਖੀ। ਇਸ ਪੁਸਤਕ ਦਾ ਮੁਖਬੰਦ ਲਾਲਾ ਲਾਜਪਤ ਰਾਏ ਨੇ ਲਿਖਿਆ ਸੀ।

ਜਦੋਂ 23 ਦਸੰਬਰ 1936 ਨੂੰ ਲਾਹੌਰ ਵਿਚ ਪੰਡਤ ਪਿਆਰੇ ਮੋਹਨ ਦੱਤਾਤ੍ਰੀਆ ਦੀ 41 ਸਾਲ ਦੀ ਜਵਾਨ ਉਮਰ ਵਿਚ ਮੌਤ ਹੋ ਗਈ ਤਾਂ ਦਿੱਲੀ ਦੇ ਇਕ ਕੌਮੀ ਅਖ਼ਬਾਰ ਨੇ ਉਨ੍ਹਾਂ ਨੂੰ 'ਇਕ ਮਹਾਨ ਪੱਤਰਕਾਰ' ਆਖਿਆ। ਪਿਆਰੇ ਮੋਹਨ, ਉਰਦੂ, ਫਾਰਸੀ ਦੇ ਇਕ ਨਾਮਵਰ ਵਿੱਦਵਾਨ ਅਤੇ ਸ਼ਾਇਰ ਪੰਡਤ ਬ੍ਰਿਜ ਮੋਹਨ ਦੱਤਾਤ੍ਰੀਆ ਕੈਫ਼ੀ ਦੇ ਪੁੱਤਰ ਸਨ। ਉਨ੍ਹਾਂ ਦਾ ਜਨਮ 1895 ਈ. ਵਿਚ ਹੋਇਆ ਸੀ। ਉਹ ਨਵੰਬਰ 1920 ਵਿਚ ਅਦਾਰਾ 'ਟ੍ਰਿਬਿਊਨ' ਵਿਚ ਆਏ ਅਤੇ ਕੇਵਲ ਆਪਣੀ ਮਿਹਨਤ ਅਤੇ ਯੋਗਤਾ ਨਾਲ ਅਖ਼ਬਾਰ ਦੇ ਮੁੱਖ ਸਹਾਇਕ ਸੰਪਾਦਕ ਬਣ ਗਏ। ਪੰਡਤ



ਪਿਆਰੇ ਮੋਹਨ ਦੀ ਕਲਾਸਿਕ ਰਚਨਾ ਜੋ ਪਹਿਲੀ ਵਾਰ ਲਾਹੌਰ ਵਿਚ 1920 ਵਿਚ ਛਪੀ, ਕੇਵਲ ਜੱਲਿਆਂਵਾਲੇ ਬਾਗ ਬਾਰੇ ਹੀ ਨਹੀਂ, ਸਗੋਂ ਪੰਜਾਬ ਵਿਚ 1919 ਵਿਚ ਲੱਗੇ ਮਾਰਸ਼ਲ ਲਾਅ ਬਾਰੇ ਇਕ ਮੁਕੰਮਲ ਵਿਸ਼ਵ ਕੋਸ਼ ਸੀ। ਪਰ ਛਪਦਿਆਂ ਸਾਰ ਹੀ ਅੰਗਰੇਜ਼ ਸਰਕਾਰ ਨੇ ਇਸ ਕਿਤਾਬ ਉਤੇ ਪਾਬੰਦੀ ਲਾ ਦਿੱਤੀ।

## ਸ਼ਹੀਦ ਦੇ ਬੋਲ

"ਉਹ ਅਸਲੀ ਮੁਜਰਮ ਸੀ। ਉਸ ਦਾ ਅੰਤ ਇਸੇ ਤਰ੍ਹਾਂ ਹੋਣਾ ਚਾਹੀਦਾ ਸੀ। ਉਹ ਮੇਰੇ ਹਮ-ਵਤਨਾਂ ਦੇ ਜੋਸ਼ ਨੂੰ ਕੁਚਲਣਾ ਚਾਹੁੰਦਾ ਸੀ, ਮੈਂ ਉਸ ਨੂੰ ਕੁਚਲ ਦਿੱਤਾ।" ਇਹ ਸ਼ਹੀਦ ਊਧਮ ਸਿੰਘ ਦੇ ਅਦਾਲਤ ਵਿਚ ਕਹੇ ਬੋਲ ਹਨ। ਉਹ ਅਦਾਲਤ ਨੂੰ ਦਸ ਰਿਹਾ ਸੀ ਕਿ ਉਸ ਨੇ ਪੰਜਾਬ ਦੇ ਸਾਬਕ ਲੈਫ਼ਟੀਨੈਂਟ ਗਵਰਨਰ ਮਾਈਕਲ ਉਡਵਾਇਰ ਨੂੰ ਕਿਉਂ ਮਾਰਿਆ। ਊਧਮ ਸਿੰਘ ਦਾ, ਜਿਸ ਦਾ ਦੂਸਰਾ ਨਾਂ ਰਾਮ ਮੁਹੰਮਦ ਸਿੰਘ ਆਜ਼ਾਦ ਸੀ, ਪਾਲਨ-ਪੋਸ਼ਨ ਚੀਫ਼ ਖਾਲਸਾ ਦੀਵਾਨ ਵੱਲੋਂ ਚਲਾਏ ਜਾਂਦੇ ਸੈਂਟਰਲ ਯਤੀਮਖਾਨਾ ਅੰਮ੍ਰਿਤਸਰ ਵਿਚ ਹੋਇਆ ਸੀ। ਉਸ ਨੂੰ ਲੈਫ਼ਟੀਨੈਂਟ ਗਵਰਨਰ ਮਾਈਕਲ ਉਡਵਾਇਰ ਦੇ ਕਤਲ ਦੇ ਦੋਸ਼ ਵਿਚ ਜੂਨ 1940 ਵਿਚ ਫਾਂਸੀ ਦਿੱਤੀ ਗਈ ਸੀ। ਪੰਜਾਬ ਦੇ 1919 ਦੇ ਵਿਦ੍ਰੋਹ ਨੂੰ ਜਿਵੇਂ ਅੰਗਰੇਜ਼ ਸਰਕਾਰ ਨੇ ਬੇਰਹਿਮੀ ਨਾਲ ਦਬਾਇਆ ਸੀ, ਇਹ ਸਾਰਾ ਕਾਰਾ ਉਡਵਾਇਰ ਦੀ ਨਿਗਰਾਨੀ ਵਿਚ ਹੋਇਆ ਸੀ। ਊਧਮ ਸਿੰਘ ਨੇ ਇਹ ਕਤਲੇਆਮ ਆਪਣੀ ਅੱਖੀਂ ਦੇਖਿਆ ਸੀ। ਊਧਮ ਸਿੰਘ ਦਾ ਚਿੱਤਰ ਬੜੇ ਸਤਿਕਾਰ ਨਾਲ ਜੱਲਿਆਂਵਾਲੇ ਬਾਗ ਦੀ ਸ਼ਹੀਦ ਗੈਲਰੀ ਵਿਚ ਲਗਾਇਆ ਗਿਆ ਹੈ, ਜਿਸ ਦੇ ਹੇਠਾਂ, ਸ਼ਹੀਦ ਦੇ ਇਹ ਬੋਲ ਲਿਖੇ ਹੋਏ ਹਨ ਜੋ ਉਸ ਨੇ ਇੰਗਲੈਂਡ ਦੀ ਅਦਾਲਤ ਵਿਚ ਕਹੇ ਸਨ "ਮੇਰਾ ਇਸ ਨਾਲੋਂ ਵੱਡਾ ਸਨਮਾਨ ਹੋਰ ਕੀ ਹੋ ਸਕਦਾ ਹੈ ਕਿ ਮੈਨੂੰ ਮਾਤਭੂਮੀ ਦੀ ਆਜ਼ਾਦੀ ਲਈ ਮੌਤ ਦੀ ਸਜ਼ਾ ਦਿੱਤੀ ਗਈ ਹੈ।"

## ਜਿਸ ਨੂੰ ਰੱਖੇ ਸਾਈਆਂ...

ਲੰਬਾ ਸਮਾਂ ਵੀ ਉਸ ਦੇ ਜ਼ਖ਼ਮ ਨਹੀਂ ਭਰ ਸਕਿਆ। ਜੱਲਿਆਂਵਾਲੇ ਬਾਗ ਦੇ ਕਤਲੇਆਮ ਦੀਆਂ ਯਾਦਾਂ ਅਜੇ ਵੀ 113 ਸਾਲਾਂ ਦੇ ਬਾਪੂ ਸ਼ਿੰਗਾਰਾ ਸਿੰਘ ਦੇ ਮਨ ਵਿਚ ਤਾਜ਼ੀਆਂ ਸਨ। ਕੁਝ ਸਮਾਂ ਪਹਿਲਾਂ ਉਹ ਚਲਾਣਾ ਕਰ ਗਏ। ਰਾਸ਼ਟਰਪਤੀ ਡਾ.ਏ.ਪੀ.ਜੇ.ਅਬਦੁਲ ਕਲਾਮ ਜੀ, ਬਾਪੂ ਸ਼ਿੰਗਾਰਾ ਸਿੰਘ ਦੇ ਆਖ਼ਰੀ ਸਾਲਾਂ ਵਿਚ ਉਸ ਸਾਕੇ ਦੀਆਂ ਅੱਖੀਂ ਦੇਖੀਆ ਘਟਨਾਵਾਂ ਸੁਣਨ ਲਈ ਉਨ੍ਹਾਂ ਨੂੰ ਮਿਲੇ ਸਨ, ਜਿਸ ਸਾਕੇ ਵਿਚ ਕਈ ਸੌ ਨਿਰਦੋਸ਼ ਭਾਰਤੀ ਜਨਰਲ ਡਾਇਰ ਦੇ ਹੱਥੋਂ ਮਾਰੇ ਗਏ ਸਨ।

ਬਾਪੂ ਸ਼ਿੰਗਾਰਾ ਸਿੰਘ ਨੂੰ ਦੇਸ਼-ਪਿਤਾ ਮਹਾਤਮਾ ਗਾਂਧੀ ਅਤੇ ਪੰਡਤ ਜਵਾਹਰ ਲਾਲ ਨਹਿਰੂ ਨੂੰ ਮਿਲਣ ਦਾ ਮੌਕਾ ਵੀ ਮਿਲਿਆ। ਭਾਵੇਂ ਉਮਰ ਦੇ ਆਖ਼ਰੀ ਸਾਲਾਂ ਵਿਚ ਸ਼ਿੰਗਾਰਾ ਸਿੰਘ ਨੂੰ ਅਧਰੰਗ ਹੋ ਗਿਆ ਸੀ ਪਰ ਉਨ੍ਹਾਂ ਨੂੰ ਦੇਸ਼-ਵੰਡ ਤੋਂ

ਪਹਿਲਾਂ ਦੀਆਂ ਬਹੁਤ ਸਾਰੀਆਂ ਘਟਨਾਵਾਂ ਚੰਗੀ ਤਰ੍ਹਾਂ ਯਾਦ ਸਨ। ਉਹ ਆਪਣੇ ਜੁਆਨੀ ਵੇਲੇ ਦੀਆਂ ਕਈ ਗੱਲਾਂ ਸੁਣਾਇਆ ਕਰਦੇ ਸਨ। ਉਨ੍ਹਾਂ ਨੇ ਕਈ ਫਸਾਦੀਆਂ ਨੂੰ ਮਾਰਿਆ ਸੀ। ਜੱਲਿਆਂਵਾਲੇ ਬਾਗ ਦੀ ਘਟਨਾ ਬਾਰੇ ਦਸਦਿਆਂ ਬਾਪੂ ਸ਼ਿੰਗਾਰਾ ਸਿੰਘ ਨੇ ਕਿਹਾ ਕਿ ਉਹ ਵਿਸਾਖੀ ਦੇ ਉਸ ਮੰਦਭਾਗੇ ਦਿਨ ਨੂੰ ਜੱਲਿਆਂਵਾਲੇ ਬਾਗ ਵਿਚ ਸੁਤੰਤਰਤਾ ਸੰਗਰਾਮੀਆਂ ਦੇ ਭਾਸ਼ਨ ਸੁਣਨ ਲਈ ਆਪਣੇ ਚਾਰ ਦੋਸਤਾਂ ਨਾਲ ਗਏ ਸਨ। ਅੰਨ੍ਹੇਵਾਹ ਚਲਦੀਆਂ ਗੋਲੀਆਂ ਨਾਲ ਉਨ੍ਹਾਂ ਦੇ ਤਿੰਨ ਦੋਸਤ ਮਾਰੇ ਗਏ ਅਤੇ ਉਹ ਕਿਸੇ ਤਰ੍ਹਾਂ ਉਥੋਂ ਬਚ ਕੇ ਨਿਕਲ ਗਏ। ਉਨ੍ਹਾਂ ਨੇ ਇਹ ਵੀ ਦੇਖਿਆ ਸੀ ਕਿ ਕਈ ਲੋਕਾਂ ਨੇ ਗੋਲੀਆਂ ਤੋਂ ਬਚਣ ਲਈ ਖੂਹ ਵਿਚ ਛਾਲਾਂ ਮਾਰ ਦਿੱਤੀਆਂ ਸਨ।

****



# ਇਕ ਭੁੱਲਿਆ ਵਿਸਰਿਆ ਯੋਧਾ

ਮਹਾਨ ਸਿੱਖ ਯੋਧੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਬੰਦੀ-ਛੋੜ ਕਿਹਾ ਜਾਂਦਾ ਹੈ। ਉਸ ਨੇ ਅਹਿਮਦਸ਼ਾਹ ਅਬਦਾਲੀ ਦੀ ਕੈਦ ਵਿਚੋਂ 2200 ਭਾਰਤੀ ਔਰਤਾਂ ਨੂੰ ਰਿਹਾ ਕਰਵਾਇਆ ਸੀ। ਜਾਪਦਾ ਹੈ ਕਿ ਅਸੀਂ ਇਸ ਸੂਰਮੇ ਨੂੰ ਭੁੱਲ ਗਏ ਹਾਂ।

ਸਰਦਾਰ ਆਹਲੂਵਾਲੀਆ ਨੂੰ ਖਾਲਸਾ ਪੰਥ ਦਾ ਸਰਬ-ਉੱਚ ਜਥੇਦਾਰ ਮੰਨਿਆ ਜਾਂਦਾ ਸੀ। ਨਵਾਬ ਕਪੂਰ ਸਿੰਘ ਫੈਜ਼ਲਪੁਰੀਆ ਦੀ ਮੌਤ ਤੋਂ ਬਾਅਦ ਨਵੰਬਰ 1761 ਵਿਚ ਜਦੋਂ ਸਿੱਖਾਂ ਨੇ ਲਾਹੌਰ ਉਤੇ ਕਬਜ਼ਾ ਕੀਤਾ ਤਾਂ ਉਨ੍ਹਾਂ ਨੂੰ ਪਾਤਸ਼ਾਹ ਜਾਂ ਸੁਲਤਾਨ-ਉਲ-ਕੌਮ ਦਾ ਖ਼ਿਤਾਬ ਦਿੱਤਾ ਗਿਆ।

ਸਰਦਾਰ ਆਹਲੂਵਾਲੀਆ ਨੇ ਅਠਾਰ੍ਹਵੀਂ ਸਦੀ ਵਿਚ ਪਠਾਣ ਹਮਲਾਵਰਾਂ ਅਤੇ ਮੁਗ਼ਲ ਹਾਕਮਾਂ ਦੇ ਅੱਤਿਆਚਾਰਾਂ ਦਾ ਬੜੀ ਸਫ਼ਲਤਾ ਨਾਲ ਮੁਕਾਬਲਾ ਕੀਤਾ।

ਅਸਲ ਗੱਲ ਇਹ ਹੈ ਕਿ ਸਰਦਾਰ ਆਹਲੂਵਾਲੀਆ ਨੇ ਸਵੈਰਾਜ ਦੀ ਨੀਂਹ ਰੱਖੀ ਅਤੇ ਦੱਰਾ ਖ਼ੈਬਰ ਤੋਂ ਜੰਮੂ ਤਕ ਅਤੇ ਸਿੰਧ ਤੋਂ ਤਿੱਬਤ ਤਕ ਪੰਜਾਬ ਦਾ ਨਕਸ਼ਾ ਬਦਲ ਦਿੱਤਾ। ਇਕ ਪੁਰਾਣੀ ਗੋਲੀ ਦੇ ਜ਼ਖ਼ਮ ਕਾਰਨ 7 ਅਕਤੂਬਰ 1753 ਨੂੰ ਚਲਾਣਾ ਕਰਨ ਤੋਂ ਪਹਿਲਾਂ ਨਵਾਬ ਕਪੂਰ ਸਿੰਘ ਨੇ ਜੱਸਾ ਸਿੰਘ ਆਹਲੂਵਾਲੀਏ ਨੂੰ ਆਪਣੇ ਪਾਸ ਬੁਲਾਇਆ ਅਤੇ ਉਸ ਨੂੰ ਖਾਲਸਾ ਪੰਥ ਦੀ ਸੇਵਾ ਕਰਨ ਦੀ ਜ਼ਿੰਮੇਵਾਰੀ ਸੰਭਾਲ ਦਿੱਤੀ। ਇਸ ਤਰ੍ਹਾਂ ਉਹ ਬੁੱਢਾ ਦਲ ਦੇ ਖਾਲਸੇ ਦਾ ਜਥੇਦਾਰ ਬਣ ਗਿਆ।

ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਆਪਣੀ ਪੁਸਤਕ 'ਸਰਦਾਰ ਜੱਸਾ ਸਿੰਘ ਆਹਲੂਵਾਲੀਆ' ਵਿਚ ਲਿਖਦੇ ਹਨ ਕਿ ਸਰਦਾਰ ਆਹਲੂਵਾਲੀਆ ਦਾ ਕੱਦ ਲੰਬਾ ਅਤੇ ਸਰੀਰ ਗੱਠਿਆ ਹੋਇਆ ਸੀ। ਇਸ ਗੱਲ ਦੀ ਪੁਸ਼ਟੀ ਇਸ ਤੱਥ ਤੋਂ ਹੁੰਦੀ ਹੈ ਕਿ ਕੋਈ ਵੀ ਘੋੜਾ ਉਨ੍ਹਾਂ ਹੇਠ ਛੇ ਮਹੀਨੇ ਤੋਂ ਵੱਧ ਨਹੀਂ ਸੀ ਕੱਢ ਸਕਦਾ। ਉਹ ਉਰਦੂ ਤੇ ਫਾਰਸੀ ਬੜੀ ਰਵਾਨੀ ਨਾਲ ਬੋਲ ਸਕਦਾ ਸੀ। ਡਾ. ਗੰਡਾ ਸਿੰਘ ਕਹਿੰਦੇ ਹਨ ਕਿ ਖਾਲਸਾ ਪੰਥ ਦੀ ਜਿਹੜੀ ਮਸ਼ਾਲ ਗੁਰੂ ਗੋਬਿੰਦ ਸਿੰਘ ਜੀ ਨੇ ਜਗਾਈ ਸੀ, ਉਸ ਨੂੰ ਬਾਬਾ ਬੰਦਾ ਸਿੰਘ ਬਹਾਦਰ ਅਤੇ ਜੱਸਾ ਸਿੰਘ ਆਹਲੂਵਾਲੀਆ ਨੇ ਲਟ-ਲਟ ਬਲਦੀ ਰੱਖਿਆ। ਸ. ਆਹਲੂਵਾਲੀਆ ਦੇ ਬਹਾਦਰੀ ਦੇ ਕਾਰਨਾਮਿਆਂ ਬਾਰੇ 1764-65 ਵਿਚ ਇਕ ਮੁਸਲਮਾਨ ਲਿਖਾਰੀ ਕਾਜ਼ੀ ਨੂਰ ਮੁਹੰਮਦ ਨੇ ਲਿਖਿਆ ਹੈ, "ਜਦੋਂ ਸਿੰਘ ਭਾਰਤੀ ਤਲਵਾਰ ਚੁੱਕਦੇ ਹਨ ਤਾਂ ਉਹ ਹਿੰਦ ਤੋਂ ਸਿੰਧ ਤਕ ਹਰ ਚੀਜ਼ ਨੂੰ ਆਪਣੇ ਪੈਰਾਂ ਹੇਠ ਰੌਂਦਦੇ ਤੇ ਤਬਾਹ ਕਰਦੇ ਨਿਕਲ ਜਾਂਦੇ ਹਨ। ਕੋਈ ਵੀ ਸੂਰਮਾ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦਾ।"

ਸਰਦਾਰ ਆਹਲੂਵਾਲੀਆ ਪ੍ਰਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਣਗਹਿਲੀ ਇਸ ਗੱਲ ਤੋਂ ਜ਼ਾਹਿਰ ਹੁੰਦੀ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਤੋਂ ਕੁਝ ਗਜ਼ਾਂ ਦੇ ਫਾਸਲੇ 'ਤੇ ਹੀ ਕਿਲ੍ਹਾ ਆਹਲੂਵਾਲੀਆ ਹੁੰਦਾ ਸੀ। ਵੀਹਵੀਂ ਸਦੀ ਦੇ ਸ਼ੁਰੂ ਵਿਚ ਅੰਗਰੇਜ਼ ਸਰਕਾਰ ਨੇ ਉਸ ਦੀ ਨਿਲਾਮੀ ਕਰ ਦਿੱਤੀ। ਪਰ ਸ਼੍ਰੋਮਣੀ ਕਮੇਟੀ ਦੇ ਕਿਸੇ ਅਧਿਕਾਰੀ ਨੇ ਜਾਂ ਕਿਸੇ ਸਿੱਖ ਲੀਡਰ ਨੇ ਇਸ ਵੱਲ ਧਿਆਨ ਨਹੀਂ ਦਿੱਤਾ। ਕਿਲੇ ਵਾਲੀ ਥਾਂ 'ਤੇ ਹੁਣ ਦੁਕਾਨਾਂ ਬਣ ਗਈਆਂ ਹਨ। ਕਿਸੇ ਨੇ ਵੀ ਸਿੱਖ ਯੋਧੇ ਦੀ ਇਸ ਵਿਰਾਸਤੀ ਇਮਾਰਤ ਨੂੰ ਸੰਭਾਲਣ ਦੀ ਕੋਸ਼ਿਸ਼ ਨਹੀਂ ਕੀਤੀ।

ਬੜੀ ਹੈਰਾਨੀ ਦੀ ਗੱਲ ਹੈ ਕਿ ਇਕ ਸਰਸਰੀ ਪੜਤਾਲ ਤੋਂ ਪਤਾ ਲੱਗਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਈ ਮੁਖੀ ਕਾਰਜ-ਕਰਤਾ ਇਸ ਕਿਲ੍ਹੇ ਦੀ ਹੋਂਦ ਤੋਂ ਅਣਜਾਣ ਸਨ। ਕਿਲ੍ਹੇ ਦੇ ਅੰਦਰ ਇਤਿਹਾਸਕ ਖੂਹ ਦੀ ਹਾਲਤ ਬਹੁਤ ਮਾੜੀ ਹੈ। ਨਿਲਾਮੀ ਹੋਣ ਪਿੱਛੋਂ ਕਿਲੇ ਦਾ ਵੱਡਾ ਹਿੱਸਾ ਦੁਕਾਨਦਾਰਾਂ ਨੇ ਢਾਹ ਦਿੱਤਾ ਹੈ। ਥੋੜ੍ਹੀ ਬਹੁਤ ਬਾਕੀ ਬਚਦੀ ਇਮਾਰਤ ਵੀ ਢਹਿ-ਢੇਰੀ ਹੋ ਰਹੀ ਹੈ। ਖੁਸ਼ਕਿਸਮਤੀ ਦੀ ਗੱਲ ਹੈ ਕਿ ਕਿਲ੍ਹੇ ਦਾ ਇਕ ਗੇਟ, ਅਤੇ ਖੂਹ ਅਤੇ ਬਾਕੀ ਬਚਦੇ ਕੁਝ ਹਿੱਸੇ ਸਹੀ ਸਲਾਮਤ ਹਨ। ਪੰਜਾਬ ਸਰਕਾਰ ਜੇ ਲੋੜੀਂਦਾ ਧਿਆਨ ਦੇਵੇ ਤਾਂ ਬਾਕੀ ਬਚਦੀ ਇਮਾਰਤ ਨੂੰ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

ਇਤਿਹਾਸਕਾਰਾਂ ਦੇ ਦੱਸਣ ਅਨੁਸਾਰ, 1850 ਈ. ਤਕ ਇਹ ਕਿਲ੍ਹਾ ਪੂਰੀ ਤਰ੍ਹਾਂ ਸੁਰੱਖਿਅਤ ਸੀ। ਸਰਦਾਰ ਆਹਲੂਵਾਲੀਆ ਇਥੇ ਠਹਿਰਿਆ ਕਰਦਾ ਸੀ। ਅੰਗਰੇਜ਼ਾਂ ਦੇ ਰਾਜ ਸਮੇਂ ਕੁਝ ਮਾਰਵਾੜੀਆਂ ਨੇ ਨਿਲਾਮੀ ਵਿਚ ਇਸ ਕਿਲ੍ਹੇ ਨੂੰ ਖਰੀਦ ਲਿਆ। ਕਿਲੇ ਦੀਆਂ ਖਿੜਕੀਆਂ ਉਤੇ ਬਣੇ ਕੰਧ-ਚਿਤਰ ਉਨ੍ਹੀਵੀਂ ਸਦੀ ਵਿਚ ਬਣੇ ਪ੍ਰਤੀਤ ਹੁੰਦੇ ਹਨ।

"ਇਨ੍ਹਾਂ ਕੰਧ-ਚਿਤਰਾਂ ਉਤੇ ਯੂਰਪੀਅਨ ਚਿਤਰ ਕਲਾ ਦਾ ਪ੍ਰਭਾਵ ਸਾਫ਼ ਦਿਖਾਈ ਦਿੰਦਾ ਹੈ। ਸ਼ਿਵ ਜੀ ਦੇ ਇਕ ਚਿਤਰ ਤੋਂ ਇਲਾਵਾ ਬਾਕੀ ਸਾਰੇ ਚਿਤਰ, ਯੂਰਪੀਅਨ ਚਿਤਰ ਹਨ।" ਬਹੁਤੇ ਚਿਤਰ ਬਾਗ ਬਗੀਚਿਆਂ ਦੇ ਹਨ, ਜਿਨ੍ਹਾਂ ਵਿਚ ਖੂਬਸੂਰਤ ਅੰਗਰੇਜ਼ ਔਰਤਾਂ ਸੈਰ ਕਰ ਰਹੀਆਂ ਹਨ। ਸੈਰ ਕਰਦੇ ਜੋੜਿਆਂ ਅਤੇ ਬੱਚਿਆਂ ਦੇ ਕਪੜੇ ਅੰਗਰੇਜ਼ੀ ਸਟਾਈਲ ਦੇ ਹਨ। ਇਨ੍ਹਾਂ ਖੂਬਸੂਰਤ ਚਿਤਰਾਂ ਦੇ ਰੰਗ ਹੁਣ ਫਿੱਕੇ ਪੈ ਰਹੇ ਹਨ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਗੁਰੂ ਗੋਬਿੰਦ ਸਿੰਘ ਜੀ ਦੇ ਅਸ਼ੀਰਵਾਦ ਨਾਲ ਹੋਇਆ ਸੀ ਅਤੇ ਆਪ ਦਾ ਪਾਲਨ-ਪੋਸਨ ਗੁਰੂ ਜੀ ਦੀ ਧਰਮ ਪਤਨੀ ਮਾਤਾ ਸੁੰਦਰੀ ਜੀ ਦੀ ਦੇਖ-ਰੇਖ ਹੇਠ ਹੋਇਆ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸਿੱਖ ਪੰਥ ਦੇ ਹਲਚਲ ਭਰੇ ਸਮਿਆਂ ਵਿਚ ਸਰਦਾਰ ਆਹਲੂਵਾਲੀਆ ਨੇ ਬੜੀ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਨੇ ਵਿਦੇਸ਼ੀ ਹਮਲਾਵਰਾਂ ਦੇ ਹਮਲਿਆਂ ਦਾ ਡਟ ਕੇ ਮੁਕਾਬਲਾ ਕੀਤਾ। ਉਨ੍ਹਾਂ ਦੇ ਬਹਾਦਰੀ-ਭਰੇ ਕਾਰਨਾਮਿਆਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਸਰਦਾਰੀ ਹੇਠ ਸਿੱਖ ਰਾਜ ਦੀ ਸਥਾਪਨਾ ਦਾ ਰਾਹ ਪੱਧਰਾ ਕੀਤਾ।



ਗੁਰਬਾਣੀ ਦੇ ਪਰਮ ਸ਼ਰਧਾਲੂ ਅਤੇ ਮੈਦਾਨੇ-ਜੰਗ ਦੇ ਨਿਧੜਕ ਯੋਧਾ ਸ. ਜੱਸਾ ਸਿੰਘ ਆਹਲੂਵਾਲੀਆ ਗੁਰੂ ਹਰਿਗੋਬਿੰਦ ਸਾਹਿਬ ਦੇ ਮੀਰੀ-ਪੀਰੀ ਦੇ ਸਿਧਾਂਤ ਦੇ ਪ੍ਰਤੀਕ ਸਨ। ਇਸ ਦੇ ਬਾਵਜੂਦ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਮੈਮੋਰੀਅਲ ਸੁਸਾਇਟੀ ਪੰਜਾਬ ਦੇ ਮੈਂਬਰ ਇਸ ਗੱਲ 'ਤੇ ਅਫਸੋਸ ਜ਼ਾਹਿਰ ਕਰਦੇ ਹਨ ਕਿ ਜਿਸ ਸਿੱਖ ਸੂਰਮੇ ਨੇ ਉਮਰ ਭਰ ਸਿੱਖ ਪੰਥ ਦੀ ਅਣਥੱਕ ਅਤੇ ਨਿਸ਼ਕਾਮ ਸੇਵਾ ਕੀਤੀ ਉਸ ਨੂੰ ਪੰਥ ਵਲੋਂ ਪੂਰਾ ਸਤਿਕਾਰ ਨਹੀਂ ਮਿਲਿਆ। ਖਾਲਸਾ ਸਿਰਜਨਾ ਦੀ ਤ੍ਰੈਸ਼ਤਾਬਦੀ ਵਿਚ ਉਨ੍ਹਾਂ ਦਾ ਜ਼ਿਕਰ ਘੱਟ ਵੱਧ ਹੀ ਕੀਤਾ ਗਿਆ। ਸਿੱਖਾਂ ਦੀਆਂ 12 ਮਿਸਲਾਂ ਸਨ। ਸ. ਜੱਸਾ ਸਿੰਘ ਆਹਲੂਵਾਲੀਆ, ਆਹਲੂਵਾਲੀਆ ਮਿਸਲ ਅਤੇ ਦਲ ਖਾਲਸਾ ਦੇ ਜਥੇਦਾਰ ਸਨ।

ਜੱਸਾ ਸਿੰਘ ਨੂੰ ਜੱਸਾ ਸਿੰਘ ਕਲਾਲ ਵੀ ਕਹਿੰਦੇ ਹਨ। ਸਿੱਖ ਪੰਥ ਵਿਚ ਮਸ਼ਹੂਰ ਕਹਾਵਤ ਹੈਃ ਜੱਸਾ ਸਿੰਘ ਕਲਾਲ : ਗੁਰੂ ਕਾ ਲਾਲ। ਜੱਸਾ ਸਿੰਘ, ਸ. ਬਦਰ ਸਿੰਘ ਦਾ ਪੁੱਤਰ ਸੀ। ਅਜੇ ਉਹ ਮਸੀਂ ਪੰਜਾਂ ਸਾਲਾਂ ਦਾ ਹੀ ਸੀ ਕਿ ਸਿਰ ਤੋਂ ਬਾਪ ਦਾ ਸਾਇਆ ਉੱਠ ਗਿਆ। (1723 ਈ. ਵਿਚ)

ਉਸ ਦੀ ਮਾਤਾ ਨੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਧਰਮ ਪਤਨੀ ਮਾਤਾ ਸੁੰਦਰੀ ਜੀ ਨੂੰ ਕਿਹਾ ਕਿ ਉਹ ਜੱਸਾ ਸਿੰਘ ਨੂੰ ਆਪਣੀ ਸੇਵਾ ਵਿਚ ਰੱਖ ਲੈਣ। ਮਾਤਾ ਸੁੰਦਰੀ ਜੀ ਨੇ ਉਸ ਨੂੰ ਬੜੇ ਪਿਆਰ ਨਾਲ ਪਾਲਿਆ ਅਤੇ ਜੰਗ ਤੇ ਅਮਨ ਵਿਚ ਵਿਚਰਨ ਦੇ ਸਾਰੇ ਢੰਗ ਤਰੀਕੇ ਸਿਖਾਏ। ਉਸ ਨੇ ਭਾਈ ਮਨੀ ਸਿੰਘ ਦੀ ਅਗਵਾਈ ਵਿਚ ਸਿੱਖ ਗ੍ਰੰਥਾਂ ਦਾ ਅਧਿਐਨ ਕੀਤਾ। ਇਸ ਉਪਰੰਤ ਮਾਤਾ ਸੁੰਦਰੀ ਜੀ ਨੇ ਨਵਾਬ ਕਪੂਰ ਸਿੰਘ ਨੂੰ ਕਿਹਾ ਕਿ ਉਹ ਇਸ ਹੋਣਹਾਰ ਨੌਜੁਆਨ ਨੂੰ ਆਪਣੀ ਦੇਖ-ਰੇਖ ਹੇਠ ਲੈ ਲੈਣ।

ਸ. ਜੱਸਾ ਸਿੰਘ ਦੀ ਜਥੇਦਾਰੀ ਹੇਠ ਖਾਲਸਾ ਫ਼ੌਜ ਨੇ 1760 ਈ. ਵਿਚ ਇਕ ਵਾਰ ਫੇਰ ਲਾਹੌਰ ਉਤੇ ਕਬਜ਼ਾ ਕਰ ਲਿਆ। ਗਿਆਰਾਂ ਦਿਨ ਲਾਹੌਰ ਨੂੰ ਘੇਰਾ ਪਿਆ ਰਿਹਾ। ਆਖਰ ਦੁਰਾਨੀ ਗਵਰਨਰ ਮੀਰ ਮੁਹੰਮਦ ਖ਼ਾਨ ਨੇ ਆਤਮ-ਸਮਰਪਨ ਕਰ ਦਿੱਤਾ, ਨਾਲੇ ਖਾਲਸਾ ਫ਼ੌਜ ਨੂੰ 30000 ਰੁਪਏ ਦਿੱਤੇ। ਦੁਰਾਨੀਆਂ ਨੂੰ ਜਿੱਤ ਕੇ ਸਿੱਖ ਅੰਮ੍ਰਿਤਸਰ ਨੂੰ ਮੁੜ ਆਏ। ਸ. ਜੱਸਾ ਸਿੰਘ ਆਹਲੂਵਾਲੀਆ ਨੇ ਦੁਰਾਨੀ ਜਰਨੈਲ ਸਆਦਤ ਖ਼ਾਨ ਨੂੰ ਜਲੰਧਰ ਵਿਚ ਹਰਾ ਕੇ ਦੁਰਾਨੀਆਂ ਵਲੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਗੁਰਦੁਆਰਾ ਥੰਮ੍ਹ ਸਾਹਿਬ ਕਰਤਾਰਪੁਰ ਦੀ ਬੇਹੁਰਮਤੀ ਦਾ ਬਦਲਾ ਲਿਆ। ਸ. ਆਲੂਵਾਲੀਆ ਦੀਆਂ ਲਗਾਤਾਰ ਸੈਨਿਕ ਮੁਹਿੰਮਾਂ ਦੇ ਕਾਰਨ, ਮੁਗ਼ਲ ਹਾਕਮਾਂ ਨੂੰ ਪੰਜਾਬ ਦੇ ਕਈ ਸ਼ਹਿਰਾਂ ਉਤੇ ਸਿੱਖਾਂ ਦੀ ਸਰਦਾਰੀ ਨੂੰ ਮੰਨਣਾ ਪਿਆ।

ਸੰਨ 1762 ਵਿਚ ਪੰਜਾਬ ਆਪਣੀ ਆਜ਼ਾਦੀ ਲਈ ਲੜ ਰਿਹਾ ਸੀ। ਅਹਿਮਦ ਸ਼ਾਹ ਅਬਦਾਲੀ ਅਫ਼ਗਾਨਿਸਤਾਨ, ਈਰਾਨ ਅਤੇ ਮੱਧ ਏਸ਼ੀਆ ਤੇ ਭਾਰਤ ਦੇ ਕਈ ਇਲਾਕਿਆਂ ਦਾ ਬਾਦਸ਼ਾਹ ਸੀ ਅਤੇ ਆਪਣੇ ਸਮੇਂ ਦਾ ਇਕ ਮੰਨਿਆ ਹੋਇਆ ਜੇਤੂ ਜਰਨੈਲ ਸੀ। ਸ. ਆਹਲੂਵਾਲੀਆ ਦਾ ਉਸ ਨਾਲ ਮੁਕਾਬਲਾ ਸੀ। ਇਸ ਸਾਲ ਦੇ

ਸ਼ੁਰੂ ਵਿਚ ਅਹਿਮਦ ਸ਼ਾਹ ਨੇ ਸਿੱਖਾਂ ਨੂੰ ਬੜੀ ਭਿਆਨਕ ਹਾਰ ਦਿੱਤੀ। ਮਲੇਰਕੋਟਲੇ ਦੇ ਨੇੜੇ ਕੁੱਪ ਰਹੀੜੇ ਵਿਚ ਇਸਤਰੀਆਂ ਤੇ ਬੱਚਿਆਂ ਸਮੇਤ ਤਕਰੀਬਨ 25000 ਸਿੱਖ ਮਾਰੇ ਗਏ ਸਨ। ਅਬਦਾਲੀ ਨੇ ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਨੂੰ ਬਾਰੂਦ ਨਾਲ ਉਡਾ ਦਿੱਤਾ ਅਤੇ ਪਵਿੱਤਰ ਸਰੋਵਰ ਨੂੰ ਗਊਆਂ ਦੀਆਂ ਲਾਸ਼ਾਂ ਨਾਲ ਪੂਰ ਦਿੱਤਾ ਸੀ।

ਇਸ ਤੋਂ ਪਹਿਲਾਂ ਮਾਰਚ 1761 ਵਿਚ ਅਹਿਮਦ ਸ਼ਾਹ ਦੁਰਾਨੀ ਇਕ ਜੇਤੂ ਦੀ ਹੈਸੀਅਤ ਵਿਚ ਵਾਪਸ ਆਪਣੇ ਦੇਸ਼ ਨੂੰ ਜਾ ਰਿਹਾ ਸੀ। ਉਸ ਨੇ ਪਾਨੀਪਤ ਦੀ ਲੜਾਈ ਵਿਚ ਮਰਾਠਿਆਂ ਨੂੰ ਹਰਾ ਕੇ, ਪੰਜਾਬ ਵਿਚ ਉਨ੍ਹਾਂ ਦੀ ਤਾਕਤ ਨੂੰ ਖ਼ਤਮ ਕਰ ਦਿੱਤਾ ਸੀ। ਇਸ ਪਿੱਛੋਂ ਦਿੱਲੀ ਨੂੰ ਜੀ ਭਰ ਕੇ ਲੁੱਟਿਆ। ਉਸ ਦੀ ਲੁੱਟ ਵਿਚ ਹਿੰਦੂ ਔਰਤਾਂ ਵੀ ਸ਼ਾਮਲ ਸਨ ਜਿਨ੍ਹਾਂ ਨੂੰ ਅਫ਼ਗਾਨਿਸਤਾਨ ਵਿਚ ਜਾ ਕੇ ਵੇਚਿਆ ਜਾਣਾ ਸੀ। ਸਿੱਖ ਸਾਲ ਵਿਚ ਦੋ ਵਾਰ ਅੰਮ੍ਰਿਤਸਰ ਇਕੱਠੇ ਹੁੰਦੇ ਸਨ। ਵਿਸਾਖੀ ਤੇ ਦੀਵਾਲੀ ਨੂੰ। ਉਸ ਵੇਲੇ ਉਹ ਵਿਸਾਖੀ ਦੇ ਤਿਉਹਾਰ 'ਤੇ ਅੰਮ੍ਰਿਤਸਰ ਇਕੱਠੇ ਹੋਏ ਹੋਏ ਸਨ। ਕੈਦੀ ਔਰਤਾਂ ਦੇ ਕੁਝ ਰਿਸ਼ਤੇਦਾਰ ਅੰਮ੍ਰਿਤਸਰ ਆਏ ਅਤੇ ਖਾਲਸੇ ਨੂੰ ਬਹੁੜੀ ਕਰਨ ਲਈ ਫ਼ਰਿਆਦ ਕੀਤੀ। ਸ. ਜੱਸਾ ਸਿੰਘ ਕੁਝ ਖਾਲਸਾ ਫ਼ੌਜ ਨੂੰ ਨਾਲ ਲੈ ਕੇ ਅਬਦਾਲੀ ਦੇ ਲਸ਼ਕਰ 'ਤੇ ਟੁੱਟ ਪਿਆ ਤੇ ਕੈਦੀ ਬੀਬੀਆਂ ਨੂੰ ਛੁਡਾ ਕੇ ਉਨ੍ਹਾਂ ਦੇ ਪਰਿਵਾਰਾਂ ਦੇ ਹਵਾਲੇ ਕੀਤਾ।

ਸੰਨ 1764 ਵਿਚ ਜੱਸਾ ਸਿੰਘ ਨੇ ਸਮੂਹ ਖਾਲਸਾ ਫ਼ੌਜਾਂ ਦੀ ਅਗਵਾਈ ਕਰਦਿਆਂ ਮੁਗ਼ਲ ਰਾਜ ਦੇ ਸਭ ਤੋਂ ਅਮੀਰ ਸੂਬੇ, ਸਰਹਿੰਦ ਉਤੇ ਜਿੱਤ ਪ੍ਰਾਪਤ ਕੀਤੀ। ਸਰਹਿੰਦ ਦੀ ਲੁੱਟ ਵਿਚ ਨੌਂ ਲੱਖ ਰੁਪਿਆ ਹੱਥ ਲੱਗਾ। ਸ. ਜੱਸਾ ਸਿੰਘ ਨੇ ਇਹ ਸਾਰੀ ਰਕਮ ਸ੍ਰੀ ਹਰਿਮੰਦਰ ਸਾਹਿਬ ਦੀ ਮੁੜ ਉਸਾਰੀ ਲਈ ਖਾਲਸੇ ਨੂੰ ਦੇ ਦਿੱਤੀ, ਜਿਸ ਨੂੰ ਅਹਿਮਦ ਸ਼ਾਹ ਨੇ ਢਾਹ-ਢੇਰੀ ਕਰ ਦਿੱਤਾ ਸੀ।

ਅੰਮ੍ਰਿਤਸਰ ਨੂੰ ਸਲਾਬਤ ਖ਼ਾਨ ਤੋਂ ਆਜ਼ਾਦ ਕਰਾਉਣ ਦੀ ਲੜਾਈ ਸ. ਜੱਸਾ ਸਿੰਘ ਦੀਆਂ ਪਹਿਲੀਆਂ ਲੜਾਈਆਂ ਵਿਚੋਂ ਇਕ ਸੀ। ਉਸ ਨੇ ਇਹ ਮੁਹਿੰਮ ਨਵਾਬ ਕਪੂਰ ਸਿੰਘ, ਤਾਰੂ ਸਿੰਘ ਵੜੈਚ ਅਤੇ ਚਤਰ ਸਿੰਘ ਜਿਹੇ ਮੁਖ ਸਿੱਖ ਜਰਨੈਲਾਂ ਦੀ ਨਿਗਰਾਨੀ ਹੇਠ 1747 ਵਿਚ ਜਿੱਤੀ। ਉਸ ਸਾਲ ਬੜੇ ਲੰਮੇ ਸਮੇਂ ਬਾਅਦ ਅੰਮ੍ਰਿਤਸਰ ਵਿਚ ਵਿਸਾਖੀ ਦਾ ਪੁਰਬ ਬੜੇ ਜੋਸ਼-ਖਰੋਸ਼ ਨਾਲ ਮਨਾਇਆ ਗਿਆ।

## ਵਪਾਰ ਦਾ ਕੇਂਦਰ

ਸ. ਜੱਸਾ ਸਿੰਘ ਦਾ ਬਜ਼ੁਰਗ ਸ. ਸੱਦਾ ਸਿੰਘ ਗੁਰੂ ਹਰਿਗੋਬਿੰਦ ਸਾਹਿਬ ਦਾ ਸ਼ਰਧਾਲੂ ਸੀ। ਉਸ ਨੇ ਲਾਹੌਰ ਦੇ ਨੇੜੇ ਪਿੰਡ ਆਹਲੂ ਵਸਾਇਆ। ਸ. ਜੱਸਾ ਸਿੰਘ ਆਹਲੂਵਾਲੀਆ (1718-1783 ਈ.) ਇਸ ਪਿੰਡ ਵਿਚ ਪੈਦਾ ਹੋਇਆ। ਇਸ ਲਈ ਉਸ ਦੇ ਨਾਂ ਨਾਲ ਸ਼ਬਦ ਆਹਲੂਵਾਲੀਆ ਜੁੜ ਗਿਆ। ਸ. ਆਹਲੂਵਾਲੀਆ ਨੇ ਅੰਮ੍ਰਿਤਸਰ ਵਿਚ ਇਕ ਮੀਨਾਰ ਅਤੇ ਬਾਜ਼ਾਰ ਬਣਵਾਇਆ, ਜਿਸ ਨੂੰ ਕਟੜਾ



ਆਹਲੂਵਾਲੀਆ ਕਹਿੰਦੇ ਹਨ। ਇਹ ਕਟੜਾ ਸ. ਜੱਸਾ ਸਿੰਘ ਦੀ ਬਹਾਦਰੀ ਅਤੇ ਸ਼ਾਨ ਦਾ ਪ੍ਰਤੀਕ ਹੈ। ਅੰਗਰੇਜ਼ਾਂ ਦੇ ਆਉਣ ਤੋਂ ਪਿੱਛੋਂ ਕਟੜਾ ਆਹਲੂਵਾਲੀਆ ਵਪਾਰ ਦਾ ਕੇਂਦਰ ਬਣ ਗਿਆ। ਇਸ ਕਟੜੇ ਦੇ ਬਹੁਤੇ ਵਪਾਰੀ ਮਾਰਵਾੜੀ ਭਾਈਚਾਰੇ ਨਾਲ ਸਬੰਧ ਰੱਖਦੇ ਹਨ। ਮਹਾਰਾਜਾ ਰਣਜੀਤ ਸਿੰਘ ਨੇ ਇਨ੍ਹਾਂ ਨੂੰ ਇੱਥੇ ਵਪਾਰ ਕਰਨ ਲਈ ਬੁਲਾਇਆ ਸੀ। ਕਟੜਾ ਆਹਲੂਵਾਲੀਆ ਕੰਬਲਾਂ, ਸ਼ਾਲਾਂ ਅਤੇ ਹਰੀ ਚਾਹ ਦੀ ਥੋਕ ਦੀ ਮੰਡੀ ਹੈ। ਇਥੋਂ ਦਾ ਮਾਲ ਨਾ ਕੇਵਲ ਪੰਜਾਬ ਵਿਚ ਹੀ ਵਿਕਦਾ ਹੈ, ਸਗੋਂ ਅਫ਼ਗਾਨਿਸਤਾਨ, ਈਰਾਨ ਤੇ ਪਾਕਿਸਤਾਨ ਨੂੰ ਵੀ ਬਰਾਮਦ ਕੀਤਾ ਜਾਂਦਾ ਹੈ।

****

# ਇਕ ਵੱਡੀ ਅਣਗਹਿਲੀ

ਸ. ਜੱਸਾ ਸਿੰਘ ਰਾਮਗੜ੍ਹੀਆ ਦਾ ਬਣਾਇਆ ਢਾਈ ਸਦੀਆਂ ਪੁਰਾਣਾ ਕਿਲ੍ਹਾ ਰਾਮ ਰੌਣੀ (ਰਾਮਗੜ੍ਹ) ਆਪਣੀ ਹੋਂਦ ਗੁਆ ਚੁੱਕਾ ਹੈ। ਇਹ ਉਹ ਕਿਲ੍ਹਾ ਹੈ ਜਿਸ ਤੋਂ ਰਾਮਗੜ੍ਹੀਆ ਮਿਸਲ ਦਾ ਨਾਂ ਪਿਆ। 'ਰਾਮਗੜ੍ਹੀਆ' ਉਪ ਨਾਮ ਦਾ ਅਰਥ ਹੈ : 'ਰਾਮ ਦੇ ਕਿਲ੍ਹੇ ਦੇ ਰਖਵਾਲੇ'। ਰਾਮ ਰੌਣੀ ਦਾ ਕਿਲ੍ਹਾ, ਆਹਲੂਵਾਲੀਆ ਕਿਲ੍ਹਾ ਅਤੇ ਕਿਲ੍ਹਾ ਗੋਬਿੰਦਗੜ੍ਹ ਦੀ ਲੜੀ ਸ੍ਰੀ ਹਰਿਮੰਦਰ ਸਾਹਿਬ ਨੂੰ ਵਿਦੇਸ਼ੀ ਹਮਲਾਵਰਾਂ ਤੋਂ ਸੁਰੱਖਿਅਤ ਰੱਖਣ ਲਈ ਬਣਾਈ ਗਈ ਸੀ।

ਡਾ. ਗੰਡਾ ਸਿੰਘ ਆਪਣੀ ਪੁਸਤਕ 'ਸਿੱਖ ਹਿਸਟਰੀ' ਵਿਚ ਅਤੇ ਇਕ ਹੋਰ ਇਤਿਹਾਸਕਾਰ ਸ੍ਰੀ ਏ.ਸੀ.ਅਰੋੜਾ ਆਪਣੀ ਪੁਸਤਕ 'ਪੰਜਾਬ ਦਾ ਇਤਿਹਾਸ' ਵਿਚ ਦੱਸਦੇ ਹਨ ਕਿ ਕਿਲ੍ਹਾ ਰਾਮਗੜ੍ਹ 1748 ਈ. ਵਿਚ ਬਣਾਇਆ ਗਿਆ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੋ ਆਪਣੇ ਆਪ ਨੂੰ ਸਿੱਖ ਯਾਦਗਾਰਾਂ ਦੀ ਨਿਗਾਹਬਾਨ ਸਮਝਦੀ ਹੈ, ਇਕ ਗਲਤ ਸੂਚਨਾ ਵਾਲੇ ਵੱਡੇ ਬੋਰਡ ਵਿਚ ਲਿਖਿਆ ਹੈ ਕਿ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਸਮਾਧ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਅੰਮ੍ਰਿਤਸਰ ਵਿਚ ਸਥਿਤ ਹੈ।

ਸ਼੍ਰੋਮਣੀ ਕਮੇਟੀ ਦੇ ਇਸ ਦਾਅਵੇ ਨੂੰ ਚੁਣੌਤੀ ਦਿੰਦੇ ਹੋਏ ਇਕ ਸਿੱਖ ਇਤਿਹਾਸਕਾਰ ਸ. ਬਖਸ਼ੀ ਸਿੰਘ ਆਦਿਲ ਆਪਣੀ ਪੁਸਤਕ 'ਮਹਾਰਾਜਾ ਜੱਸਾ ਸਿੰਘ' ਵਿਚ ਲਿਖਦੇ ਹਨ ਕਿ ਸ. ਜੱਸਾ ਸਿੰਘ ਰਾਮਗੜ੍ਹੀਆ, ਜਿਵੇਂ ਕਿ ਸ਼੍ਰੋਮਣੀ ਕਮੇਟੀ ਨੇ ਆਪਣੇ ਬੋਰਡ ਵਿਚ ਲਿਖਿਆ ਹੈ ਕਿ ਉਹ ਅੰਮ੍ਰਿਤਸਰ ਵਿਚ ਸੁਰਗਵਾਸ ਹੋਏ ਸਨ, ਸਹੀ ਨਹੀਂ ਹੈ। ਉਨ੍ਹਾਂ ਨੇ ਆਪਣਾ ਆਖ਼ਰੀ ਸਾਹ ਇਤਿਹਾਸਕ ਸ਼ਹਿਰ ਸ੍ਰੀ ਹਰਿ ਗੋਬਿੰਦਪੁਰ (ਗੁਰਦਾਸਪੁਰ) ਵਿਚ ਲਿਆ।

ਦਰਿਆ ਬਿਆਸ ਦੇ ਕਿਨਾਰੇ ਬਣੀ ਸ. ਜੱਸਾ ਸਿੰਘ ਰਾਮਗੜ੍ਹੀਆ ਦੀ ਸਮਾਧ, ਦਰਿਆ ਵਿਚ ਆਏ ਇਕ ਭਾਰੀ ਹੜ੍ਹ ਵਿਚ ਰੁੜ੍ਹ ਗਈ ਸੀ। ਕਿਸੇ ਵੀ ਸਿੱਖ ਜਥੇਬੰਦੀ ਨੇ ਸਰਦਾਰ ਦੇ ਸੁਰਗਵਾਸ ਹੋਣ ਦੀ ਸਹੀ ਥਾਂ ਨੂੰ ਲੱਭਣ ਦੀ ਕੋਸ਼ਿਸ਼ ਨਹੀਂ ਕੀਤੀ, ਤਾਂ ਜੋ ਉਥੇ ਕੋਈ ਢੁਕਵੀਂ ਯਾਦਗਾਰ ਬਣਾਈ ਜਾ ਸਕਦੀ। ਸਰਦਾਰ ਰਾਮਗੜ੍ਹੀਆ ਦਾ ਜਨਮ 1723 ਈ. ਵਿਚ ਲਾਹੌਰ ਦੇ ਨੇੜੇ ਪਿੰਡ ਇੱਛੋਗਿੱਲ ਵਿਚ ਹੋਇਆ ਸੀ। ਉਨ੍ਹਾਂ ਦੇ ਦਾਦਾ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਅੰਮ੍ਰਿਤ ਛਕਿਆ ਸੀ। ਉਨ੍ਹਾਂ ਨੇ ਗੁਰੂ ਜੀ ਦੇ ਨਾਲ ਹੋ ਕੇ ਕਈ ਜੰਗਾਂ ਵਿਚ ਹਿੱਸਾ ਲਿਆ। ਬਾਅਦ ਵਿਚ ਉਹ ਬਾਬਾ ਦੀਪ ਸਿੰਘ ਬਹਾਦਰ ਦੀ ਫ਼ੌਜ ਵਿਚ ਸ਼ਾਮਲ ਹੋ ਗਏ।

ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ ਵਿਚ ਸ. ਜੱਸਾ ਸਿੰਘ ਰਾਮਗੜ੍ਹੀਆ ਦੇ ਸਪੁੱਤਰ ਸ. ਜੋਧ ਸਿੰਘ ਦੀ ਇਕ ਸੁਫ਼ੈਦ ਰੰਗ ਦੀ ਯਾਦਗਾਰ ਨੂੰ



ਦੇਖ ਕੇ ਵੀ ਕੁਝ ਲੋਕ ਹੈਰਾਨ ਹੋ ਜਾਂਦੇ ਹਨ। ਇੱਥੇ ਸ਼੍ਰੋਮਣੀ ਕਮੇਟੀ ਨੇ ਵੱਖ-ਵੱਖ ਬੋਰਡਾਂ ਵਿਚ ਇਸ ਅਸਥਾਨ ਨੂੰ ਸਮਾਧ ਵੀ ਲਿਖਿਆ ਹੈ ਅਤੇ ਜਨਮ ਅਸਥਾਨ ਵੀ।

ਆਲ ਇੰਡੀਆ ਰਾਮਗੜ੍ਹੀਆ ਫੈਡਰੇਸ਼ਨ ਦੇ ਪ੍ਰਧਾਨ ਮਰਹੂਮ ਸ. ਉਂਕਾਰ ਸਿੰਘ ਸੰਧੂ ਨੇ ਸ਼੍ਰੋਮਣੀ ਕਮੇਟੀ ਨੂੰ ਕਈ ਵਾਰ ਇਨ੍ਹਾਂ ਅਸ਼ੁੱਧੀਆਂ ਨੂੰ ਸੋਧਣ ਦੀ ਬੇਨਤੀ ਕੀਤੀ ਪਰ ਅਜੇ ਤਕ ਕੋਈ ਕਾਰਵਾਈ ਨਹੀਂ ਕੀਤੀ ਗਈ। ਰਾਮਗੜ੍ਹੀਏ ਸਰਦਾਰਾਂ ਦੀਆਂ 12 ਸਮਾਧਾਂ ਵਿਚੋਂ ਕੇਵਲ ਇਕੋ-ਇਕ ਸ. ਜੋਧ ਸਿੰਘ ਦੀ ਸਮਾਧ ਦੀ ਸੰਭਾਲ ਕੀਤੀ ਗਈ ਹੈ।

ਸ. ਜੱਸਾ ਸਿੰਘ ਰਾਮਗੜ੍ਹੀਆ ਦੇ ਦੋ ਪੁੱਤਰ ਸਨ: ਜੋਧ ਸਿੰਘ ਤੇ ਬੀਰ ਸਿੰਘ। ਜੱਸਾ ਸਿੰਘ ਦੀ ਮੌਤ ਤੋਂ ਬਾਅਦ ਜੋਧ ਸਿੰਘ ਉਸ ਦਾ ਉੱਤਰ-ਅਧਿਕਾਰੀ ਬਣਿਆ। ਉਸ ਨੇ ਕਸੂਰ ਦੀ ਲੜਾਈ ਵਿਚ ਰਣਜੀਤ ਸਿੰਘ ਦਾ ਸਾਥ ਦਿੱਤਾ। ਕਸੂਰ ਉਤੇ ਕਬਜ਼ਾ ਕਰਨ ਤੋਂ ਬਾਅਦ ਮਹਾਰਾਜੇ ਨੇ ਜੋਧ ਸਿੰਘ ਨੂੰ ਇਕ ਹਾਥੀ ਭੇਟ ਕਰ ਕੇ ਖ਼ੁਸ਼ ਰੱਖਣ ਦੀ ਕੋਸ਼ਿਸ਼ ਕੀਤੀ। ਰਣਜੀਤ ਸਿੰਘ ਇਹ ਸਮਝਦਾ ਸੀ ਕਿ ਜੇ ਰਾਮਗੜ੍ਹੀਆਂ ਨਾਲ ਮੇਰੀ ਦੋਸਤੀ ਨਹੀਂ ਹੁੰਦੀ ਤਾਂ ਮੈਂ ਸਾਰੇ ਪੰਜਾਬ ਉਤੇ ਕਬਜ਼ਾ ਨਹੀਂ ਕਰ ਸਕਦਾ। ਉਸ ਨੇ ਜੋਧ ਸਿੰਘ ਨੂੰ ਇਕ ਚਿੱਠੀ ਲਿਖ ਕੇ ਉਸ ਦੀ ਦੋਸਤੀ ਅਤੇ ਸਹਿਯੋਗ ਦੀ ਮੰਗ ਕੀਤੀ। ਇਤਿਹਾਸਕਾਰ ਕਹਿੰਦੇ ਹਨ ਕਿ ਮਹਾਰਾਜੇ ਦੀ ਇਸ ਮਿੱਤਰ ਭਾਵਨਾ ਕਾਰਨ ਜੋਧ ਸਿੰਘ ਨੇ ਮਹਾਰਾਜੇ ਦੀ ਆਪਣੇ ਵਿਰੋਧੀਆਂ ਵਿਰੁੱਧ ਹਰ ਮੁਹਿੰਮ ਵਿਚ ਸਾਥ ਦਿੱਤਾ।

ਰਾਮਗੜ੍ਹੀਆ ਸਰਦਾਰ ਦੀ ਇਕ ਹੋਰ ਯਾਦਗਾਰ, ਜਿਸ ਦੀ ਸ਼ਾਨ-ਸੋਭਾ ਘਟ ਰਹੀ ਹੈ, ਉਹ ਹੈ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਦੋ ਮੀਨਾਰਾਂ ਦੀ ਜੋੜੀ। ਇਨ੍ਹਾਂ ਮੀਨਾਰਾਂ ਤੋਂ ਬਿਨਾਂ 83 ਬੁੰਗੇ ਹੋਰ ਸਨ, ਜਿਨ੍ਹਾਂ ਨੂੰ ਦਰਬਾਰ ਸਾਹਿਬ ਦੀ ਪਰਕਰਮਾ ਚੌੜੀ ਕਰਨ ਲਈ ਢਾਹ ਦਿੱਤਾ ਗਿਆ ਸੀ। ਇਹ ਤਿੰਨ ਮੰਜ਼ਲੀ ਇਮਾਰਤ ਸਿੱਖ ਇਮਾਰਤਸਾਜ਼ੀ ਦਾ ਇਕ ਅਜੂਬਾ ਹੈ ਜਿਸ ਨੂੰ ਸਿੱਖ ਯੋਧਿਆਂ ਨੇ 1794 ਈ. ਵਿਚ ਬਣਾਇਆ ਸੀ।

ਰਾਮਗੜ੍ਹੀਆ ਫੈਡਰੇਸ਼ਨ ਨੇ ਕੁਝ ਸਿੱਖ ਭਵਨ-ਨਿਰਮਾਤਾਵਾਂ ਦੀਆਂ ਸੇਵਾਵਾਂ ਲਈਆਂ ਅਤੇ ਇਨ੍ਹਾਂ ਬੁੰਗਿਆਂ ਦੀਆਂ ਪੁਰਾਣੀਆਂ ਤਸਵੀਰਾਂ ਦੇ ਅਨੁਸਾਰ ਮੁਰੰਮਤ ਕਰਵਾਈ। ਫੈਡਰੇਸ਼ਨ ਨੇ ਪੁਰਾਣੀ ਕਿਸਮ ਦੀਆਂ ਇੱਟਾਂ ਬਣਵਾਈਆਂ ਅਤੇ ਦਰਬਾਰ ਸਾਹਿਬ ਦੇ ਸਾਹਮਣੇ ਵਾਲੇ ਬੁੰਗੇ ਦੀ ਉੱਤਰ-ਪੱਛਮੀ ਕੰਧ ਦੀ ਮੁਰੰਮਤ ਦਾ ਕੰਮ ਸ਼ੁਰੂ ਕੀਤਾ। ਪਰ ਇਸ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੁਝ ਨਹੀਂ ਦੱਸਿਆ। ਇਸ ਲਈ ਇਹ ਕਾਰ-ਸੇਵਾ ਵਿਚਾਲੇ ਹੀ ਬੰਦ ਕਰ ਦਿੱਤੀ ਗਈ।

ਸਿੱਖ ਇਮਾਰਤੀ ਵਿਰਾਸਤਾਂ ਦੇ ਮਾਹਿਰ ਸ. ਜੋਗਿੰਦਰ ਸਿੰਘ ਕਲਸੀ ਨੇ ਦੱਸਿਆ ਕਿ ਬੁੰਗੇ ਦੀਆਂ ਸਾਰੀਆਂ ਤਿੰਨ ਮੰਜ਼ਿਲਾਂ 44 ਥੰਮ੍ਹਾਂ 'ਤੇ ਖੜ੍ਹੀਆਂ ਹਨ। ਛੱਤਾਂ ਤੇ ਬੀਮਾਂ ਹੇਠ ਡਾਟਦਾਰ ਮਹਿਰਾਬਾਂ ਬਣੀਆਂ ਹੋਈਆਂ ਹਨ। ਸਾਰੀ ਇਮਾਰਤ ਨੂੰ ਕਾਰਨਿਸਾਂ ਅਤੇ ਛੱਜੇ ਬਣਾ ਕੇ ਸਜਾਇਆ ਗਿਆ ਹੈ। ਪਰ ਇਸ ਵੇਲੇ ਇਸ ਸਾਰੀ ਇਮਾਰਤ ਦੀ ਹਾਲਤ ਤਰਸਯੋਗ ਹੈ ਅਤੇ ਇਸ ਦੀ ਛੇਤੀ ਤੋਂ ਛੇਤੀ ਮੁਰੰਮਤ ਹੋਣੀ ਚਾਹੀਦੀ ਹੈ।

ਬੁੰਗੇ ਦੀ ਉਸਾਰੀ ਸਮੇਂ ਇਸ ਗੱਲ ਦਾ ਖ਼ਿਆਲ ਰੱਖਿਆ ਗਿਆ ਸੀ ਕਿ ਰੌਸ਼ਨਦਾਨਾਂ ਰਾਹੀਂ ਬੁੰਗੇ ਵਿਚ ਕੁਦਰਤੀ ਹਵਾ ਤੇ ਰੌਸ਼ਨੀ ਆਉਂਦੀ ਰਹੇ। ਬੁੰਗੇ ਦੇ ਰੌਸ਼ਨਦਾਨ ਇਕ ਪਾਸੇ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਦੀ ਪਰਿਕਰਮਾ ਵੱਲ ਖੁਲ੍ਹੱਦੇ ਸਨ ਅਤੇ ਦੂਜੇ ਪਾਸੇ ਬੁੰਗੇ ਦੇ ਖ਼ੂਹ ਵੱਲ। ਜ਼ਮੀਨ ਦੀ ਸਤਹ ਤੋਂ ਹੇਠਾਂ ਤਹਿਖਾਨੇ ਵਿਚ ਮਹਾਰਾਜੇ ਦਾ ਹਾਲ ਕਮਰਾ ਸੀ, ਜਿੱਥੇ ਉਹ ਦੀਵਾਨ-ਇ-ਖਾਸ ਵਿਚ ਆਪਣਾ ਦਰਬਾਰ ਲਾਇਆ ਕਰਦੇ ਸਨ। ਇਸ ਹਾਲ ਕਮਰੇ ਵਿਚ 300 ਦਰਬਾਰੀ ਤੇ ਸੈਨਿਕ ਸਮਾ ਸਕਦੇ ਸਨ। ਇਸ ਗੱਲ ਦਾ ਵੀ ਖਿਆਲ ਰੱਖਿਆ ਗਿਆ ਸੀ ਕਿ ਮਹਾਰਾਜੇ ਦੇ ਨਕਾਸ਼ੀ ਨਾਲ ਸਜਾਏ ਗਏ ਸੰਗਮਰ-ਮਰੀ ਤਖ਼ਤ ਦਾ ਪੱਧਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਲ ਤੋਂ ਨੀਵਾਂ ਰੱਖਿਆ ਜਾਏ।

ਬੁੰਗੇ ਵਿਚ ਇਕ ਅਜਿਹਾ ਕਮਰਾ ਵੀ ਸੀ ਜਿਸ ਨੂੰ ਸਿਆਸੀ ਕੈਦੀਆਂ ਦੀ ਜੇਲ੍ਹ ਵਜੋਂ ਵਰਤਿਆ ਜਾਂਦਾ ਸੀ। ਤਖ਼ਤ ਦੇ ਸਾਹਮਣੀ ਦੀਵਾਰ ਦੇ ਦੂਜੇ ਪਾਸੇ ਇਕ ਹੋਰ ਕਮਰਾ ਸੀ, ਜੋ ਬੁੰਗੇ ਦਾ ਖ਼ਜ਼ਾਨਾ ਸੀ ਜਿਸ ਵਿਚ ਲੋਹੇ ਦੀਆਂ ਤਿਜੋਰੀਆਂ ਰੱਖੀਆਂ ਹੋਈਆਂ ਸਨ। ਖ਼ਜ਼ਾਨੇ ਦੇ ਦਫ਼ੇਦਾਰਾਂ (ਪਹਿਰੇਦਾਰਾਂ) ਅਤੇ ਸੁਰੱਖਿਆ ਸਟਾਫ਼ ਲਈ ਕਮਰੇ ਵੀ ਬਣੇ ਹੋਏ ਸਨ। ਅੱਜਕਲ੍ਹ ਇਹ ਸਾਰੀਆਂ ਇਮਾਰਤਾਂ ਖਸਤਾ ਹਾਲਤ ਵਿਚ ਹਨ। ਵਾਰ-ਵਾਰ ਅਪੀਲਾਂ ਕਰਨ ਤੋਂ ਬਾਅਦ, ਉਹ ਵੀ ਬੜੀ ਦੇਰ ਪਿਛੋਂ ਹੁਣ ਮੀਨਾਰਾਂ ਦੀ ਅਤੇ ਉਨ੍ਹਾਂ ਦੇ ਆਲੇ-ਦੁਆਲੇ ਦੀ ਮੁਰੰਮਤ ਕਰ ਕੇ ਉਨ੍ਹਾਂ ਨੂੰ ਸੁੰਦਰ ਬਣਾਇਆ ਜਾ ਰਿਹਾ ਹੈ।

ਰਾਮਗੜ੍ਹੀਆ ਫੈਡਰੇਸ਼ਨ ਨੇ ਹੁਣ ਫੇਰ ਇਹ ਪੇਸ਼ਕਸ਼ ਕੀਤੀ ਹੈ ਕਿ ਉਹ ਬੁੰਗੇ ਦੇ ਤਹਿਖਾਨੇ ਦੀ ਮੁਰੰਮਤ ਕਰ ਕੇ ਉਸ ਨੂੰ ਜੰਗੀ ਅਜਾਇਬ ਘਰ ਵਿਚ ਤਬਦੀਲ ਕਰ ਦਿੰਦੇ ਹਨ। ਜਿਸ ਦਾ ਦਰਵਾਜ਼ਾ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਖੁੱਲ੍ਹੇਗਾ।

ਰਾਮਗੜ੍ਹੀਆ ਫੈਡਰੇਸ਼ਨ ਨੂੰ ਯਕੀਨ ਹੈ ਕਿ ਰਾਮਗੜ੍ਹੀਆ ਦਰਵਾਜ਼ਾ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਢਾਹਿਆ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਪਹਿਲਾਂ ਮਿਊਂਸੀਪਲ ਕਮੇਟੀ ਅੰਮ੍ਰਿਤਸਰ ਦਾ ਇਕ ਨਕਸ਼ਾ ਬਣਾਇਆ ਗਿਆ ਸੀ ਜਿਸ ਵਿਚ ਰਾਮਗੜ੍ਹੀਆ ਦਰਵਾਜ਼ਾ ਅਤੇ ਦਰਵਾਜ਼ਾ ਆਹਲੂਵਾਲੀਆ ਸਮੇਤ ਸ਼ਹਿਰ ਦੇ 12 ਦਰਵਾਜ਼ੇ ਦਿਖਾਏ ਗਏ ਸਨ। ਇਸ ਤੋਂ ਇਲਾਵਾ ਇਤਿਹਾਸ ਦੀਆਂ ਪੁਸਤਕਾਂ ਇਹ ਵੀ ਦੱਸਦੀਆਂ ਹਨ ਕਿ ਚਾਟੀਵਿੰਡ ਦਾ ਨਾਂ, ਜੱਸਾ ਸਿੰਘ ਰਾਮਗੜ੍ਹੀਆ ਦੇ ਨਾਂ 'ਤੇ ਰੱਖਿਆ ਗਿਆ ਸੀ। ਫੈਡਰੇਸ਼ਨ ਇਹ ਵੀ ਮੰਗ ਕਰਦੀ ਹੈ ਕਿ ਕਟੜਾ ਰਾਮਗੜ੍ਹੀਆ ਨੂੰ ਮੁੜ ਹੋਂਦ ਵਿਚ ਲਿਆਂਦਾ ਜਾਵੇ ਜੋ ਪਹਿਲਾਂ 1760 ਵਿਚ ਬਣਾਇਆ ਗਿਆ ਸੀ ਅਤੇ ਉਹ ਗਿੱਲਵਾਲੀ ਗੇਟ ਅਤੇ ਦਬੁਰਜੀ ਗੇਟ (ਸੁਲਤਾਨਵਿੰਡ ਗੇਟ) ਦੇ ਵਿਚਾਲੇ ਹੁੰਦਾ ਸੀ। ਉਸ ਦੇ ਆਲੇ-ਦੁਆਲੇ ਕਟੜਾ ਦਲ ਸਿੰਘ, ਕਟੜਾ ਮਿਤ ਸਿੰਘ ਅਤੇ ਕਟੜਾ ਗਰਭਾ ਸਿੰਘ ਹੁੰਦੇ ਸਨ।



ਰਾਮਰੌਣੀ ਦੇ ਕਿਲ੍ਹੇ ਨੂੰ ਜਦੋਂ ਘੇਰਾ ਪਿਆ ਹੋਇਆ ਸੀ, ਉਸ ਵੇਲੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਜੋ ਬਹਾਦਰੀ ਅਤੇ ਸਿਆਣਪ ਦਿਖਾਈ, ਉਹ ਸਿੱਖ ਇਤਿਹਾਸ ਦੀ ਇਕ ਖਾਸ ਘਟਨਾ ਹੈ। ਪੰਜਾਬ ਦਾ ਸੂਬੇਦਾਰ ਮੀਰ ਮੰਨੂੰ ਸਿੱਖਾਂ ਦੀ ਵਧਦੀ ਤਾਕਤ ਨੂੰ ਆਪਣੇ ਰਾਜ ਅਤੇ ਸ਼ਕਤੀ ਲਈ ਖ਼ਤਰਾ ਸਮਝਦਾ ਸੀ ਅਤੇ ਸਿੱਖਾਂ ਨੂੰ ਕੁਚਲ ਦੇਣਾ ਚਾਹੁੰਦਾ ਸੀ। ਉਸ ਨੇ ਸਿੱਖਾਂ ਉਤੇ ਜਬਰ ਅਤੇ ਜ਼ੁਲਮ ਦੀ ਮੁਹਿੰਮ ਤੇਜ਼ ਕਰ ਦਿੱਤੀ। ਜਦੋਂ ਉਸ ਨੇ ਕਿਲ੍ਹਾ ਰਾਮਗੜ੍ਹ ਨੂੰ ਘੇਰਾ ਪਾਇਆ, ਉਸ ਵੇਲੇ ਕਿਲ੍ਹੇ ਵਿਚ ਸਿਰਫ਼ 900 ਸਿੱਖ ਸਨ। ਉਸ ਨੇ ਅਕਤੂਬਰ 1748 ਵਿਚ ਅੰਮ੍ਰਿਤਸਰ ਦੇ ਕਿਲ੍ਹਾ ਰਾਮਗੜ੍ਹ ਉਤੇ ਚੜ੍ਹਾਈ ਕੀਤੀ। ਜਲੰਧਰ ਦੁਆਬ ਦੇ ਸੂਬੇਦਾਰ ਅਦੀਨਾ ਬੇਗ ਦੀ ਕਮਾਨ ਹੇਠ ਕਿਲ੍ਹਾ ਰਾਮ ਗੜ੍ਹ ਨੂੰ ਜਨਵਰੀ 1749 ਤਕ ਚਾਰ ਮਹੀਨੇ ਘੇਰਾ ਪਿਆ ਰਿਹਾ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਆਪਣੀ ਫ਼ੌਜ ਸਮੇਤ ਰਾਤ ਨੂੰ ਕਿਲ੍ਹੇ ਵਿਚ ਦਾਖਲ ਹੋਇਆ ਅਤੇ ਕਿਲ੍ਹੇ ਵਿਚ ਘਿਰੇ ਹੋਏ ਸਿੱਖਾਂ ਦੀ ਅਤੇ ਕਿਲ੍ਹੇ ਦੀ ਰੱਖਿਆ ਕੀਤੀ। ਆਖਰ ਜਨਵਰੀ 1749 ਵਿਚ ਘੇਰਾ ਚੁੱਕਿਆ ਗਿਆ ਅਤੇ ਸਿੱਖਾਂ ਦੀ ਫ਼ਤਿਹ ਹੋਈ।

ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਵਸਾਏ ਇਕ ਪੁਰਾਣੇ ਸ਼ਹਿਰ ਸ਼੍ਰੀ ਹਰਿਗੋਬਿੰਦਪੁਰ ਨੂੰ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਆਪਣੀ ਰਾਜਧਾਨੀ ਬਣਾਇਆ। ਪੰਜਾਬ ਦੀਆਂ ਵੱਖ-ਵੱਖ ਸਰਕਾਰਾਂ, ਪੁਰਾਤਤਵ ਵਿਭਾਗ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਘੋਰ ਲਪ੍ਰਵਾਹੀ ਕਾਰਨ ਇਹ ਸ਼ਹਿਰ ਵੀ ਹੁਣ ਖੰਡਰ ਬਣਦਾ ਜਾ ਰਿਹਾ ਹੈ; ਹਾਲਾਂਕਿ ਇਹ ਸਾਰੀਆਂ ਸੰਸਥਾਵਾਂ ਪੰਜਾਬ ਦੇ ਵਿਰਸੇ ਨੂੰ ਸੰਭਾਲਣ ਦਾ ਦਾਅਵਾ ਕਰਦੀਆਂ ਹਨ।

ਇਸ ਸ਼ਹਿਰ ਦੀਆਂ ਸ਼ਾਨਦਾਰ ਇਤਿਹਾਸਕ ਇਮਾਰਤਾਂ ਦੇ ਖੰਡਰ ਅਤੇ ਸਿੱਖਾਂ ਦੀ ਇਸ ਪਹਿਲੀ ਰਾਜਧਾਨੀ ਨੂੰ ਉਸਾਰਨ ਵਿਚ ਵਰਤਿਆ ਗਿਆ ਸਾਜ਼-ਸਾਮਾਨ ਕਾਰੀਗਰੀ ਦੇ ਵਧੀਆ ਨਮੂਨੇ ਹਨ। ਇਨ੍ਹਾਂ ਵਿਚੋਂ ਬਹੁਤੀਆਂ ਇਮਾਰਤਾਂ ਸ਼ਾਹ ਜਹਾਨ ਦੇ ਵੇਲੇ ਨਾਲ ਸਬੰਧ ਰੱਖਦੀਆਂ ਹਨ। ਜੋ ਗੁਰੂ ਹਰਿਗੋਬਿੰਦ ਸਾਹਿਬ ਦਾ ਸਮਕਾਲੀ ਸੀ।

ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਬਾਅਦ, ਸ. ਜੱਸਾ ਸਿੰਘ ਰਾਮਗੜ੍ਹੀਆ ਨੇ ਇਸ ਸ਼ਹਿਰ ਨੂੰ ਸਿੱਖਾਂ ਦੀ ਰਾਜਧਾਨੀ ਵਜੋਂ ਵਰਤਿਆ।

## ਸਰਦਾਰ ਕਿ ਮਹਾਰਾਜਾ

ਰਾਮਗੜ੍ਹੀਆ ਫੈਡਰੇਸ਼ਨ ਵਾਲੇ ਕਹਿੰਦੇ ਹਨ ਕਿ ਜੱਸਾ ਸਿੰਘ ਨੂੰ 'ਸਰਦਾਰ ਦੀ ਬਜਾਏ 'ਮਹਾਰਾਜਾ' ਕਹਿਣਾ ਚਾਹੀਦਾ ਹੈ।' ਉਨ੍ਹਾਂ ਦਾ ਕਹਿਣਾ ਹੈ ਕਿ ਰਾਮਗੜ੍ਹੀਆ ਸਰਦਾਰ ਨੇ ਸਮਕਾਲੀ ਰਾਜਿਆਂ ਦੇ ਇਲਾਕੇ ਜਿੱਤ ਲਏ ਸਨ ਅਤੇ ਉਹ ਉਸ ਨੂੰ ਸੁਰੱਖਿਆ ਦੇ ਬਦਲੇ ਟੈਕਸ ਦਿੰਦੇ ਸਨ। ਇਹ ਗੱਲਾਂ ਇਕ 'ਆਜ਼ਾਦ ਰਿਆਸਤ' ਦੇ ਗੁਣ ਹਨ। ਸਰਦਾਰ ਜੱਸਾ ਸਿੰਘ ਨੇ ਅੰਮ੍ਰਿਤਸਰ ਦੇ ਉੱਤਰ ਵਿਚ ਰਾਵੀ ਅਤੇ

ਬਿਆਸ ਦੇ ਇਲਾਕੇ ਉਤੇ ਕਬਜ਼ਾ ਕਰ ਲਿਆ ਸੀ। ਉਸ ਨੇ ਜਲੰਧਰ ਅਤੇ ਕਾਂਗੜੇ ਦਾ ਇਲਾਕਾ ਵੀ ਆਪਣੇ ਰਾਜ ਵਿਚ ਮਿਲਾ ਲਿਆ ਸੀ। ਉਸ ਨੇ ਸ੍ਰੀ ਹਰਿਗੋਬਿੰਦਪੁਰ ਨੂੰ ਆਪਣੀ ਰਾਜਧਾਨੀ ਬਣਾਇਆ, ਜਿਸ ਨੂੰ ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਨੇ ਵਸਾਇਆ ਸੀ।

### ਸ਼ਾਹੀ ਕੈਦੀ

ਸਾਰੇ ਦਲਾਂ ਦੀ ਸਾਂਝੀ ਸਿੱਖ ਫ਼ੌਜ ਨੂੰ ਦਲ ਖਾਲਸਾ ਕਹਿੰਦੇ ਸਨ। ਇਸ ਵਿਚ ਸ. ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਸ. ਬਘੇਲ ਸਿੰਘ ਦੀਆਂ ਫ਼ੌਜਾਂ ਸ਼ਾਮਲ ਸਨ। ਦਲ ਖਾਲਸਾ ਨੇ 1783 ਈ. ਵਿਚ ਦਿੱਲੀ ਉੱਤੇ ਕਬਜ਼ਾ ਕਰ ਲਿਆ। ਖਾਲਸਾ ਫ਼ੌਜ ਥੋੜ੍ਹੇ ਸਮੇਂ ਲਈ ਹੀ ਦਿੱਲੀ ਰਹੀ। ਸ. ਜੱਸਾ ਸਿੰਘ ਰਾਮਗੜ੍ਹੀਆ ਨੇ ਸ਼ਾਹੀ ਤਖ਼ਤ ਦੀ ਸਿਲ (ਸੀਟ) ਪੁੱਟ ਲਈ ਅਤੇ ਉਸ ਨੂੰ ਜ਼ੰਜੀਰਾਂ ਅਤੇ ਰੱਸਿਆ ਨਾਲ ਬੰਨ੍ਹ ਕੇ, ਅਕਾਲ ਪੁਰਖ ਦੇ ਦਰਬਾਰ ਵਿਚ ਇਕ ਜੰਗੀ ਕੈਦੀ ਵਜੋਂ ਪੇਸ਼ ਕਰਨ ਲਈ ਅੰਮ੍ਰਿਤਸਰ ਲਿਆਂਦਾ।

ਸ਼ਾਹੀ ਤਖ਼ਤ ਦੀ ਇਹ ਸੀਟ ਛੇ ਫ਼ੁੱਟ ਲੰਮੀ, ਚਾਰ ਫ਼ੁੱਟ ਚੌੜੀ ਅਤੇ ਨੌਂ ਇੰਚ ਮੋਟੀ ਹੈ। ਹੁਣ ਇਹ ਸੀਟ ਹਰਿਮੰਦਰ ਸਾਹਿਬ ਦੀ ਪਰਿਕਰਮਾ ਦੇ ਨਾਲ ਲਗਦੇ ਰਾਮਗੜ੍ਹੀਆ ਬੁੰਗੇ ਵਿਚ ਟੇਢੀ ਹਾਲਤ ਵਿਚ ਪਈ ਹੈ। ਟੇਢੀ ਹਾਲਤ ਵਿਚ ਹੋਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਦਿੱਲੀ ਦਾ ਸ਼ਾਹੀ ਤਖ਼ਤ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਆਤਮ-ਸਮਰਪਨ ਕਰ ਰਿਹਾ ਹੈ।

****



## ਇਤਿਹਾਸਕ ਪਿੰਡ ਭੱਕਣਾ

ਅੰਮ੍ਰਿਤਸਰ-ਲਾਹੌਰ ਮਾਰਗ ਤੋਂ ਟੋਇਆਂ-ਖੱਡਿਆਂ ਵਾਲੀ ਉੱਚੀ ਨੀਵੀਂ ਚਾਰ ਕਿਲੋਮੀਟਰ ਲੰਮੀ ਸੜਕ ਤੁਹਾਨੂੰ ਇਕ ਪ੍ਰਾਚੀਨ ਪਿੰਡ ਭੱਕਣਾ ਵਿਚ ਲੈ ਜਾਂਦੀ ਹੈ। ਕਹਿੰਦੇ ਹਨ, ਭੱਕਣਾ, ਅੰਮ੍ਰਿਤਸਰ ਜਿੰਨਾ ਹੀ ਪੁਰਾਣਾ ਪਿੰਡ ਹੈ। ਭੱਕਣਾ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭੱਕਣਾ ਦਾ ਜੱਦੀ ਪਿੰਡ ਹੈ।

ਇਹ ਪਿੰਡ ਕਦੀ ਉੱਚ ਵਿਦਿਆ ਦਾ ਕੇਂਦਰ ਹੁੰਦਾ ਸੀ ਅਤੇ ਪੁਰਾਣੇ ਸਮਿਆਂ ਵਿਚ ਇਸ ਨੂੰ ਕਾਸ਼ੀ ਕਹਿੰਦੇ ਸਨ। ਸਾਰੇ ਉਪ-ਮਹਾਂਦੀਪ ਵਿਚੋਂ ਚੰਗੇ-ਚੰਗੇ ਪੰਡਤ ਇੱਥੇ ਵਿਚਾਰ-ਚਰਚਾ ਕਰਨ ਆਇਆ ਕਰਦੇ ਸਨ।

ਪਿੰਡ ਵਿਚ ਇਕ ਪੁਰਾਣਾ ਕ੍ਰਿਸ਼ਨ-ਮੰਦਰ ਹੈ, ਜੋ ਨਾਨਕਸ਼ਾਹੀ ਇੱਟਾਂ ਦਾ ਬਣਿਆ ਹੋਇਆ ਹੈ। ਇਸ ਦਾ ਜ਼ਿਕਰ ਪੰਜਾਬੀ ਲੋਕ-ਗੀਤਾਂ ਵਿਚ ਵੀ ਆਉਂਦਾ ਹੈ। ਇਹ ਮੰਦਰ ਇਸ ਪਿੰਡ ਦੀ ਪ੍ਰਾਚੀਨਤਾ ਦਾ ਇਕ ਵਧੀਆ ਸਬੂਤ ਹੈ।

ਪਰ ਪਾਕਿਸਤਾਨ ਦੀ ਸਰਹੱਦ ਤੋਂ ਕਾਂ-ਦੀ-ਉਡਾਰੀ ਕੇਵਲ ਸੱਤ ਕਿਲੋਮੀਟਰ ਦੂਰ ਇਸ ਪ੍ਰਾਚੀਨ ਪਿੰਡ ਨੂੰ, ਜਾਪਦਾ ਹੈ, ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸੂਬਾ ਪ੍ਰਸ਼ਾਸਨ ਨੇ ਵੀ ਭੁਲਾ ਦਿੱਤਾ ਹੈ। ਪਰ ਇਸ ਇਤਿਹਾਸਕ ਅਤੇ ਅਣਗੌਲੇ ਪਿੰਡ ਦਾ, ਜੋ ਆਜ਼ਾਦੀ ਦੀ ਲੜਾਈ ਦਾ ਹਰਾਵਲ ਦਸਤਾ ਸੀ, ਆਜ਼ਾਦੀ ਤੋਂ ਬਾਅਦ ਕੋਈ ਵਿਕਾਸ ਨਹੀਂ ਹੋਇਆ। ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ, ਸ. ਬੇਅੰਤ ਸਿੰਘ ਅਤੇ ਸ. ਪ੍ਰਕਾਸ਼ ਸਿੰਘ ਬਾਦਲ ਦੇ ਵੱਡੇ-ਵੱਡੇ ਵਾਅਦਿਆਂ ਅਤੇ ਦਾਅਵਿਆਂ ਦੇ ਬਾਵਜੂਦ ਇਹ ਪਿੰਡ ਆਜ਼ਾਦ ਭਾਰਤ ਦੇ 'ਅਣਗੌਲੇ ਪੇਂਡੂ ਖੇਤਰ' ਦੀ ਇਕ ਪ੍ਰਮਾਣੀਕ ਮਿਸਾਲ ਹੈ।

ਬਾਬਾ ਸੋਹਣ ਸਿੰਘ ਭੱਕਣਾ ਮੈਮੋਰੀਅਲ ਕਮੇਟੀ ਦੇ ਪ੍ਰਧਾਨ ਇਕ ਸੇਵਾ-ਮੁਕਤ ਅਧਿਆਪਕ ਸ੍ਰੀ ਰਾਮ ਲੁਭਾਇਆ ਸ਼ਰਮਾ ਨੇ ਦੱਸਿਆ ਕਿ ਇਸ ਪਿੰਡ ਦਾ ਨਾਂ ਇਸ ਇਲਾਕੇ ਵਿਚ ਹੋਏ ਸੱਤ ਭਰਾਵਾਂ ਵਿਚੋਂ ਇਕ ਭਰਾ ਦੇ ਨਾਂ 'ਤੇ ਰੱਖਿਆ ਗਿਆ ਸੀ। ਦੋ ਹੋਰ ਭਰਾਵਾਂ ਦੇ ਨਾਂ ਖਾਸਾ ਤੇ ਚੀਚਾ ਸਨ। ਇਨ੍ਹਾਂ ਦੇ ਨਾਂ 'ਤੇ ਵਸੇ ਦੋ ਪਿੰਡ ਭੱਕਣੇ ਤੋਂ ਕੁਝ ਕਿਲੋਮੀਟਰ ਹੀ ਦੂਰ ਹਨ।

ਇਸ ਸਰਹੱਦੀ ਪਿੰਡ ਵਿਚ ਸਾਰੀਆਂ ਜਾਤੀਆਂ ਦੇ ਹਿੰਦੂ ਭਰਾਵਾਂ ਦੀ ਕਾਫ਼ੀ ਆਬਾਦੀ ਸੀ। ਪਰ ਖਾੜਕੂ-ਵਾਦ ਦੇ ਸਮੇਂ ਕਈ ਹਿੰਦੂ ਵੀਰ ਪਿੰਡ ਛੱਡ ਕੇ ਚਲੇ ਗਏ। ਪਿੰਡ ਵਿਚ ਗਹਿਮਾ-ਗਹਿਮ ਰੌਣਕ ਵਾਲਾ ਇਕ ਬਾਜ਼ਾਰ ਹੁੰਦਾ ਸੀ, ਜੋ ਆਲੇ-ਦੁਆਲੇ ਦੇ ਪਿੰਡਾਂ ਲਈ ਬੜੀ ਖਿੱਚ ਰੱਖਦਾ ਸੀ ਪਰ ਖਾੜਕੂਵਾਦ ਨੇ ਸਾਰੀ ਰੌਣਕ ਖ਼ਤਮ ਕਰ ਦਿੱਤੀ। ਇਸ ਪਿੰਡ ਨੇ 300 ਤੋਂ ਵੀ ਵੱਧ ਅਧਿਆਪਕਾਂ ਨੂੰ ਜਨਮ ਦਿੱਤਾ ਜਿਨ੍ਹਾਂ ਨੇ ਵਿੱਦਿਆ ਦੇ ਖੇਤਰ ਵਿਚ ਸ਼ਾਨਦਾਰ ਕਾਰਗੁਜ਼ਾਰੀ ਦਿਖਾਈ।

ਭੱਕਣੇ ਨੂੰ ਪੰਜਾਬ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਪਿੰਡਾਂ ਵਿਚੋਂ ਇਕ ਹੋਣ ਦਾ ਸਿਹਰਾ ਬਾਬਾ ਭੱਕਣਾ ਜੀ ਨੂੰ ਜਾਂਦਾ ਹੈ ਜਿਨ੍ਹਾਂ ਨੇ ਇਸ ਸਬੰਧ ਵਿਚ ਸਾਰੀ ਉਮਰ ਵਿਸ਼ੇਸ਼ ਯਤਨ ਕੀਤੇ। ਵੱਡੀ ਉਮਰ ਹੋ ਜਾਣ ਦੇ ਬਾਵਜੂਦ ਬਾਬਾ ਸੋਹਣ ਸਿੰਘ ਭੱਕਣਾ ਸੁਤੰਤਰਤਾ ਸੰਗਰਾਮੀਆਂ ਦੇ ਬੱਚਿਆਂ ਨੂੰ ਪੜ੍ਹਾਉਣ ਲਈ ਯਤਨਸ਼ੀਲ ਰਹੇ। ਬੱਚਿਆਂ ਨੂੰ ਰਿਹਾਇਸ਼ ਅਤੇ ਖਾਣ-ਪੀਣ ਦੀਆਂ ਸਹੂਲਤਾਂ ਆਪਣੇ ਪਿੰਡ ਵਿਚ ਹੀ ਮੁਹੱਈਆ ਕਰਦੇ ਰਹੇ।

ਪਿੰਡ-ਵਾਸੀਆਂ ਦਾ ਕਹਿਣਾ ਹੈ ਕਿ ਪੁਰਾਣੇ ਸਮਿਆਂ ਵਿਚ ਇਹ ਪਿੰਡ ਉੱਜੜ ਗਿਆ ਸੀ। ਪਿੰਡ ਦੇ ਬਾਹਰ ਇਕ ਥੇਹ ਇਸ ਗੱਲ ਦੀ ਸ਼ਾਹਦੀ ਭਰਦਾ ਹੈ। ਉੱਚਾ ਪਿੰਡ ਸੰਘੋਲ ਦੀ ਤਰ੍ਹਾਂ ਪੁਰਾਤਤਵ ਵਿਭਾਗ ਇਸ ਥੇਹ ਦੀ ਖ਼ੁਦਾਈ ਨਹੀਂ ਕਰ ਸਕਿਆ ਤਾਂ ਜੋ ਇਸ ਪਿੰਡ ਦੀ ਪੂਰਵ-ਇਤਿਹਾਸਕ ਸੱਭਿਅਤਾ ਸਿੱਧ ਹੋ ਸਕਦੀ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਪਿੰਡ ਪੂਰੀ ਤਰ੍ਹਾਂ ਤਬਾਹ ਹੋ ਜਾਣ ਦੇ ਕਾਰਨ, ਨਵਾਂ ਪਿੰਡ ਨਾਲ ਲਗਦੇ ਖੁੱਲ੍ਹੇ ਮੈਦਾਨ ਵਿਚ ਵਸਾਇਆ ਗਿਆ।

ਇਸ ਸਰਹੱਦੀ ਪਿੰਡ ਦੇ ਇਕ ਪੁਰਾਣੇ ਮੰਦਰ ਵਿਚ ਬਹੁਤ ਸੁੰਦਰ ਕੰਧ-ਚਿੱਤਰ ਬਣੇ ਹੋਏ ਸਨ ਪਰ ਹੁਣ ਮੰਦਰ ਦੇ ਪੁਜਾਰੀਆਂ ਦੀ ਲਾਪ੍ਰਵਾਹੀ ਕਾਰਨ ਉਹ ਚਿੱਤਰ ਖ਼ਰਾਬ ਹੋ ਗਏ ਹਨ। ਨਾਨਕਸ਼ਾਹੀ ਇੱਟਾਂ ਨਾਲ ਬਣੇ ਹੋਏ ਸ਼ਾਨਦਾਰ ਤਲਾਬ ਦੀ ਹਾਲਤ ਵੀ ਹੁਣ ਖਸਤਾ ਹੈ। ਨਾਨਕਸ਼ਾਹੀ ਇੱਟਾਂ ਨਾਲ ਉਸਾਰੇ ਗਏ ਇਸ ਮੰਦਰ ਵਿਚ ਸ਼ਿਵ, ਕ੍ਰਿਸ਼ਨ, ਸੰਧੂ ਅਤੇ ਹਨੂੰਮਾਨ ਦੇ ਮੰਦਰ ਵੀ ਹਨ। ਮੰਦਰ ਦੇ ਅੰਦਰ ਅਤੇ ਬਾਹਰ ਵਿਰਸੇ ਦੀ ਅਹਿਮੀਅਤ ਨੂੰ ਸਮਝੇ ਬਗੈਰ ਚਿੱਟੀ ਕਲੀ ਫੇਰੀ ਹੋਈ ਹੈ। ਇਸ ਇਤਿਹਾਸਕ ਮੰਦਰ ਦਾ ਜ਼ਿਕਰ ਪੰਜਾਬੀ ਲੋਕ-ਗੀਤਾਂ ਵਿਚ ਵੀ ਆਉਂਦਾ ਹੈ। ਸਰਹੱਦੀ ਪੱਟੀ ਵਿਚ ਇਸ ਮੰਦਰ ਨੂੰ ਇਕ ਮਹੱਤਵਪੂਰਨ ਅਸਥਾਨ ਸਮਝਿਆ ਜਾਂਦਾ ਸੀ। ਇਸ ਮੰਦਰ ਵਿਚ ਸਥਿਤ ਇਕ ਧਾਰਮਕ ਅਸਥਾਨ ਨੂੰ ਸੰਧੂਆਂ ਦੇ ਬਜ਼ੁਰਗ ਕਾਲਾ ਮਹਿਰ ਦੀ ਯਾਦਗਾਰ ਸਮਝਿਆ ਜਾਂਦਾ ਹੈ। ਕ੍ਰਿਸ਼ਨ ਜੀ, ਹਨੂੰਮਾਨ ਜੀ ਅਤੇ ਹੋਰ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਨੂੰ ਤਾਜ਼ਾ ਪੇਂਟ ਕੀਤਾ ਗਿਆ ਹੈ। ਮੰਦਰ ਦੀ ਬਾਹਰਲੀ ਕੰਧ ਉੱਤੇ ਭੱਦੇ ਢੰਗ ਨਾਲ ਲਿਖੀ ਜਾਣਕਾਰੀ ਅੱਖਾਂ ਨੂੰ ਬੁਰੀ ਲਗਦੀ ਹੈ।

ਪਿੰਡ ਭੱਕਣਾ 'ਅਨੇਕਤਾ ਵਿਚ ਏਕਤਾ' ਦੀ ਇਕ ਸਹੀ ਮਿਸਾਲ ਹੈ। ਬਿਨਾਂ-ਸ਼ੱਕ ਦੇਸ਼-ਵੰਡ ਦੇ ਘੱਲੂਘਾਰੇ ਵਿਚ ਦਸ ਲੱਖ ਹਿੰਦੂ, ਸਿੱਖ ਤੇ ਮੁਸਲਮਾਨ ਮਾਰੇ ਗਏ ਸਨ। ਬਾਬਾ ਸੋਹਣ ਸਿੰਘ ਭੱਕਣਾ ਨੇ ਉਨ੍ਹਾਂ ਦਿਨਾਂ ਵਿਚ ਅਮਨ ਸਭਾਵਾਂ ਬਣਾਈਆਂ ਅਤੇ ਬਹੁਤ ਸਾਰੇ ਮੁਸਲਮਾਨਾਂ ਨੂੰ ਨਵੇਂ ਬਣੇ ਪਾਕਿਸਤਾਨ ਵਿਚ ਸਹੀ-ਸਲਾਮਤ ਪਹੁੰਚਾਇਆ।

ਬਾਬਾ ਸੋਹਣ ਸਿੰਘ ਭੱਕਣਾ 98 ਸਾਲ ਦੀ ਉਮਰ ਵਿਚ ਬੜੀ ਨਿਰਾਸ਼ ਹਾਲਤ ਵਿਚ ਸੁਰਗਵਾਸ ਹੋਏ। ਉਨ੍ਹਾਂ ਦੇ ਪੋਤਰੇ ਸ. ਹਜ਼ਾਰਾ ਸਿੰਘ ਗਿੱਲ ਦਸਦੇ ਹਨ ਕਿ ਕਰਤਾਰ ਸਿੰਘ ਸਰਾਭਾ ਦੇ ਸ਼ਰਧਾਂਜਲੀ ਸਮਾਰੋਹ ਵਿਚ ਬਹੁਤ ਥੋੜ੍ਹੇ ਲੋਕਾਂ ਦੀ ਹਾਜ਼ਰੀ ਨੂੰ ਵੇਖ ਕੇ, ਬਾਬਾ ਜੀ ਨੂੰ ਬਹੁਤ ਝਟਕਾ ਲੱਗਾ। ਸਰਾਭੇ ਤੋਂ ਵਾਪਸ ਆ ਕੇ ਬਾਬਾ ਭੱਕਣਾ ਨੇ ਕਿਹਾ ਕਿ ਉਨ੍ਹਾਂ ਨੇ ਕਦੀ ਵੀ ਇਹੋ ਜਿਹੀ 'ਆਜ਼ਾਦੀ' ਦਾ ਸੁਪਨਾ ਨਹੀਂ



ਸੀ ਲਿਆ। ਨੌਜਵਾਨ ਸਭਾ ਦੇ ਇਕ ਮੈਂਬਰ ਸ. ਰੁਪਿੰਦਰ ਸਿੰਘ ਦੱਸਦੇ ਹਨ ਕਿ ਸ਼ਰਧਾਂਜਲੀ ਸਮਾਰੋਹ ਤੋਂ ਵਾਪਸ ਆ ਕੇ ਬਾਬਾ ਭੱਕਣਾ ਬਿਮਾਰ ਹੋ ਗਏ ਅਤੇ 21 ਦਸੰਬਰ 1968 ਨੂੰ ਉਹ ਸਥਾਨਕ ਸਰਕਾਰੀ ਹਸਪਤਾਲ ਵਿਚ ਸੁਰਗਵਾਸ ਹੋ ਗਏ। ਸਥਾਨਕ ਹਾਕਮਾਂ ਨੇ ਬਾਬਾ ਜੀ ਨੂੰ ਹਸਪਤਾਲ ਦੇ ਵਿਸ਼ੇਸ਼ ਵਾਰਡ ਵਿਚ ਰੱਖਣ ਦੀ ਪੇਸ਼ਕਸ਼ ਕੀਤੀ ਪਰ ਉਨ੍ਹਾਂ ਨੇ ਇਹ ਪੇਸ਼ਕਸ਼ ਸਵੀਕਾਰ ਨਹੀਂ ਕੀਤੀ। ਇਕ ਵਾਰੀ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਨੇ ਬਾਬਾ ਜੀ ਨੂੰ ਸ਼ਿਮਲੇ ਵਿਚ ਇਕ ਮਹਿਲ-ਨੁਮਾ ਮਕਾਨ ਭੇਟ ਕਰਨ ਦੀ ਇੱਛਾ ਜ਼ਾਹਿਰ ਕੀਤੀ ਪਰ ਇਸ ਮਹਾਨ ਦੇਸ਼-ਭਗਤ ਨੇ ਅਜਿਹੀ ਭੇਟਾ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ।

## ਇਕਾਂਤ ਜੇਲ੍ਹ-ਵਾਸੀ

ਬਾਬਾ ਸੋਹਣ ਸਿੰਘ ਭੱਕਣਾ ਨੇ ਦੇਸ਼ ਦੀ ਗੁਲਾਮੀ ਦੀਆਂ ਜ਼ੰਜੀਰਾਂ ਕੱਟਣ ਵਾਸਤੇ ਅਹਿਮ ਭੂਮਿਕਾ ਨਿਭਾਈ। ਪਰ ਉਸ ਨੂੰ ਦੇਸ਼ ਆਜ਼ਾਦ ਹੋਣ ਤੋਂ ਬਾਅਦ ਵੀ ਜੇਲ੍ਹ ਜਾਣਾ ਪਿਆ। ਉਨ੍ਹਾਂ ਦਾ ਖ਼ਿਆਲ ਸੀ ਕਿ ਦੇਸ਼ ਅਜੇ ਪੂਰਨ ਰੂਪ ਵਿਚ ਆਜ਼ਾਦ ਨਹੀਂ ਹੋਇਆ।

ਬਾਬਾ ਭੱਕਣਾ ਨੂੰ ਕਰਤਾਰ ਸਿੰਘ ਸਰਾਭਾ ਦੇ ਨਾਲ ਹੀ ਮੌਤ ਦੀ ਸਜ਼ਾ ਹੋ ਗਈ ਸੀ, ਪਰ ਪੰਡਤ ਮੋਤੀ ਲਾਲ ਨਹਿਰੂ ਦੀ ਵੇਲੇ ਸਿਰ ਮਿਲੀ ਕਾਨੂੰਨੀ ਸਹਾਇਤਾ ਨਾਲ ਉਨ੍ਹਾਂ ਨੂੰ ਫਾਂਸੀ ਤੋਂ ਇਕ ਦਿਨ ਪਹਿਲਾਂ ਰਿਹਾ ਕਰ ਦਿੱਤਾ ਗਿਆ।

ਅੰਗਰੇਜ਼ਾਂ ਦੇ ਰਾਜ ਸਮੇਂ ਉਨ੍ਹਾਂ ਨੂੰ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਦੇ ਅਣਮਨੁੱਖੀ ਤਸੀਹੇ ਸਹਿਣੇ ਪਏ। ਬਾਬਾ ਭੱਕਣਾ ਨੂੰ ਪੋਰਟ ਬਲੇਅਰ ਦੀ ਸੈਲੂਲਰ ਜੇਲ੍ਹ ਵਿਚ ਰੱਖਿਆ ਗਿਆ ਸੀ ਜਿੱਥੇ ਸੁਤੰਤਰਤਾ ਸੰਗਰਾਮੀਆਂ ਨੂੰ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦਿੱਤੇ ਜਾਂਦੇ ਸਨ। ਬਾਬਾ ਸੋਹਣ ਸਿੰਘ ਭੱਕਣਾ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਜੇਲ੍ਹ ਵਿਚ ਬੇੜੀਆਂ ਲਾ ਕੇ ਰੱਖਿਆ ਜਾਂਦਾ ਸੀ ਅਤੇ ਡਰਾਉਣੀ ਜੇਲ੍ਹ ਵਿਚ ਸੱਪ, ਠੂਹੇ ਅਤੇ ਜੋਕਾਂ ਉਨ੍ਹਾਂ ਦੇ ਸਾਥੀ ਸਨ। ਜੇਲ੍ਹ ਵਿਚ ਜਿਹੜਾ ਖਾਣਾ ਉਨ੍ਹਾਂ ਨੂੰ ਦਿੱਤਾ ਜਾਂਦਾ ਉਹ ਮਨੁੱਖਾਂ ਦੇ ਖਾਣ ਲਾਇਕ ਨਹੀਂ ਹੁੰਦਾ ਸੀ। ਬਾਬਾ ਸੋਹਣ ਸਿੰਘ ਭੱਕਣਾ ਨੇ ਜੇਲ੍ਹ-ਵਾਸੀਆਂ ਨਾਲ ਕੀਤੇ ਜਾਂਦੇ ਦੁਰ-ਵਿਵਹਾਰ ਵਿਰੁੱਧ ਕਈ ਵਾਰ ਭੁੱਖ-ਹੜਤਾਲ ਰੱਖੀ। ਜੇਲ੍ਹ ਦੇ ਕੈਦੀਆਂ ਨੂੰ ਸਰੀਰਕ ਤਸੀਹੇ ਦਿੰਦੇ ਸਨ ਅਤੇ ਕਈ ਵਾਰ ਚਾਬਕਾਂ ਨਾਲ ਕੁੱਟਦੇ ਵੀ ਸਨ।

ਆਜ਼ਾਦੀ-ਘੁਲਾਟੀਏ ਬਾਬਾ ਸੋਹਣ ਸਿੰਘ ਭੱਕਣਾ ਨੇ ਆਪਣੀ ਜ਼ਿੰਦਗੀ ਦੇ ਕੀਮਤੀ 26 ਸਾਲ ਦੇਸ਼ ਦੀਆਂ ਬਦ ਤੋਂ ਬਦਤਰ ਜੇਲ੍ਹਾਂ ਵਿਚ ਬਿਤਾਏ।

## ਲੋਕ ਭਲਾਈ ਨੂੰ ਸਮਰਪਿਤ

ਬਾਬਾ ਭੱਕਣਾ ਜਿਨ੍ਹਾਂ ਨੇ ਗ਼ਦਰ ਲਹਿਰ ਦਾ ਆਗਾਜ਼ ਕੀਤਾ, ਉਨ੍ਹਾਂ ਦਾ ਜਨਮ ਜਨਵਰੀ 1870 ਵਿਚ ਜ਼ਿਲ੍ਹਾ ਅੰਮ੍ਰਿਤਸਰ ਦੇ ਇਕ ਪਿੰਡ ਖੁਟਰਾਲ ਖੁਰਦ ਵਿਚ ਹੋਇਆ। ਸੋਹਣ ਸਿੰਘ ਜੋ ਬਾਅਦ ਵਿਚ ਬਾਬਾ ਭੱਕਣਾ ਦੇ ਨਾਂ ਨਾਲ ਮਸ਼ਹੂਰ

ਹੋਏ, ਉਹ ਸ. ਕਰਮ ਸਿੰਘ ਦੇ ਇਕੋ ਇਕ ਪੁੱਤਰ ਸਨ। ਸ. ਕਰਮ ਸਿੰਘ, ਭੱਕਣਾ ਰਹਿੰਦੇ ਸਨ। ਉਹ ਚੰਗੇ ਗੁਜ਼ਾਰੇ ਵਾਲੇ ਜ਼ਿਮੀਂਦਾਰ ਸਨ। ਸੋਹਣ ਸਿੰਘ ਅਜੇ ਮਸੀਂ ਇਕ ਸਾਲ ਦਾ ਹੀ ਸੀ ਕਿ ਉਹ ਸੁਰਗਵਾਸ ਹੋ ਗਏ।

ਸੋਹਣ ਸਿੰਘ 1907 ਵਿਚ ਅਮਰੀਕਾ ਗਏ ਅਤੇ ਉਥੇ ਕੈਲੇਫੋਰਨੀਆ ਵਿਚ ਰਹਿੰਦੇ ਪੰਜਾਬੀ ਪਰਵਾਸੀਆਂ ਨਾਲ ਰਲ ਗਏ। ਸਮੇਂ-ਸਮੇਂ ਉਹ ਦੇਖਦੇ ਰਹਿੰਦੇ ਸਨ ਕਿ ਅਮਰੀਕਾ ਵਿਚ ਭਾਰਤੀਆਂ ਨੂੰ ਕਈ ਮੁਸ਼ਕਲਾਂ ਤੇ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਦੇਸ਼ਵਾਸੀਆਂ ਦੀਆਂ ਤਕਲੀਫ਼ਾਂ ਅਤੇ ਸਮੱਸਿਆਵਾਂ ਨੇ ਉਨ੍ਹਾਂ ਨੂੰ ਇਕ ਜੋਸ਼ੀਲਾ ਦੇਸ਼ ਭਗਤ ਬਣਾ ਦਿੱਤਾ।

ਪਿੰਡ ਵਿਚ ਕੋਈ ਸਕੂਲ ਨਹੀਂ ਸੀ ਹੁੰਦਾ। ਇਸ ਲਈ ਸੋਹਣ ਸਿੰਘ ਨੂੰ ਮੁੱਢਲੀ ਸਿੱਖਿਆ ਪਿੰਡ ਦੇ ਗੁਰਦੁਆਰੇ ਵਿਚੋਂ ਹਾਸਲ ਕਰਨੀ ਪਈ। ਬਾਅਦ ਵਿਚ ਉਨ੍ਹਾਂ ਨੇ 1953 ਵਿਚ ਪਿੰਡ ਵਿਚ ਜਨਤਾ ਸਕੂਲ ਨਾਂ ਦਾ ਇਕ ਸਕੂਲ ਖੋਲ੍ਹਿਆ ਅਤੇ ਪਿੰਡ ਦੇ ਲੋਕਾਂ ਨੂੰ ਆਪਣੀਆਂ ਲੜਕੀਆਂ ਸਕੂਲ ਵਿਚ ਪੜ੍ਹਨ ਲਈ ਭੇਜਣ ਵਾਸਤੇ ਪ੍ਰੇਰਿਤ ਕੀਤਾ। ਕੁਝ ਸਮੇਂ ਬਾਅਦ ਜਨਤਾ ਸਕੂਲ ਆਪਣੀ ਅਸਲ ਪਛਾਣ ਨੂੰ ਕਾਇਮ ਨਾ ਰੱਖ ਸਕਿਆ ਕਿਉਂਕਿ ਇਸ ਦਾ ਪ੍ਰਬੰਧ ਸਰਕਾਰ ਦੇ ਹੱਥ ਵਿਚ ਚਲਾ ਗਿਆ ਸੀ।

ਆਖ਼ਰੀ ਦਮ ਤਕ ਬਾਬਾ ਸੋਹਣ ਸਿੰਘ ਭੱਕਣਾ ਸਮਾਜਵਾਦੀ ਸਿਧਾਂਤਾਂ ਨਾਲ ਪ੍ਰਣਾਏ ਰਹੇ। ਉਨ੍ਹਾਂ ਦੀ ਹਮਦਰਦੀ ਕਮਿਊਨਿਜ਼ਮ ਨਾਲ ਸੀ। ਪਰ ਉਹ ਆਪਣੇ ਵਿਚਾਰਾਂ ਵਿਚ ਕੱਟੜਪੰਥੀ ਨਹੀਂ ਸਨ। ਬਾਬਾ ਭੱਕਣਾ ਮੈਮੋਰੀਅਲ ਕਮੇਟੀ ਦੇ ਜਨਰਲ ਸਕੱਤਰ ਸ. ਜਸਬੀਰ ਸਿੰਘ ਜੱਸ ਦੱਸਦੇ ਹਨ ਕਿ ਬਾਬਾ ਭੱਕਣਾ ਬਿਨਾਂ-ਸ਼ੱਕ ਸੀ.ਪੀ.ਆਈ. ਦੇ ਮੁੱਖ ਲੀਡਰ ਸਨ, ਪਰ ਇਕ ਵਾਰ ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋ ਧੜਿਆਂ ਵਿਚ ਸੁਲਾਹ ਕਰਾਉਣ ਲਈ ਬੜਾ ਅਹਿਮ ਰੋਲ ਕੀਤਾ।

****



# ਕਾਮਾਗਾਟਾਮਾਰੂ ਦਾ ਸਾਕਾ

ਕਾਮਾਗਾਟਾਮਾਰੂ ਇਕ ਜਾਪਾਨੀ ਸਮੁੰਦਰੀ ਜਹਾਜ਼ ਦਾ ਨਾਂ ਸੀ ਪਰ ਇਹ ਆਪਣੇ ਦੇਸ਼ ਜਾਪਾਨ ਵਿਚ ਓਨਾ ਮਸ਼ਹੂਰ ਨਹੀਂ ਹੋਇਆ ਜਿੰਨਾ ਕਿ ਭਾਰਤ ਵਿਚ, ਖ਼ਾਸ ਕਰ ਕੇ ਪੰਜਾਬ ਵਿਚ। ਇਹ ਨਾਂ ਬਾਬਾ ਗੁਰਦਿੱਤ ਸਿੰਘ ਦੇ ਨਾਂ ਨਾਲ ਜੁੜ ਗਿਆ ਹੈ। ਬਾਬਾ ਜੀ ਤਰਨ ਤਾਰਨ ਦੇ ਪਿੰਡ ਸਰਹਾਲੀ ਦੇ ਵਸਨੀਕ ਸਨ।

ਭਾਵੇਂ ਮਾਝਾ ਖੇਤਰ ਦਾ ਵਿਸਥਾਰਿਤ ਇਤਿਹਾਸ ਅਜੇ ਕਲਮਬੰਦ ਹੋਣਾ ਬਾਕੀ ਹੈ ਪਰ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਮਾਝੇ ਦੀ ਧਰਤੀ ਨੇ ਅਨੇਕਾਂ ਅਜਿਹੇ ਜੋਸ਼ੀਲੇ ਦੇਸ਼-ਭਗਤਾਂ ਨੂੰ ਜਨਮ ਦਿੱਤਾ ਹੈ ਜਿਨ੍ਹਾਂ ਨੇ ਦੇਸ਼ ਦੀ ਖ਼ਾਤਰ ਆਪਣਾ ਸਭ ਕੁਝ ਵਾਰ ਦਿੱਤਾ। ਅਜਿਹੇ ਦੇਸ਼ਭਗਤਾਂ ਵਿਚੋਂ ਇਕ ਸਨ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ।

ਸਰਹਾਲੀ ਦਾ ਪੁਰਾਣਾ ਇਤਿਹਾਸ ਤਾਂ ਭਾਵੇਂ ਅਸਲ ਦੀ ਬਜਾਏ ਇਕ ਮਿੱਥ ਵਰਗਾ ਹੈ ਪਰ ਬਾਬਾ ਗੁਰਦਿੱਤ ਸਿੰਘ ਦਾ ਬੇਸ਼ਕੀਮਤੀ ਯੋਗਦਾਨ ਅਜੇ ਵੀ ਉਸ ਦੇ ਕਈ ਸਾਥੀਆਂ ਦੇ ਦਿਲਾਂ ਵਿਚ ਤਾਜ਼ਾ ਹੈ, ਜੋ ਅਜੇ ਜਿਊਂਦੇ ਹਨ ਅਤੇ ਉਸ ਦੇ ਜੱਦੀ ਘਰ ਦੇ ਨੇੜੇ ਹੀ ਰਹਿੰਦੇ ਹਨ।

ਇਹ ਬਾਬਾ ਗੁਰਦਿੱਤ ਸਿੰਘ ਹੀ ਸਨ ਜਿਨ੍ਹਾਂ ਨੇ ਕੈਨੇਡਾ ਜਾਣ ਲਈ 1914 ਵਿਚ ਇਕ ਜਾਪਾਨੀ ਸਮੁੰਦਰੀ ਜਾਹਜ਼ ਕਾਮਾਗਾਟਾਮਾਰੂ ਕਿਰਾਏ 'ਤੇ ਲਿਆ ਸੀ। ਕੈਨੇਡਾ ਦੀ ਸਰਕਾਰ ਨੇ ਉਥੇ ਭਾਰਤੀਆਂ ਦੇ ਦਾਖ਼ਲ ਹੋਣ 'ਤੇ ਕੁਝ ਪਾਬੰਦੀਆਂ ਲਾਈਆਂ ਹੋਈਆਂ ਸਨ। ਉਨ੍ਹਾਂ ਨੇ ਉਸ ਜਹਾਜ਼ ਦਾ ਨਾਂ 'ਗੁਰੂ ਨਾਨਕ ਜਹਾਜ਼' ਰੱਖਿਆ। ਜਹਾਜ਼ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਅਤੇ ਕੇਸਰੀ ਨਿਸ਼ਾਨ ਸਾਹਿਬ ਵੀ ਝੁਲਾਇਆ ਗਿਆ। ਜਹਾਜ਼ ਹਾਂਗਕਾਂਗ ਤੋਂ ਕੈਨੇਡਾ ਨੂੰ ਚਲ ਪਿਆ। ਬਹੁਤ ਸਾਰੇ ਪੰਜਾਬੀ ਕਈ ਮਹੀਨਿਆਂ ਤੋਂ ਹਾਂਗ-ਕਾਂਗ ਵਿਚ ਰੁਕੇ ਹੋਏ ਸਨ। ਉਨ੍ਹਾਂ ਨੂੰ ਕੈਨੇਡਾ ਜਾਣ ਦੀਆਂ ਟਿਕਟਾਂ ਨਹੀਂ ਮਿਲ ਰਹੀਆਂ ਸਨ।

ਬਾਬਾ ਗੁਰਦਿੱਤ ਸਿੰਘ ਨੇ ਹਾਂਗਕਾਂਗ ਵਿਚ ਫਸੇ ਪੰਜਾਬੀਆਂ ਦੀ ਮਦਦ ਕਰਨ ਦਾ ਫ਼ੈਸਲਾ ਕੀਤਾ। ਜਹਾਜ਼ ਵਿਚ ਕੁੱਲ 372 ਮੁਸਾਫ਼ਰ ਸਨ ਜੋ ਜ਼ਿਆਦਾਤਰ ਸਿੱਖ ਜਾਂ ਮੁਸਲਮਾਨ ਸਨ। ਜਹਾਜ਼ 3 ਅਪ੍ਰੈਲ 1914 ਨੂੰ ਹਾਂਗਕਾਂਗ ਤੋਂ ਵੈਨਕੂਵਰ ਜਾਣ ਲਈ ਰਵਾਨਾ ਹੋਇਆ। ਮੁਸਾਫ਼ਰਾਂ ਨੂੰ ਵਿਦੇਸ਼ੀ ਅਧਿਕਾਰੀਆਂ ਵੱਲੋਂ ਜਿਨ੍ਹਾਂ ਰੁਕਾਵਟਾਂ ਅਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਉਨ੍ਹਾਂ ਨੇ ਉਨ੍ਹਾਂ ਨੂੰ ਪੱਕੇ ਦੇਸ਼ਭਗਤ ਬਣਾ ਦਿੱਤਾ। ਜਹਾਜ਼ 22 ਮਈ 1914 ਨੂੰ ਵੈਨਕੂਵਰ ਪਹੁੰਚਾ ਪਰ ਉਸ ਨੂੰ ਉਥੇ ਠਹਿਰਨ ਦੀ ਆਗਿਆ ਨਹੀਂ ਮਿਲੀ, ਸਗੋਂ ਰਾਤ ਨੂੰ ਪੁਲੀਸ ਨੇ ਜਹਾਜ਼ ਉੱਤੇ ਹਮਲਾ ਕਰ ਦਿੱਤਾ। ਮੁਸਾਫ਼ਰਾਂ ਨੇ ਹਮਲੇ ਨੂੰ ਪਛਾੜ ਦਿੱਤਾ, ਜਿਸ ਨਾਲ ਬੜੀ ਵੱਡੀ

ਹਲਚਲ ਪੈਦਾ ਹੋ ਗਈ। ਆਖ਼ਰ ਬੜੇ ਲੰਮੇ ਕਸ਼ਟਮਈ ਸੰਘਰਸ਼ ਤੋਂ ਬਾਅਦ ਜਹਾਜ਼ ਨੂੰ ਜ਼ਬਰਦਸਤੀ ਕਲਕੱਤੇ ਵੱਲ ਵਾਪਸ ਤੋਰ ਦਿੱਤਾ ਗਿਆ।

ਕਾਮਾਗਾਟਾਮਾਰੂ ਜਹਾਜ਼ ਜਦੋਂ ਕਲਕੱਤੇ ਦੇ ਬਜ-ਬਜ ਘਾਟ 'ਤੇ ਪਹੁੰਚਾ ਤਾਂ ਅੰਗਰੇਜ਼ਾਂ ਨੇ ਉਸ ਉਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਵਾਪਸ ਆਏ ਮੁਸਾਫ਼ਰ ਜਾਂ ਤਾਂ ਮਾਰ ਦਿੱਤੇ ਗਏ ਜਾਂ ਗ੍ਰਿਫ਼ਤਾਰ ਕਰ ਲਏ ਗਏ। ਕੁਝ ਮੁਸਾਫ਼ਰ ਇਸ ਗੋਲੀਬਾਰੀ 'ਚੋਂ ਬਚ ਨਿਕਲੇ। ਬਾਬਾ ਗੁਰਦਿੱਤ ਸਿੰਘ ਵੀ ਬਜ-ਬਜ ਘਾਟ ਤੋਂ ਬਚ ਕੇ ਨਿਕਲ ਗਏ ਅਤੇ ਕਈ ਸਾਲ ਭੇਸ ਬਦਲ ਕੇ ਰਹਿੰਦੇ ਰਹੇ।

ਸਰਹਾਲੀ ਪਿੰਡ ਦੇ ਬਜ਼ੁਰਗਾਂ ਨੂੰ ਅੱਜ ਵੀ ਗ਼ਦਰ ਲਹਿਰ ਦੇ ਇਸ ਮਹਾਨ ਆਗੂ ਅਤੇ ਪੁਲੀਸ ਦੇ ਹੱਥ ਨਾ ਆਉਣ ਵਾਲੇ ਬਾਬਾ ਕਾਮਾਗਾਮਾਰੂ ਦੀਆਂ ਗੱਲਾਂ ਯਾਦ ਹਨ। ਉਹ ਦੇਸ਼ ਦੀ ਆਜ਼ਾਦੀ ਲਈ ਬਾਬਾ ਗੁਰਦਿੱਤ ਸਿੰਘ ਵੱਲੋਂ ਦਿੱਤੇ ਯੋਗਦਾਨ ਨੂੰ ਯਾਦ ਕਰਦੇ ਹਨ। ਉਨ੍ਹਾਂ ਦਾ ਗੁਆਂਢੀ ਜਸਵੰਤ ਸਿੰਘ ਦਸਦਾ ਹੈ ਕਿ ਪੁਲੀਸ ਜਦੋਂ ਵੀ ਉਨ੍ਹਾਂ ਦੇ ਘਰ 'ਤੇ ਛਾਪਾ ਮਾਰਦੀ ਸੀ ਤਾਂ ਬਾਬਾ ਗੁਰਦਿੱਤ ਸਿੰਘ ਪੁਲੀਸ ਨੂੰ ਝਕਾਨੀ ਦੇ ਕੇ ਮਕਾਨ ਦੀ ਛੱਤ ਤੋਂ ਛਾਲ ਮਾਰ ਕੇ ਅਲੋਪ ਹੋ ਜਾਂਦੇ ਸਨ।

ਨੱਬਿਆਂ ਨੂੰ ਟੱਪ ਚੁੱਕੇ ਪਿੰਡ ਵਾਸੀ ਜਗੀਰ ਸਿੰਘ, ਆਤਮਾ ਸਿੰਘ, ਦਰਸ਼ਨ ਸਿੰਘ ਅਤੇ ਅਮਰੀਕ ਸਿੰਘ ਬੜੇ ਦੁੱਖ ਨਾਲ ਕਹਿੰਦੇ ਹਨ ਕਿ ਉਨ੍ਹਾਂ ਨੂੰ ਆਪਣੇ ਮਿੱਤਰ ਗੁਰਦਿੱਤ ਸਿੰਘ ਦੀ ਕੋਈ ਯਾਦਗਾਰ ਦਿਖਾਈ ਨਹੀਂ ਦਿੰਦੀ, ਜਿਸ ਨਾਲ ਉਨ੍ਹਾਂ ਨੇ ਆਪਣੀ ਜੁਆਨੀ ਦੇ ਦਿਨ ਬਿਤਾਏ ਸਨ।

ਸਰਕਾਰ ਨੇ ਕਾਮਾਗਾਟਾਮਾਰੂ ਦੀ ਯਾਦ ਨੂੰ ਜ਼ਿੰਦਾ ਰੱਖਣ ਲਈ ਕੋਈ ਵਿਸ਼ੇਸ਼ ਯਤਨ ਨਹੀਂ ਕੀਤਾ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਬਾਬਾ ਜੀ ਦੇ ਸਸਕਾਰ ਸਮੇਂ ਉਨ੍ਹਾਂ ਦੇ ਜੱਦੀ ਪਿੰਡ ਸਰਹਾਲੀ ਜ਼ਰੂਰ ਆਏ ਸਨ। ਸਵਾਏ ਇਕ ਆਈ.ਟੀ.ਆਈ ਸੰਸਥਾ ਦੇ ਬਾਬਾ ਕਾਮਾਗਾਟਾਮਾਰੂ ਦੀ ਯਾਦ ਵਿਚ ਹੋਰ ਕੋਈ ਯਾਦਗਾਰ ਨਹੀਂ ਬਣਾਈ ਗਈ। ਦੂਜੇ ਪਾਸੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪਾਰਲੀਮੈਂਟ ਵਿਚ ਕਾਮਾਗਾਟਾਮਾਰੂ ਸਾਕੇ ਦੀ ਇਤਿਹਾਸਕ ਭੁੱਲ ਲਈ ਮਾਫ਼ੀ ਮੰਗੀ ਹੈ।

ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਦੇ ਪ੍ਰਿੰਸੀਪਲ ਪ੍ਰੋ. ਮਹਿਲ ਸਿੰਘ ਦੇ ਯਤਨ ਨਾਲ ਕਾਲਜ ਦੇ ਇਕ ਸਾਇੰਸ ਬਲਾਕ ਦਾ ਨਾਂ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਦੇ ਨਾਂ 'ਤੇ ਰੱਖਿਆ ਗਿਆ ਹੈ।

****



# ਜੰਗਨਾਮੇ ਦਾ ਕਵੀ ਸ਼ਾਹ ਮੁਹੰਮਦ

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਤੇ ਸਿੱਖਾਂ ਦੀ ਪਹਿਲੀ ਜੰਗ ਹੋਈ ਜਿਸ ਜੰਗ ਦਾ ਅੱਖੀਂ ਡਿੱਠਾ ਹਾਲ ਸ਼ਾਹ ਮੁਹੰਮਦ ਨੇ ਆਪਣੇ ਵੱਡ-ਅਕਾਰੀ ਜੰਗਨਾਮੇ ਵਿਚ ਲਿਖਿਆ ਹੈ। ਪਰ ਇਸ ਗੱਲ ਨੂੰ ਸਿੱਧ ਕਰਨ ਲਈ ਇਕ ਸਦੀ ਤੋਂ ਵੀ ਵੱਧ ਸਮਾਂ ਲਗ ਗਿਆ ਕਿ ਸ਼ਾਹ ਮੁਹੰਮਦ ਜ਼ਿਲ੍ਹਾ ਗੁਰਦਾਸਪੁਰ ਦੇ ਲੋਹ-ਸ਼ਹਿਰ ਬਟਾਲੇ ਦਾ ਨਹੀਂ ਸੀ, ਸਗੋਂ ਅੰਮ੍ਰਿਤਸਰ ਜ਼ਿਲ੍ਹੇ ਦੇ ਇਕ ਸਰਹੱਦੀ ਪਿੰਡ ਵਡਾਲਾ ਵੀਰਮ ਦਾ ਵਸਨੀਕ ਸੀ।

ਸ਼ਾਹ ਮੁਹੰਮਦ ਦੀ ਕਵਿਤਾ ਪੰਜਾਬ ਦੇ ਸੁਨਹਿਰੀ ਵਿਰਸੇ ਦਾ ਇਕ ਹਿੱਸਾ ਹੈ ਅਤੇ ਇਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਰੌਸ਼ਨੀ ਦਾ ਇਕ ਮੀਨਾਰ ਸਮਝਿਆ ਜਾਂਦਾ ਹੈ।

ਮਸ਼ਹੂਰ ਪੰਜਾਬੀ ਆਲੋਚਕ ਮੌਲਾ ਬਖ਼ਸ਼ ਕੁਸ਼ਤਾ ਵੀ ਵਡਾਲਾ ਵੀਰਮ ਦਾ ਸੀ। ਉਸ ਨੇ ਸਭ ਤੋਂ ਪਹਿਲਾਂ ਇਹ ਗੱਲ ਕਹੀ ਕਿ ਸ਼ਾਹ ਮੁਹੰਮਦ ਉਸ ਦੇ ਆਪਣੇ ਪਿੰਡ ਵਡਾਲਾ ਵੀਰਮ ਦਾ ਸੀ।

ਕੁਸ਼ਤਾ ਜੀ ਲਿਖਦੇ ਹਨ ਕਿ ਸ਼ਾਹ ਮੁਹੰਮਦ 1780 ਈ. ਵਿਚ ਪੈਦਾ ਹੋਇਆ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ 1862 ਵਿਚ ਇਸ ਦੁਨੀਆ ਤੋਂ ਰੁਖ਼ਸਤ ਹੋ ਗਿਆ। ਉਨ੍ਹਾਂ ਦੇ ਖਿਆਲ ਵਿਚ ਮਸ਼ਹੂਰ 'ਜੰਗਨਾਮਾ' 1846 ਦੇ ਨੇੜੇ-ਤੇੜੇ ਲਿਖਿਆ ਗਿਆ ਹੋਵੇਗਾ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਪਿੱਛੋਂ ਸ਼ਾਹੀ ਮਹਿਲਾਂ ਵਿਚ ਹੋਈਆਂ ਸਾਜ਼ਿਸ਼ਾਂ ਅਤੇ ਚਾਲਬਾਜ਼ੀਆਂ ਉਤੇ ਹੈਰਾਨ ਹੁੰਦਾ ਹੋਇਆ ਕਵੀ ਸਿੱਖ ਰਾਜ ਦੇ ਜਵਾਲ ਦੇ ਅਸਲ ਕਾਰਨਾਂ ਨੂੰ ਬੜੀ ਸਪੱਸ਼ਟਤਾ ਨਾਲ ਲਿਖਦਾ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਬੇਹੱਦ ਪ੍ਰਸੰਸਕ ਸ਼ਾਹ ਮੁਹੰਮਦ ਦਾ ਵਿਸ਼ਵਾਸ ਸੀ ਕਿ ਮਹਾਰਾਜੇ ਨੇ ਪੰਜ ਦਰਿਆਵਾਂ ਦੀ ਧਰਤੀ 'ਇਸ ਦੁਖੀ ਸਰਜ਼ਮੀਨ ਨੂੰ ਇਕ ਬਹਿਸ਼ਤੀ ਬਾਗ ਵਿਚ ਬਦਲ ਦਿੱਤਾ।'

ਕਵੀ ਇਸ ਗੱਲ 'ਤੇ ਝੂਰਦਾ ਹੈ ਕਿ ਮਹਾਰਾਜੇ ਦੀ ਮੌਤ ਤੋਂ ਬਾਅਦ, ਅੰਦਰੂਨੀ ਸਾਜ਼ਿਸ਼ਾਂ ਅਤੇ ਅੰਗਰੇਜ਼ਾਂ ਦੀਆਂ ਕੁਟਲ ਨੀਤੀਆਂ ਕਾਰਨ ਸਿੱਖ ਰਾਜ ਦਾ ਸ਼ਾਹੀ ਮਹਿਲ ਛੇਤੀ ਹੀ ਢਹਿ-ਢੇਰੀ ਹੋ ਗਿਆ।

ਸਿੱਖਾਂ ਤੇ ਅੰਗਰੇਜ਼ਾਂ ਦੀਆਂ ਦੋ ਲੜਾਈਆਂ ਤੋਂ ਪਿੱਛੋਂ ਈਸਟ ਇੰਡੀਆ ਕੰਪਨੀ ਨੇ 1849 ਵਿਚ ਸਾਰੇ ਪੰਜਾਬ ਉਤੇ ਕਬਜ਼ਾ ਕਰ ਲਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਵਿਭਾਗ ਦੇ ਪ੍ਰੋ. ਹਰਭਜਨ ਸਿੰਘ ਭਾਟੀਆ

ਕਹਿੰਦੇ ਹਨ ਕਿ ਸ਼ਾਹ ਮੁਹੰਮਦ ਇਕ ਮਹਾਨ ਦੇਸ਼ਭਗਤ ਸੀ ਜਿਸ ਨੇ ਆਪਣੇ ਪਾਠਕਾਂ ਦੇ ਦਿਲ ਵਿਚ ਵਤਨਪ੍ਰਸਤੀ ਦਾ ਅਹਿਸਾਸ ਪੈਦਾ ਕੀਤਾ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਪੈਦਾ ਹੋਏ ਸਾਂਝੇ ਪੰਜਾਬੀ ਸੱਭਿਆਚਾਰ ਦੀ ਕਵੀ ਬਹੁਤ ਤਾਰੀਫ਼ ਕਰਦਾ ਹੈ। ਜਿਸ ਵਿਚ ਹਿੰਦੂ, ਮੁਸਲਮਾਨ ਤੇ ਸਿੱਖ ਸਾਰੇ ਬੜੇ ਪਿਆਰ ਨਾਲ ਰਹਿੰਦੇ ਸਨ। ਕਵੀ ਕਹਿੰਦਾ ਹੈ ਕਿ ਪੰਜਾਬ ਇਸ ਗੱਲੋਂ ਖ਼ੁਸ਼ਕਿਸਮਤ ਸੀ ਕਿ ਮਹਾਰਾਜੇ ਦੇ ਰਾਜ ਵਿਚ ਅਜਿਹੇ ਸੱਭਿਆਚਾਰ ਦੀ ਸਦੀਆਂ ਪੁਰਾਣੀ ਸ਼ਾਨਦਾਰ ਪਰੰਪਰਾ ਨੂੰ ਮੁੜ-ਵਿਕਸਤ ਹੋਣ ਦਾ ਮੌਕਾ ਮਿਲਿਆ।

ਸ਼ਾਹ ਮੁਹੰਮਦ ਅੱਗੇ ਜਾ ਕੇ ਫੇਰ ਲਿਖਦੇ ਹਨ ਕਿ ਸੂਫ਼ੀ ਫ਼ਕੀਰਾਂ ਅਤੇ ਪੰਜਾਬੀ ਸ਼ਾਇਰਾਂ ਦੇ ਰਹੱਸਮਈ ਗੀਤ ਸਾਰੇ ਪੰਜਾਬ ਦਾ ਗੌਰਵ ਹਨ। ਮਹਾਰਾਜੇ ਦੇ ਰਾਜ ਵਿਚ ਪੰਜਾਬ ਦੀਆਂ ਸਾਰੀਆਂ ਜਾਤ-ਬਰਾਦਰੀਆਂ ਨੇ ਆਪਣੀਆਂ ਪੰਜਾਬੀ ਜੜ੍ਹਾਂ ਨੂੰ ਮੁੜ ਸੁਰਜੀਤ ਕੀਤਾ।

ਸ਼ਾਹ ਮੁਹੰਮਦ ਦੇ ਵਿਚਾਰ ਵਿਚ ਪੰਜਾਬੀ ਮੁਸਲਮਾਨ ਸਰਕਾਰ-ਇ-ਖਾਲਸਾ ਦਾ ਇਕ ਨਰੋਆ ਅੰਗ ਬਣ ਗਏ ਸਨ ਜਿਹੜੇ ਪਹਿਲਾਂ ਅਫ਼ਗਾਨਾਂ ਤੇ ਪਠਾਣਾਂ ਉਤੇ ਟੇਕ ਰੱਖਦੇ ਸਨ ਅਤੇ ਉਹ ਅੰਤ ਵਿਚ ਉਨ੍ਹਾਂ ਨਾਲ ਹਮੇਸ਼ਾ ਵਿਸਾਹਘਾਤ ਕਰਦੇ ਸਨ।

ਸ਼ਾਹ ਮੁਹੰਮਦ ਲਿਖਦਾ ਹੈ ਕਿ ਮਹਾਰਾਜੇ ਨੇ ਇਕ ਅਜਿਹਾ ਧਰਮ-ਨਿਰਪੱਖ ਰਾਜ ਸਿਰਜਿਆ ਜਿਸ ਵਿਚ ਸਾਰਿਆਂ ਨੂੰ ਬਰਾਬਰ ਸਮਝਿਆ ਜਾਂਦਾ ਸੀ।

ਸ਼ਾਹ ਮੁਹੰਮਦ ਦੇ ਅੰਦਰ ਵਸਦੇ ਕਵੀ ਨੇ ਸਿੱਖ ਸਰਦਾਰਾਂ ਦੀਆਂ ਅੰਦਰੂਨੀ ਲੜਾਈਆਂ ਅਤੇ ਧਿਆਨ ਸਿੰਘ ਡੋਗਰੇ ਦੀ ਅਗਵਾਈ ਵਿਚ ਡੋਗਰਿਆਂ ਵੱਲੋਂ ਕੀਤੀਆਂ ਦਗ਼ੇਬਾਜ਼ੀਆਂ ਨੂੰ ਅਜਿਹੇ ਢੁਕਵੇਂ ਸ਼ਬਦਾਂ ਵਿਚ ਲਿਖਿਆ ਹੈ ਕਿ ਉਹ ਇਤਿਹਾਸਕਾਰਾਂ ਲਈ ਮੁਢਲੇ ਸਰੋਤ ਬਣ ਗਏ ਹਨ।

ਡਾ. ਭਾਟੀਆ ਕਹਿੰਦੇ ਹਨ ਕਿ ਜੰਗਨਾਮੇ ਵਿਚ ਲਿਖੇ ਤੱਥਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਲਿਖੇ ਗਏ ਰੋਜ਼ਨਾਮਚੇ ਨਾਲ ਮੇਲ ਕੇ ਵੇਖਣਾ ਚਾਹੀਦਾ ਹੈ।

ਧਿਆਨ ਸਿੰਘ ਡੋਗਰਾ ਮੂਲ ਰੂਪ ਵਿਚ ਜੰਮੂ ਨਾਲ ਸਬੰਧ ਰੱਖਦਾ ਸੀ। ਉਹ ਮਹਾਰਾਜਾ ਰਣਜੀਤ ਸਿੰਘ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਤਕ ਪਹੁੰਚ ਗਿਆ। ਦੂਜੇ ਧੜੇ ਵਿਚ ਲਾਹੌਰ ਦੇ ਅਮੀਰ-ਵਜ਼ੀਰ ਸਨ। ਜਿਨ੍ਹਾਂ ਵਿਚ ਹਿੰਦੂ ਤੇ ਮੁਸਲਮਾਨ ਸ਼ਾਮਲ ਸਨ। ਇਹ ਸਾਰੇ ਵਿਦੇਸ਼ੀ ਮਾਮਲੇ, ਸਿਹਤ ਅਤੇ ਸਾਇੰਸ ਦੇ ਮਹੱਤਵਪੂਰਨ ਅਹੁਦਿਆਂ ’ਤੇ ਤਾਇਨਾਤ ਸਨ।

ਮਹਾਰਾਜਾ ਰਣਜੀਤ ਸਿੰਘ ਦਾ ਧਰਮ-ਨਿਰਪੱਖ ਰਾਜ ਉਸ ਦੇ ਜੀਵਨ-ਕਾਲ ਵਿਚ ਠੀਕ ਚਲਦਾ ਰਿਹਾ। ਪਰ ਜਦੋਂ ਉਸ ਦਾ ਵੱਡਾ ਪੁੱਤਰ ਰਾਜਾ ਬਣਿਆ ਤਾਂ ਸਭ ਕੁਝ ਬਦਲਣਾ ਸ਼ੁਰੂ ਹੋ ਗਿਆ। ਨਵੇਂ ਮਹਾਰਾਜੇ ਵਿਚ ਕਈ ਕਮੀਆਂ ਸਨ। ਉਸ ਵਿਚ ਰਾਜ ਕਰਨ ਦੀ ਕਾਬਲੀਅਤ ਨਹੀਂ ਸੀ। ਇਹੀ ਕਾਰਨ ਸੀ ਕਿ ਸਿੱਖ ਸਰਦਾਰਾਂ



ਅਤੇ ਡੋਗਰਿਆਂ ਨੂੰ ਸਾਜ਼ਿਸ਼ਾਂ ਕਰਨ ਦਾ ਚੰਗਾ ਮੌਕਾ ਮਿਲ ਗਿਆ। ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਸਿੱਖ ਸਰਦਾਰਾਂ ਦੀ ਅਯੋਗਤਾ ਅਤੇ ਡੋਗਰੇ ਭਰਾਵਾਂ ਦੀਆਂ ਸਾਜ਼ਿਸ਼ਾਂ ਸਿੱਖ ਰਾਜ ਦੇ ਪਤਨ ਲਈ ਜ਼ਿੰਮੇਵਾਰ ਹਨ।

ਆਧੁਨਿਕ ਕਵੀਆਂ ਦੀ ਯਾਦ ਵਿਚ ਸਮਾਗਮ ਕੀਤੇ ਜਾਂਦੇ ਹਨ ਪਰ ਸ਼ਾਹ ਮੁਹੰਮਦ ਦੇ ਯੋਗਦਾਨ ਨੂੰ ਉਜਾਗਰ ਕਰਨ ਲਈ ਕੋਈ ਖ਼ਾਸ ਯਤਨ ਨਹੀਂ ਕੀਤੇ ਗਏ।

ਸ਼ਾਹ ਮੁਹੰਮਦ ਦੀ ਮਹੱਤਤਾ ਨੂੰ ਮਹਿਸੂਸ ਕਰ ਕੇ ਇਲਾਕੇ ਦੇ ਦੋ ਸੱਜਣਾਂ ਸ. ਮਨਜੀਤ ਸਿੰਘ ਭੋਮਾ ਅਤੇ ਸ. ਭੁਪਿੰਦਰ ਸਿੰਘ ਸੰਧੂ ਨੇ ਅਮਰ ਕਵੀ ਦੀ ਵਿਰਾਸਤ ਨੂੰ ਸੰਭਾਲਣ ਲਈ ਕੁਝ ਸਾਲ ਪਹਿਲਾਂ ਇਕ ਸ਼ਾਹ ਮੁਹੰਮਦ ਮੈਮੋਰੀਅਲ ਟਰੱਸਟ ਬਣਾਇਆ ਸੀ। ਪਰ ਕਵੀ ਦੀਆਂ ਇਸ ਪਿੰਡ ਨਾਲ ਸਬੰਧਿਤ ਯਾਦਾਂ ਹੌਲੀ-ਹੌਲੀ ਮਿਟਦੀਆਂ ਜਾ ਰਹੀਆਂ ਹਨ। ਕਵੀ ਦੇ ਘਰ ਵਾਲੇ ਸਥਾਨ ’ਤੇ ਇਕ ਨਿੱਜੀ ਮਕਾਨ ਤੇ ਇਕ ਗੁਰਦੁਆਰਾ ਬਣ ਗਏ ਹਨ।

ਵਡਾਲਾ ਵੀਰਮ ਇਕ ਮੁਸਲਿਮ ਬਹੁਗਿਣਤੀ ਵਾਲਾ ਪਿੰਡ ਸੀ। ਦੇਸ਼ ਦੀ ਵੰਡ ਸਮੇਂ ਪੈਦਾ ਹੋਏ ਮਜ਼੍ਹਬੀ ਜਨੂੰਨ ਨੇ ਪਿੰਡ ਦੇ ਕਈ ਸਿੱਖਾਂ ਤੇ ਮੁਸਲਮਾਨਾਂ ਦੀਆਂ ਜਾਨਾਂ ਲੈ ਲਈਆਂ ਸਨ।

ਇਤਿਹਾਸਕਾਰਾਂ ਨੂੰ ਇਸ ਗੱਲ ਨੂੰ ਮਾਨਤਾ ਦੇਣ ਵਿਚ ਸੌ ਸਾਲ ਤੋਂ ਵੀ ਵੱਧ ਸਮਾਂ ਲੱਗ ਗਿਆ ਕਿ ਸ਼ਾਹ ਮੁਹੰਮਦ ਦਾ ਅਸਲ ਪਿੰਡ ਗੁਰਦਾਸਪੁਰ ਜ਼ਿਲ੍ਹੇ ਦਾ ਬਟਾਲਾ ਸ਼ਹਿਰ ਨਹੀਂ ਸੀ, ਸਗੋਂ ਅੰਮ੍ਰਿਤਸਰ ਜ਼ਿਲ੍ਹੇ ਵਿਚ ਮਜੀਠੇ ਦੇ ਨੇੜੇ ਸਰਹੱਦੀ ਪਿੰਡ ਵਡਾਲਾ ਉਸ ਦਾ ਜੱਦੀ ਪਿੰਡ ਸੀ।

ਪੰਜਾਬ ਭਾਸ਼ਾ ਵਿਭਾਗ ਦਾ ਡਾਇਰੈਕਟਰ 1973 ਵਿਚ, ਖੋਜਕਾਰਾਂ ਦੀ ਇਕ ਟੀਮ ਨੂੰ ਨਾਲ ਲੈ ਕੇ ਵਡਾਲਾ ਵੀਰਮ ਆਇਆ ਅਤੇ ਉਨ੍ਹਾਂ ਨੇ ਮਾਲ ਮਹਿਕਮੇ ਦੇ ਰਿਕਾਰਡ ਦੀ ਮਦਦ ਨਾਲ ਸ਼ਾਹ ਮੁਹੰਮਦ ਦੇ ਘਰ ਵਿਚ ਲੱਗੇ ਇਕ ਖੂਹ ਦੀ ਦੀਵਾਰ ਵਿਚ ਲੱਗੀ ਸੰਗਮਰ-ਮਰ ਦੀ ਇਕ ਪੁਰਾਣੀ ਸਿੱਲ ਲੱਭੀ।

ਸ਼ਾਹ ਮੁਹੰਮਦ ਮੈਮੋਰੀਅਲ ਟਰੱਸਟ ਨੇ ਸ਼ਾਹ ਮੁਹੰਮਦ ਦੀ ਯਾਦ ਵਿਚ ਸਮਾਰੋਹ ਕੀਤੇ। ਪਹਿਲਾ 1973 ਵਿਚ ਅਤੇ ਦੂਜਾ 1978 ਵਿਚ। ਇਸ ਤੋਂ ਬਾਅਦ ਵਡਾਲੇ ਦੇ ਵਾਸੀ, ਭਾਸ਼ਾ ਵਿਭਾਗ ਪੰਜਾਬ ਅਤੇ ਪੰਜਾਬ ਸਰਕਾਰ ਇਕ ਵਾਰ ਫੇਰ ਸ਼ਾਹ ਮੁਹੰਮਦ ਨੂੰ ਭੁੱਲ ਗਏ।

ਹੁਣ ਸ਼ਾਹ ਮੁਹੰਮਦ ਯਾਦਗਾਰੀ ਚੈਰੀਟੇਬਲ ਟਰੱਸਟ ਨੇ ਆਲਮੀ ਪੰਜਾਬੀ ਵਿਰਾਸਤ ਫਾਊਂਡੇਸ਼ਨ ਦੀ ਮਦਦ ਨਾਲ ਪ੍ਰਸਿੱਧ ਕਵੀ ਸ਼ਾਹ ਮੁਹੰਮਦ ਦੇ ਜੀਵਨ ਦੀ ਖੋਜ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਦੋਵੇਂ ਸੰਸਥਾਵਾਂ ਹਰ ਸਾਲ 8 ਦਸੰਬਰ ਨੂੰ ਵਡਾਲਾ ਵੀਰਮ ਵਿਖੇ ਸ਼ਾਹ ਮੁਹੰਮਦ ਦੀ ਯਾਦ ਵਿਚ ਇਕ ਸਮਾਗਮ ਕਰਦੀਆਂ ਹਨ।

ਸ. ਜਗੀਰ ਸਿੰਘ ਸੇਵਾ-ਮੁਕਤ ਸਬ ਇੰਸਪੈਕਟਰ ਨੇ ਪਿੰਡ ਵਿਚ ਹੋਏ ਫਸਾਦ

ਆਪਣੀ ਅੱਖੀਂ ਵੇਖੇ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਫਿਰਕੂ ਕਤਲੇਆਮ ਤੋਂ ਬਾਅਦ ਸਾਰੇ ਮੁਸਲਮਾਨ ਪਾਕਿਸਤਾਨ ਨੂੰ ਚਲੇ ਗਏ ਸਨ।

ਪਿੰਡ ਵਾਸੀਆਂ ਨੇ ਖ਼ਾਸ ਕਰ ਕੇ ਸਵਰਗਵਾਸੀ ਸ. ਨਿਰੰਜਨ ਸਿੰਘ ਚੱਬਾ ਦੇ ਪਰਿਵਾਰ ਨੇ ਪਿੰਡ ਵਿਚ ਇਕ ਪੁਰਾਣੀ ਮਸਜਿਦ ਨੂੰ ਸੁਰੱਖਿਅਤ ਰੱਖਣ ਲਈ ਯਤਨ ਕੀਤੇ ਹਨ। ਦੋ ਹੋਰ ਮਸਜਿਦਾਂ ਖਸਤਾ ਹਾਲਤ ਵਿਚ ਹਨ ਪਰ ਉਨ੍ਹਾਂ ਵਿਚੋਂ ਇਕ ਜੋ ਪਿੰਡ ਦੀ ਮੁੱਖ ਸੜਕ 'ਤੇ ਬਾਬਾ ਤਾਰਨ ਸ਼ਾਹ ਦੀ ਮਸਜਿਦ ਹੈ, ਉਸ ਦੀ ਦੇਖ-ਭਾਲ ਇਕ ਸਿੱਖ ਪਰਿਵਾਰ ਕਰ ਰਿਹਾ ਹੈ।

****



# ਨੇਤਾ ਜੀ ਦਾ ਕਾਬਲ ਨੂੰ ਫ਼ਰਾਰ ਹੋਣਾ

ਆਜ਼ਾਦੀ ਦੇ ਸੰਘਰਸ਼ ਨੇ ਕਈ ਚੋਟੀ ਦੀਆਂ ਸ਼ਖ਼ਸੀਅਤਾਂ ਨੂੰ ਜਨਮ ਦਿੱਤਾ। ਉਨ੍ਹਾਂ ਦੇ ਵੱਡ-ਆਕਾਰੀ ਪ੍ਰਤੀਬਿੰਬ ਲੋਕਾਂ ਦੇ ਮਨਾਂ ਵਿਚ ਹੈਰਾਨੀ ਅਤੇ ਅਸਚਰਜਤਾ ਭਰ ਦਿੰਦੇ ਹਨ। ਆਜ਼ਾਦੀ ਦੀ ਲੜਾਈ ਦੋ ਹਿੱਸਿਆਂ ਵਿਚ ਵੰਡੀ ਗਈ ਸੀ। ਇਕ ਲਹਿਰ ਕਰਾਂਤੀਕਾਰੀਆਂ ਦੀ ਸੀ ਅਤੇ ਦੂਜੀ ਸੀ ਅਮਨਪਸੰਦ ਨਾ-ਮਿਲਵਰਤਨ ਦੀ ਲਹਿਰ। ਦੋਹਾਂ ਧਿਰਾਂ ਨੇ ਦੇਸ਼ ਨੂੰ ਆਜ਼ਾਦ ਕਰਾਉਣ ਵਿਚ ਆਪਣੀ ਅਹਿਮ ਭੂਮਿਕਾ ਨਿਭਾਈ। ਅੰਗਰੇਜ਼ਾਂ ਦੇ ਖ਼ਿਲਾਫ਼ ਅਮਨਪਸੰਦ ਨਾ-ਮਿਲਵਰਤਨ ਲਹਿਰ ਦੀ ਅਗਵਾਈ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਕਰ ਰਹੇ ਸਨ। ਜਦਕਿ ਕਰਾਂਤੀਕਾਰੀ ਲਹਿਰ ਦੇ ਨੇਤਾ, ਨੇਤਾ ਜੀ ਸੁਭਾਸ਼ ਚੰਦਰ ਬੋਸ ਸਨ। ਇਹ ਦੋਵੇਂ ਲਹਿਰਾਂ ਇਕ ਨਿਸ਼ਾਨਾ ਹਾਸਲ ਕਰਨ ਦੇ ਦੋ ਵੱਖ-ਵੱਖ ਰਸਤੇ ਸਨ। ਨਿਸ਼ਾਨਾ ਸੀ : ਆਜ਼ਾਦ ਭਾਰਤ ਦੀ ਪ੍ਰਾਪਤੀ।

ਨੇਤਾ ਜੀ ਬਾਰੇ ਕਈ ਇਤਿਹਾਸਕ ਸਵਾਲਾਂ ਦੇ ਜਵਾਬ ਮਿਲਣੇ ਅਜੇ ਬਾਕੀ ਹਨ, ਜਿਨ੍ਹਾਂ ਨੇ ਅੰਗਰੇਜ਼ੀ ਰਾਜ ਵਿਰੁੱਧ ਹਥਿਆਰਬੰਦ ਲੜਾਈ ਲੜਨ ਲਈ ਸੰਭਵਤ ਆਜ਼ਾਦ ਹਿੰਦ ਫ਼ੌਜ (ਆਈ.ਐੱਨ.ਏ.) ਦੀ ਨੀਂਹ ਰੱਖੀ। ਕਈ ਕਮਿਸ਼ਨ ਨਿਯੁਕਤ ਕੀਤੇ ਗਏ ਅਤੇ ਅੱਧੀ ਸਦੀ ਤੋਂ ਵਧ ਸਮਾਂ ਵੀ ਬੀਤ ਗਿਆ ਹੈ ਪਰ ਫੇਰ ਵੀ ਅਸੀਂ ਇਸ ਸਵਾਲ ਦਾ ਜਵਾਬ ਲੱਭਣ ਲਈ ਅਜੇ ਹਨੇਰੇ ਵਿਚ ਹੀ ਟੱਕਰਾਂ ਮਾਰ ਰਹੇ ਹਾਂ ਕਿ ਅੰਤ ਵਿਚ ਨੇਤਾ ਜੀ ਨਾਲ ਕੀ ਵਾਪਰਿਆ। ਨੇਤਾ ਜੀ ਦੇ ਆਖ਼ਰੀ ਸਫ਼ਰ ਬਾਰੇ ਕਈ ਕਿਆਸ-ਆਰਾਈਆਂ ਅਤੇ 'ਤੱਥ' ਹਵਾ ਵਿਚ ਤੈਰ ਰਹੇ ਹਨ ਪਰ ਉਨ੍ਹਾਂ ਦੇ ਫਰਾਰ ਹੋਣ ਦੀ ਹਕੀਕਤ, ਇਤਿਹਾਸ ਵਿਚ ਚੰਗੀ ਤਰ੍ਹਾਂ ਅੰਕਿਤ ਹੈ ਅਤੇ ਉਹ ਹਕੀਕਤ ਅੰਮ੍ਰਿਤਸਰ ਦੇ ਪਵਿੱਤਰ ਸ਼ਹਿਰ ਨਾਲ ਸਬੰਧ ਰੱਖਦੀ ਹੈ।

## ਇਤਿਹਾਸ ਦਾ ਇਕ ਟੋਟਾ

ਇਹ ਬੜੇ ਅਫ਼ਸੋਸ ਦੀ ਗੱਲ ਹੈ ਕਿ ਭਾਰਤੀ ਇਤਿਹਾਸ ਦੇ ਬਹੁਤੇ ਵਿਦਿਆਰਥੀ ਅਜੇ ਇਸ ਭੇਤ-ਭਰੀ ਗੱਲ ਤੋਂ ਅਣਜਾਣ ਹਨ ਕਿ ਮਹਾਨ ਨੇਤਾ, ਨੇਤਾ ਜੀ ਸੁਭਾਸ਼ ਚੰਦਰ ਬੋਸ ਜਦੋਂ ਕਲਕੱਤੇ ਤੋਂ ਕਾਬਲ ਨੂੰ ਫ਼ਰਾਰ ਹੋਏ ਤਾਂ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿੱਚੀਂ ਗਏ ਸਨ। ਅਫ਼ਗਾਨਿਸਤਾਨ ਨੂੰ ਜਾਂਦਿਆਂ ਉਹ ਥੋੜ੍ਹਾ ਜਿਹਾ ਸਮਾਂ ਅੰਮ੍ਰਿਤਸਰ ਵਿਚ ਰਹੇ ਸਨ। ਉਨ੍ਹਾਂ ਦੇ ਇਸ ਛੋਟੇ ਜਿਹੇ ਪੜਾਅ ਨੇ ਸ਼ਹਿਰ ਦੇ ਲੋਕਾਂ ਵਿਚ ਦੇਸ਼ਭਗਤੀ ਦੀ ਜੁਆਲਾ ਪ੍ਰਜਵੱਲਿਤ ਕਰ ਦਿੱਤੀ।

ਸ਼ਹਿਰ ਵਿਚ ਕਰਾਂਤੀਕਾਰੀਆਂ ਦੇ ਇਕ ਅੱਡੇ 'ਬਾਰਾਂ ਮਕਾਨ' ਦਾ ਇਕ ਵਸਨੀਕ ਸੁਤੰਤਰਤਾ-ਸੰਗਰਾਮੀ ਇਸ ਭੇਤ ਤੋਂ ਪਰਦਾ ਚੁੱਕਦਾ ਹੈ ਕਿ ਪੰਜਾਬ ਦੇ

ਕਰਾਂਤੀਕਾਰੀਆਂ ਦੀ ਮਦਦ ਨਾਲ ਨੇਤਾ ਜੀ ਬਦਲੇ ਹੋਏ ਭੇਸ ਵਿਚ ਅੰਮ੍ਰਿਤਸਰ ਤੋਂ ਕਾਬਲ ਨੂੰ ਫ਼ਰਾਰ ਹੋਏ ਸਨ।

ਫ਼ਰਾਰ ਹੋਣ ਤੋਂ ਪਹਿਲਾਂ ਅੰਗਰੇਜ਼ ਸਰਕਾਰ ਨੇ ਨੇਤਾ ਜੀ ਨੂੰ ਗਿਆਰਾਂ ਵਾਰ ਕੈਦ ਕੀਤਾ ਸੀ। ਦੂਜੀ ਸੰਸਾਰ ਜੰਗ ਦੇ ਸ਼ੁਰੂ ਹੋਣ ਦੇ ਸਮੇਂ ਨੇਤਾ ਜੀ ਨੇ ਇਕ ਬੜਾ ਦਲੇਰੀ ਭਰਿਆ ਕਦਮ ਚੁੱਕਿਆ। ਉਹ ਇਕ ਲੰਮਾ, ਖ਼ਤਰਨਾਕ ਅਤੇ ਜੋਖ਼ਮ-ਭਰਿਆ ਰਸਤਾ ਤੈਅ ਕਰ ਕੇ ਜਰਮਨੀ ਜਾ ਪਹੁੰਚੇ।

ਜੁਲਾਈ 1940 ਵਿਚ ਨੇਤਾ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਉਤੇ ਇਲਜ਼ਾਮ ਲਾਇਆ ਗਿਆ ਕਿ ਉਹ ਕਲਕੱਤੇ ਵਿਚ ਬਲੈਕ ਹੋਲ ਦੇ ਹਾਦਸੇ ਵਿਚ ਮਾਰੇ ਗਏ ਲੋਕਾਂ ਦੀ ਯਾਦਗਾਰ ਨੂੰ ਢਾਹ ਦੇਣ ਦੀ ਮੰਗ ਕਰਨ ਵਾਲਾ ਇਕ ਮਾਰਚ ਕੱਢਣ ਦੀ ਯੋਜਨਾ ਬਣਾ ਰਹੇ ਸਨ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਭਾਰਤ ਵਿਚ ਜਿਸ ਤਰ੍ਹਾਂ ਦੇ ਹਾਲਾਤ ਹਨ ਉਨ੍ਹਾਂ ਵਿਚ ਉਹ ਗੋਰੀ ਹਕੂਮਤ ਖ਼ਿਲਾਫ਼ ਜੰਗ ਜਾਰੀ ਨਹੀਂ ਰੱਖ ਸਕਦੇ। ਇਸ ਲਈ ਉਨ੍ਹਾਂ ਨੇ ਪਹਿਲਾਂ ਭਾਰਤ ਤੋਂ ਸੋਵੀਅਤ ਯੂਨੀਅਨ ਜਾਣ ਦੀ ਯੋਜਨਾ ਬਣਾਈ ਅਤੇ ਉਥੋਂ ਅੱਗੇ ਅੰਗਰੇਜ਼ਾਂ ਨਾਲ ਲੜਨ ਲਈ ਜਰਮਨੀ ਜਾਣਾ ਚਾਹੁੰਦੇ ਸਨ।

ਕਲਕੱਤੇ ਵਿਚ ਨੇਤਾ ਜੀ ਦੇ ਘਰ ਉਤੇ ਹਮੇਸ਼ਾ ਨਿਗਰਾਨੀ ਰੱਖੀ ਜਾਂਦੀ ਸੀ। ਉਨ੍ਹਾਂ ਉਤੇ ਅਦਾਲਤ ਵਿਚ ਦੋ ਕੇਸ ਚਲ ਰਹੇ ਸਨ। ਉਨ੍ਹਾਂ ਨੇ ਸੋਚਿਆ ਕਿ ਜੰਗ ਖ਼ਤਮ ਹੋਣ ਤੋਂ ਪਹਿਲਾਂ ਅੰਗਰੇਜ਼ ਮੈਨੂੰ ਭਾਰਤ ਵਿਚੋਂ ਜਾਣ ਦੀ ਆਗਿਆ ਨਹੀਂ ਦੇਣਗੇ। ਇਸ ਤਰ੍ਹਾਂ ਦਾ ਪ੍ਰਭਾਵ ਦਿੱਤਾ ਗਿਆ ਕਿ ਉਹ ਆਪਣੀ ਪਤਨੀ ਨੂੰ ਮਿਲਣ ਲਈ ਬਹੁਤ ਬਿਹਬਲ ਹਨ, ਜੋ ਬਰਲਿਨ ਵਿਚ ਰਹਿੰਦੀ ਸੀ।

ਇਸ ਤਰ੍ਹਾਂ ਦੇ ਹਾਲਾਤ ਨੇ ਅੰਮ੍ਰਿਤਸਰ ਵਿੱਚੀ ਹੁੰਦੇ ਹੋਏ, ਅਫ਼ਗਾਨਿਸਤਾਨ ਤੇ ਸੋਵੀਅਤ ਯੂਨੀਅਨ ਰਾਹੀਂ ਨੇਤਾ ਜੀ ਦੇ ਫ਼ਰਾਰ ਹੋਣ ਦੀ ਯੋਜਨਾ ਨੂੰ ਅੰਜਾਮ ਦਿੱਤਾ।

## ਕਾਬਲ ਦਾ ਸਫ਼ਰ

ਅੰਮ੍ਰਿਤਸਰ ਦੇ ਜੋਸ਼ੀਲੇ ਕਰਾਂਤੀਕਾਰੀਆਂ ਨੇ ਜਿਨ੍ਹਾਂ ਵਿਚ ਔਰਤਾਂ ਵੀ ਸ਼ਾਮਲ ਸਨ, ਦੇਸ਼ ਨੂੰ ਆਜ਼ਾਦ ਕਰਾਉਣ ਲਈ ਨੇਤਾ ਜੀ ਦੀ ਮਦਦ ਕਰਨ ਦਾ ਪ੍ਰਣ ਲਿਆ। ਔਰਤਾਂ ਨੇ ਆਰਥਿਕ ਬਾਈਕਾਟ ਦੀਆਂ ਮੁਹਿੰਮਾਂ ਵਿਚ ਅਹਿਮ ਰੋਲ ਅਦਾ ਕੀਤਾ। ਉਹ ਨਾ-ਮਿਲਵਰਤਨ ਦੀ ਲਹਿਰ ਵਿਚ ਮਰਦਾਂ ਦੇ ਬਰਾਬਰ ਅਤੇ ਕਈ ਵਾਰ ਮਰਦਾਂ ਤੋਂ ਵਧ ਜੋਸ਼ ਨਾਲ ਹਿੱਸਾ ਲੈਂਦੀਆਂ ਸਨ।

ਚਿਤਰੰਜਨ ਦਾਸ (ਸੀ.ਆਰ.ਦਾਸ) ਲਾਲਾ ਲਾਜਪਤ ਰਾਏ, (ਜਿਨ੍ਹਾਂ ਨੂੰ ਪੰਜਾਬ ਕੇਸਰੀ ਜਾਂ ਸ਼ੇਰੇ-ਪੰਜਾਬ ਵੀ ਕਿਹਾ ਜਾਂਦਾ ਸੀ) ਡਾ. ਸੈਫ਼-ਉੱਦੀਨ ਕਿਚਲੂ, ਪ੍ਰਸਿੱਧ ਅਫ਼ਗਾਨ ਲੀਡਰ ਅਤੇ ਕਈ ਹੋਰ ਕਰਾਂਤੀਕਾਰੀ ਨੇਤਾ ਜੀ ਦੇ ਨਾਲ ਸਨ।

ਨੇਤਾ ਜੀ ਕਦੀ ਅਫ਼ਗਾਨਿਸਤਾਨ ਨਹੀਂ ਗਏ ਸਨ ਅਤੇ ਨਾ ਹੀ ਉਨ੍ਹਾਂ ਨੂੰ ਸਥਾਨਕ ਭਾਸ਼ਾ ਪਸ਼ਤੋ ਆਉਂਦੀ ਸੀ। ਉਨ੍ਹਾਂ ਨੇ ਉੱਤਰ ਪੱਛਮੀ ਸਰਹੱਦੀ ਸੂਬੇ ਦੇ



ਇਕ ਫਾਰਵਰਡ ਬਲਾਕ ਨੇਤਾ ਮੀਆਂ ਅਕਬਰ ਸ਼ਾਹ ਨੂੰ ਮਦਦ ਲਈ ਚੁਣਿਆ। ਅਕਬਰ ਸ਼ਾਹ ਨੇ ਨੇਤਾ ਜੀ ਦੇ ਭੇਸ ਬਦਲਣ ਦਾ ਇਕ ਨਵਾਂ ਤਰੀਕਾ ਸੋਚਿਆ। ਉਸ ਨੇ ਕਿਹਾ ਕਿ ਨੇਤਾ ਜੀ ਗੁੰਗੇ ਤੇ ਬੋਲੇ ਬਣ ਜਾਣ ਅਤੇ ਸਰਹੱਦ ਦੇ ਕਬਾਇਲੀਆਂ ਵਾਂਗ ਲੰਮੀ ਦਾਹੜੀ ਵਧਾ ਲੈਣ।

ਡਾ. ਕਿਚਲੂ ਸਮੇਤ ਕਈ ਸਥਾਨਕ ਮੁਸਲਮਾਨ ਕਰਾਂਤੀਕਾਰੀਆਂ ਨੇ ਨੇਤਾ ਜੀ ਨੂੰ ਮੁਸਲਿਮ ਸੱਭਿਆਚਾਰ ਦੀਆਂ ਕਈ ਗੱਲਾਂ ਸਮਝਾਈਆਂ।

ਕਾਬਲ ਨੂੰ ਫ਼ਰਾਰ ਹੋਣ ਤੋਂ ਪਹਿਲਾਂ ਸੁਭਾਸ਼ ਚੰਦਰ ਬੋਸ ਨੇ ਇਕ ਕਮਿਊਨਿਸਟ ਜਥੇਬੰਦੀ ਨੂੰ ਪੁੱਛਿਆ ਕਿ ਕੀ ਉਹ ਅਫ਼ਗਾਨਿਸਤਾਨ ਵਿਚ ਦਾਖਲ ਹੋਣ ਅਤੇ ਅੱਗੇ ਸੋਵੀਅਤ ਯੂਨੀਅਨ ਨੂੰ ਜਾਣ ਵਿਚ ਉਨ੍ਹਾਂ ਦੀ ਮਦਦ ਕਰਨਗੇ ਕਿ ਨਹੀਂ।

1940-41 ਦੀਆਂ ਸਰਦੀਆਂ ਵਿਚ ਇਹ ਮਹਾਂ-ਯਾਤਰਾ ਅਰੰਭ ਹੋਈ। ਇਕ ਬੀਮਾ ਕੰਪਨੀ ਦੇ ਮੁਸਲਮਾਨ ਏਜੰਟ ਦੇ ਰੂਪ ਵਿਚ ਨੇਤਾ ਜੀ ਇਕ ਦਿਨ ਅੱਧੀ ਰਾਤ ਦੇ ਸਮੇਂ ਕਲਕੱਤੇ ਵਿਚ ਆਪਣੇ ਘਰ ਤੋਂ ਨਿਕਲ ਤੁਰੇ। ਉਹ ਇਕ ਨਿਗੂਣੇ ਜਿਹੇ ਪੇਂਡੂ ਰੇਲਵੇ ਸਟੇਸ਼ਨ ਤੋਂ ਰੇਲਗੱਡੀ ਵਿਚ ਸਵਾਰ ਹੋਏ ਅਤੇ ਪੰਜਾਬ ਤੇ ਅਫ਼ਗਾਨਿਸਤਾਨ ਦੀ ਸਰਹੱਦ ਦੇ ਨੇੜੇ ਸਥਿਤ ਪਿਸ਼ਾਵਰ ਪਹੁੰਚ ਗਏ।

1940 ਦੇ ਨੇੜੇ-ਤੇੜੇ ਕਾਬਲ ਟਰੱਕਾਂ ਦੇ ਅੱਡੇ ਵਰਗਾ ਇਕ ਪਿੰਡ ਹੀ ਸੀ ਜਿੱਥੇ ਕੁਝ ਮੁਲਕਾਂ ਦੇ ਸਫ਼ਾਰਤਖਾਨੇ ਬਣੇ ਹੋਏ ਸਨ। ਸੁਭਾਸ਼ ਚੰਦਰ ਅਜੇ ਗੁੰਗੇ ਤੇ ਬੋਲੇ ਕਬਾਇਲੀ ਦੇ ਭੇਸ ਵਿਚ ਹੀ ਸਨ ਅਤੇ ਉਹ ਕਈ ਹਫ਼ਤੇ ਟਰੱਕ ਡਰਾਈਵਰਾਂ ਦੇ ਇਕ ਹੋਟਲ ਵਿਚ ਰੁਕੇ ਰਹੇ ਅਤੇ ਰੂਸੀਆਂ ਨਾਲ ਸੰਪਰਕ ਦੀ ਕੋਸ਼ਿਸ਼ ਕਰਦੇ ਰਹੇ। ਪਰ ਰੂਸੀਆਂ ਨੂੰ ਇਹ ਸ਼ੱਕ ਸੀ ਕਿ ਇਹ ਕੋਈ ਅੰਗਰੇਜ਼ੀ ਏਜੰਟ ਹੈ ਜੋ ਸੋਵੀਅਤ ਯੂਨੀਅਨ ਵਿਚ ਘੁਸਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਤੋਂ ਪਿੱਛੋਂ ਨੇਤਾ ਜੀ ਨੇ ਜਰਮਨਾਂ ਨਾਲ ਸੰਪਰਕ ਪੈਦਾ ਕੀਤਾ। ਜਰਮਨਾਂ ਨੂੰ ਵੀ ਸੁਭਾਸ਼ ਚੰਦਰ ਬੋਸ ਦੀਆਂ ਯੋਜਨਾਵਾਂ ਉਤੇ ਕੁਝ ਸ਼ੱਕ ਸੀ। ਉਹ ਕਈ ਚਿਰ ਪੈਰ ਮਲਦੇ ਰਹੇ।

ਆਖ਼ਰ ਇਟੈਲੀਅਨਾਂ ਨੇ ਨੇਤਾ ਜੀ ਦੀ ਮਦਦ ਕੀਤੀ। ਕਾਬਲ ਵਿਚ ਇਟਲੀ ਦੇ ਰਾਜਦੂਤ ਨੂੰ ਨੇਤਾ ਜੀ ਦੀ ਯੋਜਨਾ ਬੜੀ ਆਕਰਸ਼ਕ ਲੱਗੀ। ਉਸ ਨੇ ਸੁਭਾਸ਼ ਚੰਦਰ ਦਾ ਨਾਂ ਓਰਲੈਂਡੋ ਮਜ਼ੋਤਾ ਰੱਖ ਕੇ ਇਟਲੀ ਦਾ ਪਾਸਪੋਰਟ ਬਣਵਾ ਦਿੱਤਾ ਅਤੇ ਜਰਮਨਾਂ ਤੇ ਰੂਸੀਆਂ ਨੂੰ ਉਸ ਦੀ ਮਦਦ ਕਰਨ ਲਈ ਪ੍ਰੇਰਿਤ ਕੀਤਾ।

ਆਖ਼ਰਕਾਰ ਸੁਭਾਸ਼ ਚੰਦਰ ਬੋਸ ਨੇ ਮਾਰਚ 1941 ਵਿਚ ਇਕ ਰਾਜਦੂਤ ਦੀ ਕਾਰ ਵਿਚ ਸੋਵੀਅਤ ਯੂਨੀਅਨ ਦੀ ਸਰਹੱਦ ਤਕ ਸਫ਼ਰ ਕੀਤਾ। ਉਥੋਂ ਉਹ ਰੇਲ ਰਾਹੀਂ ਮਾਸਕੋ ਪਹੁੰਚੇ ਅਤੇ ਮਾਸਕੋ ਤੋਂ ਹਵਾਈ ਜਹਾਜ਼ ਵਿਚ ਬਰਲਿਨ ਨੂੰ ਉਡਾਰੀ ਮਾਰ ਗਏ।

1942 ਵਿਚ ਨੇਤਾ ਜੀ ਨੇ ਦੂਰ ਪੂਰਬ ਵਿਚ ਜਾਪਾਨੀਆਂ ਦੇ ਕਬਜ਼ੇ ਵਾਲੇ ਇਲਾਕਿਆਂ ਵਿਚ ਆਜ਼ਾਦ ਹਿੰਦ ਫ਼ੌਜ ਬਣਾਈ। ਉਹ 1945 ਵਿਚ ਆਪਣੀ ਮੌਤ ਤਕ ਆਜ਼ਾਦ ਹਿੰਦ ਫ਼ੌਜ ਦੇ ਪ੍ਰਮੁੱਖ ਕਮਾਂਡਰ ਰਹੇ।

ਸੁਭਾਸ਼ ਚੰਦਰ ਬੋਸ ਦਾ ਜਨਮ 1897 ਈ. ਵਿਚ ਹੋਇਆ ਸੀ। ਉਹ ਕਲਕੱਤਾ ਪ੍ਰੈਜ਼ੀਡੈਂਸੀ ਕਾਲਜ ਦੇ ਇਕ ਹੁਸ਼ਿਆਰ ਵਿਦਿਆਰਥੀ ਸਨ। ਉਨ੍ਹਾਂ ਨੇ ਫ਼ਿਲਾਸਫ਼ੀ ਵਿਚ ਪਹਿਲੇ ਦਰਜੇ ਦੀ ਅੰਡਰਗਰੈਜੂਏਟ ਡਿਗਰੀ ਹਾਸਲ ਕੀਤੀ। ਫੇਰ ਉਹ ਕੈਂਬ੍ਰਿਜ ਯੂਨੀਵਰਸਿਟੀ ਵਿਚ ਚਲੇ ਗਏ ਅਤੇ ਆਪਣਾ ਤਿੰਨ ਸਾਲਾਂ ਦਾ ਕੰਮ ਦੋ ਸਾਲਾਂ ਵਿਚ ਪੂਰਾ ਕਰ ਲਿਆ।

ਆਪਣੇ ਪਿਤਾ ਦੇ ਜ਼ੋਰ ਦੇਣ 'ਤੇ ਉਹ ਇੰਡੀਅਨ ਸਿਵਲ ਸਰਵਿਸ ਵਿਚ ਭਰਤੀ ਹੋ ਗਏ। ਉਨ੍ਹਾਂ ਨੂੰ ਕਲਕੱਤੇ ਦੇ ਉਸ ਸਮੇਂ ਦੇ ਮੇਅਰ ਦੇਸ਼ਬੰਧੂ ਚਿਤਰੰਜਨ ਦਾਸ ਦੇ ਕਹਿਣ 'ਤੇ ਕਲਕੱਤਾ ਸਿਟੀ ਕਾਰਪੋਰੇਸ਼ਨ ਵਿਚ ਸਕੱਤਰ ਦੇ ਅਹੁਦੇ 'ਤੇ ਆਈ.ਸੀ.ਐੱਸ ਅਫ਼ਸਰ ਵਜੋਂ ਨਿਯੁਕਤ ਕੀਤਾ ਗਿਆ ਪਰ ਉਨ੍ਹਾਂ ਨੇ ਅੰਗਰੇਜ਼ ਦੀ ਨੌਕਰੀ ਕਰਨ ਦੀ ਬਜਾਏ ਆਜ਼ਾਦੀ ਸੰਗਰਾਮ 'ਚ ਕੁੱਦਣ ਨੂੰ ਤਰਜੀਹ ਦਿੱਤੀ।

## ਬਾਰਾਂ-ਮਕਾਨ ਦੇ ਕਰਾਂਤੀਕਾਰੀ

ਸੁਭਾਸ਼ ਚੰਦਰ ਬੋਸ ਅੰਮ੍ਰਿਤਸਰ ਦੇ ਇਸਲਾਮਾਬਾਦ ਮਹੱਲੇ ਵਿਚ ਕੌਮੀ ਲਹਿਰ ਦੇ ਕੇਂਦਰ ਬਾਰਾਂ-ਮਕਾਨ ਵਿਚ ਗਏ ਅਤੇ ਉਥੇ ਸਥਾਨਕ ਲੀਡਰਾਂ ਨਾਲ ਮਿਲ ਕੇ ਇਕ ਯੂਨਾਈਟਿਡ ਫਰੰਟ ਬਣਾਇਆ ਅਤੇ ਉਨ੍ਹਾਂ ਨਾਲ ਦੇਸ਼ ਵਿਚੋਂ ਅੰਗਰੇਜ਼ਾਂ ਨੂੰ ਕੱਢਣ ਅਤੇ ਭਾਰਤ ਨੂੰ ਇਕ ਸੁਤੰਤਰ ਦੇਸ਼ ਬਣਾਉਣ ਲਈ ਯੋਜਨਾਵਾਂ ਬਣਾਈਆਂ।

ਸ੍ਰੀ ਅਵਿਨਾਸ਼ ਮਹਿੰਦਰੂ, ਜਿਨ੍ਹਾਂ ਦਾ ਪਰਿਵਾਰ 'ਬਾਰਾਂ ਮਕਾਨ' ਦਾ ਅਸਲ ਵਸਨੀਕ ਹੈ, ਦੱਸਦੇ ਹਨ ਕਿ ਇਸ ਮਹੱਲੇ ਵਿਚ ਵੱਡੇ-ਵੱਡੇ ਕਰਾਂਤੀਕਾਰੀ ਆਉਂਦੇ ਰਹਿੰਦੇ ਸਨ। ਜਿਨ੍ਹਾਂ ਵਿਚ ਕਾਮਰੇਡ ਸੋਹਣ ਸਿੰਘ ਜੋਸ਼ ਅਤੇ ਸ਼ਹੀਦ-ਇ-ਆਜ਼ਮ ਸ. ਭਗਤ ਸਿੰਘ ਵੀ ਸ਼ਾਮਲ ਸਨ।

ਨੇਤਾ ਜੀ ਦੀ ਯਾਦ ਅੱਜ ਵੀ 'ਬਾਰਾਂ ਮਕਾਨ' ਦੀ ਦੂਜੀ ਪੀੜ੍ਹੀ ਨੂੰ ਪ੍ਰੇਰਿਤ ਕਰਦੀ ਰਹਿੰਦੀ ਹੈ। ਉਹ ਨੇਤਾ ਜੀ ਦੇ ਇੱਥੇ ਆਉਣ ਦੀਆਂ ਗੱਲਾਂ ਬੜੇ ਚਾਅ ਨਾਲ ਸੁਣਾਉਂਦੇ ਹਨ। ਸਵਰਗਵਾਸੀ ਕਰਮ ਚੰਦ ਦੇ ਸਪੁੱਤਰ ਸ੍ਰੀ ਮੋਹਨ ਲਾਲ (ਜਿਨ੍ਹਾਂ ਪਾਸ ਨੇਤਾ ਜੀ ਦੇ ਬਾਰਾਂ ਮਕਾਨ ਆਉਣ ਦੀ ਦੁਰਲੱਭ ਤਸਵੀਰ ਹੈ) ਦੱਸਦੇ ਹਨ ਕਿ ਉਨ੍ਹਾਂ ਨੇ ਨੇਤਾ ਜੀ ਦਾ ਸਵਾਗਤ ਕੀਤਾ ਸੀ। ਉਨ੍ਹਾਂ ਦੇ ਪਿਤਾ ਜੀ ਉਨ੍ਹਾਂ ਨੂੰ ਨੇਤਾ ਜੀ ਦੀ ਸੈਨਿਕ ਸਿਆਣਪ ਅਤੇ ਬਰ੍ਹਮਾ ਤੇ ਆਸਾਮ ਵਿਚ ਉਨ੍ਹਾਂ ਦੀਆਂ ਜਿੱਤਾਂ ਬਾਰੇ ਅਕਸਰ ਦੱਸਿਆ ਕਰਦੇ ਸਨ।

ਕਈਆਂ ਦਾ ਖਿਆਲ ਹੈ ਕਿ ਨਵੀਨ ਸਥਾਪਤੀ ਨੇ ਬੜੀ ਅਨਿਆਂ-ਭਰੀ ਨੀਤੀ ਨਾਲ ਨੇਤਾ ਜੀ ਨੂੰ ਨਜ਼ਰਅੰਦਾਜ ਕਰ ਦਿੱਤਾ ਹੈ। ਪਰ 'ਬਾਰਾਂ ਮਕਾਨ' ਦੇ ਪੁਰਾਣੇ ਵਸਨੀਕ ਅੱਜ ਵੀ ਨੇਤਾ ਜੀ ਨੂੰ 'ਦੇਸ਼ ਭਗਤਾਂ ਵਿਚੋਂ ਮਹਾਨ ਦੇਸ਼ ਭਗਤ' ਵਜੋਂ ਯਾਦ ਕਰਦੇ ਹਨ ਜਿਵੇਂ ਕਿ ਮਹਾਤਮਾ ਗਾਂਧੀ ਜੀ ਨੇ ਉਨ੍ਹਾਂ ਬਾਰੇ ਕਿਹਾ ਸੀ। ਸੁਭਾਸ਼ ਚੰਦਰ ਬੋਸ ਇਕ ਮਹਾਨ ਬੁੱਧੀਜੀਵੀ ਸਨ ਅਤੇ ਉਨ੍ਹਾਂ ਦੀ ਆਜ਼ਾਦ ਹਿੰਦ ਫ਼ੌਜ ਵਿਚ ਸਾਰੇ ਧਰਮਾਂ ਦੇ ਲੋਕ ਸ਼ਾਮਲ ਸਨ। ਨੇਤਾ ਜੀ ਦੀ ਫ਼ੌਜ ਵਿਚ ਅੰਮ੍ਰਿਤਸਰ ਦੇ ਇਲਾਕੇ ਵਿਚੋਂ ਵੱਡੀ ਗਿਣਤੀ ਵਿਚ ਰੰਗਰੂਟ ਭਰਤੀ ਹੋਏ। ਕਾਬਲ ਨੂੰ ਜਾਣ ਤੋਂ



ਪਹਿਲਾਂ ਨੇਤਾ ਜੀ ਦਾ ਨਾਅਰਾ 'ਤੁਮ ਮੁਝੇ ਖ਼ੂਨ ਦੋ, ਮੈਂ ਤੁਮਹੇਂ ਆਜ਼ਾਦੀ ਦੂੰਗਾ' ਅੰਮ੍ਰਿਤਸਰ ਵਿਚ ਕਈ ਵਾਰ ਲਾਇਆ ਗਿਆ ਅਤੇ ਅੰਮ੍ਰਿਤਸਰ ਦੇ ਸ਼ਹਿਰੀਆਂ ਨੇ ਨੇਤਾ ਜੀ ਦੇ ਇਸ ਨਾਅਰੇ ਦਾ ਬਹੁਤ ਵੱਡਾ ਹੁੰਗਾਰਾ ਭਰਿਆ।

ਅਵਿਨਾਸ਼ ਮਹਿੰਦਰੂ ਕਹਿੰਦੇ ਹਨ 'ਬਾਰਾਂ ਮਕਾਨ' ਦੇ ਅਸਥਾਨ ਨੂੰ ਸੰਭਾਲ ਕੇ ਰੱਖਣ ਲਈ ਯਤਨ ਕੀਤੇ ਜਾਣਗੇ। ਅੰਮ੍ਰਿਤਸਰ ਵਿਚ ਇਹ ਬਾਰਾਂ ਮਕਾਨ, ਬਾਰਾਂ ਦੋਸਤਾਂ ਨੇ ਬਣਾਏ ਸਨ ਜੋ ਹੁਣ ਸ਼ਹਿਰ ਤੋਂ ਬਾਹਰ ਜਾ ਕੇ ਵਸ ਗਏ ਹਨ। ਦੇਸ਼-ਵੰਡ ਤੋਂ ਪਹਿਲਾਂ ਇਸ ਮਹੱਲੇ ਵਿਚ ਬਾਰਾਂ ਮਕਾਨ ਇੱਕੋ ਇੱਕ ਹਿੰਦੂ ਇਲਾਕਾ ਸੀ ਜੋ ਮੁਸਲਿਮ ਆਬਾਦੀ ਨਾਲ ਘਿਰਿਆ ਹੋਇਆ ਸੀ। ਦੇਸ਼-ਵੰਡ ਦੇ ਘੱਲੂਘਾਰੇ ਸਮੇਂ ਇਸ ਇਲਾਕੇ ਵਿਚ ਰੇਲਵੇ ਫਾਟਕ ਦੇ ਨੇੜੇ ਅਤਿਅੰਤ ਭਿਆਨਕ ਕਤਲੇਆਮ ਹੋਇਆ।

## ਨੇਤਾ ਜੀ ਦਾ ਪੰਜਾਬ ਨਾਲ ਨਾਤਾ

ਵਿਦੇਸ਼ ਨੂੰ ਫ਼ਰਾਰ ਹੋਣ ਤੋਂ ਪਹਿਲਾਂ ਨੇਤਾ ਜੀ ਨੂੰ ਪੰਜ ਦਰਿਆਵਾਂ ਦੀ ਧਰਤੀ ਦੇ ਕਈ ਇਲਾਕਿਆਂ ਨੂੰ ਵੇਖਣ ਦਾ ਮੌਕਾ ਮਿਲਿਆ। ਇਕ ਵਾਰ ਉਹ ਸੰਗਰੂਰ ਗਏ। 1938 ਵਿਚ ਨੇਤਾ ਜੀ ਰੇਲ ਦੁਆਰਾ ਲਾਹੌਰ ਤੋਂ ਹਿਸਾਰ ਗਏ। ਰਸਤੇ ਵਿਚ ਉਨ੍ਹਾਂ ਨੇ ਲੋਕਾਂ ਨੂੰ ਇਨਕਲਾਬ ਲਈ ਤਿਆਰ ਹੋਣ ਦਾ ਸੱਦਾ ਦਿੱਤਾ। ਜਦੋਂ ਰੇਲਗੱਡੀ ਅੰਮ੍ਰਿਤਸਰ, ਧੂਰੀ-ਸੰਗਰੂਰ, ਸੁਨਾਮ ਤੇ ਲਹਿਰਾਗਾਗਾ ਦੇ ਸਟੇਸ਼ਨਾਂ 'ਤੇ ਥੋੜ੍ਹੇ ਸਮੇਂ ਲਈ ਰੁਕੀ ਤਾਂ ਸੁਭਾਸ਼ ਚੰਦਰ ਬੋਸ ਨੇ ਲੋਕਾਂ ਦੇ ਸਾਹਮਣੇ ਛੋਟੇ-ਛੋਟੇ ਭਾਸ਼ਨ ਦਿੱਤੇ।

ਸੁਨਾਮ ਵਿਖੇ ਉਨ੍ਹਾਂ ਨੇ ਇਕ ਬਹੁਤ ਵੱਡੇ ਜਲਸੇ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਲੋਕਾਂ ਨੂੰ ਵੱਡੀਆਂ-ਵੱਡੀਆਂ ਕੁਰਬਾਨੀਆਂ ਕਰਨ ਲਈ ਤਿਆਰ ਰਹਿਣ ਲਈ ਕਿਹਾ। ਉਨ੍ਹਾਂ ਨੇ ਕਿਹਾ ਕਿ ਭਾਰਤ ਦੀ ਆਜ਼ਾਦੀ ਦੀ ਖ਼ਾਤਰ ਤੁਹਾਨੂੰ ਛੋਟੇ ਮੋਟੇ ਰਾਜਿਆਂ ਤੋਂ ਡਰਨ ਦੀ ਲੋੜ ਨਹੀਂ।

## ਕਰਾਂਤੀਕਾਰੀਆਂ ਦਾ ਅੱਡਾ

ਜੱਲਿਆਂਵਾਲੇ ਬਾਗ ਦੇ ਸਾਕੇ ਤੋਂ ਬਾਅਦ ਅੰਮ੍ਰਿਤਸਰ ਕਰਾਂਤੀਕਾਰੀ ਸਰਗਰਮੀਆਂ ਦਾ ਅੱਡਾ ਬਣ ਗਿਆ। ਕਤਲੇਆਮ ਤੋਂ ਬਾਅਦ ਅੰਮ੍ਰਿਤਸਰ ਦੇ ਪਵਿੱਤਰ ਸ਼ਹਿਰ ਵਿਚ ਕਾਂਗਰਸ ਦਾ ਜੋ ਇਜਲਾਸ ਹੋਇਆ, ਉਸ ਵਿਚ ਲੋਕ ਮਾਨੀਆ ਤਿਲਕ, ਮਦਨ ਮੋਹਨ ਮਾਲਵੀਆ, ਅਲੀ ਭਰਾ ਤੇ ਕਈ ਹੋਰ ਨੇਤਾ ਸ਼ਾਮਲ ਹੋਏ।

ਦੇਸ਼ਬੰਧੂ ਦਾਸ ਨੇ ਇਕ ਮਤਾ ਪੇਸ਼ ਕੀਤਾ, ਜਿਸ ਦੁਆਰਾ ਮੋਨਟੈਗੂ-ਚੈਮਸਫੋਰਡ ਸੁਧਾਰਾਂ ਨੂੰ ਨਾਕਾਫ਼ੀ ਅਤੇ ਨਾ-ਤਸੱਲੀਬਖਸ਼ ਕਹਿ ਕੇ ਰੱਦ ਕਰ ਦਿੱਤਾ ਗਿਆ। ਗਾਂਧੀ ਜੀ ਨੇ ਮਿਲਵਰਤਨ ਲਈ ਕੁਝ ਸੋਧਾਂ ਦਾ ਸੁਝਾਅ ਦਿੱਤਾ। ਇਕ ਸਮਝੌਤਾ ਹੋ ਗਿਆ। ਮੋਨਟੈਗੂ ਦਾ ਧੰਨਵਾਦ ਕੀਤਾ ਗਿਆ ਅਤੇ ਉਮੀਦ ਕੀਤੀ ਗਈ ਕਿ ਉਹ ਸੁਧਾਰਾਂ ਅਨੁਸਾਰ ਕਾਰਵਾਈ ਕਰ ਕੇ ਇਕ ਜ਼ਿੰਮੇਵਾਰ ਸਰਕਾਰ ਸਥਾਪਿਤ ਕਰਨ ਲਈ ਯਤਨ ਕਰਨਗੇ। ਵਾਇਸਰਾਏ ਲਾਰਡ ਚੈਮਸਫੋਰਡ ਉਤੇ ਗੰਭੀਰ ਦੋਸ਼ ਲਾਏ ਗਏ ਅਤੇ ਉਨ੍ਹਾਂ ਨੂੰ ਤਰੁੰਤ ਭਾਰਤ ਵਿਚੋਂ ਵਾਪਸ ਇੰਗਲੈਂਡ ਬੁਲਾ ਲੈਣ ਦੀ ਮੰਗ

ਕੀਤੀ ਗਈ। ਪੰਜਾਬ ਵਿਚ ਹੋਈ ਹਿੰਸਾ ਦੀ ਨਿਖੇਧੀ ਕੀਤੀ ਗਈ ਅਤੇ ਹੰਟਰ ਕਮਿਸ਼ਨ ਦਾ ਬਾਈਕਾਟ ਕਰਨ ਦਾ ਫ਼ੈਸਲਾ ਹੋਇਆ।

## ਕੈਪਟਨ ਢਿੱਲੋਂ ਦੀਆਂ ਯਾਦਾਂ

ਸੁਭਾਸ਼ ਚੰਦਰ ਬੋਸ ਦੀ ਮੌਤ ਬਾਰੇ ਵਾਦ-ਵਿਵਾਦ ਅਜੇ ਤਕ ਜਾਰੀ ਹੈ।

ਆਜ਼ਾਦ ਹਿੰਦ ਫ਼ੌਜ ਵਿਚ ਰਹੇ ਕੈਪਟਨ ਗੁਰਦਿਆਲ ਸਿੰਘ ਢਿੱਲੋਂ, ਨੇਤਾ ਜੀ ਦੇ ਭਰੋਸੇਯੋਗ ਲੈਫਟੀਨੈਂਟ ਕਰਨਲ ਹਬੀਬ-ਉਰ-ਰਹਿਮਾਨ ਦੇ ਇਸ ਬਿਆਨ ਉਤੇ ਸ਼ੱਕ ਪ੍ਰਗਟ ਕਰਦੇ ਹਨ ਕਿ ਟੋਕੀਓ ਨੂੰ ਜਾਂਦਿਆਂ ਹਵਾਈ ਜਹਾਜ਼ ਦੇ ਹਾਦਸੇ ਵਿਚ ਨੇਤਾ ਜੀ ਦੀ ਮੌਤ ਹੋ ਗਈ ਸੀ। ਕੈਪਟਨ ਢਿੱਲੋਂ ਪੁੱਛਦੇ ਹਨ ਕਿ ਜੇ ਹਵਾਈ ਜਹਾਜ਼ ਦਾ ਹਾਦਸਾ ਹੋ ਗਿਆ ਸੀ ਤਾਂ ਉਹ ਆਪ ਇਸ ਹਾਦਸੇ ਵਿਚੋਂ ਕਿਵੇਂ ਸਹੀ ਸਲਾਮਤ ਬਚ ਗਏ ਸਨ?

ਨੇਤਾ ਜੀ ਨਾਲ ਆਜ਼ਾਦ ਹਿੰਦ ਫ਼ੌਜ ਵਿਚ ਬਿਤਾਏ ਦਿਨਾਂ ਨੂੰ ਯਾਦ ਕਰਦਿਆਂ ਦੂਜੀ ਸੰਸਾਰ ਜੰਗ ਦੇ 91 ਸਾਲਾ ਕੈਪਟਨ ਢਿੱਲੋਂ ਦਸਦੇ ਹਨ ਕਿ ਅੰਗਰੇਜ਼ ਸਰਕਾਰ ਦੀ ਭਾਰਤੀ ਫ਼ੌਜ ਵਿਚ ਚਾਰ ਸਾਲ ਨੌਕਰੀ ਕਰਨ ਤੋਂ ਬਾਅਦ ਉਹ ਜਾਪਾਨੀਆਂ ਦੇ ਜੰਗੀ ਕੈਦੀ ਬਣ ਗਏ ਅਤੇ ਬਰ੍ਹਮਾ ਵਿਚ ਆਜ਼ਾਦ ਹਿੰਦ ਫ਼ੌਜ ਵਿਚ ਸ਼ਾਮਲ ਹੋ ਗਏ।

ਕੈਪਟਨ ਢਿੱਲੋਂ ਦਾ ਜਨਮ ਅੰਮ੍ਰਿਤਸਰ ਤੋਂ 20 ਕਿਲੋਮੀਟਰ ਦੂਰ ਪਿੰਡ ਕਸੇਲ ਵਿਚ ਹੋਇਆ। ਉਨ੍ਹਾਂ ਦੇ ਪਿਤਾ ਸ. ਆਲਾ ਸਿੰਘ ਢਿੱਲੋਂ ਬ੍ਰਿਟਿਸ਼ ਭਾਰਤੀ ਫ਼ੌਜ ਵਿਚ ਸੂਬੇਦਾਰ ਸਨ ਅਤੇ ਜਦੋਂ ਗੁਰਦਿਆਲ ਸਿੰਘ ਦਸਾਂ ਸਾਲਾਂ ਦੇ ਸਨ, ਉਦੋਂ ਉਹ ਅੰਮ੍ਰਿਤਸਰ ਆ ਗਏ ਅਤੇ ਹਕੀਮਾਂ ਵਾਲੇ ਦਰਵਾਜ਼ੇ ਨੇੜੇ ਰਹਿਣ ਲਗ ਪਏ। ਆਲਾ ਸਿੰਘ ਦੇ ਪੰਜ ਭਰਾ ਵੀ ਫ਼ੌਜ ਵਿਚ ਸਨ। ਉਨ੍ਹਾਂ ਨੇ ਪਹਿਲੀਂ ਜੰਗ ਵਿਚ ਹਿੱਸਾ ਲਿਆ।

ਆਪਣੇ ਪਰਿਵਾਰ ਦੀ ਪਰੰਪਰਾ ਨੂੰ ਕਾਇਮ ਰੱਖਦਿਆਂ ਗੁਰਦਿਆਲ ਸਿੰਘ ਵੀ 1938 ਵਿਚ ਫ਼ੌਜ ਵਿਚ ਭਰਤੀ ਹੋ ਗਏ। ਭਰਤੀ ਹੋਣ ਵੇਲੇ ਉਨ੍ਹਾਂ ਦੀ ਉਮਰ 18 ਸਾਲ ਸੀ।

****



ਭਾਗ-ਦੂਜਾ

# ਮਹਾਨ ਸੰਸਥਾਵਾਂ

ਅੰਮ੍ਰਿਤਸਰ ਵਿਚ ਵੱਖ-ਵੱਖ ਸ਼੍ਰੇਣੀਆਂ ਨਾਲ ਸਬੰਧਿਤ ਕਈ ਸੰਸਥਾਵਾਂ ਹਨ ਜੋ ਸ਼ਹਿਰ ਨੂੰ ਇਕ ਵੱਖਰੀ ਪਛਾਣ ਦਿੰਦੀਆਂ ਹਨ। ਇਨ੍ਹਾਂ ਵਿਦਿਅਕ, ਧਾਰਮਕ ਅਤੇ ਸੱਭਿਆਚਾਰਕ ਸੰਸਥਾਵਾਂ ਕਾਰਨ ਸ਼ਹਿਰ ਦਾ ਬਹੁਪੱਖੀ ਵਿਕਾਸ ਹੋ ਰਿਹਾ ਹੈ ਜੋ ਸ਼ਹਿਰ-ਵਾਸੀਆਂ ਨੂੰ ਵਿਸ਼ਵ ਪੱਧਰ 'ਤੇ ਸਮੇਂ ਦਾ ਹਾਣੀ ਬਣਾਈ ਰੱਖਦਾ ਹੈ।

- ਅੰਮ੍ਰਿਤਸਰ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਥਾਪਨਾ, ਗੁਰੂ ਨਾਨਕ ਸਾਹਿਬ ਦੇ ਜਨਮ ਦੀ ਪੰਜਵੀਂ ਸ਼ਤਾਬਦੀ ਮਨਾਉਣ ਦੇ ਸਬੰਧ ਵਿਚ 1969 ਵਿਚ ਹੋਈ ਸੀ। ਯੂਨੀਵਰਸਿਟੀ ਨੂੰ ਸ਼ਹਿਰ ਦੀ ਸ਼ਾਨ ਅਤੇ ਮਾਣ ਸਮਝਿਆ ਜਾਂਦਾ ਹੈ। ਇਸ ਯੂਨੀਵਰਸਿਟੀ ਵਿਚ ਗਿਆਨ-ਵਿਗਿਆਨ ਦੀਆਂ ਅਨੇਕ ਧਾਰਾਵਾਂ ਉਤੇ ਖੋਜ ਕੀਤੀ ਜਾਂਦੀ ਹੈ ਅਤੇ ਗੁਰੂ ਗ੍ਰੰਥ ਸਾਹਿਬ ਅਤੇ ਵੱਖ-ਵੱਖ ਧਰਮਾਂ ਦੇ ਵਿਸ਼ੇਸ਼ ਅਧਿਐਨ ਦੇ ਨਾਲ-ਨਾਲ ਖੇਡਾਂ ਦੇ ਵਿਕਾਸ ਵੱਲ ਵੀ ਪੂਰਾ ਧਿਆਨ ਦਿੱਤਾ ਜਾਂਦਾ ਹੈ। (ਸ਼ਹਿਰ ਦੀ ਸ਼ਾਨ; ਪੰਨਾ-61 )
- 1892 ਵਿਚ ਸਥਾਪਿਤ ਹੋਇਆ ਖ਼ਾਲਸਾ ਕਾਲਜ ਅੰਮ੍ਰਿਤਸਰ ਸਿੱਖਾਂ ਦੀ ਇਕ ਬੇਮਿਸਾਲ ਵਿੱਦਿਅਕ ਸੰਸਥਾ ਹੈ ਜਿਸ ਦਾ ਸਮੁੱਚਾ ਪ੍ਰਬੰਧ ਧਰਮ-ਨਿਰਪੱਖਤਾ ਉਤੇ ਆਧਾਰਿਤ ਹੈ। ਇਸ ਕਾਲਜ ਵਿਚ ਵੱਖ-ਵੱਖ ਵਿਸ਼ਿਆਂ ਦੀ ਪੜ੍ਹਾਈ ਦਾ ਪੂਰਾ ਪ੍ਰਬੰਧ ਹੈ। ਕਾਲਜ ਦਾ ਦਾਅਵਾ ਹੈ ਕਿ ਖੇਤੀਬਾੜੀ ਅਧਿਐਨ ਵਿਚ ਉਹ ਮੋਢੀ ਸੰਸਥਾ ਹੈ। ਇਸ ਕਾਲਜ ਨੇ ਹੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਸਥਾਪਿਤ ਕਰਨ ਦੀ ਪ੍ਰੇਰਨਾ ਦਿੱਤੀ। (ਚਾਨਣ ਦਾ ਸਰੋਤ: ਖਾਲਸਾ ਕਾਲਜ ਅੰਮ੍ਰਿਤਸਰ; ਪੰਨਾ-66)
- ਹਿੰਦੂ ਕਾਲਜ ਅੰਮ੍ਰਿਤਸਰ ਵੀ ਗਿਆਨ ਦੀ ਇਕ ਜਗਦੀ ਮਸ਼ਾਲ ਹੈ ਜੋ ਪਿਛਲੀ ਸਦੀ ਦੇ ਸਤਵੇਂ ਦਹਾਕੇ ਵਿਚ ਸ਼ਹਿਰ ਦੇ ਐਨ ਵਿਚਾਲੇ ਸਥਾਪਿਤ ਕੀਤਾ ਗਿਆ। ਇਹ ਕਾਲਜ ਇਸ ਗੱਲ 'ਤੇ ਬਾਖੂਬੀ ਮਾਣ ਕਰ ਸਕਦਾ ਹੈ ਕਿ ਫੀਲਡ ਮਾਰਸ਼ਲ ਸੈਮ ਹੋਰਮਸਜੀ ਫਰਾਮਜੀ ਜਮਸ਼ੇਦਜੀ ਮਾਨਕਸ਼ਾਅ ਅਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਇਸ ਕਾਲਜ ਦੇ ਵਿਦਿਆਰਥੀ ਰਹੇ ਹਨ। (ਇਕ ਅਨੋਖਾ ਕਾਲਜ; ਪੰਨਾ-70)
- ਬਾਬਾ ਸ੍ਰੀ ਚੰਦ ਜੀ ਆਪਣੇ ਪਿਤਾ ਗੁਰੂ ਨਾਨਕ ਦੇਵ ਜੀ ਦੇ ਪੂਰਨਿਆਂ 'ਤੇ ਚੱਲੇ, ਪਰ ਥੋੜ੍ਹੇ ਜਿਹੇ ਫਰਕ ਨਾਲ। ਗੁਰੂ ਨਾਨਕ ਦੇਵ ਪਰਿਵਾਰ ਵਿਚ ਰਹਿ ਕੇ ਗੁਰੂ-ਭਗਤੀ-ਪਥ ਦੇ ਪਾਂਧੀ ਸਨ, ਜਦ ਕਿ ਬਾਬਾ ਸ੍ਰੀ ਚੰਦ ਜੀ ਦੇ ਸਿਧਾਂਤ ਸਾਦਗੀ ਅਤੇ ਸੰਨਿਆਸ ਉਤੇ ਆਧਾਰਿਤ ਸਨ। ਦੋਨੋ ਮਤ ਖ਼ੂਬ ਪ੍ਰਫੁੱਲਿਤ ਹੋਏ। ਉਦਾਸੀਨ ਮਤ ਹਮੇਸ਼ਾ ਗੁਰੂ ਸਾਹਿਬਾਨ ਦਾ ਸ਼ਰਧਾਲੂ ਰਿਹਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅਖਾੜਾ ਸੰਗਲਵਾਲਾ ਅੰਮ੍ਰਿਤਸਰ ਅਮੀਰ ਧਾਰਮਕ

ਸਾਹਿਤ ਦਾ ਖ਼ਜ਼ਾਨਾ ਹੈ। (ਅਖਾੜਾ ਸੰਗਲ ਵਾਲਾ ਦੀ ਵਿਲੱਖਣ ਵਿਰਾਸਤ; ਪੰਨਾ-75)

- ਲੋਕ-ਭਲਾਈ ਦੀਆਂ ਸੰਸਥਾਵਾਂ ਨੇ ਆਪਣੇ-ਆਪ ਨੂੰ ਸਮਾਜ ਦੇ ਗਰੀਬ-ਵਰਗਾਂ ਲਈ ਸਮਰਪਿਤ ਕੀਤਾ ਹੋਇਆ ਹੈ। ਇਹ ਜਨ-ਹਿਤੈਸ਼ੀ ਸੰਸਥਾਵਾਂ ਕਈ ਵਾਰੀ ਪ੍ਰਤਿਭਾਸ਼ੀਲ ਅਤੇ ਰਹਿਬਰ ਸ਼ਖਸੀਅਤਾਂ ਨੂੰ ਜਨਮ ਦਿੰਦੀਆਂ ਹਨ। (ਸੇਵਾ ਨੂੰ ਸਮਰਪਿਤ ਸੰਸਥਾਵਾਂ; ਪੰਨਾ-79)
- ਵਿੱਦਿਅਕ ਸਿਰਮੌਰਤਾ ਅਤੇ ਸੰਯੁਕਤ ਭਵਨ-ਨਿਰਮਾਨ ਵਿਰਸਾ, ਐਚੀਸਨ ਸਕੂਲ ਲਾਹੌਰ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਨੂੰ ਪਰਸਪਰ ਜੋੜਦੇ ਹਨ। ਇਨ੍ਹਾਂ ਸੰਸਥਾਵਾਂ ਦੇ ਵਿਦਿਆਰਥੀ ਬੀਤੇ ਸਮੇਂ ਨੂੰ ਯਾਦ ਕਰਦੇ ਹੋਏ ਆਪਣੇ ਸੁਨਹਿਰੀ ਅਤੀਤ ਵਿਚ ਜਿਊਂਦੇ ਹਨ। (ਦੋ ਵਿੱਦਿਅਕ ਸਿਤਾਰੇ ਅਤੇ ਭਵਨ-ਨਿਰਮਾਣ ਕਲਾ; ਪੰਨਾ-83)

****



# ਸ਼ਹਿਰ ਦੀ ਸ਼ਾਨ

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦੀ ਪੰਚ-ਸ਼ਤਾਬਦੀ ਦੇ ਅਵਸਰ 'ਤੇ ਪਾਰਲੀਮੈਂਟ ਦੇ ਇਕ ਐਕਟ ਅਨੁਸਾਰ 24 ਨਵੰਬਰ 1969 ਨੂੰ ਸਥਾਪਿਤ ਕੀਤੀ ਗਈ ਸੀ। ਇਸ ਯੂਨੀਵਰਸਿਟੀ ਦੀ ਸ਼ੁਰੂਆਤ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਖੇਤੀਬਾੜੀ ਵਿਭਾਗ ਦੇ ਇਕ ਕਮਰੇ ਵਿਚ ਮਹਿਜ਼ ਇਕ ਮੇਜ਼ ਤੇ ਦੋ ਕੁਰਸੀਆਂ ਨਾਲ ਹੋਈ ਸੀ। ਇਹ ਫਰਨੀਚਰ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਉਧਾਰਾ ਲਿਆ ਗਿਆ ਸੀ ਜਿਸ ਨੂੰ ਬਾਅਦ ਵਿਚ ਇਸੇ ਯੂਨੀਵਰਸਿਟੀ ਨਾਲ ਸਬੰਧਿਤ ਕਰ ਦਿੱਤਾ ਗਿਆ ਸੀ। ਦਿਲਚਸਪ ਗੱਲ ਇਹ ਹੈ ਕਿ ਯੂਨੀਵਰਸਿਟੀ ਦੇ ਡਰਾਈਵਰ ਤੇ ਸੇਵਾਦਾਰ ਦੀਆਂ ਦੋਵੇਂ ਡਿਊਟੀਆਂ ਨਿਭਾਉਣ ਵਾਲਾ ਕਰਮਚਾਰੀ ਵੀ ਖਾਲਸਾ ਕਾਲਜ ਤੋਂ ਹੀ ਲਿਆ ਗਿਆ ਸੀ।

ਖਾਲਸਾ ਕਾਲਜ ਦੇ ਕਲਪਨਾਸ਼ੀਲ ਪ੍ਰਿੰਸੀਪਲ, ਪ੍ਰੋ. ਬਿਸ਼ਨ ਸਿੰਘ ਸਮੁੰਦਰੀ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਬਾਨੀ ਵਾਈਸ ਚਾਂਸਲਰ ਨਿਯੁਕਤ ਕੀਤਾ ਗਿਆ। ਉਨ੍ਹਾਂ ਨੇ ਨੌਂ ਸਾਲ ਦੇ ਲੰਮੇ ਸਮੇਂ ਤਕ ਇਹ ਜ਼ਿੰਮੇਵਾਰੀ ਨਿਭਾਈ ਸੀ। ਉਹ ਆਪਣੇ ਕੰਮ ਵਿਚ ਕਿਸੇ ਹੋਰ ਦੀ ਦਖਲਅੰਦਾਜ਼ੀ ਨੂੰ ਬਿਲਕੁਲ ਬਰਦਾਸ਼ਤ ਨਹੀਂ ਕਰਦੇ ਸਨ ਕਿਉਂਕਿ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਆਪਣੇ ਸੁਪਨਿਆਂ ਅਨੁਸਾਰ ਸਾਕਾਰ ਕਰਨਾ ਚਾਹੁੰਦੇ ਸਨ।

ਉਨ੍ਹਾਂ ਨੇ 1970 ਵਿਚ ਵੱਖ-ਵੱਖ ਖੇਤਰਾਂ ਦੀਆਂ ਪ੍ਰਸਿੱਧ ਸ਼ਖ਼ਸੀਅਤਾਂ ਨੂੰ ਆਪਣੇ ਸਲਾਹਕਾਰ ਅਤੇ ਸੈਨੇਟ ਦੇ ਮੈਂਬਰ ਬਣਾਇਆ ਜਿਨ੍ਹਾਂ ਵਿਚ ਐੱਫ.ਸੀ. ਕਾਲਜ ਲਾਹੌਰ ਨਾਲ ਸਬੰਧਿਤ ਪ੍ਰੋ. ਅਬਦੁਲ ਮਜੀਦ ਖ਼ਾਨ ਵੀ ਸ਼ਾਮਲ ਸਨ ਜੋ ਦੇਸ਼-ਵੰਡ ਤੋਂ ਬਾਅਦ ਸ਼ਿਮਲਾ ਵਿਖੇ ਰਹਿਣ ਲਗ ਪਏ ਸਨ। ਪ੍ਰੋ. ਅਬਦੁਲ ਮਜੀਦ ਖ਼ਾਨ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਨਿਕਟਵਰਤੀ ਭਰੋਸੇਯੋਗ ਵਿਅਕਤੀ ਸਨ। ਉਹ ਕੁਝ ਸਮੇਂ ਲਈ ਈਰਾਨ ਵਿਚ ਭਾਰਤ ਦੇ ਰਾਜਦੂਤ ਰਹੇ ਸਨ।

ਬੀਬੀ ਯੋਗੀ ਕੌਰ ਲਿਖਦੇ ਹਨ 'ਅੰਮ੍ਰਿਤਸਰ ਦੇ ਕਈ ਗੁਰਸਿੱਖਾਂ ਦਾ ਇਹ ਸੁਭਾ ਹੈ ਕਿ ਉਹ ਹਰ ਰੋਜ਼ ਆਪਣੇ ਘਰਾਂ ਤੋਂ ਤੁਰ ਕੇ ਸ੍ਰੀ ਹਰਿਮੰਦਰ ਸਾਹਿਬ ਜਾਂਦੇ ਹਨ। ਮੈਂ ਅਜਿਹੇ ਇਕ ਵਿਅਕਤੀ ਨੂੰ ਨਿੱਜੀ ਤੌਰ 'ਤੇ ਜਾਣਦੀ ਹਾਂ ਅਤੇ ਉਹ ਹਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਸਵਰਗਵਾਸੀ ਸ. ਬਿਸ਼ਨ ਸਿੰਘ ਸਮੁੰਦਰੀ, ਜੋ ਨੰਗੇ ਪੈਰੀਂ ਦਰਬਾਰ ਸਾਹਿਬ ਜਾਇਆ ਕਰਦੇ ਸਨ। ਇਸ ਤਰ੍ਹਾਂ ਉਹ ਗੁਰੂਘਰ ਪ੍ਰਤੀ ਅੱਤ ਸ਼ਰਧਾ ਵਜੋਂ ਕਰਦੇ ਸਨ ਨਾ ਕਿ ਕਿਸੇ ਰਹੁਰੀਤੀ ਅਨੁਸਾਰ।

ਸੈਨੇਟ ਦੇ ਹੋਰ ਵਿਸ਼ੇਸ਼ ਮੈਂਬਰਾਂ ਵਿਚ ਪ੍ਰਸਿੱਧ ਫਿਲਮ ਸਟਾਰ ਤੇ ਪੰਜਾਬੀ ਲੇਖਕ ਸ੍ਰੀ ਬਲਰਾਜ ਸਾਹਨੀ ਸ਼ਾਮਲ ਸਨ। ਪ੍ਰਮੁੱਖ ਪੱਤਰਕਾਰਾਂ ਵਿਚੋਂ ਸ. ਸਾਧੂ ਸਿੰਘ ਹਮਦਰਦ, ਸ. ਜਗਜੀਤ ਸਿੰਘ ਅਨੰਦ ਅਤੇ ਜੀ.ਆਰ. ਸੇਠੀ ਨੂੰ ਸੈਨੇਟ ਦੇ ਮੈਂਬਰ ਬਣਾਇਆ ਗਿਆ ਸੀ।

ਇਸ ਯੂਨੀਵਰਸਿਟੀ ਦੀ ਬਿਲਡਿੰਗ ਦੀ ਉਸਾਰੀ ਵਿਚ ਅਤੇ ਇਸ ਯੂਨੀਵਰਸਿਟੀ ਨੂੰ ਦੇਸ਼ ਦੀ ਇਕ ਸ੍ਰੇਸ਼ਟ ਸੰਸਥਾ ਬਣਾਉਣ ਵਿਚ ਪ੍ਰੋ. ਸਮੁੰਦਰੀ ਦਾ ਯੋਗਦਾਨ ਬੇਹੱਦ ਸ਼ਲਾਘਾਯੋਗ ਹੈ। ਸ. ਬਿਸ਼ਨ ਸਿੰਘ ਸਮੁੰਦਰੀ ਜ਼ਿਲ੍ਹਾ ਲਾਇਲਪੁਰ (ਜਿਸ ਨੂੰ ਅੱਜਕਲ੍ਹ ਪਾਕਿਸਤਾਨ ਵਿਚ ਫੈਸਲਾਬਾਦ ਕਹਿੰਦੇ ਹਨ) ਦੀ ਤਹਿਸੀਲ ਸਮੁੰਦਰੀ ਦੇ ਨੇੜੇ ਇਕ ਪਿੰਡ ਚੱਕ ਨੰ: 140 ਜੀ.ਬੀ ਵਿਚ ਇਕ ਸੰਧੂ ਜੱਟ ਸਿੱਖ ਪਰਿਵਾਰ ਵਿਚ ਪੈਦਾ ਹੋਏ ਸਨ। ਉਨ੍ਹਾਂ ਨੂੰ ਆਪਣੇ ਮਾਨਯੋਗ ਪਿਤਾ ਸ. ਤੇਜਾ ਸਿੰਘ ਸਮੁੰਦਰੀ ਦਾ ਸੁਭਾ ਵਿਰਸੇ ਵਿਚ ਮਿਲਿਆ ਸੀ। ਸ. ਤੇਜਾ ਸਿੰਘ ਸਮੁੰਦਰੀ ਗੁਰਦੁਆਰਾ ਸੁਧਾਰ ਲਹਿਰ ਦੇ ਪ੍ਰਸਿੱਧ ਲੀਡਰ ਸਨ। ਉਨ੍ਹਾਂ ਨੇ ਅੰਗਰੇਜ਼ੀ ਸਾਮਰਾਜ ਦੇ ਖ਼ਿਲਾਫ਼ ਧਾਰਮਕ ਆਜ਼ਾਦੀ ਦੀ ਖ਼ਾਤਰ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਰਿਸਰ ਵਿਚ ਨਿਰਮਤ ਤੇਜਾ ਸਿੰਘ ਸਮੁੰਦਰੀ ਹਾਲ ਉਨ੍ਹਾਂ ਦੀ ਯਾਦ ਵਿਚ ਹੀ ਬਣਾਇਆ ਗਿਆ ਹੈ।

ਖਾਲਸਾ ਕਾਲਜ ਦੇ ਤਤਕਾਲੀ ਸਟੈਨੋ ਸ. ਜਸਬੀਰ ਸਿੰਘ ਯੂਨੀਵਰਸਿਟੀ ਦੇ ਪਹਿਲੇ ਕਰਮਚਾਰੀ ਸਨ, ਜਿਨ੍ਹਾਂ ਨੂੰ ਵਾਈਸ ਚਾਂਸਲਰ ਦੇ ਨਿੱਜੀ ਸਹਾਇਕ ਨਿਯੁਕਤ ਕੀਤਾ ਗਿਆ ਸੀ। ਬਾਅਦ ਵਿਚ ਉਹ ਲੰਮੇ ਸਮੇਂ ਤਕ ਵਾਈਸ ਚਾਂਸਲਰ ਦੇ ਸਕੱਤਰ ਰਹੇ।

ਸ. ਸਮੁੰਦਰੀ ਅਤੇ ਸ. ਜਸਬੀਰ ਸਿੰਘ ਦੋਹਾਂ ਦੀ ਨਿਯੁਕਤੀ ਇਕੋ ਦਿਨ, ਇਕ ਨਵੰਬਰ 1969 (ਪੰਜਾਬੀ ਦਿਵਸ) ਨੂੰ ਹੋਈ। ਉਹ ਦੋਵੇਂ ਉਨਾਂ ਚਿਰ ਯੂਨੀਵਰਸਿਟੀ ਦੇ ਆਰਜ਼ੀ ਦਫ਼ਤਰ ਵਿਚ ਹੀ ਕੰਮ ਕਰਦੇ ਰਹੇ ਜਿੰਨਾ ਚਿਰ ਕਿ ਯੂਨੀਵਰਸਿਟੀ ਪਰਿਸਰ ਵਿਚ ਵਾਈਸ ਚਾਂਸਲਰ ਦਾ ਦਫ਼ਤਰ ਨਹੀਂ ਬਣ ਗਿਆ। (ਬਾਅਦ ਵਿਚ ਇਸ ਦਫ਼ਤਰ ਨੂੰ ਮਹਿਮਾਨ-ਘਰ ਬਣਾ ਦਿੱਤਾ ਗਿਆ।)

ਭਾਰਤ ਦੇ ਰਾਸ਼ਟਰਪਤੀ ਸ੍ਰੀ ਵੀ.ਵੀ ਗਿਰੀ ਵਲੋਂ 24 ਨਵੰਬਰ ਨੂੰ ਇਕ ਬੰਜਰ ਜ਼ਮੀਨ ਉਤੇ ਯੂਨੀਵਰਸਿਟੀ ਦਾ ਨੀਹ-ਪੱਥਰ ਰੱਖਣ ਤੋਂ ਇਕ ਹਫ਼ਤਾ ਬਾਅਦ ਗੜ੍ਹਦੀਵਾਲਾ ਕਾਲਜ ਦੇ ਪ੍ਰਿੰਸੀਪਲ ਸ. ਭਰਪੂਰ ਸਿੰਘ ਨੂੰ ਇਕ ਦਸੰਬਰ ਨੂੰ ਯੂਨੀਵਰਸਿਟੀ ਦਾ ਬਾਨੀ ਰਜਿਸਟਰਾਰ ਨਿਯੁਕਤ ਕੀਤਾ ਗਿਆ।

ਜਸਬੀਰ ਸਿੰਘ ਦਸਦੇ ਹਨ ਕਿ ਯੂਨੀਵਰਸਿਟੀ ਦਾ ਨੀਂਹ-ਪੱਥਰ ਰੱਖਣ ਵਾਲੇ ਸਥਾਨ ਤਕ ਪਹੁੰਚਣ ਲਈ ਰਾਤੋ-ਰਾਤ ਇਕ ਕੱਚਾ ਰਾਹ ਬਣਾਇਆ ਗਿਆ ਸੀ। ਹੁਣ ਇਸ ਅਸਥਾਨ 'ਤੇ ਯੂਨੀਵਰਸਿਟੀ ਦਾ ਵਿਸ਼ਾਲ ਪ੍ਰਬੰਧਕੀ ਬਲਾਕ ਖੜ੍ਹਾ ਹੈ।

ਨਵੀਂ ਯੂਨੀਵਰਸਿਟੀ ਦੀ ਉਸਾਰੀ ਲਈ ਪੰਜਾਬ ਸਰਕਾਰ ਨੇ ਪਿੰਡ ਘਣੂਪੁਰ ਕਾਲੇ ਦੀ ਬੰਜਰ ਤੇ ਬਾਗਾਂ ਵਾਲੀ 500 ਏਕੜ ਜ਼ਮੀਨ ਤੋਂ ਇਲਾਵਾ ਖਾਲਸਾ ਕਾਲਜ ਦੀ 322 ਏਕੜ ਜ਼ਮੀਨ ਹਾਸਲ ਕੀਤੀ।



ਨਵੀਂ ਯੂਨੀਵਰਸਿਟੀ ਨੂੰ ਤਜਰਬਾਕਾਰ ਸਟਾਫ਼ ਪ੍ਰਾਪਤ ਕਰਨ ਲਈ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਉਤੇ ਨਿਰਭਰ ਰਹਿਣਾ ਪੈਂਦਾ ਸੀ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਮੁਢਲੇ ਦਿਨਾਂ ਨੂੰ ਯਾਦ ਕਰਦੇ ਹੋਏ ਜਸਬੀਰ ਸਿੰਘ ਦਸਦੇ ਹਨ ਕਿ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੇ ਆਪਣੇ ਸਟਾਫ਼ ਨੂੰ 'ਜ਼ਬਾਨੀ ਹਦਾਇਤ' ਕਰ ਦਿੱਤੀ ਸੀ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਕੋਈ ਸਹਿਯੋਗ ਨਾ ਦਿੱਤਾ ਜਾਵੇ।

'ਨਤੀਜੇ ਵਜੋਂ 1971 ਵਿਚ ਪਹਿਲਾ ਇਮਤਿਹਾਨ ਲੈਣ ਸਮੇਂ ਸਹਾਇਕ ਸਮਗਰੀ ਇਕੱਤਰ ਕਰਨ ਲਈ ਸਾਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਯੂਨੀਵਰਸਿਟੀ ਦੇ ਹਰ ਕਰਮਚਾਰੀ ਲਈ ਇਹ ਇਕ ਵੱਡੀ ਚੁਣੌਤੀ ਸੀ।'

ਜਿੱਥੋਂ ਤਕ ਯੂਨੀਵਰਸਿਟੀ ਦੀ ਉਸਾਰੀ ਲਈ ਵਧੀਆ ਕਿਸਮ ਦਾ ਸਮਾਨ ਖਰੀਦਣ ਦਾ ਸਵਾਲ ਸੀ, ਬਾਨੀ ਵਾਈਸ ਚਾਂਸਲਰ ਸ. ਸਮੁੰਦਰੀ ਕੋਈ ਢਿੱਲ ਜਾਂ ਰਿਆਇਤ ਕਰਨ ਵਾਲੇ ਵਿਅਕਤੀ ਨਹੀਂ ਸਨ। ਉਹ ਸ਼ਾਇਦ ਪੰਜਾਬ ਦੇ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਕਲਪਨਾਸ਼ੀਲ ਦੂਰਦ੍ਰਿਸ਼ਟੀ ਦੀ ਪਛਾਣ ਕਰ ਲਈ ਸੀ।

ਡਾ. ਮਨਮੋਹਨ ਸਿੰਘ 1970ਵਿਆਂ ਵਿਚ ਦਿੱਲੀ ਯੂਨੀਵਰਸਿਟੀ ਦੇ ਸਭ ਤੋਂ ਸੀਨੀਅਰ ਪ੍ਰੋਫੈਸਰ ਸਨ। ਸ. ਸਮੁੰਦਰੀ ਨੇ ਡਾਕਟਰ ਸਾਹਿਬ ਨੂੰ ਯੂਨੀਵਰਸਿਟੀ ਦੇ ਅਰਥ-ਸ਼ਾਸਤਰ ਵਿਭਾਗ ਦੀ ਚੋਣ ਕਮੇਟੀ ਦਾ ਤਕਰੀਬਨ ਪੱਕਾ ਮੈਂਬਰ ਹੀ ਬਣਾਇਆ ਹੋਇਆ ਸੀ।

ਉਨ੍ਹਾਂ ਦੇ ਨਿੱਜੀ ਸੱਦੇ 'ਤੇ ਨੋਟਰੇ ਡੇਮ ਯੂਨੀਵਰਸਿਟੀ ਅਮਰੀਕਾ ਦੇ ਜੀਵ-ਵਿਗਿਆਨੀ ਪ੍ਰੋਫੈਸਰ ਡਾ. ਕਰਮਜੀਤ ਸਿੰਘ ਰਾਏ ਨੇ 1973-74 ਵਿਚ ਗੁਰੂ ਨਾਨਕ ਦੇਵ ਯਨੂੀਵਰਸਿਟੀ ਦਾ ਜੀਵ-ਵਿਗਿਆਨ ਵਿਭਾਗ ਸਥਾਪਿਤ ਕੀਤਾ। ਇਸ ਵਿਭਾਗ ਵਿਚ ਵਿਸ਼ਵ-ਪੱਧਰ ਦੇ ਛੇ ਵਿਭਾਗ ਕੰਮ ਕਰ ਰਹੇ ਹਨ।

ਇਸੇ ਤਰ੍ਹਾਂ ਪ੍ਰੋ. ਸਮੁੰਦਰੀ ਨੇ ਦੁਨੀਆ ਦੇ ਕੋਨੇ-ਕੋਨੇ 'ਚੋਂ ਸਰਬੋਤਰਮ ਅਧਿਆਪਕ ਚੁਣ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਲਿਆਂਦੇ। ਉਹ ਉਨ੍ਹਾਂ ਨੂੰ ਉਨ੍ਹਾਂ ਦੀਆਂ ਸ਼ਰਤਾਂ ਅਨੁਸਾਰ ਹੀ ਭਰਤੀ ਕਰ ਲੈਂਦੇ ਸਨ। ਯੂਨੀਵਰਸਿਟੀ ਦਾ ਇਤਿਹਾਸ ਦਸਦਾ ਹੈ ਕਿ ਕਈ ਵਿਭਾਗਾਂ ਨੇ ਐਨੀ ਤਰੱਕੀ ਕੀਤੀ ਕਿ ਉਹ ਦੇਸ਼ ਦੇ ਸਰਬੋਤਮ ਵਿਭਾਗ ਬਣ ਗਏ।

ਯੂਨੀਵਰਸਿਟੀ ਦੀ ਪਿਛਲੇ 50 ਸਾਲਾਂ ਦੀ ਕਾਰਗੁਜ਼ਾਰੀ ਬਹੁਤ ਵਧੀਆ ਰਹੀ ਹੈ। ਇਸ ਨੇ ਦੁਨੀਆ ਭਰ ਵਿਚ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਪਹੁੰਚਾਉਣ ਲਈ ਬੜੇ ਸਾਰਥਕ ਕਦਮ ਚੁੱਕੇ ਹਨ। ਯੂਨੀਵਰਸਿਟੀ ਨੇ ਵਿਗਿਆਨ, ਕਲਾ, ਪ੍ਰਸ਼ਾਸਨ, ਸੂਚਨਾ ਤਕਨਾਲੋਜੀ, ਸਨਅਤੀ ਤਕਨਾਲੋਜੀ, ਵਾਤਾਵਰਨ ਯੋਜਨਾਕਾਰੀ ਅਤੇ ਭਵਨ ਨਿਰਮਾਣ ਕਲਾ ਦੇ ਵਿਸ਼ਿਆਂ ਨੂੰ ਉੱਨਤ ਕਰਨ ਦੇ ਨਾਲ-ਨਾਲ ਸਰੀਰਕ ਸਿੱਖਿਆ ਵੱਲ ਵੀ ਪੂਰਾ ਧਿਆਨ ਦਿੱਤਾ ਹੈ।

ਨਾਮਵਰ ਵਿੱਦਿਆ-ਸ਼ਾਸਤਰੀਆਂ ਅਤੇ ਯੋਗ ਪ੍ਰਬੰਧਕਾਂ ਦੀ ਰਹਿਨੁਮਾਈ ਵਿਚ ਪ੍ਰਫੁੱਲਿਤ ਹੋਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਭਾਰਤ ਦੇ ਵਿੱਦਿਅਕ ਨਕਸ਼ੇ ਉਤੇ ਸਨਮਾਨਯੋਗ ਸਥਾਨ ਹਾਸਲ ਕਰ ਲਿਆ ਹੈ ਅਤੇ ਉਹ ਆਪਣੇ ਵਿਦਿਆਰਥੀਆਂ ਨੂੰ ਇੱਕੀਵੀਂ ਸਦੀ ਦੀਆਂ ਚੁਣੌਤੀਆਂ ਨੂੰ ਕਬੂਲ ਕਰਨ ਦੇ ਯੋਗ ਬਣਾ ਰਹੀ ਹੈ।

ਯੂਨੀਵਰਸਿਟੀ ਦਾ ਆਦਰਸ਼-ਵਾਕ (ਮਾਟੋ) ਉਸ ਦੇ ਪਛਾਣ-ਚਿੰਨ੍ਹ (ਐਂਬਲਮ) ਉਤੇ ਉਕਰਿਆ ਹੋਇਆ ਹੈ: ਗੁਰ ਗਿਆਨ ਦੀਪਕ ਉਜਿਆਰੀਆ : 'ਭਾਵ ਗੁਰੂ ਗਿਆਨ ਦਾ ਦੀਪਕ ਮਨ ਬੁੱਧੀ ਨੂੰ ਪ੍ਰਕਾਸ਼ ਨਾਲ ਭਰ ਦਿੰਦਾ ਹੈ। ਇਹ ਗੁਰੂ-ਵਾਕ ਯੂਨੀਵਰਸਿਟੀ ਦੀ ਭਵਿੱਖ ਦ੍ਰਿਸ਼ਟੀ ਅਤੇ ਵਿਚਾਰਧਾਰਾ ਦਾ ਪ੍ਰਤੀਕ ਹੈ।

ਸ਼ੁਰੂ ਵਿਚ ਇਸ ਬੰਜਰ ਤੇ ਸੁੱਕੀ-ਰੁੱਖੀ ਧਰਤੀ ਨੂੰ ਇਕ ਆਧੁਨਿਕ ਯੂਨੀਵਰਸਿਟੀ ਵਿਚ ਤਬਦੀਲ ਕਰਨਾ ਇਕ ਬਹੁਤ ਵੱਡੀ ਚੁਣੌਤੀ ਸੀ।

ਬਾਨੀ ਵਾਈਸ ਚਾਂਸਲਰ ਨੇ ਯੂਨੀਵਰਸਿਟੀ ਦੀ ਜੋ ਭਵਨ-ਨਿਰਮਾਣ ਸਲਾਹਕਾਰ ਕਮੇਟੀ ਬਣਾਈ, ਉਸ ਵਿਚ ਲੋਕ ਸਭਾ ਦੇ ਸਪੀਕਰ ਸ. ਗੁਰਦਿਆਲ ਸਿੰਘ ਢਿੱਲੋਂ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਡਾ. ਐੱਮ.ਐੱਸ. ਰੰਧਾਵਾ, ਪੰਜਾਬ ਤੇ ਯੂਨੀਅਨ ਟੈਰੀਟਰੀ ਚੰਡੀਗੜ੍ਹ ਦੇ ਮੁੱਖ ਇੰਜੀਨੀਅਰ ਅਤੇ ਵੱਖ-ਵੱਖ ਖੇਤਰਾਂ ਦੀਆਂ ਕਈ ਚੋਟੀ ਦੀਆਂ ਸ਼ਖ਼ਸੀਅਤਾਂ ਸ਼ਾਮਲ ਸਨ। ਸ਼ਹਿਰ ਦੇ ਪੱਛਮ ਵਿਚ 500 ਏਕੜ ਜ਼ਮੀਨ ਉਤੇ ਫੈਲੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਹੁਣ ਆਧੁਨਿਕ ਇਮਾਰਤਸਾਜ਼ੀ ਦੀ ਇਕ ਮਿਸਾਲ ਪੇਸ਼ ਕਰਦੀ ਹੈ। ਯੂਨੀਵਰਸਿਟੀ ਦਾ ਇਕ ਸ਼ਾਨਦਾਰ ਇਤਿਹਾਸ ਹੈ।

ਸੰਸਾਰ ਪ੍ਰਸਿੱਧ ਅਤੇ ਮੰਨੇ-ਪਰਮੰਨੇ ਭਵਨ ਨਿਰਮਾਤਾ ਸ. ਜਸਬੀਰ ਸਿੰਘ, ਜਿਨ੍ਹਾਂ ਨੂੰ ਜਾਪਾਨ ਵਿਚ ਭਾਰਤੀ ਮੰਡਪ ਨੂੰ ਡਿਜ਼ਾਈਨ ਕਰਨ ਵਿਚ ਪਹਿਲਾ ਇਨਾਮ ਮਿਲਿਆ ਸੀ, ਉਨ੍ਹਾਂ ਨੂੰ ਯੂਨੀਵਰਸਿਟੀ ਦੇ ਪਰਿਸਰ ਨੂੰ ਡਿਜ਼ਾਈਨ ਕਰਨ ਦਾ ਕੰਮ ਸੌਂਪਿਆ ਗਿਆ ਸੀ।

ਲਾਲ ਇੱਟਾਂ ਦੇ ਬਣੇ ਜੁਮੈਟਰੀ-ਰੂਪਾਂ ਵਾਲੇ ਪਰੰਪਰਾਮਈ ਬਲਾਕ ਪੁਰਾਤਨ ਕਦਰਾਂ-ਕੀਮਤਾਂ ਅਤੇ ਵਿਗਿਆਨਕ ਪ੍ਰਗਤੀ ਦੇ ਪ੍ਰਤੀਕ ਹਨ।

ਯੂਨੀਵਰਸਿਟੀ ਅੱਜ ਇਹ ਭਲੀ-ਭਾਂਤ ਦਾਅਵਾ ਕਰ ਸਕਦੀ ਹੈ ਕਿ ਉਸ ਦੇ ਵਿਸ਼ਾਲ ਘੇਰੇ ਵਿਚ 40 ਮੁਕੰਮਲ ਵਿੱਦਿਅਕ ਵਿਭਾਗ, ਜਲੰਧਰ ਅਤੇ ਗੁਰਦਾਸਪੁਰ ਵਿਚ ਦੋ ਖੇਤਰੀ ਕਾਲਜ, ਦੋ ਵਿਭਾਗੀ ਕਾਲਜ, ਕਈ ਖੇਡ ਵਿਭਾਗ ਅਤੇ ਕਈ ਪ੍ਰਸ਼ਾਸਕੀ ਦਫ਼ਤਰ ਕੰਮ ਕਰ ਰਹੇ ਹਨ।

ਉੱਤਰੀ ਭਾਰਤ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਪਹਿਲੀ ਯੂਨੀਵਰਸਿਟੀ ਹੈ ਜੋ ਨੈਸ਼ਨਲ ਅਸੈਸਮੈਂਟ ਐਂਡ ਐਕਰੀਡੀਟੇਸ਼ਨ ਕੌਂਸਲ ਵਲੋਂ ਪਰਮਾਣਿਤ ਹੈ।

ਇਸ ਯੂਨੀਵਰਸਿਟੀ ਨੂੰ ਸਰਬ-ਉੱਚ ਪੰਜ ਸਿਤਾਰਾ ਦਰਜਾ ਪ੍ਰਾਪਤ ਹੈ। ਯੂਨੀਵਰਸਿਟੀ ਦੀਆਂ ਖੇਡਾਂ ਦੇ ਖੇਤਰ ਵਿਚ ਪ੍ਰਾਪਤੀਆਂ ਨੂੰ ਮੁੱਖ ਰੱਖੇ ਕੇ ਯੂਨੀਵਰਸਿਟੀ



ਗਰਾਂਟਸ ਕਮਿਸ਼ਨ ਨੇ ਇਸ ਨੂੰ ਖੇਡ ਵਿਗਿਆਨ ਦੇ ਸਰਬ-ਉੱਚ ਕੇਂਦਰ ਵਜੋਂ ਚੁਣ ਲਿਆ। ਯੂਨੀਵਰਸਿਟੀ ਕਈ ਸਾਲ ਲਗਾਤਾਰ ਮੌਲਾਨਾ ਆਜ਼ਾਦ ਟਰਾਫ਼ੀ ਜਿੱਤਦੀ ਰਹੀ ਹੈ।

ਯੂਨੀਵਰਸਿਟੀ ਦੀ ਇਸ ਸਰਬ-ਸ੍ਰੇਸ਼ਠਤਾ ਦਾ ਸਿਹਰਾ ਵਾਈਸ ਚਾਂਸਲਰਾਂ ਦੇ ਤਾਰਾ-ਮੰਡਲ ਨੂੰ ਜਾਂਦਾ ਹੈ। ਜਿਸ ਵਿਚ ਸ. ਬਿਸ਼ਨ ਸਿੰਘ ਸਮੁੰਦਰੀ, ਡਾ. ਕਰਮ ਸਿੰਘ ਗਿੱਲ, ਡਾ. ਗੁਰਦੀਪ ਸਿੰਘ ਰੰਧਾਵਾ, ਡਾ. ਜਗਤਾਰ ਸਿੰਘ ਗਰੇਵਾਲ, ਡਾ. ਸੁਰਜੀਤ ਸਿੰਘ ਬੱਲ, ਡਾ. ਹਰਭਜਨ ਸਿੰਘ ਸੋਚ, ਡਾ. ਐੱਸਪੀ ਸਿੰਘ, ਡਾ. ਜੈਰੂਪ ਸਿੰਘ, ਡਾ. ਅਜਾਇਬ ਸਿੰਘ ਬਰਾੜ, ਡਾ. ਜਸਪਾਲ ਸਿੰਘ ਅਤੇ ਯੂਨੀਵਰਸਿਟੀ ਦੇ ਪ੍ਰਸ਼ਾਸਕੀ ਅਤੇ ਅਧਿਆਪਨ ਵਿਭਾਗ ਸ਼ਾਮਲ ਹਨ।

****

# ਚਾਨਣ ਦਾ ਸਰੋਤ :
# ਖਾਲਸਾ ਕਾਲਜ ਅੰਮ੍ਰਿਤਸਰ

ਬਹੁਤ ਘਟ ਲੋਕਾਂ ਨੂੰ ਪਤਾ ਹੈ ਕਿ 126 ਸਾਲ ਪੁਰਾਣੇ ਖਾਲਸਾ ਕਾਲਜ ਦਾ ਨੀਂਹ-ਪੱਥਰ 5 ਮਾਰਚ 1892 ਨੂੰ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਸਰ ਜੇਮਜ਼ ਬਰਾਡਵੁੱਡ ਲਾਇਲ ਨੇ ਰੱਖਿਆ ਸੀ ਅਤੇ ਇਸ ਦੇ ਪਹਿਲੇ ਚਾਰ ਪ੍ਰਿੰਸੀਪਲ ਅੰਗਰੇਜ਼ ਸਨ।

ਇਹ ਚਾਰ ਪ੍ਰਿੰਸੀਪਲ ਸਨ : ਡਾ. ਜਾਹਨ ਕੈਂਪਬੈੱਲ ਓਮਾਨ (1898 ਤੋਂ 1899 ਈ. ਤਕ) ਐੱਮ.ਜੀ.ਵੀ ਕੋਲ (1900 ਤੋਂ 1910 ਤਕ) ਆਰ.ਜੀ. ਰਾਈਟ (1910 ਤੋਂ 1915 ਤਕ) ਅਤੇ ਜੀ.ਏ ਵਾਥਨ (1915 ਤੋਂ 1924 ਤਕ) ਕਰਨਲ ਡਬਲੀਊ ਆਰ.ਐੱਮ. ਹਾਲਰਾਇਡ ਕਾਲਜ ਦੀ ਗਵਰਨਿੰਗ ਕੌਂਸਲ ਦੇ ਬਾਨੀ ਪ੍ਰਧਾਨ ਸਨ ਅਤੇ ਉਨ੍ਹਾਂ ਦੇ ਉੱਤਰ-ਅਧਿਕਾਰੀ ਡਾ. ਵਿਲੀਅਮ ਐੱਚ. ਰੈਟੀਗਨ ਸਨ।

ਅੰਗਰੇਜ਼ ਪ੍ਰਿੰਸੀਪਲਾਂ ਤੋਂ ਬਾਅਦ ਗਵਰਮੈਂਟ ਕਾਲਜ ਗੁਜਰਾਤ ਦੇ ਪ੍ਰਿੰਸੀਪਲ ਰਾਏ ਬਹਾਦਰ ਮਨਮੋਹਨ, ਖਾਲਸਾ ਕਾਲਜ ਦੇ ਪਹਿਲੇ ਭਾਰਤੀ ਪ੍ਰਿੰਸੀਪਲ ਨਿਯੁਕਤ ਹੋਏ।

ਸਰਦਾਰ ਬਹਾਦਰ ਸ. ਬਿਸ਼ਨ ਸਿੰਘ 1928 ਵਿਚ ਇਸ ਕਾਲਜ ਦੇ ਪਹਿਲੇ ਸਿੱਖ ਪ੍ਰਿੰਸੀਪਲ ਬਣੇ। ਭਾਈ ਜੋਧ ਸਿੰਘ ਨੇ 1936 ਵਿਚ ਕਾਲਜ ਦੇ ਪ੍ਰਿੰਸੀਪਲ ਦਾ ਅਹੁਦਾ ਸੰਭਾਲਿਆ। ਉਨ੍ਹਾਂ ਨੂੰ ਆਪਣੇ ਕਿੱਤੇ ਪ੍ਰਤੀ ਉਨ੍ਹਾਂ ਦੀ ਪ੍ਰਤੀਬੱਧਤਾ ਲਈ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ।

ਜਿੱਥੋਂ ਤਕ ਕਾਲਜ ਨੂੰ ਸਿਖ਼ਰ ਤਕ ਪਹੁੰਚਾਉਣ ਦਾ ਸਵਾਲ ਹੈ, ਇਸ ਸਬੰਧ ਵਿਚ ਸਮੇਂ-ਸਮੇਂ ਕਾਲਜ ਦੇ ਪ੍ਰਿੰਸੀਪਲ ਸਾਹਿਬਾਨ; ਸ. ਇੰਦਰ ਸਿੰਘ (1952-1957) ਡਾ. ਹਰਬੰਤ ਸਿੰਘ (1958-1961) ਸ. ਬਲਵੰਤ ਸਿੰਘ ਅਨੰਦ (1962-1963) ਸ. ਬਿਸ਼ਨ ਸਿੰਘ ਸਮੁੰਦਰੀ (1964-1969) ਸ. ਸ਼ਾਮ ਸਿੰਘ ਕਪੂਰ (1970-1971) ਡਾ. ਹਰਬੰਸ ਸਿੰਘ (1971-1975) ਸ. ਗੁਰਬਖ਼ਸ਼ ਸਿੰਘ ਸ਼ੇਰਗਿੱਲ (1975-1989) ਡਾ. ਹਰਭਜਨ ਸਿੰਘ ਸੋਚ (1989-1995) ਅਤੇ ਡਾ. ਮਹਿੰਦਰ ਸਿੰਘ ਢਿੱਲੋਂ (1996-2003) ਅਤੇ ਵਰਤਮਾਨ ਪ੍ਰਿੰਸੀਪਲ ਡਾ. ਦਲਜੀਤ ਸਿੰਘ ਨੇ ਜੋ ਪੈੜਾਂ ਪਾਈਆਂ ਹਨ, ਉਹ ਅਮਿੱਟ ਹਨ।

ਇਸ ਕਾਲਜ ਨੂੰ ਸਥਾਪਿਤ ਕਰਨ ਦਾ ਮੁੱਖ ਨਿਸ਼ਾਨਾ ਸਿੱਖਾਂ ਵਿਚ ਆਧੁਨਿਕ ਸਿੱਖਿਆ ਦਾ ਪ੍ਰਚਾਰ-ਪਰਸਾਰ ਕਰਨਾ ਸੀ।

ਵਿਸ਼ੇਸ਼ ਸਿੱਖ ਭਵਨ ਨਿਰਮਾਣ ਕਲਾ ਦੀ ਇਕ ਪ੍ਰਤੀਨਿਧ ਮਿਸਾਲ ਇਸ ਕਾਲਜ ਨੇ ਅੱਜਕੱਲ੍ਹ ਦੇਸ਼ ਦੇ ਵਿੱਦਿਅਕ ਨਕਸ਼ੇ 'ਤੇ ਇਕ ਵਿਸ਼ੇਸ਼ ਸਥਾਨ ਹਾਸਲ ਕਰ ਲਿਆ ਹੈ।



## ਭਵਨ ਨਿਰਮਾਣ ਕਲਾ ਦੀ ਅਦੁੱਤੀ ਮਿਸਾਲ

ਭਵਨ ਨਿਰਮਾਣ ਕਲਾ ਦੀ ਇਕ ਅਦੁੱਤੀ ਮਿਸਾਲ, ਖਾਲਸਾ ਕਾਲਜ ਦੀ ਬਿਲਡਿੰਗ ਸੈਰ-ਸਫ਼ਰ ਕਰਨ ਵਾਲੇ ਯਾਤਰੀਆਂ ਲਈ ਇਕ ਖ਼ੂਬਸੂਰਤ ਦ੍ਰਿਸ਼ ਹੈ। ਇਸ ਸੁੰਦਰ ਭਵਨ ਦੀ ਉਸਾਰੀ ਪਿੱਛੇ ਮੇਓ ਸਕੂਲ ਆਫ਼ ਆਰਟਸ ਲਾਹੌਰ ਦੇ ਵਾਈਸ ਪ੍ਰਿੰਸੀਪਲ ਭਾਈ ਰਾਮ ਸਿੰਘ ਦੀ ਸੂਝਬੂਝ ਕੰਮ ਕਰ ਰਹੀ ਸੀ।

ਕਾਲਜ ਦੀ ਮੁੱਖ ਇਮਾਰਤ ਸਿੱਖ ਭਵਨ ਨਿਰਮਾਣ ਕਲਾ ਦਾ ਸਰਬੋਤਮ ਨਮੂਨਾ ਹੈ। ਕਾਲਜ ਬਿਲਡਿੰਗ ਦੀ ਉਸਾਰੀ ਯੋਜਨਾ ਦਾ ਕੰਮ ਭਾਈ ਰਾਮ ਸਿੰਘ ਨੂੰ ਸੌਂਪਿਆ ਗਿਆ ਸੀ, ਜਦ ਕਿ ਉਸਾਰੀ-ਅਧੀਨ ਬਿਲਡਿੰਗ ਦੀ ਨਿਗਰਾਨੀ ਕਰਨ ਲਈ ਪ੍ਰਸਿੱਧ ਇੰਜੀਨੀਅਰ ਸ. ਧਰਮ ਸਿੰਘ ਘਰਜਾਖੀਆ ਨੂੰ ਬੰਨੂੰ ਤੋਂ ਬਦਲੀ ਕਰਵਾ ਕੇ ਅੰਮ੍ਰਿਤਸਰ ਲਿਆਂਦਾ ਗਿਆ ਸੀ। ਕਾਲਜ ਦੀ ਨੀਂਹ ਰੱਖਣ ਦੇ ਸਿਲਸਿਲੇ ਵਿਚ ਪ੍ਰਸਿੱਧ ਸਿੱਖ ਲੀਡਰ ਸਰ ਸੁੰਦਰ ਸਿੰਘ ਮਜੀਠੀਆ ਦਾ ਬਹੁਤ ਹੱਥ ਸੀ। ਉਨ੍ਹਾਂ ਨੂੰ 1902 ਵਿਚ ਕਾਲਜ ਦਾ ਸਨਮਾਨ ਵਜੋਂ ਸਕੱਤਰ ਬਣਾਇਆ ਗਿਆ ਸੀ। ਕਾਲਜ ਦੀ ਗਵਰਨਿੰਗ ਕੌਂਸਲ ਦੇ ਵਰਤਮਾਨ ਪ੍ਰਧਾਨ ਸ. ਸਤਿਆਜੀਤ ਸਿੰਘ ਮਜੀਠੀਆ ਸਰ ਸੁੰਦਰ ਸਿੰਘ ਮਜੀਠੀਆ ਦੇ ਪੋਤਰੇ ਹਨ।

ਕਾਲਜ ਦੇ ਸਾਬਕਾ ਪ੍ਰਿੰਸੀਪਲ ਡਾ. ਦਲਜੀਤ ਸਿੰਘ ਕਹਿੰਦੇ ਹਨ ਕਿ ਕਾਲਜ ਦੀਆਂ ਸ਼ਾਨਦਾਰ ਵਿੱਦਿਅਕ ਪ੍ਰਾਪਤੀਆਂ ਦਾ ਸਿਹਰਾ ਇਸ ਦੇ ਪ੍ਰੇਰਨਾਦਾਇਕ ਸਯੋਗ ਅਧਿਆਪਕਾਂ ਦੇ ਸਿਰ ਬੱਝਦਾ ਹੈ।

ਖਾਲਸਾ ਕਾਲਜ ਨੇ ਦੇਸ਼ ਦੇ ਆਜ਼ਾਦੀ ਅੰਦੋਲਨ ਵਿਚ ਕੇਂਦਰੀ ਰੋਲ ਅਦਾ ਕੀਤਾ। 1921 ਵਿਚ ਪ੍ਰਿੰਸ ਆਫ਼ ਵੇਲਜ਼ ਜਦੋਂ ਇਸ ਕਾਲਜ ਵਿਚ ਆਏ ਤਾਂ ਕਾਲਜ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਉਨ੍ਹਾਂ ਦਾ ਬਾਈਕਾਟ ਕਰ ਕੇ ਅੰਗਰੇਜ਼ ਸਰਕਾਰ ਵਿਰੁੱਧ ਆਪਣੇ ਰੋਸ ਦਾ ਪ੍ਰਦਰਸ਼ਨ ਕੀਤਾ।

ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜਦੋਂ ਅੰਮ੍ਰਿਤਸਰ ਆਏ ਤਾਂ ਉਹ ਖਾਲਸਾ ਕਾਲਜ ਵਿਚ ਆਉਣਾ ਨਹੀਂ ਭੁੱਲੇ। ਉਹ ਜੱਲ੍ਹਿਆਂਵਾਲੇ ਬਾਗ ਦੇ ਕਤਲੇਆਮ ਤੋਂ ਇਕ ਸਾਲ ਪਿੱਛੋਂ 1920 ਵਿਚ ਅੰਮ੍ਰਿਤਸਰ ਆਏ ਸਨ।

ਜਿਨ੍ਹਾਂ ਵਿਅਕਤੀਆਂ ਨੇ ਆਜ਼ਾਦੀ ਦੇ ਸੰਘਰਸ਼ ਵਿਚ ਅਹਿਮ ਭੂਮਿਕਾ ਨਿਭਾਈ, ਉਨ੍ਹਾਂ ਵਿਚ ਸ. ਪ੍ਰਤਾਪ ਸਿੰਘ ਕੈਰੋਂ, ਸ. ਤੇਜਾ ਸਿੰਘ ਸਮੁੰਦਰੀ, ਸ. ਸੋਹਣ ਸਿੰਘ ਜੋਸ਼, ਸ. ਨਿਰੰਜਨ ਸਿੰਘ ਤਾਲਿਬ, ਗਿ. ਸ਼ੰਕਰ ਸਿੰਘ, ਸ. ਅੱਛਰ ਸਿੰਘ ਛੀਨਾ ਅਤੇ ਲੋਕ ਸਭਾ ਦੇ ਸਾਬਕਾ ਸਪੀਕਰ ਸ. ਗੁਰਦਿਆਲ ਸਿੰਘ ਢਿੱਲੋਂ ਸ਼ਾਮਲ ਸਨ।

## ਅਖ਼ਬਾਰ 'ਟ੍ਰਿਬਿਊਨ' ਦਾ ਯੋਗਦਾਨ

ਡਾ. ਕੇ.ਐੱਸ. ਬਾਜਵਾ ਨੇ ਖਾਲਸਾ ਕਾਲਜ ਦਾ ਸੰਖੇਪ ਇਤਿਹਾਸ ਲਿਖਿਆ ਹੈ, ਜਿਸ ਵਿਚ ਉਹ ਦਸਦੇ ਹਨ ਕਿ ਖਾਲਸਾ ਕਾਲਜ ਲਈ ਲਾਹੌਰ ਦੀ ਬਜਾਏ ਅੰਮ੍ਰਿਤਸਰ ਦੀ ਚੋਣ ਕਰਨ ਵਿਚ 'ਟ੍ਰਿਬਿਊਨ' ਅਖ਼ਬਾਰ ਨੇ ਕਿਵੇਂ ਅਹਿਮ ਭੂਮਿਕਾ

ਨਿਭਾਈ।"ਰਾਏ ਬਹਾਦਰ ਭਗਤ ਨਰਾਇਣ ਦਾਸ ਐੱਮ.ਏ.ਨੇ ਇਕ ਪੈਂਫਲਿਟ ਲਿਖਿਆ 'ਲਾਹੌਰ ਕਿ ਅੰਮ੍ਰਿਤਸਰ'। ਇਹ ਪੈਂਫਲਿਟ ਸਿੱਖਾਂ ਵਿਚ ਵੰਡਿਆ ਗਿਆ। ਸੈਂਕੜੇ ਹੀ ਟੈਲੀਗ੍ਰਾਮ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਅਤੇ ਖਾਲਸਾ ਕਾਲਜ ਸਥਾਪਨਾ ਕਮੇਟੀ ਨੂੰ ਭੇਜੇ ਗਏ, ਜੋ 'ਟ੍ਰਿਬਿਊਨ' ਅਖ਼ਬਾਰ ਦੇ ਕਾਲਮਾਂ ਵਿਚ ਪ੍ਰਕਾਸ਼ਿਤ ਹੋਏ। 'ਟ੍ਰਿਬਿਊਨ' ਵਿਚ ਲਾਹੌਰ ਵਿਰੁੱਧ ਕਈ ਲੇਖ ਵੀ ਛਪੇ ਜੋ ਅਕਸਰ ਗੁਜਰਾਂਵਾਲੇ ਦੇ ਸ੍ਰੀ ਅਮੋਲਕ ਰਾਮ ਲਿਖਿਆ ਕਰਦੇ ਸਨ। ਖਾਲਸਾ ਕਾਲਜ ਦੀ ਸਥਾਪਨਾ ਤੋਂ ਪਹਿਲਾਂ 5 ਅਪ੍ਰੈਲ 1891 ਨੂੰ ਇਕ ਬਹੁਤ ਵੱਡੀ ਅਰਜ਼ੀ ਜੋ ਤਕਰੀਬਨ 2000 ਫੁੱਟ ਲੰਮੀ ਸੀ ਅਤੇ ਜਿਸ ਉਤੇ ਅੰਮ੍ਰਿਤਸਰ ਦੇ ਹੱਕ ਵਿਚ 46698 ਲੋਕਾਂ ਦੇ ਦਸਤਖ਼ਤ ਸਨ, ਖਾਲਸਾ ਕਾਲਜ ਸਥਾਪਨਾ ਕਮੇਟੀ ਦੇ ਸਾਹਮਣੇ ਪੇਸ਼ ਕੀਤੀ ਗਈ।"

## ਕਾਲਜ ਕੈਂਪਸ

ਖਾਲਸਾ ਕਾਲਜ ਇਕ ਸੰਮਿਲਤ ਸੰਸਥਾ ਹੈ ਜਿਸ ਦੇ ਮੁੱਖ ਚਾਰ ਵਿਭਾਗ (ਫੈਕਲਟੀਜ਼) ਹਨਃ ਮਾਨਵ ਸ਼ਾਸਤਰ ਅਤੇ ਸਮਾਜ ਵਿਗਿਆਨ, ਵਣਜ ਅਤੇ ਵਪਾਰ ਪ੍ਰਸ਼ਾਸਨ, ਸਾਇੰਸਿਜ਼, ਖੇਤੀਬਾੜੀ ਕਾਲਜ ਅਤੇ ਕੰਪਿਊਟਰ ਵਿਗਿਆਨ ਦੀ ਸੰਸਥਾ।

ਇਨ੍ਹਾਂ ਤੋਂ ਇਲਾਵਾ ਕਾਲਜ ਪਰਿਸਰ ਵਿਚ ਇਹ ਸੰਸਥਾਵਾਂ ਵੀ ਕਾਰਜਸ਼ੀਲ ਹਨਃ ਖਾਲਸਾ ਕਾਲਜ ਆਫ਼ ਐਜੂਕੇਸ਼ਨ, ਖਾਲਸਾ ਕਾਲਜ ਆਫ਼ ਐਗਰੀਕਲਚਰ, ਖਾਲਸਾ ਕਾਲਜ ਫਾਰ ਵਿਮਿਨ, ਖਾਲਸਾ ਕਾਲਜ ਗਰਲਜ਼ ਹਾਈ ਸਕੂਲ, ਖਾਲਸਾ ਕਾਲਜ ਬੁਆਇਜ਼ ਸੀਨੀਅਰ ਸੈਕੰਡਰੀ ਸਕੂਲ ਅਤੇ ਖਾਲਸਾ ਕਾਲਜ ਪਬਲਿਕ ਸਕੂਲ ਇਸੇ ਲੜੀ ਨੂੰ ਜਾਰੀ ਰੱਖਦੇ ਹੋਏ ਖਾਲਸਾ ਕਾਲਜ ਨੇ ਕੁਝ ਹੋਰ ਸੰਸਥਾਵਾਂ ਵੀ ਸਥਾਪਿਤ ਕੀਤੀਆਂ ਹਨ, ਜਿਵੇਂ ਖਾਲਸਾ ਕਾਲਜ ਆਫ਼ ਫ਼ਿਜ਼ਿਓਥੈਰਾਪੀ, ਖਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਖਾਲਸਾ ਕਾਲਜ ਆਫ਼ ਨਰਸਿੰਗ, ਖਾਲਸਾ ਕਾਲਜ ਆਫ਼ ਫ਼ਿਜ਼ੀਕਲ ਐਜੂਕੇਸ਼ਨ। (ਇਹ ਸਾਰੀਆਂ ਸੰਸਥਾਵਾਂ ਅੰਮ੍ਰਿਤਸਰ ਵਿਚ ਹਨ) ਖਾਲਸਾ ਕਾਲਜ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ, ਮੋਹਾਲੀ ਵਿਚ ਹੈ। ਇਨ੍ਹਾਂ ਸੰਸਥਾਵਾਂ ਤੋਂ ਬਿਨਾਂ ਕੁਝ ਹੋਰ ਪ੍ਰਤਿਸ਼ਟ ਸੰਸਥਾਵਾਂ ਖੋਲ੍ਹਣੀਆਂ ਵੀ ਵਿਚਾਰ-ਅਧੀਨ ਹਨ।

ਕਾਲਜ ਪਰਿਸਰ 300 ਏਕੜ ਤੋਂ ਵੀ ਵੱਧ ਰਕਬੇ ਵਿਚ ਫੈਲਿਆ ਹੋਇਆ ਹੈ। ਖਾਲਸਾ ਕਾਲਜ ਸਥਾਪਨਾ ਕਮੇਟੀ ਦੀਆਂ ਲਗਾਤਾਰ ਕੋਸ਼ਿਸ਼ਾਂ ਨਾਲ ਪਿੰਡ ਕੋਟ ਸੱਯਦ ਮਹਿਮੂਦ (ਜਿਸ ਨੂੰ ਹੁਣ ਕੋਟ ਖਾਲਸਾ ਕਹਿੰਦੇ ਹਨ) ਦੀ 101 ਏਕੜ ਜ਼ਮੀਨ 10000 ਰੁਪਏ ਵਿਚ ਖਰੀਦੀ ਗਈ ਸੀ।

ਕਾਲਜ ਦੀ ਮੁੱਖ ਇਮਾਰਤ ਵਿਚ 86 ਅਧਿਐਨ ਕਮਰੇ, 10 ਟਿਊਟੋਰੀਅਲ ਕਮਰੇ, 28 ਪਰਯੋਗਸ਼ਾਲਾਵਾਂ, ਇਕ ਦੋ-ਮੰਜ਼ਲੀ ਕੇਂਦਰੀ ਲਾਇਬ੍ਰੇਰੀ, ਇਕ ਖੁੱਲ੍ਹਾ-ਡੁੱਲ੍ਹਾ ਕਾਨਫਰੰਸ ਹਾਲ ਅਤੇ ਵੇਖਣ-ਸੁਣਨ ਦੀਆਂ ਸਹੂਲਤਾਂ ਵਾਲਾ ਇਕ ਸੈਮੀਨਾਰ ਕਮਰਾ ਸ਼ਾਮਲ ਹਨ।



ਕਾਲਜ ਕੈਂਪਸ ਵਿਚ ਇਕ ਬਨਸਪਤੀ ਬਾਗ਼, ਇਕ ਤੈਰਾਕੀ ਤਾਲਾਬ ਸਟੇਡੀਅਮ, ਇਕ ਨਰਸਰੀ, ਇਕ ਫਲਾਂ ਦਾ ਫਾਰਮ, ਇਕ ਕ੍ਰਿਕਟ ਸਟੇਡੀਅਮ, ਸਾਫ਼-ਸੁਥਰੇ ਖੇਡ ਦੇ ਮੈਦਾਨ ਅਤੇ ਸਾਜ਼-ਸਾਮਾਨ ਨਾਲ ਲੈਸ ਇਕ ਲਾਇਬ੍ਰੇਰੀ ਤੋਂ ਇਲਾਵਾ ਇਕ ਗੁਰਦੁਆਰਾ ਇਕ ਵਿਆਯਾਮ-ਘਰ, ਇਕ ਸਿਹਤ ਕੇਂਦਰ, ਇਕ ਡਿਸਪੈਂਸਰੀ, ਇਕ ਡੇਅਰੀ ਫਾਰਮ ਅਤੇ 220 ਏਕੜ ਵਿਚ ਫੈਲਿਆ ਇਕ ਵਿਦਿਆਰਥੀਆਂ ਦਾ ਫਾਰਮ ਵੀ ਹਨ। ਇਸ ਕਾਲਜ ਦੀ ਇਕ ਖ਼ਾਸ ਗੱਲ ਇਹ ਹੈ ਕਿ ਕਾਲਜ ਦੀ ਸ਼ੁਰੂਆਤ ਤੋਂ ਹੀ ਕਾਲਜ ਕੈਂਪਸ ਵਿਚ ਕਾਲਜ ਦੇ ਸਾਰੇ ਕਰਮਚਾਰੀਆਂ ਦੇ ਰਹਿਣ ਲਈ ਮਕਾਨ ਬਣੇ ਹੋਏ ਹਨ।

## ਨਾਮਵਰ ਵਿਦਿਆਰਥੀ

ਇਸ ਕਾਲਜ ਨੇ ਪ੍ਰਸਿੱਧ ਸਿੱਖਿਆ-ਸ਼ਾਸਤਰੀ, ਖਿਡਾਰੀ, ਅਫ਼ਸਰ ਅਤੇ ਸੈਨਿਕ ਅਧਿਕਾਰੀ ਪੈਦਾ ਕੀਤੇ ਹਨ। ਡਾਕਟਰ ਭਾਈ ਜੋਧ ਸਿੰਘ, ਡਾ. ਕਿਰਪਾਲ ਸਿੰਘ ਨਾਰੰਗ, ਡਾ. ਬਿਸ਼ਨ ਸਿੰਘ ਸਮੁੰਦਰੀ, ਡਾ. ਅਮਰੀਕ ਸਿੰਘ, ਡਾ. ਕਰਮ ਸਿੰਘ ਗਿੱਲ, ਡਾ. ਆਰ.ਜੀ.ਪਾਲ, ਡਾ. ਬੀ.ਐੱਸ. ਨੇਗੀ, ਡਾ. ਸੁਰਜੀਤ ਸਿੰਘ ਬੱਲ, ਜਾਂ ਤਾਂ ਇਸ ਕਾਲਜ ਦੇ ਵਿਦਿਆਰਥੀ ਰਹੇ ਹਨ ਜਾਂ ਨਾਮੀ ਅਧਿਆਪਕ। ਨਾਵਲਕਾਰ ਮੁਲਕ ਰਾਜ ਆਨੰਦ, ਪ੍ਰੋ. ਵੀ.ਐੱਨ.ਦੱਤਾ, ਪ੍ਰਿੰ. ਤੇਜਾ ਸਿੰਘ, ਭੀਸ਼ਮ ਸਾਹਨੀ, ਪ੍ਰੋ. ਗੁਰਬਚਨ ਸਿੰਘ ਤਾਲਿਬ, ਸ. ਪ੍ਰੀਤਮ ਸਿੰਘ ਸਫ਼ੀਰ, ਪ੍ਰਸਿੱਧ ਅੱਖ-ਵਿਗਿਆਨੀ ਡਾ. ਪਾਠਕ, ਅੱਖਾਂ ਦੇ ਪ੍ਰਸਿੱਧ ਡਾਕਟਰ ਡਾ. ਦਲਜੀਤ ਸਿੰਘ, ਡਾ. ਕੇ.ਐੱਸ. ਚੁੱਘ (ਪੀ.ਜੀ.ਆਈ.) ਸੀ. ਐੱਸ. ਆਈ. ਆਰ. ਦੇ ਡਾਇਰੈਕਟਰ ਡਾ. ਪੀ.ਐੱਸ. ਗਿੱਲ, ਨਾਮਵਰ ਵਿਦਵਾਨ ਤੇ ਆਲੋਚਕ ਜੀ.ਆਰ. ਸੇਠੀ, ਸਾਬਕ ਮੁੱਖ ਚੋਣ ਕਮਿਸ਼ਨਰ ਅਤੇ ਕੇਂਦਰੀ ਮੰਤਰੀ ਮੰਡਲ ਦੇ ਸਾਬਕਾ ਖੇਡ ਮੰਤਰੀ ਡਾ. ਮਨੋਹਰ ਸਿੰਘ ਗਿੱਲ; ਇਹ ਸਾਰੀਆਂ ਪ੍ਰਸਿੱਧ ਹਸਤੀਆਂ ਖਾਲਸਾ ਕਾਲਜ ਨਾਲ ਹੀ ਸਬੰਧਿਤ ਹਨ। ਭਾਰਤੀ ਸੈਨਾ ਦੇ ਵੱਡੇ-ਵੱਡੇ ਜਰਨੈਲ ਇਸ ਕਾਲਜ ਦੇ ਹੀ ਵਿਦਿਆਰਥੀ ਸਨ। ਜਿਨ੍ਹਾਂ ਵਿਚ ਏਅਰ ਮਾਰਸ਼ਲ ਅਰਜਨ ਸਿੰਘ, ਜਨਰਲ ਰਾਜਿੰਦਰ ਸਿੰਘ ਸਪੈਰੋ, ਜਨਰਲ ਮਹਿੰਦਰ ਸਿੰਘ ਸੰਧੂ, ਜਨਰਲ ਮਹਿੰਦਰ ਸਿੰਘ ਬੱਲ, ਜਨਰਲ ਪ੍ਰੇਮ ਸਿੰਘ ਗਿਆਨੀ, ਜਨਰਲ ਸਤਨਾਮ ਸਿੰਘ, ਜਨਰਲ ਮਹਿੰਦਰ ਸਿੰਘ ਚੋਪੜਾ ਅਤੇ ਕਾਰਗਿਲ ਯੁੱਧ ਦੇ ਪਹਿਲੇ ਸ਼ਹੀਦ ਮੇਜਰ ਬਲਜੀਤ ਸਿੰਘ ਰੰਧਾਵਾ ਦੇ ਪ੍ਰਸਿੱਧ ਨਾਂ ਸ਼ਾਮਲ ਹਨ।

****

# ਇਕ ਅਨੋਖਾ ਕਾਲਜ

ਉੱਚੀ ਦੁਕਾਨ ਨਹੀਂ; ਵਧੀਆ ਪਕਵਾਨ ਚਾਹੀਦੈ! ਸ਼ਹਿਰ ਦੀਆਂ ਭੂਲ-ਭੁਲੱਈਆਂ ਤੰਗ ਗਲੀਆਂ ਵਿਚ ਹਿੰਦੂ ਕਾਲਜ ਦੀ ਇਮਾਰਤ ਚਾਹੇ ਛੋਟੀ ਹੈ ਪਰ ਇਸ ਦੀ ਸ਼ਾਨ ਨੂੰ ਉਸ ਵੇਲੇ ਚਾਰ ਚੰਨ ਲਗ ਗਏ, ਜਦੋਂ ਇਸ ਦਾ ਇਕ ਵਿਦਿਆਰਥੀ ਡਾ. ਮਨਮੋਹਨ ਸਿੰਘ ਭਾਰਤ ਦਾ ਪ੍ਰਧਾਨ ਮੰਤਰੀ ਬਣ ਗਿਆ।

ਕਾਲਜ ਦੇ ਨਾਂ ਵਿਚ ਆਉਂਦੇ ਸ਼ਬਦ 'ਹਿੰਦੂ' ਨੂੰ ਭੁੱਲ ਜਾਓ। ਕਾਲਜ ਨੇ ਆਪਣੇ ਆਪ ਨੂੰ ਇਕ ਧਰਮ-ਨਿਰਪੱਖ ਸੰਸਥਾ ਸਿੱਧ ਕਰ ਕੇ ਵਿੱਦਿਅਕ ਦੁਨੀਆ ਵਿਚ ਇਕ ਖ਼ਾਸ ਮੁਕਾਮ ਹਾਸਲ ਕਰ ਲਿਆ ਹੈ। ਇਸ ਕਾਲਜ ਦੇ ਵਿਦਿਆਰਥੀਆਂ ਵਿਚ ਜੱਲਿਆਂਵਾਲੇ ਬਾਗ ਦੇ ਨਾਇਕ ਡਾ. ਸੈਫ਼-ਉਦੀਨ ਕਿਚਲੂ ਦੇ ਪੁੱਤਰ, ਕਈ ਸਿੱਖ ਵਿਦਿਆਰਥੀ ਅਤੇ ਫੀਲਡ ਮਾਰਸ਼ਲ ਐੱਸ.ਐੱਚ.ਐੱਫ ਜੇ. ਮਾਣਕਸ਼ਾਅ ਵਰਗੇ ਪਾਰਸੀ ਜਰਨੈਲ ਸ਼ਾਮਲ ਹਨ। ਦੇਸ਼ਵੰਡ ਸਮੇਂ ਪਾਕਿਸਤਾਨ ਤੋਂ ਉਜੜ ਕੇ ਆਏ ਸ਼ਰਨਾਰਥੀਆਂ ਦੀ ਇਸ ਕਾਲਜ ਨੇ ਇਕ ਸ਼ਾਰਨਾਰਥੀ ਕੈਂਪ ਵਜੋਂ ਸੇਵਾ ਕੀਤੀ।

ਕਾਲਜ ਦੇ ਪ੍ਰਬੰਧਕਾਂ ਦੀ ਉਸ ਵੇਲੇ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ, ਜਦੋਂ ਇਕ ਦਿਨ ਅਚਾਨਕ ਉਨ੍ਹਾਂ ਨੂੰ ਡਾ. ਮਨਮੋਹਨ ਸਿੰਘ ਦਾ ਦਿਲ ਨੂੰ ਛੂਹਣ ਵਾਲਾ ਖ਼ਤ ਮਿਲਿਆ। ਆਪਣੇ ਅਨੇਕਾਂ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਉਨ੍ਹਾਂ ਨੇ ਇਸ ਚਿੱਠੀ ਰਾਹੀਂ ਆਪਣੇ ਮਾਤਰੀ ਕਾਲਜ ਨਾਲ ਆਪਣੇ ਪੁਰਾਣੇ ਸਬੰਧਾਂ ਨੂੰ ਚੇਤੇ ਕੀਤਾ ਸੀ। ਸਟਾਫ਼, ਵਿਦਿਆਰਥੀਆਂ ਅਤੇ ਕਾਲਜ ਲਈ ਸਦੀਵੀਂ ਪ੍ਰੇਰਨਾ ਦਾ ਇਕ ਸਰੋਤ ਬਣ ਸਕਦਾ ਹੈ, ਜੋ ਕੁਝ ਸਮੇਂ ਤੋਂ ਵਿਵਾਦਾਂ ਵਿਚ ਘਿਰਿਆ ਹੋਇਆ ਹੈ।

ਡਾ. ਮਨਮੋਹਨ ਸਿੰਘ ਦੇ ਸ਼ਾਨਦਾਰ ਵਿੱਦਿਅਕ ਰਿਕਾਰਡ ਨੂੰ ਯਾਦ ਕਰਦੇ ਹੋਏ ਕਾਲਜ ਦੇ ਡਾਇਰੈਕਟਰ ਸ੍ਰੀ ਕੇ.ਕੇ ਅਰੋੜਾ ਕਹਿੰਦੇ ਹਨ ਕਿ ਉਨ੍ਹਾਂ ਦੋਹਾਂ ਦੇ ਸਾਂਝੇ ਅਧਿਆਪਕ ਪ੍ਰੋ. ਐੱਮ.ਆਰ. ਕਾਲੀਆ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਲਈ ਅਕਸਰ ਡਾ. ਮਨਮੋਹਨ ਸਿੰਘ ਦੀ ਮਿਸਾਲ ਦਿਆ ਕਰਦੇ ਸਨ। ਡਾ. ਮਨਮੋਹਨ ਸਿੰਘ ਹਮੇਸ਼ਾ ਬਹੁਤ ਜ਼ਿਆਦਾ ਨੰਬਰ ਲੈਂਦੇ ਸਨ। ਇਕ ਵਾਰ ਸਟਾਫ਼ ਤੇ ਵਿਦਿਆਰਥੀਆਂ ਨੂੰ ਇੰਨੇ ਵਧੀਆ ਨੰਬਰਾਂ 'ਤੇ ਸ਼ੱਕ ਹੋ ਗਿਆ। ਗੱਲ ਇਥੋਂ ਤਕ ਵਧ ਗਈ ਕਿ ਕਾਲਜ ਦੇ ਇਕ ਅਧਿਆਪਕ ਪ੍ਰੋ. ਢੀਂਗਰਾ ਨੇ ਪ੍ਰੋ. ਕਾਲੀਆ ਨੂੰ ਕਿਹਾ ਕਿ ਮਨਮੋਹਨ ਸਿੰਘ ਦਾ ਪੇਪਰ ਦੁਬਾਰਾ ਚੈੱਕ ਕੀਤਾ ਜਾਵੇ। ਪ੍ਰੋ. ਕਾਲੀਆ ਨੇ ਜਵਾਬ ਦਿੱਤਾ ਕਿ ਮੈਂ ਪੇਪਰ ਦੁਬਾਰਾ ਚੈੱਕ ਕੀਤਾ ਹੈ ਪਰ ਮੈਂ ਕਿਸੇ ਵੀ ਸਵਾਲ ਦੇ ਜਵਾਬ ਵਿਚੋਂ ਕੋਈ ਨੰਬਰ ਨਹੀਂ ਕੱਟ ਸਕਿਆ।

ਡਾ. ਮਨਮੋਹਨ ਸਿੰਘ ਹਿੰਦੂ ਕਾਲਜ ਵਿਚ 1950 ਤੋਂ 1953 ਤਕ ਪੜ੍ਹਦੇ ਰਹੇ। ਇਨ੍ਹਾਂ ਸਾਲਾਂ ਵਿਚ ਉਹ ਸਭ ਤੋਂ ਵੱਧ ਨੰਬਰ ਲੈਂਦੇ ਰਹੇ। ਉਨ੍ਹਾਂ ਦਾ ਨਾਂ ਕਾਲਜ



ਦੇ 'ਰੋਲ ਆਫ਼ ਆਨਰਜ਼' ਉਤੇ ਅੱਜ ਵੀ ਲਿਖਿਆ ਹੋਇਆ ਹੈ।

ਡਾ. ਮਨਮੋਹਨ ਸਿੰਘ ਦੀ ਬੌਧਿਕ ਬੁਲੰਦੀ ਨੇ ਅਰਥ-ਸ਼ਾਸਤਰ ਦੇ ਵਿਦਿਆਰਥੀਆਂ ਨੂੰ ਬਹੁਤ ਪ੍ਰਭਾਵਿਤ ਕੀਤਾ। ਇਹ ਗੱਲ ਕਾਲਜ ਦੇ ਨਤੀਜਿਆਂ ਤੋਂ ਪ੍ਰਤੱਖ ਹੈ। ਇਸ ਕਾਲਜ ਦੀਆਂ ਵਿਦਿਆਰਥਣਾਂ ਮਨਪ੍ਰੀਤ ਕੌਰ ਅਤੇ ਸਿਮਰਿਤੀ ਲੂੰਬਾ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਉੱਚੀਆਂ ਪੁਜ਼ੀਸ਼ਨਾਂ ਹਾਸਲ ਕਰ ਕੇ ਕਾਲਜ ਦੀ ਸ਼ੁਹਰਤ ਵਿਚ ਵਾਧਾ ਕੀਤਾ।

ਸ੍ਰੀ ਅਰੋੜਾ ਕਹਿੰਦੇ ਹਨ ਕਿ ਡਾ. ਮਨਮੋਹਨ ਸਿੰਘ ਦੇ ਰਾਸ਼ਟਰੀ ਕਾਰਜਪਾਲਿਕਾ ਦੀ ਸਭ ਤੋਂ ਉਚੀ ਪਦਵੀ ਉਤੇ ਸੁਸ਼ੋਭਤ ਹੋਣ ਨਾਲ, ਕਾਲਜ ਦੇ ਬਾਨੀ ਬਜ਼ੁਰਗਾਂ ਦਾ ਸੁਪਨਾ ਸਾਕਾਰ ਹੋ ਗਿਆ ਹੈ।

ਉਨ੍ਹਾਂ ਕਿਹਾ ਕਿ ਕਾਲਜ ਦਾ ਨਾਂ ਭਾਵੇਂ ਦੇਖਣ ਨੂੰ 'ਫਿਰਕੂ' ਜਿਹਾ ਲੱਗਦਾ ਹੈ ਪਰ ਕਾਲਜ ਦੇ ਬਾਨੀ ਬਜ਼ੁਰਗਾਂ ਦਾ ਇਰਾਦਾ ਇਸ ਨੂੰ ਨਿਰੋਲ ਧਰਮ-ਨਿਰਪੱਖ ਸਿਧਾਂਤਾਂ ਅਨੁਸਾਰ ਚਲਾਉਣ ਦਾ ਸੀ। ਉਹ ਇਕ ਇਹੋ ਜਿਹੀ ਸੰਸਥਾ ਬਣਾਉਣਾ ਚਾਹੁੰਦੇ ਸਨ, ਜਿਸ ਵਿਚ ਵੱਖ-ਵੱਖ ਪਿਛੋਕੜਾਂ ਤੋਂ ਆਏ ਵਿਦਿਆਰਥੀ ਇਕ ਦੂਜੇ ਨੂੰ ਸਮਝ ਸਕਣ ਅਤੇ ਦੇਸ਼ ਦੀ ਉਨਤੀ ਵਿਚ ਆਪਣਾ ਹਿੱਸਾ ਪਾ ਸਕਣ। ਦੇਸ਼ ਦਾ ਪਹਿਲਾ ਫੀਲਡ ਮਾਰਸ਼ਲ ਅਤੇ 1971 ਦੀ ਜੰਗ ਦਾ ਨਾਇਕ ਐੱਸ.ਐੱਚ.ਐੱਫ.ਜੇ. ਮਾਣਕ ਸ਼ਾਅ ਇਕ ਪਾਰਸੀ ਸੀ। ਉਨ੍ਹਾਂ ਨੇ ਐੱਫ.ਏ. (ਸੈਕੰਡ ਈਅਰ) ਇਸ ਕਾਲਜ ਤੋਂ ਕੀਤੀ। ਉਹ 3 ਮਾਰਚ, 1934 ਨੂੰ ਇਸ ਕਾਲਜ ਵਿਚ ਦਾਖਲ ਹੋਏ ਅਤੇ ਆਈ.ਐੱਸ.ਏ. ਵਿਚ ਭਰਤੀ ਹੋਣ ਲਈ ਜਨਵਰੀ 1935 ਵਿਚ ਕਾਲਜ ਤੋਂ ਚਲੇ ਗਏ। 1971 ਵਿਚ ਪਾਕਿਸਤਾਨ ਵਿਰੁੱਧ ਜੰਗ ਜਿੱਤਣ ਤੋਂ ਬਾਅਦ ਉਹ ਆਪਣੇ ਪੁਰਾਣੇ ਕਾਲਜ ਨੂੰ ਸਤਿਕਾਰ ਭੇਟ ਕਰਨ ਲਈ ਕਾਲਜ ਆਏ। ਉਨ੍ਹਾਂ ਦੀ ਕਾਲਜ ਵਿਚ ਇਹ ਫੇਰੀ ਕਾਲਜ ਦੇ ਪੁਰਾਣੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਅੱਜ ਤਕ ਯਾਦ ਹੈ।

ਮਹਾਨ ਸੁਤੰਤਰਤਾ ਸੰਗਰਾਮੀ ਜਨਾਬ ਸੈੱਫ਼ ਉੱਦੀਨ ਕਿਚਲੂ ਦੇ ਸਪੁੱਤਰ ਜਨਾਬ ਤਲਤ ਮਹਿਮੂਦ ਕਿਚਲੂ ਭਾਵੇਂ ਮੁਸਲਿਮ ਭਾਈਚਾਰੇ ਨਾਲ ਸਬੰਧਿਤ ਹਨ, ਉਨ੍ਹਾਂ ਨੇ ਵੀ ਬੀ.ਏ. ਇਸੇ ਕਾਲਜ ਤੋਂ ਕੀਤੀ।

ਕਾਲਜ ਦੇ ਇਕ ਸਾਬਕਾ ਪ੍ਰਿੰਸੀਪਲ ਪ੍ਰੋ.ਵੀ.ਪੀ. ਲੂੰਬਾ ਦਸਦੇ ਹਨ ਕਿ ਕਾਲਜ ਦੇ ਪ੍ਰਬੰਧਕ ਹਮੇਸ਼ਾ ਸਮੇਂ ਤੋਂ ਅੱਗੇ ਸੋਚਦੇ ਸਨ ਅਤੇ ਵਿਦਿਆਰਥੀਆਂ ਨੂੰ ਚੰਗੀ ਤੋਂ ਚੰਗੀ ਸਿੱਖਿਆ ਪ੍ਰਦਾਨ ਕਰਨਾ ਚਾਹੁੰਦੇ ਸਨ। ਇਸ ਲਈ 1936 ਵਿਚ ਹਿੰਦੂ ਕਾਲਜ ਨੂੰ ਲੜਕੇ ਲੜਕੀਆਂ ਦੀ ਸਾਂਝੀ ਸੰਸਥਾ ਬਣਾ ਦਿੱਤਾ ਗਿਆ। ਉਸ ਸਮੇਂ ਦੇ ਰੂੜ੍ਹੀਵਾਦੀ ਵਾਤਾਵਰਨ ਅਨੁਸਾਰ ਇਹ ਬੜਾ ਕਰਾਂਤੀਕਾਰੀ ਫੈਸਲਾ ਸੀ। ਉਸੇ ਸਾਲ ਇਸ ਕਾਲਜ ਨੂੰ ਡਿਗਰੀ ਕਾਲਜ ਬਣਾ ਦਿੱਤਾ ਗਿਆ। ਮੁਸਲਮਾਨਾਂ ਸਮੇਤ ਸਾਰੀਆਂ ਕੌਮਾਂ ਦੀਆਂ ਕੁੜੀਆਂ ਇਸ ਕਾਲਜ ਵਿਚ ਦਾਖ਼ਲ ਹੋ ਗਈਆਂ।

ਕੁਝ ਸਾਲਾਂ ਬਾਅਦ ਕਈ ਮਜਬੂਰੀਆਂ ਕਾਰਨ ਕਾਲਜ ਨੂੰ ਫੇਰ ਕੇਵਲ ਮੁੰਡਿਆਂ

ਦਾ ਕਾਲਜ ਬਣਾ ਦਿੱਤਾ ਗਿਆ। ਕੁਝ ਸਮਾਂ ਬੀਤਿਆਂ ਤਾਂ 1957 ਵਿਚ ਫੇਰ ਹਿੰਦੂ ਕਾਲਜ ਨੂੰ ਸਾਂਝੀ ਸਿੱਖਿਆ ਦਾ ਅਦਾਰਾ ਬਣਾ ਦਿੱਤਾ ਗਿਆ।

ਹਿੰਦੂ ਕਾਲਜ, ਅੰਮ੍ਰਿਤਸਰ ਦੇ ਪੁਰਾਣੇ ਸ਼ਹਿਰ ਵਿਚ ਸਥਿਤ ਹੈ। ਇਸ ਦੀ ਸ਼ੁਰੂਆਤ ਹਿੰਦੂ ਸਭਾ ਅੰਮ੍ਰਿਤਸਰ ਦੇ ਉੱਦਮ ਨਾਲ ਹੋਈ। ਹਿੰਦੂ ਸਭਾ ਅੰਮ੍ਰਿਤਸਰ ਦੀ ਨੀਂਹ 1885 ਵਿਚ ਰਾਏ ਬਹਾਦਰ ਲਾਲਾ ਗਾਗਰ ਮੱਲ ਅਤੇ ਉਨ੍ਹਾਂ ਦੇ ਕੁਝ ਜੋਸ਼ੀਲੇ ਸਾਥੀਆਂ ਨੇ ਰੱਖੀ ਸੀ।

ਇਕ ਸੀਨੀਅਰ ਪ੍ਰੋਫੈਸਰ ਡਾ. ਅਰੁਨ ਮਹਿਰਾ ਦਸਦੇ ਹਨ ਕਿ ਉਸੇ ਸਾਲ ਮਾਨਯੋਗ ਜਥੇਬੰਦੀ ਨੇ ਹਿੰਦੂ ਸਭਾ ਸਕੂਲ ਖੋਲ੍ਹ ਦਿੱਤਾ। ਇਹ ਸਕੂਲ 1908 ਵਿਚ ਹਾਈ ਸਕੂਲ ਹੋ ਗਿਆ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮਿਸਟਰ ਐੱਸ.ਐੱਮ. ਕਿੰਗ ਨੇ ਇਸ ਸਕੂਲ ਦਾ ਨੀਂਹ ਪੱਥਰ ਰੱਖਿਆ।

ਸਭਾ ਦੇ ਮੁਢਲੇ ਸਾਲਾਂ ਵਿਚ ਸਭਾ ਨੂੰ ਬੜੇ ਔਖੇ ਸਮੇਂ ਵਿਚੋਂ ਲੰਘਣਾ ਪਿਆ। ਸੀਮਤ ਸਾਧਨਾਂ ਅਤੇ ਰੁਪਏ ਪੈਸੇ ਦੀ ਕਮੀ ਨੇ ਇਸ ਦੇ ਵਿਕਾਸ ਵਿਚ ਕਈ ਰੁਕਾਵਟਾਂ ਪਾਈਆਂ। 1897 ਵਿਚ ਭਾਰਤ ਦੀ ਅੰਗਰੇਜ਼ ਸਰਕਾਰ ਨੇ ਮਹਾਰਾਣੀ ਵਿਕਟੋਰੀਆ ਦੀ ਡਾਇਮੰਡ ਜੁਬਲੀ ਮਨਾਈ। ਇਸ ਅਵਸਰ 'ਤੇ ਸਰਕਾਰ ਨੇ ਸਭਾ ਨੂੰ ਢਾਬ ਵਸਤੀ ਰਾਮ ਵਿਚ ਨਜ਼ੂਲ ਜ਼ਮੀਨ ਦਾ ਇਕ ਟੁਕੜਾ ਦੇ ਦਿੱਤਾ। ਜ਼ਮੀਨ ਦੇ ਇਸ ਟੁਕੜੇ ਨੇ ਸਭਾ ਵਿਚ ਜਾਨ ਪਾ ਦਿੱਤੀ।

ਆਖਰਕਾਰ 1924 ਵਿਚ ਹਿੰਦੂ ਸਭਾ ਸਕੂਲ ਨੇ ਹਿੰਦੂ ਕਾਲਜ ਨੂੰ ਜਨਮ ਦਿੱਤਾ। ਕਾਲਜ ਸ਼ੁਰੂ ਕਰਨ ਦਾ ਵਿਚਾਰ ਸਮਾਜ ਸੇਵਕ ਸਰ ਗੋਪਾਲ ਦਾਸ ਭੰਡਾਰੀ ਅਤੇ ਉਸ ਸਮੇਂ ਹਿੰਦੂ ਸਭਾ ਦੇ ਪ੍ਰਧਾਨ ਰਾਏ ਬਹਾਦਰ ਗਾਗਰ ਮੱਲ ਨੂੰ ਆਇਆ।

ਕਾਲਜ ਦੇ ਬਾਨੀ ਮੈਂਬਰ ਸ਼ਹਿਰ ਦੇ ਪ੍ਰਸਿੱਧ ਵਿਅਕਤੀ ਸਨ ਅਤੇ ਉਹ ਆਪਣੀ ਇਮਾਨਦਾਰੀ ਤੇ ਨੇਕ ਨੀਤੀ ਲਈ ਮਸ਼ਹੂਰ ਸਨ। ਪ੍ਰੋ. ਅਰੁਨ ਮਹਿਰਾ ਦਸਦੇ ਹਨ ਕਿ ਕਾਲਜ ਸਥਾਪਿਤ ਕਰਨ ਦਾ ਕਾਰਨ, ਸ਼ਹਿਰ ਵਿਚ ਉਸ ਸਮੇਂ ਇਕ ਵਿੱਦਿਅਕ ਸੰਸਥਾ ਦੀ ਲੋੜ ਸੀ ਤਾਂ ਜੋ ਖਾਲਸਾ ਕਾਲਜ ਉਤੇ ਵਿਦਿਆਰਥੀਆਂ ਦਾ ਬੋਝ ਘੱਟ ਕੀਤਾ ਜਾ ਸਕੇ। ਉਂਜ ਵੀ ਖਾਲਸਾ ਕਾਲਜ ਸ਼ਹਿਰ ਤੋਂ ਕਾਫੀ ਦੂਰ ਸੀ।

1947 ਵਿਚ ਜਦੋਂ ਦੇਸ਼ ਵੰਡਿਆ ਗਿਆ ਤਾਂ ਹਿੰਦੂ ਕਾਲਜ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਲਈ ਪਨਾਹਗਾਹ ਬਣ ਗਿਆ। ਸ਼ਹਿਰ ਦੇ ਇਕ ਪ੍ਰਸਿੱਧ ਵਪਾਰੀ ਸ੍ਰੀ ਰਾਮ ਪ੍ਰਤਾਪ ਮਹਿਰਾ ਇਸ ਸ਼ਰਨਾਰਥੀ ਕੈਂਪ ਦੇ ਇੰਚਾਰਜ ਸਨ।

ਕਾਲਜ ਦੇ ਬਾਨੀ ਪ੍ਰਿੰਸੀਪਲ ਸ੍ਰੀ ਕੇ.ਐੱਲ. ਭਾਟੀਆ ਤੋਂ ਬਾਅਦ ਪ੍ਰਸਿੱਧ ਵਿਦਿਆ-ਸ਼ਾਸਤਰੀ ਸ੍ਰੀ ਆਰ.ਕੇ.ਕਪੂਰ ਕਾਲਜ ਦੇ ਪਿੰਸੀਪਲ ਬਣੇ। ਪ੍ਰਿੰ. ਕਪੂਰ ਦੀ ਸ਼ੁਹਰਤ ਦੂਰ-ਦੂਰ ਤਕ ਫੈਲ ਗਈ। ਕਹਿੰਦੇ ਹਨ ਕਿ ਸ਼ਹਿਰ ਦੇ ਦੂਸਰੇ ਕਾਲਜਾਂ ਦੇ ਵਿਦਿਆਰਥੀ ਵੀ ਉਨ੍ਹਾਂ ਦੀ ਕਲਾਸ ਵਿਚ ਆ ਕੇ ਬੈਠਿਆ ਕਰਦੇ ਸਨ। ਜੇ ਕਮਰੇ ਵਿਚ ਬੈਠਣ ਲਈ ਜਗ੍ਹਾ ਨਹੀਂ ਸੀ ਹੁੰਦੀ ਤਾਂ ਬਾਹਰਲੇ ਕਾਲਜਾਂ ਦੇ ਵਿਦਿਆਰਥੀ ਤਾਕੀਆਂ ਵਿੱਚੀਂ ਪ੍ਰੋ. ਕਪੂਰ ਦਾ ਲੈਕਚਰ ਸੁਣਿਆ ਕਰਦੇ ਸਨ। 1948 ਵਿਚ ਉਹ



ਕਾਲਜ ਤੋਂ ਚਲੇ ਗਏ ਕਿਉਂਕਿ ਵਾਸ਼ਿੰਗਟਨ ਡੀ.ਸੀ. ਵਿਚ ਅਮਰੀਕਾ ਵਿਚ ਭਾਰਤ ਦੇ ਸਫ਼ਾਰਤਖਾਨੇ ਵਿਚ ਉਨ੍ਹਾਂ ਦੀ ਸੈਕੰਡ ਸੈਕਟਰੀ ਵਜੋਂ ਨਿਯੁਕਤੀ ਹੋ ਗਈ ਸੀ।

ਕਾਲਜ ਨੂੰ ਇਸ ਗੱਲ ਦਾ ਮਾਣ ਹੈ ਕਿ ਉਸ ਨੇ ਕਈ ਨਾਮਵਰ ਵਿਅਕਤੀਆਂ ਦੀ ਮਹਿਮਾਨ-ਨਵਾਜ਼ੀ ਕੀਤੀ ਹੈ। ਜਿਨ੍ਹਾਂ ਵਿਚ ਪੰਡਤ ਮਦਨ ਮੋਹਨ ਮਾਲਵੀਆ, ਬਾਬੂ ਪਰਸ਼ੋਤਮ ਦਾਸ, ਸ੍ਰੀ ਐੱਨ.ਐੱਨ. ਸਰਕਾਰ, ਡਾ. ਐੱਸ.ਐੱਸ. ਰਾਧਾ ਕ੍ਰਿਸ਼ਨਨ, ਡਾ. ਗੋਪੀ ਚੰਦ ਭਾਰਗੋ, ਲੈਫ਼ਟੀਨੈਂਟ ਜਰਨਲ ਥੋਰਾਟ, ਸ. ਪ੍ਰਤਾਪ ਸਿੰਘ ਕੈਰੋਂ, ਸ੍ਰੀ ਲਾਲ ਬਹਾਦਰ ਸ਼ਾਸਤ੍ਰੀ, ਆਚਾਰੀਆ ਜੇ.ਬੀ. ਕ੍ਰਿਪਲਾਨੀ, ਸ੍ਰੀ ਜੈ ਪ੍ਰਕਾਸ਼ ਨਾਰਾਇਣ, ਸ੍ਰੀ ਗੋਬਿੰਦ ਵਲਭ ਪੰਤ, ਸ. ਦਰਬਾਰਾ ਸਿੰਘ, ਜਸਟਿਸ ਜੀਵਨ ਲਾਲ ਕਪੂਰ, ਡਾ. ਏ.ਸੀ. ਜੋਸ਼ੀ, ਫੀਲਡ ਮਾਰਸ਼ਲ ਮਾਨਕ ਸ਼ਾਅ, ਡਾ. ਡੀ.ਸੀ. ਪਾਵਤੇ, ਜਸਟਿਸ ਐੱਚ.ਆਰ.ਖੰਨਾ, ਜਸਟਿਸ ਸ਼ਿਵ ਸ਼ੰਕਰ, ਸ. ਪ੍ਰਕਾਸ਼ ਸਿੰਘ ਬਾਦਲ, ਸ੍ਰੀ ਐੱਨ.ਐੱਮ. ਚੌਧਰੀ ਅਤੇ ਕਈ ਹੋਰ ਸ਼ਾਮਲ ਹਨ।

## ਪ੍ਰਸਿੱਧ ਵਿਦਿਆਰਥੀ

ਫੀਲਡ ਮਾਰਸ਼ਲ ਐੱਸ.ਐੱਚ.ਐੱਫ.ਜੇ. ਮਾਣਕ ਸ਼ਾਅ, ਜਸਟਿਸ ਐੱਚ. ਆਰ ਖੰਨਾ (ਸੁਪਰੀਮ ਕੋਰਟ), ਮਿਸ ਕੰਚਨ ਚੌਧਰੀ ਭੱਟਾਚਾਰੀਆ ਡੀ.ਜੀ.ਪੀ. (ਉਤਰਾਂਚਲ), ਮਹਾਰਾਜ ਕ੍ਰਿਸ਼ਨ ਰਸਗੋਤਰਾ, ਸਾਬਕ ਭਾਰਤੀ ਰਾਜਦੂਤ ਫਰਾਂਸ, ਲੈਫ਼ਟੀਨੈਂਟ ਜਨਰਲ ਬੀ.ਕੇ. ਐੱਨ. ਛਿੱਬਰ ਸਾਬਕਾ ਗਵਰਨਰ ਪੰਜਾਬ, ਸ੍ਰੀ ਪੀ.ਸ਼ਿਵ ਸ਼ੰਕਰ ਸਾਬਕਾ ਕੇਂਦਰੀ ਮੰਤਰੀ, ਜਸਟਿਸ ਆਰ.ਐੱਲ.ਆਨੰਦ (ਪੰਜਾਬ ਤੇ ਹਰਿਆਣਾ ਹਾਈ ਕੋਰਟ), ਆਰ.ਐੱਲ.ਭਾਟੀਆ ਗਵਰਨਰ ਕੇਰਲਾ, ਸ੍ਰੀ ਹੰਸ ਰਾਜ ਖੰਨਾ ਜੱਜ ਸਪੁਰੀਮ ਕੋਰਟ, ਡਾ.ਆਰ.ਸੀ. ਪਾਲ ਭੌਤਕ-ਵਿਗਿਆਨੀ ਤੇ ਸੇਵਾ ਮੁਕਤ ਵਾਈਸ ਚਾਂਸਲਰ ਪੰਜਾਬ ਯੂਨੀਵਰਸਿਟੀ, ਡਾ. ਐੱਸ.ਐੱਸ ਮਨਚੰਦਾ ਸੰਸਾਰ-ਪ੍ਰਸਿੱਧ ਭੌਤਿਕ ਵਿਗਿਆਨੀ, ਪ੍ਰੋ. ਵੈਸ਼ਨੋ ਦੱਤ ਨਾਮਵਰ ਇਤਿਹਾਸਕਾਰ, ਸ੍ਰੀ ਪ੍ਰਬੋਧ ਚੰਦਰ ਸਾਬਕਾ ਪੰਜਾਬ ਮੰਤਰੀ, ਸ੍ਰੀ ਗਿਰਧਾਰੀ ਲਾਲ ਡੋਗਰਾ ਜੰਮੂ ਕਸ਼ਮੀਰ ਦੇ ਸਾਬਕਾ ਮੰਤਰੀ, ਸ੍ਰੀ ਬਲਰਾਮ ਜੀ ਦਾਸ ਟੰਡਨ ਸਾਬਕਾ ਮੰਤਰੀ ਪੰਜਾਬ, ਸ੍ਰੀ ਕੇਦਾਰ ਸ਼ਰਮਾ, ਪ੍ਰਸਿੱਧ ਲੇਖਕ, ਨਿਰਮਾਤਾ, ਡਾਇਰੈਕਟਰ ਅਤੇ ਨਾਟਕਕਾਰ ਬਾਲੀਵੁੱਡ, ਸ੍ਰੀ ਚਰਨਜੀਤ ਸ਼ਰਮਾ ਕਵੀ, ਐਕਟਰ ਨਾਟਕਕਾਰ ਅਤੇ ਅਲ ਇੰਡੀਆ ਰੇਡੀਓ ਦੇ ਡਰਾਮਾ ਵਿਭਾਗ ਦੇ ਮੁਖੀ, ਸ੍ਰੀ ਆਰ.ਕੇ. ਬਾਲੀ ਆਈ.ਆਰ ਐੱਸ, ਸ੍ਰੀ ਅਨਿਲ ਕੁਮਾਰ ਮਹਿਰਾ ਆਈ.ਆਰ.ਐੱਸ., ਡਾ. ਅਸ਼ੋਕ ਅਮਰੋਹੀ ਆਈ.ਐੱਫ.ਐੱਸ, ਸ੍ਰੀ ਸੀ.ਐੱਲ ਭਰਾਨੀ, ਦਾਰਸ਼ਨਕ ਲੇਖਕ; ਇਹ ਸਾਰੀਆਂ ਨਾਮਵਰ ਹਸਤੀਆਂ ਹਿੰਦੂ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀ ਰਹੇ ਹਨ।

## ਸਨਮਾਨ ਸੂਚੀ

ਇਸ ਗੱਲ ਦੇ ਬਾਵਜੂਦ ਕਿ ਕਾਲਜ ਦੀ ਥਾਂ ਬਹੁਤ ਸੀਮਤ ਹੈ ਅਤੇ ਇਹ ਸ਼ਹਿਰ ਦੀਆਂ ਤੰਗ ਗਲੀਆਂ ਵਿਚ ਸਥਿਤ ਹੈ, ਇਸ ਨੇ ਪ੍ਰਸਿੱਧ ਖਿਡਾਰੀ ਖ਼ਾਸ ਕਰ ਕੇ ਕ੍ਰਿਕਟ ਦੇ ਖਿਡਾਰੀ ਪੈਦਾ ਕੀਤੇ ਹਨ। ਮਸ਼ਹੂਰ ਖੱਬਚੂ ਸਪਿਨਰ ਅਤੇ ਸਾਬਕਾ

ਕੈਪਟਨ ਬਿਸ਼ਨ ਸਿੰਘ ਬੇਦੀ ਅਤੇ ਸਾਬਕਾ ਟੈਸਟ ਪਲੇਅਰ ਮਦਨ ਲਾਲ ਇਸੇ ਕਾਲਜ ਦੀ ਉਪਜ ਹਨ। ਉਨ੍ਹਾਂ ਨੂੰ ਖੇਡ ਦੇ ਦਾਅ-ਪੇਚ ਕਾਲਜ ਦੇ ਸਮਰਪਿਤ ਕੋਚ ਸ੍ਰੀ ਗਿਆਨ ਪ੍ਰਕਾਸ਼ ਨੇ ਸਿਖਾਏ ਸਨ।

ਸ੍ਰੀ ਗਿਆਨ ਪ੍ਰਕਾਸ਼ ਨੇ ਪ੍ਰਿਥਵੀ ਰਾਜ ਅਤੇ ਰੌਸ਼ਨ ਲਾਲ ਦੇ ਨਾਲ, ਆਸਟ੍ਰੇਲੀਆ ਦੀ ਕ੍ਰਿਕਟ ਟੀਮ ਦੇ ਵਿਰੁੱਧ 1935 ਵਿਚ ਦੱਖਣੀ ਪੰਜਾਬੀ ਐਸੋਸੀਏਸ਼ਨ ਦੀ ਪ੍ਰਤੀਨਿਧਤਾ ਕੀਤੀ ਸੀ। ਸ੍ਰੀ ਬੇਦੀ ਨੂੰ ਪਦਮ ਸ੍ਰੀ ਸਨਮਾਨ ਮਿਲਿਆ ਅਤੇ ਸ੍ਰੀ ਗੋਕਲ ਇੰਦਰ ਦੇਵ ਨੇ ਸਰਵਿਸਿਜ਼ ਕ੍ਰਿਕਟ ਟੀਮ ਦਾ ਕੈਪਟਨ ਬਣਨ ਤਕ ਤਰੱਕੀ ਕੀਤੀ।

ਪਿਛਲੀ ਸਦੀ ਦੇ ਛੇਵੇਂ ਦਹਾਕੇ ਵਿਚ ਇਸ ਕਾਲਜ ਨਾਲ ਸਬੰਧਿਤ ਸਰਦਾਰੀ ਲਾਲ ਨੂੰ ਭਾਰਤੀ ਵਾਲੀਬਾਲ ਟੀਮ ਵਿਚ ਸ਼ਾਮਲ ਕੀਤਾ ਗਿਆ। ਵਿਜੇ ਮਹਿਰਾ ਨੇ ਆਪਣੇ ਸਮੇਂ ਵਿਚ ਇਕ ਟੈਸਟ ਮੈਚ ਵਿਚ ਭਾਰਤ ਦੇ ਸਭ ਤੋਂ ਛੋਟੀ ਉਮਰ ਦਾ ਖਿਡਾਰੀ ਹੋਣ ਦਾ ਮਾਣ ਹਾਸਲ ਕੀਤਾ। ਵਿਜੇ ਮਹਿਰਾ ਨਿਊਜ਼ੀਲੈਂਡ ਦੀ ਟੀਮ ਵਿਰੁੱਧ ਖੇਡੇ ਸਨ। ਇਸੇ ਤਰ੍ਹਾਂ ਕਾਲਜ ਦੇ ਇਕ ਹੋਰ ਵਿਦਿਆਰਥੀ ਦਿਨੇਸ਼ ਖੰਨਾ ਨੂੰ ਬੈਡਮਿੰਟਨ ਵਿਚ ਏਸ਼ੀਅਨ ਚੈਂਪੀਅਨ ਬਣਨ ਦਾ ਮੌਕਾ ਮਿਲਿਆ।

****



## ਅਖਾੜਾ ਸੰਗਲਵਾਲਾ ਦੀ ਵਿਲੱਖਣ ਵਿਰਾਸਤ
### (ਗੁਰਮੁਖੀ ਲਿੱਪੀ ਵਿਚ ਹਿੰਦੀ ਸਾਹਿਤ ਦਾ ਖ਼ਜ਼ਾਨਾ)

ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਸੰਗਲਵਾਲਾ ਅਖਾੜਾ ਦੋ ਸਦੀਆਂ ਤੋਂ ਵੀ ਵਧ ਪੁਰਾਣਾ ਹੈ। ਉਦਾਸੀਨ ਸੰਪਰਦਾਇ ਵਿਚ ਇਸ ਦਾ ਬਹੁਤ ਸਤਿਕਾਰਯੋਗ ਸਥਾਨ ਹੈ। ਵਾਸਤਵ ਵਿਚ ਇਹ ਅਖਾੜਾ ਗੁਰਮੁਖੀ ਲਿੱਪੀ ਵਿਚ ਧਾਰਮਕ ਹਿੰਦੀ ਸਾਹਿਤ ਦਾ ਬਹੁਤ ਵੱਡਾ ਭੰਡਾਰ ਹੈ।

ਬਹੁਤ ਸਾਰੇ ਹੱਥ-ਲਿਖਤ ਗ੍ਰੰਥ ਇੱਥੇ ਸੁਰੱਖਿਅਤ ਹਨ ਅਤੇ ਵਿਗਿਆਨਕ ਢੰਗ ਨਾਲ ਉਨ੍ਹਾਂ ਨੂੰ ਸੂਚੀਬਧ ਕੀਤਾ ਗਿਆ ਹੈ। ਇਹ ਲਿਖਤਾਂ ਗੁਰਮੁੱਖੀ ਲਿੱਪੀ ਦੇ ਖੋਜਕਾਰਾਂ ਲਈ ਬੇਹੱਦ ਮਹੱਤਵਪੂਰਨ ਹਨ। ਇਸ ਤੋਂ ਇਲਾਵਾ ਇਹ ਹੱਥ-ਲਿਖਤਾਂ ਹਿੰਦੀ ਭਾਸ਼ਾ ਦੇ ਗੁਰਮੁੱਖੀ ਲਿੱਪੀ ਨਾਲ ਮਹੱਤਵਪੂਰਨ ਸਬੰਧਾਂ ਨੂੰ ਸਿੱਧ ਕਰਦੀਆਂ ਹਨ।

ਭਾਵੇਂ ਕਈ ਭਾਸ਼ਾ-ਵਿਗਿਆਨੀ, ਸੰਗਲਵਾਲਾ ਅਖਾੜਾ ਦੀ ਬਹੁਮੁੱਲੀ ਲਾਇਬ੍ਰੇਰੀ ਵਿਚ ਸੰਗ੍ਰਹਿਤ ਭਗਤੀ ਸਾਹਿਤ ਦੇ ਮਹੱਤਵ ਨੂੰ ਨਹੀਂ ਸਮਝ ਸਕੇ, ਪਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਦੇ ਸਾਬਕਾ ਮੁਖੀ ਡਾ. ਐੱਚ. ਐੱਸ. ਬੇਦੀ ਇਸ ਅਖਾੜੇ ਨੂੰ ਅੰਮ੍ਰਿਤਸਰ ਦੀ 'ਦੂਜੀ ਯੂਨੀਵਰਸਿਟੀ' ਕਹਿੰਦੇ ਹਨ। ਭਾਵੇਂ ਪਹਿਲੀ ਯੂਨੀਵਰਸਿਟੀ ਦੀ ਸਥਾਪਨਾ 1969 ਵਿਚ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਕੀਤੀ ਗਈ ਸੀ, ਪਰ ਦੂਜੀ ਯੂਨੀਵਰਸਿਟੀ ਦਾ ਨਾਂ ਗੁਰੂ ਜੀ ਦੇ ਸਪੁੱਤਰ ਬਾਬਾ ਸਿਰੀ ਚੰਦ ਜੀ ਦੇ ਨਾਂ ਨਾਲ ਸਬੰਧਿਤ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕਈ ਵਿਦਿਆਰਥੀ ਅਤੇ ਦੂਰ-ਦੁਰਾਡੀਆਂ ਥਾਵਾਂ ਦੇ ਕਈ ਵਿਦਵਾਨ ਆਪਣੇ ਖੋਜ-ਕਾਰਜਾਂ ਲਈ ਸੰਗਲਵਾਲਾ ਅਖਾੜਾ ਵਿਚ ਆਉਂਦੇ ਰਹਿੰਦੇ ਹਨ।

ਜਾਪਦਾ ਹੈ ਕਿ ਗੁਰਮੁਖੀ ਲਿੱਪੀ ਵਿਚ ਧਾਰਮਕ ਪੁਸਤਕਾਂ ਦੇ ਇੰਨੇ ਵੱਡੇ ਸੰਗ੍ਰਹਿ ਨੂੰ ਸੂਚੀਬੱਧ ਕਰਨ ਦਾ ਕੰਮ ਕਈ ਸਾਲਾਂ ਦੀ ਮਿਹਨਤ ਅਤੇ ਲਗਨ ਦਾ ਨਤੀਜਾ ਹੈ। ਗੁਰਮੁਖੀ ਲਿੱਪੀ ਵਿਚ 1206 ਪੰਨਿਆਂ ਦੀ ਵੱਡੀ ਪੁਸਤਕ-ਸੂਚੀ ਇਸ ਉਦਾਸੀਨ ਅਖਾੜੇ ਵਿਚ ਹੀ ਤਿਆਰ ਕੀਤੀ ਗਈ ਸੀ। ਇਸ ਸੂਚੀ ਵਿਚ ਚਾਰ ਵੇਦ, ਉਪਨਿਸ਼ਦ, ਵਿਸ਼ਨੂੰ ਪੁਰਾਣ, ਪੰਚ ਦਸ਼ੀ, ਪੰਚ ਭਾਸ਼ਾ ਗ੍ਰੰਥ, ਵਿਵੇਕ ਸਿੰਧੂ, ਵਸ਼ਿਸ਼ਟ ਸਾਰ, ਸ਼ੇਸ਼ ਸੰਵਾਦ, ਅਗਿਆਨ ਬੋਧਿਨੀ, ਵਿਗਿਆਨ ਗੀਤਾ, ਵਿਚਾਰ ਮਾਲਾ ਆਦਿ ਦਰਜ ਹਨ। ਅਖਾੜੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਵੱਡੀ ਹੱਥ-ਲਿਖਤ ਬੀੜ ਤੋਂ ਇਲਾਵਾ ਦਸਤੂਰ-ਇ-ਆਲਮ ਅਤੇ ਸਾਧੂ ਸੁਮਨ ਚੰਦਰਿਕਾ ਗ੍ਰੰਥ ਵੀ ਹਨ। ਇਹ ਦੋਵੇਂ ਪੁਸਤਕਾਂ ਨਿਰਵਾਨ ਜੀ ਦੀਆਂ ਲਿਖੀਆਂ ਦੱਸੀਆਂ ਜਾਂਦੀਆਂ ਹਨ। ਇਹ ਸਾਰੇ ਗ੍ਰੰਥ ਗੁਰਮੁਖੀ ਲਿੱਪੀ ਵਿਚ ਲਿਖੇ ਹੋਏ ਹਨ। ਵੱਖ-ਵੱਖ

ਧਰਮਾਂ ਨਾਲ ਸਬੰਧਿਤ ਪ੍ਰਾਚੀਨ ਸਾਹਿਤ ਅਤੇ ਪੁਰਾਣੀਆਂ ਹੱਥ-ਲਿਖਤਾਂ ਕਾਰਨ ਅਖਾੜੇ ਦੀ ਲਾਇਬ੍ਰੇਰੀ ਬੇਹੱਦ ਅਮੀਰ ਹੈ।

ਦਿਲਚਸਪ ਗੱਲ ਇਹ ਹੈ ਕਿ ਸੰਗਲਵਾਲਾ ਅਖਾੜਾ ਦੇ ਮਹੰਤ ਸ੍ਰੀ ਅਨੰਤਾ ਨੰਦ ਜੀ ਹੋਰ ਅਖਾੜਿਆਂ ਦੇ ਮਹੰਤਾਂ ਵਾਂਗ ਅਨਪੜ੍ਹ ਨਹੀਂ, ਸਗੋਂ ਬੀ.ਏ. ਪਾਸ ਹਨ। ਉਹ ਹੁਸ਼ਿਆਰਪੁਰ ਜ਼ਿਲ੍ਹੇ ਦੇ ਇਕ ਸਿੱਖ ਪਰਿਵਾਰ ਨਾਲ ਸਬੰਧਿਤ ਹਨ। ਦੇਸ਼-ਵੰਡ ਤੋਂ ਪਹਿਲਾਂ ਉਨ੍ਹਾਂ ਦੇ ਮਾਤਾ-ਪਿਤਾ ਖੁਸ਼ਹਾਲੀ ਦੀ ਭਾਲ ਵਿਚ ਬਰ੍ਹਮਾ ਨੂੰ ਚਲੇ ਗਏ ਸਨ। ਬਰ੍ਹਮਾ ਉਤੇ ਜਾਪਾਨ ਨੇ ਕਬਜ਼ਾ ਕਰ ਲਿਆ ਤਾਂ ਪਰਿਵਾਰ ਪੰਜਾਬ ਨੂੰ ਪਰਤ ਆਇਆ। ਉਸ ਵੇਲੇ ਉਹ ਕੇਵਲ ਦੋ ਬਰਸਾਂ ਦੇ ਸਨ। ਉਹ ਆਪ ਇਕ ਚੰਗੇ ਕਵੀ, ਵਧੀਆ ਬੁਲਾਰੇ ਤੇ ਵਾਰਤਕ ਲੇਖਕ ਹਨ। ਉਨ੍ਹਾ ਨੇ ਕਈ ਪੁਸਤਕਾਂ ਲਿਖੀਆਂ ਹਨ ਅਤੇ ਬਰਸਾਂ ਪੁਰਾਣੇ ਉਦਾਸੀਨ ਅਖਾੜਿਆਂ ਦਾ ਇਤਿਹਾਸ ਸੰਭਾਲਿਆ ਹੋਇਆ ਹੈ।

ਧਾਰਮਕ ਸਮਾਗਮ ਕਰਨ ਤੋਂ ਇਲਾਵਾ ਉਹ ਹਰ ਸਾਲ ਸੈਮੀਨਾਰ ਆਯੋਜਿਤ ਕਰਦੇ ਹਨ ਅਤੇ ਵਿਦਵਾਨਾਂ ਨੂੰ ਸਨਮਾਨਿਤ ਵੀ ਕਰਦੇ ਹਨ। ਉਹ ਫਰਵਰੀ 1978 ਤੋਂ ਇਸ ਅਖਾੜੇ ਦੀ ਸੇਵਾ ਕਰ ਰਹੇ ਹਨ। ਉਨ੍ਹਾਂ ਨੇ ਆਪਣੇ ਕਾਰਜ-ਕਾਲ ਵਿਚ ਆਮ ਜਨਤਾ ਦੇ ਲਾਭ ਲਈ ਪੂਰੇ ਸਾਜ਼-ਸਾਮਾਨ ਨਾਲ ਲੈਸ ਇਕ ਅਖ਼ਬਾਰਾਂ ਪੜ੍ਹਨ ਵਾਲੇ ਕਮਰੇ ਸਮੇਤ ਲਾਇਬ੍ਰੇਰੀ ਬਣਾਈ ਹੈ।

ਕਈ ਹੋਰ ਚੰਗੇ ਕੰਮਾਂ ਦੇ ਬਾਵਜੂਦ, ਅਖਾੜੇ ਦੇ ਪ੍ਰਬੰਧਕ ਅਖਾੜੇ ਦੀ ਖ਼ੂਬਸੂਰਤ ਇਮਾਰਤ ਦੀ ਮੌਲਿਕਤਾ ਅਤੇ ਬਹੁਮੁੱਲੇ ਕੰਧ-ਚਿਤਰਾਂ ਦੀ ਸੰਭਾਲ ਨਹੀਂ ਕਰ ਸਕੇ। ਸਵਾਮੀ ਅਨੰਤਾ ਨੰਦ ਜੀ ਕਹਿੰਦੇ ਹਨ ਕਿ 1972 ਵਿਚ ਪਾਠ ਪੂਜਾ ਵਾਲੇ ਪਵਿੱਤਰ ਕਮਰੇ ਦੀ ਛੱਤ ਡਿਗ ਪਈ ਸੀ ਅਤੇ ਇਮਾਰਤ ਦੀ ਮੁੜ-ਉਸਾਰੀ ਵੇਲੇ ਕੰਧ-ਚਿਤਰ ਖਰਾਬ ਹੋ ਗਏ ਸਨ। ਗੁਫ਼ਾ ਅਤੇ ਹੋਰ ਇਮਾਰਤਾਂ ਦੀ ਮੁੜ-ਉਸਾਰੀ ਵਿਚ ਆਧੁਨਿਕ ਸਾਮਾਨ ਵਰਤ ਕੇ ਸੀਮੈਂਟ ਦਾ ਪਲਸਤਰ ਕਰ ਦਿੱਤਾ ਗਿਆ ਜਿਸ ਕਾਰਨ ਅਖਾੜੇ ਦੀ ਪੁਰਾਣੀ ਸਾਜ-ਸਜਾਵਟ ਨਸ਼ਟ ਹੋ ਗਈ।

ਉਦਾਸੀ ਸਾਧੂਆਂ ਨੇ ਦਰਿਆ ਰਾਵੀ ਤੋਂ ਸ੍ਰੀ ਦਰਬਾਰ ਸਾਹਿਬ ਤਕ ਹੰਸਲੀ ਰਾਹੀਂ ਪਾਣੀ ਲਿਆਉਣ ਦੀ ਅਹਿਮ ਭੂਮਿਕਾ ਨਿਭਾਈ। ਰਾਵੀ ਅੰਮ੍ਰਿਤਸਰ ਤੋਂ 100 ਮੀਲ ਦੂਰ ਹੈ। ਕਿਹਾ ਜਾਂਦਾ ਹੈ ਕਿ ਜਦੋਂ ਧਰਤੀ ਵਿਚ ਪਾਣੀ ਦਾ ਪੱਧਰ ਬਹੁਤ ਹੇਠਾਂ ਚਲਾ ਗਿਆ ਤਾਂ ਗੁਰਦੁਆਰਿਆਂ ਦੇ ਸਰੋਵਰਾਂ ਨੂੰ ਰਾਵੀ ਦੇ ਪਾਣੀ ਨਾਲ ਭਰਨ ਦਾ ਵੱਡਾ ਕੰਮ, ਨਿਰਵਾਨ ਪ੍ਰੀਤਮ ਦਾਸ ਤੇ ਸੰਤੋਖ ਦਾਸ ਨੇ ਆਪਣੇ ਹੱਥਾਂ ਵਿਚ ਲੈ ਲਿਆ। ਕੁਝ ਸਰਦਾਰਾਂ ਨੇ ਪੈਸੇ ਅਤੇ ਬੰਦੇ ਭੇਜ ਕੇ ਨਿਰਵਾਨ ਜੀ ਦੀ ਸਹਾਇਤਾ ਕੀਤੀ। ਇਸ ਤਰ੍ਹਾਂ ਇਹ ਕਾਰਜ ਬਿਕਰਮੀ ਸੰਮਤ 1940-41 ਵਿਚ ਪੂਰਾ ਹੋਇਆ। ਇਸ ਹੰਸਲੀ ਰਾਹੀਂ ਅੱਜ ਵੀ ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਅਤੇ ਹੋਰ ਪਵਿੱਤਰ ਸਰੋਵਰਾਂ ਨੂੰ ਪਾਣੀ ਆਉਂਦਾ ਹੈ।

ਸੰਗਲਵਾਲੇ ਅਖਾੜੇ ਦਾ ਬਿਕਰਮੀ ਸੰਮਤ 1828 ਵਿਚ ਜਦੋਂ ਇਹ ਅਜੇ ਬਣਿਆ ਹੀ ਸੀ, ਪਹਿਲਾ ਨਾਂ 'ਨਿਰਵਾਨ ਅਖਾੜਾ' ਸੀ। ਬਾਅਦ ਵਿਚ ਬਿਕਰਮੀ



ਸੰਮਤ 1920-42 ਵਿਚ ਕਿਸੇ ਨੇ ਅਖਾੜੇ ਦੇ ਦਰਵਾਜ਼ੇ ਉਤੇ ਇਕ ਭਾਰਾ ਸੰਗਲ ਲਾ ਦਿੱਤਾ। ਇਹ ਸੰਗਲ ਹਰਿਦੁਆਰ ਵਿਖੇ ਨਿਰਵਾਨ ਪ੍ਰੀਤਮ ਦਾਸ ਜੀ ਦੀ ਸੰਨਿਆਸੀਆਂ ਉਤੇ ਜਿੱਤ ਦੀ ਯਾਦ ਵਜੋਂ ਲਾਇਆ ਗਿਆ ਸੀ। ਇਸ ਤੋਂ ਪਹਿਲਾਂ ਇਹ ਅਖਾੜਾ ਸੰਨਿਆਸੀਆਂ ਦੇ ਕਬਜ਼ੇ ਵਿਚ ਹੀ ਸੀ।

ਜਿਸ ਥਾਂ 'ਤੇ ਅਖਾੜਾ ਸੰਗਲਵਾਲਾ ਹੁਣ ਬਣਿਆ ਹੋਇਆ ਹੈ, ਪਹਿਲਾਂ ਇਹ ਥਾਂ ਸੁੰਨੀ ਤੇ ਉਜਾੜ ਸੀ। ਇੱਥੇ ਸਿਰਫ਼ ਇਕ ਵੱਡਾ ਸਾਰਾ ਦਰੱਖਤ ਹੀ ਸੀ, ਜਿਸ ਦੇ ਹੇਠਾਂ ਨਿਰਵਾਨ ਪ੍ਰੀਤਮ ਦਾਸ ਨੇ ਛੇ ਮਹੀਨੇ ਬਿਤਾਏ।

ਅਖਾੜੇ ਦਾ ਸ਼ਬਦੀ ਅਰਥ, ਕੁਸ਼ਤੀ ਦਾ ਅਖਾੜਾ, ਕਸਰਤ ਕਰਨ ਦੀ ਥਾਂ, ਸਾਧੂਆਂ ਦਾ ਟਿਕਾਣਾ ਜਾਂ ਨਿਵਾਸ-ਅਸਥਾਨ ਜਾਂ ਗਾਇਕਾਂ ਦਾ ਅੱਡਾ ਹੁੰਦਾ ਹੈ। ਪਰ ਸਾਧੂ ਸਮਾਜ ਵਿਚ ਖ਼ਾਸ ਕਰ ਕੇ ਉਦਾਸੀ ਸੰਪਰਦਾਇ ਵਿਚ ਅਖਾੜੇ ਦਾ ਅਰਥ ਹੈ, ਉਹ ਸਥਾਨ ਜਿੱਥੇ ਸਾਧੂ ਠਹਿਰਦੇ ਹਨ ਅਤੇ ਆਪਣੇ ਗੁਰੂ ਨਾਲ ਮਿਲ ਕੇ ਪਾਠ-ਪੂਜਾ ਕਰਦੇ ਹਨ ਜਾਂ ਸੰਗਤ ਦੇ ਇਕੱਤਰ ਹੋਣ ਦੀ ਥਾਂ, ਜਾਂ ਇੱਕ ਡੇਰਾ ਜਿੱਥੇ ਉਦਾਸੀ ਸਾਧੂ ਰਹਿੰਦੇ ਹਨ।

ਜਿਸ ਜਗ੍ਹਾ ਸ੍ਰੀ ਨਿਰਵਾਨ ਦੇਵ ਜੀ ਵੱਡੇ ਬ੍ਰਿਛ ਦੇ ਹੇਠਾਂ ਬੈਠੇ ਸਨ, ਉਸ ਨੂੰ ਚਰਨ-ਪਾਦੁਕਾ ਕਹਿੰਦੇ ਹਨ। ਇਸ ਦੇ ਨੇੜੇ ਹੀ ਇਕ ਝੰਡਾ ਲੱਗਾ ਹੋਇਆ ਹੈ ਜਿਸ ਨੂੰ ਧਵੱਜ ਸਾਹਿਬ ਆਖਿਆ ਜਾਂਦਾ ਹੈ। ਧਵੱਜ ਸਾਹਿਬ ਦੇ ਨਜ਼ਦੀਕ ਕੁਝ ਮੂਰਤੀਆਂ ਸੁਭਾਇਮਾਨ ਹਨ। ਇਹ ਸਥਾਨ ਉਨ੍ਹਾਂ ਦੇ ਸ਼ਿਸ਼ ਸ੍ਰੀ ਬ੍ਰਹਮ ਨਿਜਰੂਪ ਜੀ ਨੇ ਸਥਾਪਿਤ ਕੀਤੇ ਸਨ।

ਇਸ ਤੋਂ ਪਿਛੋਂ ਇਕ ਗੁਫ਼ਾ ਅਤੇ ਸਾਧੂਆਂ ਦੇ ਰਹਿਣ ਲਈ ਕੁਝ ਕਮਰੇ ਬਣਾਏ ਗਏ। ਅਖਾੜਾ ਸੜਕ ਦੇ ਤਲ ਤੋਂ 13 ਫੁੱਟ ਨੀਵਾਂ ਹੈ। ਗੁਫ਼ਾ ਅਖਾੜੇ ਦੇ ਪੱਧਰ ਤੋਂ ਅੱਠ ਫੁੱਟ ਹੇਠਾਂ ਹੈ, ਜਿਸ ਵਿਚ ਉਦਾਸੀ ਸੰਪਰਦਾਇ ਦੇ ਸਾਧੂ ਤਪੱਸਿਆ ਕਰਦੇ ਅਤੇ ਸਮਾਧੀ ਲਾਉਂਦੇ ਹਨ।

## ਉਦਾਸੀ ਸੰਪਰਦਾਇ ਦਾ ਇਤਿਹਾਸ

ਆਮ ਤੌਰ 'ਤੇ 'ਉਦਾਸੀਨ' ਸ਼ਬਦ ਦਾ ਅਰਥ ਹੈ: ਉਹ ਪੁਰਸ਼ ਜਿਸ ਨੇ ਦੁਨੀਆ ਤਿਆਗ ਦਿੱਤੀ ਹੈ, ਜੋ ਪੱਖਪਾਤ ਤੋਂ ਪਰੇ ਹੈ, ਤਿਆਗੀ ਹੈ, ਤਪੱਸਵੀ ਹੈ ਅਤੇ ਜੋ ਸੰਸਾਰੀ ਧੰਦਿਆਂ ਤੋਂ ਅਟੰਕ ਹੈ। ਇਸ ਦਾ ਮਤਲਬ ਹੈ, ਇਕ ਪੂਰਨ ਤਿਆਗੀ ਪੁਰਸ਼, ਜਿਸ ਨੇ ਨਾਸ਼ਵਾਨ ਸਰੀਰ ਦੇ ਸਾਰੇ ਸਬੰਧ ਤੋੜ ਦਿੱਤੇ ਹਨ, ਜੋ ਬ੍ਰਹਮ ਵਿਚ ਲੀਨ ਹੋਣ ਲਈ ਅਧਿਆਤਮਕ ਪ੍ਰਗਤੀ ਦੇ ਪੱਥ 'ਤੇ ਸਾਬਤ-ਕਦਮੀ ਨਾਲ ਚਲਦਾ ਰਹਿੰਦਾ ਹੈ। ਐਸੇ ਵਿਅਕਤੀ ਦਾ ਸੰਸਾਰ ਦੇ ਕੰਮਾਂ ਨਾਲ ਕੁਝ ਲੈਣਾ ਦੇਣਾ ਨਹੀਂ ਹੁੰਦਾ।

ਉਦਾਸੀਨ ਮਤ ਸਾਧੂਆਂ ਦੀ ਇਕ ਸੰਪਰਦਾਇ ਹੈ, ਜਿਸ ਦੀ ਸਥਾਪਨਾ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸਿਰੀ ਚੰਦ ਜੀ ਨੇ ਉਦਾਸੀ ਭੇਖ ਧਾਰਨ ਕਰ ਕੇ ਕੀਤੀ ਸੀ। ਉਦਾਸੀ ਸਾਧੂ ਆਮ ਤੌਰ 'ਤੇ ਗੇਰੂਏ ਰੰਗ ਦਾ ਚੋਲਾ ਅਤੇ ਕਾਲੇ

ਰੰਗ ਦੀ ਸੇਲੀ ਪਹਿਨਦੇ ਹਨ। 'ਉਦਾਸੀਨ' ਦਾ ਅਰਥ ਹੈ, ਉਦਾਸੀ, ਜੋ ਸੰਸਕ੍ਰਿਤ ਦੇ ਸ਼ਬਦ ਉਦਾਸ ਦਾ ਇਕ ਰੂਪ ਹੈ।

ਆਧੁਨਿਕ ਸਿੱਖ ਧਰਮ ਆਮ ਤੌਰ 'ਤੇ ਸੰਨਿਆਸ ਦੇ ਵਿਰੁੱਧ ਹੈ। ਇਹੀ ਇਕ ਕਾਰਨ ਹੈ ਕਿ ਸਿੱਖੀ ਵਿਚ ਉਦਾਸੀਨ ਮੱਤ ਦਾ ਸਥਾਨ ਨਾ ਹੋਣ ਦੇ ਬਰਾਬਰ ਹੈ। ਪਰ ਸ਼ੁਰੂ ਵਿਚ ਇਹ ਸਥਿਤੀ ਨਹੀਂ ਸੀ।

ਉਨ੍ਹੀਵੀਂ ਸਦੀ ਦੇ ਅੰਤ ਵਿਚ ਅਤੇ ਵੀਹਵੀਂ ਸਦੀ ਦੇ ਅਰੰਭ ਵਿਚ ਚਲੀ ਸਿੰਘ ਸਭਾ ਲਹਿਰ ਤੋਂ ਪਹਿਲਾਂ ਉਦਾਸੀਆਂ ਦਾ ਸਿੱਖ ਪੰਥ ਵਿਚ ਬਹੁਤ ਸਤਿਕਾਰ ਸੀ। ਪੰਜਾਬ ਵਿਚ ਸਿੱਖ ਰਾਜ ਦੇ ਸਮੇਂ ਉਦਾਸੀਆਂ ਨੂੰ ਵੱਡੀਆਂ ਵੱਡੀਆਂ ਜਗੀਰਾਂ ਮਿਲੀਆਂ ਹੋਈਆਂ ਸਨ। ਅੱਜ ਕੱਲ੍ਹ ਕਿਤੇ ਕਿਤੇ ਜ਼ਿਲ੍ਹਾ ਸਥਾਨਾਂ 'ਤੇ ਉਦਾਸੀਆਂ ਦੇ ਡੇਰੇ ਹਨ।

****



# ਸੇਵਾ ਨੂੰ ਸਮਰਪਿਤ ਸੰਸਥਾਵਾਂ

ਸਭ ਤੋਂ ਪੁਰਾਣੀ ਸਿੱਖ ਜਥੇਬੰਦੀ ਚੀਫ਼ ਖਾਲਸਾ ਦੀਵਾਨ ਦੇ ਪ੍ਰਬੰਧ ਅਧੀਨ ਚਲ ਰਹੇ ਕੇਂਦਰੀ ਖਾਲਸਾ ਯਤੀਮਖਾਨਾ ਵਿਚ ਸੌ ਸਾਲ ਤੋਂ ਵੀ ਵਧ ਪੁਰਾਣਾ ਭੁਰ ਰਹੇ ਪੰਨਿਆਂ ਵਾਲਾ ਇਕ ਰਜਿਸਟਰ ਜੰਦੇ ਅਤੇ ਕੁੰਜੀ ਅੰਦਰ ਰੱਖਿਆ ਹੋਇਆ ਹੈ। ਇਸ ਰਜਿਸਟਰ ਵਿਚ 24 ਅਕਤੂਬਰ 1907 ਨੂੰ ਸ਼ੇਰ ਸਿੰਘ (ਸ਼ਹੀਦ ਊਧਮ ਸਿੰਘ) ਅਤੇ ਉਸ ਦੇ ਵੱਡੇ ਭਰਾ ਸਾਧੂ ਸਿੰਘ ਦਾ ਨਾਂ ਦਰਜ ਹੈ। ਇਸ ਯਤੀਮਖਾਨੇ ਵਿਚ ਸ਼ਹੀਦ ਊਧਮ ਸਿੰਘ ਦੇ ਰਹਿਣ ਦਾ ਇਹ ਇਕੋ ਇਕ ਰਿਕਾਰਡ ਹੈ, ਜਿਸ ਨੂੰ ਪ੍ਰਬੰਧਕਾਂ ਨੇ ਬਹੁਤ ਸੰਭਾਲ ਕੇ ਰੱਖਿਆ ਹੋਇਆ ਹੈ। ਯਤੀਮਖਾਨੇ ਵਿਚ ਦੋਹਾਂ ਭਰਾਵਾਂ ਨੂੰ ਛਾਂਗਾ ਸਿੰਘ ਤੇ ਕਿਸ਼ਨ ਸਿੰਘ ਰਾਗੀ ਨੇ ਦਾਖਲ ਕਰਾਇਆ ਸੀ।

ਪਰ ਕਮਰਾ ਨੰਬਰ ਦੋ ਜਿਸ ਵਿਚ ਊਧਮ ਸਿੰਘ, ਉਸ ਦਾ ਭਰਾ ਅਤੇ ਹੋਰ ਵਿਦਿਆਰਥੀ ਰਹਿੰਦੇ ਸਨ, ਨਵੀਂ ਇਮਾਰਤ ਬਣਾਉਣ ਲਈ ਢਾਹ ਦਿੱਤਾ ਗਿਆ। ਨਵੀਂ ਇਮਾਰਤ ਦਾ ਨਾਂ ਊਧਮ ਸਿੰਘ ਦੇ ਨਾਂ 'ਤੇ ਰੱਖਿਆ ਗਿਆ ਹੈ।

ਊਧਮ ਸਿੰਘ ਸੁਨਾਮ ਵਿਖੇ ਦਸੰਬਰ 1899 ਵਿਚ ਪੈਦਾ ਹੋਇਆ ਅਤੇ ਉਸ ਦਾ ਨਾਂ ਸ਼ੇਰ ਸਿੰਘ ਰੱਖਿਆ ਗਿਆ। ਸ਼ੇਰ ਸਿੰਘ ਦਾ ਪਿਤਾ ਟਹਿਲ ਸਿੰਘ ਨੇੜੇ ਦੇ ਇਕ ਪਿੰਡ ਉੱਪਲ ਵਿਚ ਰੇਲਵੇ ਫਾਟਕ 'ਤੇ ਚੌਕੀਦਾਰ ਸੀ। ਸ਼ੇਰ ਸਿੰਘ ਦੇ ਪੰਜਾਂ ਸਾਲਾਂ ਦਾ ਹੋਣ ਤੋਂ ਪਹਿਲਾਂ ਹੀ ਉਸ ਦੇ ਮਾਤਾ-ਪਿਤਾ ਮਰ ਗਏ। ਦੋਹਾਂ ਭਰਾਵਾਂ ਨੂੰ ਯਤੀਮਖਾਨੇ ਵਿਚ ਲਿਆ ਕੇ ਅੰਮ੍ਰਿਤ ਛਕਾਇਆ ਗਿਆ ਅਤੇ ਉਨ੍ਹਾਂ ਦੇ ਨਵੇਂ ਨਾਂ ਰੱਖੇ ਗਏ। ਸ਼ੇਰ ਸਿੰਘ ਊਧਮ ਸਿੰਘ ਬਣ ਗਿਆ ਅਤੇ ਮੁਕਤਾ ਸਿੰਘ ਸਾਧੂ ਸਿੰਘ। ਸਾਧੂ ਸਿੰਘ ਵੀ 1917 ਵਿਚ ਮਰ ਗਿਆ ਅਤੇ ਊਧਮ ਸਿੰਘ ਇਸ ਦੁਨੀਆ ਵਿਚ ਇਕੱਲਾ ਰਹਿ ਗਿਆ।

ਊਧਮ ਸਿੰਘ ਨੇ 1918 ਵਿਚ ਦਸਵੀਂ ਪਾਸ ਕੀਤੀ ਅਤੇ ਯਤੀਮਖਾਨੇ ਤੋਂ ਬਾਹਰ ਆ ਗਿਆ। ਉਹ 13 ਅਪ੍ਰੈਲ 1919 ਦੀ ਖ਼ੂਨੀ ਵਿਸਾਖੀ ਨੂੰ ਜੱਲਿਆਂਵਾਲੇ ਬਾਗ ਵਿਚ ਸੀ, ਜਦੋਂ ਜਨਰਲ ਰਿਜੀਨਾਲਡ ਐਡਵਰਡ ਹੈਰੀ ਡਾਇਰ ਨੇ ਆਪਣੀ ਗਾਰਦ ਨੂੰ ਗੋਲੀ ਚਲਾਉਣ ਦਾ ਹੁਕਮ ਦਿੱਤਾ ਅਤੇ ਉਥੇ 1000 ਲੋਕ ਮਾਰੇ ਗਏ। 31 ਜੁਲਾਈ 1940 ਨੂੰ ਉਸ ਨੂੰ ਲੰਦਨ ਦੀ ਪੈਨਟਨਵਿਲੇ ਜੇਲ ਵਿਚ ਫਾਂਸੀ ਦੇ ਦਿੱਤੀ ਗਈ। ਚਾਰ ਜੂਨ ਨੂੰ ਓਲਡ ਬੇਲੀ ਦੀ ਸੈਂਟਰਲ ਕ੍ਰਿਮੀਨਲ ਕੋਰਟ ਵਿਚ ਜਸਟਿਸ ਐਟਕਿਨਸਨ ਦੇ ਸਾਹਮਣੇ ਊਧਮ ਸਿੰਘ ਉਤੇ ਦੋਸ਼ ਲਾਏ ਗਏ। ਊਧਮ ਸਿੰਘ ਉਤੇ ਪੰਜਾਬ ਦੇ ਸਾਬਕਾ ਲੈਫ਼ਟੀਨੈਂਟ ਗਵਰਨਰ ਸਰ ਮਾਈਕਲ ਓਡਵਾਇਰ ਦੇ ਕਤਲ ਦਾ ਇਲਜ਼ਾਮ ਲਾਇਆ ਗਿਆ, ਜਿਸ ਨੇ ਜੱਲ੍ਹਿਆਂਵਾਲਾ ਬਾਗ ਅੰਮ੍ਰਿਤਸਰ ਵਿਚ ਬ੍ਰਿਗੇਡੀਅਰ ਜਨਰਲ ਡਾਇਰ ਦੀ ਕਾਰਵਾਈ ਦੀ ਮਨਜ਼ੂਰੀ ਦਿੱਤੀ ਸੀ।

ਇਸ ਯਤੀਮਖਾਨੇ ਦਾ ਇਕ ਹੋਰ ਬਹੁਮੁੱਲਾ ਖ਼ਜ਼ਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ 38 ਦੁਰਲੱਭ ਬੀੜਾਂ ਹਨ। ਚੀਫ਼ ਖਾਲਸਾ ਦੀਵਾਨ ਦੇ ਸਾਬਕਾ ਪ੍ਰਧਾਨ ਤੇ ਸਕੱਤਰ ਸ. ਚਰਨਜੀਤ ਸਿੰਘ ਚੱਢਾ ਅਤੇ ਸ. ਭਾਗ ਸਿੰਘ ਅਣਖੀ ਨੇ ਉਹ ਖੁੱਲ੍ਹਾ-ਡੁੱਲ੍ਹਾ ਕਮਰਾ ਵਿਖਾਇਆ ਜਿੱਥੇ ਸਾਰੀਆਂ ਦੁਰਲੱਭ ਬੀੜਾਂ ਸਿੱਖ ਮਰਯਾਦਾ ਅਨੁਸਾਰ ਸੰਭਾਲੀਆਂ ਹੋਈਆਂ ਹਨ। ਉਥੇ ਪਵਿੱਤਰ ਗ੍ਰੰਥ ਦੀ ਇਕ ਛੋਟੀ ਬੀੜ ਸੁਰੱਖਿਅਤ ਹੈ ਜਿਸ ਨੂੰ ਸੰਮਤ 423 ਨਾਨਕਸ਼ਾਹੀ ਨੂੰ ਲਾਹੌਰ ਵਿਖੇ ਰਾਮਚੰਦ ਮਾਨਕ ਨੇ ਪ੍ਰਕਾਸ਼ਿਤ ਕੀਤਾ ਸੀ। ਯਤੀਮਖਾਨੇ ਵਿਚ ਸੁਰੱਖਿਅਤ ਹੋਰ ਦੁਰਲੱਭ ਬੀੜਾਂ ਇਸ ਤਰ੍ਹਾਂ ਹਨ: 536 ਪੰਨਿਆਂ ਦੀ ਇਕ ਬਿਨ੍ਹਾਂ ਤਰੀਕ ਹੱਥ ਲਿਖਤ ਬੀੜ; 646 ਪੰਨਿਆਂ ਦੀ ਇਕ ਹੱਥ-ਲਿਖਤ ਬੀੜ; ਖਾਲਸਾ ਯਤੀਮਖਾਨਾ ਗੁਜਰਾਂਵਾਲਾ (ਪਾਕਿਸਤਾਨ) ਵੱਲੋਂ ਪ੍ਰਕਾਸ਼ਿਤ ਬੀੜ, ਇਕ ਹੋਰ ਬੀੜ ਜਿਸ ਵਿਚ ਸ੍ਰੀ ਕ੍ਰਿਸ਼ਨ ਜੀ ਅਤੇ ਰਾਧਾ ਦੀਆਂ ਤਸਵੀਰਾਂ ਹਨ; ਪਿਸ਼ਾਵਰ (ਪਾਕਿਸਤਾਨ) ਵੱਲੋਂ ਪ੍ਰਕਾਸ਼ਿਤ ਇਕ ਬੀੜ; ਸੰਮਤ 421 ਨਾਨਕਸ਼ਾਹੀ ਵਿਚ ਪ੍ਰਕਾਸ਼ਿਤ 2178 ਪੰਨਿਆਂ ਦੀ ਇਕ ਪੱਥਰ-ਛਾਪਾ ਬੀੜ; 1554 ਪੰਨਿਆਂ ਦੀ ਇਕ ਹੋਰ ਪੱਥਰ-ਛਾਪਾ ਬੀੜ; ਊਧਮ ਸਿੰਘ ਦੀ ਉਰਦੂ ਵਿਚ ਲਿਖੀ ਇਕ ਛੋਟੀ ਬੀੜ; ਅਤੇ ਸੰਸਕ੍ਰਿਤ ਵਿਚ ਇਕ ਗੁਟਕਾ।

ਚੀਫ਼ ਖਾਲਸਾ ਦੀਵਾਨ ਨੇ ਇਨ੍ਹਾਂ ਦੁਰਲੱਭ ਲਿਖਤਾਂ ਨੂੰ ਐਂਟੀਕੁਇਟੀਜ਼ ਐਂਡ ਆਰਟ ਟਰੱਈਅਰ ਰੂਲਜ਼ 1973 ਅਨੁਸਾਰ ਰਜਿਸਟਰ ਕਰਨ ਲਈ ਸਰਕਾਰ ਨੂੰ ਲਿਖਿਆ ਹੋਇਆ ਹੈ। ਇੱਥੇ ਜਪੁ ਜੀ ਸਾਹਿਬ ਦਾ ਇਕ ਬਹੁਤ ਹੀ ਵਧੀਆ 713 ਪੰਨਿਆਂ ਦਾ ਇਕ ਗੁਟਕਾ ਸਾਹਿਬ ਹੈ, ਜਿਸ ਦਾ ਪਹਿਲਾ ਪੰਨਾ ਸੁਨਹਿਰੀ ਚਿੱਤਰਕਾਰੀ ਨਾਲ ਸਜਿਆ ਹੋਇਆ ਹੈ। ਸਮਝਿਆ ਜਾਂਦਾ ਹੈ ਕਿ ਇਹ ਹੱਥ-ਲਿਖਤ ਸੌ ਸਾਲ ਤੋਂ ਵੀ ਵੱਧ ਪੁਰਾਣੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਹੋਰ ਬਹੁਤ ਹੀ ਸੁੰਦਰ ਬੀੜ ਹੈ ਜਿਸ ਵਿਚ ਰਾਗਾਂ ਰਾਗਨੀਆਂ ਦੇ ਚਿਤਰ ਬਣੇ ਹੋਏ ਹਨ।

ਚੀਫ਼ ਖਾਲਸਾ ਦੀਵਾਨ ਦੇ ਇਕ ਕਾਰਜ-ਕਰਤਾ ਸ. ਜੋਗਿੰਦਰ ਸਿੰਘ ਕੋਹਲੀ ਦਸਦੇ ਹਨ ਕਿ ਪੱਥਰ-ਛਾਪੇ ਵਾਲੀਆਂ ਬੀੜਾਂ ਲਾਹੌਰ ਦੇ ਭਾਈ ਗੁਲਾਬ ਸਿੰਘ ਐਂਡ ਸਨਜ਼ ਵੱਲੋਂ ਛਾਪੀਆਂ ਹੋਈਆਂ ਹਨ ਜੋ ਪ੍ਰਕਾਸ਼ਨ ਦੇ ਕੰਮ ਦੇ ਮੋਢੀਆਂ ਵਿਚੋਂ ਸਨ। ਇਸ ਪ੍ਰਕਾਸ਼ਨ ਅਦਾਰੇ ਦੇ ਸਟਾਲ, ਉੱਤਰੀ ਭਾਰਤ ਦੇ ਸਾਰੇ ਰੇਲਵੇ ਸਟੇਸ਼ਨਾਂ ਉਤੇ ਲੱਗੇ ਹੋਏ ਹੁੰਦੇ ਸਨ।

ਇਸ ਯਤੀਮਖਾਨੇ ਵਿਚ ਨਿਪਾਲ ਦੇ ਗੋਰਖੇ ਬੱਚੇ ਵੀ ਰਹਿੰਦੇ ਹਨ। ਉਨ੍ਹਾਂ ਨੇ ਹੁਣ ਸਿੱਖ ਧਰਮ ਧਾਰਨ ਕਰ ਲਿਆ ਹੈ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦਾ ਗਾਇਣ ਕਰਦੇ ਹਨ, ਤਬਲਾ ਵਜਾਉਂਦੇ ਹਨ, ਗੁਰਬਾਣੀ ਪੜ੍ਹਦੇ ਹਨ ਅਤੇ ਠੇਠ ਪੰਜਾਬੀ ਬੋਲਦੇ ਹਨ। ਚੀਫ਼ ਖਾਲਸਾ ਦੀਵਾਨ, ਯਤੀਮਖਾਨੇ ਵਿਚ ਬਿਨਾਂ ਜਾਤ, ਧਰਮ ਜਾਂ ਰੰਗ ਦੇ ਵਿਤਕਰੇ ਦੇ, ਸਾਰੇ ਧਰਮਾਂ ਦੇ ਬੱਚਿਆਂ ਨੂੰ ਦਾਖ਼ਲ ਕਰ ਲੈਂਦਾ ਹੈ। ਯਤੀਮਖਾਨੇ ਵਿਚ ਸਮੇਤ ਨਿਪਾਲੀ ਬੱਚਿਆਂ ਦੇ 175 ਬੱਚੇ ਰਹਿੰਦੇ ਹਨ। ਇਹ ਯਤੀਮਖਾਨਾ ਇਕ ਬੱਚੇ ਨਾਲ ਸ਼ੁਰੂ ਹੋਇਆ ਸੀ। ਜਿਸ ਨੂੰ ਸ. ਹਰਬੰਸ ਸਿੰਘ ਅਟਾਰੀ



ਸਿੰਧ (ਹੁਣ ਪਾਕਿਸਤਾਨ) ਤੋਂ ਲਿਆਏ ਸਨ। ਯਤੀਮਖਾਨੇ ਦੇ ਹੋਰ ਬਾਨੀ ਸ. ਸੁੰਦਰ ਸਿੰਘ ਮਜੀਠੀਆ, ਸ. ਤਰਲੋਚਨ ਸਿੰਘ ਤੇ ਭਾਈ ਵੀਰ ਸਿੰਘ ਸਨ। ਇਹ ਸਾਰੇ ਸਰਦਾਰ ਪ੍ਰਸਿੱਧ ਸਿੱਖਿਆ-ਸ਼ਾਸਤਰੀ ਅਤੇ ਸਾਮਜ-ਸੇਵੀ ਸਨ।

ਯਤੀਮਖਾਨੇ ਵਿਚ ਪੜ੍ਹੇ ਅਤੇ ਵੱਡੇ ਹੋਏ ਨਿਪਾਲੀ ਬੱਚਿਆਂ ਨੇ ਦੁਨੀਆ ਦੇ ਕਈ ਹਿੱਸਿਆਂ ਵਿਚ ਸਿੱਖ ਧਰਮ ਦਾ ਪ੍ਰਚਾਰ ਕੀਤਾ ਹੈ। ਉਨ੍ਹਾਂ ਵਿਚੋਂ ਕਈਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਕਰੀ ਕਰ ਲਈ। ਉਨ੍ਹਾਂ ਦੇ ਸਿੱਖੀ ਨੂੰ ਸਪਰਪਿਤ ਹੋਣ ਕਰਕੇ ਸ਼੍ਰੋਮਣੀ ਕਮੇਟੀ ਸਮੇਤ ਸਿੱਖ ਜਥੇਬੰਦੀਆਂ ਉਨ੍ਹਾਂ ਦੇ ਲੋੜੀਂਦੇ ਟੈਸਟ ਨਹੀਂ ਲੈਂਦੀਆਂ ਸਨ।

ਯਤੀਮਖਾਨੇ ਦੇ ਵਿਧਾਨ ਅਨੁਸਾਰ ਕੇਵਲ ਛੇ ਸਾਲ ਤੋਂ ਵਧ ਉਮਰ ਦੇ ਬੱਚੇ ਹੀ ਯਤੀਮਖਾਨੇ ਵਿਚ ਦਾਖ਼ਲ ਕੀਤੇ ਜਾਂਦੇ ਹਨ। ਯਤੀਮਖਾਨੇ ਦੇ ਹਰ ਵਿਦਿਆਰਥੀ ਲਈ ਇਹ ਜ਼ਰੂਰੀ ਹੈ ਕਿ ਉਹ ਦਸਵੀਂ ਤਕ ਵਿੱਦਿਆ ਪ੍ਰਾਪਤ ਕਰੇ। ਵਿੱਦਿਆ-ਪ੍ਰਾਪਤੀ ਲਈ ਯਤੀਮਖਾਨੇ ਨੇ ਇਕ ਸਕੂਲ ਖੋਲ੍ਹਿਆ ਹੋਇਆ ਹੈ। ਇਸ ਤੋਂ ਬਾਅਦ ਉਚੇਰੀ ਸਿੱਖਿਆ ਲਈ ਬੱਚੇ ਖਾਲਸਾ ਸਕੂਲ ਵਿਚ ਦਾਖਲ ਹੋ ਜਾਂਦੇ ਹਨ। ਯਤੀਮਖਾਨੇ ਵਿਚ ਵਿੱਦਿਆ ਤੋਂ ਇਲਾਵਾ ਵਿਦਿਆਰਥੀਆਂ ਨੂੰ ਸ਼ਬਦ ਕੀਰਤਨ ਅਤੇ ਸਾਜ਼ਾਂ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ। ਸਾਜ਼ਾਂ ਵਿਚ ਤਬਲਾ, ਹਾਰਮੋਨੀਅਮ, ਦਿਲਰੁਬਾ ਅਤੇ ਸਿਤਾਰ ਆਦਿ ਸ਼ਾਮਲ ਹਨ। ਇਸ ਸੰਸਥਾ ਨੇ ਸਿੱਖ ਪੰਥ ਨੂੰ ਭਾਈ ਸੰਤਾ ਸਿੰਘ, ਭਾਈ ਗੋਪਾਲ ਸਿੰਘ, ਭਾਈ ਗੁਰਮੇਜ ਸਿੰਘ ਅਤੇ ਸਿੰਘ ਸਾਹਿਬ ਭਾਈ ਫ਼ਤਿਹ ਸਿੰਘ ਵਰਗੇ ਪ੍ਰਸਿੱਧ ਰਾਗੀ ਦਿੱਤੇ ਹਨ। ਯਤੀਮਖਾਨੇ ਦੇ ਨਾਮਵਰ ਵਿਦਿਆਰਥੀਆਂ ਵਿਚ ਸੰਗੀਤਕਾਰ ਦਲੀਪ ਚੰਦਰ ਬੇਦੀ ਅਤੇ ਪ੍ਰਿੰ. ਐੱਸ. ਐੱਸ. ਅਮੋਲ ਵੀ ਸ਼ਾਮਲ ਹਨ।

ਯਤੀਮਖਾਨੇ ਵਿਚ ਨਵੇਂ ਦਾਖਲ ਹੋਏ ਪਰਦੀਪ ਸਿੰਘ (ਜੋ ਪਹਿਲਾਂ ਪਰਦੀਪ ਕੁਮਾਰ ਸੀ) ਦੀ ਗੁਰਦੁਆਰਾ ਸਿੰਘ ਸਭਾ ਨਿਪਾਲ ਨੇ ਸਿਫ਼ਾਰਸ਼ ਕੀਤੀ ਸੀ। ਇਕ ਹੋਰ ਵਿਦਿਆਰਥੀ ਮਨ ਬਹਾਦਰ ਹੁਣ ਬਹਾਦਰ ਸਿੰਘ ਬਣ ਗਿਆ ਹੈ। ਇਸੇ ਤਰ੍ਹਾਂ ਵਿਨੋਦ ਕੁਮਾਰ ਹੁਣ ਵਿਨੋਦ ਸਿੰਘ ਬਣ ਗਿਆ ਹੈ। ਬਹੁਤ ਸਾਰੇ ਵਿਦਿਆਰਥੀ ਸਮਾਂ ਬੀਤਣ ਨਾਲ ਆਪਣੀ ਮਾਤ-ਭਾਸ਼ਾ ਨਿਪਾਲੀ ਭੁੱਲ ਗਏ ਹਨ। ਉਹ ਕਹਿੰਦੇ ਹਨ ਕਿ 'ਭਾਸ਼ਾ-ਅੰਤਰ' ਕਾਰਨ ਉਹ ਕਦੀ ਕਦਾਈਂ ਹੀ ਨਿਪਾਲ ਜਾਂਦੇ ਹਨ। ਬੋਲੀ-ਪਾੜੇ ਨੇ ਉਨ੍ਹਾਂ ਨੂੰ ਆਪਣੀਆਂ ਜੜ੍ਹਾਂ ਨਾਲੋਂ ਤੋੜ ਦਿੱਤਾ ਹੈ।

ਕੇਂਦਰੀ ਖਾਲਸਾ ਯਤੀਮਖਾਨਾ ਅੰਮ੍ਰਿਤਸਰ ਜੀ.ਟੀ. ਰੋਡ ਉਤੇ ਪੁਤਲੀ ਘਰ ਦੇ ਨੇੜੇ ਚਾਰ ਏਕੜ ਜ਼ਮੀਨ ਉਤੇ ਫੈਲਿਆ ਹੋਇਆ ਹੈ।

## ਮਾਨਵਤਾ ਦੀ ਸੇਵਾ

ਸਿੱਖ ਧਰਮ ਦਾ ਮੁੱਖ ਅਸੂਲ ਮਾਨਵ-ਸੇਵਾ ਹੈ। ਇਸ ਅਸੂਲ ਦੇ ਆਧਾਰ ਉਤੇ ਚੀਫ਼ ਖਾਲਸਾ ਦੀਵਾਨ ਨੇ 1904 ਵਿਚ ਕੇਂਦਰੀ ਖਾਲਸਾ ਯਤੀਮਖਾਨੇ ਦੀ ਅਤੇ 1935 ਵਿਚ ਸੂਰਮਾ ਸਿੰਘ ਆਸ਼ਰਮ ਦੀ ਸਥਾਪਨਾ ਕੀਤੀ। ਇਨ੍ਹਾਂ ਸਵੈ-ਇੱਛਕ

ਜਨ-ਸੇਵੀ ਸੰਸਥਾਵਾਂ ਨੇ ਬਿਨਾਂ ਕਿਸੇ ਵਿਤਕਰੇ ਦੇ ਹਜ਼ਾਰਾਂ ਯਤੀਮਾਂ, ਬੇਸਹਾਰਾ ਅਤੇ ਨੇਤਰਹੀਣ ਬੱਚਿਆਂ ਦਾ ਪਾਲਨ-ਪੋਸ਼ਨ ਕੀਤਾ ਅਤੇ ਉਨ੍ਹਾਂ ਨੂੰ ਸਮਾਜ ਦੇ ਲਾਭਦਾਇਕ ਅਤੇ ਗੁਣਵਾਨ ਮੈਂਬਰ ਬਣਾਇਆ।

ਯਤੀਮਖਾਨੇ ਦਾ ਇਕ ਬਾਗ, ਬੱਚਿਆਂ ਦਾ ਇਕ ਪਾਰਕ ਅਤੇ ਵਾਲੀਬਾਲ ਤੇ ਬਾਸਕਟ ਬਾਲ ਦੇ ਮੈਦਾਨ ਹਨ। ਯਤੀਮਖਾਨੇ ਵਿਚ ਇਕ ਗੁਰਦੁਆਰਾ ਅਤੇ ਇਕ ਲਾਇਬ੍ਰੇਰੀ ਵੀ ਹੈ ਜਿਸ ਵਿਚ 10000 ਤੋਂ ਵਧ ਪੁਸਤਕਾਂ ਹਨ। ਇਸ ਤੋਂ ਇਲਾਵਾ ਭਜਨ ਬੰਦਗੀ ਅਤੇ ਰਹਿਣ ਲਈ ਸਿਮਰਨ ਕੇਂਦਰ ਅਤੇ ਭਾਈ ਵੀਰ ਸਿੰਘ ਮਹਿਮਾਨ-ਘਰ ਦੀਆਂ ਇਮਾਰਤਾਂ ਹਨ। ਯਤੀਮਖਾਨੇ ਵਿਚ ਇੰਗਲੈਂਡ-ਨਿਵਾਸੀ ਸ. ਚਰਨਜੀਤ ਸਿੰਘ ਘੁਰਾ ਦੀ ਯਾਦ ਵਿਚ ਇਕ ਸਾਫ਼-ਸੁਥਰੀ ਡਿਸਪੈਂਸਰੀ ਹੈ ਜੋ ਲੋੜ ਵੇਲੇ ਯਤੀਮਖਾਨਾ-ਨਿਵਾਸੀਆਂ ਦੀਆਂ ਦਵਾ-ਦਾਰੂ ਦੀਆਂ ਲੋੜਾਂ ਪੂਰੀਆਂ ਕਰਦੀ ਹੈ।

****



# ਦੋ ਵਿੱਦਿਅਕ ਸਿਤਾਰੇ ਅਤੇ ਭਵਨ ਨਿਰਮਾਣ ਕਲਾ

ਦੋ ਮਹਾਨ ਵਿੱਦਿਅਕ ਸੰਸਥਾਵਾਂ, ਐਚੀਸਨ ਸਕੂਲ ਲਾਹੌਰ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਭਾਵੇਂ 1947 ਵਿਚ ਖਿੱਚੀ ਗਈ ਰੈਡਕਲਿਫ਼ ਰੇਖਾ ਨਾਲ ਦੋ ਦੇਸ਼ਾਂ ਵਿਚ ਵੰਡੀਆਂ ਗਈਆਂ ਹਨ, ਪਰ ਉਨ੍ਹਾਂ ਦੇ ਇਮਾਰਤੀ ਵਿਰਸੇ ਦੀ ਸਾਂਝ ਅਜੇ ਵੀ ਕਾਇਮ ਹੈ। ਦੋਹਾਂ ਵਿੱਦਿਅਕ ਸੰਸਥਾਵਾਂ ਦੇ ਡਿਜ਼ਾਈਨ, ਨਕਸ਼ਿਆਂ ਤੋਂ ਲੈ ਕੇ ਵਿਉਂਤਬੰਦੀ ਤਕ ਇਕੋ ਜਿਹੇ ਹਨ।

ਦੋਹਾਂ ਇਮਾਰਤਾਂ ਦੀ ਬਨਾਵਟ ਅਤੇ ਉਸਾਰੀ ਸਰਦਾਰ ਬਹਾਦਰ ਰਾਮ ਸਿੰਘ ਦੀ ਕ੍ਰਿਤ ਹੈ, ਜਿਨ੍ਹਾਂ ਨੇ ਸਿੱਖ ਤੇ ਮੁਸਲਿਮ ਇਮਾਰਤਸਾਜ਼ੀ ਦੀ ਕਲਾ ਨੂੰ ਮਿਲਾ ਕੇ ਵਿੱਦਿਆ ਦੇ ਦੋ ਸਿਤਾਰਿਆਂ ਨੂੰ ਜਨਮ ਦਿੱਤਾ। ਐਚੀਸਨ ਸਕੂਲ ਦੇ ਵਿਦਿਆਰਥੀਆਂ ਨੇ ਦੇਸ਼-ਵੰਡ ਤੋਂ ਬਾਅਦ ਜਦੋਂ ਖਾਲਸਾ ਕਾਲਜ ਨੂੰ ਪਹਿਲੀ ਵਾਰ ਦੇਖਿਆ ਤਾਂ ਉਹ ਇਹ ਦੇਖ ਕੇ ਦੰਗ ਰਹਿ ਗਏ ਕਿ ਖਾਲਸਾ ਕਾਲਜ ਦੀ ਸ਼ਾਨਦਾਰ ਇਮਾਰਤ ਉਨ੍ਹਾਂ ਦੇ ਆਪਣੇ ਸਕੂਲ ਦੀ ਇਮਾਰਤ ਨਾਲ ਕਿੰਨੀ ਮਿਲਦੀ-ਜੁਲਦੀ ਹੈ। ਹਿੰਦ-ਪਾਕਿ ਰਿਸ਼ਤਿਆਂ ਵਿਚ ਉਸ ਵੇਲੇ ਇਕ ਨਵੀਂ ਕੜੀ ਜੁੜ ਗਈ ਜਦੋਂ 133 ਸਾਲ ਪੁਰਾਣੇ ਐਚੀਸਨ ਸਕੂਲ ਦੇ ਵਿਦਿਆਰਥੀ ਅਤੇ ਅਧਿਆਪਕ, 126 ਸਾਲ ਪੁਰਾਣੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਟਾਫ ਅਤੇ ਵਿਦਿਆਰਥੀਆਂ ਨੂੰ ਮਿਲੇ ਤਾਂ ਦੋਨਾਂ ਮੁਲਕਾਂ ਦੇ ਵਿਦਿਆਰਥੀਆਂ ਦਾ ਚਾਅ ਸੰਭਾਲਿਆ ਨਹੀਂ ਸੀ ਜਾਂਦਾ। ਖਾਲਸਾ ਕਾਲਜ ਦੀ ਨੀਂਹ ਪੰਜਾਬ ਦੇ ਉਸ ਸਮੇਂ ਦੇ ਲੈਫ਼ਟੀਨੈਂਟ ਗਵਰਨਰ ਸਰ ਜੇਮਜ਼ ਬਰਾਡਵੁੱਡ ਲਾਇਲ ਨੇ 5 ਮਾਰਚ 1892 ਨੂੰ ਰੱਖੀ ਸੀ।

ਐਚੀਸਨ ਕਾਲਜ ਲਾਹੌਰ ਦੀ ਨੀਂਹ, ਖਾਲਸਾ ਕਾਲਜ ਅੰਮ੍ਰਿਤਸਰ ਨਾਲੋਂ ਛੇ ਸਾਲ ਪਹਿਲਾਂ 3 ਨਵੰਬਰ 1886 ਨੂੰ ਰੱਖੀ ਗਈ ਸੀ। ਐਚੀਸਨ ਕਾਲਜ ਦਾ ਨੀਂਹ-ਪੱਥਰ ਭਾਰਤ ਦੇ ਉਦੋਂ ਦੇ ਗਰਵਨਰ ਜਨਰਲ ਫਰੈਡਰਿਕ ਹੈਮਿਲਟਨ-ਟੈਂਪਲ-ਬਲੈਕਵੁੱਡ ਅਰਲ ਆਫ਼ ਡਫ਼ਰਿਨ ਨੇ ਰੱਖਿਆ ਸੀ। ਕਾਲਜ ਦਾ ਨਾਂ ਪੰਜਾਬ ਦੇ ਉਸ ਵੇਲੇ ਦੇ ਲੈਫ਼ਟੀਨੈਂਟ ਗਵਰਨਰ ਚਾਰਲਸ ਅਮਫਰਸਟਨ ਐਚੀਸਨ ਦੇ ਨਾਂ 'ਤੇ ਰੱਖਿਆ ਗਿਆ ਸੀ।

ਐਚੀਸਨ ਕਾਲਜ ਦੇ ਸੀਨੀਅਰ ਹਾਊਸ ਮਾਸਟਰ ਮੇਜਰ ਮਜ਼ਹਰ ਪਰਵੇਜ਼ ਅਖ਼ਤਰ, ਖਾਲਸਾ ਕਾਲਜ ਦੇ ਤਤਕਾਲੀ ਪ੍ਰਿੰਸੀਪਲ ਡਾ. ਦਲਜੀਤ ਸਿੰਘ ਅਤੇ ਵਿਦਿਆਰਥੀਆਂ ਨੂੰ ਮਿਲ ਕੇ ਬਹੁਤ ਖੁਸ਼ ਹੋਏ। ਪਰ ਉਨ੍ਹਾਂ ਨੇ ਇਸ ਗੱਲ 'ਤੇ

ਹੈਰਾਨਗੀ ਜ਼ਾਹਿਰ ਕੀਤੀ ਕਿ ਕਾਲਜ ਦੇ ਵਿਦਿਆਰਥੀਆਂ ਦੀ ਗਿਣਤੀ ਕਾਫ਼ੀ ਘਟ ਗਈ ਹੈ।

ਐਚੀਸਨ ਕਾਲਜ ਦੇ ਸਟਾਫ਼ ਤੇ ਵਿਦਿਆਰਥੀਆਂ ਦਾ ਖਾਲਸਾ ਕਾਲਜ ਆਉਣ ਦਾ ਖ਼ਾਸ ਮਕਸਦ ਭਾਈ ਰਾਮ ਸਿੰਘ ਬਾਰੇ ਜਾਣਕਾਰੀ ਹਾਸਲ ਕਰਨਾ ਸੀ, ਜਿਨ੍ਹਾਂ ਨੇ ਦੋਹਾਂ ਵਿੱਦਿਅਕ ਸੰਸਥਾਵਾਂ ਦੀਆਂ ਇਮਾਰਤਾਂ ਦਾ ਡਿਜ਼ਾਈਨ ਬਣਾਇਆ ਸੀ। ਉਹ ਸਰਦਾਰ ਰਾਮ ਸਿੰਘ ਦੇ ਪਰਿਵਾਰ ਬਾਰੇ ਵੀ ਜਾਣਨਾ ਚਾਹੁੰਦੇ ਸਨ। ਰਾਮਗੜ੍ਹੀਆ ਫਾਊਂਡੇਸ਼ਨ ਦੇ ਪ੍ਰਧਾਨ ਸ. ਓਂਕਾਰ ਸਿੰਘ ਨੇ ਤੁਰੰਤ ਸ. ਜਸਬੀਰ ਸਿੰਘ ਨਾਲ ਸੰਪਰਕ ਕੀਤਾ, ਜੋ ਕ੍ਰਿਕਟ ਦੇ ਰਾਸ਼ਟਰੀ ਅਮਪਾਇਰ ਅਤੇ ਸ. ਰਾਮ ਸਿੰਘ ਦੇ ਪੜਪੋਤਰੇ ਹਨ।

ਐਚੀਸਨ ਕਾਲਜ ਲਾਹੌਰ ਵਿਚ ਲੜਕਿਆਂ ਦੀ ਰਿਹਾਇਸ਼ੀ ਯੂਨੀਵਰਸਿਟੀ ਅਤੇ ਇਮਤਿਹਾਨਾਂ ਲਈ ਤਿਆਰੀ ਕਰਾਉਣ ਵਾਲਾ ਸਕੂਲ ਹੈ। ਕਾਲਜ ਦੀ ਸ਼ਹਿਰ ਵਿਚ ਅਤੇ ਆਲੇ-ਦੁਆਲੇ ਦੇ ਇਲਾਕੇ ਵਿਚ 186 ਏਕੜ ਜ਼ਮੀਨ ਹੈ। ਖੁੱਲ੍ਹੇ-ਡੁੱਲ੍ਹੇ ਕੈਂਪਸ ਦਾ ਲਾਭ ਉਠਾਉਂਦੇ ਹੋਏ ਐਚੀਸਨ ਕਾਲਜ ਨੂੰ ਹਰ ਤਰ੍ਹਾਂ ਦੀਆਂ ਖੇਡਾਂ ਲਈ ਤਿਆਰ ਰੱਖਿਆ ਜਾਂਦਾ ਹੈ।ਅੰਤਰ-ਰਾਸ਼ਟਰੀ ਟੀਮਾਂ ਇੱਥੇ ਪ੍ਰੈਕਟਿਸ ਕਰਨ ਆਉਂਦੀਆਂ ਹਨ। ਖੇਡਾਂ ਵਿਚ ਲਾਜ਼ਮੀ ਭਾਗ ਲੈਣ ਦਾ ਨਿਯਮ ਇਸ ਕਾਲਜ ਦੀ ਪੱਕੀ ਪਰੰਪਰਾ ਹੈ। ਲੜਕਿਆਂ ਦਾ ਸਰੀਰਕ ਵਿਕਾਸ ਅਤੇ ਚੰਗੀ ਸਿਹਤ ਇਸ ਕਾਲਜ ਦੀ ਪੜ੍ਹਾਈ ਦਾ ਹਿੱਸਾ ਹੈ। ਇੱਥੇ ਖੇਡਾਂ ਦੀ ਪੂਰੀ ਨਿਗਰਾਨੀ ਕੀਤੀ ਜਾਂਦੀ ਹੈ ਅਤੇ ਕਾਲਜ ਦੇ ਵਿਚ ਅਤੇ ਬਾਹਰ ਰਸਮੀ ਮੈਚ ਖੇਡਣ ਦੇ ਮੌਕੇ ਮਿਲਦੇ ਰਹਿੰਦੇ ਹਨ। ਬਹੁ-ਪੱਖੀ ਪਾਠ-ਕਰਮ ਦਾ ਲਾਭ ਉਠਾਉਂਦੇ ਹੋਏ ਲੜਕੇ ਕਈ ਤਰ੍ਹਾਂ ਦੀਆਂ ਸਰਗਮੀਆਂ ਜਿਵੇਂ ਬਹਿਸਾਂ ਅਤੇ ਵਿਚਾਰ-ਵਟਾਂਦਰਿਆਂ ਵਿਚ ਭਾਗ ਲੈਂਦੇ ਹਨ। ਇਸ ਕਾਲਜ ਦੇ ਵਿਦਿਆਰਥੀ ਵੱਖ-ਵੱਖ ਮੁਕਾਬਲਿਆਂ ਵਿਚ ਕਈ ਵਾਰੀ ਆਪਣੇ ਕਾਲਜ ਦੀ ਜਾਂ ਪਾਕਿਸਤਾਨ ਦੀ ਪ੍ਰਤੀਨਿਧਤਾ ਕਰਦੇ ਰਹਿੰਦੇ ਹਨ।

ਸਰਦਾਰ ਬਹਾਦਰ ਰਾਮ ਸਿੰਘ ਸੋਹਲ (ਮੈਂਬਰ ਆਫ਼ ਵਿਕਟੋਰੀਅਨ ਆਰਡਰ) ਨੂੰ ਸਿੱਖ ਇਮਾਰਤਸਾਜ਼ੀ ਵਿਚ ਨਵੀਂਆਂ ਕਾਢਾਂ ਕੱਢਣ ਵਾਲਾ ਈਜਾਦਕਾਰ ਮੰਨਿਆ ਜਾਂਦਾ ਹੈ। ਇਮਾਰਤਸਾਜ਼ੀ ਵਿਚ ਉਨ੍ਹਾਂ ਦੀ ਮੁਹਾਰਤ ਕਾਰਨ ਉਨ੍ਹਾਂ ਨੂੰ ਨਾਮਵਰ ਮੇਉ ਸਕੂਲ ਆਫ਼ ਆਰਟਸ ਲਾਹੌਰ ਦਾ ਪ੍ਰਿੰਸੀਪਲ ਨਿਯੁਕਤ ਕੀਤਾ ਗਿਆ। ਉਨ੍ਹਾਂ ਦੇ ਲੱਕੜ-ਖੁਦਾਈ ਦੇ ਵਧੀਆ ਕੰਮ ਨੂੰ ਦੇਖ ਕੇ ਮਹਾਰਾਣੀ ਵਿਕਟੋਰੀਆ ਨੇ ਉਨ੍ਹਾਂ ਨੂੰ 1891 ਵਿਚ, ਆਪਣੇ ਮਹਿਲ ਵਿਚ ਦਰਬਾਰ ਹਾਲ ਦੀ ਡਿਜ਼ਾਈਨਿੰਗ ਕਰਨ ਲਈ ਇੰਗਲੈਂਡ ਬੁਲਾਇਆ। ਉਨ੍ਹਾਂ ਦੀ ਕਲਾ ਤੇ ਕਾਰੀਗਰੀ ਤੋਂ ਪ੍ਰਭਾਵਿਤ ਹੋ ਕੇ ਮਹਾਰਾਣੀ ਵਿਕਟੋਰੀਆ ਨੇ ਉਨ੍ਹਾਂ ਨੂੰ ਆਰਡਰ ਆਫ਼ ਬ੍ਰਿਟਿਸ਼ ਅਮਪਾਇਰ ਦਾ ਖ਼ਿਤਾਬ ਦੇ ਕੇ ਸਨਮਾਨਿਤ ਕੀਤਾ। ਉਨ੍ਹਾਂ ਨੂੰ ਨਿੱਘੀ ਵਿਦਾਇਗੀ ਦੇ ਕੇ ਇੰਗਲੈਂਡ ਤੋਂ ਵਿਦਾ ਕੀਤਾ ਗਿਆ। ਇੰਗਲੈਂਡ ਤੋਂ ਵਾਪਸੀ ਉਪਰੰਤ ਉਨ੍ਹਾਂ ਨੂੰ ਤਰੱਕੀ ਦੇ ਕੇ ਮੇਉ ਸਕੂਲ ਆਫ਼ ਆਰਟਸ ਲਾਹੌਰ ਦਾ ਪ੍ਰਿੰਸੀਪਲ ਬਣਾ ਦਿੱਤਾ ਗਿਆ।



ਬਾਅਦ ਵਿਚ ਉਨ੍ਹਾਂ ਨੂੰ ਕਈ ਸਨਮਾਨ ਮਿਲੇ: ਕੈਸਰ-ਇ-ਹਿੰਦ ਐਵਾਰਡ (1902), ਸਰਦਾਰ ਸਾਹਿਬ ਦਾ ਖ਼ਿਤਾਬ (1904) ਸਰਦਾਰ ਬਹਾਦਰ ਦਾ ਖ਼ਿਤਾਬ (1909) ਆਪਣੀ ਮਿਹਨਤ ਅਤੇ ਯੋਗਤਾ ਦੇ ਆਧਾਰ 'ਤੇ ਉਨ੍ਹਾਂ ਨੇ ਉੱਚਤਮ ਸਿਖ਼ਰਾਂ ਛੁਹੀਆਂ। ਉਨ੍ਹਾਂ ਦਾ ਕੋਈ ਵੀ ਉਤਰ-ਅਧਿਕਾਰੀ ਉਨ੍ਹਾਂ ਦੇ ਕਲਾ-ਕੌਸ਼ਲ ਤੋਂ ਅੱਗੇ ਨਹੀਂ ਲੰਘ ਸਕਿਆ।

ਸ. ਰਾਮ ਸਿੰਘ ਦਾ ਜਨਮ ਰਾਮਗੜ੍ਹੀਆ ਬਰਾਦਰੀ ਵਿਚ 1858 ਈ. ਵਿਚ ਗੁਰਦਾਸਪੁਰ ਜ਼ਿਲ੍ਹੇ ਦੇ ਇਕ ਬੇਪਛਾਣ ਜਿਹੇ ਪਿੰਡ ਰਸੂਲ ਵਿਚ ਹੋਇਆ। ਉਨ੍ਹਾਂ ਦੇ ਪਿਤਾ ਸ. ਆਸਾ ਸਿੰਘ ਤਰਖਾਣਾ ਕੰਮ ਕਰਦੇ ਸਨ। ਰਾਮ ਸਿੰਘ ਇਕ ਤਰਖਾਣ ਦੀ ਦੁਕਾਨ 'ਤੇ ਦਿਹਾੜੀ 'ਤੇ ਕੰਮ ਕਰਦੇ ਸਨ। ਉਹ ਲੱਕੜ ਕਲਾ ਦੀ ਕਾਰੀਗਰੀ ਵਿਚ ਛੇਤੀ ਹੀ ਮਸ਼ਹੂਰ ਹੋ ਗਏ।

ਰਾਮ ਸਿੰਘ ਦੀ ਇਮਾਰਤ-ਕਲਾ ਦੀਆਂ ਆਕ੍ਰਿਤੀਆਂ ਨੇ ਖ਼ਾਸ ਤੌਰ 'ਤੇ ਭਾਰਤੀ ਨੂਮਨੇ ਦੀਆਂ ਇਮਾਰਤਾਂ ਦੇ ਡਿਜ਼ਾਈਨ ਨੇ ਉਸ ਸਮੇਂ ਦੇ ਚੋਟੀ ਦੇ ਯੂਰਪੀ ਇਮਾਰਤਕਾਰਾਂ ਦਾ ਧਿਆਨ ਖਿੱਚਿਆ। ਜੱਜਾਂ ਨੇ ਰਾਮ ਸਿੰਘ ਦੇ ਡਿਜ਼ਾਈਨ ਨੂੰ ਸਭ ਤੋਂ ਉੱਤਮ ਹੋਣ ਦਾ ਨਿਰਨਾ ਦਿੱਤਾ ਅਤੇ ਸਰਬ-ਉੱਚ ਐਵਾਰਡ ਲਈ ਉਨ੍ਹਾਂ ਦੇ ਨਾਂ ਦੀ ਸਿਫ਼ਾਰਸ਼ ਕਰ ਦਿੱਤੀ।

ਇਸ ਉਪਰੰਤ ਸ. ਰਾਮ ਸਿੰਘ ਨੇ ਆਪਣੀਆਂ ਪ੍ਰਿੰਸੀਪਲ ਦੀਆਂ ਜ਼ਿੰਮੇਵਾਰੀਆਂ ਤੋਂ ਇਲਾਵਾ, ਇਕ ਭਵਨ-ਨਿਰਮਾਤਾ ਵਜੋਂ ਵੀ ਕੰਮ ਕਰਨਾ ਸ਼ੁਰੂ ਕਰ ਦਿੱਤਾ। ਤਰਕੀਬਨ ਸਾਰੀਆਂ ਮਹੱਤਵ-ਪੂਰਨ ਇਮਾਰਤਾਂ, ਜਿਵੇਂ ਸੈਨੇਟ ਹਾਲ ਪੰਜਾਬ ਯੂਨੀਵਰਸਿਟੀ, ਫੋਰਮੈਨ ਕ੍ਰਿਸਚੀਅਨ ਕਾਲਜ, ਐਚੀਸਨ ਚੀਫ਼ਜ਼ ਕਾਲਜ ਅਤੇ ਮੇਉ ਸਕੂਲ ਆਫ਼ ਆਰਟਸ ਲਾਹੌਰ ਨਾਲ ਸਬੰਧਿਤ ਅਜਾਇਬ-ਘਰ ਦੇ ਡਿਜ਼ਾਈਨ ਉਨ੍ਹਾਂ ਦੇ ਹੀ ਬਣਾਏ ਹੋਏ ਹਨ। ਉਨ੍ਹਾਂ ਨੇ ਇਮਾਰਤ ਕਲਾ ਦੇ ਇੰਡੋ-ਸਾਰਸੈਨਿਕ ਸਟਾਈਲ ਦੀ ਕਾਢ ਕੱਢੀ, ਜੋ ਭਾਰਤੀ ਇਮਾਰਤ ਕਲਾ ਅਤੇ ਮੁਗਲ ਇਮਾਰਤਕਾਰੀ ਦਾ ਸੁਮੇਲ ਹੈ। ਉਨ੍ਹਾਂ ਦੀ ਇਸ ਕਾਢ ਦਾ ਸਭ ਤੋਂ ਸੁੰਦਰ ਨਮੂਨਾ ਸ਼ਾਇਦ ਖਾਲਸਾ ਕਾਲਜ ਅੰਮ੍ਰਿਤਸਰ ਦੀ ਇਤਿਹਾਸਕ ਇਮਾਰਤ ਹੈ।

ਦੇਸ਼ ਦੀ ਵੰਡ ਕਾਰਨ ਪੂਰਬੀ ਪੰਜਾਬ ਅਤੇ ਇਸ ਦੀਆਂ ਰਿਆਸਤਾਂ ਦੇ ਲੜਕਿਆਂ ਨੂੰ ਐਚੀਸਨ ਕਾਲਜ ਲਾਹੌਰ ਜਾਣਾ ਅਸੰਭਵ ਹੋ ਗਿਆ। ਵਿੱਦਿਆ ਦੇ ਖੇਤਰ ਵਿਚ ਇਕ ਵੱਡਾ ਖਲਾਅ ਪੈਦਾ ਹੋ ਗਿਆ। ਸਮੇਂ ਦੀ ਲੋੜ ਨੂੰ ਪੂਰਾ ਕਰਨ ਲਈ ਅਤੇ ਚੰਗੀ ਵਿੱਦਿਆ ਦੇ ਪਸਾਰ ਲਈ ਪਟਿਆਲਾ ਦੇ ਮਹਾਰਾਜਾ ਯਾਦਵਿੰਦਰ ਸਿੰਘ ਨੇ ਪਟਿਆਲੇ ਵਿਚ ਪਬਲਿਕ ਸਕੂਲਾਂ ਦੀ ਤਰਜ਼ 'ਤੇ ਇਕ ਬੋਰਡਿੰਗ ਸਕੂਲ ਖੋਲ੍ਹਣ ਦਾ ਫੈਸਲਾ ਕੀਤਾ। ਇਸ ਫੈਸਲੇ ਅਨੁਸਾਰ 2 ਫਰਵਰੀ 1948 ਨੂੰ ਯਾਦਵਿੰਦਰਾ ਪਬਲਿਕ ਸਕੂਲ ਪਟਿਆਲਾ ਸਥਾਪਿਤ ਕੀਤਾ ਗਿਆ।

ਐਚੀਸਨ ਸਕੂਲ ਲਾਹੌਰ ਦੇ ਨਾਮਵਰ ਵਿਦਿਆਰਥੀਆਂ ਵਿਚ ਕਈ ਸਾਬਕ ਮਹਾਰਾਜੇ, ਪ੍ਰਧਾਨ ਮੰਤਰੀ, ਗਵਰਨਰ ਅਤੇ ਭਾਰਤ ਤੇ ਪਾਕਿਸਤਾਨ ਦੇ ਕਈ

ਮਸ਼ਹੂਰ ਕ੍ਰਿਕਟ ਖਿਡਾਰੀ ਸ਼ਾਮਲ ਹਨ। ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ, ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲਾ, ਪਾਕਿਸਤਾਨ ਦੇ ਸਾਬਕ ਪ੍ਰਧਾਨ ਮੰਤਰੀ ਮੀਰ ਬਲਖ਼ ਸ਼ੇਰ ਖ਼ਾਨ ਮਜ਼ਾਰੀ, ਮਜ਼ਾਰੀ ਦੇ ਕੁਝ ਹੋਰ ਸਰਦਾਰ; ਸਰ ਮਲਿਕ ਫ਼ਿਰੋਜ਼ ਖ਼ਾਨ ਨੂਨ, ਮੀਰ ਜ਼ਫ਼ਰ-ਉੱਲਾ ਖ਼ਾਨ ਜਮਾਲੀ, ਬੁਗਤੀ ਕਬੀਲੇ ਦੇ ਸਰਦਾਰ ਅਤੇ ਬਲੋਚਿਸਤਾਨ ਦੇ ਸਾਬਕ ਗਵਰਨਰ ਨਵਾਬ ਅਕਬਰ ਖ਼ਾਨ ਬੁਗਤੀ ਜਿਨ੍ਹਾਂ ਨੂੰ ਕਤਲ ਕਰ ਦਿੱਤਾ ਗਿਆ ਸੀ; ਹਿਮਾਚਲ ਪ੍ਰਦੇਸ਼ ਦੇ ਸਾਬਕ ਗਵਰਨਰ, ਲੌਹਾਰੂ ਦੇ ਨਵਾਬ ਮੁਹੰਮਦ ਅਮੀਨ ਖ਼ਾਨ; ਭਾਰਤ ਦੇ ਸਾਬਕ ਵਿਦੇਸ਼ ਸਕੱਤਰ ਰਾਮੇਸ਼ ਭੰਡਾਰੀ, ਇਮਰਾਨ ਖ਼ਾਨ, ਮਾਜਿਦ ਖ਼ਾਨ, ਰਾਮੀਜ਼ ਰਾਜਾ, ਜਾਵੇਦ ਬਰਕੀ (ਪਾਕਿਸਤਾਨ ਕ੍ਰਿਕਟ ਟੀਮ ਦੇ ਸਾਰੇ ਸਾਬਕ ਕੈਪਟਨ) ਅਤੇ ਭਾਰਤੀ ਕ੍ਰਿਕਟ ਟੀਮ ਦੇ ਸਾਬਕ ਕੈਪਟਨ ਨਵਾਬ ਇਫ਼ਤਿਖ਼ਾਰ ਅਲੀ ਖ਼ਾਨ, ਇਹ ਸਾਰੀਆਂ ਪ੍ਰਸਿੱਧ ਹਸਤੀਆਂ ਐਚੀਸਨ ਸਕੂਲ ਲਾਹੌਰ ਦੇ ਵਿਦਿਆਰਥੀ ਹਨ।

****



**ਭਾਗ ਤੀਜਾ**

# ਸਾਹਿੱਤਕ ਵਿਰਸਾ

ਅੰਮ੍ਰਿਤਸਰ ਦਾ ਸਾਹਿੱਤਕ ਵਿਰਸਾ ਬਹੁਤ ਵਿਸ਼ਾਲ ਹੈ। ਪੰਜਾਬੀ ਤੇ ਅੰਗਰੇਜ਼ੀ ਦੇ ਕਈ ਲੇਖਕ ਅਤੇ ਕਵੀ ਇਸ ਸ਼ਹਿਰ ਦੇ ਲੋਕਾਂ ਤੇ ਸੰਸਥਾਵਾਂ ਦੇ ਵਿਚਕਾਰ ਅਤੇ ਇਸ ਸ਼ਹਿਰ ਦੇ ਨਿਰਾਲੇ ਵਾਤਾਵਰਨ ਵਿਚ ਜੰਮੇ, ਪਲੇ ਅਤੇ ਪਰਵਾਨ ਚੜ੍ਹੇ।

- ਸ਼ਹਿਰ ਦੀ ਸਾਹਿੱਤਕ ਪਰੰਪਰਾ ਨੂੰ ਜਾਰੀ ਰੱਖਣ ਵਾਲੀ ਇਕ ਮਹਾਨ ਸ਼ਖ਼ਸੀਅਤ ਭਾਈ ਵੀਰ ਸਿੰਘ ਸਨ। ਆਧੁਨਿਕ ਪੰਜਾਬੀ ਭਾਸ਼ਾ ਦੇ ਮੋਢੀ ਸਾਹਿੱਤਕਾਰ ਹੋਣ ਦੇ ਨਾਤੇ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿਚ ਮਾਨਵਤਾ ਦਾ ਪਿਆਰ, ਕੁਦਰਤ-ਪ੍ਰੇਮ ਅਤੇ ਡੂੰਘੀ ਧਾਰਮਕ ਆਸਥਾ ਵਰਗੇ ਗੁਣਾਂ ਨੂੰ ਪ੍ਰਫੁਲਿੱਤ ਕੀਤਾ। (ਪੰਜਾਬ ਦਾ ਛੇਵਾਂ ਦਰਿਆ: ਭਾਈ ਵੀਰ ਸਿੰਘ; ਪੰਨਾ-89)
- ਨਾਨਕ ਸਿੰਘ ਨਾਵਲਕਾਰ ਦਾ ਜੀਵਨ ਆਪਣੇ ਨਾਵਲਾਂ ਅਤੇ ਕਹਾਣੀਆਂ ਦੇ ਪਾਤਰਾਂ ਦਾ ਪ੍ਰਤੀਕ ਸੀ। ਪੰਜਾਬੀ ਸਾਹਿੱਤ ਨੂੰ ਹਰਮਨ-ਪਿਆਰਾ ਬਣਾਉਣ ਵਿਚ ਉਨ੍ਹਾਂ ਦਾ ਮਹੱਤਵਪੂਰਨ ਯੋਗਦਾਨ ਹੈ। ਧਾਰਮਕ ਗੀਤਾਂ ਤੋਂ ਸ਼ੁਰੂ ਕਰ ਕੇ ਉਹ ਕਹਾਣੀਆਂ ਲਿਖਣ ਲਗ ਪਏ ਅਤੇ ਆਜ਼ਾਦੀ-ਸੰਗਰਾਮ ਨਾਲ ਸਬੰਧਿਤ ਕਈ ਕਹਾਣੀਆਂ ਲਿਖੀਆਂ। ਅੰਤ ਵਿਚ ਉਹ ਗਲਪ ਸਾਹਿੱਤ ਦੇ ਚਮਕਦੇ ਸਿਤਾਰੇ ਬਣ ਗਏ। ਉਹ ਆਪਣੀਆਂ ਅਮਰ ਰਚਨਾਵਾਂ ਵਿਚ ਹਮੇਸ਼ਾ ਜ਼ਿੰਦਾ ਰਹਿਣਗੇ। (ਸ਼ਹਿਰ ਦਾ ਦੇਸ਼ਭਗਤ ਨਾਵਲਕਾਰ : ਸ. ਨਾਨਕ ਸਿੰਘ; ਪੰਨਾ-93)
- ਪੰਜਾਬੀ ਦੇ ਕਵੀ ਤੇ ਦੇਸ਼-ਭਗਤ ਲਾਲਾ ਧਨੀ ਰਾਮ ਚਾਤ੍ਰਿਕ ਦੀਆਂ ਕਵਿਤਾਵਾਂ ਦੀ ਸ਼ੈਲੀ ਇੰਨੀ ਸਿੱਧੀ ਸਾਦੀ ਤੇ ਸਰਲ ਹੈ ਕਿ ਉਨ੍ਹਾਂ ਦੀਆਂ ਪੰਜਾਬੀ-ਪਿਆਰ ਦੀਆਂ ਕਵਿਤਾਵਾਂ ਨੂੰ ਯਾਦ ਕਰਨ ਲਈ ਵਾਰ-ਵਾਰ ਪੜ੍ਹਨਾ ਨਹੀਂ ਪੈਂਦਾ। (ਮਿੱਟੀ ਹੋ ਗਿਆ ਗੌਰਵਮਈ ਵਿਰਸਾ: ਲਾਲਾ ਧਨੀ ਰਾਮ ਚਾਤ੍ਰਿਕ; ਪੰਨਾ-96)
- ਦੇਸ਼-ਵੰਡ ਤੋਂ ਪਹਿਲਾਂ, ਸਾਂਝੇ ਸੱਭਿਆਚਾਰ ਅਤੇ ਮੌਲਿਕ ਸਿਰਜਨਾ ਦਾ ਕੇਂਦਰ ਸਥਾਪਿਤ ਕਰਨ ਲਈ ਅਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਏਕਤਾ ਨੂੰ ਪਿਆਰ ਦੇ ਫੁੱਲ ਅਰਪਨ ਕਰਨ ਲਈ ਸ. ਗੁਰਬਖਸ਼ ਸਿੰਘ ਨੇ 'ਪ੍ਰੀਤ ਨਗਰ' ਦੀ ਨੀਂਹ ਰੱਖੀ। (ਟੁੱਟ ਗਿਆ ਸੁਪਨਾ : ਪ੍ਰੀਤ ਨਗਰ ਪੰਨਾ-99)
- ਦੇਸ਼-ਵੰਡ ਤੋਂ ਵੀ ਪਹਿਲਾਂ ਤੋਂ ਅੰਮ੍ਰਿਤਸਰ ਨੂੰ ਠੀਕ ਹੀ ਉਰਦੂ, ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਦੇ 'ਲੇਖਕਾਂ ਦਾ ਪੰਘੂੜਾ' ਕਿਹਾ ਜਾਂਦਾ ਹੈ। ਸਆਦਤ ਹਸਨ ਮੰਟੋ, ਪੂਰਨ ਸਿੰਘ ਹੁਨਰ, ਮੁਲਕ ਰਾਜ ਆਨੰਦ, ਪਰਮਿੰਦਰਜੀਤ, ਜੋਗਿੰਦਰ ਕੈਰੋਂ, ਮਨਿੰਦਰ ਕਾਂਗ, ਮਨਮੋਹਨ, ਗੁੱਲ ਚੌਹਾਨ, ਅਮਰ ਚਿਤ੍ਰਕਾਰ,

ਕੁਲਬੀਰ ਸਿੰਘ ਕਾਂਗ, ਪ੍ਰਿੰ. ਤੇਜਾ ਸਿੰਘ, ਬਾਵਾ ਬਲਵੰਤ, ਸ. ਸੁਜਾਨ ਸਿੰਘ, ਅਜਾਇਬ ਹੁੰਦਲ ਅਤੇ ਸ਼ਰਵਨ ਕੁਮਾਰ ਵਰਮਾ ਆਦਿ ਕੁਝ ਅਜਿਹੇ ਪ੍ਰਤਿਭਾਸ਼ੀਲ ਲੇਖਕ ਹਨ ਜਿਨ੍ਹਾਂ ਨੂੰ ਅੰਮ੍ਰਿਤਸਰ ਦੇ ਸਾਹਿਤਕ ਤਾਰਾ-ਮੰਡਲ ਵਿਚ ਵਿਸ਼ੇਸ਼ ਥਾਂ ਪ੍ਰਾਪਤ ਹੈ। (ਲੇਖਕਾਂ ਦਾ ਪੰਘੂੜਾ; ਪੰਨਾ-103)

- ਬਾਵਾ ਬਲਵੰਤ ਅਤੇ ਉਨ੍ਹਾਂ ਦੀ ਸ਼ਾਇਰੀ ਨੌਜੁਆਨਾਂ ਦੇ ਦਿਲਾਂ ਵਿਚ ਹਮੇਸ਼ਾ ਦੇਸ਼-ਪਿਆਰ ਦੇ ਜਜ਼ਬੇ ਜਗਾਉਣ ਦਾ ਸਰੋਤ ਰਹੀ ਹੈ। ਹਿੰਦ-ਪਾਕਿ ਸਰਹੱਦ ਦੇ ਭਾਰਤੀ ਪਾਸੇ ਇਕ ਬੇਪਛਾਣ ਜਿਹੇ ਕਸਬੇ ਨੇਸ਼ਟਾ ਨੂੰ ਅੱਜ ਵੀ ਸਾਹਿਤ-ਸੰਸਾਰ ਵਿਚ ਮਾਣ-ਮੱਤੀ ਥਾਂ ਪ੍ਰਾਪਤ ਹੈ। (ਕਿਵੇਂ ਉਜੜਿਆ ਸੁਹਣੀ ਕੁੜੀ ਦਾ ਬਾਗ਼; ਪੰਨਾ-108)
- ਗਿ. ਗੁਰਮੁਖ ਸਿੰਘ ਮੁਸਾਫ਼ਰ ਬਹੁਪੱਖੀ ਬਹੁਰੰਗੀ ਪ੍ਰਤਿਭਾ ਦੇ ਸੁਆਮੀ ਸਨ। ਉਹ ਇਕ ਦੇਸ਼ਭਗਤ ਕਵੀ, ਅਸੂਲਪ੍ਰਸਤ ਸਿਆਸਤਦਾਨ ਅਤੇ ਸਹੀ ਅਰਥਾਂ ਵਿਚ ਇਕ ਨੇਕ ਤੇ ਬੇਲਾਗ ਵਿਅਕਤੀ ਸਨ। ਉਨ੍ਹਾਂ ਦੀ ਹਸਤੀ ਦਾ ਰਾਜ਼ ਕਲਮ ਦੀ ਸ਼ਕਤੀ ਸੀ। (ਗਿਆਨੀ ਵੀ, ਗੁਰਮੁਖ ਵੀ ਅਤੇ ਇਕ ਮੁਸਾਫ਼ਰ ਵੀ; ਪੰਨਾ-112)
- ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਗਿ. ਕੇਸਰ ਸਿੰਘ ਇਕ ਅਣਥੱਕ ਪਾਠਕ, ਪ੍ਰਸਿੱਧ ਸੁਤੰਤਰਤਾ-ਸੈਨਾਨੀ ਅਤੇ ਅਣਥੱਕ ਲੇਖਕ ਸਨ। ਉਨ੍ਹਾਂ ਨੇ ਤਕਰੀਬਨ 25 ਇਤਿਹਾਸਕ ਨਾਵਲ ਲਿਖੇ, ਜਿਨ੍ਹਾਂ ਵਿਚੋਂ ਬਹੁਤੇ ਗ਼ਦਰ ਲਹਿਰ ਨਾਲ ਸਬੰਧਿਤ ਸਨ। (ਪੰਜਾਬੀ ਸਾਹਿਤ ਦਾ ਕੇਸਰ, ਪੰਨਾ-116)
- ਸ਼ਰਧਾ ਰਾਮ ਫਿਲੌਰੀ ਉਨ੍ਹੀਵੀਂ ਸਦੀ ਦੇ ਹਿੰਦੀ ਸਾਹਿਤ ਦੇ ਮੋਢੀ ਲਿਖਾਰੀ ਸਨ। ਉਹ ਅਮਰ ਆਰਤੀ 'ਓਮ ਜੈ ਜਗਦੀਸ਼ ਹਰੇ...' ਦੀ ਸਿਰਜਨਾ ਲਈ ਮਸ਼ਹੂਰ ਹਨ। (ਹਿੰਦੀ ਨਾਵਲ ਦਾ ਪਿਤਾਮਾ: ਸ਼ਰਧਾ ਰਾਮ ਫਿਲੌਰੀ; ਪੰਨਾ-121)

****



# ਪੰਜਾਬ ਦਾ ਛੇਵਾਂ ਦਰਿਆ

ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਸਾਹਿਤ ਦਾ ਪਿਤਾਮਾ ਕਿਹਾ ਜਾਂਦਾ ਹੈ। ਉਨ੍ਹਾਂ ਦਾ ਸਜਿਆ-ਸੰਵਾਰਿਆ ਘਰ ਸ਼ਾਇਦ ਅੰਗਰੇਜ਼ੀ ਰਾਜ ਦੇ ਸਮੇਂ ਦਾ ਸਭ ਤੋਂ ਸੁੰਦਰ ਘਰ ਹੈ। ਇਹ ਘਰ ਅੰਮ੍ਰਿਤਸਰ ਦੀ ਲਾਰੰਸ ਰੋਡ 'ਤੇ ਉੱਗੇ ਸੀਮੈਂਟ ਦੇ ਜੰਗਲ ਵਿਚ ਹਰਿਆਲੀ ਦਾ ਇਕ ਸ਼ਾਂਤੀ-ਕੁੰਜ ਹੈ।

ਅੰਮ੍ਰਿਤਸਰ ਨਾਲ ਸਬੰਧਿਤ ਬਹੁਤ ਸਾਰੇ ਪੰਜਾਬੀ ਲੇਖਕਾਂ ਅਤੇ ਕਵੀਆਂ ਦੇ ਘਰ, ਸਮੇਤ ਬਾਵਾ ਬਲਵੰਤ ਦੇ ਘਰ ਦੇ ਜਾਂ ਤਾਂ ਲੋਪ ਹੋ ਚੁੱਕੇ ਹਨ ਜਾਂ ਬੜੀ ਖਸਤਾ ਹਾਲਤ ਵਿਚ ਹਨ, ਪਰ ਭਾਈ ਵੀਰ ਸਿੰਘ ਦਾ ਘਰ, ਸਮੇਤ ਉਨ੍ਹਾਂ ਦੀਆਂ ਨਿੱਜੀ ਵਸਤਾਂ ਦੇ ਅਜੇ ਤਕ ਜਿਉਂ ਦਾ ਤਿਉਂ ਕਾਇਮ ਹੈ।

ਖੁੱਲ੍ਹੇ-ਡੁੱਲ੍ਹੇ ਸੁੰਦਰ ਬਾਗ ਬਗੀਚਿਆਂ ਅਤੇ ਘਾਹ ਦੇ ਹਰੇ ਮੈਦਾਨਾਂ ਵਿਚ ਘਿਰਿਆ ਇਹ ਘਰ ਪੰਜਾਬੀ ਲੇਖਕਾਂ ਲਈ ਇਕ ਯਾਤਰਾ-ਸਥਾਨ ਹੋਣਾ ਚਾਹੀਦਾ ਸੀ, ਪਰ ਬਹੁਤ ਥੋੜ੍ਹੇ ਲੋਕ ਇਸ ਨੂੰ ਵੇਖਣ ਆਉਂਦੇ ਹਨ। ਸ਼ਹਿਰ ਦੇ ਬਹੁਗਿਣਤੀ ਲੋਕਾਂ ਨੂੰ ਤਾਂ ਇਸ ਗੱਲ ਦਾ ਪਤਾ ਵੀ ਨਹੀਂ ਕਿ ਇਸ ਘਰ ਵਿਚ ਪੰਜਾਬੀ ਸਾਹਿਤ ਦਾ ਇਕ ਬਹੁਤ ਵੱਡਾ ਖ਼ਜ਼ਾਨਾ ਸੁਰੱਖਿਅਤ ਹੈ।

ਮਾਣ ਵਾਲੀ ਗੱਲ ਇਹ ਹੈ ਕਿ ਲਾਰੰਸ ਰੋਡ ਦਾ ਨਾਂ, ਜਿਸ ਸੜਕ ਉਤੇ ਇਹ ਘਰ ਬਣਿਆ ਹੋਇਆ ਹੈ, ਇਕ ਦਹਾਕਾ ਪਹਿਲਾਂ ਭਾਈ ਸਾਹਿਬ ਦੇ ਨਾਂ ਉਤੇ ਰੱਖ ਦਿੱਤਾ ਗਿਆ ਸੀ। ਪੰਜ ਏਕੜ ਜ਼ਮੀਨ ਵਿਚ ਫੈਲੇ ਇਸ ਵਿਸ਼ਾਲ ਘਰ ਵਿਚ, ਭਾਈ ਸਾਹਿਬ ਦੇ ਚਲਾਣੇ ਤੋਂ 55 ਸਾਲ ਬਾਅਦ ਵੀ, ਉਨ੍ਹਾਂ ਦੀਆਂ ਨਿੱਜ-ਵਰਤੋਂ ਦੀਆਂ ਚੀਜ਼ਾਂ ਸੰਭਾਲ ਕੇ ਰੱਖੀਆਂ ਹੋਈਆਂ ਹਨ। ਭਾਈ ਸਾਹਿਬ ਦੇ ਹੱਥਾਂ ਦਾ ਲਗਾਇਆ ਨਲਕਾ ਇਸ ਘਰ ਦੀ ਇਕ ਹੋਰ ਖਾਸ ਚੀਜ਼ ਹੈ। ਭਾਈ ਸਾਹਿਬ ਨੇ ਮਹਾਤਮਾ ਬੁੱਧ ਦਾ ਇਕ ਪੁਰਾਣਾ ਬੁੱਤ ਵੀ ਆਪਣੇ ਹੱਥਾਂ ਨਾਲ ਇਸ ਘਰ ਦੇ ਇਕ ਸੁੰਦਰ ਕੋਨੇ ਵਿਚ ਲਗਾਇਆ ਸੀ।

ਭਾਈ ਵੀਰ ਸਿੰਘ ਇਕ ਬਹੁਪੱਖੀ ਸ਼ਖ਼ਸੀਅਤ ਸਨ। ਉਹ ਪੰਜਾਬੀ ਦੇ ਪਹਿਲੇ ਆਧੁਨਿਕ ਕਵੀ ਸਨ। ਉਹ ਨਾਵਲਕਾਰ ਵੀ ਸਨ ਅਤੇ ਇਕ ਆਲੋਚਕ ਵੀ। ਉਨ੍ਹਾਂ ਨੂੰ ਕੁਦਰਤ ਦੀਆਂ ਵਸਤਾਂ ਵਿਚ ਰੂਹਾਨੀ ਸੰਦੇਸ਼ ਨਜ਼ਰ ਆਉਂਦੇ ਸਨ। ਉਨ੍ਹਾਂ ਦੀ ਨਜ਼ਰ ਵਿਚ ਕਿੱਕਰ ਦਾ ਦਰਖ਼ਤ ਇਕ ਰੂਹਾਨੀ ਜਗਿਆਸੂ ਹੈ ਜਿਸ ਨੂੰ ਦੁਨੀਆਵੀ ਲੋਕਾਂ ਦੀਆਂ ਸੂਲਾਂ ਅਤੇ ਤੀਰਾਂ ਦਾ ਮੁਕਾਬਲਾ ਕਰਨਾ ਪੈਂਦਾ ਹੈ। ਘਰ ਵਿਚ ਲਗਾਏ ਬੂਟਿਆਂ ਦੀ ਚੋਣ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਕਾਫ਼ੀ ਕੁਝ ਦਸਦੀ ਹੈ।

ਵਿਸ਼ਾਲ ਘਰ ਅਤੇ ਉਸ ਵਿਚ ਉਗਾਏ ਦੁਰਲੱਭ ਪੌਦੇ ਅਤੇ ਦਵਾ-ਦਾਰੂ ਵਾਲੀਆਂ ਜੜੀਆਂ ਬੂਟੀਆਂ ਭਾਈ ਸਾਹਿਬ ਦੇ ਅਮੀਰ ਸ਼ੌਕ, ਉੱਚ ਵਿਚਾਰਾਂ ਅਤੇ

ਉਨ੍ਹਾਂ ਦੇ ਕੁਦਰਤ ਪ੍ਰੇਮ ਦੀਆਂ ਪ੍ਰਤੀਕ ਹਨ। ਰੱਬ-ਸਬੱਬੀ ਆਇਆ ਇਕ ਦਰਸ਼ਕ ਇਸ ਘਰ ਵਿਚ ਲੱਗੇ, ਚੀਕੂ, ਚੀਲ, ਨਿੰਮ ਅਖਰੋਟ, ਅੰਬ, ਲੀਚੀ, ਕਚਨਾਰ, ਜੈਕ ਫਰੂਟ, ਗੁਲਾਬ, ਫਰੰਗੀਪਾਣੀ, ਕੜੀ ਪੱਤਾ, ਸਿੰਬਲ, ਬੇਰੀ, ਆਲੂਚੇ ਅਤੇ ਕੇਲੇ ਦੇ ਰੁੱਖ ਦੇਖ ਕੇ ਹੈਰਾਨ ਹੋ ਜਾਂਦਾ ਹੈ। ਇਸ ਘਰ ਵਿਚ ਰਹਿੰਦੀ 85 ਸਾਲਾ ਬੀਬੀ ਅੰਮ੍ਰਿਤ ਕੌਰ, ਭਾਈ ਸਾਹਿਬ ਦੇ ਘਰੇਲੂ ਬਾਗ਼ ਵਿਚੋਂ ਹਰ ਰੋਜ਼ ਸਵੇਰੇ ਫੁੱਲਾਂ ਦੇ ਚਾਰ ਗੁਲਦਸਤੇ ਸ੍ਰੀ ਹਰਿਮੰਦਰ ਸਾਹਿਬ ਵਿਚ ਚੜ੍ਹਾ ਕੇ ਆਉਂਦੀ ਹੈ।

ਪੁਰਾਣੇ ਸ਼ਹਿਰ ਦੇ ਕੱਟੜਾ ਗਰਬਾ ਸਿੰਘ ਵਿਚ ਸਥਿਤ ਭਾਈ ਸਾਹਿਬ ਦਾ ਪੁਰਾਣਾ ਜੱਦੀ ਘਰ ਭਾਵੇਂ ਖ਼ਤਮ ਹੋ ਗਿਆ ਹੈ, ਪਰ ਅੰਗਰੇਜ਼ੀ ਰਾਜ ਸਮੇਂ 1925 ਵਿਚ ਮਿਸ਼ਨਰੀ ਸਕੂਲ ਦੇ ਇਕ ਈਸਾਈ ਪਾਦਰੀ ਤੋਂ ਖ਼ਰੀਦਿਆ ਇਹ ਨਵਾਂ ਘਰ ਇਕ ਯਾਦਗਾਰ ਵਜੋਂ ਅਜੇ ਸਹੀ ਸਲਾਮਤ ਹੈ। ਭਾਈ ਸਾਹਿਬ 1930 ਵਿਚ ਇਸ ਘਰ ਵਿਚ ਆਏ ਸਨ।

ਭਾਈ ਸਾਹਿਬ ਦੇ 1957 ਵਿਚ ਅਕਾਲ ਚਲਾਣੇ ਤੋਂ ਬਆਦ ਸ. ਉੱਜਲ ਸਿੰਘ ਤੇ ਸ. ਤੇਜਾ ਸਿੰਘ ਨੇ ਇਸ ਘਰ ਨੂੰ ਇਕ ਯਾਦਗਾਰ ਵਿਚ ਬਦਲਣ ਦਾ ਉਪਰਾਲਾ ਕੀਤਾ। ਭਾਈ ਸਾਹਿਬ ਦੇ ਛੋਟੇ ਭਰਾ ਡਾ. ਬਲਬੀਰ ਸਿੰਘ ਨੇ ਜਿਸ ਨੂੰ ਉਹ ਪੁੱਤਰਾਂ ਵਾਂਗ ਪਿਆਰ ਕਰਦੇ ਸਨ ਇਕ ਟਰੱਸਟ ਬਣਾਇਆ, ਜਿਸ ਵਿਚ ਉਨ੍ਹਾਂ ਦੀਆਂ ਸਾਰੀਆਂ ਪੁਸਤਕਾਂ ਤੋਂ ਆਉਣ ਵਾਲੀ ਸਾਰੀ ਰਾਇਲਟੀ ਨੂੰ ਪੰਜਾਬੀ ਸਾਹਿਤ ਨੂੰ ਪ੍ਰਫੁੱਲਿਤ ਕਰਨ ਦਾ ਉਨ੍ਹਾਂ ਦਾ ਸੁਪਨਾ ਪੂਰਾ ਕਰਨ ਲਈ ਜਮ੍ਹਾ ਕੀਤਾ ਗਿਆ।

ਭਾਈ ਵੀਰ ਸਿੰਘ ਤੋਂ ਉਲਟ 1564 ਵਿਚ ਜਨਮੇ ਵਿਲੀਅਮ ਸ਼ੈਕਸਪੀਅਰ ਦਾ ਘਰ ਅੱਧਾ ਲੱਕੜ ਦਾ ਬਣਿਆ ਹੋਇਆ ਸੀ, ਪਰ ਉਸ ਦੀ ਇਕ ਚਹੇਤੇ ਇਤਿਹਾਸਕ ਅਸਥਾਨ ਵਾਂਗ ਸੰਭਾਲ ਕੀਤੀ ਜਾਂਦੀ ਹੈ, ਜਿਸ ਨੂੰ ਹਰ ਰੋਜ਼ ਅਨੇਕਾਂ ਦਰਸ਼ਕ ਦੇਖਣ ਆਉਂਦੇ ਹਨ। ਸ਼ੈਕਸਪੀਅਰ ਦੇ ਵੰਸ਼ਜ ਉਨ੍ਹੀਵੀਂ ਸਦੀ ਵਿਚ ਇਸ ਘਰ ਵਿਚ ਰਹਿੰਦੇ ਰਹੇ ਅਤੇ ਹੁਣ ਇਸ ਘਰ ਨੂੰ ਯਾਤਰਾ-ਸਥਾਨ ਬਣਿਆਂ 465 ਸਾਲ ਹੋ ਗਏ ਹਨ।

ਇਸੇ ਤਰ੍ਹਾਂ ਭਾਈ ਵੀਰ ਸਿੰਘ ਦਾ ਅਦਭੁੱਤ ਘਰ ਵੀ ਆਮ ਲੋਕਾਂ ਦੇ ਦੇਖਣ ਲਈ ਖੋਲ੍ਹ ਦੇਣਾ ਚਾਹੀਦਾ ਹੈ। ਇਸ ਘਰ ਦਾ ਅਸਾਧਾਰਨ ਸਜਾਵਟੀ ਸਾਮਾਨ ਅਤੇ ਭਾਈ ਵੀਰ ਸਿੰਘ ਦੀਆਂ ਘਰੇਲੂ ਤੇ ਨਿੱਜੀ ਵਸਤਾਂ ਬਹੁਤ ਹੀ ਵਿਸ਼ੇਸ਼ ਚੀਜ਼ਾਂ ਹਨ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਭਾਈ ਸਾਹਿਬ ਦੀ ਬਹੁਪੱਖੀ ਸ਼ਖ਼ਸੀਅਤ ਦੇ ਕਈ ਪੱਖ ਇਨ੍ਹਾਂ ਵਸਤਾਂ ਰਾਹੀਂ ਪਰਦਰਸ਼ਤ ਹੁੰਦੇ ਹਨ। ਇਸ ਘਰ ਵਿਚ ਖ਼ੂਬਸੂਰਤ ਖ਼ੁਦਾਈ ਵਾਲਾ ਪੁਰਾਣਾ ਫਰਨੀਚਰ, ਇਕ ਚਾਰਪਾਈ ਅਤੇ ਭਾਈ ਸਾਹਿਬ ਦਾ ਲਿਖਣ ਵਾਲਾ ਮੇਜ਼ ਸੁਰੱਖਿਅਤ ਹਨ। ਘਰ ਦੀ ਗੈਲਰੀ ਵਿਚ ਕਲਾ-ਕ੍ਰਿਤਾਂ ਦੀ ਇਕ ਛੋਟੀ ਜਿਹੀ ਪ੍ਰਦਰਸ਼ਨੀ ਹੈ। ਇਹ ਪ੍ਰਭਾਵਸ਼ਾਲੀ ਘਰ ਦਰਸ਼ਕ ਨੂੰ ਉਸ ਕਮਰੇ ਦੇ ਨੇੜੇ ਵੀ ਲੈ ਜਾਂਦਾ ਹੈ ਜਿਸ ਵਿਚ ਭਾਈ ਵੀਰ ਸਿੰਘ ਦੀਆਂ ਹੋਮਿਓਪੈਥੀ ਦੀਆਂ ਦਵਾਈਆਂ ਪਈਆਂ ਹਨ। ਇਕ ਪੁਰਾਣਾ ਟੱਬ, ਰਸੋਈ ਵਿਚ ਵਰਤੀਆਂ ਜਾਣ ਵਾਲੀਆਂ ਕੁਝ ਚੀਜ਼ਾਂ ਅਤੇ ਲਕੱੜ ਦਾ ਇਕ ਰਸ-ਨਿਚੋੜ ਵੀ ਵੇਖਣ ਵਾਲੀਆਂ ਚੀਜ਼ਾਂ ਹਨ।



ਇਕ ਪਹਾੜੀ ਕਿਸਮ ਦਾ ਕਮਰਾ, ਜੋ ਸ਼ਾਇਦ ਸ੍ਰੀ ਹੇਮਕੁੰਟ ਸਾਹਿਬ ਦਾ ਪ੍ਰਤੀਰੂਪ ਹੈ, ਵਿਸ਼ੇਸ਼ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ ਬਣਾਇਆ ਗਿਆ ਹੈ। ਜਿਸ ਤੋਂ ਭਾਈ ਸਾਹਿਬ ਦੇ ਅਕਾਲ ਪੁਰਖ ਵਿਚ ਅਟੁੱਟ ਵਿਸ਼ਵਾਸ ਦਾ ਪਤਾ ਲਗਦਾ ਹੈ।

ਇਕਾਂਤ ਜਗ੍ਹਾ 'ਤੇ ਬਣੇ ਅਧਿਐਨ ਕਮਰੇ ਵਿਚ ਕੁਝ ਦੁਰਲੱਭ ਹੱਥ-ਲਿਖਤ ਗ੍ਰੰਥ ਸੁਰੱਖਿਅਤ ਹਨ। ਭਾਈ ਸਾਹਿਬ ਦੀਆਂ ਜਗਮਗਾਉਂਦੀਆਂ ਆਦਮ-ਕੱਦ ਤਸਵੀਰਾਂ ਕਈ ਵੱਖ-ਵੱਖ ਕਮਰਿਆਂ ਵਿਚ ਲਾਈਆਂ ਗਈਆਂ ਹਨ, ਜੋ ਇਸ ਘਰ ਦੀ ਸੁੰਦਰਤਾ ਵਿਚ ਨਵਾਂ ਵਾਧਾ ਕਰਦੀਆਂ ਹਨ। ਇਸ ਭਵਨ ਵਿਚ ਲਾਇਬ੍ਰੇਰੀ ਬਣਾਉਣ ਲਈ ਮਰਹੂਮ ਪ੍ਰਸਿੱਧ ਪੱਤਰਕਾਰ ਅਤੇ ਸਾਬਕ ਰਾਜ ਸਭਾ ਮੈਂਬਰ ਸ੍ਰੀ ਕੁਲਦੀਪ ਨਈਅਰ ਨੇ ਕੁਝ ਫੰਡ ਮੁਹੱਈਆ ਕੀਤੇ ਸਨ।

ਭਾਈ ਵੀਰ ਸਿੰਘ ਨੇ ਸਿੰਘ ਸਭਾ ਲਹਿਰ ਦੇ ਕੰਮਾਂ ਵਿਚ ਸਰਗਰਮ ਹਿੱਸਾ ਲਿਆ। ਉਹ ਇਕ ਕਵੀ, ਇਕ ਵਿਦਵਾਨ ਅਤੇ ਸਿੱਖ ਪੁਨਰ-ਜਾਗ੍ਰਿਤੀ ਅਤੇ ਪੰਜਾਬੀ ਸਾਹਿਤਕ ਪਰੰਪਰਾ ਨੂੰ ਨਵਾਂ ਰੂਪ ਦੇਣ ਵਾਲੀ ਲਹਿਰ ਦੇ ਮੁੱਖ ਕਾਰਜ-ਕਰਤਾ ਸਨ।

## ਸ੍ਰੀ ਹੇਮਕੁੰਟ ਦੀ ਖੋਜ

ਭਾਈ ਵੀਰ ਸਿੰਘ ਨੇ ਗੁਰਦੁਆਰਾ ਹੇਮਕੁੰਟ ਸਾਹਿਬ ਦੀ ਖੋਜ ਵਿਚ ਵੀ ਹਿੱਸਾ ਪਾਇਆ। ਉਨ੍ਹੀਵੀਂ ਸਦੀ ਦੇ ਆਖ਼ਰੀ ਸਾਲਾਂ ਵਿਚ ਸਿੱਖਾਂ ਨੇ ਹੇਮਕੁੰਟ ਸਾਹਿਬ ਦੀ ਖੋਜ ਸ਼ੁਰੂ ਕੀਤੀ। ਹੇਮਕੁੰਟ ਹਿਮਾਲੀਆ ਪਰਬਤ ਦੀਆਂ ਉੱਚੀਆਂ ਚੋਟੀਆਂ ਵਿਚ ਇਕ ਜਗ੍ਹਾ ਦਾ ਨਾਂ ਹੈ। ਜਿਸ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਆਤਮ-ਕਥਾ ਬਚਿੱਤਰ ਨਾਟਕ ਵਿਚ ਕੀਤਾ ਹੈ। ਬਚਿੱਤਰ ਨਾਟਕ ਦਾ ਅਰਥ ਹੈ: 'ਇਕ ਅਸਚਰਜ ਕਥਾ।'

ਪੰਡਤ ਤਾਰਾ ਸਿੰਘ ਨਰੋਤਮ ਉਨ੍ਹੀਵੀਂ ਸਦੀ ਦੇ ਇਕ ਨਿਰਮਲੇ ਵਿਦਵਾਨ ਸਨ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਹੇਮਕੁੰਟ ਸਾਹਿਬ ਦੀ ਭੂਗੋਲਿਕ ਨਿਸ਼ਾਨਦੇਹੀ ਕੀਤੀ। ਉਨ੍ਹਾਂ ਨੇ ਲਿਖਿਆ ਕਿ ਹੇਮਕੁੰਟ ਸਾਹਿਬ ਉਨ੍ਹਾਂ 508 ਸਿੱਖ ਧਾਰਮਕ ਅਸਥਾਨਾਂ ਵਿਚੋਂ ਇਕ ਹੈ ਜਿਨ੍ਹਾਂ ਦਾ ਜ਼ਿਕਰ ਉਨ੍ਹਾਂ ਨੇ ਆਪਣੀ ਪੁਸਤਕ 'ਸ੍ਰੀ ਗੁਰ ਤੀਰਥ ਸੰਗ੍ਰਹਿ' ਵਿਚ ਕੀਤਾ ਹੈ। ਇਹ ਪੁਸਤਕ ਪਹਿਲੀ ਵਾਰ ਸੰਨ 1884 ਵਿਚ ਛਪੀ ਸੀ।

ਬਾਅਦ ਵਿਚ ਭਾਈ ਵੀਰ ਸਿੰਘ ਨੇ ਹੇਮਕੁੰਟ ਦੀ ਵਾਰਤਾ ਨੂੰ ਅੱਗੇ ਵਧਾਉਣ ਵਿਚ ਸਹਾਇਤਾ ਕੀਤੀ ਜਦੋਂ ਇਕ ਹੋਰ ਸਿੱਖ ਨੇ ਗੁਰੂ ਸਾਹਿਬ ਦੇ ਤਪ-ਅਸਥਾਨ ਦੀ ਪੁਨਰ-ਖੋਜ ਕੀਤੀ। ਭਾਈ ਸੋਹਨ ਸਿੰਘ ਭਾਰਤੀ ਫ਼ੌਜ ਵਿਚੋਂ ਇਕ ਸੇਵਾ-ਮੁਕਤ ਗ੍ਰੰਥੀ ਸੀ ਜੋ ਟੀਹਰੀ ਗੜ੍ਹਵਾਲ ਦੇ ਇਕ ਗੁਰਦੁਆਰੇ ਵਿਚ ਸੇਵਾ ਕਰਦਾ ਸੀ। 1932 ਵਿਚ ਉਸ ਨੇ ਭਾਈ ਵੀਰ ਸਿੰਘ ਰਚਿਤ 'ਸ੍ਰੀ ਕਲਗੀਧਰ ਚਮਤਕਾਰ' (1925) ਵਿਚ ਹੇਮਕੁੰਟ ਸਾਹਿਬ ਬਾਰੇ ਪੜ੍ਹਿਆ। ਭਾਈ ਸਾਹਿਬ ਦਾ ਹੇਮਕੁੰਟ ਸਾਹਿਬ ਬਾਰੇ ਵਰਣਨ ਇੰਨਾ ਪ੍ਰਭਾਵਸ਼ਾਲੀ ਸੀ ਕਿ ਇਸ ਨੂੰ ਪੜ੍ਹ ਕੇ ਸੰਤ ਸੋਹਨ ਸਿੰਘ ਨੇ

ਗੁਰੂ ਗੋਬਿੰਦ ਸਿੰਘ ਜੀ ਦੇ ਤਪ-ਅਸਥਾਨ ਨੂੰ ਲੱਭਣ ਦਾ ਫ਼ੈਸਲਾ ਕਰ ਲਿਆ।

ਭਾਈ ਵੀਰ ਸਿੰਘ ਦੀ ਪ੍ਰੇਰਨਾ ਨਾਲ, ਸ੍ਰੀ ਹੇਮਕੁੰਟ ਦੀ ਯਾਤਰਾ ਕਰਨ ਲਈ ਪਹਿਲਾ ਜਥਾ ਤਿਆਰ ਕੀਤਾ ਗਿਆ, ਜਿਸ ਦਾ ਸਾਰਾ ਪ੍ਰਬੰਧ 1952 ਵਿਚ ਚੀਫ਼ ਖਾਲਸਾ ਦੀਵਾਨ ਨੇ ਕੀਤਾ। 1958 ਵਿਚ ਸ੍ਰੀ ਹੇਮਕੁੰਟ ਸਾਹਿਬ ਦੀ ਜ਼ਿੰਮੇਵਾਰੀ ਚੀਫ਼ ਖਾਲਸਾ ਦੀਵਾਨ ਦੀ ਕਾਨਪੁਰ ਬ੍ਰਾਂਚ ਨੂੰ ਸੌਂਪ ਦਿੱਤੀ ਗਈ।

### ਪੰਜਾਬ ਦਾ ਛੇਵਾਂ ਦਰਿਆ

ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ 1872 ਨੂੰ ਅੰਮ੍ਰਿਤਸਰ ਵਿਚ ਹੋਇਆ। ਉਹ ਡਾ. ਚਰਨ ਸਿੰਘ ਦੇ ਤਿੰਨ ਪੁੱਤਰਾਂ ਵਿੱਚੋਂ ਸਭ ਤੋਂ ਵੱਡੇ ਸਨ। ਇਹ ਪਰਿਵਾਰ ਆਪਣੀ ਬੰਸਾਵਲੀ ਦੀਵਾਨ ਕੌੜਾ ਮੱਲ ਨਾਲ ਜੋੜਦਾ ਹੈ, ਜੋ ਨਵਾਬ ਮੀਰ ਮੁਇਨ-ਉਲ-ਮੁਲਕ ਦੇ ਅਧੀਨ ਮਹਾਰਾਜਾ ਬਹਾਦਰ ਦਾ ਖ਼ਿਤਾਬ ਹਾਸਲ ਕਰ ਕੇ ਮੁਲਤਾਨ ਦੇ ਉਪ-ਗਵਰਨਰ ਦੇ ਅਹੁਦੇ ਤਕ ਪਹੁੰਚੇ। ਇਸ ਪਰਿਵਾਰ ਦੇ ਬਾਬਾ ਕਾਨ੍ਹ ਸਿੰਘ (1788-1878ਈ.) ਨੇ ਸ਼ਾਇਦ ਸਭ ਤੋਂ ਪਹਿਲਾਂ ਸਿੱਖੀ ਧਾਰਨ ਕੀਤੀ।

ਭਾਈ ਵੀਰ ਸਿੰਘ ਨੂੰ ਵੀਹਵੀਂ ਸਦੀ ਦਾ ਭਾਈ ਗੁਰਦਾਸ ਆਖਿਆ ਜਾਂਦਾ ਹੈ। ਉਨ੍ਹਾਂ ਦੀਆਂ ਪ੍ਰਸਿੱਧ ਪੁਸਤਕਾਂ ਵਿਚ ਗੁਰੂ ਨਾਨਕ ਚਮਤਕਾਰ, ਕਲਗੀਧਰ ਚਮਤਕਾਰ, ਬਾਬਾ ਨੌਧ ਸਿੰਘ ਅਤੇ ਮੇਰੇ ਸਾਈਆਂ ਜੀਓ ਸ਼ਾਮਲ ਹਨ। ਸਰਕਾਰ ਅਤੇ ਪੰਜਾਬ ਯੂਨੀਵਰਸਿਟੀ ਨੇ ਭਾਈ ਵੀਰ ਸਿੰਘ ਦੀ ਸਿਰਜਨਾਤਮਕ ਪ੍ਰਤਿਭਾ ਨੂੰ ਸਵੀਕਾਰ ਕੀਤਾ ਹੈ। ਭਾਰਤ ਸਰਕਾਰ ਨੇ ਉਨ੍ਹਾਂ ਨੂੰ 'ਪਦਮ ਸ੍ਰੀ' ਖ਼ਿਤਾਬ ਦੇ ਕੇ ਸਨਮਾਨਿਤ ਕੀਤਾ। ਸ੍ਰੀ ਐੱਚ.ਚਟੋਪਾਧਿਆਇ ਉਨ੍ਹਾਂ ਨੂੰ 'ਪੰਜਾਬ ਦਾ ਛੇਵਾਂ ਦਰਿਆ' ਕਹਿੰਦੇ ਹਨ। ਪੂਰਬੀ ਪੰਜਾਬ ਯੂਨੀਵਰਸਿਟੀ ਨੇ ਉਨ੍ਹਾਂ ਨੂੰ 'ਡਾਕਟਰ ਆਫ਼ ਓਰੀਐਂਟਲ ਲਰਨਿੰਗ' ਦਾ ਸਨਮਾਨ ਦੇ ਕੇ ਸਤਿਕਾਰਿਆ।

1898 ਵਿਚ ਭਾਈ ਵੀਰ ਸਿੰਘ ਦਾ ਨਾਵਲ 'ਸੁੰਦਰੀ' ਪ੍ਰਕਾਸ਼ਿਤ ਹੋਇਆ ਜੋ ਆਧੁਨਿਕ ਪੰਜਾਬੀ ਸਾਹਿਤ ਵਿਚ ਇਕ ਮੀਲ-ਪੱਥਰ ਦਾ ਸਥਾਨ ਰੱਖਦਾ ਹੈ। ਕਈ ਆਲੋਚਕ ਤਾਂ ਇਸ ਨੂੰ ਪੰਜਾਬੀ ਭਾਸ਼ਾ ਦਾ ਪਹਿਲਾ ਨਾਵਲ ਕਹਿੰਦੇ ਹਨ। ਉਨ੍ਹਾਂ ਨੇ ਤਿੰਨ ਉਤਕ੍ਰਿਸ਼ਟ ਜੀਵਨੀਆਂ ਵੀ ਲਿਖੀਆਂ: ਸ੍ਰੀ ਕਲਗੀਧਰ ਚਮਤਕਾਰ (1925) ਸ੍ਰੀ ਗੁਰੂ ਨਾਨਕ ਚਮਤਕਾਰ (1928) ਅਤੇ ਅਸ਼ਟ ਗੁਰ ਚਮਤਕਾਰ (1951)।

ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਸਾਹਿਤ ਦਾ ਅਗਰਦੂਤ ਕਿਹਾ ਜਾਂਦਾ ਹੈ। ਉਨ੍ਹਾਂ ਨੇ ਕਵਿਤਾ, ਨਾਵਲ, ਨਾਟਕ ਅਤੇ ਵਾਰਤਕ ਰਚਨਾਵਾਂ ਲਿਖਣ ਤੋਂ ਇਲਾਵਾ, ਇਤਿਹਾਸਕ ਖੋਜ ਦਾ ਕੰਮ ਵੀ ਕੀਤਾ। ਉਨ੍ਹਾਂ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਅਤੇ ਗੁਰੂ ਨਾਨਕ ਦੇਵ ਜੀ ਦੀ ਜੀਵਨ-ਵਾਰਤਾ 'ਜਨਮਸਾਖੀ' ਨੂੰ ਸੰਪਾਦਿਤ ਕਰ ਕੇ ਪ੍ਰਕਾਸ਼ਿਤ ਕੀਤਾ।

****



## ਦੇਸ਼ਭਗਤ ਨਾਵਲਕਾਰ ਸ. ਨਾਨਕ ਸਿੰਘ

ਪਹਿਲਾਂ ਹੰਸ ਰਾਜ... ਫਿਰ ਭਾਈ ਨਾਨਕ ਸਿੰਘ ..., ਫਿਰ ਨਾਨਕ ਸਿੰਘ ਕਵੀਸ਼ਰ ਅਤੇ ਅੰਤ ਵਿਚ ਨਾਨਕ ਸਿੰਘ ਨਾਵਲਕਾਰ! ਇਹ ਇਕ ਸਾਧਾਰਨ ਜਿਹੇ ਮੁੰਡੇ ਦਾ ਬਹੁਤ ਲੰਮਾ ਸਫ਼ਰ ਸੀ, ਜੋ ਜਿਊਂਦੇ-ਜੀ ਇਕ ਹਰਮਨ-ਪਿਆਰੀ ਗਾਥਾ ਬਣ ਗਿਆ। ਨਾਨਕ ਸਿੰਘ ਜਿਨ੍ਹਾਂ ਨੂੰ ਆਧੁਨਿਕ ਪੰਜਾਬੀ ਨਾਵਲ ਦਾ ਪਿਤਾਮਾ ਕਿਹਾ ਜਾਂਦਾ ਹੈ, ਉਨ੍ਹਾਂ ਦਾ ਜਨਮ ਜਿਹਲਮ ਜ਼ਿਲ੍ਹੇ ਦੇ ਇਕ ਹਿੰਦੂ ਪਰਿਵਾਰ ਵਿਚ 4 ਜੁਲਾਈ 1897 ਨੂੰ ਹੋਇਆ। (ਜ਼ਿਲ੍ਹਾ ਜਿਹਲਮ ਅੱਜ ਕੱਲ੍ਹ ਪਾਕਿਸਤਾਨ ਵਿਚ ਹੈ।)ਇਕ ਗਰੀਬ ਪਰਿਵਾਰ ਵਿਚ ਜਨਮੇ ਅਤੇ ਸਕੂਲ-ਵਿੱਦਿਆ ਤੋਂ ਵਾਂਝੇ ਨਾਨਕ ਸਿੰਘ ਨੇ ਸਿੱਖ ਧਰਮ ਨੂੰ ਵਡਿਆਉਣ ਵਿਚ ਸ਼ਲਾਘਾਯੋਗ ਯੋਗਦਾਨ ਪਾਇਆ।

ਉਨ੍ਹਾਂ ਦੀ ਸ਼ਖ਼ਸੀਅਤ ਦਾ ਇਕ ਪੱਖ ਅੱਜ ਤਕ ਅਣਗੌਲਿਆ ਰਿਹਾ ਹੈ। ਉਹ ਇਹ ਕਿ ਉਹ ਸ਼ਾਇਦ ਪੰਜਾਬੀ ਦੇ ਪਹਿਲੇ ਲੇਖਕ ਸਨ ਜਿਨ੍ਹਾਂ ਨੇ ਆਪਣੀ ਕਲਮ ਦੇ ਜ਼ੋਰ ਨਾਲ ਭਾਰਤ ਵਿਚ ਅੰਗਰੇਜ਼ੀ ਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਉਹ ਇਕ ਬਹੁਤ ਵੱਡੇ ਗਾਂਧੀ-ਭਗਤ ਸਨ ਅਤੇ ਉਨ੍ਹਾਂ ਨੇ ਆਜ਼ਾਦੀ ਦੀ ਲੜਾਈ ਵਿਚ ਅਤੇ ਅਕਾਲੀ ਲਹਿਰ ਵਿਚ ਸਰਗਮ ਭਾਗ ਲਿਆ। ਅਸਲ ਵਿਚ ਉਨ੍ਹਾਂ ਦੀਆਂ ਗਲਪ ਰਚਨਾਵਾਂ ਵਿਚ ਗਾਂਧੀਵਾਦ ਦਾ ਪ੍ਰਤੱਖ ਪ੍ਰਭਾਵ ਦਿਖਾਈ ਦਿੰਦਾ ਹੈ।

ਜੱਲਿਆਂਵਾਲੇ ਬਾਗ ਦੇ ਸਾਕੇ ਨੇ ਉਨ੍ਹਾਂ ਉਤੇ ਬਹੁਤ ਅਸਰ ਕੀਤਾ। ਉਹ 1919 ਦੇ ਵਿਸਾਖੀ ਵਾਲੇ ਦਿਨ ਜੱਲਿਆਂਵਾਲੇ ਬਾਗ ਵਿਚ ਹੋਈ ਘਟਨਾ ਸਮੇਂ ਮਾਰੇ ਗਏ ਲੋਕਾਂ ਦੀਆਂ ਲਾਸ਼ਾਂ ਹੇਠ ਦਬ ਗਏ ਸਨ। ਉਨ੍ਹਾਂ ਦੇ ਦੋ ਮਿੱਤਰ, ਜੋ ਜੱਲਿਆਂਵਾਲੇ ਬਾਗ ਨੂੰ ਉਨ੍ਹਾਂ ਦੇ ਨਾਲ ਗਏ ਸਨ, ਮਾਰੇ ਗਏ ਪਰ ਆਪ ਉਹ ਬਚ ਗਏ। ਉਨ੍ਹਾਂ ਨੇ ਇਸ ਕਤਲੇਆਮ ਤੋਂ ਪ੍ਰਭਾਵਿਤ ਹੋ ਕੇ ਇਕ ਲੰਮੀ ਨਜ਼ਮ ਲਿਖੀ, ਜਿਸ ਵਿਚ ਬਸਤੀਵਾਦੀ ਨਿਜ਼ਾਮ ਦਾ ਮਜ਼ਾਕ ਉਡਾਇਆ ਗਿਆ ਸੀ। ਜੱਲਿਆਂਵਾਲੇ ਬਾਗ ਦੇ ਅਸਰ ਅਧੀਨ ਉਨ੍ਹਾਂ ਨੇ ਕਈ ਜੋਸ਼ੀਲੀਆਂ ਕਵਿਤਾਵਾਂ ਲਿਖੀਆਂ। ਅੰਗਰੇਜ਼ ਸਰਕਾਰ ਸੰਕਟ ਵਿਚ ਸੀ। ਉਸ ਨੇ ਕਿਤਾਬ ਉਤੇ ਪਾਬੰਦੀ ਲਾ ਦਿੱਤੀ ਅਤੇ ਕਿਤਾਬ ਦੀਆਂ ਸਾਰੀਆਂ ਕਾਪੀਆਂ ਜ਼ਬਤ ਕਰ ਲਈਆਂ।

ਉਨ੍ਹਾਂ ਦੀਆਂ ਕਵਿਤਾ ਦੀਆਂ ਦੋ ਕਿਤਾਬਾਂ 'ਖ਼ੂਨੀ ਵਸਾਖੀ' ਅਤੇ 'ਜ਼ਖ਼ਮੀ ਦਿਲ' ਉਤੇ ਸਰਕਾਰ ਨੇ ਪਾਬੰਦੀ ਲਾ ਦਿੱਤੀ। ਪਹਿਲੀ ਕਿਤਾਬ ਵਿਚ ਅੰਗਰੇਜ਼ ਸਰਕਾਰ ਦਾ ਜ਼ਾਲਮ ਚਿਹਰਾ ਚਿਤਰਿਆ ਗਿਆ ਸੀ। ਜਿਸ ਨੇ ਬਿਨਾਂ ਕਿਸੇ ਭੜਕਾਹਟ ਦੇ ਨਿਰਦੋਸ਼ ਭਾਰਤੀਆਂ ਉਤੇ ਗੋਲੀਆਂ ਚਲਾਈਆਂ। ਦੂਜੀ ਕਿਤਾਬ 'ਜ਼ਖ਼ਮੀ ਦਿਲ' ਵਿਚ ਸਰਕਾਰ ਦੀ ਨਿਰਦਇਤਾ ਅਤੇ ਜ਼ੁਲਮ ਨੂੰ ਪ੍ਰਦਰਸ਼ਿਤ ਕੀਤਾ

ਗਿਆ ਸੀ, ਜਿਸ ਨੇ ਨਵੰਬਰ 1922 ਵਿਚ ਗੁਰੂ ਕਾ ਬਾਗ ਦੇ ਮੋਰਚੇ ਸਮੇਂ ਸ਼ਾਂਤਮਈ ਸਿੱਖਾਂ ਉਤੇ ਬੇਹੱਦ ਜ਼ੁਲਮ ਕੀਤਾ ਸੀ। ਦੂਜੀ ਕਿਤਾਬ ਪਹਿਲੀ ਵਾਰ ਜਨਵਰੀ 1923 ਵਿਚ ਛਪੀ ਸੀ ਅਤੇ 14 ਫਰਵਰੀ 1923 ਨੂੰ ਇਸ ਉਤੇ ਪਾਬੰਦੀ ਲਾ ਦਿੱਤੀ ਗਈ।

ਨਾਨਕ ਸਿੰਘ ਉਦੋਂ ਅਜੇ ਸਿਰਫ਼ 22 ਸਾਲਾਂ ਦੇ ਸਨ, ਜਦੋਂ ਉਨ੍ਹਾਂ ਨੇ 1919 ਦੇ ਰੋਲਟ ਐਕਟ ਵਰਗੇ ਕਾਲੇ ਕਾਨੂੰਨਾਂ ਦੇ ਵਿਰੁੱਧ ਕਲਮ ਚੁੱਕ ਲਈ। ਇਸ ਤਰ੍ਹਾਂ ਹੌਲੀ-ਹੌਲੀ ਨਾਨਕ ਸਿੰਘ ਦੀ ਰਚਨਾ-ਪ੍ਰਕਿਰਿਆ ਦਾ ਵਿਕਾਸ ਹੁੰਦਾ ਗਿਆ। ਪਹਿਲਾਂ ਉਨ੍ਹਾਂ ਨੇ ਗੁਰੂ ਸਾਹਿਬਾਨ ਦੀ ਉਸਤਤ ਵਿਚ ਕੁਝ ਗੀਤ ਲਿਖੇ ਅਤੇ ਬਾਅਦ ਵਿਚ ਉਹ ਦੇਸ਼ ਭਗਤ ਕਵੀ ਬਣ ਗਏ ਅਤੇ ਵਿਦੇਸ਼ੀ ਰਾਜ ਵਿਰੁੱਧ ਆਵਾਜ਼ ਬੁਲੰਦ ਕੀਤੀ। ਸੰਤ ਸਿੰਘ ਸੇਖੋਂ ਲਿਖਦੇ ਹਨ 'ਫੇਰ ਉਨ੍ਹਾਂ ਨੇ ਸਮਾਜ ਸੁਧਾਰ ਨਾਲ ਸਬੰਧਿਤ ਨਾਵਲ ਲਿਖਣੇ ਸ਼ੁਰੂ ਕਰ ਦਿੱਤੇ' ਆਪਣੇ ਸੰਸਾਰ-ਪ੍ਰਸਿੱਧ ਨਾਵਲ 'ਚਿੱਟਾ ਲਹੂ' ਵਿਚ ਨਾਨਕ ਸਿੰਘ ਲਿਖਦੇ ਹਨ 'ਜਾਪਦਾ ਹੈ ਕਿ ਸਾਡੇ ਸਮਾਜ ਦੇ ਖ਼ੂਨ ਵਿਚੋਂ ਲਾਲ ਰਕਤ-ਕਣ ਖ਼ਤਮ ਹੋ ਗਏ ਹਨ।'

ਬਿਨਾਂ ਸ਼ੱਕ ਨਾਨਕ ਸਿੰਘ ਦੇ ਪਰਿਵਾਰ ਪਾਸ ਉਨ੍ਹਾਂ ਦੇ ਸੁਤੰਤਰਤਾ ਸੰਗਰਾਮੀ ਹੋਣ ਦੇ ਬੜੇ ਠੋਸ ਸਬੂਤ ਹਨ ਪਰ ਉਨ੍ਹਾਂ ਨੇ ਕਦੀ ਦੇਸ਼ਭਗਤਾਂ ਦੇ ਕੋਟੇ 'ਚੋਂ ਕੋਈ ਰਿਆਇਤ ਲੈਣ ਵਾਸਤੇ ਬੇਨਤੀ ਨਹੀਂ ਕੀਤੀ। ਨਾਨਕ ਸਿੰਘ ਦੀ ਧਰਮ ਪਤਨੀ ਬੀਬੀ ਰਾਜ ਕੌਰ 97 ਸਾਲ ਦੀ ਉਮਰ ਭੋਗ ਕੇ ਸਾਥੋਂ ਵਿਛੜ ਗਏ, ਪਰ ਨਾ ਤਾਂ ਕਦੀ ਸੂਬਾ ਸਰਕਾਰ ਨੂੰ ਅਤੇ ਨਾ ਹੀ ਕਦੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਕਿਸੇ ਸਮਾਗਮ ਵਿਚ ਉਨ੍ਹਾਂ ਨੂੰ ਸਨਮਾਨਿਤ ਕਰਨ ਦਾ ਖ਼ਿਆਲ ਆਇਆ। ਕੋਈ ਪੈਨਸ਼ਨ ਲਾਉਣ ਦੀ ਗੱਲ ਤਾਂ ਰਹੀ ਇਕ ਪਾਸੇ।

1998 ਵਿਚ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਗੁਜਰਾਲ ਨੇ ਸ. ਨਾਨਕ ਸਿੰਘ ਦੀ ਯਾਦ ਵਿਚ ਇਕ ਡਾਕ ਟਿਕਟ ਜਾਰੀ ਕੀਤੀ ਪਰ ਅਫ਼ਸੋਸ ਦੀ ਗੱਲ ਹੈ ਕਿ ਉਸ ਸਮੇਂ ਵੀ ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਉਨ੍ਹਾਂ ਦੇ ਯੋਗਦਾਨ ਦਾ ਜ਼ਿਕਰ ਨਹੀਂ ਕੀਤਾ ਗਿਆ।

ਆਪਣੇ ਬਚਪਨ ਵਿਚ ਹੰਸ ਰਾਜ (ਜੋ ਬਾਅਦ ਵਿਚ ਨਾਨਕ ਸਿੰਘ ਦੇ ਨਾਂ ਨਾਲ ਮਸ਼ਹੂਰ ਹੋਏ।) ਇਤਿਹਾਸਕ ਘਟਨਾਵਾਂ ਬਾਰੇ ਕਵਿਤਾਵਾਂ ਲਿਖਿਆ ਕਰਦੇ ਸਨ। ਸਿੱਖ ਧਰਮ ਧਾਰਨ ਕਰਨ ਤੋਂ ਪਿੱਛੋਂ ਉਨ੍ਹਾਂ ਨੇ ਧਾਰਮਕ ਗੀਤ ਲਿਖਣੇ ਸ਼ੁਰੂ ਕੀਤੇ, ਜਿਨ੍ਹਾਂ ਰਾਹੀਂ ਉਹ ਸਿੱਖਾਂ ਨੂੰ ਗੁਰਦੁਆਰਾ ਸੁਧਾਰ ਲਹਿਰ ਵਿਚ ਸ਼ਾਮਲ ਹੋਣ ਲਈ ਪ੍ਰੇਰਨਾ ਦਿੰਦੇ ਸਨ। ਸ. ਨਾਨਕ ਸਿੰਘ ਦੇ ਸਪੁੱਤਰ ਸ. ਕੁਲਵੰਤ ਸਿੰਘ ਸੂਰੀ ਦਸਦੇ ਹਨ ਕਿ ਉਨ੍ਹਾਂ ਦੇ ਪਿਤਾ ਜੀ ਗੁਰੂ ਕਾ ਬਾਗ ਮੋਰਚਾ ਸਮੇਂ ਅਕਾਲੀ ਸੱਤਿਆਗ੍ਰਹੀਆਂ ਦੇ ਇਕ ਜਥੇ ਵਿਚ ਸ਼ਾਮਲ ਹੋਏ ਸਨ। ਉਨ੍ਹਾਂ ਨੂੰ ਬੋਰਸਟਲ ਜੇਲ੍ਹ ਲਾਹੌਰ ਵਿਚ ਭੇਜ ਦਿੱਤਾ ਗਿਆ। ਨਾਨਕ ਸਿੰਘ ਅਕਾਲੀ ਅਖ਼ਬਾਰ ਵੀ ਛਾਪਿਆ ਕਰਦੇ ਸਨ ਜੋ ਛੇਤੀ ਹੀ ਅੰਗਰੇਜ਼ੀ ਸਰਕਾਰ ਦੀ ਨਜ਼ਰ ਚੜ੍ਹ ਗਈ। ਬੜੀ ਹੈਰਾਨੀ ਦੀ ਗੱਲ ਹੈ ਕਿ ਨਾ ਤਾਂ ਕਾਂਗਰਸ ਨੇ ਅਤੇ ਨਾ ਹੀ ਅਕਾਲੀਆਂ ਨੇ ਨਾਨਕ ਸਿੰਘ ਦੇ ਯੋਗਦਾਨ ਦੀ ਕੋਈ ਕਦਰ ਕੀਤੀ, ਜੋ ਅੰਗਰੇਜ਼ੀ ਸਰਕਾਰ ਵਿਰੁੱਧ ਲੜਦੇ ਰਹੇ। ਇਥੋਂ



ਤਕ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਆਪਣੇ ਸ਼ਤਾਬਦੀ ਸਮਾਰੋਹਾਂ ਵਿਚ ਕਦੀ ਮਾਤਾ ਰਾਜ ਕੌਰ ਦਾ ਸਨਮਾਨ ਨਹੀਂ ਕੀਤਾ।

ਇਹ ਦੁੱਖ ਦੀ ਗੱਲ ਹੈ ਕਿ ਨਾਵਲਕਾਰ ਵੱਲੋਂ ਆਜ਼ਾਦੀ ਦੀ ਜੰਗ ਵਿਚ ਪਾਏ ਹਿੱਸੇ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ। ਸ. ਨਾਨਕ ਸਿੰਘ ਦਿਨ-ਪ੍ਰਤੀ-ਦਿਨ ਵਾਪਰਦੀਆਂ ਘਟਨਾਵਾਂ ਬਾਰੇ ਸੁਚੇਤ ਸਨ ਅਤੇ ਉਨ੍ਹਾਂ ਨੇ ਸੰਸਾਰ ਜੰਗਾਂ, ਭਾਰਤ-ਪਾਕਿ ਯੁੱਧਾਂ, ਦੇਸ਼ ਦੀ ਵੰਡ, ਧਾਰਮਕ ਪਖੰਡ, ਜਾਤਪਾਤੀ ਅੱਤਿਆਚਾਰ ਅਤੇ ਔਰਤਾਂ ਦੇ ਸ਼ੋਸਣ ਆਦਿ ਵਿਸ਼ਿਆਂ ਉਤੇ ਕਲਮ ਚਲਾਈ।

ਭਾਰਤ ਦੇ ਰਾਸ਼ਟਰਪਤੀ ਗਿ. ਜ਼ੈਲ ਸਿੰਘ ਨੇ ਨਾਨਕ ਸਿੰਘ ਨੂੰ ਪੰਜਾਬੀ ਦਾ ਪਰਮ ਮਹਾਨ ਨਾਵਲਕਾਰ ਆਖਿਆ। ਇਹ ਗਿ. ਜ਼ੈਲ ਸਿੰਘ ਹੀ ਸਨ ਜਿਨ੍ਹਾਂ ਨੇ ਇੰਗਲੈਂਡ ਦੇ ਇਕ ਅਜਾਇਬ ਘਰ ਵਿਚੋਂ ਨਾਨਕ ਸਿੰਘ ਦੀ ਪੁਸਤਕ 'ਖ਼ੂਨੀ ਵਿਸਾਖੀ' ਲਿਆ ਕੇ ਦੇਣ ਵਿਚ ਨਾਨਕ ਸਿੰਘ ਦੇ ਪਰਿਵਾਰ ਦੀ ਸਹਾਇਤਾ ਕੀਤੀ। ਇਸ ਪੁਸਤਕ ਦੀਆਂ ਸਾਰੀਆਂ ਕਾਪੀਆਂ ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਲਈਆਂ ਸਨ। ਪੰਜਾਬੀ ਦੀ ਨਾਮਵਰ ਲੇਖਿਕਾ ਅਤੇ ਸ. ਨਾਨਕ ਸਿੰਘ ਦੀ ਨੂੰਹ ਡਾ. ਅਤਰਜੀਤ ਕੌਰ ਸੂਰੀ ਆਪਣੀ ਪੁਸਤਕ 'ਮੇਰੇ ਬਾਊਜੀ' ਵਿਚ ਲਿਖਦੇ ਹਨ ਕਿ ਉਹ ਆਪਣੇ ਸਤਿਕਾਰਯੋਗ ਸਹੁਰਾ ਜੀ ਦੇ ਨਾਵਲ ਬੜੀ ਦਿਲਸਚਪੀ ਨਾਲ ਪੜ੍ਹਿਆ ਕਰਦੇ ਸਨ।

ਸ. ਨਾਨਕ ਸਿੰਘ ਦੇ ਸਪੁੱਤਰ ਸ. ਕੁਲਵੰਤ ਸਿੰਘ ਸੂਰੀ ਅਤੇ ਸ. ਕੁਲਬੀਰ ਸਿੰਘ ਸੂਰੀ ਦੋਵੇਂ ਪੰਜਾਬੀ ਪੁਸਤਕਾਂ ਦੇ ਪ੍ਰਸਿੱਧ ਪ੍ਰਕਾਸ਼ਕ ਹਨ। ਉਨ੍ਹਾਂ ਦੋਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਿਤਾ ਦੇ ਕੁਝ ਕਲਾਸਿਕ ਨਾਵਲ ਸੌ ਤੋਂ ਵੀ ਵੱਧ ਵਾਰੀ ਛੱਪ ਚੁੱਕੇ ਹਨ। ਪੰਜਾਬੀ ਭਾਸ਼ਾ ਦੀ ਜਾਣਕਾਰ ਰੂਸੀ ਲੇਖਿਕਾ ਮਿਸ ਨਤਾਸ਼ਾ ਤੋਲਸਤਾਇਆ ਨੇ ਨਾਨਕ ਸਿੰਘ ਦੇ ਨਾਵਲ 'ਚਿੱਟਾ ਲਹੂ' ਦਾ ਰੂਸੀ ਅਨੁਵਾਦ ਕੀਤਾ ਅਤੇ ਉਸ ਦੀਆਂ 50000 ਕਾਪੀਆਂ ਇਕ ਹਫ਼ਤੇ ਵਿਚ ਹੀ ਵਿਕ ਗਈਆਂ। ਨਤਾਸ਼ਾ ਤੋਲਸਤਾਇਆ ਆਪ ਅੰਮ੍ਰਿਤਸਰ ਆਏ ਅਤੇ ਉਨ੍ਹਾਂ ਨੇ ਅਨੁਵਾਦ ਕੀਤੇ ਨਾਵਲ ਦੀ ਪਹਿਲੀ ਕਾਪੀ ਸ. ਨਾਨਕ ਸਿੰਘ ਨੂੰ ਭੇਟ ਕੀਤੀ।

ਨਾਨਕ ਸਿੰਘ ਦੇ ਸਪੁੱਤਰ ਕਹਿੰਦੇ ਹਨ ਕਿ ਬਿਨਾਂ ਸ਼ੱਕ ਨਾਨਕ ਸਿੰਘ ਦੇ ਨਾਵਲਾਂ ਦੇ ਅਨੁਵਾਦ ਅੰਗਰੇਜ਼ੀ, ਗੁਜਰਾਤੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਛਪੇ ਪਰ ਉਨ੍ਹਾਂ ਦੀਆਂ ਦੇਸ਼-ਪਿਆਰ ਦੀਆਂ ਕਵਿਤਾਵਾਂ ਅਤੇ ਗੀਤਾਂ ਦੀ ਪੰਜਾਬ ਸਰਕਾਰ ਜਾਂ ਕੌਮੀ ਸਰਕਾਰਾਂ ਨੇ ਪਹਿਚਾਨ ਨਹੀਂ ਕੀਤੀ।

ਪ੍ਰੀਤ ਨਗਰ ਵਿਚ ਸ. ਨਾਨਕ ਸਿੰਘ ਦਾ ਘਰ ਅਜੇ ਵੀ ਕਾਇਮ ਹੈ। ਪਰ ਅੰਮ੍ਰਿਤਸਰ ਦੇ ਪੁਰਾਣੇ ਸ਼ਹਿਰ ਵਿਚ ਉਨ੍ਹਾਂ ਦੇ ਘਰ ਨੂੰ ਸੰਭਾਲਣ ਦਾ ਕਿਸੇ ਨੇ ਫ਼ਿਕਰ ਨਹੀਂ ਕੀਤਾ, ਜਿੱਥੇ ਬੈਠ ਕੇ ਉਨ੍ਹਾਂ ਨੇ ਆਪਣੀਆਂ ਕਈ ਕਲਾਸਿਕ ਰਚਨਾਵਾਂ ਦੀ ਸਿਰਜਨਾ ਕੀਤੀ।

****

# ਮਿੱਟੀ ਹੋ ਗਿਆ ਗੌਰਵਮਈ ਵਿਰਸਾ

ਲੋਕਾਂ ਦੀ ਯਾਦ-ਸ਼ਕਤੀ ਬਹੁਤ ਕਮਜ਼ੋਰ ਹੈ। ਧਨੀ ਰਾਮ ਚਾਤ੍ਰਿਕ ਨੂੰ 'ਪੰਜਾਬ ਦਾ ਸਭ ਤੋਂ ਵੱਡਾ ਗੀਤਕਾਰ ਅਤੇ ਕਵੀ' ਆਖਿਆ ਜਾਂਦਾ ਸੀ। ਉਸ ਨੂੰ ਗੁਜ਼ਰਿਆਂ ਅਜੇ ਮਸੀਂ 65 ਸਾਲ ਹੋਏ ਹਨ ਕਿ ਪੰਜਾਬੀ ਪਿਆਰੇ ਉਸ ਨੂੰ ਭੁੱਲ ਗਏ ਹਨ।

ਚਾਤ੍ਰਿਕ ਨੇ ਸਭ ਤੋਂ ਪਹਿਲਾਂ ਗੁਰਮੁਖੀ ਅੱਖਰਾਂ (ਟਾਈਪ) ਨੂੰ ਪ੍ਰਮਾਣਿਕ ਰੂਪ ਦਿੱਤਾ। ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਅਤੇ ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਨੂੰ ਆਪਣੇ ਸੁਦਰਸ਼ਨ ਪ੍ਰਿੰਟਿੰਗ ਪ੍ਰੈਸ ਵਿਚ ਛਾਪਣ ਦਾ ਮਾਣ ਪ੍ਰਾਪਤ ਹੈ। (ਮਹਾਨ ਕੋਸ਼ ਨੂੰ ਪੰਜਾਬੀ ਦਾ ਪਹਿਲਾ ਪ੍ਰਮਾਣਿਕ ਸ਼ਬਦ ਕੋਸ਼ (ਡਿਕਸ਼ਨਰੀ) ਸਮਝਿਆ ਜਾਂਦਾ ਹੈ।)

ਧਨੀ ਰਾਮ ਚਾਤ੍ਰਿਕ ਨਿਰਸੰਦੇਹ ਆਧੁਨਿਕ ਪੰਜਾਬੀ ਕਵਿਤਾ ਦੇ ਨਿਰਮਾਤਾ ਸਨ। ਕਈ ਮਸ਼ਹੂਰ ਗਾਇਕ ਉਨ੍ਹਾਂ ਦੇ ਗੀਤਾਂ ਨੂੰ ਗਾ ਗਾ ਕੇ ਅਮੀਰ ਹੋ ਗਏ ਹਨ। ਉਹ ਪਿਛਲੀ ਸਦੀ ਦੇ ਮੋੜ 'ਤੇ ਦੇਸ਼ ਵਿਚ ਅਰੰਭ ਹੋਈ ਸਾਹਿਤਕ ਪੁਨਰ-ਜਾਗ੍ਰਿਤੀ ਦੇ ਮੋਢੀ ਕਲਮਕਾਰਾਂ ਵਿੱਚੋਂ ਇਕ ਸਨ। ਪਰ ਅੱਜ ਉਹ ਇਕ ਭੁੱਲੇ-ਵਿਸਰੇ ਨਾਇਕ ਬਣ ਕੇ ਰਹਿ ਗਏ ਹਨ।

ਚਾਤ੍ਰਿਕ ਪੰਜਾਬੀ ਸਭਾ ਦੇ ਬਾਨੀ ਪ੍ਰਧਾਨ ਸਨ। ਇਸ ਸਭਾ ਨੇ ਉਸ ਸਮੇਂ ਪੰਜਾਬੀ ਬੋਲੀ ਨੂੰ ਉਸ ਦਾ ਸਤਿਕਾਰਯੋਗ ਸਥਾਨ ਦੁਆਉਣ ਲਈ ਲਗਾਤਾਰ ਯਤਨ ਕੀਤੇ, ਜਦੋਂ ਪੰਜਾਬ ਵਿਚ ਉਰਦੂ ਨੂੰ ਸਰਕਾਰੀ ਸਰਪ੍ਰਸਤੀ ਹਾਸਲ ਸੀ। ਚਾਤ੍ਰਿਕ ਇਕ ਬਹੁਪੱਖੀ ਤੇ ਅਣਥੱਕ ਲਿਖਾਰੀ ਸਨ। ਉਨ੍ਹਾਂ ਨੇ ਪੰਜਾਬੀ ਬੋਲੀ ਦੀਆਂ ਵੱਖ-ਵੱਖ ਵਿਧਾਵਾਂ ਵਿਚ ਨਵੇਂ ਤਜਰਬੇ ਕੀਤੇ। ਉਨ੍ਹਾਂ ਦੀ ਸ਼ਬਦਾਵਲੀ ਸਦਾ ਸੱਜਰੀ, ਅਲੰਕਾਰ, ਅੰਦਾਜ਼ ਤੇ ਸ਼ੈਲੀ ਹਮੇਸ਼ਾ ਨਵੀਨ ਸਾਦਾ ਤੇ ਤਾਜ਼ਗੀ ਭਰੀ ਹੁੰਦੀ ਸੀ। ਚਾਤ੍ਰਿਕ ਸੱਚ-ਮੁੱਚ ਹੀ ਇਕ ਕੱਦ-ਆਵਰ ਸ਼ਖ਼ਸੀਅਤ ਸਨ। ਉਨ੍ਹਾਂ ਨੇ ਆਪਣੀ ਸਾਰੀ ਉਮਰ ਪੰਜਾਬੀਅਤ ਦੀ ਸੇਵਾ ਵਿਚ ਬਤੀਤ ਕੀਤੀ।

ਦੁੱਖ ਦੀ ਗੱਲ ਹੈ ਕਿ ਅੰਮ੍ਰਿਤਸਰ-ਲਾਹੌਰ ਸੜਕ ਉਤੇ ਚਾਤ੍ਰਿਕ ਜੀ ਦਾ ਜੋ ਵਿਸ਼ਾਲ ਘਰ ਸੀ, ਜੋ ਪੰਜਾਬੀ ਲਿਖਾਰੀਆਂ ਲਈ ਇਕ ਯਾਤਰਾ ਸਥਾਨ ਹੋਣਾ ਚਾਹੀਦਾ ਸੀ, ਅੱਜ ਆਪਣੀ ਹੋਂਦ ਹੀ ਗੁਆ ਬੈਠਾ ਹੈ। ਇਸ ਮਕਾਨ ਦਾ ਵੱਡਾ ਹਿੱਸਾ ਹੁਣ ਵਿਆਹ-ਸ਼ਾਦੀਆਂ ਦਾ ਕੇਂਦਰ 'ਚਿਰਾਗ ਪੈਲੇਸ' ਬਣ ਗਿਆ ਹੈ। ਇਸ ਮਕਾਨ ਦੇ ਬਾਕੀ ਰਹਿੰਦੇ ਹਿੱਸੇ ਵਿਚ ਚਾਤ੍ਰਿਕ ਜੀ ਦਾ ਨਿਰ-ਸੰਤਾਨ ਸਭ ਤੋਂ ਛੋਟਾ ਪੁੱਤਰ ਪ੍ਰੇਮ ਕੁਮਾਰ ਮੋਂਗਾ (ਉਮਰ 79 ਸਾਲ) ਆਪਣੀ ਮੰਜੇ ਨਾਲ ਮੰਜਾ ਹੋਈ ਬਿਮਾਰ ਪਤਨੀ ਸ੍ਰੀਮਤੀ ਲਲਿਤਾ ਸਹਿਤ ਰਹਿ ਰਿਹਾ ਹੈ। ਇਸ ਮਕਾਨ ਦਾ ਕਾਫ਼ੀ ਮੁਹਾਂਦਰਾ ਬਦਲ ਗਿਆ ਹੈ। ਸ਼ਾਇਦ ਹੀ ਕਿਸੇ ਸਾਹਿੱਤਕ ਵਿਅਕਤੀ ਨੂੰ ਪਤਾ ਹੋਵੇਗਾ ਕਿ



ਜਿਸ ਮਕਾਨ ਵਿਚ ਉਪਰੋਕਤ ਜੋੜਾ ਰਹਿ ਰਿਹਾ ਹੈ, ਇਸ ਨੂੰ ਕਦੀ ਧਨੀ ਰਾਮ ਚਾਤ੍ਰਿਕ ਨੇ ਬਣਾਇਆ ਸੀ।

ਇਹ ਘਰ ਖਾਲਸਾ ਕਾਲਜ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਕੁਝ ਗਜ਼ਾਂ ਦੇ ਫਾਸਲੇ 'ਤੇ ਹੀ ਹੈ। ਜਦ ਕਿ ਇਹ ਦੋਵੇਂ ਸੰਸਥਾਂਵਾਂ ਪੰਜਾਬੀ ਤੇ ਪੰਜਾਬੀਅਤ ਨੂੰ ਉੱਨਤ ਕਰਨ ਵਾਸਤੇ ਬਣਾਈਆਂ ਗਈਆਂ ਸਨ। ਪਰ ਇਨ੍ਹਾਂ ਦੋਹਾਂ ਸੰਸਥਾਵਾਂ ਨੇ ਮੋਂਗਾ ਜੋੜੇ ਨੂੰ ਕਦੀ ਕਿਸੇ ਸਮਾਗਮ ਵਿਚ ਬੁਲਾਉਣ ਦੀ ਖੇਚਲ ਨਹੀਂ ਕੀਤੀ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਦੇ ਪ੍ਰੋਫੈਸਰ ਡਾ. ਹਰਭਜਨ ਸਿੰਘ ਭਾਟੀਆ ਨੇ ਇਕ ਸਬੱਬੀ ਹੋਈ ਮੁਲਾਕਾਤ ਵਿਚ ਕਈ ਅਣਜਾਣੇ ਤੱਥਾਂ ਦੀ ਜਾਣਕਾਰੀ ਦਿੱਤੀ। ਡਾ. ਭਾਟੀਆ ਨੇ ਚਾਤ੍ਰਿਕ ਨਿਵਾਸ ਨੂੰ ਢਾਹ ਕੇ ਉਸ ਦੀ ਥਾਂ 'ਤੇ ਮੈਰਿਜ ਪੈਲੇਸ ਬਣਾਉਣ ਦੀ ਭਰਪੂਰ ਨਿਖੇਧੀ ਕੀਤੀ ਅਤੇ ਆਖਿਆ ਕਿ ਇਹ ਅਫ਼ਸੋਸ ਦੀ ਗੱਲ ਹੈ ਕਿ ਪੰਜਾਬ 'ਸਾਹਿਤਕ ਸੈਰ-ਸਪਾਟੇ' ਤੋਂ ਲਾਭ ਉਠਾਉਣ ਵਿਚ ਅਸਫਲ ਰਿਹਾ ਹੈ। ਡਾ. ਭਾਟੀਆ ਜੋ ਕੁਝ ਸਮਾਂ ਪਹਿਲਾ ਹੀ ਸ਼ੈਕਸਪੀਅਰ ਅਤੇ ਲਾਰਡ ਬਾਇਰਨ ਦੇ ਜਨਮ-ਸਥਾਨ ਵੇਖ ਕੇ ਆਏ ਹਨ, ਨੇ ਕਿਹਾ ਕਿ ਇਨ੍ਹਾਂ ਦੋਹਾਂ ਜਨਮ-ਸਥਾਨਾਂ ਨੂੰ ਦੇਖਣ ਲਈ ਦੁਨੀਆ ਭਰ 'ਚੋਂ ਲੋਕ ਆਉਂਦੇ ਹਨ।

ਚਾਤ੍ਰਿਕ ਜੀ ਦਾ ਸਭ ਤੋਂ ਛੋਟਾ ਪੁੱਤਰ ਜੋ ਗੁਰਮੁਖੀ ਨਾ ਜਾਣਨ ਕਰਕੇ ਆਪਣੇ ਪਿਤਾ ਦੀਆਂ ਕਿਤਾਬਾਂ ਨਹੀਂ ਪੜ੍ਹ ਸਕਦਾ, ਨੇ ਆਖਿਆ ਕਿ ਇਹ ਉਸ ਦਾ ਕਸੂਰ ਹੈ ਕਿ ਉਹ ਚਾਤ੍ਰਿਕ ਨਿਵਾਸ ਦੀ ਸੰਭਾਲ ਨਹੀਂ ਕਰ ਸਕਿਆ। ਉਹ ਇਸ ਘਰ ਦੀ ਵਿਰਾਸਤੀ ਮਹੱਤਤਾ ਤੋਂ ਅਣਜਾਣ ਸੀ ਅਤੇ ਉਸ ਨੇ ਇਸ ਬਹੁਮੁੱਲੀ ਸਾਹਿੱਤਕ ਧਰੋਹਰ ਨੂੰ ਥੋੜ੍ਹੀ ਥੋੜ੍ਹੀ ਕਰ ਕੇ ਵੇਚ ਦਿੱਤਾ। ਕਹਿੰਦੇ ਹਨ ਕਿ ਉਹ ਇਸ ਅਣਗਹਿਲੀ ਕਾਰਨ ਅੱਜਕੱਲ੍ਹ ਦਿਲਗੀਰ ਰਹਿੰਦੇ ਹਨ। ਉਨ੍ਹਾਂ ਦੀ ਪਤਨੀ ਇਹ ਗੱਲ ਮੰਨਦੇ ਹਨ ਕਿ ਚਾਤ੍ਰਿਕ ਜੀ ਨੂੰ ਇਹ ਦੇਖ ਕੇ ਸੱਚ-ਮੁੱਚ ਬੜਾ ਦੁੱਖ ਹੁੰਦਾ ਕਿ ਉਨ੍ਹਾਂ ਦੇ ਆਪਣੇ ਪੁੱਤਰ ਉਸ ਸਾਹਿਤ ਨੂੰ ਪੜ੍ਹ ਨਹੀਂ ਸਕਦੇ ਜਿਹੜਾ ਉਨ੍ਹਾਂ ਨੇ ਐਨੀ ਮਿਹਨਤ ਨਾਲ ਲਿਖਿਆ ਸੀ।

ਚਾਤ੍ਰਿਕ ਜੀ ਦੇ ਚਹੁੰਆਂ ਸਪੁੱਤਰਾਂ ਨੇ ਸ੍ਰੀ ਬਲਵੰਤ ਰਾਏ, ਸ੍ਰੀ ਬ੍ਰਿਜ ਮੋਹਨ, (ਜਿਨ੍ਹਾਂ ਦਾ ਦਿਹਾਂਤ ਹੋ ਚੁੱਕਾ ਹੈ।), ਸ੍ਰੀ ਜਸਵੰਤ ਰਾਏ ਅਤੇ ਸ੍ਰੀ ਪ੍ਰੇਮ ਕੁਮਾਰ ਨੇ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਲਾਇਬ੍ਰੇਰੀ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਦੇ ਦੇਣ ਦਾ ਫੈਸਲਾ ਕੀਤਾ। ਪਰ ਬਜ਼ੁਰਗ ਜੋੜੇ (ਸ੍ਰੀ ਪ੍ਰੇਮ ਕੁਮਾਰ ਅਤੇ ਸ੍ਰੀਮਤੀ ਲਲਿਤਾ ਜੀ) ਕੋਲ ਅਜੇ ਵੀ ਕੁਝ ਦੁਰਲੱਭ ਤਸਵੀਰਾਂ ਅਤੇ ਕੁਝ ਗੁਰਮੁਖੀ ਅੱਖਰ ਸੁਰੱਖਿਅਤ ਹਨ, ਜੋ ਚਾਤ੍ਰਿਕ ਜੀ ਨੇ ਬਣਵਾਏ ਸਨ। ਇਹ ਅੱਖਰ ਧਾਤ ਦੇ ਬਣੇ ਹੋਏ ਹਨ ਅਤੇ ਅਜਾਇਬ-ਘਰ ਵਿਚ ਰੱਖਣਯੋਗ ਹਨ।

ਦੂਜੇ ਪਾਸੇ ਸ. ਜੋਗਿੰਦਰ ਸਿੰਘ ਓਹਰੀ, ਜਿਨ੍ਹਾਂ ਨੇ 1987 ਵਿਚ ਚਾਤ੍ਰਿਕ ਨਿਵਾਸ ਦਾ ਵੱਡਾ ਹਿੱਸਾ ਖਰੀਦ ਲਿਆ ਸੀ, ਆਪਣੇ ਕਬਜ਼ੇ ਵਿਚ ਆਏ ਮਕਾਨ

ਦਾ ਬਾਕੀ ਹਿੱਸਾ ਢਾਹ ਕੇ, ਚਿਰਾਗ ਮੈਰਿਜ ਪੈਲੇਸ ਨੂੰ ਵੱਡਾ ਕਰਨਾ ਚਾਹੁੰਦੇ ਹਨ। ਇਸ ਤੋਂ ਪਹਿਲਾਂ ਵੀ ਉਹ ਆਪਣਾ ਮੈਰਿਜ ਪੈਲੇਸ ਬਣਾਉਣ ਲਈ 50 ਤੋਂ ਵਧ ਦਰੱਖਤ ਵਢਵਾ ਚੁੱਕੇ ਹਨ। ਪਰ ਉਨ੍ਹਾਂ ਦੇ ਸਪੁੱਤਰ ਸ੍ਰੀ ਵਿਵੇਕ ਕੁਮਾਰ ਇਸ ਗੱਲ ਨਾਲ ਸਹਿਮਤ ਹਨ ਕਿ ਜੇ ਸੂਬਾ ਸਰਕਾਰ ਜਾਂ ਜ਼ਿਲ੍ਹਾ ਪ੍ਰਸ਼ਾਸਨ ਕੋਈ ਦਿਲਚਸਪੀ ਦਿਖਾਏ ਤਾਂ ਉਹ ਮਕਾਨ ਦੇ ਬਚਦੇ ਹਿੱਸੇ ਨੂੰ ਸੁਰੱਖਿਅਤ ਰੱਖਣ ਲਈ ਤਿਆਰ ਹਨ। ਉਨ੍ਹਾਂ ਦਾ ਕਹਿਣਾ ਹੈ ਕਿ "ਉਹ ਇਸ ਮਕਾਨ ਦੇ ਵਿਰਾਸਤੀ ਮਹੱਤਵ ਨੂੰ ਜਾਣਦੇ ਹਨ। ਅਣਢਾਹੇ ਹਿੱਸੇ ਵਿਚ ਚਾਤ੍ਰਿਕ ਜੀ ਦੇ ਨਾਂ 'ਤੇ ਅਜਾਇਬ-ਘਰ ਬਣਾਇਆ ਜਾ ਸਕਦਾ ਹੈ।"

4 ਅਕਤੂਬਰ 1876 ਨੂੰ ਜਨਮੇ ਚਾਤ੍ਰਿਕ ਜੀ 18 ਦਸੰਬਰ 1954 ਨੂੰ ਸੁਰਗਵਾਸ ਹੋ ਗਏ। ਉਸ ਸਮੇਂ ਦੇਸ਼ ਦਾ ਸਮਾਜਕ ਅਤੇ ਸੱਭਿਆਚਾਰਕ ਦ੍ਰਿਸ਼ ਤੇਜ਼ੀ ਨਾਲ ਬਦਲ ਰਿਹਾ ਸੀ। ਆਪਣੇ ਇਕ ਸਵੈ-ਜੀਵਨੀ ਲੇਖ ਵਿਚ ਚਾਤ੍ਰਿਕ ਜੀ ਗੁਰਮੁਖੀ ਅੱਖਰ ਢਾਲਣ ਬਾਰੇ ਅਤੇ ਇਨ੍ਹਾਂ ਵਿਚ ਹੋਰ ਸੁਧਾਰ ਕਰਨ ਬਾਰੇ ਬੜੀ ਦਿਲਚਸਪ ਜਾਣਕਾਰੀ ਦਿੰਦੇ ਹਨ। ਉਹ ਲਿਖਦੇ ਹਨ ਕਿ ਈਸਾਈ ਮਿਸ਼ਨਰੀ 1875 ਵਿਚ ਇੰਗਲੈਂਡ ਤੋਂ ਗੁਰਮੁਖੀ ਅੱਖਰ ਲੈ ਕੇ ਆਏ ਅਤੇ ਉਨ੍ਹਾਂ ਨੇ ਮਿਸ਼ਨ ਪ੍ਰੈਸ ਵਿਚ ਗੁਰਮੁਖੀ ਵਿਚ ਬਾਈਬਲ ਪ੍ਰਕਾਸ਼ਿਤ ਕੀਤੀ। ਪਰ ਈਸਾਈ ਮਿਸ਼ਨਰੀਆਂ ਵਲੋਂ ਤਿਆਰ ਕੀਤਾ ਟਾਈਪ ਇੰਨਾ ਵਧੀਆ ਨਹੀਂ ਸੀ, ਉਸ ਵਿਚ ਸੁਧਾਰ ਕਰਨ ਦੀ ਲੋੜ ਸੀ।

ਲਾਲਾ ਨੰਦ ਲਾਲ ਨੇ ਅੰਮ੍ਰਿਤਸਰ ਦੇ ਲੇਖਕਾਂ ਦੀ ਮਦਦ ਨਾਲ ਗੁਰਮੁਖੀ ਟਾਈਪ ਵਿਚ ਸੁਧਾਰ ਕੀਤਾ ਅਤੇ 1880 ਦੇ ਨੇੜੇ-ਤੇੜੇ ਲਾਹੌਰ ਤੋਂ ਕੁਝ ਸੁੰਦਰ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ। ਉਸ ਤੋਂ ਬਾਅਦ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼ ਲਾਹੌਰ ਨੇ ਇਕ ਮੁਸਲਮਾਨ ਕਾਰੀਗਰ ਮੁਨਸ਼ੀ ਨੂਰਦੀਨ ਦੀ ਮਦਦ ਨਾਲ ਇਕ ਹੋਰ ਤਰ੍ਹਾਂ ਦਾ ਗੁਰਮੁਖੀ ਟਾਈਪ ਬਣਾਇਆ। ਨੂਰਦੀਨ ਨੇ ਗੁਰਮੁਖੀ ਟਾਈਪ ਨੂੰ ਪੰਜਾਬ ਦੇ ਹੋਰ ਹਿੱਸਿਆ ਵਿਚ ਵੀ ਭਿਜਵਾ ਦਿੱਤਾ। ਇਸ ਪਿਛੋਂ ਉਸ ਨੂੰ ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿਚ ਨੌਕਰੀ ਮਿਲ ਗਈ ਅਤੇ ਗੁਰਮੁਖੀ ਟਾਈਪ ਦੀਆਂ ਕੁਝ ਹੋਰ ਵੰਨਗੀਆਂ ਹੋਂਦ ਵਿਚ ਆ ਗਈਆਂ।

****



## ਟੁੱਟ ਗਿਆ ਸੁਪਨਾ: ਪ੍ਰੀਤ ਨਗਰ

'ਪਿਆਰ ਤੇ ਮਿੱਤਰਤਾ ਦੀ ਬਸਤੀ' ਪ੍ਰੀਤ ਨਗਰ ਜੋ ਦੇਸ਼-ਵੰਡ ਤੋਂ ਪਹਿਲਾਂ ਕਦੀ ਪੰਜਾਬੀ, ਹਿੰਦੀ ਤੇ ਉਰਦੂ ਦੇ ਪ੍ਰਸਿੱਧ ਲੇਖਕਾਂ ਅਤੇ ਕਲਾਕਾਰਾਂ ਦੀ ਘੁੱਗ ਵਸਦੀ ਨਗਰੀ ਸੀ ਅੱਜ ਕੱਲ੍ਹ ਬਦਕਿਸਮਤੀ ਦਾ ਸ਼ਿਕਾਰ ਹੋ ਗਿਆ ਹੈ। ਜਿਹੜੀ ਥਾਂ ਕਦੀ ਬੁੱਧੀਜੀਵੀਆਂ ਦੀ ਯਾਤਰਾ ਦਾ ਸਥਾਨ ਸੀ, ਅੱਜ ਵੀਰਾਨ ਹੋ ਗਈ ਹੈ।

ਪ੍ਰੀਤ ਨਗਰ ਦੀ ਕਹਾਣੀ ਇਹ ਦੱਸਦੀ ਹੈ ਕਿ ਦੇਸ਼ਵੰਡ ਤੋਂ ਪਹਿਲਾਂ ਸੱਭਿਆਚਾਰਕ ਪੁਨਰ ਜਾਗ੍ਰਿਤੀ ਦੇ ਸਮੇਂ ਵਿਚ ਪੰਜਾਬੀ ਸਾਹਿਤ ਦੀ ਪਰੰਪਰਾ ਅਤੇ ਸੰਵੇਦਨਸ਼ੀਲਤਾ ਨੂੰ ਕਿਵੇਂ ਨਵਾਂ ਰੂਪ ਦਿੱਤਾ ਗਿਆ। ਪ੍ਰੀਤ ਨਗਰ ਦੀ ਬਸਤੀ ਸਾਂਝੇ ਭਾਰਤੀ ਸੱਭਿਆਚਾਰ ਦੀ ਪ੍ਰਤੀਕ ਸੀ ਜਿੱਥੇ ਪਰਸਪਰ ਸਾਂਝੇ ਮੇਲ-ਜੋਲ ਨੂੰ ਉਤਸ਼ਾਹਿਤ ਕੀਤਾ ਜਾਂਦਾ ਸੀ। ਇਸ ਨਗਰ ਦੀ ਆਪਣੀ ਹੀ ਇਕ ਫ਼ਿਲਾਸਫੀ ਸੀ। ਜਿਸ ਦੇ ਸੁਹਰਿਦ ਤੇ ਉਸਾਰੂ ਪ੍ਰਭਾਵ ਨੇ ਕਈ ਲਿਖਾਰੀਆਂ ਕਵੀਆਂ ਤੇ ਕਲਾਕਾਰਾਂ ਨੂੰ ਜਨਮ ਦਿੱਤਾ। ਇੱਥੋਂ ਦੇ ਨਵ-ਸੱਭਿਆਚਾਰ ਦੇ ਮੋਢੀਆਂ ਨੇ ਸਮਕਾਲੀ ਭਾਰਤੀ ਬੁੱਧੀਜੀਵੀਆਂ ਵਿਚ ਨਵੀਨ ਪ੍ਰਵਿਰਤੀਆਂ ਨੂੰ ਜਾਗ੍ਰਿਤ ਕੀਤਾ ਅਤੇ ਇਹ ਪ੍ਰਵਿਰਤੀਆਂ ਬਰਤਾਨਵੀ ਪ੍ਰਭਾਵ ਤੋਂ ਰਹਿਤ ਸਨ।

ਪ੍ਰੀਤ ਨਗਰ ਦੀਆਂ ਕਈ ਸ਼ਾਨਦਾਰ ਇਮਾਰਤਾਂ ਢਹਿ-ਢੇਰੀ ਹੋ ਗਈਆਂ ਹਨ। ਮਹਾਨ ਐਕਟਰ ਤੇ ਪੰਜਾਬੀ ਲੇਖਕ ਬਲਰਾਜ ਸਾਹਨੀ ਦੇ ਆਲੀਸ਼ਾਨ ਘਰ ਦੀ ਥਾਂ ਹੁਣ ਨਵਾਂ ਮਕਾਨ ਉਸਰ ਗਿਆ ਹੈ। ਲੰਗਰ ਹਾਲ ਦਾ ਵੀ ਕੋਈ ਨਾਂ-ਨਿਸ਼ਾਨ ਨਹੀਂ ਰਿਹਾ ਜਿੱਥੇ ਪ੍ਰੀਤ ਨਗਰ ਦੇ ਸਾਰੇ ਵਾਸੀ ਰਲ ਮਿਲ ਕੇ ਖਾਣਾ ਖਾਂਦੇ ਸਨ। ਪ੍ਰੀਤ ਨਗਰ ਦੇ ਪੁਰਾਣੇ ਸੁਹਾਵਣੇ ਦਿਨਾਂ ਵਿਚ ਕਿਸੇ ਘਰ ਵਿਚ ਵੱਖ ਰਸੋਈ ਨਹੀਂ ਹੁੰਦੀ ਸੀ। ਪ੍ਰੀਤ ਨਗਰ ਦੀਆਂ ਸੁਆਣੀਆਂ ਸਾਂਝੇ ਰਸੋਈ ਘਰ ਵਿਚ ਵਾਰੀ-ਵਾਰੀ ਡਿਊਟੀ ਦਿੰਦੀਆਂ ਸਨ।

ਸਾਂਝੀ ਡੇਅਰੀ ਦੀ ਇਮਾਰਤ ਵੀ ਅਲੋਪ ਹੋ ਗਈ ਹੈ। ਮਹਾਨ ਚਿਤਰਕਾਰ ਸ. ਸੋਭਾ ਸਿੰਘ ਦਾ ਘਰ, ਜੋ ਪ੍ਰੀਤਨਗਰ ਦੇ ਪਹਿਲੇ ਅੱਠ ਘਰਾਂ ਵਿਚੋਂ ਇਕ ਸੀ, ਹੁਣ ਇਕ ਖੋਲਾ ਬਣ ਗਿਆ ਹੈ। ਨੂਰ ਜਹਾਂ ਦੀ ਆਰਾਮ-ਗਾਹ, ਜਿਸ ਵਿਚ ਪਿਛੋਂ ਪ੍ਰਿੰਟਿੰਗ ਪ੍ਰੈਸ ਲਾ ਦਿੱਤਾ ਗਿਆ ਸੀ ਉਹ ਇਮਾਰਤ ਵੀ ਬੜੀ ਖਸਤਾ ਹਾਲਤ ਵਿਚ ਹੈ। ਬੰਗਲਾ ਦੇਸ਼ ਦੀ ਜੰਗ ਸਮੇਂ ਪ੍ਰਸਿੱਧ ਹੋਏ ਲੈਫ਼ਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਦੇ ਪਿਤਾ ਸ. ਦੀਵਾਨ ਸਿੰਘ ਦਾ ਘਰ ਵੀ ਨਸ਼ਟ ਹੋ ਗਿਆ ਹੈ। ਸੰਸਾਰ-ਪ੍ਰਸਿੱਧ ਰਿਹਾਇਸ਼ੀ ਸਕੂਲ, ਐਕਟਿਵਿਟੀ ਸਕੂਲ ਦਾ ਵੱਡਾ ਹਿੱਸਾ ਵੀ ਢਾਹ ਦਿੱਤਾ ਗਿਆ ਹੈ। ਜਿੱਥੇ ਵੱਖ-ਵੱਖ ਦੇਸ਼ਾਂ ਤੋਂ ਆ ਕੇ ਵਿਦਿਆਰਥੀ ਪੜ੍ਹਦੇ ਸਨ। ਸਿਰਫ਼ ਕੁਝ ਥੋੜ੍ਹੇ ਜਿਹੇ ਘਰ ਹੀ ਅਸਲ ਸ਼ਕਲ ਵਿਚ ਬਚੇ ਹਨ ਜਿਨ੍ਹਾਂ ਵਿਚ ਨਾਵਲਕਾਰ ਨਾਨਕ ਸਿੰਘ ਦਾ ਘਰ ਅਤੇ ਪ੍ਰੀਤ ਲੜੀ ਪਰਿਵਾਰ ਦੇ ਦੋ ਵੱਡੇ ਘਰ ਸ਼ਾਮਲ ਹਨ।

ਅਮਰੀਕਾ ਤੋਂ ਪੜ੍ਹ ਕੇ ਆਏ ਸਿਵਲ ਇੰਜੀਨੀਅਰ ਸ. ਗੁਰਬਖਸ਼ ਸਿੰਘ ਨੇ ਇਹ ਪ੍ਰੀਤ ਨਗਰ ਵਸਾਇਆ ਸੀ ਜੋ ਲਾਹੌਰ ਤੇ ਅੰਮ੍ਰਿਤਸਰ ਦੇ ਵਿਚਾਲੇ ਇਕੋ ਜਿਹੇ ਫਾਸਲੇ 'ਤੇ ਸੀ। ਸ. ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਨਿੱਜੀ ਸ਼ਖ਼ਸੀਅਤ ਦੇ ਕ੍ਰਿਸ਼ਮੇ ਨੇ ਭੀਸ਼ਮ ਸਾਹਨੀ, ਬਲਰਾਜ ਸਾਹਨੀ, ਨਾਨਕ ਸਿੰਘ, ਪ੍ਰਸਿੱਧ ਚਿਤਰਕਾਰ ਸੋਭਾ ਸਿੰਘ ਅਤੇ ਬੰਗਲਾ ਦੇਸ਼ ਦੀ ਜੰਗ ਨਾਲ ਮਸ਼ਹੂਰ ਹੋਏ ਲੈਫ਼. ਜਨਰਲ ਜਗਜੀਤ ਸਿੰਘ ਅਰੋੜਾ ਦੇ ਪਿਤਾ ਨੂੰ ਪ੍ਰੀਤ ਨਗਰ ਵਿਚ ਖਿੱਚ ਕੇ ਲਿਆਂਦਾ। ਇਨ੍ਹਾਂ ਤੋਂ ਇਲਾਵਾ ਸ. ਗੁਰਬਖ਼ਸ ਸਿੰਘ ਨੇ ਫੈਜ਼ ਅਹਿਮਦ ਫੈਜ਼, ਸਾਹਿਰ ਲੁਧਿਆਣਵੀ, ਉਪਿੰਦਰ ਨਾਥ ਅਸ਼ਕ, ਕਰਤਾਰ ਸਿੰਘ ਦੁੱਗਲ, ਨਾਟਕਕਾਰ ਬਲਵੰਤ ਗਾਰਗੀ, ਕਵੀ ਪ੍ਰੋ. ਮੋਹਨ ਸਿੰਘ ਅਤੇ ਕਵਿਤਰੀ ਅੰਮ੍ਰਿਤਾ ਪ੍ਰੀਤਮ ਵਰਗੀਆਂ, ਸਮੇਂ ਦੀਆਂ ਪ੍ਰਤਿਭਾਸ਼ੀਲ ਸ਼ਖ਼ਸੀਅਤਾਂ ਨੂੰ ਪ੍ਰੀਤ ਨਗਰ ਨਾਲ ਜੋੜਿਆ। ਪ੍ਰੀਤ ਨਗਰ ਦੀਆਂ ਸੱਭਿਆਚਾਰਕ ਸਰਗਰਮੀਆਂ ਨੇ, ਜਿਨ੍ਹਾਂ ਦਾ ਰੰਗ-ਢੰਗ ਇਲਕਾਲਬੀ ਸੀ, ਅੰਗਰੇਜ਼ ਸਰਕਾਰ ਨੂੰ ਝੰਜੋੜ ਕੇ ਰੱਖ ਦਿੱਤਾ। ਨਤੀਜੇ ਵਜੋਂ ਸ. ਗੁਰਬਖ਼ਸ ਸਿੰਘ ਦੀਆਂ ਬੇਟੀਆਂ ਸਮੇਤ ਕਈ ਐਕਟਰਾਂ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਤੇ ਇਨਕਲਾਬੀ ਨਾਟਕ ਖੇਡਣ ਦੇ ਜੁਰਮ ਵਿਚ ਜੇਲ੍ਹ ਦੀਆਂ ਸਲਾਖਾਂ ਪਿੱਛੇ ਸੁੱਟ ਦਿੱਤਾ।

ਗੁਰਬਖਸ਼ ਸਿੰਘ ਨੂੰ ਆਪਣੇ ਜੀਵਨ ਵਿਚ ਹੀ ਆਪਣਾ ਸੁਪਨਾ ਟੁੱਟਦਾ ਦਿਖਾਈ ਦੇਣ ਲਗ ਪਿਆ ਸੀ। ਗੁਰਬਖਸ਼ ਸਿੰਘ ਜਿਸ ਆਦਰਸ਼ ਨਗਰ ਨੂੰ ਦੂਜਾ ਸ਼ਾਂਤੀ ਨਿਕੇਤਨ ਬਣਾਉਣਾ ਚਾਹੁੰਦਾ ਸੀ, ਉਸ ਉਤੇ ਪਹਿਲੀ ਸੱਟ ਉਦੋਂ ਪਈ, ਜਦੋਂ 1947 ਵਿਚ ਦੇਸ਼ ਦੇ ਦੋ ਟੋਟੇ ਹੋ ਗਏ। ਪ੍ਰੀਤ ਨਗਰ ਦੇ ਸੁਪਨੇ ਨੂੰ ਦੂਜੀ ਤੇੜ ਉਦੋਂ ਆਈ ਜਦੋਂ ਸਰਹੱਦੀ ਖੇਤਰ ਦੀ ਇਹ ਬਸਤੀ ਅਤਿਵਾਦ ਦੀ ਲਪੇਟ ਵਿਚ ਆ ਗਈ। ਫਰਵਰੀ 1984 ਵਿਚ ਪ੍ਰੀਤ ਲੜੀ ਦੇ ਨੌਜਵਾਨ ਸੰਪਾਦਕ ਅਤੇ ਸ. ਗੁਰਬਖਸ਼ ਸਿੰਘ ਦੇ ਪੋਤਰੇ ਸੁਮੀਤ ਨੂੰ ਗੋਲੀ ਮਾਰ ਦਿੱਤੀ ਗਈ। ਉਸ ਵੇਲੇ ਉਸ ਦੀ ਉਮਰ ਸਿਰਫ਼ 30 ਸਾਲ ਸੀ। ਸੁਮੀਤ ਦੀ ਪਤਨੀ ਪੂਨਮ ਨੇ ਪ੍ਰੀਤਲੜੀ ਨੂੰ ਸੰਪਾਦਿਤ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਅਤਿਵਾਦੀਆਂ ਨੇ ਪ੍ਰੀਤਲੜੀ ਪਰਿਵਾਰ ਉੱਤੇ ਦੋ ਹਮਲੇ ਕੀਤੇ। ਜਿਨ੍ਹਾਂ ਵਿਚੋਂ ਇਕ ਹਮਲਾ ਗੁਰਬਖਸ਼ ਸਿੰਘ ਦੇ ਛੋਟੇ ਪੁੱਤਰ ਅਤੇ 'ਬਾਲ ਸੰਦੇਸ਼' ਦੇ ਸੰਪਾਦਕ ਸ. ਹਿਰਦੇਪਾਲ ਸਿੰਘ ਉਤੇ ਹੋਇਆ ਸੀ।

ਸ. ਗੁਰਬਖਸ਼ ਸਿੰਘ ਨੇ ਰਸਾਲਾ ਪ੍ਰੀਤ ਲੜੀ 1933 ਵਿਚ ਜਾਰੀ ਕੀਤਾ। ਪ੍ਰੀਤ ਲੜੀ ਦਾ ਆਦਰਸ਼-ਵਾਕ (ਮਾਟੋ) ਸੀ : ਕਿਸੇ ਦਿਲ ਸਾਂਝੇ ਦੀ ਧੜਕਣ, ਕਿਸੇ ਪ੍ਰੀਤ ਗੀਤ ਦੀ ਲੈਅ, ਪਤੇ ਪ੍ਰੀਤਲੜੀ ਦੇ ਦੱਸਣ, ਜਿਸ ਵਿਚ ਪਰੋਤੀ ਸਭੋ ਸ਼ੈਅ।

ਪ੍ਰੀਤ ਨਗਰ ਦੀਆਂ ਢੱਠੀਆਂ ਇਮਾਰਤਾਂ ਨੂੰ ਵੇਖ ਕੇ, ਪ੍ਰੀਤ ਨਗਰ ਦੇ ਬਾਨੀ ਦੀ ਧੀ ਸ੍ਰੀਮਤੀ ਉਰਮਿਲਾ ਅਨੰਦ ਲਿਖਦੀ ਹੈ, "ਪ੍ਰੀਤ ਨਗਰ ਵਿਚ ਹੁਣ ਕਈ ਅਣਜਾਣ ਲੋਕ ਆ ਗਏ ਹਨ। ਪਹਿਲਾਂ ਜਦੋਂ ਅਸੀਂ ਪ੍ਰੀਤ ਨਗਰ ਜਾਂਦੇ ਸਾਂ ਤਾਂ ਸੋਚਣਾ ਪੈਂਦਾ ਸੀ ਕਿ ਪਹਿਲਾਂ ਕਿਹੜੇ ਪ੍ਰੀਤ ਪਰਿਵਾਰ ਨੂੰ ਮਿਲਣ ਜਾਈਏ। ਹੁਣ ਪ੍ਰੀਤ ਨਗਰ ਦੀਆਂ ਸੜਕਾਂ ਉਤੇ ਲੋਕ ਕੋਲੋਂ ਦੀ ਲੰਘ ਜਾਂਦੇ ਹਨ। ਨਾ ਉਹ ਸਾਨੂੰ



ਪਛਾਣਦੇ ਹਨ ਅਤੇ ਨਾ ਹੀ ਅਸੀਂ ਉਨ੍ਹਾਂ ਨੂੰ ਜਾਣਦੇ ਹਾਂ। ਅਸੀਂ ਉਨ੍ਹਾਂ ਲਈ ਅਜਨਬੀ ਬਣ ਗਏ ਹਾਂ।"

ਪੰਜਾਬੀ ਦੇ ਪ੍ਰਸਿੱਧ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਨੇ ਅੰਮ੍ਰਿਤਸਰ ਦੇ ਨੇੜੇ, ਜ਼ਮੀਨ ਦਾ ਇਕ ਵੱਡਾ ਟੁਕੜਾ ਵਾਜਬ ਮੁੱਲ 'ਤੇ ਖਰੀਦਣ ਵਿਚ ਗੁਰਬਖਸ਼ ਸਿੰਘ ਦੀ ਮਦਦ ਕੀਤੀ। ਸ. ਹਿਰਦੇਪਾਲ ਸਿੰਘ ਦੇ ਦੱਸਣ ਅਨੁਸਾਰ ਇਹ ਜ਼ਮੀਨ, ਇਕ ਪੈਸਾ ਪ੍ਰਤੀ ਏਕੜ ਦੇ ਹਿਸਾਬ ਖਰੀਦੀ ਗਈ ਸੀ। ਅਫ਼ਸੋਸ ਦੀ ਗੱਲ ਹੈ ਕਿ ਹੁਣ ਪ੍ਰੀਤਨਗਰ ਇਤਿਹਾਸ ਦੀ ਇਕ ਧੁੰਦਲੀ ਯਾਦ ਬਣ ਗਿਆ ਹੈ। ਸਾਊਥ ਏਸ਼ੀਅਨ ਫਾਊਂਡੇਸ਼ਨ ਅਤੇ ਯੂਨੈਸਕੋ ਦੇ ਸ਼ੁੱਭ-ਇੱਛਾ ਸਫ਼ੀਰ ਅਤੇ ਸ. ਗੁਰਬਖਸ਼ ਸਿੰਘ ਦੇ ਸਮਕਾਲੀ ਸ. ਮਦਨਜੀਤ ਸਿੰਘ ਦੀ ਕੋਸ਼ਿਸ਼ ਹੈ ਕਿ ਪ੍ਰੀਤ ਨਗਰ ਦੇ ਸਾਹਿੱਤਕ ਮਾਹੌਲ ਨੂੰ ਮੁੜ ਸੁਰਜੀਤ ਕੀਤਾ ਜਾਏ। ਪ੍ਰੀਤ ਨਗਰ ਨਾਲ ਆਪਣੇ ਸਬੰਧਾਂ ਨੂੰ ਯਾਦ ਕਰਦੇ ਹੋਏ ਉਹ ਆਖ਼ਦੇ ਹਨ ਕਿ ਪ੍ਰੀਤ ਨਗਰ ਦਾ ਨਿਸ਼ਾਨਾ ਪੰਜਾਬੀ, ਹਿੰਦੀ ਅਤੇ ਉਰਦੂ ਦੇ ਲੇਖਕਾਂ ਅਤੇ ਸ਼ਾਇਰਾਂ ਦਾ ਸੁਰਮੇਲ ਕਾਇਮ ਕਰਨਾ ਸੀ। ਉਹ ਸਾਰੇ ਇਕ ਸਮ-ਰੂਪ ਤੇ ਸਰਬ-ਸਾਂਝੇ ਜੁੱਟ ਵਿਚ ਰਹਿੰਦੇ ਸਨ। ਸਾਰੇ ਮਿਲ ਕੇ ਸ਼ਾਂਤਮਾਈ ਮਾਹੌਲ ਵਿਚ ਸੂਫ਼ੀ ਸੰਤਾਂ ਅਤੇ ਸਿੱਖ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਉਤੇ ਵਿਚਾਰ ਕਰਿਆ ਕਰਦੇ ਸਨ। ਸ. ਮਦਨਜੀਤ ਸਿੰਘ ਦਾ ਖ਼ਿਆਲ ਹੈ ਕਿ ਸ. ਗੁਰਬਖਸ਼ ਸਿੰਘ ਨੂੰ ਪ੍ਰੀਤ ਨਗਰ ਵਸਾਉਣ ਦਾ ਫੁਰਨਾ ਆਪਣੇ ਅੰਦਰੋਂ ਹੀ ਮਿਲਿਆ ਸੀ।

ਪਿਛਲੇ ਦਿਨੀਂ ਪ੍ਰੀਤ ਨਗਰ ਵਿਚ ਸ. ਮਦਨਜੀਤ ਸਿੰਘ ਦਾ ਅੱਸੀਵਾਂ ਜਨਮ ਦਿਨ ਮਨਾਇਆ ਗਿਆ। ਸਾਰੀ ਰਾਤ ਪ੍ਰੋਗਰਾਮ ਚਲਿਆ। ਇਸ ਸਮਾਰੋਹ ਵਿਚ ਮਸ਼ਹੂਰ ਉਰਦੂ ਸ਼ਾਇਰ ਫੈਜ਼ ਅਹਿਮਦ ਫੈਜ਼ ਦੀ ਬੇਟੀ ਪ੍ਰੋ. ਸਲੀਮਾ ਹਾਸ਼ਮੀ, ਉਨ੍ਹਾਂ ਦੇ ਪਤੀ ਜਨਾਬ ਸ਼ੁਐਬ ਹਾਸ਼ਮੀ, ਲਾਹੌਰ ਤੋਂ ਨਾਟਕ-ਪ੍ਰੇਮੀ ਮਦੀਹਾ ਗੌਹਰ ਅਤੇ ਪਾਕਿਸਤਾਨ ਦੇ ਮਸ਼ਹੂਰ ਸੂਫ਼ੀ ਗਾਇਕ ਨਿਆਜ਼ੀ ਭਰਾ ਸ਼ਾਮਲ ਹੋਏ।

ਇਸ ਸਮੇਂ ਪ੍ਰੋ. ਹਾਸ਼ਮੀ ਨੇ ਕਿਹਾ ਕਿ ਮੈਂ ਕਦੀ ਪ੍ਰੀਤ ਨਗਰ ਨਹੀਂ ਆਈ ਪਰ ਮੇਰੇ ਪਿਤਾ ਜੀ ਪ੍ਰੀਤ ਨਗਰ ਵਿਚ ਆਪਣੇ ਸੁਹਾਵਣੇ ਤਜਰਬਿਆਂ ਬਾਰੇ ਗੱਲਾਂ ਕਰਿਆ ਕਰਦੇ ਸਨ। ਭਾਰਤ ਪਾਕਿਸਤਾਨ ਦੇ ਰਿਸ਼ਤਿਆਂ ਦੀ ਮੌਜੂਦਾ ਹਾਲਤ ਬਾਰੇ ਬੋਲਦਿਆਂ ਉਨ੍ਹਾਂ ਨੇ ਆਖਿਆ ਕਿ ਸਮਾਂ ਆ ਗਿਆ ਹੈ ਕਿ ਵੰਡ ਦੀਆਂ ਲਕੀਰਾਂ ਨੂੰ ਮਿਟਾ ਦਿੱਤਾ ਜਾਏ, ਤਾਂ ਜੋ ਦੋਵੇਂ ਦੇਸ਼ ਪਹਿਲਾਂ ਵਾਂਗ ਮਿਲ ਬੈਠ ਕੇ ਸਾਹਿੱਤਕ ਅਤੇ ਬੌਧਿਕ ਪੱਧਰ 'ਤੇ ਗੱਲ-ਬਾਤ ਕਰ ਸਕਣ। ਉਨ੍ਹਾਂ ਕਿਹਾ ਕਿ ਇੱਥੇ ਆ ਕੇ ਮੈਨੂੰ ਇੰਜ ਲਗਦਾ ਹੈ ਜਿਵੇਂ ਮੈਂ ਆਪਣੇ ਘਰ ਹੀ ਆਈ ਹੋਵਾਂ।

ਮਰਹੂਮ ਮਦੀਹਾ ਗੌਹਰ ਨੇ ਕਿਹਾ ਕਿ ਉਹ ਉਨ੍ਹਾਂ ਲੋਕਾਂ ਦੀਆਂ ਜ਼ਿੰਦਗੀਆਂ ਬਾਰੇ ਇਕ ਨਾਟਕ ਤਿਆਰ ਕਰਨਗੇ ਜੋ ਕਦੀ ਪ੍ਰੀਤ ਨਗਰ ਵਿਚ ਰਹੇ ਸਨ। "ਇਹ ਨਾਟਕ ਸਾਡੇ ਸਾਂਝੇ ਸੱਭਿਆਚਾਰ ਦੀ ਗਹਿਰਾਈ ਨੂੰ ਜ਼ਾਹਿਰ ਕਰੇਗਾ ਜਿਸ ਨੇ ਦੇਸ਼ ਵੰਡ ਦੇ ਸਦਮੇ ਅਤੇ ਦੋ ਕੌਮਾਂ ਵਿਚ ਪੈਦਾ ਹੋਈ ਨਫ਼ਰਤ ਦਾ ਸਾਹਮਣਾ ਕੀਤਾ।" ਕਾਸ਼! ਮਦੀਹਾ ਜਿਊਂਦੀ ਹੁੰਦੀ ਤੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਦੀ।

## ਪੰਡਤ ਨਹਿਰੂ ਦਾ ਆਗਮਨ

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰਲਾਲ ਨਹਿਰੂ 23 ਮਈ 1942 ਨੂੰ ਪ੍ਰੀਤ ਨਗਰ ਵਿਚ ਆਏ ਸਨ। ਇਸ 'ਸੁਪਨ ਨਗਰੀ' ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਦਰਸ਼ਕਾਂ ਦੇ ਰਜਿਸਟਰ ਵਿਚ ਲਿਖਿਆ, " ਇਸ ਉੱਦਮ-ਉਪਰਾਲੇ ਲਈ ਮੇਰੀਆਂ ਸ਼ੁੱਭ ਇਛਾਵਾਂ! ਜੋ ਬੇਤਾਲ ਹੋਈ ਅਤੇ ਕਲਾ-ਕਲੇਸ਼ ਮਾਰੀ ਇਸ ਦੁਨੀਆ ਵਿਚ ਸੁਹਿਰਦ ਸਿਧਾਂਤਾਂ ਦੀ ਆਸ ਜਗਾਉਂਦਾ ਹੈ। ਇਹ ਦੇਖ ਕੇ ਖ਼ੁਸ਼ੀ ਹੁੰਦੀ ਹੈ ਕਿ ਕੁਝ ਸੁਹਿਰਦ ਪੁਰਸ਼ ਤੇ ਬੀਬੀਆਂ ਇਸ ਦਲੇਰ ਉਪਰਾਲੇ ਵਿਚ ਆਪਣਾ ਹਿੱਸਾ ਪਾ ਰਹੇ ਹਨ।"

## ਰੇਗਿਸਤਾਨ ਵਿਚ ਨਖ਼ਲਿਸਤਾਨ

ਇਕ ਅੰਗਰੇਜ਼ ਇਸਤਰੀ ਤੇ ਪੰਜਾਬੀ ਥੀਏਟਰ ਪ੍ਰੇਮੀ ਬੀਬੀ ਨੌਰਾ ਰਿਚਰਡ 22 ਨਵੰਬਰ 1941 ਨੂੰ ਪ੍ਰੀਤ ਨਗਰ ਆਏ। ਪ੍ਰੀਤ ਨਗਰ ਦੇ ਮਾਡਲ ਸਕੂਲ ਬਾਰੇ ਉਨ੍ਹਾਂ ਲਿਖਿਆ ਕਿ 'ਵਿਦਿਆ ਦੀ ਪ੍ਰਾਪਤੀ ਲਈ ਇਹ ਸਕੂਲ ਸਭ ਤੋਂ ਆਕਰਸ਼ਕ ਸਥਾਨ ਹੈ। ਐਕਟਿਵਿਟੀ ਸਕੂਲ ਕਈ ਪੱਖਾਂ ਤੋਂ ਰੇਗਿਸਤਾਨ ਵਿਚ ਇਕ ਨਖ਼ਲਿਸਤਾਨ ਹੈ।'

ਸ੍ਰੀ ਰਾਬਿੰਦਰ ਨਾਥ ਟੈਗੋਰ ਨੇ ਸ਼ਾਂਤੀ ਨਿਕੇਤਨ ਵਿਚੋਂ ਸ੍ਰੀ ਗੁਰੂ ਦਿਆਲ ਮਲਿਕ ਨੂੰ ਖ਼ਾਸ ਤੌਰ 'ਤੇ ਪ੍ਰੀਤ ਨਗਰ ਦੇਖਣ ਲਈ ਭੇਜਿਆ। ਉਹ 30 ਜੂਨ 1941 ਨੂੰ ਪ੍ਰੀਤ ਨਗਰ ਆਏ। ਦਰਸ਼ਕ-ਰਜਿਸਟਰ ਵਿਚ ਉਨ੍ਹਾਂ ਨੇ ਲਿਖਿਆ 'ਮੈਂ ਪ੍ਰੀਤ ਨਗਰ ਦੀ ਯਾਤਰਾ 'ਤੇ ਆਇਆ ਹਾਂ। ਮੇਰਾ ਵਿਸ਼ਵਾਸ ਹੈ ਕਿ ਪ੍ਰੀਤ ਨਗਰ, ਨਵੇਂ ਉਭਰ ਰਹੇ ਭਾਰਤ ਦਾ ਲਘੂ-ਚਿੱਤਰ ਹੈ। ਇਹ ਪਰਸਪਰ ਸੇਵਾ ਅਤੇ ਕੁਰਬਾਨੀ ਦੇ ਆਧਾਰ 'ਤੇ ਸਮਾਜ-ਉਸਾਰੀ ਦਾ ਇਕ ਨਵਾਂ ਆਦਰਸ਼ ਹੈ। ਮੇਰੀ ਨਜ਼ਰ ਵਿਚ ਪ੍ਰੀਤ ਨਗਰ ਸ਼ਾਂਤੀ ਨਿਕੇਤਨ ਦਾ ਹੀ ਭਰਾ ਹੈ।"

****



# ਲੇਖਕਾਂ ਦਾ ਪੰਘੂੜਾ

ਅੰਮ੍ਰਿਤਸਰ ਹਿੰਦੀ, ਪੰਜਾਬੀ, ਉਰਦੂ ਅਤੇ ਅੰਗਰੇਜ਼ੀ ਸਾਹਿੱਤ ਦਾ ਪੰਘੂੜਾ ਸੀ; ਖ਼ਾਸ ਕਰ ਕੇ ਦੇਸ਼-ਵੰਡ ਤੋਂ ਪਹਿਲੇ ਦਿਨਾਂ ਵਿੱਚ।

ਉਰਦੂ ਵਿਚ ਛੋਟੀ ਕਹਾਣੀ ਦਾ ਮਹਾਨ ਕਹਾਣੀਕਾਰ ਸਆਦਤ ਹਸਨ ਮੰਟੋ 11 ਮਈ, 1912 ਨੂੰ ਅੰਮ੍ਰਿਤਸਰ ਵਿਚ ਪੈਦਾ ਹੋਇਆ ਸੀ। ਉਸ ਨੇ ਇਕ ਵਾਰ ਆਪਣੇ ਬਾਰੇ ਲਿਖਿਆ ਸੀ, "ਇਕ ਦਿਨ ਸਆਦਤ ਹਸਨ ਤਾਂ ਮਰ ਜਾਏਗਾ, ਪਰ ਮੰਟੋ ਕਦੀ ਨਹੀਂ ਮਰੇਗਾ।"

ਮੰਟੋ ਅੰਮ੍ਰਿਤਸਰ ਦੇ ਇਕ ਮੱਧ-ਵਰਗੀ ਕਸ਼ਮੀਰੀ ਪਰਿਵਾਰ ਨਾਲ ਸਬੰਧਿਤ ਸੀ। ਜਨਵਰੀ 1948 ਵਿਚ ਉਹ ਨਵੇਂ ਬਣੇ ਪਾਕਿਸਤਾਨ ਦੇ ਰਾਜਧਾਨੀ ਸ਼ਹਿਰ ਕਰਾਚੀ ਵਿਚ ਜਾ ਵਸਿਆ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ 1954 ਵਿਚ ਸ਼ਰਾਬ ਉਸ ਨੂੰ ਸਾਡੇ ਕੋਲੋਂ ਖੋਹ ਕੇ ਲੈ ਗਈ।

ਉਰਦੂ ਦੇ ਨਾਮਵਰ ਸ਼ਾਇਰ ਪੂਰਨ ਸਿੰਘ ਹੁਨਰ 15 ਸਾਲ ਪਹਿਲਾਂ 3 ਜੁਲਾਈ 1995 ਨੂੰ ਅੰਮ੍ਰਿਤਸਰ ਵਿਚ 90 ਸਾਲ ਦੀ ਉਮਰ ਵਿਚ ਸੁਰਗਵਾਸ ਹੋ ਗਏ। ਉਨ੍ਹਾਂ ਨੇ ਆਪਣੀ ਪਹਿਲੀ ਗ਼ਜ਼ਲ 1920 ਵਿਚ ਲਿਖੀ ਜਦੋਂ ਉਹ ਦਿਆਲ ਸਿੰਘ ਹਾਈ ਸਕੂਲ ਲਾਹੌਰ ਵਿਚ ਦਸਵੀਂ ਵਿਚ ਪੜ੍ਹਦੇ ਸਨ।

ਉਹ ਪੰਜਾਬ ਦੇ ਸਾਂਝੇ ਸੱਭਿਆਚਾਰ ਦੀ ਇਕ ਦੁਰਲੱਭ ਮਿਸਾਲ ਸਨ ਜਿਹੜਾ ਦੇਸ਼ ਦੀ ਵੰਡ ਹੋਣ ਤੋਂ ਪਹਿਲਾਂ ਇੱਥੇ ਪ੍ਰਫੁੱਲਿਤ ਹੋਇਆ। ਉਨ੍ਹਾਂ ਨੇ ਅੰਮ੍ਰਿਤਸਰ ਦੇ ਇਕ ਜ਼ਿਲ੍ਹਾ ਬੋਰਡ ਸਕੂਲ ਵਿਚ ਭਾਸ਼ਾ ਅਧਿਆਪਕ ਦੀ ਨੌਕਰੀ ਕਰ ਲਈ। ਸ਼ਾਨਦਾਰ ਸੇਵਾ ਦਾ ਰਿਕਾਰਡ ਬਣਾ ਕੇ ਉਹ 1962 ਵਿਚ ਸੇਵਾ-ਮੁਕਤ ਹੋ ਗਏ।

ਛੇਤੀ ਹੀ ਪਿਛੋਂ ਪੰਜਾਬ ਦੇ ਭਾਸ਼ਾ ਵਿਭਾਗ ਨੇ ਉਨ੍ਹਾਂ ਨੂੰ ਨਵੇਂ ਸਿਖਾਂਦਰੂਆਂ ਨੂੰ ਉਰਦੂ ਸਿਖਾਉਣ ਵਾਸਤੇ ਅਧਿਆਪਕ ਰੱਖ ਲਿਆ। 1982 ਵਿਚ ਉਨ੍ਹਾਂ ਨੂੰ ਸ਼੍ਰੋਮਣੀ ਸਾਹਿੱਤਕਾਰ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਹ ਇਕ ਸਰਬ-ਉੱਚ ਸਨਮਾਨ ਹੈ ਜੋ ਪੰਜਾਬ ਸਰਕਾਰ ਕਿਸੇ ਪ੍ਰਸਿੱਧ ਸਾਹਿਤਕਾਰ ਨੂੰ ਦਿੰਦੀ ਹੈ।

ਭਾਰਤ ਦੇ ਜਾਣੇ-ਪਛਾਣੇ ਨਾਵਲਕਾਰਾਂ ਅਤੇ ਕਹਾਣੀਕਾਰਾਂ ਵਿੱਚੋਂ ਇਕ ਸ੍ਰੀ ਮੁਲਕ ਰਾਜ ਆਨੰਦ ਸਨ। ਉਹ 99 ਸਾਲ ਦੀ ਉਮਰ ਵਿਚ ਸੁਰਗਵਾਸ ਹੋਏ। ਉਹ ਵੀ ਪਵਿੱਤਰ ਸ਼ਹਿਰ ਅੰਮ੍ਰਿਤਸਰ ਦੇ ਹੀ ਸਨ। ਉਨ੍ਹਾਂ ਦਾ ਜਨਮ 1905 ਵਿਚ ਪਿਸ਼ਾਵਰ (ਹੁਣ ਪਾਕਿਸਤਾਨ) ਵਿਚ ਹੋਇਆ। ਆਪਣੀ ਮੁੱਢਲੀ ਪੜ੍ਹਾਈ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਕਰ ਕੇ ਉਹ ਇੰਗਲੈਂਡ ਚਲੇ ਗਏ। ਉਨ੍ਹਾਂ ਨੇ ਅਗਲੇ ਤਿੰਨ ਦਹਾਕਿਆਂ ਵਿਚੋਂ ਆਪਣਾ ਬਹੁਤਾ ਸਮਾਂ ਉਥੇ ਹੀ ਬਿਤਾਇਆ। ਦੂਜੀ ਸੰਸਾਰ ਜੰਗ ਦੇ ਦੌਰਾਨ ਉਨ੍ਹਾਂ ਨੇ ਲੰਡਨ ਵਿਚ ਬੀ.ਬੀ.ਸੀ. ਦੇ ਸੁਤੰਤਰ ਬੁਲਾਰੇ ਵਜੋਂ ਕੰਮ ਕੀਤਾ।

'ਸ਼੍ਰੋਮਣੀ ਕਵੀ' ਦਾ ਸਨਮਾਨ ਹਾਸਲ ਕਰਨ ਵਾਲੇ ਇਕ ਹੋਰ ਸ਼ਾਇਰ ਸ੍ਰੀ ਪਰਮਿੰਦਰਜੀਤ ਹਨ। ਉਹ ਪੰਜਾਬੀ ਦਾ ਪ੍ਰਸਿੱਧ ਸਾਹਿਤਕ ਪੱਤਰ 'ਅੱਖਰ' ਪ੍ਰਕਾਸ਼ਿਤ ਕਰਦੇ ਸਨ। ਉਨ੍ਹਾਂ ਨੇ ਇਹ ਪੱਤਰ 1997 ਵਿਚ ਅੰਮ੍ਰਿਤਸਰ ਤੋਂ ਸੰਪਾਦਿਤ ਅਤੇ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ। ਇਸ ਤੋਂ ਪਹਿਲਾਂ ਉਹ ਦਸ ਸਾਲ, ਪੰਜਾਬੀ ਦਾ ਇਕ ਹੋਰ ਰਸਾਲਾ 'ਲੋਅ' ਕੱਢਦੇ ਰਹੇ।

ਉਨ੍ਹਾਂ ਦਾ ਸਾਹਿੱਤਕ ਜੀਵਨ 'ਕੋਲਾਜ ਕਿਤਾਬ' ਦੇ ਪ੍ਰਕਾਸ਼ਨ ਨਾਲ ਸ਼ੁਰੂ ਹੋਇਆ। ਇਹ ਕਿਤਾਬ ਉਨ੍ਹਾਂ ਨੇ 1973 ਵਿਚ ਸੁਰਜੀਤ ਪਾਤਰ ਤੇ ਜੋਗਿੰਦਰ ਕੈਰੋਂ ਨਾਲ ਮਿਲ ਕੇ ਲਿਖੀ ਸੀ। ਉਨ੍ਹਾਂ ਦਾ ਸਾਹਿੱਤਕ ਸਫ਼ਰ ਸ਼ਾਇਰਾਨਾ ਸ਼ਾਨ ਨਾਲ ਚਲਦਾ ਰਿਹਾ। ਇਸ ਤੋਂ ਬਾਅਦ ਉਨ੍ਹਾਂ ਦੀਆਂ ਚਾਰ ਪੁਸਤਕਾਂ ਹੋਰ ਛਪੀਆਂ: ਲਿਖਤੁਮ ਪਰਮਿੰਦਰਜੀਤ (1981) ਮੇਗੀ ਮਾਅਰਫ਼ਤ (2000) ਬਚਪਨ, ਘਰ ਤੇ ਮੈਂ (2005) ਅਤੇ ਫੇਰ 'ਤਨ ਤਕੀਆ' 2011 ਵਿਚ। ਕਵਿਤਾ ਦੇ ਖੇਤਰ ਵਿਚ ਉਨ੍ਹਾਂ ਨੇ ਆਪਣੀ ਵੱਖਰੀ ਪਛਾਣ ਪੈਦਾ ਕੀਤੀ।

ਉਨ੍ਹਾਂ ਦੀ ਪੁਸਤਕ 'ਮੇਗੀ ਮਾਅਰਫ਼ਤ' ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਐੱਮ.ਏ. ਪੰਜਾਬੀ ਦੂਜਾ ਭਾਗ ਵਿਚ ਤਿੰਨ ਸਾਲ ਕੋਰਸ ਵਿਚ ਲੱਗੀ ਰਹੀ। ਇਸ ਤੋਂ ਇਲਾਵਾ ਪੁਸਤਕਾਂ ਦੇ ਅਨੁਵਾਦ ਕਰਨਾ ਤੇ ਪ੍ਰਕਾਸ਼ਿਤ ਕਰਨਾ ਵੀ ਉਨ੍ਹਾਂ ਦਾ ਖ਼ਾਸ ਸ਼ੌਕ ਸੀ। ਅਜਿਹੀਆਂ ਰਚਨਾਵਾਂ ਵਿਚ ਉਨ੍ਹਾਂ ਦੀਆਂ ਇਹ ਪੁਸਤਕਾਂ ਪ੍ਰਕਾਸ਼ਿਤ ਹੋਈਆਂ –

ਕਲਮਾਂ ਦੇ ਰਿਸ਼ਤੇ (1970) ਇਸ ਸੰਗ੍ਰਹਿ ਵਿਚ ਭਾਰਤੀ ਅਤੇ ਪਾਕਿਸਤਾਨੀ ਸ਼ਾਇਰਾਂ ਦੀਆਂ ਨਜ਼ਮਾਂ ਹਨ।

ਬੇੜੀਆਂ ਤੇ ਬਾਦਬਾਨ (1973) ਇਹ ਪੁਸਤਕ ਉਨ੍ਹਾਂ ਨੇ ਸ਼ਹਿਰਯਾਰ ਨਾਲ ਮਿਲ ਕੇ ਸੰਪਾਦਿਤ ਕੀਤੀ।

ਕਵਿਤਾ ਪੰਜਾਬ, ਸ਼ਾਇਰੀ 92 (1992) ਅਤੇ ਦਸਤਕ ਤੇ ਸਿਰਨਾਵੇਂ।

ਉਨ੍ਹਾਂ ਨੂੰ ਹੀਰੋਸ਼ੀਮਾ ਸਾਹਿਤ ਸੱਭਿਆਚਾਰਕ ਮੰਚ ਓਸਾਕਾ (ਜਾਪਾਨ) ਨੇ 2000 ਵਿਚ ਸਨਮਾਨਿਤ ਕੀਤਾ। ਸ਼ਬਦ ਨਾਦ ਮੰਚ ਇਟਲੀ ਨੇ ਵੀ 2006 ਵਿਚ ਉਨ੍ਹਾਂ ਨੂੰ ਸਨਮਾਨਿਆ। ਇਸ ਉਪਰੰਤ ਕੌਮਾਂਤਰੀ ਲੇਖਕ ਮੰਚ (ਅਮਰੀਕਾ) ਨੇ ਉਨ੍ਹਾਂ ਨੂੰ 'ਕਲਮ ਪੁਰਸਕਾਰ' ਪ੍ਰਦਾਨ ਕੀਤਾ ਅਤੇ 2009 ਵਿਚ ਨਾਰਥ ਅਮੈਰਿਕਾ ਲਿਟਰੇਰੀ ਐਸੋਸੀਏਸ਼ਨ (ਕੈਲੀਫੋਰਨੀਆ) ਨੇ ਵੀ ਉਨ੍ਹਾਂ ਨੂੰ ਸਨਮਾਨ ਦਿੱਤਾ। ਉਨ੍ਹਾਂ ਨੂੰ ਕਈ ਸਥਾਨਕ ਐਵਾਰਡ ਵੀ ਮਿਲੇ, ਜਿਵੇਂ ਬਾਵਾ ਬਲਵੰਤ ਕਾਵਿਯ ਪੁਰਸਕਾਰ ਅਤੇ ਸਫ਼ਦਰ ਹਾਸ਼ਮੀ ਪੁਰਸਕਾਰ ਆਦਿ।

ਸਵਰਗਵਾਸੀ ਡਾ. ਕੁਲਬੀਰ ਸਿੰਘ ਕਾਂਗ, ਅੰਮ੍ਰਿਤਸਰ ਦੇ ਇਕ ਹੋਰ ਨਾਮਵਰ ਸਾਹਿੱਤਕ ਵਿਅਕਤੀ ਹਨ। ਉਨ੍ਹਾਂ ਨੇ ਆਪਣੀ ਕਲਮ-ਕ੍ਰਿਤ ਨਾਲ ਸ਼ਹਿਰ ਦਾ ਮਾਣ ਵਧਾਇਆ। ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਸ਼੍ਰੋਮਣੀ ਪੰਜਾਬੀ ਲੇਖਕ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ।



ਬਹੁਪੱਖੀ ਲੇਖਕ ਡਾ. ਕਾਂਗ ਨੇ 80 ਪੁਸਤਕਾਂ ਲਿਖ ਕੇ ਪੰਜਾਬੀ ਸਾਹਿਤ ਨੂੰ ਅਮੀਰ ਕੀਤਾ। ਉਨ੍ਹਾਂ ਦੀ ਆਖ਼ਰੀ ਕਿਤਾਬ 'ਪੰਜਾਬੀ ਸਾਹਿਤ ਤੇ ਨਾਵਲਕਾਰ' ਸੀ। ਉਨ੍ਹਾਂ ਨੇ ਪੰਜਾਬੀ ਸਾਹਿਤ ਵਿਚ ਦੋ ਨਵੀਆਂ ਵਿਧਾਵਾਂ ਈਜਾਦ ਕੀਤੀਆਂ। ਲਲਿਤ ਨਿਬੰਧ ਅਤੇ ਰੇਖਾ ਚਿੱਤਰ। ਇਹ ਮਾਨ ਉਨ੍ਹਾਂ ਨੂੰ ਜਾਂਦਾ ਹੈ ਕਿ ਪੰਜਾਬੀ ਵਿਚ ਲਲਿਤ ਨਿਬੰਧ ਲਿਖਣ ਵਾਲੇ ਉਹ ਪਹਿਲੇ ਲੇਖਕ ਸਨ।

ਉਨ੍ਹਾਂ ਦੀਆਂ ਪ੍ਰਸਿੱਧ ਕਿਤਾਬਾਂ ਵਿਚ ਸਾਹਿੱਤਯ ਚਿੰਤਨ, ਬਦਲਾਂ ਦੇ ਰੰਗ, ਪੱਥਰ ਲੀਕਾਂ ਅਤੇ ਸਾਹਿਤਯ ਮੀਸਾਂਸਾ ਆਦਿ ਸ਼ਾਮਲ ਹਨ। ਡਾ. ਕਾਂਗ ਦਾ ਸਾਹਿਤਕ ਸਫ਼ਰ ਛੋਟੀ ਉਮਰ ਵਿਚ ਹੀ ਸ਼ੁਰੂ ਹੋ ਗਿਆ ਸੀ। 16 ਸਾਲ ਦੀ ਉਮਰ ਵਿਚ ਕਹਾਣੀਆਂ ਲਿਖ ਕੇ ਉਨ੍ਹਾਂ ਨੇ ਆਪਣਾ ਸਾਹਿਤਕ ਜੀਵਨ ਅਰੰਭ ਕੀਤਾ। ਹੌਲੀ-ਹੌਲੀ ਉਨ੍ਹਾਂ ਵਿਚ ਸਾਹਿਤਕ ਆਲੋਚਨਾ ਦਾ ਸ਼ੌਕ ਵੀ ਜਾਗ੍ਰਿਤ ਹੋ ਗਿਆ। ਕੇਵਲ ਚਾਰ ਸਾਲਾਂ ਦੇ ਥੋੜ੍ਹੇ ਸਮੇਂ ਵਿਚ ਉਨ੍ਹਾਂ ਦੀ ਇਕ ਚੰਗੇ ਆਲੋਚਕ ਵਜੋਂ ਪਛਾਣ ਬਣ ਗਈ। ਇਹ ਉਨ੍ਹਾਂ ਦੀ ਨਿਰਪੱਖ ਆਲੋਚਨਾ ਦੀ ਮਿਹਰਬਾਨੀ ਸੀ।

ਉਨ੍ਹਾਂ ਦੀਆਂ ਲਿਖਤਾਂ ਵਿਚ ਪਵਿੱਤਰ ਸ਼ਹਿਰ ਦਾ ਆਧੁਨਿਕ ਇਤਿਹਾਸ ਅੰਕਿਤ ਹੈ, ਜੋ ਇਸ ਸ਼ਹਿਰ ਦੇ ਕਈ ਪੱਖਾਂ ਉਤੇ ਰੌਸ਼ਨੀ ਪਾਉਂਦਾ ਹੈ। 'ਯਾਦਾਂ ਦੇ ਪੰਛੀ' (ਸਵੈ-ਜੀਵਨੀ ਲੇਖ) ਇਸ ਵੰਨਗੀ ਦੀ ਇਕ ਵਧੀਆ ਮਿਸਾਲ ਹੈ। ਡਾ. ਕਾਂਗ ਨੇ ਕਈ ਦੇਸ਼ਾਂ ਦੀ ਸੈਰ ਕੀਤੀ। ਉਹ ਜਰਮਨੀ, ਹਾਲੈਂਡ, ਡੈਨਮਾਰਕ, ਲਕਸਮਬਰਗ, ਥਾਈਲੈਂਡ ਤੇ ਸਿੰਗਾਪੁਰ ਤੋਂ ਇਲਾਵਾ ਪਾਕਿਸਤਾਨ ਵੀ ਗਏ।

ਉਨ੍ਹਾਂ ਨੇ ਅੰਗਰੇਜ਼ੀ ਵਿਚ ਵੀ ਪੁਸਤਕਾਂ ਲਿਖੀਆਂ। ਉਨ੍ਹਾਂ ਦੀਆਂ ਤਿੰਨ ਕਿਤਾਬਾਂ ਪ੍ਰਿੰਸੀਪਲ ਤੇਜਾ ਸਿੰਘ, ਬਾਵਾ ਬਲਵੰਤ ਅਤੇ ਸੁਜਾਨ ਸਿੰਘ ਬਾਜ਼ਾਰ ਵਿਚ ਉਪਲਬਧ ਹਨ। ਉਨ੍ਹਾਂ ਨੇ ਪੰਜਾਬੀ-ਅੰਗਰੇਜ਼ੀ ਡਿਕਸ਼ਨਰੀ ਵੀ ਸੰਪਾਦਿਤ ਕੀਤੀ। ਸਾਹਿਤ ਅਕਾਡਮੀ ਵਲੋਂ ਪ੍ਰਕਾਸ਼ਿਤ 'ਐਨਸਾਈਕਲੋਪੀਡੀਆ ਆਫ਼ ਦੀ ਇੰਡੀਅਨ ਲਿਟਰੇਚਰ' ਵਿਚ ਉਨ੍ਹਾਂ ਦੇ 15 ਇੰਦਰਾਜ ਦਰਜ ਹਨ। ਬਹੁਤ ਸਾਰੀਆਂ ਸੂਬਾਈ ਤੇ ਕੌਮੀ ਸਾਹਿਤਕ ਸੰਸਥਾਵਾਂ ਨੇ ਸਾਹਿਤ ਵਿਚ ਉਨ੍ਹਾਂ ਦੇ ਉਤਮ ਯੋਗਦਾਨ ਕਾਰਨ ਉਨ੍ਹਾਂ ਨੂੰ ਸਨਮਾਨਿਤ ਕੀਤਾ। ਡਾ. ਕਾਂਗ ਦੇ ਛੋਟੇ ਭਰਾ ਅਮਰਜੀਤ ਕਾਂਗ ਤੇ ਸਪੁੱਤਰ ਕਹਾਣੀਕਾਰ ਮਨਿੰਦਰ ਕਾਂਗ ਸਨ। ਉਹ ਭਾਸ਼ਾ ਵਿਭਾਗ ਦੇ ਡਾਇਰੈਕਟਰ ਜੀਤ ਸਿੰਘ ਸੀਤਲ ਦੇ ਬਹਿਨੋਈ ਸਨ। ਅਫ਼ਸੋਸ ਕਿ ਪੰਜਾਬੀ ਸਾਹਿਤ ਦੀ ਝੋਲੀ ਭਰਨ ਵਾਲੇ ਇਹ ਸਭ ਵਿਦਵਾਨ ਦੁਨੀਆ ਤੋਂ ਕੂਚ ਕਰ ਚੁੱਕੇ ਹਨ।

'ਸ਼੍ਰੋਮਣੀ ਕਵੀ ਐਵਾਰਡ' ਜੇਤੂ , ਅੰਮ੍ਰਿਤਸਰ ਦੇ ਇਕ ਹੋਰ ਅਣਥੱਕ ਸ਼ਾਇਰ ਸ. ਅਜਾਇਬ ਸਿੰਘ ਹੁੰਦਲ ਹਨ। ਕਿੱਤੇ ਵਜੋਂ ਉਹ ਵਕੀਲ ਹਨ। ਉਨ੍ਹਾਂ ਦੀਆਂ ਕਵਿਤਾਵਾਂ ਵਿਚ ਇਤਿਹਾਸ, ਮਿਥਿਹਾਸ ਅਤੇ ਸਮਕਾਲੀ ਜੀਵਨ ਦੇ ਸ਼ਬਦ-ਚਿਤਰ ਦੇਖੇ ਜਾ ਸਕਦੇ ਹਨ ਜੋ ਸਮਾਜ ਵਿਚ ਅਤੇ ਖਾਸ ਕਰ ਕੇ ਨਿਆਂਪਾਲਿਕਾ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਉਜਾਗਰ ਕਰਦੇ ਹਨ। ਉਨ੍ਹਾਂ ਦੀਆਂ ਰਚਨਾਵਾਂ ਨੇ ਪੰਜਾਬੀ ਸਾਹਿਤ ਨੂੰ ਉੱਨਤ ਕੀਤਾ ਹੈ। ਸਾਦਗੀ, ਸੰਪੰਨਤਾ ਅਤੇ ਪੁਖ਼ਤਗੀ ਹੁੰਦਲ

ਦੀ ਕਵਿਤਾ ਦੇ ਖਾਸ ਗੁਣ ਹਨ। ਇਨ੍ਹਾਂ ਗੁਣਾਂ ਉਤੇ ਹੁੰਦਲ ਨੂੰ ਸ਼ੁਰੂ ਤੋਂ ਹੀ ਅਬੂਰ ਹਾਸਲ ਹੈ। ਉਹ ਆਪਣੀ ਕਵਿਤਾ ਨੂੰ ਇਸ ਤਰ੍ਹਾਂ ਨਿੱਜੀ ਤੇ ਇਕਬਾਲੀਆ ਛੁਹਾਂ ਦਿੰਦਾ ਹੈ ਕਿ ਉਨ੍ਹਾਂ ਦਾ ਪ੍ਰਭਾਵ ਸਰਵਵਿਆਪਕ ਬਣ ਜਾਂਦਾ ਹੈ। ਇਹ ਪ੍ਰਭਾਵ ਕਲਾਤਕ ਅਤੇ ਭਾਵੁਕ ਇਮਾਨਦਾਰੀ ਵਿੱਚੋਂ ਪੈਦਾ ਹੁੰਦਾ ਹੈ। ਉਸ ਦੇ ਕਾਵਿ-ਸੰਕਲਪ ਆਪਣੀ ਹੀ ਕਿਸਮ ਦੇ ਹਨ ਅਤੇ ਹਮੇਸ਼ਾ ਸੱਜਰੇ ਹੁੰਦੇ ਹਨ।

1985 ਵਿਚ ਪ੍ਰਕਾਸ਼ਿਤ ਹੋਏ 'ਲਫ਼ਜ਼ ਬਲਫ਼ਜ਼' ਨਾਲ ਅਜਾਇਬ ਹੁੰਦਲ ਨੇ ਪੰਜਾਬੀ ਕਾਵਿ ਖੇਤਰ ਵਿਚ ਇਕ ਲੰਮੀ ਲਾਂਘ ਪੁੱਟੀ। ਪੰਜਾਬੀ ਦੇ ਮਹਾਨ ਨਾਵਲਕਾਰ ਸ. ਨਾਨਕ ਸਿੰਘ ਨੂੰ ਸਾਹਿਤ ਅਕਾਡਮੀ ਐਵਾਰਡ ਮਿਲਣ ਤੋਂ ਬਾਅਦ, ਅਜਾਇਬ ਹੁੰਦਲ ਅੰਮ੍ਰਿਤਸਰ ਦਾ ਪਹਿਲਾ ਸਾਹਿੱਤਕਾਰ ਹੈ ਜਿਸ ਨੂੰ 1995 ਵਿਚ ਭਾਸ਼ਾ ਵਿਭਾਗ ਪੰਜਾਬ ਵਲੋਂ 'ਸ਼੍ਰੋਮਣੀ ਕਵੀ ਐਵਾਰਡ' ਦਿੱਤਾ ਗਿਆ। ਹੁੰਦਲ ਨੂੰ 'ਐੱਸ.ਐੱਸ.ਮੀਸ਼ਾ ਐਵਾਰਡ (1993), 'ਤਖ਼ਤ ਸਿੰਘ ਗ਼ਜ਼ਲ ਐਵਾਰਡ (2005) ਅਤੇ 'ਕੰਵਰ ਚੌਹਾਨ ਕਵਿਤਾ ਐਵਾਰਡ (2005) ਵੀ ਮਿਲ ਚੁੱਕੇ ਹਨ।

ਉਸ ਨੇ 17 ਪੁਸਤਕਾਂ ਲਿਖੀਆਂ ਅਤੇ ਉਸ ਨੂੰ ਕਈ ਸਾਹਿੱਤਕ ਪਹਿਲਾਂ ਕਰਨ ਦਾ ਮਾਣ ਪ੍ਰਾਪਤ ਹੈ। ਹੁੰਦਲ ਪਹਿਲਾ ਪੰਜਾਬੀ ਕਵੀ ਹੈ, ਜਿਸ ਨੇ ਪੰਜਾਬੀ ਵਿਚ ਮਹਾਂ-ਕਾਵਿ ਦੀ ਸ਼ੈਲੀ ਵਿਚ ਛੇ ਲੰਮੀਆਂ ਕਵਿਤਾਵਾਂ ਲਿਖੀਆਂ ਹਨ। 'ਲਫ਼ਜ਼ ਬਲਫ਼ਜ਼' ਹੁੰਦਲ ਦੀ ਇਕ ਬੇਮਿਸਾਲ ਰਚਨਾ ਹੈ ਜਿਸ ਵਿਚ 'ਅਦਾਲਤੀ ਸੱਭਿਆਚਾਰ' ਬਾਰੇ ਬੜੇ ਵਿਲੱਖਣ ਢੰਗ ਨਾਲ ਲਿਖਿਆ ਗਿਆ ਹੈ। ਹੁੰਦਲ ਦੀ ਇਕ ਹੋਰ ਲੰਮੀ ਕਵਿਤਾ ਹੈ ਜਿਸ ਵਿਚ ਪ੍ਰਸਿੱਧ ਸਿੱਖ ਲੀਡਰ ਮਾਸਟਰ ਤਾਰਾ ਸਿੰਘ ਤੋਂ ਲੈ ਕੇ ਇੰਦਰਾ ਗਾਂਧੀ ਦੇ ਕਤਲ ਤਕ ਪੰਜਾਬ ਦਾ ਘਟਨਾ-ਕਰਮ ਚਿੰਨਾਤਮਕ ਰੂਪ ਵਿਚ ਅੰਕਿਤ ਹੈ।

ਅਜਾਇਬ ਹੁੰਦਲ ਦੀਆਂ ਪਹਿਲੀਆਂ ਰਚਨਾਵਾਂ ਵਿਚੋਂ ਇਕ ਵਿਚ ਅਠਾਰ੍ਹਵੀਂ ਸਦੀ ਦੇ ਮਹਾਨ ਪੰਜਾਬੀ ਸ਼ਾਇਰ ਵਾਰਸ਼ ਸ਼ਾਹ ਨੂੰ ਵਿਅੰਗ ਦਾ ਨਿਸ਼ਾਨਾ ਬਣਾਇਆ ਗਿਆ ਹੈ। ਜਿਸ ਨੇ ਹੀਰ ਰਾਂਝੇ ਦੀ ਰਵਾਇਤੀ ਪ੍ਰੇਮ ਕਥਾ ਦੇ ਆਧਾਰ 'ਤੇ ਆਪਣੀ ਕਾਵਿ-ਰਚਨਾ 'ਹੀਰ ਰਾਂਝਾ' ਲਿਖੀ ਸੀ। ਇਹ ਲੰਮੀ ਨਜ਼ਮ ਵਾਰਸ ਸ਼ਾਹ ਦੇ ਦ੍ਰਿਸ਼ਟੀਕੋਨ ਦੇ ਬਿਲਕੁਲ ਵਿਰੁਧ ਜਾ ਕੇ ਇਸ ਪ੍ਰੇਮ ਕਥਾ ਨੂੰ ਰੱਦ ਕਰਦੀ ਹੈ, ਜਿਸ ਨੂੰ ਵਾਰਸ ਸ਼ਾਹ ਨੇ ਪਰਵਾਨ ਕੀਤਾ ਹੈ।

ਇਸੇ ਤਰ੍ਹਾਂ ਹੁੰਦਲ ਦੀ ਲੰਬੀ ਨਜ਼ਮ 'ਆਪਣਾ ਆਪਣਾ ਕੁਰੂਕਸ਼ੇਤਰ' ਵੀ ਬੜੇ ਵੱਖਰੇ ਢੰਗ ਨਾਲ ਲਿਖੀ ਗਈ ਹੈ, ਜਿਸ ਵਿਚ ਮਿਥਿਹਾਸਕ ਪਾਤਰਾਂ ਦੀ 'ਆਧੁਨਿਕ ਵਿਆਖਿਆ' ਕੀਤੀ ਗਈ ਹੈ। ਇਸ ਸਭ ਕੁਝ ਦੇ ਬਾਵਜੂਦ ਜ਼ਿੰਦਗੀ ਦੇ 65 ਸਾਲ ਗੁਜ਼ਾਰ ਚੁੱਕੇ ਇਸ ਕਵੀ ਨੂੰ ਇਕ ਗਿਲਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕਿਸੇ ਵੀ ਯੂਨੀਵਰਸਿਟੀ ਨੇ ਉਨ੍ਹਾਂ ਦੀ ਕਿਸੇ ਵੀ ਪੁਸਤਕ ਨੂੰ ਵਿਦਿਆਰਥੀਆਂ ਲਈ ਪਾਠ ਪੁਸਤਕ ਨਿਯਤ ਨਹੀਂ ਕੀਤਾ ਕਿਉਂਕਿ ਉਹ ਅਜਿਹੀ ਪਰਵਾਨਗੀ ਲੈਣ ਲਈ ਖ਼ੁਦ ਜੋੜ-ਤੋੜ ਕਰਨ ਵਿਚ ਯਕੀਨ ਨਹੀਂ ਰੱਖਦੇ।



## ਸ਼ਰਾਵਨ ਅਫ਼ਸਾਨਾ

ਸਵਰਗਵਾਸੀ ਸ਼ਰਾਵਨ ਕੁਮਾਰ ਵਰਮਾ ਉਰਦੂ ਦੇ ਇਕ ਨਾਮਵਰ ਅਫ਼ਸਾਨਾ ਨਿਗਾਰ (ਕਹਾਣੀਕਾਰ) ਸਨ। ਸ੍ਰੀ ਵਰਮਾ ਮੰਟੋ ਦੀਆਂ ਲਾਜਵਾਬ ਕਹਾਣੀਆਂ ਤੋਂ ਬੇਹੱਦ ਪ੍ਰਭਾਵਿਤ ਸਨ ਪਰ ਉਨ੍ਹਾਂ ਨੂੰ ਜਿਊਂਦੇ ਜੀ ਮੰਟੋ ਨੂੰ ਮਿਲਣ ਦਾ ਮੌਕਾ ਨਹੀਂ ਮਿਲਿਆ, ਭਾਵੇਂ ਉਹ ਦੋਵੇਂ ਅੰਮ੍ਰਿਤਸਰ ਵਿਚ ਹੀ ਰਹਿੰਦੇ ਸਨ। ਮੰਟੋ ਨੂੰ ਮਿਲਣ ਦੀ ਉਮੀਦ ਵਿਚ ਉਹ 1953 ਵਿਚ ਨੱਸੇ-ਨੱਸੇ ਮੁੰਬਈ ਗਏ ਪਰ ਉਨ੍ਹਾਂ ਦੀ ਉਮੀਦ ਉਸ ਵੇਲੇ ਚਨਾਚੂਰ ਹੋ ਗਈ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਮੰਟੋ ਸਿਰਫ਼ ਤਿੰਨ ਦਿਨ ਪਹਿਲਾਂ ਪਾਕਿਸਤਾਨ ਚਲਾ ਗਿਆ ਹੈ। ਭਾਸ਼ਾ ਵਿਭਾਗ ਪੰਜਾਬ ਨੇ 1993 ਵਿਚ ਵਰਮਾ ਜੀ ਨੂੰ ਉਰਦੂ ਭਾਸ਼ਾ ਨੂੰ ਉੱਨਤ ਕਰਨ ਵਿਚ ਉਨ੍ਹਾਂ ਵਲੋਂ ਪਾਏ ਗਏ ਯੋਗਦਾਨ ਲਈ 'ਸ਼੍ਰੋਮਣੀ ਸਾਹਿਤਕਾਰ ਐਵਾਰਡ' ਪ੍ਰਦਾਨ ਕੀਤਾ। ਵਰਮਾ ਜੀ ਦੇ ਪਿਤਾ ਜੀ ਕਿੱਤੇ ਵਜੋਂ ਬੈਰਿਸਟਰ ਸਨ। ਵਰਮਾ ਜੀ ਦੇ ਜਨਮ ਤੋਂ ਪਹਿਲਾਂ ਹੀ ਉਹ 1930 ਵਿਚ ਲਖਨਊ ਚਲੇ ਗਏ। ਇਸ ਤਰ੍ਹਾਂ ਉਨ੍ਹਾਂ ਨੇ ਬਚਪਨ ਦੇ ਪਹਿਲੇ ਦਸ ਸਾਲ ਨਵਾਬਾਂ ਦੇ ਸ਼ਹਿਰ ਵਿਚ ਗੁਜ਼ਾਰੇ ਅਤੇ ਉਰਦੂ ਜ਼ਬਾਨ ਦਾ ਸਿੱਧਾ ਅਸਰ ਕਬੂਲ ਕੀਤਾ ਕਿਉਂਕਿ ਲਖਨਊ ਵਿਚ ਜ਼ਿਆਦਾ-ਤਰ ਉਰਦੂ ਹੀ ਬੋਲੀ ਜਾਂਦੀ ਹੈ। ਉਨ੍ਹਾਂ ਦੀਆਂ ਰਚਨਾਵਾ ਵਿਚ ਪੰਜ ਕਹਾਣੀ ਸੰਗ੍ਰਹਿ ਤੇ ਤਿੰਨ ਨਾਵਲ ਸ਼ਾਮਲ ਹਨ। ਉਨ੍ਹਾਂ ਨੇ ਆਪਣੇ 50 ਸਾਲਾ ਅਦਬੀ ਸਫ਼ਰ ਵਿਚ ਤਕਰੀਬਨ 250 ਕਹਾਣੀਆਂ ਲਿਖੀਆਂ। ਉਹ ਕਹਾਣੀ ਤੋਂ ਇਲਾਵਾ ਨਜ਼ਮ ਵੀ ਲਿਖਦੇ ਸਨ।

ਅੰਮ੍ਰਿਤਸਰ ਦੇ ਲੇਖਕਾਂ ਦੀ ਗਿਣਤੀ ਕਰਨੀ ਬੇਹੱਦ ਮੁਹਾਲ ਹੈ। ਗੁਰੂ ਨਗਰੀ ਦਾ ਖ਼ਮੀਰ ਹੀ ਐਸਾ ਹੈ ਕਿ ਇਸ ਨੇ ਬਹੁ-ਚਰਚਿਤ ਲੇਖਕ ਪੈਦਾ ਕੀਤੇ ਹਨ। ਇਨ੍ਹਾਂ ਵਿਚ ਡਾ. ਮਨਮੋਹਨ, ਦਰਸ਼ਨ ਕੌਰ, ਬਚਨਜੀਤ, ਸ਼ਰਨ ਮੱਕੜ, ਜੋਗਿੰਦਰ ਕੈਰੋਂ, ਗੁੱਲ ਚੌਹਾਨ, ਹਰਦੇਵ ਚੌਹਾਨ, ਅਮਰ ਚਿੱਤਰਕਾਰ, ਦੇਵ ਦਰਦ, ਜਦਿੰਤਰ ਜੌਲੀ, ਗੁਰਬਚਨ ਪਰਵਾਨਾ ਅਤੇ ਖ਼ੁਸ਼ਵੰਤ ਕੰਵਲ ਆਦਿ ਸ਼ਾਮਲ ਹਨ।

****

# ਕਿਵੇਂ ਉਜੜਿਆ ਸੁਹਣੀ ਕੁੜੀ ਦਾ ਬਾ.ਗ

ਅਟਾਰੀ/ਵਾਘਾ ਸਰਹੱਦ ਦੇ ਨੇੜੇ ਪ੍ਰਾਚੀਨ ਪਿੰਡ ਨੇਸ਼ਟਾ ਨਾਲ ਸਬੰਧਿਤ ਬਹੁਤ ਸਾਰੀਆਂ ਕਲਾਕ੍ਰਿਤਾਂ ਨਸ਼ਟ ਹੋ ਗਈਆਂ ਹਨ। ਕਹਿੰਦੇ ਹਨ ਕਿ ਨੇਸ਼ਟਾ ਸ਼ਬਦ 'ਨਸ਼ਿਸਤ-ਗਾਹ' ਦਾ ਬਦਲਿਆ ਹੋਇਆ ਰੂਪ ਹੈ। ਨਸ਼ਿਸਤਗਾਹ ਦਾ ਅਰਥ ਹੈ 'ਮਿਲਣ ਦੀ ਥਾਂ'। ਸ਼ਾਇਦ ਇੱਥੇ ਬਾਗ ਵਿਚ ਕਦੀ ਕੋਈ ਦੋ ਪ੍ਰੇਮੀ ਮਿਲਦੇ ਸਨ। ਇਸ ਲਈ ਲੋਕਾਂ ਨੇ ਇਸ ਥਾਂ ਨੂੰ 'ਸੁਹਣੀ ਕੁੜੀ ਦਾ ਬਾਗ' ਕਹਿਣਾ ਸ਼ੁਰੂ ਕਰ ਦਿੱਤਾ। ਪਿੰਡ ਦੇ ਲੋਕਾਂ ਦੇ ਕਹਿਣ ਅਨੁਸਾਰ ਨੇਸ਼ਟਾ, ਅੰਮ੍ਰਿਤਸਰ ਨਾਲੋਂ ਵੀ ਪੁਰਾਣਾ ਪਿੰਡ ਹੈ।

ਹਿੰਦ-ਪਾਕਿ ਸਰਹੱਦ ਦੇ ਨੇੜੇ ਵਸੇ ਇਸ ਰੌਣਕੀਲੇ ਪਿੰਡ ਵਿਚ ਕਦੀ ਮੋਢੇ ਨਾਲ ਮੋਢਾ ਖਹਿੰਦਾ ਸੀ ਅਤੇ ਇਹ ਥਾਂ ਕਦੀ ਵਪਾਰ ਦਾ ਵੱਡਾ ਕੇਂਦਰ ਸੀ। ਦੇਸ਼ਵੰਡ ਦੇ ਕਹਿਰ ਨੇ ਵਪਾਰ ਦੇ ਇਸ ਵੱਡੇ ਕੇਂਦਰ ਦੀ ਰੌਣਕ ਖੋਹ ਲਈ ਅਤੇ ਹੁਣ ਇਹ ਸਿਮਟ ਕੇ ਛੋਟਾ ਜਿਹਾ ਪਿੰਡ ਰਹਿ ਗਿਆ ਹੈ। ਮਹਾਰਾਜਾ ਰਣਜੀਤ ਸਿੰਘ ਨੇ ਇਸ ਪਿੰਡ ਦੇ ਪ੍ਰਾਚੀਨ ਮੰਦਰ ਨੂੰ ਇਕ ਸੌ ਏਕੜ ਜ਼ਮੀਨ ਦਾਨ ਦਿੱਤੀ ਸੀ। ਇਕ ਘੁੱਗ ਵਸਦਾ ਵੱਡਾ ਪਿੰਡ ਸਮੇਂ ਦੀ ਲਾਪ੍ਰਵਾਹੀ ਦਾ ਸ਼ਿਕਾਰ ਹੋ ਗਿਆ। ਇਸ ਪਿੰਡ ਦਾ ਇਕ ਵਿਸ਼ੇਸ਼ ਥਾਂ 'ਤੇ ਵਸਿਆ ਹੋਣਾ, ਇਸ ਦੀ ਉੱਨਤੀ ਅਤੇ ਗਿਰਾਵਟ ਲਈ ਜ਼ਿੰਮੇਵਾਰ ਹੈ। ਪਿੰਡ ਨੇਸ਼ਟਾ ਲਾਹੌਰ ਤੇ ਅੰਮ੍ਰਿਤਸਰ ਤੋਂ ਇਕੋ ਜਿਹੇ ਫਾਸਲੇ 'ਤੇ ਸਥਿਤ ਹੈ।

ਸਰਕਾਰ ਦੀਆਂ ਨੀਤੀਆਂ ਅਤੇ ਦੇਸ਼ਵੰਡ ਤੇ ਖਾੜਕੂਵਾਦ ਵਰਗੀਆਂ ਅਣਕਿਆਸੀਆਂ ਘਟਨਾਵਾ ਨੇ ਇਸ ਪਿੰਡ ਦੀ ਹੋਣੀ ਨੂੰ ਬਹੁਤ ਪ੍ਰਭਾਵਿਤ ਕੀਤਾ। ਜਿਨ੍ਹਾਂ ਕਾਰਨ ਇਸ ਪਿੰਡ ਨੂੰ ਕਈ ਚੜ੍ਹਾਅ-ਉਤਰਾ ਦੇਖਣੇ ਪਏ।

ਨੇਸ਼ਟਾ ਪੰਜਾਬੀ ਦੇ ਮਸ਼ਹੂਰ ਸ਼ਾਇਰ ਅਤੇ ਬਹੁਪੱਖੀ ਲੇਖਕ ਬਾਵਾ ਬਲਵੰਤ ਦਾ ਪਿੰਡ ਵੀ ਹੈ। ਬਾਵਾ ਬਲਵੰਤ ਦਾ ਘਰ ਸਮੇਂ ਦੀ ਲਾਪ੍ਰਵਾਹੀ ਦਾ ਸ਼ਿਕਾਰ ਹੋ ਗਿਆ ਹੈ ਅਤੇ ਹੁਣ ਉਸ ਦਾ ਕੋਈ ਨਿਸ਼ਾਨ ਬਾਕੀ ਨਹੀਂ ਹੈ। ਪਿੰਡ ਨੇਸ਼ਟਾ ਦੀ ਸਾਰੀ ਜ਼ਮੀਨ ਪ੍ਰਸਿੱਧ ਸਿੱਖ ਜਨਰੈਲ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਨੇ ਬਾਵਾ ਬਲਵੰਤ ਦੇ ਬਜ਼ੁਰਗਾਂ ਨੂੰ ਦਾਨ ਕੀਤੀ ਸੀ। ਬਾਵਾ ਬਲਵੰਤ ਦੇ ਦਾਦਾ ਜੀ ਵੈਦ ਮਿਸ਼ਰ ਮੂਲ ਚੰਦ, ਅਟਾਰੀਵਾਲਾ ਸਰਦਾਰ ਦੇ ਦਰਬਾਰੀ ਹਕੀਮ ਸਨ। ਸ਼ਾਹੀ ਖ਼ਾਨਦਾਨ ਵਿਚ ਉਨ੍ਹਾਂ ਦੀ ਬਹੁਤ ਇੱਜ਼ਤ ਕੀਤੀ ਜਾਂਦੀ ਸੀ।

ਨੇਸ਼ਟਾ ਵਿਚ ਹਿੰਦੂਆਂ ਤੇ ਮੁਸਲਮਾਨਾਂ ਦੀ ਬਹੁਗਿਣਤੀ ਸੀ ਅਤੇ ਦੋਹਾਂ ਫਿਰਕਿਆਂ ਦੇ ਘਰਾਂ ਦੀ ਬਣਤਰ ਵੱਖਰੀ ਤੇ ਖ਼ਾਸ ਕਿਸਮ ਦੀ ਸੀ। ਅਮੀਰ ਖੱਤਰੀ ਤੇ ਬ੍ਰਾਹਮਣ ਕਿਲੇ ਵਰਗੀ ਵੱਡੀ ਇਮਾਰਤ ਦੇ ਅੰਦਰ ਰਹਿੰਦੇ ਸਨ। ਉਨ੍ਹਾਂ ਦੇ ਖ਼ੂਹ ਵੱਖਰੇ ਹੁੰਦੇ ਸਨ। ਕਿਲ੍ਹੇ ਦੇ ਚਾਰ ਵੱਡੇ ਦਰਵਾਜ਼ੇ ਸਨ ਜੋ ਸੂਰਜ ਡੁੱਬਣ ਤੋਂ ਬਾਅਦ ਬੰਦ ਕਰ ਦਿੱਤੇ ਜਾਂਦੇ ਸਨ ਤਾਂ ਜੋ ਕੋਈ ਓਪਰਾ ਬੰਦਾ ਕਿਲ੍ਹਾ-ਵਾਸੀਆਂ ਨਾਲ ਕੋਈ ਵਾਰਦਾਤ ਨਾ ਕਰ ਸਕੇ। ਪਰ ਇਹ ਵੱਡੀ ਕਿਲ੍ਹਾ-ਨੁਮਾ ਇਮਾਰਤ ਢਾਹ ਦਿੱਤੀ ਗਈ ਅਤੇ ਹੁਣ ਉਸ ਦੇ ਕੁਝ ਖੰਡਰ ਹੀ ਬਾਕੀ ਹਨ। ਜਿੱਥੇ ਬਾਵਾ ਬਲਵੰਤ ਦਾ ਘਰ ਹੁੰਦਾ ਸੀ, ਹੁਣ ਉਥੇ ਪਸੂ ਬੰਨ੍ਹੇ ਜਾਂਦੇ ਹਨ ਅਤੇ ਇਸ ਜਗ੍ਹਾ ਦੀ ਹਾਲਤ ਬੜੀ ਤਰਸਯੋਗ ਹੈ।

ਬਾਵਾ ਬਲਵੰਤ ਦਾ ਚਚੇਰਾ ਭਰਾ ਚੰਦਰ ਸ਼ੇਖਰ ਜੱਜ ਕਹਿੰਦਾ ਹੈ ਕਿ ਇਹ ਪਿੰਡ ਰਾਜਸਥਾਨ ਦੇ ਰਾਜਾ ਨਲ ਨੇ ਵਸਾਇਆ ਸੀ। ਉਨ੍ਹਾਂ ਦਿਨਾਂ ਵਿਚ ਰਾਜਸਥਾਨ ਦੇ ਕੁਝ ਕਾਲ-ਮਾਰੇ ਲੋਕ ਪੰਜਾਬ ਦੀ ਉਪਜਾਊ ਧਰਤੀ 'ਤੇ ਆ ਵਸੇ ਸਨ। ਆਪਣੀ ਗੱਲ ਨੂੰ ਸਹੀ ਸਾਬਤ ਕਰਨ ਲਈ ਕਿ ਇਹ ਪਿੰਡ ਬਹੁਤ ਪ੍ਰਾਚੀਨ ਹੈ, ਇਕ ਦਿਨ ਚੰਦਰ ਸ਼ੇਖਰ ਅੰਮ੍ਰਿਤਸਰ ਪਲੱਸ ਦੀ ਟੀਮ ਨੂੰ ਆਪਣੇ ਘਰ ਲੈ ਗਿਆ ਅਤੇ ਉਥੇ ਉਨ੍ਹਾਂ ਆਪਣੇ ਘਰ ਵਿਚ ਪੰਜ ਸਦੀਆਂ ਪੁਰਾਣਾ ਇਕ ਦੇਵੀ ਦੁਆਰਾ ਦਿਖਾਇਆ ਜੋ ਨਾਨਕਸ਼ਾਹੀ ਇੱਟਾਂ ਦਾ ਬਣਿਆ ਹੋਇਆ ਸੀ। ਜਿਸ ਨੂੰ ਬੜੇ ਤਰੱਦਦ ਨਾਲ ਸਾਂਭ ਕੇ ਰੱਖਿਆ ਹੋਇਆ ਸੀ। ਉਸ ਨੇ ਕਿਹਾ ਕਿ ਉਹ ਅਤਿਵਾਦ ਦੀ ਸਿਖ਼ਰ ਸਮੇਂ ਵੀ ਪਿੰਡ ਛੱਡ ਕੇ ਨਹੀਂ ਗਿਆ ਸੀ ਕਿਉਂਕਿ ਉਹ ਇਸ ਮੰਦਰ ਦੀ ਸੇਵਾ ਅਤੇ ਸੰਭਾਲ ਨੂੰ ਆਪਣਾ ਫਰਜ਼ ਸਮਝਦਾ ਸੀ। ਪਿੰਡ ਵਿਚ ਬਣੇ ਤਪ ਅਸਥਾਨ ਦਾ ਪਵਿੱਤਰ ਜਲ ਦੂਰ-ਦੂਰ ਤਕ ਮਸ਼ਹੂਰ ਹੈ। ਪਾਕਿਸਤਾਨ ਜਾ ਵਸੇ ਕੁਝ ਲੋਕ ਦੇਸ਼ਵੰਡ ਤੋਂ ਬਾਅਦ ਵੀ ਕਈ ਸਾਲ ਆ ਆ ਕੇ ਇਹ 'ਪਵਿੱਤਰ ਜਲ' ਲਿਜਾਂਦੇ ਰਹੇ ਹਨ।

ਸੇਵਾ-ਮੁਕਤ ਕਾਰਜਕਾਰੀ ਇੰਜੀਨੀਅਰ ਸ. ਗੁਰਦੇਵ ਸਿੰਘ ਰੰਧਾਵਾ ਕਹਿੰਦੇ ਹਨ ਕਿ ਇਸ ਪਿੰਡ ਦੀ ਅਹਿਮੀਅਤ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਪ੍ਰਸਿੱਧ ਐਕਟਰ ਤੇ ਐਕਟ੍ਰੈਸ ਸੁਨੀਲ ਦੱਤ ਤੇ ਨਰਗਿਸ 1962 ਵਿਚ ਇਥੇ 'ਹਿੰਦੀ ਚੀਨੀ ਭਾਈ ਭਾਈ' ਨਾਟਕ ਖੇਡਣ ਆਏ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਪਿੰਡ ਵਿਚ ਕਦੀ ਫ਼ਿਰਕੇਦਾਰਾਨਾ ਤਣਾਉ ਪੈਦਾ ਨਹੀਂ ਹੋਇਆ, ਅਤਿਵਾਦ ਦੀ ਸਿਖ਼ਰ ਦੇ ਦਿਨਾਂ ਵਿਚ ਵੀ ਨਹੀਂ।

ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਸਥਿਤ ਅਮੁੱਲ ਵਿਰਾਸਤੀ ਇਮਾਰਤਾਂ, ਸੈਰ-ਸਫ਼ਰ ਦੇ ਸ਼ੌਕੀਨ ਯਾਤਰੀਆਂ ਲਈ ਖਿੱਚ ਦਾ ਕਾਰਨ ਬਣ ਸਕਦੀਆਂ ਸਨ, ਪਰ ਇਸ ਵਿਰਸੇ ਨੂੰ ਸਾਂਭਣ ਦੇ ਕੋਈ ਯਤਨ ਨਹੀਂ ਕੀਤੇ ਗਏ। ਨੇਸ਼ਟੇ ਦੇ ਬਹੁਤ ਸਾਰੇ ਵਿਰਾਸਤੀ ਭਵਨ ਢਾਹ ਦਿੱਤੇ ਗਏ ਹਨ। ਇਸ ਪਿੰਡ ਦੀਆਂ ਇਮਾਰਤਾਂ ਦੀ ਵੱਡੀ ਪੱਧਰ 'ਤੇ ਤਬਾਹੀ ਹੋਈ ਹੈ। ਇਥੋਂ ਤਕ ਕਿ ਮਹਾਰਾਜਾ ਰਣਜੀਤ ਸਿੰਘ ਦੇ ਇਕ ਪ੍ਰਸਿੱਧ ਜਰਨੈਲ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੇ ਪਿੰਡ ਅਟਾਰੀ ਵਿਚ ਵੀ ਇਤਿਹਾਸਕ ਇਮਾਰਤਾਂ ਨੂੰ ਨਹੀਂ ਬਖ਼ਸ਼ਿਆ ਗਿਆ।

ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਜਾਣ ਪਿੱਛੋਂ, ਅੰਗਰੇਜ਼ ਸਰਕਾਰ ਨੇ ਸ. ਸ਼ਾਮ ਸਿੰਘ ਅਟਾਰੀਵਾਲਾ ਦੇ ਨਜ਼ਦੀਕੀ ਰਿਸ਼ਤੇਦਾਰਾ ਨੂੰ ਖ਼ਤਮ ਕਰ ਦਿੱਤਾ ਅਤੇ ਸ. ਸ਼ਾਮ ਸਿੰਘ ਨੇ ਆਪ ਅੰਗਰੇਜ਼ੀ ਫ਼ੌਜਾਂ ਨਾਲ ਲੜਦਿਆਂ ਸਭਰਾਉਂ (ਜ਼ਿਲ੍ਹਾ ਫਿਰੋਜ਼ਪੁਰ) ਦੀ ਜੰਗ ਵਿਚ ਸ਼ਹੀਦੀ ਪਾਈ।

ਭਾਰਤ ਦਾ ਪੁਰਾਤਨ ਵਿਭਾਗ ਅਤੇ ਸੂਬਾ ਸਰਕਾਰ ਅਜਿਹੀਆਂ ਇਤਿਹਾਸਕ ਇਮਾਰਤਾਂ ਦੀ ਯਾਤਰੀਆਂ ਲਈ ਦਰਸ਼ਨੀ ਸਮਰਥਾ ਤੋਂ ਲਾਭ ਉਠਾਉਣ ਵਿਚ ਅਸਫ਼ਲ ਰਹੀ ਹੈ। ਅਟਾਰੀ ਤੇ ਨੇਸ਼ਟਾ ਦੇ ਇਤਿਹਾਸਕ ਨਗਰ, ਜੋ ਪਾਕਿਸਤਾਨ ਦੀ ਸਰਹੱਦ ਦੇ ਬਿਲਕੁਲ ਨੇੜੇ ਹਨ, ਉਨ੍ਹਾਂ ਉਤਸੁਕ ਯਾਤਰੀਆਂ ਲਈ ਵੱਡੀ ਖਿੱਚ ਦਾ ਕੇਂਦਰ ਬਣ ਸਕਦੇ ਹਨ, ਜੋ ਹਜ਼ਾਰਾਂ ਦੀ ਗਿਣਤੀ ਵਿਚ ਸਰਹੱਦ ਤੋਂ ਪਿੱਛੇ ਹਟਦੇ ਸੈਨਿਕਾਂ ਦੀ ਪਰੇਡ ਨੂੰ ਦੇਖਣ ਲਈ ਹਰ ਰੋਜ਼ ਆਉਂਦੇ ਹਨ। ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਦੀ ਇਮਾਰਤਸਾਜ਼ੀ ਦੀਆਂ ਇਨ੍ਹਾਂ ਅਦਭੁੱਤ ਨਿਸ਼ਾਨੀਆਂ ਨੂੰ ਸੁਰੱਖਿਅਤ ਰੱਖਣ ਲਈ ਕੋਈ ਵਿਸ਼ੇਸ਼ ਯਤਨ ਨਹੀਂ ਕੀਤੇ ਗਏ,ਜੋ ਸਰਹੱਦੀ ਖੇਤਰ ਦੇ ਯਾਤਰੀਆਂ ਨੂੰ ਇੱਕ ਜਾਂ ਦੋ ਦਿਨ ਰੁਝਾਈ ਰੱਖ ਸਕਦੀਆਂ ਹਨ।

ਇਕ ਰਵਾਇਤ ਇਹ ਵੀ ਹੈ ਕਿ ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਸੈਰ-ਸਫ਼ਰ ਕਰਦਿਆਂ ਇਕ ਵਾਰ ਇਸ ਇਲਾਕੇ ਵਿਚ ਰਹੇ ਸਨ। ਉਸ ਸਮੇਂ ਮਾਤਾ ਕੌਲਾਂ ਵੀ ਉਨ੍ਹਾਂ ਦੇ ਨਾਲ ਸੀ। ਖੇਤੀਬਾੜੀ ਦੇ ਪੱਖੋਂ ਅਮੀਰ ਹੋਣ ਕਰ ਕੇ ਇਹ ਪਿੰਡ ਇਲਾਕੇ ਵਿਚ ਸਭ ਤੋਂ ਵਧ ਆਬਾਦੀ ਵਾਲਾ ਪਿੰਡ ਬਣ ਗਿਆ ਸੀ। ਪਰ ਸਮੇਂ ਦੇ ਚੱਕਰ ਨੇ ਇਸ ਪਿੰਡ ਦਾ ਸਭ ਕੁਝ ਤਬਾਹ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਪਿੰਡ ਵਿਚ ਪੰਜਵੀਂ ਪਾਤਸ਼ਾਹੀ ਦੇ ਆਗਮਨ ਦੀ ਯਾਦ ਵਿਚ ਮਿੱਠਾਸਰ ਨਾਂ ਦਾ ਇਕ ਵੱਡਾ ਗੁਰਦੁਆਰਾ ਬਣਾ ਦਿੱਤਾ ਹੈ। ਇੱਥੇ ਗੁਰੂ ਸਾਹਿਬ ਦੇ ਵੇਲੇ ਦੇ ਦੋ ਖੂਹ ਅਜੇ ਵੀ ਚੰਗੀ ਹਾਲਤ ਵਿਚ ਹਨ।

## ਬਾਵਾ ਬਲਵੰਤ ਦੀ ਦੁਰਲੱਭ ਉਰਦੂ ਕਿਤਾਬ

ਮਹਾਨ ਪੰਜਾਬੀ ਕਵੀ ਬਾਵਾ ਬਲਵੰਤ ਦਾ ਇਕ ਬਹੁਤ ਹੀ ਜ਼ਰੂਰੀ ਪੱਖ, ਉਨ੍ਹਾਂ ਦਾ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਪਾਇਆ ਯੋਗਦਾਨ ਹੈ ਜਿਸ ਨੂੰ ਇਤਿਹਾਸਕਾਰਾਂ ਨੇ ਨਜ਼ਰਅੰਦਾਜ਼ ਕੀਤਾ ਹੋਇਆ ਹੈ। ਉਨ੍ਹਾਂ ਦੀ ਪਹਿਲੀ ਉਰਦੂ ਕਿਤਾਬ 'ਸ਼ੇਰ-ਇ-ਹਿੰਦ' ਉਤੇ ਅੰਗਰੇਜ਼ ਸਰਕਾਰ ਨੇ ਪਾਬੰਦੀ ਲਾ ਦਿੱਤੀ ਸੀ। ਇਹ ਕਿਤਾਬ ਅੱਜਕੱਲ੍ਹ ਉਪਲਬਧ ਨਹੀਂ। ਡਾ. ਕੁਲਬੀਰ ਸਿੰਘ ਕਾਂਗ, ਬਾਵਾ ਜੀ ਦੇ ਬਹੁਤ ਨੇੜੇ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਭਾਰਤ ਦੀ ਆਜ਼ਾਦੀ ਦੀ ਜੰਗ ਸਿਖ਼ਰ ਉਤੇ ਸੀ, ਉਸ ਵੇਲੇ ਬਾਵਾ ਜੀ ਕਾਂਗਰਸ ਪਾਰਟੀ ਦੇ ਮੈਂਬਰ ਬਣ ਗਏ ਸਨ। ਉਨ੍ਹਾਂ ਨੇ ਗੋਰਕੀ, ਲੈਨਿਨ, ਲਾਲਾ ਹਰਦਿਆਲ, ਤਾਲਸਤਾਏ, ਮੁਨਸ਼ੀ ਪ੍ਰੇਮ ਚੰਦ, ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਦੀ ਵਿਚਾਰਧਾਰਾ ਤੇ ਸਿਧਾਂਤਾਂ ਦਾ ਡੂੰਘਾ ਅਧਿਐਨ ਕੀਤਾ।

## ਬਾਵਾ ਬਲਵੰਤ ਦੀ ਕਰੁਣ ਕਹਾਣੀ

ਬਾਵਾ ਬਲਵੰਤ ਆਪਣੇ ਜੱਦੀ ਪਿੰਡ ਨੇਸ਼ਟਾ ਵਿਖੇ ਅਗਸਤ 1915 ਵਿਚ ਇਕ ਸਾਧਾਰਨ ਪਰਿਵਾਰ ਵਿਚ ਪੈਦਾ ਹੋਏ ਅਤੇ ਜੂਨ ਦੇ ਤਪਦੇ ਮਹੀਨੇ ਵਿਚ ਨਵੀਂ ਦਿੱਲੀ ਦੀਆਂ ਪਿਘਲੀਆਂ ਸੜਕਾਂ ਉਤੇ 1972 ਵਿਚ ਸੁਰਗਵਾਸ ਹੋ ਗਏ। ਉਹ



ਪੰਜਾਬੀ ਕਵਿਤਾ ਵਿਚ ਪ੍ਰਗਤੀਵਾਦੀ ਲਹਿਰ ਦੇ ਅਸਲੀ ਪ੍ਰਤੀਨਿਧ ਸਨ। ਉਹ ਪੂਰਬ ਦੇ ਮਹਾਨ ਸ਼ਾਇਰ ਡਾ. ਮੁਹੰਮਦ ਇਕਬਾਲ ਦੀ ਸ਼ਾਇਰੀ ਤੋਂ ਬਹੁਤ ਪ੍ਰਭਾਵਿਤ ਸਨ। ਇਸ ਲਈ ਉਨ੍ਹਾਂ ਨੇ ਸ਼ੁਰੂ ਵਿਚ ਉਰਦੂ ਨਜ਼ਮ ਲਿਖਣੀ ਸ਼ੁਰੂ ਕੀਤੀ ਪਰ ਛੇਤੀਂ ਹੀ ਉਹ ਆਪਣੀ ਮਾਂ-ਬੋਲੀ ਪੰਜਾਬੀ ਦੀ ਗੋਦ ਵਿਚ ਆ ਗਏ।

ਬਾਵਾ ਜੀ ਦੀ ਸ਼ਾਇਰੀ ਦਾ ਰਹਿਬਰ ਸਿਤਾਰਾ ਸਮਾਜਵਾਦ ਸੀ। ਪਿਆਰ ਦੀਆਂ ਨਜ਼ਮਾਂ ਵਿਚ ਉਨ੍ਹਾਂ ਦੀ ਸ਼ਾਇਰੀ ਸਿਖ਼ਰ ਉਤੇ ਹੁੰਦੀ ਹੈ। ਉਨ੍ਹਾਂ ਦੇ ਕਾਵਿ-ਸੰਗ੍ਰਹਿਆਂ ਵਿਚ ਮਹਾਂ ਨਾਚ, ਅਮਰ ਗੀਤ, ਜੁਆਲਾ ਮੁਖੀ, ਬੰਦਰਗਾਹ ਅਤੇ ਸੁਗੰਧ ਸਮੀਰ ਸ਼ਾਮਲ ਹਨ।

ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੀ ਸ਼ਹੀਦੀ ਤੋਂ ਬਾਅਦ ਬਾਵਾ ਪਰਿਵਾਰ ਦੀ ਸਾਰੀ ਜਗੀਰਦਾਰੀ ਸ਼ਾਨ ਖ਼ਤਮ ਹੋ ਗਈ। ਉਹ ਆਪਣੇ ਜੱਦੀ ਪਿੰਡ ਨੇਸ਼ਟਾ ਵਿਚ ਆ ਗਏ। ਸਵਾਇ ਹਕੀਮੀ ਦੇ ਉਨ੍ਹਾਂ ਦੀ ਆਮਦਨ ਦਾ ਹੋਰ ਕੋਈ ਵਸੀਲਾ ਨਹੀਂ ਸੀ।

ਬਾਵਾ ਜੀ ਨੇ ਪੜ੍ਹਨਾ-ਲਿਖਣਾ ਆਪਣੇ ਮਾਤਾ-ਪਿਤਾ ਤੋਂ ਸਿੱਖਿਆ। ਉਹ ਇਕ ਮਹਾਜਨੀ ਲਿੱਪੀ ਲੰਡੇ ਵਿਚ ਵਹੀ ਖਾਤਾ ਲਿਖਣਾ ਸਿੱਖ ਗਏ। ਬਾਵਾ ਜੀ ਦੇ ਕਾਫ਼ੀ ਸਮਾਂ ਅੰਗ-ਸੰਗ ਰਹਿਣ ਵਾਲੇ ਡਾ. ਕੁਲਬੀਰ ਸਿੰਘ ਕਾਂਗ ਨੇ ਦੱਸਿਆ ਕਿ ਬਾਵਾ ਜੀ ਦੇ ਪਿਤਾ ਜੀ ਨੇ ਹੀ ਉਨ੍ਹਾਂ ਨੂੰ ਉਰਦੂ, ਹਿੰਦੀ ਤੇ ਥੋੜ੍ਹੀ ਜਿਹੀ ਫਾਰਸੀ ਲਿੱਪੀ ਸਿਖਾਈ ਸੀ।

ਅੰਮ੍ਰਿਤ ਸਰੋਵਰ ਵਾਲੇ ਸ਼ਹਿਰ ਅੰਮ੍ਰਿਤਸਰ ਨੇ ਬਾਵਾ ਜੀ ਨੂੰ ਇਕ ਗੀਤਮਈ ਅਤੇ ਰੂਹਾਨੀ ਰੰਗ ਵਿਚ ਰੰਗੀ ਧਰਮ-ਨਿਰਪੇਖ ਪਿੱਠ-ਭੂਮੀ ਮੁਹੱਈਆ ਕੀਤੀ। ਉਨ੍ਹਾਂ ਨੂੰ ਸੱਤ ਰੁਪਏ ਮਾਸਕ ਤਨਖ਼ਾਹ 'ਤੇ ਇਕ ਦੁਕਾਨ ਵਿਚ ਮੁਨਸ਼ੀ ਦੀ ਨੌਕਰੀ ਮਿਲ ਗਈ। ਉਨ੍ਹਾਂ ਦੇ ਪਿਤਾ ਜੀ ਵੀ ਅੰਮ੍ਰਿਤਸਰ ਆ ਗਏ ਅਤੇ ਦੋ ਰੁਪਏ ਮਹੀਨਾ 'ਤੇ ਇਕ ਘਰ ਕਿਰਾਏ 'ਤੇ ਲੈ ਲਿਆ। ਇੱਥੇ ਰਹਿੰਦਿਆਂ ਉਨ੍ਹਾਂ ਨੂੰ ਸੰਗੀਤ ਦਾ ਸ਼ੌਕ ਹੋ ਗਿਆ ਕਿਉਂਕਿ ਉਨ੍ਹਾਂ ਦੇ ਗੁਆਂਢ ਵਿਚ ਕੁਝ ਵੱਡੇ ਸੰਗੀਤਕਾਰ ਰਹਿੰਦੇ ਸਨ। ਹੁਣ ਇਹ ਮਕਾਨ ਵੀ ਮਾਲਕ-ਮਕਾਨ ਨੇ ਢਾਹ ਦਿੱਤਾ ਹੈ।

ਅੱਜ ਇਸ ਪ੍ਰਗਤੀਵਾਦੀ ਕਵੀ ਦੀਆਂ ਕੁਝ ਰਚਨਾਵਾਂ ਤੋਂ ਬਿਨਾਂ ਉਨ੍ਹਾਂ ਦੀ ਕੋਈ ਚੀਜ਼ ਉਪਲਬਧ ਨਹੀਂ ਹੈ। ਬਾਵਾ ਜੀ ਤਿੰਨ ਭਰਾ ਸਨ। ਉਨ੍ਹਾਂ ਵਿਚੋਂ ਦੋ ਛੜੇ ਸਨ। ਬਾਵਾ ਜੀ ਦਾ ਇਕ ਵਾਰੀ ਵਿਆਹ ਹੋਇਆ ਸੀ। ਪਰ ਵਿਆਹ ਤੋਂ ਛੇਤੀ ਹੀ ਬਾਅਦ ਉਨ੍ਹਾਂ ਦਾ ਤੋੜ-ਵਿਛੋੜਾ ਹੋ ਗਿਆ। ਬਾਵਾ ਜੀ ਦੀਆਂ ਦੋ ਭੈਣਾਂ ਦੇ ਥਹੁ-ਪਤੇ ਬਾਰੇ ਵੀ ਕੋਈ ਜਾਣਕਾਰੀ ਉਪਲਬਧ ਨਹੀਂ। ਉਨ੍ਹਾਂ ਦਾ ਚਚੇਰਾ ਭਰਾ ਚੰਦਰ ਸ਼ੇਖਰ ਕਹਿੰਦਾ ਹੈ ਕਿ ਮੈਨੂੰ ਵੀ ਬਾਵਾ ਜੀ ਦੀਆਂ ਭੈਣਾਂ ਬਾਰੇ ਕੁਝ ਪਤਾ ਨਹੀਂ ਹੈ। ਚੰਦਰ ਸ਼ੇਖਰ ਕਹਿੰਦੇ ਹਨ ਕਿ ਉਨ੍ਹਾਂ ਨੇ ਬਾਵਾ ਜੀ ਨੂੰ ਉਦੋਂ ਇਕ ਵਾਰ ਦੇਖਿਆ ਸੀ, ਜਦੋਂ ਉਹ ਆਪ ਪੰਜਾਂ ਸਾਲਾਂ ਦਾ ਸੀ। ਉਹ ਇਹ ਗੱਲ ਮੰਨਦੇ ਹਨ ਕਿ ਪਿੰਡ-ਵਾਸੀਆਂ ਵੱਲੋਂ ਬਾਵਾ ਜੀ ਦੀ ਕੋਈ ਯਾਦਗਾਰ ਨਾ ਬਣਾਉਣਾ, ਇਕ ਬਹੁਤ ਵੱਡੀ ਗਲਤੀ ਹੈ।

****

# ਗਿਆਨੀ, ਗੁਰਮੁਖ ਅਤੇ ਇਕ ਮੁਸਾਫ਼ਰ ਵੀ

ਉਹ ਇਕੋ ਇਕ ਅਜਿਹੇ ਲੀਡਰ ਹਨ, ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੀ ਰਹੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਵੀ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਵੀ ਅਤੇ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਵੀ ਰਹੇ। ਉਸ ਤੋਂ ਪਿੱਛੋਂ ਉਹ ਪੰਜਾਬ ਦੇ ਮੁੱਖ ਮੰਤਰੀ ਅਤੇ ਲੋਕ ਸਭਾ ਦੇ ਮੈਂਬਰ ਵੀ ਬਣੇ।

ਆਪਣੀ ਸਵੈਜੀਵਨੀ ਵਿਚ ਗਿ. ਗੁਰਮੁਖ ਸਿੰਘ ਮੁਸਾਫ਼ਰ ਕਹਿੰਦੇ ਹਨ ਕਿ ਅਕਾਲੀ ਮੋਰਚਿਆਂ ਅਤੇ ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਹਿੱਸਾ ਲੈਣ ਕਰ ਕੇ ਉਨ੍ਹਾਂ ਨੇ ਵੰਡ ਤੋਂ ਪਹਿਲੇ ਸੰਯੁਕਤ ਪੰਜਾਬ ਦੀਆਂ ਤਕਰੀਬਨ ਸਾਰੀਆਂ ਜੇਲ੍ਹਾਂ ਦੇਖੀਆਂ ਹਨ। ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦੂਰ-ਦ੍ਰਿਸ਼ਟੀ ਵਾਲੇ ਜਥੇਦਾਰ ਵਜੋਂ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਕਈ ਇਤਿਹਾਸਕ ਫ਼ੈਸਲੇ ਕੀਤੇ ਅਤੇ ਸਿੱਖ ਧਰਮ ਦੇ ਕਈ ਜਟਿਲ ਮਸਲਿਆਂ ਨੂੰ ਹੱਲ ਕੀਤਾ। 1922 ਵਿਚ ਗੁਰੂ ਕਾ ਬਾਗ ਮੋਰਚੇ ਤੋਂ ਇਲਾਵਾ ਉਨ੍ਹਾਂ ਨੇ ਕਈ ਹੋਰ ਮੋਰਚਿਆਂ ਵਿਚ ਭਾਗ ਲਿਆ। ਇਸ ਤੋਂ ਬਿਨਾਂ ਉਹ ਦੇਸ਼ ਦੀ ਆਜ਼ਾਦੀ ਦੀ ਜੰਗ ਵਿਚ ਵੀ ਸਰਗਰਮ ਹੋ ਗਏ। ਆਜ਼ਾਦੀ ਤੋਂ ਬਾਅਦ ਉਹ ਪੰਜਾਬ ਨੂੰ ਇਕ ਆਦਰਸ਼ਕ ਸੂਬਾ ਬਣਾਉਣ ਵਿਚ ਜੁਟ ਗਏ। 1966 ਵਿਚ ਪੰਜਾਬ ਦੀ ਮੁੜ ਹੱਦਬੰਦੀ ਹੋਣ ਪਿੱਛੋਂ ਉਹ ਪੰਜਾਬ ਦੇ ਪਹਿਲੇ ਮੁੱਖ ਮੰਤਰੀ ਬਣੇ। ਉਹ ਕਦੀ ਰਾਜ-ਸੱਤਾ ਦੇ ਪਿੱਛੇ ਨਹੀਂ ਦੌੜੇ। ਇੰਦਰਾ ਗਾਂਧੀ ਨੇ ਆਈ.ਕੇ. ਗੁਜਰਾਲ (ਜੋ ਬਾਅਦ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਬਣੇ) ਨੂੰ ਕਿਹਾ ਕਿ ਉਹ ਮੁਸਾਫ਼ਰ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਨ ਲਈ ਪ੍ਰੇਰਣ। ਉਸ ਵੇਲੇ ਗਿ. ਜ਼ੈਲ ਸਿੰਘ ਪੰਜਾਬ ਦਾ ਮੁੱਖ ਮੰਤਰੀ ਬਣਨ ਦੇ ਚਾਹਵਾਨ ਸਨ ਅਤੇ ਉਹ ਇੰਦਰਾ ਗਾਂਧੀ ਦੇ ਬਹੁਤ ਨੇੜੇ ਵੀ ਸਨ।

ਗੁਜਰਾਲ ਜੀ ਦੇ ਕਹਿਣ ਅਨੁਸਾਰ ਮੁਸਾਫ਼ਰ ਜੀ ਨੇ ਇਹ ਪੇਸ਼ਕਸ਼ ਬੜੀ ਮੁਸ਼ਕਲ ਨਾਲ ਪਰਵਾਨ ਕੀਤੀ। ਉਹ ਬੜੇ ਮਿਲਣਸਾਰ, ਨਿਰਮਾਨ ਤੇ ਨਿਰਛਲ ਵਿਅਕਤੀ ਸਨ। ਇਹੀ ਉਨ੍ਹਾਂ ਦੀ ਤਾਕਤ ਅਤੇ ਕਾਮਯਾਬੀ ਦਾ ਰਾਜ਼ ਸੀ। ਆਪਣੇ ਮਾਨਵ-ਪਿਆਰ ਅਤੇ ਹਾਸ-ਵਿਅੰਗ ਦੇ ਸੁਭਾ ਕਾਰਨ ਉਹ ਵਿਰੋਧੀਆਂ ਦੀਆਂ ਸਾਰੀਆਂ ਦਲੀਲਾਂ ਨੂੰ ਕੱਟ ਦਿੰਦੇ ਸਨ। ਇਹੀ ਕਾਰਨ ਹੈ ਕਿ ਉਹ ਹਰ ਕਿਸਮ ਦੇ ਸਿਆਸੀ ਲੋਕਾਂ ਵਿਚ ਬੜੇ ਹਰਮਨ-ਪਿਆਰੇ ਸਨ।

ਮੁਸਾਫ਼ਰ ਜੀ ਨੇ 1967 ਵਿਚ ਅੰਮ੍ਰਿਤਸਰ ਤੋਂ ਵਿਧਾਨ ਸਭਾ ਦੀ ਚੋਣ ਲੜੀ ਪਰ ਉਹ ਸੀ.ਪੀ.ਆਈ. ਦੇ ਉਮੀਦਵਾਰ ਸਤਪਾਲ ਡਾਂਗ ਤੋਂ 10000 ਵੋਟਾਂ ਦੇ ਫਰਕ ਨਾਲ ਹਾਰ ਗਏ। ਇਸ ਚੋਣ ਵਿਚ ਸਿਰ ਧੜ ਦੀ ਬਾਜ਼ੀ ਲੱਗੀ ਹੋਈ ਸੀ



ਕਿਉਂਕਿ ਮੁਸਾਫ਼ਰ ਜੀ ਪੰਜਾਬ ਦੇ ਮੁੱਖ ਮੰਤਰੀ ਪਦ 'ਤੇ ਹੁੰਦੇ ਹੋਏ ਚੋਣ ਲੜ ਰਹੇ ਸਨ।

ਮੁਸਾਫ਼ਰ ਜੀ ਦੀ ਖੁੱਲ੍ਹਦਿਲੀ ਨੂੰ ਯਾਦ ਕਰਦੇ ਹੋਏ ਉਨ੍ਹਾਂ ਦੇ ਚੋਣ ਇੰਚਾਰਜ ਸ੍ਰੀ ਲੋਕੇਸ਼ ਕੁੰਦਰਾ ਕਹਿੰਦੇ ਹਨ ਕਿ ਉਸ ਸਮੇਂ ਮੁਸਾਫ਼ਰ ਜੀ ਨੇ ਬੜੀ ਖ਼ੁਸ਼-ਇਖ਼ਲਾਕੀ ਦਾ ਸਬੂਤ ਦਿੱਤਾ। ਉਨ੍ਹਾਂ ਨੇ ਵੋਟਾਂ ਦੀ ਗਿਣਤੀ ਖ਼ਤਮ ਹੋਣ ਤੋਂ ਪਹਿਲਾਂ ਹੀ ਸਤਪਾਲ ਡਾਂਗ ਨੂੰ ਜੱਫ਼ੀ ਪਾ ਕੇ ਵਧਾਈ ਦਿੱਤੀ। ਸ੍ਰੀ ਕੁੰਦਰਾ ਕਹਿੰਦੇ ਹਨ ਕਿ ਗਿਆਨੀ ਜੀ ਆਪਣੀ ਸੁਫ਼ੈਦ ਲੰਮੀ ਦਾਹੜੀ ਅਤੇ ਹਸੂੰ-ਹਸੂੰ ਕਰਦੇ ਚਿਹਰੇ ਨਾਲ ਬਹੁਤ ਫੱਬਦੇ ਸਨ।

ਡਾਂਗ ਜੀ ਦੇ ਕਹਿਣ ਅਨੁਸਾਰ ਗਿ. ਗੁਰਮੁਖ ਸਿੰਘ ਮੁਸਾਫ਼ਰ ਇਕ ਮਹਾਨ ਸੁਤੰਤਰਤਾ ਸੰਗਰਾਮੀ ਅਤੇ ਨੇਕ ਇਨਸਾਨ ਸਨ। ਡਾਂਗ ਜੀ ਅੱਗੇ ਕਹਿੰਦੇ ਹਨ ਕਿ ਉਨ੍ਹਾਂ ਦੀ ਪਾਰਟੀ ਨੇ ਮੁਸਾਫ਼ਰ ਜੀ ਨੂੰ ਕਈ ਸੁਨੇਹੇ ਭੇਜੇ ਕਿ ਉਹ ਅੰਮ੍ਰਿਤਸਰ ਤੋਂ ਚੋਣ ਨਾ ਲੜਨ ਕਿਉਂਕਿ ਅੰਮ੍ਰਿਤਸਰ ਖੱਬੇ-ਪੱਖੀਆਂ ਦਾ ਗੜ੍ਹ ਹੈ ਅਤੇ ਆਪਣੀ ਧਰਮ-ਨਿਰਪੱਖ ਸੋਚ ਅਤੇ ਸੰਸਾਰ ਅਮਨ ਲਹਿਰ ਵਿਚ ਆਪਣੇ ਯੋਗਦਾਨ ਕਾਰਨ ਡਾਂਗ ਇੱਥੇ ਬਹੁਤ ਹਰਮਨ-ਪਿਆਰੇ ਹਨ। ਮੁਸਾਫ਼ਰ ਜੀ ਦੇ ਦਿਲ ਵਿਚ ਕਿਸੇ ਵਿਰੁੱਧ ਈਰਖਾ ਜਾਂ ਵੈਰ-ਭਾਵ ਨਹੀਂ ਸੀ। ਉਹ ਦਵੈਤ ਤੇ ਮੰਦ-ਭਾਵਨਾ ਤੋਂ ਬਹੁਤ ਉੱਚੇ ਸਨ।

ਮੁਸਾਫ਼ਰ ਜੀ ਦੀ ਵੱਡੀ ਰੀਝ ਸੀ ਕਿ ਜਿਸ ਸਕੂਲ ਵਿਚ ਉਹ ਅਧਿਆਪਕ ਹਨ, ਉਸ ਸਕੂਲ ਦੇ ਮੁਖ-ਅਧਿਆਪਕ ਬਣ ਜਾਣ। ਉਸ ਵੇਲੇ ਦੇ ਮੁਖ-ਅਧਿਆਪਕ ਅਤੇ ਪ੍ਰਸਿੱਧ ਅਕਾਲੀ ਲੀਡਰ ਮਾਸਟਰ ਤਾਰਾ ਸਿੰਘ ਨੇ ਗਿਆਨੀ ਜੀ ਨੂੰ ਤਾਹਨਾ ਮਾਰਿਆ। ਇਸ ਤਾਹਨੇ ਨੇ ਗਿਆਨੀ ਜੀ ਨੂੰ ਰਾਜਨੀਤੀ ਵਿਚ ਧੱਕ ਦਿੱਤਾ।

ਗਿ. ਗੁਰਮੁੱਖ ਸਿੰਘ ਮੁਸਾਫ਼ਰ ਅੰਮ੍ਰਿਤਸਰ ਵਿਚ ਮਸ਼ਹੂਰ ਗੰਗਾ ਬਿਲਡਿੰਗ ਦੇ ਨੇੜੇ ਇਕ ਕਿਰਾਏ ਦੇ ਘਰ ਵਿਚ ਰਹਿੰਦੇ ਸਨ। ਕਿਸੇ ਵਿਰਸਾ-ਪ੍ਰੇਮੀ ਨੇ ਇਸ ਘਰ ਨੂੰ ਸੁਰੱਖਿਅਤ ਰੱਖਣ ਦੀ ਕੋਸ਼ਿਸ਼ ਨਹੀਂ ਕੀਤੀ।

ਅੰਗਰੇਜ਼ੀ ਦੇ ਪ੍ਰਸਿੱਧ ਲਿਖਾਰੀ ਸ੍ਰੀ ਮੁਲਕ ਰਾਜ ਆਨੰਦ, ਜੋ ਆਪ ਵੀ ਅੰਮ੍ਰਿਤਸਰ ਨਾਲ ਸਬੰਧਿਤ ਸਨ ਕਹਿੰਦੇ ਹਨ ਕਿ ਮੁਸਾਫ਼ਰ ਜੀ ਬਿਨਾਂ ਸ਼ੱਕ ਇਕ ਰਾਜਨੀਤਿਕ ਵਿਅਕਤੀ ਸਨ ਪਰ ਉਨ੍ਹਾਂ ਦਾ ਪਹਿਲਾ ਪਿਆਰ ਹਮੇਸ਼ਾ ਪੰਜਾਬੀ ਕਵਿਤਾ ਤੇ ਵਾਰਤਕ ਲਿਖਣਾ ਰਿਹਾ। ਉਹ ਪੰਜਾਬੀ ਦੇ ਮਸ਼ਹੂਰ ਕਹਾਣੀ-ਲੇਖਕ ਅਤੇ ਕਵੀ ਹੋਣ ਤੋਂ ਇਲਾਵਾ ਇਕ ਚੰਗੇ ਆਲੋਚਕ ਵੀ ਸਨ।

ਉਨ੍ਹਾਂ ਨੇ ਪਹਿਲੀ ਨੌਕਰੀ ਇਕ ਅਧਿਆਪਕ ਵਜੋਂ ਕੀਤੀ, ਜਿਸ ਕਾਰਨ ਉਨ੍ਹਾਂ ਦੇ ਨਾਂ ਨਾਲ 'ਗਿਆਨੀ' ਦਾ ਲਕਬ ਹਮੇਸ਼ਾ ਲਈ ਜੁੜ ਗਿਆ ਅਤੇ ਇਹ ਲਕਬ, ਮੌਤ ਤੋਂ ਬਾਅਦ ਵੀ ਉਨ੍ਹਾਂ ਦੇ ਨਾਂ ਨਾਲ ਜੁੜਿਆ ਹੀ ਰਿਹਾ। ਉਨ੍ਹਾਂ ਨੇ ਅਕਾਲੀ ਮੋਰਚਿਆਂ ਸਮੇਂ, ਪਿੰਡ-ਦਰ-ਪਿੰਡ ਸਫ਼ਰ ਕਰਦੇ ਜਥਿਆਂ ਲਈ ਪ੍ਰੇਰਨਾਦਾਇਕ ਕਵਿਤਾਵਾਂ ਲਿਖੀਆਂ, ਇਸ ਕਰ ਕੇ ਉਨ੍ਹਾਂ ਦੇ ਨਾਂ ਨਾਲ ਸ਼ਬਦ 'ਮੁਸਾਫ਼ਰ' ਵੀ ਜੁੜ ਗਿਆ।

'ਇਨਸਾਈਕਲੋਪੀਡੀਆ ਆਫ਼ ਸਿੱਖਿਇਜ਼ਮ' ਅਨੁਸਾਰ ਮੁਸਾਫਰ ਜੀ ਦਾ ਜਨਮ 15 ਜਨਵਰੀ 1899 ਨੂੰ ਜ਼ਿਲ੍ਹਾ ਕੈਂਬਲਪੁਰ ਦੇ ਇਕ ਪਿੰਡ ਅਧਵਾਲ ਵਿਚ ਹੋਇਆ। ਇਹ ਪਿੰਡ ਹੁਣ ਪਾਕਿਸਤਾਨ ਵਿਚ ਹੈ। ਸ. ਪ੍ਰੇਮ ਸਿੰਘ ਪ੍ਰੇਮ ਕਹਿੰਦੇ ਹਨ ਕਿ ਮੁਸਾਫ਼ਰ ਜੀ ਸੰਨ 1919 ਵਿਚ ਜੱਲਿਆਂਵਾਲੇ ਬਾਗ ਦੇ ਸਾਕੇ ਦੀ ਮਨ-ਵੇਦਨਾ ਕਾਰਨ ਛੋਟੀ ਉਮਰ ਵਿਚ ਹੀ ਰਾਜਨੀਤੀ ਵਿਚ ਕੁੱਦ ਪਏ।

ਮੁਸਾਫ਼ਰ ਜੀ ਆਪਣੀਆਂ ਪੰਜਾਬੀ ਕਵਿਤਾਵਾਂ ਰਾਹੀਂ ਲੋਕਾਂ ਨੂੰ ਅਸਲ ਦੇ ਮੈਦਾਨ ਵਿਚ ਕੁੱਦਣ ਦੀ ਅਪੀਲ ਕਰਦੇ ਸਨ। ਜੱਲਿਆਂਵਾਲੇ ਬਾਗ ਦੇ ਕਤਲਾਮ ਮਗਰੋਂ ਛੇਤੀ ਹੀ ਨਨਕਾਣਾ ਸਾਹਿਬ ਦਾ ਸਾਕਾ ਵਾਪਰ ਗਿਆ। ਇਸ ਸਾਕੇ ਕਾਰਨ ਗਿਆਨੀ ਜੀ ਅਕਾਲੀ ਦਲ ਵਲੋਂ ਅਰੰਭ ਕੀਤੀ ਗੁਰਦੁਆਰਾ ਸੁਧਾਰ ਲਹਿਰ ਵਿਚ ਸ਼ਾਮਲ ਹੋ ਗਏ।

ਮੁਸਾਫ਼ਰ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਪੰਜਾਬੀ ਦੇ ਨਾਮਵਰ ਲੇਖਕ ਸ. ਕਰਤਾਰ ਸਿੰਘ ਦੁੱਗਲ ਕਹਿੰਦੇ ਹਨ ਕਿ ਗਿ. ਗੁਰਮੁਖ ਸਿੰਘ ਮੁਸਾਫ਼ਰ ਅਜਿਹੀਆਂ ਸ੍ਰੇਸ਼ਟ ਹਸਤੀਆਂ ਵਿੱਚੋਂ ਇਕ ਸਨ, ਜਿਨ੍ਹਾਂ ਨੇ ਪੰਜਾਬ ਨੂੰ ਉਹ ਰੰਗ-ਰੂਪ ਦਿੱਤਾ, ਜਿਹੋ ਜਿਹਾ ਕਿ ਉਹ ਅੱਜ ਦਿਖਾਈ ਦੇ ਰਿਹਾ ਹੈ। ਗਿਆਨੀ ਜੀ ਸਿਰਜਨਾਤਮਕ ਪ੍ਰਤਿਭਾ ਦੇ ਇਕ ਚਿਰਸਥਾਈ ਪ੍ਰਤੀਕ ਸਨ। ਉਨ੍ਹਾਂ ਨੇ ਪੰਜਾਬੀ ਕਵਿਤਾ ਨੂੰ ਵਿਕਾਸ ਦੇ ਰਾਹ 'ਤੇ ਪਾਇਆ ਅਤੇ ਇਸ ਨੂੰ ਯਥਾਰਥ ਦੇ ਨੇੜੇ ਲਿਆਂਦਾ।

ਗਿ. ਗੁਰਮੁਖ ਸਿੰਘ ਮੁਸਾਫ਼ਰ ਨੇ ਪੰਜਾਬੀ ਕਵਿਤਾ ਵਿਚ ਸਮਾਜਕ ਚੇਤਨਾ ਦਾ ਸੰਚਾਰ ਕੀਤਾ। ਜੀਵਨ ਅਤੇ ਮੌਤ ਦੇ ਵਿਸ਼ਿਆ ਉਤੇ ਮਗਜ਼ਪਚੀ ਕਰਨ ਦੀ ਬਜਾਏ ਉਨ੍ਹਾਂ ਨੇ ਸਮਕਾਲੀ ਜੀਵਨ ਨੂੰ ਵਿਚਾਰ-ਅਧੀਨ ਲਿਆਂਦਾ ਅਤੇ ਸਾਧਾਰਨ ਆਦਮੀ ਦੀਆਂ ਰੋਜ਼ਾਨਾ ਸਮੱਸਿਆਵਾਂ ਦੀ ਚਰਚਾ ਕੀਤੀ।

ਉਨ੍ਹਾਂ ਨੂੰ ਅਕਾਲੀ ਅੰਦੋਲਨ ਅਤੇ 1930 ਵਿਚ ਸਰਬ ਹਿੰਦ ਕਾਂਗਰਸ ਵਲੋਂ ਸ਼ੁਰੂ ਕੀਤੀ ਗਈ ਸਿਵਲ ਨਾਫ਼ਰਮਾਨੀ ਦੀ ਲਹਿਰ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਅਕਾਲੀ ਦਲ ਦਾ ਸਰਗਰਮ ਮੈਂਬਰ ਹੋਣ ਦੇ ਨਾਤੇ ਉਨ੍ਹਾਂ ਦੀ ਪਹਿਲੀ ਗ੍ਰਿਫ਼ਤਾਰੀ 1921 ਵਿਚ ਹੋਈ ਜਦੋਂ ਸਰਕਾਰ ਨੇ ਅਕਾਲੀ ਦਲ ਉਤੇ ਪਾਬੰਦੀ ਲਾਈ ਹੋਈ ਸੀ। ਉਨ੍ਹਾਂ ਨੂੰ, ਉਨ੍ਹਾਂ ਦੇ ਮਿੱਤਰ ਸ. ਦਰਸ਼ਨ ਸਿੰਘ ਫੇਰੂਮਾਨ ਸਮੇਤ ਹੱਥਕੜੀ ਲਾਈ ਗਈ।

ਜਦੋਂ ਗਿਆਨੀ ਜੀ ਦੀ ਪਹਿਲੀ ਗ੍ਰਿਫ਼ਤਾਰੀ ਹੋਈ ਤਾਂ ਉਨ੍ਹਾਂ ਦੀ ਧਰਮ ਪਤਨੀ ਨੇ ਉਨ੍ਹਾਂ ਨੂੰ ਹਾਰ ਪਾ ਕੇ ਵਿਦਾ ਕੀਤਾ। 12 ਮਾਰਚ 1930 ਤੋਂ ਲੈ ਕੇ 5 ਮਾਰਚ 1931 ਤਕ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਹੇ। ਆਪਣੇ ਜਥੇਦਾਰੀ-ਕਾਲ ਵਿਚ ਉਨ੍ਹਾਂ ਨੇ ਕਈ ਇਤਿਹਾਸਕ ਫੈਸਲੇ ਕੀਤੇ। 1939-41 ਦੇ ਸੱਤਿਆਗ੍ਰਹਿ ਅੰਦੋਲਨ ਸਮੇਂ ਅਤੇ 1942-45 ਦੇ 'ਭਾਰਤ ਛੱਡੋ' ਅੰਦੋਲਨ ਵਿਚ ਵੀ ਉਨ੍ਹਾਂ ਨੇ ਜੇਲ੍ਹ-ਯਾਤਰਾ ਕੀਤੀ। 1949 ਵਿਚ ਉਨ੍ਹਾਂ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ। ਉਹ ਸਰਬ ਹਿੰਦ ਕਾਂਗਰਸ ਕਾਰਜਕਾਰਨੀ ਕਮੇਟੀ ਦੇ



ਮੈਂਬਰ ਵੀ ਰਹੇ। ਉਨ੍ਹਾਂ ਨੂੰ 1952, 1957 ਅਤੇ 1962 ਵਿਚ ਲਗਾਤਾਰ ਲੋਕ ਸਭਾ ਦਾ ਮੈਂਬਰ ਚੁਣਿਆ ਗਿਆ। ਪਰ ਉਹ ਲੋਕ ਸਭਾ ਦੀ ਆਪਣੀ ਆਖ਼ਰੀ ਮੈਂਬਰੀ ਪੂਰੀ ਨਾ ਕਰ ਸਕੇ। ਉਨ੍ਹਾਂ ਨੇ 1966 ਵਿਚ ਲੋਕ ਸਭਾ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਉਨ੍ਹਾਂ ਨੂੰ ਨਵ-ਗਠਿਤ ਪੰਜਾਬ ਦਾ ਮੁੱਖ ਮੰਤਰੀ ਬਣਾ ਦਿੱਤਾ ਗਿਆ।

ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਗਿ. ਗੁਰਮੁਖ ਸਿੰਘ ਮੁਸਾਫ਼ਰ 8 ਜਨਵਰੀ 1976 ਨੂੰ ਦਿੱਲੀ ਵਿਚ ਸੁਰਗਵਾਸ ਹੋ ਗਏ।

****

# ਪੰਜਾਬੀ ਸਾਹਿੱਤ ਦਾ ਕੇਸਰ
# ਗਿਆਨੀ ਕੇਸਰ ਸਿੰਘ

ਬਹੁਪੱਖੀ ਸ਼ਖ਼ਸੀਅਤ ਗਿਆਨੀ ਕੇਸਰ ਸਿੰਘ ਇਕ ਅਣਰੱਜ ਪਾਠਕ, ਮਹਾਨ ਸੁਤੰਤਰਤਾ ਸੰਗਰਾਮੀ ਅਤੇ ਇਕ ਅਣਥੱਕ ਲੇਖਕ ਸਨ, ਜਿਨ੍ਹਾਂ ਨੇ ਪੰਜਾਬੀ ਵਿਚ ਤਕਰੀਬਨ 25 ਇਤਿਹਾਸਕ ਨਾਵਲ ਲਿਖੇ, ਜਿਨ੍ਹਾਂ ਵਿਚੋਂ ਬਹੁਤੇ ਗ਼ਦਰ ਲਹਿਰ ਨਾਲ ਸਬੰਧਿਤ ਸਨ।

ਉਨ੍ਹਾਂ ਨੇ ਆਜ਼ਾਦ ਹਿੰਦ ਫ਼ੌਜ ਦੇ ਸਿਵਲ ਪ੍ਰਬੰਧਕ ਵਜੋਂ 1943 ਤੋਂ 1945 ਤਕ, ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਵਜੋਂ 1948 ਤੋਂ 1957 ਤਕ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਗਾਈਡ ਵਜੋਂ ਦੋ ਸਾਲ ਸੇਵਾ ਕੀਤੀ।

ਨਾਵਲ 'ਜੰਗੀ ਕੈਦੀ' ਲਿਖਣ ਉਪਰੰਤ ਉਨ੍ਹਾਂ ਨੂੰ ਪੰਜਾਬੀ ਸਾਹਿਤ ਦਾ ਲਿਉ ਤਾਲਸਤਾਏ ਆਖਿਆ ਜਾਣ ਲੱਗਾ। ਉਨ੍ਹਾਂ ਨੇ 95 ਸਾਲ ਦੀ ਉਮਰ ਵਿਚ ਕੈਨੇਡਾ ਵਿਚ 21 ਸਤੰਬਰ, 2006 ਨੂੰ ਆਖ਼ਰੀ ਸਾਹ ਲਿਆ।

ਅਜੀਬ ਗੱਲ ਇਹ ਹੈ ਕਿ ਇਕ ਵਾਰ ਆਜ਼ਾਦ ਹਿੰਦ ਫ਼ੌਜ ਵਲੋਂ ਪ੍ਰਕਾਸ਼ਿਤ ਕੀਤੀ ਗਈ ਸ਼ਹੀਦਾਂ ਦੀ ਸੂਚੀ ਵਿਚ ਉਨ੍ਹਾਂ ਦਾ ਨਾਂ ਛਪ ਗਿਆ। ਇਹ ਸੁਣ ਕੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਕਿਹਾ, "ਮਰਿਆ ਹੋਇਆ ਕੇਸਰ ਸਿੰਘ, ਅੰਗਰੇਜ਼ ਸਰਕਾਰ ਵਿਰੁੱਧ ਭਾਰਤ ਦੀ ਆਜ਼ਾਦੀ ਦੀ ਲਹਿਰ ਲਈ ਵਧੇਰੇ ਲਾਭਦਾਇਕ ਸਿੱਧ ਹੋਵੇਗਾ।'

ਉਹ ਜ਼ਿਲ੍ਹਾ ਰਾਵਲਪਿੰਡੀ ਦੇ ਇਕ ਪਿੰਡ ਮੁਗਲ ਖਾਲਸਾ ਵਿਚ ਪੈਦਾ ਹੋਏ, ਜੋ ਹੁਣ ਪਾਕਿਸਤਾਨ ਵਿਚ ਹੈ। ਉਹ ਤਿੰਨ ਸਾਲ ਦੀ ਉਮਰ ਵਿਚ ਹੀ ਯਤੀਮ ਹੋ ਗਏ ਅਤੇ ਉਨ੍ਹਾਂ ਨੇ ਆਪਣਾ ਬਚਪਨ ਅੰਮ੍ਰਿਤਸਰ ਦੇ ਡੇਰਾ ਸੰਤ ਗੁਲਾਬ ਸਿੰਘ ਅਤੇ ਯਤੀਮਖਾਨੇ ਵਿਚ ਬਿਤਾਇਆ। ਉਨ੍ਹਾਂ ਨੇ ਸਖ਼ਤ ਮਿਹਨਤ ਕਰ ਕੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪੋਸਟ ਗਰੈਜੂਏਟ ਦੀ ਡਿਗਰੀ ਹਾਸਲ ਕੀਤੀ। ਫੇਰ ਉਹ ਨੇਤਾ ਜੀ ਸੁਭਾਸ਼ ਚੰਦਰ ਬੋਸ ਅਤੇ ਆਜ਼ਾਦ ਹਿੰਦ ਫ਼ੌਜ ਦੇ ਕਮਾਂਡਰਾਂ ਦੇ ਸੰਪਰਕ ਵਿਚ ਆ ਗਏ ਅਤੇ ਮਲੇਸ਼ੀਆ ਚਲੇ ਗਏ। ਉਥੇ ਉਨ੍ਹਾਂ ਨੂੰ ਲਿਖਣ ਦਾ ਸ਼ੌਕ ਹੋ ਗਿਆ। ਉਨ੍ਹਾਂ ਦੀ ਪਹਿਲੀ ਪੁਸਤਕ ਅੰਗਰੇਜ਼ੀ ਵਿਚ 'ਇੰਡੀਅਨ ਇੰਡੀਪੈਂਡੈਂਸ ਮੂਵਮੈਂਟ ਇਨ ਈਸਟ ਏਸ਼ੀਆ' ਸੀ। ਜਿਸ ਨੂੰ ਆਜ਼ਾਦੀ ਤੋਂ ਕੁਝ ਮਹੀਨੇ ਪਹਿਲਾਂ ਸਿੰਘ ਬ੍ਰਦਰਜ਼ ਲਾਹੌਰ ਨੇ ਪ੍ਰਕਾਸ਼ਿਤ ਕੀਤਾ ਸੀ। ਇਸ ਕਿਤਾਬ ਦੀ ਭੂਮਿਕਾ ਨੇਤਾ ਜੀ ਦੇ ਭਰਾ ਸ੍ਰੀ ਯੁਤ ਸਰਤ ਚੰਦਰ ਬੋਸ ਨੇ ਲਿਖੀ ਸੀ। ਉਨ੍ਹਾਂ ਨੇ ਲਿਖਿਆ ਕਿ 'ਨਵੀਂ ਪੀੜ੍ਹੀ ਨੂੰ ਉਨ੍ਹਾਂ ਮਹਾਨ ਭਾਰਤੀ ਕਰਾਂਤੀਕਾਰੀਆਂ ਬਾਰੇ ਬਹੁਤ ਘੱਟ ਜਾਣਕਾਰੀ ਹੈ ਜੋ ਭਾਰਤ ਨੂੰ ਵਿਦੇਸ਼ੀ ਗੁਲਾਮੀ ਤੋਂ ਆਜ਼ਾਦ ਕਰਾਉਣ ਲਈ ਵੀਹਵੀਂ ਸਦੀ ਦੇ ਸ਼ੁਰੂ ਵਿਚ ਜਾਪਾਨ, ਚੀਨ,



ਸਿਆਮ, ਮਲਾਇਆ ਅਤੇ ਹੋਰ ਦੇਸ਼ਾਂ ਵਿਚ ਚਲੇ ਗਏ ਸਨ। ਉਥੇ ਜਾ ਕੇ ਉਨ੍ਹਾਂ ਨੇ ਕਈ ਤਰ੍ਹਾਂ ਦੀਆਂ ਕਰਾਂਤੀਕਾਰੀ ਸਰਗਰਮੀਆਂ ਵਿਚ ਭਾਗ ਲਿਆ। ਸ. ਕੇਸਰ ਸਿੰਘ ਨੇ ਭਾਰਤ ਦੇ ਨੌਜੁਵਾਨਾਂ ਨੂੰ ਉਨ੍ਹਾਂ ਮਹਾਨ ਕਰਾਂਤੀਕਾਰੀਆਂ ਬਾਰੇ ਸੰਖੇਪ ਜਾਣਕਾਰੀ ਦੇਣ ਦਾ ਵਧੀਆ ਉਪਰਾਲਾ ਕੀਤਾ ਹੈ, ਜਿਨ੍ਹਾਂ ਨੇ ਕਦੀ ਆਜ਼ਾਦ ਭਾਰਤ ਦਾ ਸੁਪਨਾ ਲਿਆ ਸੀ ਅਤੇ ਆਪਣੇ ਸੁਪਨੇ ਨੂੰ ਸਾਕਾਰ ਕਰਨ ਲਈ ਯਤਨ ਕੀਤੇ ਸਨ। ਇਸ ਪੁਸਤਕ ਦਾ ਵੱਡਾ ਹਿੱਸਾ ਆਜ਼ਾਦ ਹਿੰਦ ਫ਼ੌਜ ਦੇ ਸੰਗਠਨ, ਭੰਗ ਹੋਣ, ਨੇਤਾ ਜੀ ਦੀ ਕਮਾਂਡ ਵਿਚ ਇਸ ਵਿਚ ਸੁਧਾਰ ਹੋਣ ਅਤੇ ਭਾਰਤ ਨੂੰ ਆਜ਼ਾਦ ਕਰਾਉਣ ਲਈ ਕੀਤਾ ਗਏ ਸੰਘਰਸ਼ ਨੂੰ ਸਮਰਪਿਤ ਹੈ।"

ਆਪਣੀ ਪਹਿਲੀ ਪਤਨੀ ਦੇ ਦਿਹਾਂਤ ਤੋਂ ਬਾਅਦ ਗਿ. ਕੇਸਰ ਸਿੰਘ ਇੰਗਲੈਂਡ ਚਲੇ ਗਏ ਅਤੇ ਫੇਰ 1963 ਵਿਚ ਕੈਨੇਡਾ ਜਾ ਵਸੇ। ਉਨ੍ਹਾਂ ਨੇ ਕੈਨੇਡਾ ਦੇ ਸਿੱਖਿਆ ਵਿਭਾਗ ਵਿਚ 14 ਸਾਲ ਨੌਕਰੀ ਕੀਤੀ।

ਉਨ੍ਹਾਂ ਦੀ ਆਖ਼ਰੀ ਪੁਸਤਕ 'ਹਥਿਆਰਬੰਦ ਇਨਕਲਾਬ' ਸਿੰਘ ਬ੍ਰਦਰਜ਼ ਅੰਮ੍ਰਿਤਸਰ ਨੇ 1998 ਵਿਚ ਪ੍ਰਕਾਸ਼ਿਤ ਕੀਤੀ। ਪੰਜਾਬ ਸਰਕਾਰ ਨੇ 2005 ਵਿਚ ਉਨ੍ਹਾਂ ਨੂੰ 'ਸ਼੍ਰੋਮਣੀ ਸਾਹਿਤਕਾਰ ਐਵਾਰਡ' ਦੇ ਕੇ ਸਨਮਾਨਿਤ ਕੀਤਾ। ਸਿੰਘ ਬ੍ਰਦਰਜ਼ ਨਾਲ ਸਬੰਧਿਤ ਸ. ਕੁਲਜੀਤ ਸਿੰਘ ਉਨ੍ਹਾਂ ਕੁਝ ਲੋਕਾਂ ਵਿਚੋਂ ਇਕ ਹਨ ਜਿਨ੍ਹਾਂ ਨੇ ਗਿਆਨੀ ਜੀ ਦੇ ਉਦੋਂ ਦਰਸ਼ਨ ਕੀਤੇ ਜਦੋਂ ਉਹ ਬਿਸਤਰੇ-ਮਰਗ 'ਤੇ ਪਏ ਸਨ। ਗਿਆਨੀ ਜੀ ਦੀਆਂ ਬਹੁਤੀਆਂ ਕਿਤਾਬਾਂ ਸਿੰਘ ਬ੍ਰਦਰਜ਼ ਨੇ ਹੀ ਛਾਪੀਆਂ ਹਨ।

ਗਿ. ਕੇਸਰ ਸਿੰਘ ਦੇ ਨਾਵਲ ਅੰਮ੍ਰਿਤਸਰ ਨਾਲ ਸਬੰਧਿਤ ਮਹਾਨ ਸ਼ਹੀਦਾਂ ਬਾਰੇ ਬੜੀ ਪ੍ਰਮਾਣਿਕ ਜਾਣਕਾਰੀ ਦਿੰਦੇ ਹਨ। ਜਿਨ੍ਹਾਂ ਵਿਚ ਸ਼ਹੀਦ ਊਧਮ ਸਿੰਘ, ਪੰਡਤ ਸੋਹਣ ਲਾਲ ਪਾਠਕ ਤੇ ਮਦਨ ਲਾਲ ਢੀਂਗਰਾ ਸ਼ਾਮਲ ਹਨ। ਮਦਲ ਲਾਲ ਢੀਂਗਰਾ ਪਹਿਲੇ ਭਾਰਤੀ ਸਨ ਜਿਨ੍ਹਾਂ ਨੂੰ ਇਕ ਬਾਹਰਲੇ ਦੇਸ਼ ਵਿਚ ਫਾਂਸੀ ਦਿੱਤੀ ਗਈ।

ਗਿ. ਕੇਸਰ ਸਿੰਘ ਦੀ ਬੌਧਿਕ ਪ੍ਰਤਿਭਾ ਬੜੀ ਪ੍ਰਭਾਵਸ਼ਾਲੀ ਸੀ। ਉਨ੍ਹਾਂ ਦੀ ਬਹੁਪੱਖੀ ਸ਼ਖ਼ਸੀਅਤ ਦੇ ਕਈ ਅਣਜਾਣੇ ਪੱਖ ਉਨ੍ਹਾਂ ਦੀ ਸਵੈਜੀਵਨੀ ਵਿਚ ਜ਼ਾਹਿਰ ਹੁੰਦੇ ਹਨ। ਆਪਣੀ ਸਵੈਜੀਵਨੀ ਵਿਚ ਉਨ੍ਹਾਂ ਨੇ ਆਪਣੇ ਅਤੀਤ ਨੂੰ ਅਤੇ ਆਪਣੀ ਰੂਪੋਸ਼ੀ ਦੇ ਦਿਨਾਂ ਨੂੰ ਇਕ ਫਿਲਮ ਵਾਂਗ ਪਰਦਰਸ਼ਿਤ ਕੀਤਾ ਹੈ। ਇਹ ਸਵੈਜੀਵਨੀ ਲੇਖਕ ਦਾ ਇਕ ਬਹੁ-ਵਿਸਥਾਰੀ ਅਤੇ ਭਾਵਨਾਤਮਕ ਯਾਦ-ਸੰਗ੍ਰਹਿ ਹੈ, ਜਿਨ੍ਹਾਂ ਦਾ ਪਾਲਣ-ਪੋਸਣ, ਸ਼ਹੀਦ ਊਧਮ ਸਿੰਘ ਵਾਂਗ ਅੰਮ੍ਰਿਤਸਰ ਦੇ ਇਕ ਯਤੀਮਖਾਨੇ ਵਿਚ ਹੋਇਆ। ਲਿਉ ਤਾਲਸਤਾਏ ਦਾ ਇਤਿਹਾਸਕ ਨਾਵਲ 'ਜੰਗ ਤੇ ਅਮਨ' 1865-69 ਵਿਚ ਪਹਿਲਾਂ ਬੋਇਨਾਈਮੀਰ (Voynaimir) ਦੇ ਸਿਰਲੇਖ ਹੇਠ ਛਪਿਆ ਸੀ। ਇਸ ਨਾਵਲ ਵਿਚ ਉਨ੍ਹੀਵੀਂ ਸਦੀ ਦੇ ਸ਼ੁਰੂ ਦੇ ਰੂਸੀ ਸਮਾਜ ਦਾ ਵਿਸ਼ਾਲ ਅਧਿਐਨ ਕੀਤਾ ਗਿਆ ਹੈ। ਜਿਸ ਕਲਾ ਨਾਲ ਇਸ ਨਾਵਲ ਵਿਚ ਮਨੁੱਖੀ ਜੀਵਨ ਦਾ ਯਥਾਰਥਕ ਵਰਨਣ ਅਤੇ ਪਾਤਰਾਂ ਦਾ ਬਹੁ-ਭਾਂਤੀ ਮਨੋਵਿਗਿਆਨਕ ਵਿਸ਼ਲੇਸ਼ਨ ਕੀਤਾ ਗਿਆ ਹੈ। ਉਸ ਲਈ ਇਹ ਨਾਵਲ ਦੁਨੀਆ ਦੇ ਸ੍ਰੇਸ਼ਟ ਨਾਵਲਾਂ ਵਿਚ

ਗਿਣਿਆ ਜਾਂਦਾ ਹੈ। ਗਿ. ਕੇਸਰ ਸਿੰਘ ਦੇ ਨਾਵਲ 'ਜੰਗੀ ਕੈਦੀ' ਵਿਚ ਵੀ ਇਸੇ ਤਰ੍ਹਾਂ ਭਾਰਤੀ ਸੁਤੰਤਰਤਾ ਸੰਗਰਾਮੀਆਂ ਉਤੇ ਜਾਪਾਨੀਆਂ ਵਲੋਂ ਢਾਏ ਗਏ ਜ਼ੁਲਮਾਂ ਦਾ ਬਿਰਤਾਂਤ ਅੰਕਿਤ ਹੈ। ਪਾਤਰਾਂ ਦੀ ਬਹੁਤਾਤ ਕਾਰਨ ਇਹ ਨਾਵਲ ਗਲਪ ਦੀ ਇਕ ਨਵੀਂ ਵੰਨਗੀ ਪੇਸ਼ ਕਰਦਾ ਹੈ। ਇਹ ਨਾਵਲ ਗਿਆਨੀ ਜੀ ਦੇ ਦੋ ਸ਼ਾਹਕਾਰ ਨਾਵਲਾਂ ਵਿਚੋਂ ਇਕ ਹੈ। ਦੂਜਾ ਨਾਵਲ ਹੈ, ਹਥਿਆਰਬੰਦ ਇਨਕਲਾਬ, ਜੋ ਪੰਜਾਬੀ ਸਾਹਿਤ ਦੇ ਸਭ ਤੋਂ ਲੰਮੇ ਨਾਵਲਾਂ ਵਿਚੋਂ ਇਕ ਹੈ। 'ਹਥਿਆਰਬੰਦ ਇਨਕਲਾਬ' ਦੇ 728 ਪੰਨੇ ਹਨ।

ਇਸ ਗੱਲ ਤੋਂ ਸ਼ਾਇਦ ਹੀ ਕੋਈ ਇਨਕਾਰ ਕਰੇ ਕਿ 'ਜੰਗੀ ਕੈਦੀ' ਕਿਸੇ ਵੀ ਭਾਸ਼ਾ ਦੇ ਮਹਾਨਤਮ ਨਾਵਲਾਂ ਵਿਚੋਂ ਇਕ ਹੈ। ਇਸ ਵਿਸਥਾਰਤ ਨਾਵਲ ਨੂੰ ਗਿਆਨੀ ਜੀ ਨੇ ਪੂਰੀ ਸ਼ਰਧਾ ਤੇ ਸਮਰਪਨ ਨਾਲ ਲਿਖਿਆ ਜਿਸ ਵਿਚ ਆਜ਼ਾਦੀ ਸੰਗਰਾਮੀਆਂ ਦੇ ਸੰਘਰਸ਼ ਦਾ ਮੁਕੰਮਲ ਬਿਰਤਾਂਤ ਹੈ। ਲੇਖਕ ਦੀ ਬਾਰੀਕਬੀਨੀ ਇਸ ਨਾਵਲ ਨੂੰ ਵਿਸ਼ਵ-ਵਿਆਪਕਤਾ ਪ੍ਰਦਾਨ ਕਰਦੀ ਹੈ। ਆਪਣੀ ਸਵੈਜੀਵਨੀ 'ਆਤਮ ਕਥਾ' ਵਿਚ ਗਿ. ਕੇਸਰ ਸਿੰਘ ਨੇ ਕੇਵਲ ਦੇਸ਼ਭਗਤਾਂ ਬਾਰੇ ਹੀ ਨਹੀਂ ਲਿਖਿਆ, ਸਗੋਂ ਆਜ਼ਾਦੀ ਦੀ ਜੰਗ ਵਿਚ ਆਪਣੇ ਯੋਗਦਾਨ ਦਾ ਵਰਨਣ ਵੀ ਕੀਤਾ ਹੈ।

'ਗ਼ਦਰ' ਦਾ ਅਰਥ ਹੈ ਬਗਾਵਤ ਜਾਂ ਵਿਦਰੋਹ। ਗ਼ਦਰ ਪਾਰਟੀ, ਭਾਰਤ ਵਿਚ ਅੰਗਰੇਜ਼ੀ ਰਾਜ ਦੇ ਵਿਰੁੱਧ ਬਗਾਵਤ ਸੀ। ਇਹ ਬਗਾਵਤ ਕੈਨੇਡਾ ਤੇ ਅਮਰੀਕਾ ਵਿਚ ਜਾ ਵਸੇ ਭਾਰਤੀ ਪ੍ਰਵਾਸੀਆਂ ਨੇ ਜਥੇਬੰਦ ਕੀਤੀ ਸੀ। ਗਿ. ਕੇਸਰ ਸਿੰਘ ਇਸ ਵਿਦਰੋਹ ਦੇ ਨਾਇਕਾਂ ਵਿਚੋਂ ਇਕ ਸਨ। ਇਹ ਲਹਿਰ 1904 ਦੇ ਭਾਰਤ ਦੀਆਂ ਰਾਜਨੀਤਕ, ਸਮਾਜਕ ਅਤੇ ਆਰਥਕ ਹਾਲਤਾਂ ਦਾ ਨਤੀਜਾ ਸੀ। ਇਨ੍ਹਾਂ ਹਾਲਤਾਂ ਦਾ ਬਹਾਦਰ ਤੇ ਦਲੇਰ ਪੰਜਾਬੀਆਂ ਦੇ ਮਨਾਂ ਉਤੇ ਬਹੁਤ ਅਸਰ ਹੋਇਆ। ਉਹ ਪੰਜਾਬ ਦੀਆਂ ਆਰਥਿਕ ਹਾਲਤਾਂ ਵਿਚ ਇੰਜ ਨਪੀੜੇ ਜਾ ਰਹੇ ਸਨ ਕਿ ਰੋਜ਼ੀ ਰੋਟੀ ਕਮਾਉਣਾ ਵੀ ਮੁਸ਼ਕਲ ਹੋ ਗਿਆ ਸੀ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕ ਵਾਈਸ ਚਾਂਸਲਰ ਡਾ.ਐੱਸ.ਪੀ. ਸਿੰਘ ਦੱਸਦੇ ਹਨ ਕਿ ਨਾਵਲ ਦਾ ਘੇਰਾ ਐਨਾ ਵਿਸ਼ਾਲ ਹੈ ਕਿ ਉਹ ਭਾਰਤ ਵਿਚ ਆਜ਼ਾਦੀ ਦੀ ਲੜਾਈ ਅਤੇ ਦੱਖਣ ਏਸ਼ੀਆਈ ਦੇਸ਼ਾਂ ਵਿਚ ਆਜ਼ਾਦ ਹਿੰਦ ਫ਼ੌਜ ਦੀਆਂ ਸਾਰੀਆਂ ਸਰਗਰਮੀਆਂ ਨੂੰ ਬਿਆਨ ਕਰਦਾ ਹੈ। ਗਿਆਨੀ ਜੀ ਦੇ ਇਕ ਹੋਰ ਨਾਵਲ 'ਲਹਿਰ ਵਧਦੀ ਗਈ' ਨੂੰ ਕਮਿਊਨਿਸਟ 'ਪਾਠ ਪੁਸਤਕ' ਦੀ ਤਰ੍ਹਾਂ ਪੜ੍ਹਿਆ ਕਰਦੇ ਸਨ। ਉਨ੍ਹਾਂ ਨੇ ਗ਼ਦਰ ਲਹਿਰ ਨੂੰ ਪ੍ਰਚੰਡ ਕਰਨ ਲਈ ਕੈਨੇਡਾ ਤੇ ਹੋਰ ਦੇਸ਼ਾਂ ਦੇ ਗੁਰਦੁਆਰਿਆਂ ਦੇ ਯੋਗਦਾਨ ਨੂੰ ਵੀ ਰਿਕਾਰਡ ਕੀਤਾ। ਉਨ੍ਹਾਂ ਨੇ ਕਈ ਇਤਿਹਾਸਕ ਦਸਤਾਵੇਜ਼ ਇਕੱਠੇ ਕੀਤੇ। ਉਨ੍ਹਾਂ ਦੀ ਨਿੱਜੀ ਲਾਇਬ੍ਰੇਰੀ ਵਿਚ ਦੁਰਲੱਭ ਦਸਤਾਵੇਜ਼ ਅਤੇ ਸੁਤੰਤਰਤਾ ਸੰਗਰਾਮੀਆਂ ਦੀਆਂ ਤਸਵੀਰਾਂ ਸੰਗ੍ਰਹਿਤ ਹਨ। ਗਿ. ਕੇਸਰ ਸਿੰਘ ਨੇ ਮਸ਼ਹੂਰ ਪੰਜਾਬੀ ਕਵੀ ਬਾਵਾ ਬਲਵੰਤ ਦੀ ਸਹਾਇਤਾ ਨਾਲ ਸ਼ਹੀਦ ਮਦਨ ਲਾਲ ਢੀਂਗਰਾ ਬਾਰੇ ਜਾਣਕਾਰੀ ਇਕੱਤਰ ਕਰਨ ਲਈ ਬਹੁਤ ਮਿਹਨਤ ਕੀਤੀ ਅਤੇ ਉਨ੍ਹਾਂ



ਬਾਰੇ ਇਕ ਖ਼ੂਬਸੂਰਤ ਨਾਵਲ ਲਿਖਿਆ। ਮਦਨ ਲਾਲ ਢੀਂਗਰਾ ਪਹਿਲੇ ਭਾਰਤੀ ਸ਼ਹੀਦ ਹਨ ਜਿਨ੍ਹਾਂ ਨੇ ਭਾਰਤ ਤੋਂ ਬਾਹਰ ਵਿਦੇਸ਼ ਵਿਚ ਸ਼ਹੀਦੀ ਪ੍ਰਾਪਤ ਕੀਤੀ।

ਗਿ. ਕੇਸਰ ਸਿੰਘ ਨੇ ਬਾਬਾ ਹਰੀ ਸਿੰਘ ਉਸਮਾਨ ਬਾਰੇ ਵੀ ਇਕ ਜੀਵਨੀਆਤਮਕ ਨਾਵਲ ਲਿਖਿਆ। ਬਾਬਾ ਉਸਮਾਨ ਜ਼ਿਲ੍ਹਾ ਲੁਧਿਆਣਾ ਦੇ ਇਕ ਪਿੰਡ ਬੱਦੋਵਾਲ ਵਿਚ 1880 ਵਿਚ ਪੈਦਾ ਹੋਏ। ਉਨ੍ਹਾਂ ਨੇ ਕੁਝ ਸਮਾਂ ਅੰਗਰੇਜ਼ ਸਰਕਾਰ ਦੀ ਭਾਰਤੀ ਫ਼ੌਜ ਵਿਚ ਨੌਕਰੀ ਕੀਤੀ। ਸਤਾਈ ਸਾਲ ਦੀ ਉਮਰ ਵਿਚ ਅਮਰੀਕਾ ਚਲੇ ਗਏ। ਪਰ ਅਮਰੀਕਾ ਦੇ ਵਾਤਾਵਰਨ ਵਿਚ ਉਨ੍ਹਾਂ ਦਾ ਸਾਹ ਘੁਟਦਾ ਸੀ ਕਿਉਂਕਿ ਉਥੇ ਭਾਰਤੀਆਂ ਨਾਲ ਬੜ੍ਹਾ ਘਟੀਆ ਸਲੂਕ ਕੀਤਾ ਜਾਂਦਾ ਸੀ। ਨਤੀਜੇ ਵਜੋਂ ਉਹ ਗ਼ਦਰ ਲਹਿਰ ਵਿਚ ਸ਼ਾਮਲ ਹੋ ਗਏ। ਉਨ੍ਹਾਂ ਨੂੰ ਹਥਿਆਰਾਂ ਨਾਲ ਲੱਦੇ ਇਕ ਸਮੁੰਦਰੀ ਜਹਾਜ਼ ਨਾਲ ਜਾਣ ਦਾ ਖ਼ਤਰਨਾਕ ਕੰਮ ਸੌਂਪਿਆ ਗਿਆ। ਇਹ ਹਥਿਆਰ ਜਰਮਨ ਦੀ ਸਹਾਇਤਾ ਨਾਲ ਇਕੱਠੇ ਕੀਤੇ ਗਏ ਸਨ ਅਤੇ ਇਨ੍ਹਾਂ ਨੂੰ ਭਾਰਤ ਵਿਚ ਵਿਦਰੋਹੀ ਕੇਂਦਰਾਂ ਵਿਚ ਪਹੁੰਚਾਉਣਾ ਸੀ।

ਇਕ ਅਦਭੁੱਤ ਕਹਾਣੀ ਸੇਵਾ ਸਿੰਘ ਗਿੱਲ ਦੀ ਹੈ। ਇਹ ਇਨਕਲਾਬੀ ਅੰਮ੍ਰਿਤਸਰ ਦੇ ਇਕ ਸਰਹੱਦੀ ਪਿੰਡ ਲੋਪੋਕੇ ਦਾ ਸੀ। ਉਸ ਨੇ ਇਕ ਕੈਨੇਡੀਅਨ ਅਫ਼ਸਰ ਹੋਪਕਿਨਸਨ ਨੂੰ ਕਤਲ ਕਰ ਦਿੱਤਾ ਸੀ। ਇਸ ਅਫ਼ਸਰ ਨੂੰ ਭਾਰਤੀ ਇਨਕਲਾਬੀ ਬਹੁਤ ਨਫ਼ਰਤ ਕਰਦੇ ਸਨ। ਅੰਗਰੇਜ਼ ਬਾਪ ਅਤੇ ਭਾਰਤੀ ਮਾਂ ਦਾ ਇਹ ਪੁੱਤਰ ਭਾਰਤ ਵਿਚ ਪੈਦਾ ਹੋਇਆ ਸੀ ਅਤੇ ਭਾਰਤੀ ਬੋਲੀਆਂ ਬੜੀ ਰਵਾਨੀ ਨਾਲ ਬੋਲ ਸਕਦਾ ਸੀ। ਉਸ ਨੇ ਮੁਖਬਰਾਂ ਦਾ ਇਕ ਗਰੋਹ ਬਣਾਇਆ ਹੋਇਆ ਸੀ, ਜਿਹੜੇ ਉਸ ਨੂੰ ਸਿੱਖਾਂ ਦੀਆਂ ਸਰਗਰਮੀਆਂ ਬਾਰੇ ਰਿਪੋਰਟ ਦਿੰਦੇ ਰਹਿੰਦੇ ਸਨ। ਉਸ ਨੇ ਕੈਨੇਡਾ ਵਿਚ ਸਿੱਖਾਂ ਦੇ ਦਾਖਲੇ ਨੂੰ ਰੋਕਣ ਵਿਚ ਵੀ ਅਹਿਮ ਰੋਲ ਅਦਾ ਕੀਤਾ ਜਿਹੜੇ ਕਾਮਾਗਾਟਾਮਾਰੂ ਜਹਾਜ਼ ਵਿਚ ਵੈਨਕੂਵਰ ਗਏ ਸਨ।

ਉਸ ਦੇ ਕਤਲ ਦਾ ਵੱਡਾ ਕਾਰਨ ਇਹ ਸੀ ਕਿ ਉਹ ਦੋ ਸਿੱਖਾਂ ਦੇ ਇਕ ਕਾਤਲ, ਆਪਣੇ ਚਮਚੇ ਨੂੰ ਬਚਾਉਣ ਲਈ ਅਦਾਲਤ ਵਿਚ ਝੂਠੀ ਗਵਾਹੀ ਦੇਣ ਵਾਲਾ ਸੀ। ਪਰ ਇਸ ਤੋਂ ਪਹਿਲਾਂ ਕਿ ਉਹ ਅਦਾਲਤ ਵਿਚ ਝੂਠਾ ਬਿਆਨ ਦਿੰਦਾ, ਸਿਦਕੀ ਸਿੱਖ ਅਤੇ ਮਸ਼ਹੂਰ ਇਨਕਾਲਾਬੀ ਸ. ਸੇਵਾ ਸਿੰਘ ਲੋਪੋਕੇ ਨੇ ਹੋਪਕਿਨਸਨ ਨੂੰ 21 ਅਕਤੂਬਰ 1914 ਨੂੰ ਅਦਾਲਤ ਦੇ ਅਹਾਤੇ ਵਿਚ ਹੀ ਗੋਲੀ ਮਾਰ ਦਿੱਤੀ। ਹੋਪਕਿਨਸਨ ਨੂੰ ਮਾਰ ਕੇ ਸੇਵਾ ਸਿੰਘ ਨੇ ਪੁਲਿਸ ਦੇ ਸਾਹਮਣੇ ਆਤਮ-ਸਮਰਪਨ ਕਰ ਦਿੱਤਾ। ਉਸ ਨੂੰ 12 ਜਨਵਰੀ 1915 ਨੂੰ ਕੈਨੇਡਾ ਦੀ ਇਕ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ। ਉਨ੍ਹਾਂ ਦੀ ਸ਼ਹੀਦੀ ਦਾ ਦਿਨ ਅੱਜ ਵੀ ਸਾਰੇ ਕੈਨੇਡਾ ਵਿਚ ਮਨਾਇਆ ਜਾਂਦਾ ਹੈ।

ਨਾਵਲ 'ਜੰਜ ਲਾੜਿਆਂ ਦੀ' ਸਤ ਗ਼ਦਰੀ ਬਾਬਿਆਂ ਦੀ ਮਹਾਨ ਕੁਰਬਾਨੀ ਉਤੇ ਆਧਾਰਿਤ ਹੈ। ਉਨ੍ਹਾਂ ਨੇ ਸ਼ਹੀਦ ਊਧਮ ਸਿੰਘ ਬਾਰੇ ਵੀ ਇਕ ਨਾਵਲ ਲਿਖਿਆ। ਉਨ੍ਹਾਂ ਨੇ ਪੰਡਤ ਸੋਹਣ ਲਾਲ ਪਾਠਕ ਬਾਰੇ ਬੜੇ ਜਜ਼ਬਾਤੀ ਅੰਦਾਜ਼ ਵਿਚ ਲਿਖਿਆ

ਹੈ। ਸੋਹਣ ਲਾਲ ਜ਼ਿਲ੍ਹਾ ਅੰਮ੍ਰਿਤਸਰ ਦਾ ਇਕ ਹੋਰ ਇਨਕਲਾਬੀ ਸੀ। ਉਨ੍ਹਾਂ ਦਾ ਜਨਮ ਪੱਟੀ ਦੇ ਇਕ ਗਰੀਬ ਬ੍ਰਾਹਮਣ ਪਰਿਵਾਰ ਵਿਚ ਪੰਡਤ ਚੰਦਾ ਰਾਮ ਦੇ ਘਰ 7 ਜਨਵਰੀ 1883 ਨੂੰ ਹੋਇਆ।

ਸ੍ਰੀ ਪਾਠਕ ਨੇ ਆਪਣੇ ਹੈਡਮਾਸਟਰ ਦੇ ਉਸ ਹੁਕਮ ਵਿਰੁੱਧ ਰੋਸ ਪ੍ਰਗਟ ਕਰਦਿਆਂ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਜਿਸ ਵਿਚ ਉਨ੍ਹਾਂ ਨੂੰ ਲਾਲਾ ਲਾਜਪਤ ਰਾਏ ਅਤੇ ਹੋਰ ਕੌਮੀ ਨੇਤਾਵਾਂ ਨਾਲ ਆਪਣੇ ਸਬੰਧ ਤੋੜਨ ਲਈ ਕਿਹਾ ਗਿਆ ਸੀ। ਇਸ ਉਪਰੰਤ ਉਹ ਲਾਲਾ ਲਾਜਪਤ ਰਾਏ ਦੇ ਅਧੀਨ ਸੰਪਾਦਕ ਬਣ ਗਏ। ਗਿ. ਕੇਸਰ ਸਿੰਘ ਲਿਖਦੇ ਹਨ ਕਿ ਉਨ੍ਹਾਂ ਨੂੰ ਇਹ ਸੁਣ ਕੇ ਬਹੁਤ ਝਟਕਾ ਲੱਗਾ ਕਿ ਸੋਹਣ ਲਾਲ ਪਾਠਕ ਦੇ ਕੁਝ ਨਜ਼ਦੀਕੀਆਂ ਨੇ ਉਨ੍ਹਾਂ ਦਾ ਇਕ ਬੁੱਤ ਬਣਵਾਇਆ ਹੈ ਜਿਸ ਵਿਚ ਉਨ੍ਹਾਂ ਨੂੰ ਇਕ ਵਿਸ਼ੇਸ਼ ਭਾਈਚਾਰੇ ਨਾਲ ਜੋੜਨ ਲਈ ਧੋਤੀ ਪਹਿਨੇ ਹੋਏ ਦਿਖਾਇਆ ਹੈ। ਪਰ ਅਸਲ ਗੱਲ ਇਹ ਹੈ ਕਿ ਸੋਹਣ ਲਾਲ ਪਾਠਕ ਇਕ ਧਰਮ-ਨਿਰਪੱਖ ਇਨਕਲਾਬੀ ਸਨ ਅਤੇ ਉਹ ਹਰ ਸਮੇਂ ਆਪਣੇ ਕੋਲ ਦੋ ਰਿਵਾਲਵਰ ਰੱਖਦੇ ਸਨ।

ਸੋਹਣ ਲਾਲ ਪਾਠਕ ਨੇ ਬਰ੍ਹਮਾ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾ ਲਿਆ। ਸਰਕਾਰ ਨੇ ਇਸ ਖ਼ਤਰਨਾਕ ਇਨਕਲਾਬੀ ਨੂੰ ਗ੍ਰਿਫ਼ਤਾਰ ਕਰਨ ਲਈ ਤੁਰੰਤ ਕਾਵਾਈ ਸ਼ੁਰੂ ਕਰ ਦਿੱਤੀ। ਪਰ ਪਾਠਕ ਨੂੰ ਹੱਥ ਪਾਉਣਾ ਕੋਈ ਸੌਖਾ ਕੰਮ ਨਹੀਂ ਸੀ ਕਿਉਂਕਿ ਉਹ ਬਰ੍ਹਮੀ ਭਾਸ਼ਾ ਜਾਣਦੇ ਸਨ ਅਤੇ ਬਰ੍ਹਮੀ ਲਿਬਾਸ ਵਿਚ ਹੀ ਆਮ ਲੋਕਾਂ ਵਿਚ ਖੁੱਲ੍ਹੇ ਵਿਚਰਦੇ ਰਹਿੰਦੇ ਸਨ।

ਆਖਰਕਾਰ ਸਰਕਾਰ ਅਗਸਤ 1915 ਵਿਚ ਸ੍ਰੀ ਪਾਠਕ ਨੂੰ ਮੈਮਿਓ (ਬਰ੍ਹਮਾ) ਤੋਂ ਗ੍ਰਿਫ਼ਤਾਰ ਕਰਨ ਵਿਚ ਕਾਮਯਾਬ ਹੋ ਗਈ। ਮੁਕੱਦਮੇ ਦੌਰਾਨ ਉਨ੍ਹਾਂ ਨੂੰ ਮਾਂਡਲੇ ਦੇ ਕਿਲੇ ਵਿਚ ਕੈਦ ਰੱਖਿਆ ਗਿਆ। ਅਦਾਲਤ ਨੇ ਉਸ ਨੂੰ ਦੋਸ਼ੀ ਕਰਾਰ ਦੇ ਕੇ ਮੌਤ ਦੀ ਸਜ਼ਾ ਸੁਣਾਈ। 10 ਫਰਵਰੀ 1916 ਨੂੰ ਉਹ ਫਾਂਸੀ ਦੇ ਤਖ਼ਤੇ 'ਤੇ ਸ਼ਹੀਦ ਹੋ ਗਏ।

****



## ਹਿੰਦੀ ਨਾਵਲ ਦਾ ਪਿਤਾਮਾ
## ਸ਼ਰਧਾ ਰਾਮ ਫਿਲੌਰੀ

ਅੰਗਰੇਜ਼ਾਂ ਦੇ ਜ਼ਮਾਨੇ ਵਿਚ ਪੰਜਾਬ ਵਿਚ ਸਰਕਾਰੀ ਅਫ਼ਸਰ ਨੇ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਨਿਯੁਕਤ ਹੋਣਾ ਹੋਵੇ ਤਾਂ ਆਈ.ਸੀ.ਐੱਸ. ਅਫ਼ਸਰਾਂ ਲਈ 'ਪੰਜਾਬੀ ਬਾਤਚੀਤ' ਉਤੇ ਆਧਾਰਿਤ ਪ੍ਰੀਖਿਆ ਪਾਸ ਕਰਨੀ ਲਾਜ਼ਮੀ ਹੁੰਦੀ ਸੀ। ਸਥਾਨਕ ਭਾਸ਼ਾ ਦੀ ਜਾਣਕਾਰੀ ਹਾਸਲ ਕਰਨ ਲਈ ਅੰਗਰੇਜ਼ਾਂ ਵਾਸਤੇ ਇਹ ਕਿਤਾਬ ਖ਼ਾਸ ਤੌਰ 'ਤੇ ਲਿਖਵਾਈ ਗਈ ਸੀ।

ਇਹ ਸ਼ਾਇਦ ਗੁਰਮੁਖੀ ਲਿੱਪੀ ਵਿਚ ਲਿਖੀ ਗਈ ਪਹਿਲੀ ਕਿਤਾਬ ਸੀ ਜਿਸ ਦਾ ਰੋਮਨ ਲਿੱਪੀ ਵਿਚ ਲਿੱਪੀ-ਅੰਤਰ ਕੀਤਾ ਗਿਆ ਸੀ। ਇਹ ਅਨੋਖੀ ਕਿਤਾਬ ਇਕ ਬਹੁਪੱਖੀ ਸ਼ਖ਼ਸੀਅਤ ਪੰਡਤ ਸ਼ਰਧਾ ਰਾਮ ਫਿਲੌਰੀ ਨੇ ਲਿਖੀ ਸੀ। ਇਸ ਗੱਲ ਦਾ ਸ਼ਾਇਦ ਬਹੁਤ ਘਟ ਲੋਕਾਂ ਨੂੰ ਪਤਾ ਹੈ ਕਿ ਅਤਿਅੰਤ ਹਰਮਨ-ਪਿਆਰੀ ਆਰਤੀ 'ਓਮ ਜੈ ਜਗਦੀਸ਼ ਹਰੇ...' ਦੇ ਲੇਖਕ ਸ਼ਰਧਾ ਰਾਮ ਹੀ ਹਨ। ਇਹ ਆਰਤੀ ਸੰਸਾਰ ਭਰ ਵਿਚ ਹਰ ਹਿੰਦੂ ਪਰਿਵਾਰ ਵਿਚ ਗਾਈ ਜਾਂਦੀ ਹੈ।

ਉਹ ਉਨ੍ਹੀਵੀਂ ਸਦੀ ਦੀ ਇਕ ਪ੍ਰਭਾਵਸ਼ਾਲੀ ਸਾਹਿਤਕ ਸ਼ਖ਼ਸੀਅਤ ਸੀ। ਇਤਫ਼ਾਕ ਐਸਾ ਹੋਇਆ ਕਿ ਉਸ ਦੀ ਕਿਤਾਬ ਨੂੰ ਪੰਜਾਬੀ ਭਾਸ਼ਾ ਵਿਗਿਆਨ ਦੀ ਪਹਿਲੀ ਪੁਸਤਕ ਹੋਣ ਦਾ ਮਾਣ ਹਾਸਲ ਹੋ ਗਿਆ ਜਿਸ ਵਿਚ ਮਾਝੇ ਦੇ ਇਲਾਕੇ (ਅੰਮ੍ਰਿਤਸਰ ਤੇ ਗੁਰਦਾਸਪੁਰ) ਪੰਜਾਬ ਦੇ ਹੋਰ ਇਲਾਕਿਆਂ ਅਤੇ ਨਾਲ ਲਗਦੇ ਪਹਾੜੀ ਖੇਤਰ ਦੇ ਲੋਕ-ਸੱਭਿਆਚਾਰ ਅਤੇ ਰਸਮਾਂ-ਰਵਾਜਾਂ ਬਾਰੇ ਚਰਚਾ ਕੀਤੀ ਗਈ ਸੀ। ਇਕ ਪਾਠਕ 'ਪੰਜਾਬੀ ਬਾਤਚੀਤ' ਵਿਚ ਕੁਝ ਅਜਿਹੇ ਦੁਰਲੱਭ ਲਫ਼ਜ਼ ਦੇਖ ਸਕਦਾ ਹੈ, ਜਿਹੜੇ ਹੁਣ ਪੰਜਾਬੀ ਸ਼ਬਦ-ਕੋਸ਼ ਵਿਚੋਂ ਗਾਇਬ ਹੋ ਗਏ ਹਨ। ਸਿੱਖਾਂ ਦੇ ਰਾਜ ਦੀ ਵਿਥਿਆ ਅਤੇ ਪੰਜਾਬੀ ਬਾਤਚੀਤ, ਸ਼ਰਧਾ ਰਾਮ ਫਿਲੌਰੀ ਦੀਆਂ ਅਜਿਹੀਆਂ ਦੋ ਵਿਸ਼ੇਸ਼ ਕਿਤਾਬਾਂ ਹਨ ਜਿਨ੍ਹਾਂ ਕਾਰਨ ਉਸ ਨੂੰ 'ਆਧੁਨਿਕ ਪੰਜਾਬੀ ਵਾਰਤਕ ਦਾ ਜਨਮਦਾਤਾ' ਕਿਹਾ ਜਾਂਦਾ ਹੈ। ਇਨ੍ਹਾਂ ਕਿਤਾਬਾਂ ਵਿਚ ਸਿੱਖ ਧਰਮ ਅਤੇ ਰਾਜਨੀਤੀ ਉਤੇ ਚਰਚਾ ਕੀਤੀ ਗਈ ਹੈ।

ਇਕ ਵਾਰ ਉਸ ਉਤੇ ਇਲਜ਼ਾਮ ਲਗ ਗਿਆ ਕਿ ਉਹ ਮਹਾਂਭਾਰਤ ਬਾਰੇ ਆਪਣੇ ਜ਼ੋਰਦਾਰ ਭਾਸ਼ਨਾਂ ਰਾਹੀਂ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਪ੍ਰਚਾਰ ਕਰਦਾ ਹੈ ਅਤੇ ਉਸ ਨੂੰ ਕੁਝ ਸਮੇਂ ਲਈ ਆਪਣੇ ਜੱਦੀ ਸ਼ਹਿਰ ਫਿਲੌਰ ਵਿੱਚੋਂ ਜਲਾਵਤਨ ਕਰ ਦਿੱਤਾ ਗਿਆ।

ਸਨਾਤਨ ਧਰਮ ਦਾ ਪ੍ਰਚਾਰਕ ਸ਼ਰਧਾ ਰਾਮ ਫਿਲੌਰੀ ਲੁਧਿਆਣੇ ਦੇ ਨੇੜੇ ਫਿਲੌਰ

ਸ਼ਹਿਰ ਵਿਚ ਪੈਦਾ ਹੋਇਆ। ਉਹ ਅੰਮ੍ਰਿਤਸਰ ਅਤੇ ਨਾਲ ਲਗਦੇ ਮਸ਼ਹੂਰ ਸ਼ਹਿਰ ਲਾਹੌਰ ਵਿਚ ਅਕਸਰ ਆਇਆ ਕਰਦਾ ਸੀ।

ਇਕ ਆਯੁਰਵੈਦਿਕ ਡਾਕਟਰ ਪੰਡਤ ਬ੍ਰਿਜ ਕਿਸ਼ੋਰ ਸ਼ਰਮਾ ਲਿਖਦੇ ਹਨ ਕਿ ਸ਼ਰਧਾ ਰਾਮ ਫਿਲੌਰੀ ਜੋਤਸ਼ ਦੇ ਸਬੰਧ ਵਿਚ ਅੰਮ੍ਰਿਤਸਰ ਆਉਂਦੇ ਹੁੰਦੇ ਸਨ। ਉਨ੍ਹਾਂ ਦਿਨਾਂ ਵਿਚ ਉਹ ਅੰਮ੍ਰਿਤਸਰ ਵਿਚ ਇਕ ਜੋਤਸ਼ੀ ਵਜੋਂ ਬਹੁਤ ਮਸ਼ਹੂਰ ਸਨ। ਉਨ੍ਹਾਂ ਨੂੰ ਸਮਾਜ ਸੁਧਾਰਕ ਅਤੇ ਨਵੀਆਂ ਲੀਹਾਂ ਪਾਉਣ ਵਾਲੇ ਵਿਅਕਤੀ ਵਜੋਂ ਜਾਣਿਆ ਜਾਂਦਾ ਸੀ। ਉਨ੍ਹਾਂ ਨੇ ਹਿੰਦੀ ਵਿਚ ਵੀ ਕਈ ਕਿਤਾਬਾਂ ਲਿਖੀਆਂ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਹਿੰਦੀ ਵਿਭਾਗ ਦੇ ਸਾਬਕਾ ਡੀਨ ਤੇ ਮੁਖੀ ਡਾ. ਹਰਮਿੰਦਰ ਸਿੰਘ ਬੇਦੀ ਨੇ ਤਿੰਨ ਭਾਗਾਂ ਵਿਚ 'ਸ਼ਰਧਾ ਰਾਮ ਗ੍ਰੰਥਾਵਲੀ' ਪ੍ਰਕਾਸ਼ਿਤ ਕਰਵਾਈ ਹੈ। ਉਸ ਨੂੰ ਧਿਆਨ ਵਿਚ ਰੱਖਦੇ ਹੋਏ ਭਾਰਤੀ ਸਾਹਿਤ ਅਕਾਡਮੀ ਨੇ ਉਨ੍ਹਾਂ ਨੂੰ ਹਿੰਦੀ ਦੇ ਪਹਿਲੇ ਨਾਵਲਕਾਰ ਵਜੋਂ ਮਾਨਤਾ ਦਿੱਤੀ ਹੈ। ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਮੁੱਖ ਪ੍ਰੋਫੈਸਰ ਡਾ. ਵੀਰ ਭਾਰਤ ਲਿਖਦੇ ਹਨ ਕਿ 'ਜੇ ਇਹ ਗ੍ਰੰਥਾਵਲੀ ਪ੍ਰਕਾਸ਼ਿਤ ਨਾ ਹੁੰਦੀ ਤਾਂ ਸਾਹਿਤ ਵਿਚ ਸ਼ਰਧਾ ਰਾਮ ਫਿਲੌਰੀ ਦਾ ਯੋਗਦਾਨ ਅਣਗੌਲਿਆ ਹੀ ਰਹਿ ਜਾਣਾ ਸੀ।'

ਡਾ. ਬੇਦੀ ਦੀ ਇਸ ਖੋਜ ਨੇ ਕਿ ਸ਼ਰਧਾ ਰਾਮ ਰਚਿਤ 'ਭਾਗਿਆਵਤੀ' ਹਿੰਦੀ ਦਾ ਪਹਿਲਾ ਨਾਵਲ ਹੈ, ਹਿੰਦੀ ਨਾਵਲ ਦੇ ਇਤਿਹਾਸ ਨੂੰ ਮੁੜ-ਲਿਖਣ ਲਈ ਮਜਬੂਰ ਕਰ ਦਿੱਤਾ ਹੈ। ਡਾ. ਬੇਦੀ ਕਹਿੰਦੇ ਹਨ ਕਿ 'ਭਾਗਿਆਵਤੀ' ਨਾਵਲ 1888 ਈ. ਵਿਚ ਪ੍ਰਕਾਸ਼ਿਤ ਹੋਇਆ ਅਤੇ ਇਹ ਯਕੀਨ ਕੀਤਾ ਜਾਂਦਾ ਹੈ ਕਿ ਇਸ ਦਾ ਬਹੁਤਾ ਹਿੱਸਾ ਅੰਮ੍ਰਿਤਸਰ ਵਿਚ ਹੀ ਲਿਖਿਆ ਗਿਆ ਸੀ। ਇਸ ਤੋਂ ਪਹਿਲਾਂ 1902 ਵਿਚ ਲਿਖੇ ਗਏ, ਲਾਲਾ ਸ੍ਰੀ ਨਿਵਾਸ ਦੇ ਨਾਵਲ 'ਪ੍ਰੀਕਸ਼ਾ ਗੁਰੂ' ਨੂੰ ਹਿੰਦੀ ਦਾ ਪਹਿਲਾ ਨਾਵਲ ਮੰਨਿਆ ਜਾਂਦਾ ਸੀ। ਪਰ ਡਾ. ਬੇਦੀ ਰਚਿਤ ਗ੍ਰੰਥਾਵਲੀ ਨੇ ਇਹ ਪ੍ਰਗਟ ਕੀਤਾ ਕਿ 'ਪ੍ਰੀਕਸ਼ਾ ਗੁਰੂ' ਤੋਂ 14 ਸਾਲ ਪਹਿਲਾਂ ਹਿੰਦੀ ਦਾ ਪਹਿਲਾ ਨਾਵਲ ਲਿਖਿਆ ਗਿਆ ਸੀ ਅਤੇ ਉਹ ਲਿਖਿਆ ਵੀ ਗਿਆ ਸੀ ਵੇਦਾਂ ਦੀ ਧਰਤੀ ਪੰਜਾਬ ਵਿਚ। ਉਸ ਸਮੇਂ ਤਕ ਕਈ ਲਿਖਾਰੀਆਂ ਨੇ ਸ਼ਰਧਾ ਰਾਮ ਫਿਲੌਰੀ ਦਾ ਨਾਂ ਵੀ ਨਹੀਂ ਸੁਣਿਆ ਸੀ। ਉਸ ਦਾ ਕਾਰਨ ਇਹ ਸੀ ਕਿ ਕੋਈ ਵੀ ਪ੍ਰਕਾਸ਼ਕ ਵੱਡ-ਆਕਾਰੀ ਗ੍ਰੰਥਾਵਲੀ ਨੂੰ ਛਾਪਣ ਲਈ ਤਿਆਰ ਨਹੀਂ ਸੀ। ਪਰ ਜਦੋਂ ਆਖਰ ਇਕ ਘੱਟ ਜਾਣੇ-ਪਛਾਣੇ ਪ੍ਰਕਾਸ਼ਕ 'ਨਿਰਮਲ ਪਬਲਿਸ਼ਰ' ਨੇ ਗ੍ਰੰਥਾਵਲੀ ਛਾਪ ਦਿੱਤੀ, ਤਾਂ ਹਿੰਦੀ-ਪ੍ਰੇਮੀਆਂ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ ਅਤੇ ਇਸ ਪੁਸਤਕ ਨੇ ਹਿੰਦੀ ਸਾਹਿੱਤ ਦੇ ਇਤਿਹਾਸ ਨੂੰ ਮੁੜ-ਲਿਖਣ ਵਿਚ ਸਹਾਇਤਾ ਕੀਤੀ।

ਦਿਲਚਸਪ ਗੱਲ ਇਹ ਹੈ ਕਿ ਵਿਆਹ ਦੇ ਮੌਕੇ ਇਹ ਪੁਸਤਕ ਧੀਆਂ ਨੂੰ ਦਾਜ ਵਿਚ ਦਿੱਤੀ ਜਾਂਦੀ ਸੀ ਅਤੇ ਇਹ ਵੀ ਇਕ ਮੌਕਾ-ਮੇਲ ਦੀ ਗੱਲ ਹੈ ਕਿ ਭਾਈ ਵੀਰ ਸਿੰਘ ਰਚਿਤ ਪੰਜਾਬੀ ਦਾ ਪਹਿਲਾ ਨਾਵਲ 'ਸੁੰਦਰੀ' ਵੀ 'ਭਾਗਿਆਵਤੀ' ਦੀ ਪ੍ਰਕਾਸ਼ਨਾ ਤੋਂ ਦਸ ਸਾਲ ਪਿੱਛੋਂ 1898 ਈ. ਵਿਚ ਛਪਿਆ ਸੀ। ਦੋਹਾਂ ਨਾਵਲਾਂ ਦੀ



ਮੁੱਖ ਪਾਤਰ ਆਦਰਸ਼ਵਾਦੀ ਇਸਤਰੀ ਹੈ। ਸ਼ਰਧਾ ਰਾਮ ਫਿਲੌਰੀ ਦਾ ਉਸ ਸਮੇਂ ਇਹ ਇਕ ਇਨਕਲਾਬੀ ਕਦਮ ਸੀ ਕਿ ਉਨ੍ਹਾਂ ਨੇ 'ਭਾਗਿਆਵਤੀ' ਵਿਚ ਬਾਲ ਵਿਆਹ ਦੀ ਨਿਖੇਧੀ ਕਰ ਕੇ ਵਿਧਵਾ ਵਿਆਹ ਦੀ ਪ੍ਰੋੜ੍ਹਤਾ ਕੀਤੀ ਸੀ। ਹਿੰਦੀ ਤੇ ਪੰਜਾਬੀ ਦੋਹਾਂ ਭਾਸ਼ਾਵਾਂ ਦੇ ਪਹਿਲੇ ਨਾਵਲਾਂ ਤੋਂ ਇਹ ਗੱਲ ਸਿੱਧ ਹੁੰਦੀ ਹੈ ਕਿ ਇਸਤਰੀ ਸੁਤੰਤਰਤਾ ਲਹਿਰ ਦੀ ਸ਼ੁਰੂਆਤ ਪੰਜਾਬ ਵਿਚ ਹੋਈ ਸੀ।

ਨਾਵਲ 'ਭਾਗਿਆਵਤੀ' ਦੀ ਨਾਇਕਾ 'ਭਾਗਿਆਵਤੀ' ਧੀ ਦਾ ਜਨਮ ਹੋਣ 'ਤੇ ਆਪਣੇ ਪਤੀ ਨੂੰ ਸਮਝਾਉਂਦੀ ਹੈ ਕਿ ਬੇਟੀ ਤੇ ਬੇਟੇ ਵਿਚ ਕੋਈ ਫਰਕ ਨਹੀਂ ਹੁੰਦਾ। ਇਸ ਤੋਂ ਪਹਿਲਾਂ ਹਿੰਦੂ ਰਸਮ-ਰਿਵਾਜ ਅਨੁਸਾਰ, ਘਰ ਵਿਚ ਵਿਧਵਾ ਦੀ ਸਥਿਤੀ ਇਕ ਅਣਚਾਹੇ ਬੋਝ ਸਮਾਨ ਹੁੰਦੀ ਸੀ ਅਤੇ ਘਰ ਦੇ ਕਾਰਾਂ-ਵਿਹਾਰਾਂ ਵਿਚ ਵਿਧਵਾ ਦੀ ਹਾਜ਼ਰੀ, ਛੁਹ ਜਾਂ ਆਵਾਜ਼ ਬਦਸ਼ਗਨੀ ਸਮਝੀ ਜਾਂਦੀ ਸੀ ਅਤੇ ਘਰੇਲੂ ਸਮਾਗਮਾਂ ਵਿਚ ਵਿਧਵਾ ਦੀ ਸ਼ਮੂਲੀਅਤ ਦੀ ਮਨਾਹੀ ਸੀ। ਪਤੀ ਤੋਂ ਬਿਨਾਂ ਔਰਤ ਦੀ ਹੋਂਦ ਨਾ-ਸਹਿਣਯੋਗ ਸੀ। ਅਜਿਹੇ ਦੁਰ-ਵਿਵਹਾਰ ਦਾ ਸੁਭਾਵਕ ਨਤੀਜਾ ਇਹ ਹੁੰਦਾ ਸੀ ਕਿ ਵਿਧਵਾਵਾਂ ਸਤੀ ਹੋ ਜਾਂਦੀਆਂ ਸਨ।

ਇਸੇ ਤਰ੍ਹਾਂ ਉਨ੍ਹਾਂ ਅੰਧਕਾਰਮਈ ਦਿਨਾਂ ਵਿਚ ਬਾਲ ਵਿਆਹ ਦਾ ਆਮ ਰਿਵਾਜ ਸੀ। ਨਵ-ਜਨਮੀਆਂ ਧੀਆਂ ਨੂੰ ਦੁੱਧ ਦੇ ਕੜਾਹੇ ਵਿਚ ਡੁਬੋ ਕੇ ਮਾਰ ਦਿੱਤਾ ਜਾਂਦਾ ਸੀ ਪਰ ਸ਼ਰਧਾ ਰਾਮ ਫਿਲੌਰੀ ਨੇ ਆਪਣੇ ਨਾਵਲ 'ਭਾਗਿਆਵਤੀ' ਰਾਹੀਂ ਲੋਕਾਂ ਨੂੰ ਔਰਤ ਦੀ ਆਜ਼ਾਦੀ ਬਾਰੇ ਜਾਗਰੂਕ ਹੋਣ ਲਈ ਪ੍ਰੇਰਿਤ ਕੀਤਾ।

****

ਭਾਗ ਚੌਥਾ

# ਸ਼ਹਿਰ ਦੇ ਸਿਤਾਰੇ

ਜਦੋਂ ਤੋਂ ਅੰਮ੍ਰਿਤਸਰ ਵਸਿਆ ਹੈ, ਇਸ ਸ਼ਹਿਰ ਨੇ ਅਨੇਕ ਉੱਘੀਆਂ ਸ਼ਖ਼ਸੀਅਤਾਂ ਨੂੰ ਜਨਮ ਦਿੱਤਾ ਹੈ। ਉਨ੍ਹਾਂ ਨੇ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਿਆ। ਕੋਈ ਸਿੱਖਿਆ ਦੇ ਖੇਤਰ ਵਿਚ, ਕੋਈ ਸਾਹਿਤ ਦੇ ਖੇਤਰ ਵਿਚ, ਕੋਈ ਮੁਲਾਜ਼ਮਤ ਵਿਚ ਅਤੇ ਕੋਈ ਖੇਡਾਂ ਦੇ ਖੇਤਰ ਵਿਚ ਮਸ਼ਹੂਰ ਹੋਇਆ। ਕਈਆਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਲੈ ਕੇ ਸ਼ੁਹਰਤ ਹਾਸਲ ਕੀਤੀ। ਭਾਰਤ ਦਾ ਇਕ ਪ੍ਰਧਾਨ ਮੰਤਰੀ, ਇਕ ਸਿਆਸੀ ਨੇਤਾ ਜਿਸ ਨੇ ਦੇਸ਼ਵੰਡ ਦੇ ਦੌਰਾਨ ਅਤੇ ਮਗਰੋਂ ਸਿੱਖਾਂ ਦੀ ਹੋਣੀ ਨੂੰ ਸੰਵਾਰਨ ਦੀ ਕੋਸ਼ਿਸ਼ ਕੀਤੀ; ਇਕ ਭਗਤ ਜਿਸ ਨੇ ਸਾਰੀ ਉਮਰ ਨਿਆਸਰਿਆਂ ਦੀ ਸੇਵਾ ਕਰਦਿਆਂ ਬਤੀਤ ਕੀਤੀ; ਦੇਸ਼ ਦੀ ਪਹਿਲੀ ਇਸਤਰੀ ਪੁਲਿਸ ਅਫ਼ਸਰ; ਦੋ ਕਾਮਰੇਡ ਭਾਈ ਜਿਨ੍ਹਾਂ ਨੇ ਜੋ ਪ੍ਰਚਾਰਿਆ, ਸੋਈ ਜੀਵਿਆ, ਪਹਿਲਾ ਚੀਫ਼ ਏਅਰ ਮਾਰਸ਼ਲ, ਇਕ ਵੱਡਾ ਅਫ਼ਸਰ ਜਿਸ ਨੇ ਸੇਵਾ-ਮੁਕਤ ਹੋ ਕੇ ਨਵੀਂਆਂ ਉਚਾਈਆਂ ਨੂੰ ਛੁਹਿਆ, ਇਕ ਚੋਟੀ ਦਾ ਭਾਸ਼ਾ-ਵਿਗਿਆਨੀ, ਕੌਮੀ ਆਕਾਸ਼ 'ਤੇ ਚਮਕਦੇ ਇਨ੍ਹਾਂ ਸਿਤਾਰਿਆਂ ਦੀਆਂ ਜੜ੍ਹਾਂ ਅੰਮ੍ਰਿਤਸਰ ਵਿਚ ਹਨ।

- ਡਾ. ਮਨਮੋਹਨ ਸਿੰਘ- ਸਿਆਸਤ ਤੋਂ ਸਾਫ਼ ਇਕ ਸਿਆਣਾ ਪ੍ਰਧਾਨ ਮੰਤਰੀ ਅੰਮ੍ਰਿਤਸਰ ਦੇ ਆਕਾਸ਼ ਵਿਚ ਡਾ. ਮਨਮੋਹਨ ਸਿੰਘ ਸਭ ਤੋਂ ਚਮਕਦਾਰ ਸਿਤਾਰਾ ਹੈ ਜਿਸ ਨੇ ਆਪਣੀ ਬੁੱਧੀਮਾਨ ਪ੍ਰਤਿਭਾ ਦੀ ਰੌਸ਼ਨੀ ਕੁਲ ਦੁਨੀਆ ਵਿਚ ਫੈਲਾਈ। (ਡਾ. ਮਨਮੋਹਨ ਸਿੰਘ ਸਿਆਸਤ ਤੋਂ ਬੇਲਾਗ ਪ੍ਰਧਾਨ ਮੰਤਰੀ; ਪੰਨਾ-127)
- ਸਿੱਖਾਂ ਦੇ ਬੇਮਿਸਾਲ ਆਗੂ ਮਾਸਟਰ ਤਾਰਾ ਸਿੰਘ, ਜਿਨ੍ਹਾਂ ਦੇ ਰੋਮ ਰੋਮ ਵਿਚ ਦੇਸ਼ਭਗਤੀ ਸਮਾਈ ਹੋਈ ਸੀ। ਉਹ ਸਾਰੀ ਉਮਰ ਸਿੱਖ ਹਿੱਤਾਂ ਦੀ ਰਾਖੀ ਲਈ ਲੜਦੇ ਰਹੇ। ਸਿੱਖ ਅੱਜ ਵੀ ਇਸ ਕੋਸ਼ਿਸ਼ ਵਿਚ ਹਨ ਕਿ ਉਨ੍ਹਾਂ ਨੂੰ ਇਕ ਵੱਖਰੀ ਕੌਮ ਪਰਵਾਨ ਕੀਤਾ ਜਾਏ। ਇਸ ਵਿਚਾਰ ਦੇ ਜਨਮਦਾਤਾ ਮਾਸਟਰ ਤਾਰਾ ਸਿੰਘ ਹੀ ਸਨ। (ਇਤਿਹਾਸ ਦਾ ਖ਼ਜ਼ਾਨਾ : ਮਾਸਟਰ ਤਾਰਾ ਸਿੰਘ ਨਿਵਾਸ; ਪੰਨਾ-131)
- ਭਗਤ ਪੂਰਨ ਸਿੰਘ ਦੱਬਿਆਂ-ਕੁਚਲਿਆਂ, ਗਰੀਬਾਂ ਅਤੇ ਨਿਆਸਰਿਆਂ ਦਾ ਆਸਰਾ ਸਨ। ਉਹ ਆਪਣੇ ਆਪ ਵਿਚ ਇਕ ਸੰਸਥਾ ਸਨ। ਉਹ ਦੁਖੀ ਮਾਨਵਤਾ ਲਈ ਦਰਦ ਅਤੇ ਦਲੇਰੀ ਦਾ ਸੁਮੇਲ ਸਨ। (ਨਿਆਸਰਿਆਂ ਦਾ ਆਸਰਾ : ਭਗਤ ਪੂਰਨ ਸਿੰਘ; ਪੰਨਾ-136)
- ਅੰਮ੍ਰਿਤਸਰ ਦੀ ਇਕ ਕੁੜੀ ਕਿਰਨ ਬੇਦੀ, ਜੋ ਪੁਲੀਸ ਵਿਚ ਸਰਬ-ਉੱਚ ਅਫ਼ਸਰ ਬਣ ਗਈ। ਉਨ੍ਹਾਂ ਨੂੰ ਸੰਯੁਕਤ ਰਾਸ਼ਟਰ (U.N.O) ਦੇ ਸ਼ਾਂਤੀ ਸਥਾਪਨਾ ਵਿਭਾਗ ਦੇ ਸਕੱਤਰ ਜਨਰਲ ਦੀ ਪੁਲੀਸ ਸਲਾਹਕਾਰ ਹੋਣ ਦਾ ਮਾਨ ਪ੍ਰਾਪਤ ਹੈ। ਉਹ ਅੰਨਾ ਹਜ਼ਾਰੇ ਟੀਮ ਵਿਚ ਵੀ ਰਹੇ। (ਅੰਮ੍ਰਿਤਸਰ ਦੀ ਸਭ ਤੋਂ ਪਹਿਲੀ ਆਈ.ਪੀ.ਐੱਸ. ਇਸਤਰੀ ਅਫ਼ਸਰ: ਡਾ ਕਿਰਨ ਬੇਦੀ, ਪੰਨਾ-139)
- ਚੀਫ਼ ਏਅਰ ਮਾਰਸ਼ਲ ਸ. ਅਰਜਨ ਸਿੰਘ ਨੂੰ ਇੰਡੀਅਨ ਏਅਰ ਫੋਰਸ ਵਿਚ ਸ਼ਾਨਦਾਰ ਸੇਵਾਵਾਂ ਨਿਭਾਉਣ ਕਾਰਨ ਫ਼ਖ਼ਰ-ਇ-ਕੌਮ ਕਿਹਾ ਜਾਂਦਾ ਹੈ। ਸ. ਮਨੋਹਰ ਸਿੰਘ ਗਿੱਲ ਨੂੰ ਸਿਵਲ ਸੇਵਾਵਾਂ ਅਤੇ ਸਰਕਾਰੀ ਅਦਾਰਿਆਂ ਵਿਚ ਉੱਚ-ਪਦਵੀਆਂ ਉਤੇ ਕੰਮ ਕਰਨ ਦਾ ਮੌਕਾ ਮਿਲਿਆ। (ਦੋ ਚੋਟੀ ਦੇ ਸਿਵਲ ਤੇ ਸੈਨਾ ਅਫ਼ਸਰ; ਪੰਨਾ-142)
- ਸਤਪਾਲ ਡਾਂਗ ਤੇ ਉਨ੍ਹਾਂ ਦੀ ਧਰਮ ਪਤਨੀ ਵਿਮਲਾ ਭਾਂਗ ਅੰਮ੍ਰਿਤਸਰ ਦੇ ਨੇੜੇ ਛਿਹਰਟੇ ਵਿਚ ਰਹਿੰਦੇ ਸਨ। ਦੋਵੇਂ ਉੱਘੇ ਸਿਆਸੀ ਨੇਤਾ ਸਨ। ਉਹ ਸਾਰੀ ਉਮਰ ਆਮ ਲੋਕਾਂ ਦੀ ਭਲਾਈ ਨੂੰ ਸਮਰਪਿਤ ਰਹੇ। (ਆਦਰਸ਼ ਨਾਗਰਿਕ : ਸ੍ਰੀ ਸਤਪਾਲ ਡਾਂਗ; ਪੰਨਾ-147)
- ਡਾ. ਹਰਜੀਤ ਸਿੰਘ ਗਿੱਲ ਕਾਫ਼ੀ ਸਮਾਂ ਫਰਾਂਸ ਵਿਚ ਰਹੇ ਤੇ ਉੱਥੇ ਹੀ ਪੜ੍ਹੇ। ਫੇਰ ਵੀ ਉਨ੍ਹਾਂ ਨੂੰ ਇਕ ਵੱਖਰੇ ਢੰਗ ਨਾਲ ਮਾਂ-ਬੋਲੀ ਦੀ ਸੇਵਾ ਕਰਨ ਦਾ ਮਾਣ ਪ੍ਰਾਪਤ ਹੈ। ਉਨ੍ਹਾਂ ਨੇ ਜਪੁਜੀ ਸਾਹਿਬ ਅਤੇ ਜਾਪੁ ਸਾਹਿਬ ਦਾ ਫਰਾਂਸੀਸੀ ਵਿਚ ਅਨੁਵਾਦ ਕੀਤਾ। ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਭਾਸ਼ਾ ਵਿਗਿਆਨ ਦਾ ਵਿਭਾਗ ਸਥਾਪਿਤ ਕਰਨ ਵਿਚ ਮੋਢੀ ਸਨ। (ਗਿੱਲ ਪਰਿਵਾਰ ਦਾ ਵਿਸ਼ਵੀਕਰਨ; ਪੰਨਾ-151 )
- ਜਿੱਥੇ ਅੰਮ੍ਰਿਤਸਰ ਵਿਚ ਗੁਰੂ ਸਾਹਿਬਾਨ ਨੇ ਆਪਣੇ ਪੈਰੋਕਾਰਾਂ ਨੂੰ ਰੂਹਾਨੀਅਤ ਦਾ ਚਾਨਣ ਬਖ਼ਸ਼ਿਆ, ਉਥੇ ਅੰਮ੍ਰਿਤਸਰ ਦੇ ਅੱਖਾਂ ਦੇ ਡਾਕਟਰ ਜੋਤਹੀਣ ਪੀੜਤਾਂ ਦੀ ਨਜ਼ਰ ਬਹਾਲ ਕਰਨ ਦੀ ਵਿਲੱਖਣ ਸੇਵਾ ਕਰ ਰਹੇ ਹਨ। ਅੰਮ੍ਰਿਤਸਰ ਦੇ ਅੱਖਾਂ ਦੇ ਡਾਕਟਰ ਨਜ਼ਰ-ਦਾਨੀ ਹੋਣ ਦੇ ਨਾਲ-ਨਾਲ ਜਨ-ਹਿਤੈਸ਼ੀ ਤੇ ਮਾਨਵਤਾ ਦੇ ਮਸੀਹਾ ਵੀ ਹਨ। (ਨੇਤਹੀਣਾਂ ਦਾ ਮੱਕਾ; ਪੰਨਾ-155)
- ਮਨੁੱਖੀ ਬਰਾਬਰੀ ਨੂੰ ਸਮਰਪਿਤ ਕਈ ਲੋਕ, ਲੋਕਾਂ ਦੀ ਸੇਵਾ ਕਰ ਕੇ ਆਪਣਾ ਸੁਪਨਾ ਸਾਕਾਰ ਕਰਨਾ ਚਾਹੁੰਦੇ ਹਨ। ਕਾਮਰੇਡ ਪਰਦੁਮਨ ਸਿੰਘ ਨੇ ਸਾਰੀ ਉਮਰ ਨਿਤਾਣਿਆਂ ਨਿਮਾਣਿਆਂ ਦੀ ਸੇਵਾ ਕੀਤੀ। ਭਾਰਤ ਵਿਚ ਪੈਨਸ਼ਨ ਯੋਜਨਾ ਦੇ ਪਿੱਛੇ ਉਨ੍ਹਾਂ ਦੀ ਸੋਚ ਹੀ ਕੰਮ ਕਰ ਰਹੀ ਸੀ। (ਪੈਨਸ਼ਨ ਯੋਜਨਾ ਦਾ ਜਨਮਦਾਤਾ: ਕਾਮਰੇਡ ਪਰਦੁਮਨ ਸਿੰਘ; ਪੰਨਾ-160 )
- ਸੋਹਣ ਸਿੰਘ ਜੋਸ਼-ਭਾਵੇਂ ਉਹ ਅਕਾਲੀ ਦਲ ਵਿਚ ਸੀ, ਭਾਵੇਂ ਕਾਂਗਰਸ ਵਿਚ ਜਾਂ ਉਹ ਕਮਿਊਨਿਸਟ ਪਾਰਟੀ ਵਿਚ ਸੀ; ਉਹ ਦੁਖੀ ਮਨੁੱਖਤਾ ਦੀ ਸੇਵਾ ਕਰਨ ਲਈ ਹਮੇਸ਼ਾ ਤੱਤਪਰ ਰਹਿੰਦੇ ਸੀ। ਆਖ਼ਰ ਉਹ ਪੱਕੇ ਤੌਰ 'ਤੇ ਕਮਿਊਨਿਸਟ ਪਾਰਟੀ ਵਿਚ ਚਲੇ ਗਏ। ਉਹ ਇਸ ਧਰਤੀ ਉਤੇ ਮਨੁੱਖੀ

ਬਰਾਬਰੀ ਲਿਆਉਣ ਵਾਸਤੇ ਹਮੇਸ਼ਾ ਯਤਨਸ਼ੀਲ ਰਹੇ। (ਭੁੱਲਿਆ ਵਿਸਰਿਆ ਲੋਕ ਨਾਇਕ: ਸੋਹਣ ਸਿੰਘ ਜੋਸ਼; ਪੰਨਾ-166)

- ਮਡਗਾਸਕਰ ਤੇ ਘਾਨਾ ਵਿਚ ਭਾਰਤ ਦੇ ਸਾਬਕਾ ਸਫ਼ੀਰ ਸ. ਦਿਲਜੀਤ ਸਿੰਘ ਪੰਨੂੰ, ਜਿਸ ਨੇ ਸਾਕਾ ਨੀਲਾ ਤਾਰਾ ਦੇ ਦੁਖਾਂਤ ਨੂੰ ਵਾਪਰਨ ਤੋਂ ਰੋਕਣ ਲਈ ਬਹੁਤ ਕੋਸ਼ਿਸ਼ ਕੀਤੀ। (ਉਹ ਸਾਕਾ ਨੀਲਾ ਤਾਰਾ ਨੂੰ ਰੋਕ ਨਾ ਸਕਿਆ; ਪੰਨਾ-172)
- ਅੰਮ੍ਰਿਤਸਰ ਦੇ ਕਈ ਬਹਾਦਰ ਬੰਦਿਆਂ ਨੇ ਬਿਨਾਂ ਕਿਸੇ ਇਨਾਮ ਦੀ ਇੱਛਾ ਦੇ, ਸ਼ਹਿਰ ਦੀ ਨਿਡਰ ਪਰੰਪਰਾ ਨੂੰ ਕਾਇਮ ਰੱਖਣ ਲਈ ਅਤਿਵਾਦੀਆਂ ਅਤੇ ਡਕੈਤਾਂ ਦਾ ਡਟ ਕੇ ਮੁਕਾਬਲਾ ਕੀਤਾ। (ਸ਼ੌਰੀਆ ਚੱਕਰਾਂ ਦੀ ਗਾਥਾ; ਪੰਨਾ-175)

****



## ਡਾ. ਮਨਮੋਹਨ ਸਿੰਘ
## ਸਿਆਸਤ ਤੋਂ ਬੇਲਾਗ ਪ੍ਰਧਾਨ ਮੰਤਰੀ

ਡਾ. ਇਆਨ ਲਿਟਲ ਲਈ ਇਹ ਬੜੀ ਹੈਰਾਨਕੁਨ ਖ਼ਬਰ ਸੀ ਜਦੋਂ ਉਨ੍ਹਾਂ ਸੁਣਿਆ ਕਿ ਨੂਫੀਲਡ ਕਾਲਜ ਦੇ ਅਰਥ-ਸ਼ਾਸਤਰ ਵਿਭਾਗ ਵਿਚ 1960-61 ਵਿਚ ਉਨ੍ਹਾਂ ਦਾ ਡਾਕਟਰ ਆਫ਼ ਫਿਲਾਸਫ਼ੀ ਦਾ ਵਿਦਿਆਰਥੀ ਭਾਰਤ ਦਾ ਪ੍ਰਧਾਨ ਮੰਤਰੀ ਬਣ ਗਿਆ ਹੈ। ਡਾ. ਇਆਨ ਲਿਟਲ ਮਨਮੋਹਨ ਸਿੰਘ ਦੇ ਕਾਲਜ ਸੁਪਰਵਾਈਜਰ ਸਨ। ਉਨ੍ਹਾਂ ਕਿਹਾ, 'ਮੈਂ ਇਹ ਸੁਣ ਕੇ ਬਹੁਤ ਹੈਰਾਨ ਹੋਇਆ ਹਾਂ ਕਿ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਬਣ ਗਿਆ ਹੈ। ਜਦੋਂ ਉਹ ਇੱਥੇ ਹੁੰਦਾ ਸੀ ਤਾਂ ਬੜਾ ਚੁੱਪ-ਕੀਤਾ ਜਿਹਾ ਹੁੰਦਾ ਸੀ। ਉਸ ਵਿਚ ਸਿਆਸਤਦਾਨ ਬਣਨ ਦੀ ਕੋਈ ਗੱਲ ਨਹੀਂ ਸੀ। ਡਾ. ਲਿਟਲ ਨੇ ਮਨਮੋਹਨ ਸਿੰਘ ਬਾਰੇ ਹੋਰ ਦਸਦਿਆਂ ਕਿਹਾ, 'ਉਹ ਬੜਾ ਮਿਹਨਤੀ ਤੇ ਉੱਦਮੀ ਵਿਦਿਆਰਥੀ ਸੀ। ਉਸ ਨੇ ਬਹੁਤ ਵਧੀਆ ਖੋਜ-ਪੱਤਰ (ਥੀਸਿਸ) ਲਿਖਿਆ ਸੀ। ਉਹ ਹੋਰ ਵਿਦਿਆਰਥੀਆਂ ਨਾਲ ਘੱਟ ਹੀ ਮਿਲਦਾ-ਗਿਲਦਾ ਸੀ। ਉਹ ਇਕੱਲਾ ਰਹਿ ਕੇ ਖ਼ੁਸ਼ ਸੀ।"

"ਇੰਗਲੈਂਡ ਵਿਚ ਵਿਦਿਆਰਥੀ ਪੱਬਾਂ ਵਿਚ ਜਾਣ ਦੇ ਬੜੇ ਸ਼ੌਕੀਨ ਹੁੰਦੇ ਹਨ। ਕੀ ਮਨਮੋਹਨ ਸਿੰਘ ਵੀ ਪੱਬਾਂ ਵਿਚ ਜਾਂਦਾ ਸੀ?"

"ਜਿੱਥੋਂ ਤਕ ਮੈਨੂੰ ਪਤਾ ਹੈ, ਨਹੀਂ। ਉਹ ਮਿਲਾਪੜੇ ਸੁਭਾ ਦਾ ਨਹੀਂ ਸੀ।" ਇਸ ਤਰ੍ਹਾਂ ਦੀਆਂ ਕੁਝ ਸਰਸਰੀ ਗੱਲਾਂ ਕਹਿ ਕੇ ਡਾ. ਲਿਟਲ ਮਨਮੋਹਨ ਸਿੰਘ ਦੀ ਸ਼ਖ਼ਸੀਅਤ ਨੂੰ ਬਿਆਨ ਕਰਦੇ ਹਨ, ਜੋ ਅੱਜ ਦੁਨੀਆ ਦੀ ਹਰਮਨ-ਪਿਆਰੀ ਹਸਤੀ ਹਨ ਅਤੇ ਉਨ੍ਹਾਂ ਨੂੰ 2004 ਅਤੇ 2009 ਵਿਚ ਭਾਰਤ ਦੀ ਕਾਰਜਪਾਲਿਕਾ ਦੀ ਸਭ ਤੋਂ ਉੱਚੀ ਪਦਵੀ ਪ੍ਰਾਪਤ ਹੋਣ ਦਾ ਮਾਣ ਹਾਸਲ ਹੈ। ਉਹ ਨਿਰਮਾਣ ਤੇ ਸੁਹਿਰਦ ਪ੍ਰਧਾਨ ਮੰਤਰੀ ਵਜੋਂ ਮਸ਼ਹੂਰ ਹਨ।

ਆਪਣੇ ਵਿਦਿਆਰਥੀਆਂ ਬਾਰੇ ਡਾ. ਲਿਟਲ ਦੇ ਵਿਚਾਰ ਕਿੰਨੇ ਸਹੀ ਤੇ ਸੱਚੇ ਹਨ ਅਤੇ ਇਹ ਵੀ ਵੇਖਣ ਵਾਲੀ ਗੱਲ ਹੈ ਕਿ ਉਸ ਵਿਦਿਆਰਥੀ ਨੇ ਆਪਣੇ ਅਧਿਆਪਕ ਦੀਆਂ ਸਰਸਰੀ ਕਹੀਆਂ ਹੋਈਆਂ ਗੱਲਾਂ ਨੂੰ ਆਪਣੇ ਕਿਰਦਾਰ ਨਾਲ ਕਿਵੇਂ ਸਹੀ ਸਿੱਧ ਕੀਤਾ ਹੈ। ਭਾਵੇਂ ਉਨ੍ਹਾਂ ਨੇ ਉਚਤਮ ਸਿਖ਼ਰਾਂ ਨੂੰ ਛੂਹਿਆ ਹੈ ਪਰ ਇਸ ਤੀਖਣ ਬੁੱਧ ਵਿੱਦਵਾਨ ਵਿਅਕਤੀ ਨੇ ਉਨ੍ਹਾਂ ਗੁਣਾਂ ਦਾ ਪੱਲਾ ਨਹੀਂ ਛੱਡਿਆ ਜਿਨ੍ਹਾਂ ਦੇ ਸਹਾਰੇ ਉਹ ਜ਼ਿੰਦਗੀ ਦੇ ਹਰ ਖੇਤਰ ਵਿਚ ਅੱਗੇ ਹੀ ਅੱਗੇ ਵਧਦੇ ਚਲੇ ਗਏ। 26 ਸਤੰਬਰ 1932 ਵਿਚ ਆਪਣੇ ਜਨਮ ਤੋਂ ਲੈ ਕੇ ਉਨ੍ਹਾਂ ਦੀ ਬਹੁਪੱਖੀ ਵਿੱਦਿਅਕ ਅਤੇ ਕਿੱਤਾਕਾਰੀ ਪ੍ਰਤਿਭਾ ਦਾ ਇਕ ਇਤਿਹਾਸ ਹੈ ਜੋ ਉਨ੍ਹਾਂ ਨੂੰ ਆਪਣੇ ਖੇਤਰ ਜਾਂ ਕਿੱਤੇ ਦੀਆਂ ਉੱਚਤਮ ਉਚਾਈਆਂ ਨੂੰ ਛੂਹਣ ਲਈ ਪ੍ਰੇਰਿਤ ਕਰਦਾ ਰਿਹਾ।

ਉਨ੍ਹਾਂ ਦਾ ਘੱਟ ਬੋਲਣ ਦਾ ਸੁਭਾ, ਉਨ੍ਹਾਂ ਦੀ ਆਰਥਿਕ ਸੂਝਬੂਝ ਦਾ ਹੀ ਇਕ ਪ੍ਰਤੀਬਿੰਬ ਹੈ। ਉਨ੍ਹਾਂ ਦੇ ਸੁਭਾ ਵਿਚ ਆਈਆਂ ਇਨ੍ਹਾਂ ਆਦਤਾਂ ਦਾ ਕਾਰਨ ਜ਼ਿੰਦਗੀ ਦੀਆਂ ਉਹ ਮੁਸ਼ਕਿਲਾਂ ਹਨ ਜਿਨ੍ਹਾਂ ਵਿਚੋਂ ਉਨ੍ਹਾਂ ਨੂੰ ਲੰਘਣਾ ਪਿਆ। ਦੇਸ਼-ਵੰਡ ਸਮੇਂ 1947 ਵਿਚ ਉਨ੍ਹਾਂ ਨੂੰ ਪਾਕਿਸਤਾਨ ਵਿਚੋਂ ਹਿਜਰਤ ਕਰ ਕੇ ਅੰਮ੍ਰਿਤਸਰ ਆਉਣਾ ਪਿਆ। ਉਸ ਵੇਲੇ ਉਨ੍ਹਾਂ ਦੀ ਉਮਰ 15 ਸਾਲ ਸੀ। ਉਨ੍ਹਾਂ ਨੇ ਆਪਣੇ ਪਰਿਵਾਰ ਦੇ ਖੁਸ਼ਕ ਮੇਵਿਆਂ ਦੇ ਵਪਾਰ ਵਿਚ ਮਦਦ ਕੀਤੀ ਪਰ ਨਾਲ ਦੀ ਨਾਲ ਉਹ ਆਪਣੀ ਪੜ੍ਹਾਈ ਵੀ ਕਰਦੇ ਰਹੇ। ਉਨ੍ਹਾਂ ਨੇ ਹਿੰਦੂ ਕਾਲਜ ਅੰਮ੍ਰਿਤਸਰ ਤੋਂ ਪੰਜਾਬ ਯੂਨੀਵਰਸਿਟੀ ਵਿਚੋਂ ਫਸਟ ਰਹਿ ਕੇ ਬੀ.ਏ. ਪਾਸ ਕੀਤੀ। ਅਰਥ-ਸ਼ਾਸਤਰ ਵਿਚ ਉਨ੍ਹਾਂ ਨੂੰ ਵਿਸ਼ੇਸ਼ ਮੁਹਾਰਤ ਹਾਸਲ ਸੀ। 1954 ਵਿਚ ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਤੋਂ ਹੀ ਐੱਮ.ਏ ਕੀਤੀ ਅਤੇ 1962 ਵਿਚ ਉਨ੍ਹਾਂ ਨੇ ਕੈਂਬ੍ਰਿਜ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਡਿਗਰੀ ਹਾਸਲ ਕੀਤੀ। ਉਹ ਵੱਖ ਵੱਖ ਖੇਤਰਾਂ ਵਿਚ ਕਦਮ-ਦਰ-ਕਦਮ ਅੱਗੇ ਵਧਦੇ ਗਏ ਅਤੇ ਆਖ਼ਰ 1980 ਵਿਚ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਦੀ ਪਦਵੀ ਤਕ ਪਹੁੰਚ ਗਏ। ਉਨ੍ਹਾਂ ਦੀ ਸ਼ਾਨਦਾਰ ਆਰਥਿਕ ਯੋਗਤਾ ਨੂੰ ਦੇਖ ਕੇ 1991-96 ਦੇ ਕਾਂਗਰਸ ਰਾਜ ਕਾਲ ਸਮੇਂ ਪ੍ਰਧਾਨ ਮੰਤਰੀ ਸ੍ਰੀ ਨਰਸਿਮਹਾ ਰਾਉ ਨੇ ਉਨ੍ਹਾਂ ਨੂੰ ਆਪਣੇ ਮੰਤਰੀ ਮੰਡਲ ਵਿਚ ਵਿੱਤ ਮੰਤਰੀ ਬਣਾ ਲਿਆ, ਤਾਂ ਜੋ ਦੇਸ਼ ਦੀ ਨਿਘਰ ਰਹੀ ਆਰਥਿਕ ਹਾਲਤ ਨੂੰ ਸੁਧਾਰਿਆ ਜਾ ਸਕੇ।

ਸਾਂਝੇ ਪ੍ਰਗਤੀਸ਼ੀਲ ਗਠਜੋੜ ਦੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨੇ 2004 ਵਿਚ ਡਾ. ਮਨਮੋਹਨ ਸਿੰਘ ਨੂੰ ਭਾਰਤ ਦੇ ਚੌਧਵੇਂ ਪ੍ਰਧਾਨ ਮੰਤਰੀ ਵਜੋਂ ਨਿਰ-ਵਿਰੋਧ ਤੇ ਸਰਬ-ਸੰਮਤੀ ਨਾਲ ਚੁਣ ਲਿਆ। ਉਨ੍ਹਾਂ ਨੇ 2009 ਤਕ ਇਹ ਜ਼ੁੰਮੇਵਾਰੀ ਬੜੀ ਕਾਮਯਾਬੀ ਨਾਲ ਨਿਭਾਈ। ਦੇਸ਼ ਦੇ ਲੋਕਾਂ ਨੇ ਉਨ੍ਹਾਂ ਉਤੇ ਐਨਾ ਭਰੋਸਾ ਕੀਤਾ ਕਿ ਉਨ੍ਹਾਂ ਨੂੰ 2009 ਵਿਚ ਦੂਜੀ ਵਾਰ ਪ੍ਰਧਾਨ ਮੰਤਰੀ ਦਾ ਪਦ ਸੌਂਪ ਦਿੱਤਾ ਗਿਆ। ਦੇਸ਼ ਦੇ 62 ਸਾਲਾ ਇਤਿਹਾਸ ਵਿਚ ਕੇਵਲ ਤਿੰਨ ਪ੍ਰਧਾਨ ਮੰਤਰੀਆਂ ਨੂੰ ਹੀ ਦੂਜੀ ਵਾਰ ਪ੍ਰਧਾਨ ਮੰਤਰੀ ਬਣਨ ਦਾ ਮੌਕਾ ਮਿਲਿਆ।

ਡਾ. ਮਨਮੋਹਨ ਸਿੰਘ ਅੱਜ ਵਿਸ਼ਵ-ਪ੍ਰਸਿੱਧ ਸ਼ਖ਼ਸੀਅਤ ਹਨ। ਦਸਤਾਰ-ਧਾਰੀ ਹੋਣ ਕਰ ਕੇ ਉਨ੍ਹਾਂ ਦੀ ਇਕ ਵੱਖਰੀ ਪਛਾਣ ਹੈ। ਵੱਖਰੀ ਪਛਾਣ ਦਾ ਇਕ ਕਾਰਨ ਇਹ ਵੀ ਹੈ ਕਿ ਉਨ੍ਹਾਂ ਨੇ ਕਈ ਵੱਖ-ਵੱਖ ਖੇਤਰਾਂ ਵਿਚ ਅਨੇਕ ਪ੍ਰਾਪਤੀਆਂ ਕੀਤੀਆਂ ਹਨ। ਉਨ੍ਹਾਂ ਨੇ ਦੇਸ਼ ਵਿਦੇਸ਼ ਵਿਚ ਕਈ ਲੁਭਾਇਮਾਨ ਉੱਚ ਪਦਵੀਆਂ 'ਤੇ ਕੰਮ ਕੀਤਾ। ਉਨ੍ਹਾਂ ਨੇ ਆਰਥਿਕ ਸਲਾਹਕਾਰ, ਭਾਰਤੀ ਰਿਜ਼ਰਵ ਬੈਂਕ ਦੇ ਡਾਇਰੈਕਟਰ, ਭਾਰਤੀ ਸਨਅਤੀ ਵਿਕਾਸ ਬੈਂਕ ਦੇ ਡਾਇਰੈਕਟਰ, ਵਿੱਤ ਮੰਤਰਾਲੇ ਦੇ ਸਕੱਤਰ, ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ, ਭਾਰਤ ਦੇ ਪ੍ਰਧਾਨ ਮੰਤਰੀ ਦੇ ਆਰਥਿਕ ਸਲਾਹਕਾਰ, ਭਾਰਤ ਦੇ ਵਿੱਤ ਮੰਤਰੀ ਵਜੋਂ ਵੀ ਸੇਵਾ ਕੀਤੀ। ਇਸ ਤੋਂ ਇਲਾਵਾ ਉਹ ਵਿੱਤ ਮੰਤਰਾਲੇ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਅਤੇ ਪਾਰਲੀਮਾਨੀ ਸਥਾਈ ਕਮੇਟੀ ਦੇ ਚੇਅਰਮੈਨ ਵੀ ਰਹੇ। ਇੱਥੇ ਉਨ੍ਹਾਂ ਦੀਆਂ ਬੇਸ਼ੁਮਾਰ ਉੱਚ ਪਦਵੀਆਂ



ਤੇ ਕੁਝ ਅਹੁਦਿਆਂ ਦਾ ਹੀ ਜ਼ਿਕਰ ਕੀਤਾ ਗਿਆ ਹੈ। ਉਨ੍ਹਾਂ ਨੂੰ ਕਈ ਸਮਾਜਕ ਅਤੇ ਸੱਭਿਆਚਾਰਕ ਸੰਸਥਾਵਾਂ ਵੱਲੋਂ ਵੀ ਮਾਨਤਾ ਦਿੱਤੀ ਗਈ। ਆਕਸਫੋਰਡ ਯੂਨੀਵਰਸਿਟੀ ਦੀ ਵਿਸ਼ਾ-ਗਤ ਡਾਕਟਰ ਆਫ਼ ਫ਼ਿਲਾਸਫ਼ੀ ਦੀ ਡਿਗਰੀ ਤੋਂ ਇਲਾਵਾ, ਕਈ ਭਾਰਤੀ ਅਤੇ ਵਿਦੇਸ਼ੀ ਯੂਨੀਵਰਸਿਟੀਆਂ ਨੇ ਉਨ੍ਹਾਂ ਦੀ ਬਹੁਪੱਖੀ ਨਿਪੁੰਨਤਾ ਦੀ ਕਦਰ ਕਰਦਿਆਂ ਉਨ੍ਹਾਂ ਨੂੰ ਕਾਨੂੰਨ, ਸਮਾਜ ਵਿਗਿਆਨ ਅਤੇ ਅਰਥ-ਸ਼ਾਸਤਰ ਆਦਿ ਵਿਸ਼ਿਆਂ ਵਿਚ ਡੀ.ਲਿੱਟ ਦੀਆਂ ਸਨਮਾਨ-ਅਰਥ ਡਿਗਰੀਆਂ ਪ੍ਰਦਾਨ ਕੀਤੀਆਂ। ਕਈ ਪ੍ਰਸਿੱਧ, ਸੰਸਥਾਵਾਂ ਵੱਲੋਂ ਉਨ੍ਹਾਂ ਨੂੰ ਕਈ ਐਵਾਰਡ ਤੇ ਸਨਮਾਨ ਦਿੱਤੇ ਗਏ।

ਰਾਜਨੀਤਕ ਮਾਮਲਿਆਂ ਵਿਚ ਪੂਰੀ ਤਰ੍ਹਾਂ ਜਾਗਰੂਕ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਆਪਣੇ ਦੂਜੇ ਪ੍ਰਧਾਨ ਮੰਤਰੀ ਕਾਲ ਵਿਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਵੀ ਸਾਹਮਣਾ ਕਰਨਾ ਪਿਆ। ਜਿੰਨੇ ਤਰ੍ਹਾਂ-ਤਰ੍ਹਾਂ ਦੇ ਭਾਰਤੀ ਲੋਕ, ਉੱਨੀਆਂ ਹੀ ਤਰ੍ਹਾਂ-ਤਰ੍ਹਾਂ ਦੀਆਂ ਸਮੱਸਿਆਵਾਂ। ਮੀਡੀਆ ਦੀਆਂ ਰਿਪੋਰਟਾਂ ਨੇ ਉਨ੍ਹਾਂ ਨੂੰ ਹਮੇਸ਼ਾ ਪੱਬਾਂ-ਭਾਰ ਰੱਖਿਆ। ਕਦੀ ਵਧ ਰਹੀਆਂ ਕੀਮਤਾਂ ਦਾ ਰੌਲਾ, ਕਦੀ ਵੱਖ-ਵੱਖ ਰਾਜਾਂ ਦੇ ਧੜੇਬੰਦਕ ਝਗੜੇ, ਕਦੀ ਆਮ ਆਦਮੀ ਦੀ ਸੁਰੱਖਿਆ ਦਾ ਮਸਲਾ, ਕਦੀ ਆਮ ਪ੍ਰਸ਼ਾਸਨ ਅਤੇ ਨਿਆਂਪਾਲਿਕਾ ਦਾ ਡਿਗ ਰਿਹਾ ਪੱਧਰ, ਵਿਰੋਧੀ ਪਾਰਟੀਆਂ ਦਾ ਨਾ-ਮਿਲਵਰਤਨ ਦਾ ਵਤੀਰਾ, ਸਰਹੱਦੀ ਮਾਮਲੇ ਤੇ ਵਿਦੇਸ਼ ਦੇ ਮਸਲੇ; ਇਨ੍ਹਾਂ ਸਮੱਸਿਆਵਾਂ ਨੇ ਉਨ੍ਹਾਂ ਨੂੰ ਰੁਝਾਈ ਰੱਖਿਆ। ਸਮੱਸਿਆਵਾਂ ਦੇ ਇਸ ਖਲਜਗਣ ਦੇ ਬਾਵਜੂਦ ਡਾ. ਸਿੰਘ ਨੇ ਆਪਣਾ ਸੰਤੁਲਨ ਕਾਇਮ ਰੱਖਿਆ। ਉਨ੍ਹਾਂ ਦੇ ਇਸ ਠਰ੍ਹੰਮੇ ਅਤੇ ਸਿਆਣਪ ਨੂੰ ਵੇਖ ਕੇ ਖੁਸ਼ਵੰਤ ਸਿੰਘ ਨੇ ਲਿਖਿਆ ਕਿ 'ਸ. ਮਨਮੋਹਨ ਸਿੰਘ ਦੀ ਬੁੱਧੀਮਾਨਤਾ ਅਤੇ ਦੂਰਦਰਸ਼ਤਾ ਦਾ ਕੋਈ ਮੁਕਾਬਲਾ ਨਹੀਂ।' ਉਹ ਭਾਰਤੀ ਲੋਕਾਂ ਦੇ ਰਾਹ-ਦਿਸੇਰਾ ਤਾਂ ਹਨ ਹੀ, ਪਰ ਵਿਦੇਸ਼ ਵਿਚ ਵੀ ਉਨ੍ਹਾਂ ਦੇਸ਼ਾਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਉਨ੍ਹਾਂ ਦੀ ਸਲਾਹ ਦੀ ਮੰਗ ਰਹਿੰਦੀ ਹੈ। ਇੰਗਲੈਂਡ, ਫਰਾਂਸ, ਜਰਮਨੀ, ਚੀਨ ਅਤੇ ਅਫਰੀਕਾ ਵਰਗੀਆਂ ਵਿਸ਼ਵ ਪ੍ਰਸਿੱਧ ਸ਼ਕਤੀਆਂ ਵੀ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਡਾ. ਮਨਮੋਹਨ ਸਿੰਘ ਵੱਲ ਦੇਖਦੀਆਂ ਹਨ। ਕੋਈ ਵੀ ਸਿਖ਼ਰ ਸੰਮੇਲਨ (ਜੀ-ਸਮਿਟ) ਡਾ. ਮਨਮੋਹਨ ਸਿੰਘ ਦੀ ਸ਼ਮੂਲੀਅਤ ਅਤੇ ਸਹਿਯੋਗ ਤੋਂ ਬਿਨਾਂ ਸਫ਼ਲ ਨਹੀਂ ਹੋ ਸਕਦਾ। ਦੁਨੀਆ ਦੀ ਅੱਧੀ ਧਰਤੀ ਅਮਰੀਕਾ ਦਾ ਸਾਬਕਾ ਪ੍ਰੈਜ਼ੀਡੈਂਟ ਬਰਾਕ ਓਬਾਮਾ ਤਾਂ ਡਾ. ਮਨਮੋਹਨ ਸਿੰਘ ਨੂੰ ਆਪਣਾ 'ਆਰਥਿਕ ਗੁਰੂ' ਮੰਨਦਾ ਹੈ।

ਭਾਰਤ ਦੇ ਆਮ ਆਦਮੀ ਦਾ ਪ੍ਰਤੀਕ ਡਾ. ਮਨਮੋਹਨ ਸਿੰਘ ਭਾਰਤ ਦੇ ਆਮ ਤੇ ਗਰੀਬ ਲੋਕਾਂ ਦਾ ਪ੍ਰਤੀਨਿਧ ਹੈ। ਉਹ ਆਮ ਲੋਕਾਂ ਦਾ ਜੀਵਨ ਪੱਧਰ ਉੱਚਾ ਕਰਨ ਲਈ ਅਤੇ ਉਨ੍ਹਾਂ ਨੂੰ ਮੁਢਲੀਆਂ ਸਹੂਲਤਾਂ ਮੁਹੱਈਆ ਕਰਨ ਲਈ ਗੁਆਂਢੀ ਦੇਸ਼ਾਂ ਨਾਲ ਸੁਖਾਵੇਂ ਸਬੰਧ ਬਣਾਉਣ ਲਈ ਅਤੇ ਦੇਸ਼ ਵਿਚ ਅਮਨ ਕਾਨੂੰਨ ਦੀ ਸਥਿਤੀ ਨੂੰ ਬਿਹਤਰ ਬਣਾਉਣ ਲਈ ਅਤੇ ਵਿੱਦਿਆ ਦੇ ਖੇਤਰ ਵਿਚ ਕਰਾਂਤੀਕਾਰੀ

ਤਬਦੀਲੀਆਂ ਕਰਨ ਲਈ ਪ੍ਰਤੀਬੱਧ ਹਨ। ਇਸ ਤੋਂ ਇਲਾਵਾ ਉਹ ਦੇਸ਼ ਵਿਚੋਂ ਭ੍ਰਿਸ਼ਟਾਚਾਰ ਅਤੇ ਧਨ ਦੀ ਨਾ-ਬਰਬਾਰ ਵੰਡ ਨੂੰ ਖ਼ਤਮ ਕਰ ਦੇਣਾ ਚਾਹੁੰਦੇ ਹਨ। ਸੂਚਨਾ ਦਾ ਅਧਿਕਾਰ ਅਤੇ ਵਿੱਦਿਆ ਦਾ ਅਧਿਕਾਰ ਇਸ ਪਾਸੇ ਵੱਲ ਚੁੱਕੇ ਗਏ ਦੋ ਕਦਮ ਹਨ। ਇਸਤਰੀ ਹੱਕਾਂ ਸਬੰਧੀ ਕਾਨੂੰਨ ਪਾਸ ਕਰਾਉਣ ਲਈ ਉਨ੍ਹਾਂ ਦੇ ਯਤਨ ਇਹ ਦਸਦੇ ਹਨ ਕਿ ਉਹ ਜਾਤ ਧਰਮ, ਨਸਲ ਅਤੇ ਲਿੰਗ ਆਦਿ ਦੇ ਵਿਤਕਰੇ ਤੋਂ ਬਿਨਾਂ ਮਾਨਵ ਜਾਤੀ ਦੀ ਬਰਾਬਰੀ ਕਾਇਮ ਕਰਨ ਲਈ ਕਿੰਨੇ ਗੰਭੀਰ ਹਨ।

ਇਸ ਕਿਸਮ ਦੇ ਸੰਕਟਾਂ ਅਤੇ ਪ੍ਰੇਸ਼ਾਨੀਆਂ ਦਾ ਮੁਕਾਬਲਾ ਕਰਨ ਦੀ ਸ਼ਕਤੀ ਅਤੇ ਪ੍ਰੇਰਨਾ ਉਨ੍ਹਾਂ ਨੂੰ ਕਿੱਥੋਂ ਮਿਲਦੀ ਹੈ? ਇਸ ਸ਼ਕਤੀ ਦੇ ਪ੍ਰੇਰਨਾ ਦਾ ਸੋਮਾ ਉਨ੍ਹਾਂ ਦੀ ਸੂਝਵਾਨ ਸੁਪਤਨੀ ਬੀਬੀ ਗੁਰਸ਼ਰਨ ਕੌਰ ਤੋਂ ਬਿਨਾਂ ਹੋਰ ਕੋਈ ਨਹੀਂ ਜਿਨ੍ਹਾਂ ਦੀ ਸ਼ਖ਼ਸੀਅਤ ਵਿਚ ਉਹ ਗੁਣ ਵਿਦਮਾਨ ਹਨ, ਜਿਹੜੇ ਖ਼ੁਦ ਮਨਮੋਹਨ ਸਿੰਘ ਦੀ ਸ਼ਖ਼ਸੀਅਤ ਵਿਚ ਹਨ। ਸੁਭਾ ਦੇ ਪੱਖੋਂ ਉਹ ਉਨੇ ਹੀ ਸੂਝਵਾਨ ਹਨ ਜਿੰਨੇ ਕਿ ਉਨ੍ਹਾਂ ਦੇ ਪਤੀ ਉੱਦਮੀ ਤੇ ਮਿਹਨਤੀ ਹਨ। ਆਮ ਲੋਕਾਂ ਦੀਆਂ ਸਮੱਸਿਆਵਾਂ ਨਾਲ ਸਬੰਧਿਤ ਚਿੱਠੀ-ਪੱਤਰ ਨੂੰ ਉਹ ਆਪ ਪੜ੍ਹਦੇ ਹਨ। ਭਾਰਤ ਇਸ ਗੱਲੋਂ ਇਕ ਖ਼ੁਸ਼-ਕਿਸਮਤ ਦੇਸ਼ ਹੈ ਜਿਸ ਦੀ ਵਾਗ-ਡੋਰ ਇਕ ਅਜਿਹੇ ਸੂਝਵਾਨ ਜੋੜੇ ਦੇ ਹੱਥਾਂ ਵਿਚ ਹੈ, ਜਿਨ੍ਹਾਂ ਨੂੰ ਕੁਦਰਤ ਨੇ ਇਕ ਦੂਜੇ ਲਈ ਹੀ ਬਣਾਇਆ ਹੈ। ਉਹ ਇਸ ਦੇਸ਼ ਨੂੰ ਤਰੱਕੀ ਅਤੇ ਖ਼ੁਸ਼ਹਾਲੀ ਦੇ ਰਾਹ 'ਤੇ ਤੋਰ ਕੇ ਇਸ ਦੁਨੀਆ ਦੀ ਇਕ ਮਹਾਂ ਸ਼ਕਤੀ ਬਣਾਉਣਾ ਚਾਹੁੰਦੇ ਹਨ।

****



## ਇਤਿਹਾਸ ਦਾ ਖ਼ਜ਼ਾਨਾ
## ਮਾਸਟਰ ਤਾਰਾ ਸਿੰਘ ਨਿਵਾਸ

ਉਹ ਕਿਰਪਾਨ ਜਿਸ ਨੇ ਕਦੀ ਦੇਸ਼-ਵੰਡ ਤੋਂ ਪਹਿਲਾਂ ਸਾਰੀ ਦੁਨੀਆ ਦਾ ਧਿਆਨ ਖਿੱਚਿਆ ਸੀ, ਅੱਜ ਮਾਸਟਰ ਤਾਰਾ ਸਿੰਘ ਜੀ ਦੇ ਘਰ ਮਿੱਟੀ-ਘੱਟੇ ਨਾਲ ਅੱਟੀ ਪਈ ਹੈ। ਮਾਸਟਰ ਜੀ ਪੰਜ ਦਹਾਕਿਆਂ ਤੋਂ ਵੱਧ ਸਮੇਂ ਲਈ ਸਿੱਖ ਰਾਜਨੀਤੀ ਦਾ ਕੇਂਦਰ-ਬਿੰਦੂ ਬਣੇ ਰਹੇ। ਮਾਸਟਰ ਜੀ ਨੇ 4 ਮਾਰਚ 1947 ਨੂੰ ਲਾਹੌਰ ਵਿਚ ਪੰਜਾਬ ਅਸੈਂਬਲੀ ਦੇ ਸਾਹਮਣੇ ਇਸ ਕਿਰਪਾਨ ਨੂੰ ਲਹਿਰਾ ਕੇ 'ਪਾਕਿਸਤਾਨ ਮੁਰਦਾਬਾਦ' ਦਾ ਨਾਅਰਾ ਬੁਲੰਦ ਕੀਤਾ ਸੀ। ਕਾਲੇ ਮਿਆਨ ਵਾਲੀ ਇਹ ਕਿਰਪਾਨ ਮਾਸਟਰ ਜੀ ਦੀ ਵਿਸ਼ੇਸ਼ ਪਛਾਣ ਸੀ। ਇਸ ਕਿਰਪਾਨ ਦੇ ਕਾਰਨ ਕਈ ਲੋਕ ਮਾਸਟਰ ਜੀ ਦੇ ਦੁਸ਼ਮਣ ਬਣ ਗਏ। ਕੁਝ ਕੱਟੜ ਮੁਸਲਮਾਨ ਜਨੂੰਨ ਦੀ ਹੱਦ ਤਕ ਮਾਸਟਰ ਜੀ ਦੇ ਵਿਰੋਧੀ ਸਨ। ਉਨ੍ਹਾਂ ਨੇ ਜ਼ਿਲ੍ਹਾ ਰਾਵਲਪਿੰਡੀ (ਅੱਜਕਲ੍ਹ ਪਾਕਿਸਤਾਨ) ਵਿਚ ਮਾਸਟਰ ਜੀ ਦੇ ਜੱਦੀ ਪਿੰਡ ਹਰਿਆਲ ਵਿਚ ਉਨ੍ਹਾਂ ਦੇ ਘਰ ਨੂੰ ਅੱਗ ਲਾ ਕੇ ਸਾੜ ਦਿੱਤਾ ਅਤੇ ਉਨ੍ਹਾਂ ਦੇ 59 ਰਿਸ਼ਤੇਦਾਰਾਂ ਨੂੰ ਕਤਲ ਕਰ ਦਿੱਤਾ।

ਇਸ ਇਤਿਹਾਸਕ ਕਿਰਪਾਨ ਨੂੰ ਅਜੇ ਤਕ ਕਿਸੇ ਅਜਾਇਬ-ਘਰ ਵਿਚ ਥਾਂ ਨਹੀਂ ਮਿਲੀ। 3 ਮਾਰਚ 1947 ਨੂੰ ਮਾਸਟਰ ਜੀ ਨੇ ਲਾਹੌਰ ਵਿਚ 500 ਸਿੱਖਾਂ ਨੂੰ ਨਾਲ ਲੈ ਕੇ ਇਸ ਕਿਰਪਾਨ ਨੂੰ ਲਹਿਰਾ ਕੇ 'ਪਾਕਿਸਤਾਨ ਮੁਰਦਾਬਾਦ' ਦਾ ਨਾਅਰਾ ਲਾਇਆ ਸੀ। ਇਸ ਕਾਰਨ 50000 ਮੁਸਲਮਾਨਾਂ ਦਾ ਜਮਘਟਾ ਆਪੇ ਤੋਂ ਬਾਹਰ ਹੋ ਗਿਆ ਅਤੇ ਮਾਸਟਰ ਜੀ ਆਪਣੇ ਸਾਥੀਆਂ ਸਮੇਤ ਇਸ ਹੱਲੇ-ਗੁੱਲੇ ਵਿਚੋਂ ਬੜੀ ਦਲੇਰੀ ਨਾਲ ਬਚ ਕੇ ਬਾਹਰ ਨਿਕਲ ਗਏ।

ਪੰਥ ਦੇ ਮਹਾਨ ਆਗੂ ਮਾਸਟਰ ਤਾਰਾ ਸਿੰਘ ਜੀ ਦੀ ਪੋਤ-ਨੂੰਹ ਬੀਬੀ ਜਸਪ੍ਰੀਤ ਕੌਰ ਨੇ ਮਾਸਟਰ ਜੀ ਉਤੇ ਪੀ.ਐਚ.ਡੀ. ਕੀਤੀ ਹੈ। ਉਹ ਕਹਿੰਦੇ ਹਨ ਕਿ ਮਾਸਟਰ ਜੀ ਨੇ 1947 ਵਿਚ ਸਿੱਖਾਂ ਨੂੰ ਭਾਰਤ ਦੀ ਚੋਣ ਕਰਨ ਵਿਚ ਅਗਵਾਈ ਦਿੱਤੀ ਅਤੇ ਆਜ਼ਾਦ ਭਾਰਤ ਵਿਚ ਪੰਜਾਬੀ ਸੂਬੇ ਦੀ ਸਥਾਪਨਾ ਲਈ ਮੁਹਿੰਮ ਦਾ ਸੰਚਾਲਣ ਕੀਤਾ।

ਬੀਬੀ ਜੀ ਹੋਰ ਕਹਿੰਦੇ ਹਨ ਕਿ ਬੇਸ਼ੱਕ ਮਾਸਟਰ ਜੀ ਦੀ ਆਪਣੀ ਪਾਰਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਥ ਦੇ ਇਸ 'ਬੇਤਾਜ ਬਾਦਸ਼ਾਹ' ਨੂੰ ਭੁੱਲ ਚੁੱਕੀ ਹੈ ਪਰ ਮਾਸਟਰ ਜੀ ਇਨ੍ਹਾਂ ਦੋਹਾਂ ਜਥੇਬੰਦੀਆਂ ਦੀ ਨੀਂਹ ਰੱਖਣ ਵਾਲੇ ਮੁੱਖ ਆਗੂਆਂ ਵਿਚੋਂ ਇਕ ਸਨ। ਭਾਰਤ ਦੇਸ਼ ਨੇ ਆਪਣੇ ਮਹਾਨ ਆਜ਼ਾਦੀ-ਘੁਲਾਟੀਆਂ ਵਿੱਚੋਂ ਇਕ ਮਾਸਟਰ ਜੀ ਨੂੰ ਸ਼ਰਧਾਂਜਲੀ ਭੇਟ ਕਰਨ ਲਈ 21 ਅਗਸਤ 2003 ਨੂੰ ਪਾਰਲੀਮੈਂਟ ਦੇ ਕੇਂਦਰੀ ਹਾਲ ਵਿਚ ਉਨ੍ਹਾਂ ਦਾ ਚਿਤਰ ਲਗਾ ਦਿਤਾ ਹੈ। ਪਰ ਸਿੱਖ

ਪੰਥ ਨੇ ਉਨ੍ਹਾਂ ਦੀਆਂ ਮਹਾਨ ਸੇਵਾਵਾਂ ਦਾ ਸਨਮਾਨ ਕਰਨ ਲਈ ਅਜੇ ਤਕ ਉਨ੍ਹਾਂ ਦੀ ਕੋਈ ਢੁਕਵੀਂ ਯਾਦਗਾਰ ਬਣਾਉਣ ਦੀ ਖੇਚਲ ਨਹੀਂ ਕੀਤੀ।

ਨਾ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤੇ ਨਾ ਹੀ ਸ਼੍ਰੋਮਣੀ ਅਕਾਲੀ ਦਲ ਨੇ ਇਕ ਅਜਿਹਾ ਅਜਾਇਬ-ਘਰ ਬਣਾਉਣ ਦਾ ਕੋਈ ਉਦਮ ਕੀਤਾ ਹੈ ਜਿਸ ਵਿਚ ਮਾਸਟਰ ਤਾਰਾ ਸਿੰਘ ਜੀ ਨਾਲ ਸਬੰਧਿਤ ਚੀਜ਼ਾਂ ਸੰਭਾਲੀਆਂ ਤੇ ਪਰਦਰਸ਼ਿਤ ਕੀਤੀਆਂ ਜਾ ਸਕਣ। ਮਾਸਟਰ ਜੀ ਦੇ ਪੁਰਾਣੇ ਘਰ ਵਿਚ ਇਕ ਅਲਮਾਰੀ ਨੂੰ ਆਮ ਤੌਰ ’ਤੇ ਤਾਲਾ ਲੱਗਾ ਰਹਿੰਦਾ ਹੈ। ਇਸ ਆਲਮਾਰੀ ਵਿਚ ਜਾਪਾਨੀ ਤਲਵਾਰ ਸਮੂਰਾਏ ਸਮੇਤ ਕਈ ਤਲਵਾਰਾਂ ਬੰਦ ਪਈਆਂ ਹਨ, ਜਿਹੜੀਆਂ ਸਮੇਂ ਸਮੇਂ ਮਾਸਟਰ ਜੀ ਦੇ ਪ੍ਰਸੰਸਕਾਂ ਨੇ ਉਨ੍ਹਾਂ ਨੂੰ ਸਰੋਪਿਆਂ ਦੇ ਨਾਲ ਭੇਟ ਕੀਤੀਆਂ ਸਨ। ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਲਾਪ੍ਰਵਾਹੀ ਨੂੰ ਵੇਖ ਕੇ ਮਾਸਟਰ ਜੀ ਦੇ ਪਰਿਵਾਰ ਦੇ ਕੁਝ ਮੈਂਬਰ ਮਾਸਟਰ ਜੀ ਦੇ ਘਰ ਦੇ ਇਕ ਹਿੱਸੇ ਨੂੰ ਆਉਂਦੀਆਂ ਪੀੜ੍ਹੀਆਂ ਲਈ ਇਕ ਅਜਾਇਬ-ਘਰ ਵਿਚ ਤਬਦੀਲ ਕਰਨ ਬਾਰੇ ਸੋਚ ਰਹੇ ਹਨ। ਪਰਿਵਾਰ ਪਾਸ ਮਾਸਟਰ ਜੀ ਨਾਲ ਸਬੰਧਿਤ ਬਹੁਤ ਸਾਰੀਆਂ ਚੀਜ਼ਾਂ ਸੁਰੱਖਿਅਤ ਹਨ। ਜਿਨ੍ਹਾਂ ਵਿਚ ਬਹੁਤ ਸਾਰੇ ਅਜਿਹੇ ਕਾਗਜ਼-ਪੱਤਰ ਵੀ ਹਨ ਜਿਨ੍ਹਾਂ ਵਿਚ ਦੇਸ਼ ਦੀ ਵੰਡ ਬਾਰੇ ਅਹਿਮ ਜਾਣਕਾਰੀ ਉਪਲਬਧ ਹੈ। ਮਾਸਟਰ ਜੀ ਦੇ ਪੋਤਰੇ ਮਨਦੀਪ ਸਿੰਘ ਨੇ ਮਾਸਟਰ ਜੀ ਦੀ ਗੜਵੀ, ਵੱਡੇ ਵੱਡੇ ਕੜੀ ਵਾਲੇ ਗਲਾਸ, ਗਲੂਬੰਦ, ਪੈੱਨ, ਪਾਸਪੋਰਟ, ਤੇ ਸੁਨਹਿਰੀ ਜੇਬੀ ਘੜੀ, ਆਦਿ ਬਹੁਤ ਸਾਰੀਆਂ ਚੀਜ਼ਾਂ ਸੰਭਾਲ ਕੇ ਰੱਖੀਆਂ ਹੋਈਆਂ ਹਨ। ਇਨ੍ਹਾਂ ਚੀਜ਼ਾਂ ਵਿਚ ਕੁਝ ਇਤਿਹਾਸਕ ਦਸਤਾਵੇਜ਼ ਵੀ ਸ਼ਾਮਲ ਹਨ ਜਿਵੇਂ ਮਾਸਟਰ ਜੀ ਦੀਆਂ ਉਹ ਚਿੱਠੀਆਂ ਜਿਹੜੀਆਂ ਉਨ੍ਹਾਂ ਨੇ ਸਮੇਂ ਦੇ ਅਹਿਮ ਮਸਲਿਆਂ (ਦੇਸ਼ ਦੀ ਵੰਡ ਤੇ ਫਿਰਕੂ ਫਸਾਦਾਂ) ਬਾਰੇ ਅੰਗਰੇਜ਼ ਹਾਕਮਾਂ ਅਤੇ ਪੰਡਤ ਜਵਾਹਰ ਲਾਲ ਨਹਿਰੂ ਤੇ ਮਹਾਤਮਾ ਗਾਂਧੀ ਵਰਗੇ ਕੌਮੀ ਲੀਡਰਾਂ ਨੂੰ ਲਿਖੀਆਂ ਸਨ।

ਦੁੱਖ ਦੀ ਗੱਲ ਹੈ ਕਿ ਮਾਸਟਰ ਜੀ ਦੀ ਜੇਬੀ ਘੜੀ ਦਾ ਕੁਝ ਹਿੱਸਾ 1984 ਵਿਚ ਦਿੱਲੀ ਵਿਚ ਹੋਏ ਸਿੱਖ ਵਿਰੋਧੀ ਦੰਗਿਆਂ ਸਮੇਂ ਜਲ ਗਿਆ ਸੀ। ਪੁਰਾਣੇ ਘਰ ਵਿਚ ਪਈ ਪਲਾਸਟਿਕ ਦੀ ਇਕ ਪਾਈਪ ਅਤੇ ਕੀੜ ਇਹ ਦਸਦੀਆਂ ਹਨ ਕਿ ਸਿੱਖ ਕੌਮ ਦੇ ਇਸ ਮਹਾਨ ਲੀਡਰ ਦਾ ਜੀਵਨ ਕਿੰਨਾ ਸਾਦਾ ਤੇ ਨਿਰਮਲ ਸੀ। ਉਹ ਇਹ ਦੋਵੇਂ ਚੀਜ਼ਾਂ ਵਡੇਰੀ ਉਮਰ ਵਿਚ ਸੁਣਨ ਲਈ ਵਰਤਦੇ ਸਨ।

ਉਨ੍ਹਾਂ ਦੀ ਆਦਤ ਸੀ ਕਿ ਉਹ ਆਪਣੇ ਕੁਝ ਵਿਚਾਰ ਡਾਇਰੀਆਂ ਵਿਚ ਲਿਖਦੇ ਰਹਿੰਦੇ ਸਨ। ਇਨ੍ਹਾਂ ਡਾਇਰੀਆਂ ਦੇ ਕੁਝ ਪੰਨੇ ਅੱਜ ਵੀ ਉਪਲਬਧ ਹਨ। ਪੰਜਾਬੀ ਵਿਚ ਲਿਖੀ ਉਨ੍ਹਾਂ ਦੀ ਇਕ ਡਾਇਰੀ ਵਿਚ ਲਿਖਿਆ ਹੈ ਕਿ ਪਾਕਿਸਤਾਨ ਜੰਮੂ-ਕਸ਼ਮੀਰ ’ਤੇ ਹਮਲਾ ਕਰੇਗਾ। ਦੇਸ਼ ਦੀ ਵੰਡ ਤੋਂ ਇਕ ਸਾਲ ਬਾਅਦ ਉਨ੍ਹਾਂ ਦੇ ਇਹ ਸ਼ਬਦ ਭਵਿੱਖਬਾਣੀ ਸਾਬਤ ਹੋਏ। ਡਾਇਰੀ ਦੇ ਇਕ ਹੋਰ ਪੰਨੇ ’ਤੇ ਲਿਖਿਆ ਹੈ ਕਿ ਅਮਰੀਕਾ ਪਾਕਿਸਤਾਨ ਨੂੰ ਭੜਕਾ ਰਿਹਾ ਹੈ ਅਤੇ ਉਸ ਨੂੰ ਹਥਿਆਰ ਤੇ ਹੋਰ



ਜੰਗੀ ਸਾਮਾਨ ਦੇ ਰਿਹਾ ਹੈ। ਇਸ ਤਰ੍ਹਾਂ ਦੇ ਇਤਿਹਾਸਕ ਦਸਤਾਵੇਜ਼ ਤੁਰੰਤ ਧਿਆਨ ਦੀ ਮੰਗ ਕਰਦੇ ਹਨ।

ਉਪਰੋਕਤ ਅਲਮਾਰੀ ਵਿਚ ਇਕ ਚਿੱਟੇ ਰੰਗ ਦੀ ਬੁਲਟ-ਪਰੂਫ਼ ਜੈਕਟ ਵੀ ਹੈ, ਜਿਹੜੀ 1947 ਵਿਚ ਫ਼ਿਰਕੂ ਫ਼ਸਾਦ ਭੜਕ ਜਾਣ ਸਮੇਂ ਅੰਮ੍ਰਿਤਸਰ ਦੇ ਅੰਗਰੇਜ਼ ਡਿਪਟੀ ਕਮਿਸ਼ਨਰ ਨੇ ਉਨ੍ਹਾਂ ਨੂੰ ਦਿੱਤੀ ਸੀ। ਮਾਸਟਰ ਜੀ ਦੀਆਂ ਜ਼ਰੂਰੀ ਵਸਤਾਂ ਵਿਚ ਤੁਰਨ-ਫਿਰਨ ਸਮੇਂ ਸਹਾਇਤਾ ਕਰਨ ਵਾਲੀਆਂ ਕੁਝ ਸੋਟੀਆਂ ਅਤੇ ਉਹ ਬਰਤਨ ਵੀ ਸ਼ਾਮਲ ਹਨ ਜਿਹੜੇ ਉਹ ਪੰਜਾਬੀ ਸੂਬੇ ਦੇ ਅੰਦੋਲਨ ਸਮੇਂ ਧਰਮਸਾਲਾ ਜੇਲ੍ਹ ਵਿਚ ਵਰਤਿਆ ਕਰਦੇ ਸਨ। ਇਨ੍ਹਾਂ ਚੀਜ਼ਾਂ ਤੋਂ ਇਲਾਵਾ ਮਾਸਟਰ ਜੀ ਕੋਲ ਇਕ 12 ਬੋਰ ਡਬਲ ਬੈਰਲ ਬੰਦੂਕ ਅਤੇ ਇਕ 303-ਬੰਦੂਕ ਵੀ ਹੁੰਦੀ ਸੀ।

1942 ਵਿਚ ਭਾਰਤ ਆਏ ਪ੍ਰਸਿੱਧ ਕ੍ਰਿਪਸ ਮਿਸ਼ਨ ਨੂੰ ਮਾਸਟਰ ਜੀ ਵੱਲੋਂ ਲਿਖੀਆਂ ਗਈਆਂ ਚਿੱਠੀਆਂ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਨੂੰ ਸਿੱਖ ਕੌਮ ਦੀ ਸੁਰੱਖਿਆ ਅਤੇ ਹੱਕਾਂ ਦੀ ਕਿੰਨੀ ਚਿੰਤਾ ਸੀ। ਮਾਸਟਰ ਜੀ ਦੇ ਕਾਗਜ਼-ਪੱਤਰਾਂ ਵਿਚ 22 ਮਾਰਚ 1946 ਨੂੰ ਸ਼੍ਰੋਮਣੀ ਅਕਾਲੀ ਦਲ ਵਲੋਂ ਪਾਸ ਕੀਤਾ ਗਿਆ ਇਕ ਮਤਾ ਵੀ ਹੈ ਜਿਸ ਵਿਚ ਇਕ ਅਜਿਹੀ ਆਜ਼ਾਦ ਸਿੱਖ ਸਟੇਟ ਦੀ ਮੰਗ ਕੀਤੀ ਗਈ ਸੀ ਜਿਸ ਵਿਚ ਸਿੱਖਾਂ ਨੂੰ ਹੋਰ ਕਿਸੇ ਕੌਮ ਦੀ ਗੁਲਾਮੀ ਜਾਂ ਗਲਬਾ ਨਾ ਸਹਿਣਾ ਪਵੇ।

ਆਜ਼ਾਦ ਭਾਰਤ ਵਿਚ ਵੀ ਮਾਸਟਰ ਜੀ ਵੱਲੋਂ ਕਈ ਲੀਡਰਾਂ ਅਤੇ ਮੰਤਰੀਆਂ ਨੂੰ ਲਿਖੀਆਂ ਗਈਆਂ ਚਿੱਠੀਆਂ ਤੋਂ ਵੀ ਪਤਾ ਲਗਦਾ ਹੈ ਕਿ ਉਹ ਵੱਖ-ਵੱਖ ਮਹਿਕਮਿਆਂ ਵਿਚ ਸਿੱਖਾਂ ਦੀ ਲੋੜੀਂਦੀ ਪ੍ਰਤੀਨਿਧਤਾ ਲਈ ਕਿੰਨੇ ਫਿਕਰਮੰਦ ਸਨ। ਕੁਝ ਚਿੱਠੀਆਂ ਪੰਜਾਬੀ ਸੂਬੇ ਦੀ ਮੰਗ ਬਾਰੇ ਵੀ ਹਨ।

ਕੀ ਅੱਜ ਇਹੋ ਜਿਹਾ ਕੋਈ ਲੀਡਰ ਹੈ ਜੋ ਸਾਰੀ ਉਮਰ ਗਰੀਬ ਰਹਿਣ ਦਾ ਪ੍ਰਣ ਕਰੇ? ਇਹ ਗੱਲ ਮਾਸਟਰ ਜੀ ਉਤੇ ਪੂਰੀ ਢੁਕਦੀ ਹੈ ਜਿਨ੍ਹਾਂ ਨੇ ਦੇਸ਼ ਅਤੇ ਕੌਮ ਦੀ ਨਿਸ਼ਕਾਮ ਸੇਵਾ ਕੀਤੀ। ਉਨ੍ਹਾ ਦੇ ਕਮਰੇ ਵਿਚ ਪਏ ਇਕ ਸਾਧਾਰਨ ਜਿਹੇ ਵਾਣ ਦੇ ਮੰਜੇ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦਾ ਜੀਵਨ-ਢੰਗ ਜਿੰਨਾ ਸਾਦਾ ਸੀ। ਇਸ ਮੰਜੇ ’ਤੇ ਬੈਠ ਕੇ ਹੀ ਉਹ ਲੋਕਾਂ, ਨੂੰ ਮਿਲਿਆ ਕਰਦੇ ਸਨ। ਭਾਵੇਂ ਉਹ ਬਹੁਤੇ ਅਮੀਰ ਨਹੀਂ ਸਨ, ਪਰ ਉਨ੍ਹਾਂ ਵਿਚ ਦ੍ਰਿੜ੍ਹਤਾ, ਇਰਾਦਾ ਸ਼ਕਤੀ ਅਤੇ ਇਮਾਨਦਾਰੀ ਇੰਨੀ ਜ਼ਿਆਦਾ ਸੀ ਕਿ ਉਹ ਆਪਣੇ ਅੰਤਲੇ ਸਾਹ ਤਕ ਸਿੱਖ ਰਾਜਨੀਤੀ ਦੇ ਕੇਂਦਰ ਬਣੇ ਰਹੇ।

ਮਾਸਟਰ ਜੀ ਨੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪੜ੍ਹਦਿਆਂ ਹੀ ਇਹ ਪ੍ਰਣ ਲੈ ਲਿਆ ਸੀ ਕਿ ਉਹ ਗਰੀਬੀ ਦਾਅਵੇ ਵਿਚ ਰਹਿੰਦਿਆਂ ਹੀ ਦੇਸ਼ ਅਤੇ ਪੰਥ ਦੀ ਸੇਵਾ ਕਰਨਗੇ।

ਉਹ ਦੇਸ਼ ਦੇ ਕੌਮੀ ਲੀਡਰਾਂ ਵਿਚ ਸ਼ੁਮਾਰ ਹੁੰਦੇ ਹਨ। ਇਸ ਗੱਲ ਦਾ ਸਬੂਤ ਕੁਝ ਇਤਿਹਾਸਕ ਤੱਥ ਦਿੰਦੇ ਹਨ। ਭਾਰਤ ਦੇ ਗਵਰਨਰ ਜਨਰਲ ਲਾਰਡ ਵੇਵਲ ਨੇ ਦੂਜੀ ਸੰਸਾਰ ਜੰਗ ਖ਼ਤਮ ਹੋਣ ਤੋਂ ਬਾਅਦ ਸ਼ਿਮਲੇ ਵਿਚ ਇਕ ਗੋਲ-ਮੇਜ਼ ਕਾਨਫਰੰਸ

ਬੁਲਾਈ ਸੀ। ਇਸ ਕਾਨਫਰੰਸ ਵਿਚ ਮਾਸਟਰ ਜੀ ਨੇ ਆਖਿਆ ਕਿ ਪਾਕਿਸਤਾਨ ਬਣਨ ਨਾਲ, ਉਨ੍ਹਾਂ ਦੀ ਕੌਮ ਨੂੰ, ਹੋਰ ਕਿਸੇ ਵੀ ਕੌਮ ਨਾਲੋਂ ਵਧ ਨੁਕਸਾਨ ਹੋਵੇਗਾ। ਉਸ ਵੇਲੇ ਭਾਰਤ ਦਾ ਸਿਆਸੀ ਮਾਹੌਲ ਬਹੁਤ ਗਰਮ ਸੀ। ਮਾਹੌਲ ਨੂੰ ਸ਼ਾਂਤ ਕਰਨ ਲਈ ਅੰਗਰੇਜ਼ ਸਰਕਾਰ ਨੇ ਸ਼ਿਮਲੇ ਦੀ ਕਾਨਫਰੰਸ ਵਿਚ 21 ਕੌਮੀ ਲੀਡਰਾਂ ਨੂੰ ਬੁਲਾਇਆ ਸੀ। ਪਾਕਿਸਤਾਨ ਬਣਨ ਦੀ ਵਿਰੋਧਤਾ ਕਰਨ ਕਰ ਕੇ ਕਈ ਲੋਕ ਮਾਸਟਰ ਜੀ ਦੇ ਦੁਸ਼ਮਣ ਬਣ ਗਏ। ਮਾਸਟਰ ਤਾਰਾ ਸਿੰਘ ਤੇ ਹੋਰ ਸਿੱਖ ਲੀਡਰਾਂ ਨੇ ਮਿਸਟਰ ਜਿਨਾਹ ਦੇ ਜ਼ਬਾਨੀ ਵਾਅਦਿਆਂ ਉਤੇ ਇਤਬਾਰ ਨਾ ਕਰ ਕੇ ਬੜੀ ਦੂਰਦਰਸ਼ਤਾ ਦਿਖਾਈ। ਭੀਮ ਸੈੱਲ ਸੱਚਰ, ਗੋਪੀ ਚੰਦ ਭਾਰਗੋ, ਮਹਾਸ਼ਾ ਕਿਸ਼ਨ ਅਤੇ ਮਹਾਸ਼ਾ ਖੁਸ਼ਾਲ ਚੰਦ ਆਦਿ ਹਿੰਦੂ ਲੀਡਰਾਂ ਨੇ ਮਿਲ ਕੇ ਇਕ ਪਾਕਿਸਤਾਨ ਵਿਰੋਧੀ ਫਰੰਟ ਬਣਾਇਆ। ਮਾਸਟਰ ਜੀ ਨੂੰ ਇਸ ਫਰੰਟ ਦਾ ਪ੍ਰਧਾਨ ਬਣਾਇਆ ਗਿਆ।

## ਉੱਚ ਕੋਟੀ ਦੇ ਸਾਹਿੱਤਕਾਰ

ਤਾਰਾ ਸਿੰਘ ਦਾ ਵਿੱਦਿਅਕ ਸਫ਼ਰ ਬਹੁਤ ਸ਼ਾਨਦਾਰ ਸੀ। ਉਹ ਹਮੇਸ਼ਾ ਵਜ਼ੀਫ਼ਾ ਲੈਂਦੇ ਰਹੇ। ਉਨ੍ਹਾਂ ਨੇ 1907 ਵਿਚ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਬੀ.ਏ. ਦਾ ਇਮਤਿਹਾਨ ਪਾਸ ਕੀਤਾ। ਉਹ ਤਿੰਨ ਸਾਲ ਕਾਲਜ ਦੀ ਹਾਕੀ ਟੀਮ ਦੇ ਕੈਪਟਨ ਰਹੇ। ਇਸ ਪਿੱਛੋਂ ਉਹ ਖਾਲਸਾ ਹਾਈ ਸਕੂਲ ਲਾਇਲਪੁਰ ਵਿਚ 15 ਰੁਪਏ ਮਹੀਨਾ ’ਤੇ ਹੈੱਡਮਾਸਟਰ ਲਗ ਗਏ। ਉਦੋਂ ਤੋਂ ਹੀ ਉਨ੍ਹਾਂ ਨੂੰ ਮਾਸਟਰ ਤਾਰਾ ਸਿੰਘ ਆਖਿਆ ਜਾਣਾ ਲਗ ਪਿਆ।

ਨਨਕਾਣਾ ਸਾਹਿਬ ਦਾ ਸਾਕਾ ਉਨ੍ਹਾਂ ਦੇ ਜੀਵਨ ਦਾ ਇਕ ਵੱਡਾ ਮੋੜ ਸਾਬਤ ਹੋਇਆ। ਉਹ ਅਧਿਆਪਨ ਦੇ ਕਾਰਜ ਨੂੰ ਅਲਵਿਦਾ ਆਖ ਕੇ ਸਿੱਖ ਰਾਜਨੀਤੀ ਵਿਚ ਕੁੱਦ ਪਏ। ਉਹ ਦੋ ਅਕਾਲੀ ਅਖ਼ਬਾਰਾਂ, ਅਕਾਲੀ (ਉਰਦੂ) ਤੇ ਅਕਾਲੀ ਪ੍ਰਦੇਸੀ ਦੇ ਸੰਪਾਦਕ ਵੀ ਰਹੇ। 22 ਨਵੰਬਰ 1967 ਨੂੰ ਆਪਣੇ ਅਕਾਲ ਚਲਾਣੇ ਤਕ ਉਨ੍ਹਾਂ ਨੇ ਕੌਮੀ ਰਾਜਨੀਤੀ ਵਿਚ ਸਰਗਰਮ ਹਿਸਾ ਲਿਆ। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਮਾਸਟਰ ਜੀ ਇਕ ਅਣਥੱਕ ਲੇਖਕ ਸਨ। ਉਨ੍ਹਾਂ ਨੇ ਦੋ ਨਾਵਲ ਲਿਖੇ: ਪ੍ਰੇਮ ਲਗਨ ਅਤੇ ਬਾਬਾ ਤੇਗਾ ਸਿੰਘ। ਉਨ੍ਹਾਂ ਨੇ ਗ੍ਰਿਹਸਤ ਧਰਮ ਸਿੱਖਿਆ, ਪਿਰਮ ਪਿਆਲਾ ਅਤੇ ਕਿਉ ਵਰਨੀ ਕਿਵ ਜਾਣਾ ਆਦਿ ਪੁਸਤਕਾਂ ਵੀ ਲਿਖੀਆਂ। ਉਨ੍ਹਾਂ ਨੇ ਕੁਝ ਸਫ਼ਰਨਾਮੇ ਵੀ ਕਲਮਬੰਦ ਕੀਤੇ।

## ਸਿੱਖਾਂ ਦੇ ਪ੍ਰਤੀਨਿਧ ਬੁਲਾਰੇ

ਕੌਮੀ ਘਟਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਸ. ਤਰਲੋਚਨ ਸਿੰਘ ਕਹਿੰਦੇ ਹਨ ਕਿ ਮਾਸਟਰ ਤਾਰਾ ਸਿੰਘ ਦੇਸ਼ਵੰਡ ਤੋਂ ਪਹਿਲਾਂ ਦੇ ਦਿਨਾਂ ਤੋਂ ਲੈ ਕੇ ਨਵੰਬਰ 1967 ਵਿਚ ਆਪਣੀ ਮੌਤ ਤਕ ਸ਼੍ਰੋਮਣੀ ਅਕਾਲੀ ਦਲ ਦੇ ਲੀਡਰ ਅਤੇ ਸਿੱਖਾਂ ਦੇ ਇਕੋ ਇਕ ਪ੍ਰਤੀਨਿਧ ਬੁਲਾਰੇ ਸਨ।

ਉਹ ਅਜਿਹੇ ਸਰਬ-ਅਧਿਕਾਰ ਪ੍ਰਾਪਤ ਨੇਤਾ ਸਨ ਕਿ ਉਨ੍ਹਾਂ ਦੇ ਮੂੰਹੋਂ ਨਿਕਲਿਆ ਇਕ ਸ਼ਬਦ ਲੱਖਾਂ ਹਿੰਦੂਆਂ ਤੇ ਸਿੱਖਾਂ ਦੀ ਕਿਸਮਤ ਦਾ ਫ਼ੈਸਲਾ ਕਰ ਦਿੰਦਾ ਸੀ। ਸ. ਤਰਲੋਚਨ ਸਿੰਘ ਅੱਗੇ ਕਹਿੰਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ (1780-



1839) ਤੋਂ ਪਿੱਛੋਂ ਸਿੱਖ ਪੰਥ ਉਤੇ ਹੋਰ ਕਿਸੇ ਵਿਅਕਤੀ ਦਾ ਇੰਨਾ ਪ੍ਰਭਾਵ ਤੇ ਅਧਿਕਾਰ ਨਹੀਂ ਰਿਹਾ ਜਿੰਨਾ ਕਿ ਮਾਸਟਰ ਤਾਰਾ ਸਿੰਘ ਦਾ। ਆਧੁਨਿਕ ਸਮਿਆਂ ਵਿਚ ਕੋਈ ਵੀ ਐਸਾ ਸਿੱਖ ਨੇਤਾ ਨਹੀਂ, ਜੋ ਮਾਸਟਰ ਤਾਰਾ ਸਿੰਘ ਦੀ ਉਪਜ ਨਾ ਹੋਵੇ। ਇਕ ਵੇਲਾ ਸੀ ਕਿ ਸ. ਪ੍ਰਤਾਪ ਸਿੰਘ ਕੈਰੋਂ ਮਾਸਟਰ ਜੀ ਦਾ ਸੈਕਟਰੀ ਹੁੰਦਾ ਸੀ। ਭਾਰਤ ਦੇ ਪਹਿਲੇ ਰੱਖਿਆ ਮੰਤਰੀ ਸ. ਬਲਦੇਵ ਸਿੰਘ ਨੂੰ ਮਾਸਟਰ ਤਾਰਾ ਸਿੰਘ ਨੇ ਨਾਮਜ਼ਦ ਕੀਤਾ ਸੀ। ਸ. ਸਵਰਨ ਸਿੰਘ ਨੂੰ ਲਾਹੌਰ ਵਿਚ ਅਕਾਲੀ ਅਸੈਂਬਲੀ ਪਾਰਟੀ ਦਾ ਨੇਤਾ ਤੇ ਮੰਤਰੀ ਬਣਾਉਣ ਵਾਲੇ ਵੀ ਮਾਸਟਰ ਜੀ ਹੀ ਸਨ। ਲੋਕ ਸਭਾ ਦੇ ਸਪੀਕਰ ਦੇ ਪਦ ਤਕ ਪਹੁੰਚਣ ਵਾਲੇ ਸ. ਹੁਕਮ ਸਿੰਘ ਕਹਿੰਦੇ ਹਨ ਕਿ ਉਨ੍ਹਾਂ ਨੂੰ ਪਾਰਲੀਮੈਂਟ ਵਿਚ ਭੇਜਣ ਵਾਲੇ ਮਾਸਟਰ ਤਾਰਾ ਸਿੰਘ ਹੀ ਸਨ। ਸ. ਬੂਟਾ ਸਿੰਘ ਵੀ ਮਾਸਟਰ ਤਾਰਾ ਸਿੰਘ ਦੀ ਹੀ ਚੋਣ ਸਨ ਜੋ 1962 ਵਿਚ ਲੋਕ ਸਭਾ ਦੇ ਮੈਂਬਰ ਬਣੇ। ਅੰਗਰੇਜ਼ਾਂ ਨੇ ਸਿੱਖਾਂ ਲੀਡਰਾਂ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਮੁਸਲਿਮ ਲੀਗ ਦੀ ਪੇਸ਼ਕਸ਼ ਪਰਵਾਨ ਕਰ ਲੈਣ। ਮਿਸਟਰ ਜਿਨਾਹ ਨੇ ਵੀ ਸਿੱਖਾਂ ਦਾ ਮਨ ਜਿੱਤਣ ਦੀ ਬੜੀ ਕੋਸ਼ਿਸ਼ ਕੀਤੀ ਅਤੇ ਇਹ ਵੀ ਕਿਹਾ ਕਿ ਪਾਕਿਸਤਾਨ ਵਿਚ ਸਿੱਖਾਂ ਨੂੰ ਇਕ ਆਜ਼ਾਦ ਇਲਾਕਾ ਦਿੱਤਾ ਜਾਏਗਾ। ਮਾਸਟਰ ਤਾਰਾ ਸਿੰਘ ਨੇ ਇਸ ਤਰ੍ਹਾਂ ਦੀਆਂ ਸਾਰੀਆਂ ਪੇਸ਼ਕਸ਼ਾਂ ਠੁਕਰਾ ਦਿੱਤੀਆਂ ਤੇ ਭਾਰਤ ਨਾਲ ਰਹਿਣ ਦਾ ਫੈਸਲਾ ਕੀਤਾ। ਬੰਗਾਲ ਦੇ ਨੇਤਾ, ਐੱਨ.ਸੀ. ਚੈਟਰਜੀ ਅਤੇ ਸ਼ਿਆਮਾ ਪ੍ਰਸਾਦ ਮੁਕਰਜੀ ਇਹ ਗੱਲ ਮੰਨਦੇ ਸਨ ਕਿ ਅੱਧਾ ਬੰਗਾਲ ਭਾਰਤ ਵਿਚ ਸੰਮਿਲਤ ਕਰਨ ਵਿਚ ਮਾਸਟਰ ਤਾਰਾ ਸਿੰਘ ਨੇ ਉਨ੍ਹਾਂ ਦੀ ਮਦਦ ਕੀਤੀ। ਭਾਰਤ ਦੀ ਆਜ਼ਾਦੀ ਲਈ ਬਹਾਦਰੀ ਨਾਲ ਲੜਨ ਵਾਲਾ ਇਹ ਆਗੂ ਸਾਰੀ ਉਮਰ ਵੱਖ-ਵੱਖ ਮੁਹਿੰਮਾਂ ਵਿਚ ਸਰਗਰਮ ਰਿਹਾ। ਇੱਥੋਂ ਤਕ ਕਿ ਆਜ਼ਾਦ ਭਾਰਤ ਵਿਚ ਵੀ ਉਨ੍ਹਾਂ ਨੂੰ ਕਈ ਵਾਰ ਜੇਲ੍ਹ ਜਾਣਾ ਪਿਆ। ਉਨ੍ਹਾਂ ਦੀ ਮੰਗ ਸੀ ਕਿ ਬੋਲੀ ਦੇ ਆਧਾਰ ’ਤੇ ਪੰਜਾਬ ਦੀ ਮੁੜ ਹੱਦਬੰਦੀ ਕੀਤੀ ਜਾਏ।

## ਨਾਨਕ ਚੰਦ ਤੋਂ ਤਾਰਾ ਸਿੰਘ

ਮਾਸਟਰ ਤਾਰਾ ਸਿੰਘ ਦਾ ਜਨਮ ਅਣਵੰਡੇ ਭਾਰਤ ਦੇ ਉੱਤਰ ਪੱਛਮੀ ਸੂਬੇ ਦੇ ਜ਼ਿਲ੍ਹਾ ਰਾਵਲਪਿੰਡੀ ਦੇ ਇਕ ਪਿੰਡ ਹਰਿਆਲ ਵਿਚ 24 ਜੂਨ 1885 ਨੂੰ ਹੋਇਆ ਸੀ। ਉਨ੍ਹਾਂ ਦਾ ਪਹਿਲਾ ਨਾਂ ਨਾਨਕ ਚੰਦ ਸੀ। ਉਹ ਇਕ ਪੰਜਾਬੀ ਹਿੰਦੂ ਮਲਹੋਤਰਾ ਪਰਿਵਾਰ ਵਿਚ ਪੈਦਾ ਹੋਏ ਸਨ। ਮਾਣ ਵਾਲੀ ਗੱਲ ਇਹ ਹੈ ਕਿ ਇਕ ਸਾਧਾਰਨ ਪਰਿਵਾਰ ਵਿਚ ਪੈਦਾ ਹੋ ਕੇ ਉਹ ਸਿੱਖ ਕੌਮ ਦੇ ਮਹਾਨ ਲੀਡਰ ਬਣ ਗਏ। ਉਹ ਆਜ਼ਾਦ ਭਾਰਤ ਵਿਚ ਪੰਜਾਬੀ ਸੂਬੇ ਦੇ ਨਿਰਮਾਤਾ ਹਨ। ਉਨ੍ਹਾਂ ਦੀ ਮਾਤਾ ਮੂਲਾਂ ਦੇਵੀ ਇਕ ਨੇਕ ਇਸਤਰੀ ਸੀ ਅਤੇ ਉਨ੍ਹਾਂ ਦੇ ਪਿਤਾ ਬਖਸ਼ੀ ਗੋਪੀ ਚੰਦ ਇਕ ਪਟਵਾਰੀ ਸਨ। ਵੀਹਵੀਂ ਸਦੀ ਦੇ ਸ਼ੁਰੂ ਵਿਚ (1902 ਵਿਚ) ਨਾਨਕ ਚੰਦ ਅੰਮ੍ਰਿਤ ਛਕ ਕੇ ਤਾਰਾ ਸਿੰਘ ਬਣ ਗਏ।

****

## ਨਿਆਸਰਿਆਂ ਦਾ ਆਸਰਾ
## ਭਗਤ ਪੂਰਨ ਸਿੰਘ

ਸਿੱਖ ਧਰਮ ਵਿਚ ਭਗਤ ਪੂਰਨ ਸਿੰਘ ਦਾ ਉਹੀ ਸਥਾਨ ਹੈ ਜੋ ਕੈਥੋਲਿਕ ਈਸਾਈ ਧਰਮ ਵਿਚ ਮਦਰ ਟਰੇਸਾ ਦਾ ਹੈ। 1990 ਵਿਚ ਉਨ੍ਹਾਂ ਦਾ ਨਾਂ ਨੋਬਲ ਸ਼ਾਂਤੀ ਪੁਰਸਕਾਰ ਲਈ ਇਕ ਤਰ੍ਹਾਂ ਨਾਲ ਤਜਵੀਜ਼ ਹੋ ਹੀ ਗਿਆ ਸੀ ਪਰ ਉਨ੍ਹਾਂ ਨੂੰ ਇਹ ਪੁਰਸਕਾਰ ਨਾ ਮਿਲਣ ਨਾਲ ਭਗਤ ਪੂਰਨ ਸਿੰਘ ਨੂੰ ਕੋਈ ਘਾਟਾ ਨਹੀਂ ਪਿਆ। ਘਾਟਾ ਜੇ ਪਿਆ ਤਾਂ ਨਿਆਸਰੇ ਗਰੀਬ ਰੋਗੀਆਂ ਨੂੰ ਪਿਆ ਜਾਂ ਉਸ ਨੋਬਲ ਸ਼ਾਂਤੀ ਪੁਰਸਕਾਰ ਕਮੇਟੀ ਨੂੰ ਪਿਆ ਜੋ ਇਕ ਨੇਕ ਕਾਰਜ ਤੋਂ ਵਾਂਝੀ ਰਹਿ ਗਈ। ਭਗਤ ਪੂਰਨ ਸਿੰਘ ਦਾ ਜੀਵਨ, ਹਿੰਮਤ, ਹੌਸਲੇ, ਦ੍ਰਿੜ੍ਹਤਾ, ਅਕਾਲ ਪੁਰਖ ਉਤੇ ਵਿਸ਼ਵਾਸ ਅਤੇ ਦੁਖੀ ਮਾਨਵਤਾ ਲਈ ਅਮੁੱਕ ਪਿਆਰ ਦੀ ਇਕ ਗਾਥਾ ਹੈ।

ਭਗਤ ਪੂਰਨ ਸਿੰਘ ਨੇ 1947 ਵਿਚ ਦੇਸ਼-ਵੰਡ ਦੇ ਦੁਖਾਂਤ ਤੋਂ ਪ੍ਰਭਾਵਿਤ ਹੋ ਕੇ, ਦੁਖੀ ਮਾਨਵਤਾ ਦੀ ਸੇਵਾ ਕਰਨ ਦਾ ਰਾਹ ਚੁਣਿਆ ਜੋ ਕਿ ਅਜੋਕੀ ਦੁਨੀਆ ਵਿਚ ਸਭ ਤੋਂ ਵੱਡਾ ਧਰਮ ਹੈ। ਦੇਸ਼-ਵੰਡ ਸਮੇਂ ਲੱਖਾਂ ਲੋਕਾਂ ਦਾ ਕਤਲੇਆਮ ਹੋਇਆ ਤੇ ਲੱਖਾਂ ਲੋਕ ਪਾਕਿਸਤਾਨ ਵਿਚ ਆਪਣੀਆਂ ਜ਼ਮੀਨਾਂ ਜਾਇਦਾਦਾਂ ਛੱਡ ਕੇ ਵੰਡ ਦੀ ਲਕੀਰ ਟੱਪ ਕੇ ਭਾਰਤ ਵਿਚ ਆ ਗਏ। ਭਗਤ ਜੀ ਨੇ ਇਕ ਸਰਬ-ਹਿਤਕਾਰੀ ਸੰਸਥਾ, ਪਿੰਗਲਵਾੜਾ ਦੀ ਸਥਾਪਨਾ ਕੀਤੀ, ਜੋ ਗਰੀਬਾਂ, ਦੁਖੀਆਂ, ਰੋਗੀਆਂ, ਬੇਸਹਾਰਿਆਂ ਅਤੇ ਅੰਗਹੀਣਾਂ ਦੀ ਸੇਵਾ ਕਰ ਰਹੀ ਹੈ।

ਆਮ ਤੌਰ ’ਤੇ ਭਗਤ ਜੀ ਵਜੋਂ ਜਾਣੇ ਜਾਂਦੇ ਪੂਰਨ ਸਿੰਘ ਜ਼ਿਲ੍ਹਾ ਲੁਧਿਆਣਾ ਦੇ ਇਕ ਪਿੰਡ ਰਾਜੇਵਾਲ ਵਿਚ ਪਿਤਾ ਚੌਧਰੀ ਸਿੱਬੂ ਮਲ ਦੇ ਘਰ ਮਾਤਾ ਮਹਿਤਾਬ ਕੌਰ ਦੀ ਕੁੱਖ ਤੋਂ 4 ਜੂਨ 1904 ਨੂੰ ਪੈਦਾ ਹੋਏ। ਇਕ ਇੰਟਰਵਿਊ ਵਿਚ ਭਗਤ ਜੀ ਨੇ ਸ. ਪਤਵੰਤ ਸਿੰਘ ਨੂੰ ਦੱਸਿਆ ਸੀ ਕਿ ਉਹ ਸਿੱਖ ਕਿਵੇਂ ਬਣੇ। ਬਚਪਨ ਵਿਚ ਉਹ ਪਿੰਡ-ਦਰ-ਪਿੰਡ ਬਹੁਤ ਘੁੰਮਿਆ ਕਰਦੇ ਸਨ। ਇਕ ਰਾਤ ਉਹ ਇਕ ਹਿੰਦੂ ਮੰਦਰ ਵਿਚ ਠਹਿਰੇ। ਮੰਦਰ ਦੇ ਬ੍ਰਾਹਮਣਾਂ ਨੇ ਉਨ੍ਹਾਂ ਨੂੰ ਮੰਦਰ ਦੀ ਸਫ਼ਾਈ ਕਰਨ ਲਈ ਕਿਹਾ। ਜਦੋਂ ਭਗਤ ਜੀ ਨੇ ਮੰਦਰ ਦੀ ਸਫ਼ਾਈ ਕਰ ਦਿੱਤੀ ਤਾਂ ਸਾਰੇ ਬ੍ਰਾਹਮਣਾਂ ਨੇ ਬਹਿ ਕੇ ਭੋਜਨ ਛਕਿਆ ਪਰ ਸਾਹਮਣੇ ਬੈਠੇ ਭਗਤ ਜੀ ਨੂੰ ਭੋਜਨ ਬਾਰੇ ਪੁੱਛਿਆ ਵੀ ਨਾ। ਫੇਰ ਇਕ ਦਿਨ ਸੱਬੱਬੀਂ ਉਹ ਇਕ ਗੁਰਦੁਆਰੇ ਵਿਚ ਠਹਿਰੇ। ਗੁਰਦੁਆਰੇ ਦੇ ਭਾਈ ਜੀ ਨੇ ਨਾ ਕੇਵਲ ਲੰਗਰ ਛਕਾਇਆ ਸਗੋਂ ਲੰਗਰ ਤੋਂ ਬਾਅਦ ਦੁੱਧ ਵੀ ਛਕਾਇਆ ਅਤੇ ਸੌਣ ਲਈ ਮੰਜਾ ਵੀ ਦਿੱਤਾ। ਗੁਰਦੁਆਰੇ ਵਿਚ ਉਨ੍ਹਾਂ ਨੂੰ ਸੇਵਾ ਕਰਨ ਲਈ ਵੀ ਨਹੀਂ ਕਿਹਾ। ਉਸ ਦਿਨ ਤੋਂ ਪਿੱਛੋਂ ਹੋਰ ਕੁਝ ਸੋਚੇ ਬਿਨਾਂ ਭਗਤ ਪੂਰਨ ਸਿੰਘ ਖਾਲਸਾ ਸਜ ਗਏ।



ਭਗਤ ਜੀ ਨੇ ਅੰਮ੍ਰਿਤਸਰ ਵਿਖੇ ਪਿੰਗਲਵਾੜਾ ਸਥਾਪਿਤ ਕੀਤਾ। ਛੇ ਮਾਰਚ 1957 ਨੂੰ ਆਲ ਇੰਡੀਆ ਪਿੰਗਲਵਾੜਾ ਸੁਸਾਇਟੀ ਸਰਕਾਰ ਤੋਂ ਬਾਕਾਇਦਾ ਰਜਿਸਟਰ ਕਰਾਈ ਗਈ। ਭਗਤ ਜੀ ਨੇ ਸਰੀਰਕ ਤੇ ਮਾਨਸਿਕ ਤੌਰ ’ਤੇ ਬਿਮਾਰ ਅਤੇ ਬੇਸਹਾਰਾ ਲੋਕਾਂ ਲਈ ਪਿੰਗਲਵਾੜੇ ਦੇ ਦਰਵਾਜ਼ੇ ਖੋਲ੍ਹ ਦਿੱਤੇ ਅਤੇ ਲੋਕਾਂ ਨੂੰ ਇਹ ਸਮਝਾਉਣ ਦੀ ਮੁਹਿੰਮ ਵੀ ਸ਼ੁਰੂ ਕਰ ਦਿੱਤੀ ਕਿ ਇਹ ਸਮੱਸਿਆਵਾਂ ਪੈਦਾ ਕਿਉਂ ਹੁੰਦੀਆਂ ਹਨ। ਉਹ ਸਮਾਜਕ, ਆਰਥਿਕ, ਧਾਰਮਿਕ ਅਤੇ ਵਾਤਾਵਰਨ ਸਬੰਧੀ ਵਿਸ਼ਿਆਂ ਬਾਰੇ ਉੱਘੇ ਲੇਖਕਾਂ ਤੋਂ ਲੇਖ ਇਕੱਤਰ ਕਰ ਕੇ ਅਤੇ ਉਨ੍ਹਾਂ ਵਿਚ ਕੁਝ ਆਪਣੇ ਲੇਖ ਸ਼ਾਮਲ ਕਰ ਕੇ ਲੋਕਾਂ ਵਿਚ ਮੁਫ਼ਤ ਵੰਡਣ ਲਈ ਛਪਵਾ ਲੈਂਦੇ ਸਨ। ਇੰਨੇ ਸਮਰਪਨ ਨਾਲ ਆਮ ਲੋਕਾਂ ਦੀ ਭਲਾਈ ਲਈ ਕੰਮ ਕਰਨ ਕਰ ਕੇ ਉਨ੍ਹਾਂ ਨੂੰ ਅਨੇਕਾਂ ਸਨਮਾਨ ਅਤੇ ਪੁਰਸਕਾਰ ਦਿੱਤੇ ਗਏ। ਅਜਿਹੇ ਸਨਮਾਨਾਂ ਵਿਚੋਂ ਇਕ ਸਨਮਾਨ ਭਾਰਤ ਸਰਕਾਰ ਵੱਲੋਂ ਪਦਮਸ਼੍ਰੀ ਐਵਾਰਡ ਉਨ੍ਹਾਂ ਨੂੰ 1979 ਵਿਚ ਦਿੱਤਾ ਗਿਆ, ਜੋ ਉਨ੍ਹਾਂ ਨੇ 1984 ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉਤੇ ਹੋਏ ਫ਼ੌਜੀ ਹਮਲੇ ਸਮੇਂ ਸਰਕਾਰ ਨੂੰ ਵਾਪਸ ਕਰ ਦਿੱਤਾ।

ਭਗਤ ਪੂਰਨ ਸਿੰਘ ਕਈ ਸਾਲ ਆਮ ਲੋਕਾਂ ਦੀ ਸੇਵਾ ਕਰ ਕੇ 5 ਅਗਸਤ 1992 ਨੂੰ ਸਵਰਗ ਸਿਧਾਰ ਗਏ।

ਭਗਤ ਜੀ ਦੇ ਅਕਾਲ ਚਲਾਣੇ ਪਿਛੋਂ ਡਾਕਟਰ ਬੀਬੀ ਇੰਦਰਜੀਤ ਕੌਰ ਨੇ ਸੇਵਾ ਦੀ ਇਸ ਸੰਸਥਾ ਪਿੰਗਲਵਾੜੇ ਦੀ ਵਾਗ ਡੋਰ ਸੰਭਾਲੀ। ਉਹ ਵੀ ਦੁਖੀ ਮਾਨਵਤਾ ਦੀ ਬੇਮਿਸਾਲ ਸੇਵਾ ਕਰ ਰਹੇ ਹਨ। ਉਨ੍ਹਾਂ ਨੂੰ 2008 ਵਿਚ ਭਾਰਤ ਸਰਕਾਰ ਨੇ ਪਦਮ ਭੂਸ਼ਨ ਐਵਾਰਡ ਪ੍ਰਦਾਨ ਕੀਤਾ। ਪਿੰਗਲਵਾੜੇ ਵਿਚ ਮਾਨਵਤਾ ਦੀ ਹੋ ਰਹੀ ਸੇਵਾ ਬਾਰੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸ਼ੁਹਰਤ ਰੱਖਣ ਵਾਲੇ ਕਈ ਪ੍ਰਸਿੱਧ ਵਿਅਕਤੀਆਂ ਨੇ ਦਿਲ ਦੀਆਂ ਡੂੰਘਾਈਆਂ ਤੋਂ ਬੜੀਆਂ ਮਹੱਤਵਪੂਰਨ ਟਿੱਪਣੀਆਂ ਕੀਤੀਆਂ ਹਨ।

ਕੌਮਾਂਤਰੀ ਪ੍ਰਸਿੱਧੀ ਰੱਖਣ ਵਾਲੇ ਕਾਲਮ-ਨਵੀਸ ਸ. ਖੁਸ਼ਵੰਤ ਸਿੰਘ ਨੇ ਭਗਤ ਪੂਰਨ ਸਿੰਘ ਦੀ ਪ੍ਰਸੰਸਾ ਵਿਚ ਕੁਝ ਵਿਸ਼ੇਸ਼ ਸ਼ਬਦਾਂ ਦੀ ਵਰਤੋਂ ਕੀਤੀ ਹੈ। ਉਹ ਲਿਖਦੇ ਹਨ, ‘ਭਗਤ ਜੀ ਨੇ ਪੂਰਨ ਸਮਰਪਨ ਨਾਲ ਇਕ-ਮਨ ਇਕ-ਚਿਤ ਹੋ ਕੇ ਗਰੀਬਾਂ ਤੇ ਲੋੜਬੰਦਾਂ ਦੀ ਸੇਵਾ ਕੀਤੀ। ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਮੁਸ਼ਕਲਾਂ ਦੇ ਬਾਵਜੂਦ ਉਨ੍ਹਾਂ ਨੇ ਹਜ਼ਾਰਾਂ ਗਰੀਬਾਂ, ਕੋੜ੍ਹੀਆਂ, ਮਾਨਸਿਕ ਤੇ ਸਰੀਰਕ ਤੌਰ ’ਤੇ ਬਿਮਾਰਾਂ ਅਤੇ ਮਰ ਰਹੇ ਲੋਕਾਂ ਦੀ ਸੇਵਾ ਕੀਤੀ। ਉਨ੍ਹਾਂ ਦਾ ਨਾਂ ਦੁਨੀਆ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਏਗਾ।”

ਟ੍ਰਿਬਿਊਨ ਤੇ ਹਿੰਦੁਸਤਾਨ ਟਾਈਮਜ਼ ਦੇ ਰਹਿ ਚੁੱਕੇ ਮੁੱਖ ਸੰਪਾਦਕ ਮਰਹੂਮ ਸ੍ਰੀ ਵੀ.ਐੱਨ.ਨਾਰਾਇਨ ਲਿਖਦੇ ਹਨ “ਹੌਸਲੇ ਤੇ ਹਮਦਰਦੀ ਦੇ ਸੱਚੇ-ਸੁੱਚੇ ਪ੍ਰਤੀਕ ਅਤੇ ਸੇਵਾ ਤੇ ਪਰਸੁਆਰਥ ਦੇ ਪੁੰਜ ਭਗਤ ਪੂਰਨ ਸਿੰਘ ਪ੍ਰਾਚੀਨ ਭਾਰਤ ਦੇ ਰਿਸ਼ੀਆਂ ਵਰਗੇ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਦਿਖਾਈ ਦਿੰਦੇ ਹਨ। ਉਹ ਭਾਰਤ

ਦੀ ਨਿੱਤਰੀ ਨਿੱਖਰੀ ਸਿਆਣਪ ਅਤੇ ਅਮੀਰ ਵਿਰਸੇ ਦੀ ਪ੍ਰਤੀਨਿਧਤਾ ਕਰਦੇ ਹਨ।"

ਸ੍ਰੀ ਅਚਾਰੀਆ ਵਿਨੋਬਾ ਭਾਵੇ ਲਿਖਦੇ ਹਨ, "ਪਿੰਗਲਵਾੜਾ ਈਸ਼ਵਰ ਦਾ ਇਕ ਅਜਿਹਾ ਮੰਦਰ ਹੈ ਜਿਸ ਵਿਚ ਈਸ਼ਵਰ ਦੀ ਕੋਈ ਮੂਰਤੀ ਜਾਂ ਈਸ਼ਵਰ ਦਾ ਕੋਈ ਧਾਰਮਕ ਚਿੰਨ੍ਹ ਸਥਾਪਿਤ ਨਹੀਂ ਹੈ।"

ਭਗਤ ਪੂਰਨ ਸਿੰਘ ਬਾਰੇ ਡਾਕੂਮੈਂਟਰੀ 'ਰੀਮੈਮਰਿੰਗ ਭਗਤ ਪੂਰਨ ਸਿੰਘ" ਰਿਲੀਜ਼ ਕਰਦੇ ਹੋਏ ਕੈਨੇਡਾ ਸਥਿਤ ਮਸ਼ਹੂਰ ਟੈਕਨੋਕਰੈਟ ਜਸਬੀਰ ਜੈਸੀ ਹੰਸਪਾਲ ਨੇ ਕਿਹਾ " ਇਹ ਭਾਰਤ ਦੇ ਇਕ ਅਣਸਲਾਹੇ ਨਿਸ਼ਕਾਮ ਨਾਇਕ ਦਾ ਚਿਤਰ ਹੈ। ਅਲਬਰਟ ਸ਼ਵਿਟਜ਼ਰ ਅਤੇ ਕਲਕੱਤੇ ਦੀ ਮਦਰ ਟਰੇਸਾ ਵਾਂਗ, ਪਿੰਗਲਵਾੜਾ ਅੰਮ੍ਰਿਤਸਰ ਦੇ ਸੰਚਾਲਕ ਭਗਤ ਪੂਰਨ ਸਿੰਘ ਆਧੁਨਿਕ ਇਤਿਹਾਸ ਦੇ ਕੁਝ ਰੌਸ਼ਨ ਸਿਤਾਰਿਆਂ ਵਿਚੋਂ ਇਕ ਹਨ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਰੋਗੀਆਂ, ਕਮਜ਼ੋਰਾਂ ਅਤੇ ਨਿਆਸਰਿਆਂ ਦੇ ਲੇਖੇ ਲਾ ਦਿੱਤਾ।"

****



# ਪਹਿਲੀ ਮਹਿਲਾ ਆਈ.ਪੀ.ਐੱਸ. ਡਾ. ਕਿਰਨ ਬੇਦੀ

ਕਿਰਨ ਬੇਦੀ ਘਰ ਵਿਚ ਆਪਣੀਆਂ ਚਾਰ ਭੈਣਾਂ ਵਿਚ ਦੂਜੇ ਨੰਬਰ 'ਤੇ ਸੀ ਪਰ ਉਹ ਭਾਰਤੀ ਪੁਲੀਸ ਸੇਵਾ ਵਿਚ ਪਹਿਲੀ ਇਸਤਰੀ ਅਫ਼ਸਰ ਸੀ। ਉਸ ਨੇ ਪਤਾ ਲਾ ਲਿਆ ਸੀ ਕਿ ਮਰਦ-ਪ੍ਰਧਾਨ ਲਾਠੀ-ਮਾਰਾਂ ਦੇ ਖੇਤਰ ਵਿਚ ਸ਼ਾਮਲ ਹੋਣ ਦਾ ਉਸ ਨੂੰ ਕਾਨੂੰਨੀ ਹੱਕ ਹੈ। ਉਹ ਬਚਪਨ ਤੋਂ ਹੀ ਹਿੰਮਤ ਤੇ ਹੌਸਲੇ ਵਾਲੀ ਕੁੜੀ ਸੀ। ਉਸ ਨੇ ਉਸ ਸਮੇਂ ਵੀ ਆਪਣੀ ਇਸੇ ਦਲੇਰੀ ਦਾ ਪ੍ਰਗਟਾਵਾ ਕੀਤਾ, ਜਦੋਂ ਉਹ ਦਿੱਲੀ ਵਿਚ ਡੀ.ਸੀ.ਪੀ ਦੇ ਅਹੁਦੇ 'ਤੇ ਤਾਇਨਾਤ ਸੀ। ਉਸ ਨੇ 1982 ਦੀਆਂ ਏਸ਼ੀਅਨ ਖੇਡਾਂ ਸਮੇਂ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਕਾਰ ਦਾ ਚਲਾਨ ਕਰ ਦਿੱਤਾ ਕਿਉਂਕਿ ਉਹ ਸਹੀ ਜਗ੍ਹਾ 'ਤੇ ਖੜ੍ਹੀ ਨਹੀਂ ਕੀਤੀ ਗਈ ਸੀ। ਇਸੇ ਬਿਨਾਂ 'ਤੇ ਗ੍ਰਹਿ ਮੰਤਰਾਲੇ ਦੇ ਕੁਝ ਬਾਬੂਆਂ ਨੇ ਪੁਲੀਸ ਕਮਿਸ਼ਨਰ ਦੀ ਆਸਾਮੀ ਉਤੇ ਉਸ ਦੀ ਤਾਇਨਾਤੀ ਦਾ ਵਿਰੋਧ ਕੀਤਾ ਕਿਉਂਕਿ ਉਹ ਬੜੀ ਮੂੰਹਫਟ ਤੇ ਤੇਜ਼-ਦਿਮਾਗ਼ ਸ਼ਖ਼ਸੀਅਤ ਸੀ।

ਅੰਮ੍ਰਿਤਸਰੀ ਕੁੜੀ ਕਿਰਨ ਬੇਦੀ, ਅੰਮ੍ਰਿਤਸਰ ਦੇ ਵੀਰਤਾ-ਭਰੇ ਵਾਤਾਵਰਨ ਵਿਚ ਜੰਮੀ, ਪਲੀ ਤੇ ਵੱਡੀ ਹੋਈ। ਉਨ੍ਹਾਂ ਨੇ ਬੀ.ਏ (ਆਰਟਸ) ਦੀ ਡਿਗਰੀ ਗੌਰਮਿੰਟ ਕਾਲਜ (ਲੜਕੀਆਂ) ਤੋਂ, ਐੱਮ.ਏ. (ਰਾਜਨੀਤੀ ਸ਼ਾਸਤਰ) ਦੀ ਡਿਗਰੀ ਪੰਜਾਬ ਯੂਨੀਵਰਸਿਟੀ ਤੋਂ, ਕਾਨੂੰਨ ਦੀ ਡਿਗਰੀ ਦਿੱਲੀ ਯੂਨੀਵਰਸਿਟੀ ਤੋਂ, ਅਤੇ ਸਮਾਜਕ ਵਿਗਿਆਨ ਵਿਚ ਪੀ.ਐੱਚ.ਡੀ. ਦੀ ਡਿਗਰੀ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਦਿੱਲੀ ਤੋਂ ਪ੍ਰਾਪਤ ਕੀਤੀ। ਵਿੱਦਿਅਕ ਡਿਗਰੀਆਂ ਤੋਂ ਇਲਾਵਾ ਉਹ ਆਲ ਇੰਡੀਆ ਤੇ ਆਲ ਏਸ਼ੀਅਨ ਟੈਨਿਸ ਚੈਂਪੀਅਨ ਵੀ ਰਹੇ। ਉਨ੍ਹਾਂ ਨੇ 22 ਸਾਲ ਦੀ ਉਮਰ ਵਿਚ ਏਸ਼ੀਅਨ ਲੇਡੀਜ਼ ਟਾਈਟਲ ਵੀ ਜਿੱਤਿਆ।

ਕਿਰਨ ਬੇਦੀ ਦਾ ਜਨਮ 9 ਜੂਨ 1949 ਨੂੰ ਹੋਇਆ। ਉਨ੍ਹਾਂ ਦੇ ਪਿਤਾ ਪ੍ਰਕਾਸ਼ ਲਾਲ ਪਸ਼ੌਰੀਆ ਨੇ ਉਨ੍ਹਾਂ ਦਿਨਾਂ ਵਿਚ ਇਹ ਫ਼ੈਸਲਾ ਕੀਤਾ ਕਿ ਉਹ ਆਪਣੀਆਂ ਚਹੁੰਆਂ ਬੇਟੀਆਂ ਨੂੰ ਪੜ੍ਹਾਉਣਗੇ ਜਦ ਕਿ ਉਨ੍ਹਾਂ ਦਿਨਾਂ ਵਿਚ ਕੁੜੀਆਂ ਨੂੰ ਕੇਵਲ ਘਰ ਦੇ ਕੰਮਾਂ-ਕਾਰਾਂ ਤਕ ਹੀ ਸੀਮਤ ਰੱਖਿਆ ਜਾਂਦਾ ਸੀ। 1973 ਦੀ ਗਣਤੰਤਰ ਦਿਵਸ ਪਰੇਡ ਵਿਚ ਜਦੋਂ ਲੋਕਾਂ ਨੇ ਦੇਖਿਆ ਕਿ ਭਾਰਤੀ ਪੁਲੀਸ ਸੇਵਾ ਦੇ ਦਸਤੇ ਦੀ ਕਮਾਂਡ ਇਕ ਲੇਡੀ ਪੁਲੀਸ ਅਫ਼ਸਰ ਕਰ ਰਹੀ ਹੈ ਤਾਂ ਉਹ ਹੈਰਾਨ ਰਹਿ ਗਏ। ਪੁਲੀਸ ਦਸਤੇ ਦੀ ਕਮਾਣ ਪਹਿਲੀ ਵਾਰ ਇਕ ਲੇਡੀ ਅਫ਼ਸਰ ਨੇ ਕੀਤੀ ਸੀ। ਸ੍ਰੀਮਤੀ ਇੰਦਰਾ ਗਾਂਧੀ ਕਿਰਨ ਦੀ ਯੋਗਤਾ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਅਗਲੇ ਦਿਨ ਹੀ ਕਿਰਨ ਬੇਦੀ ਨੂੰ ਛਾਹ ਵੇਲੇ ਦੇ ਖਾਣੇ 'ਤੇ ਆਪਣੇ ਘਰੇ ਬੁਲਾਇਆ।

ਕਿਰਨ ਬੇਦੀ ਨੇ ਪੁਲੀਸ ਵਿਭਾਗ ਵਿਚ ਬੜੇ ਮਾਣ ਤੇ ਸ਼ਾਨ ਨਾਲ 35 ਸਾਲ ਸੇਵਾ ਕੀਤੀ। ਉਨ੍ਹਾਂ ਨੇ ਇਕ ਦਲੇਰ ਅਤੇ ਨਿਡਰ ਪੁਲੀਸ ਅਫ਼ਸਰ ਵਜੋਂ ਨਾਮਣਾ ਖੱਟਿਆ। ਉਨ੍ਹਾਂ ਨੇ ਕਈ ਤਰ੍ਹਾਂ ਦੀਆਂ ਵਿਸ਼ੇਸ਼ ਤੇ ਚੁਣੌਤੀ-ਪੂਰਨ ਪਦਵੀਆਂ 'ਤੇ ਕੰਮ ਕੀਤਾ। ਉਹ ਨਵੀਂ ਦਿੱਲੀ ਵਿਚ ਟਰੈਫ਼ਿਕ ਕਮਿਸ਼ਨਰ, ਮਿਜ਼ੋਰਮ ਵਿਚ ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲੀਸ, ਚੰਡੀਗੜ੍ਹ ਵਿਚ ਲੈਫ਼. ਗਵਰਨਰ ਦੇ ਸਲਾਹਕਾਰ ਅਤੇ ਨਸ਼ਾ-ਵਿਰੋਧੀ ਬਿਉਰੋ ਦੇ ਡਾਇਰੈਕਟਰ ਜਨਰਲ ਰਹੇ। ਜਦੋਂ ਉਹ ਤਿਹਾੜ ਜੇਲ੍ਹ ਵਿਚ ਇੰਸਪੈਕਟਰ ਜਨਰਲ ਆਫ਼ ਪੁਲੀਸ ਵਜੋਂ ਤਾਇਨਾਤ ਸਨ, ਉਨ੍ਹਾਂ ਨੇ ਲੈਕਚਰਾਂ ਰਾਹੀਂ ਅਤੇ ਰੂਹਾਨੀ ਧਿਆਨ ਲਗਾਉਣ ਦੀ ਕਿਰਿਆ ਦੁਆਰਾ ਕੈਦੀਆਂ ਨੂੰ ਨਵਾਂ ਜੀਵਨ ਦੇਣ ਦੀ ਸਿਰਤੋੜ ਕੋਸ਼ਿਸ਼ ਕੀਤੀ।

ਕਿਰਨ ਬੇਦੀ ਨੇ ਸੰਯੁਕਤ ਰਾਸ਼ਟਰ ਦੇ ਸ਼ਾਂਤੀ ਸੁਰੱਖਿਆ ਵਿਭਾਗ ਵਿਚ ਸੈਕਟਰੀ ਜਨਰਲ ਦੇ ਪੁਲੀਸ ਸਲਾਹਕਾਰ ਵਜੋਂ ਕੰਮ ਕੀਤਾ। ਉਨ੍ਹਾਂ ਨੇ ਸੰਯੁਕਤ ਰਾਸ਼ਟਰ ਅਤੇ ਜੁਰਮਾਂ ਤੇ ਨਸ਼ਿਆਂ ਦੀ ਰੋਕਥਾਮ, ਪੁਲੀਸ ਤੇ ਜੇਲ੍ਹ ਸੁਧਾਰ ਅਤੇ ਇਸਤਰੀ-ਉੱਥਾਨ ਦੇ ਵਿਸ਼ਿਆਂ ਨਾਲ ਸਬੰਧਿਤ ਅੰਤਰਰਾਸ਼ਟਰੀ ਸੰਸਥਾਵਾਂ ਵਿਚ ਭਾਰਤ ਦੀ ਪ੍ਰਤੀਨਿਧਤਾ ਕੀਤੀ। ਅੱਜਕਲ੍ਹ ਉਹ ਪੁਡੂਚਰੀ ਦੇ ਲੈਫਟੀਨੈਂਟ ਗਵਰਨਰ ਹਨ। ਉਨ੍ਹਾਂ ਨੂੰ ਸਮਾਜ ਸੇਵਾ ਦੇ ਖੇਤਰ ਵਿਚ ਮਹੱਤਵਪੂਰਨ ਯੋਗਦਾਨ ਪਾਉਣ ਲਈ ਅਨੇਕਾਂ ਐਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੇ ਕੁਝ ਵਿਸ਼ੇਸ਼ ਸਨਮਾਨਾਂ ਵਿਚ ਰਾਸ਼ਟਰਪਤੀ ਵੀਰਤਾ ਐਵਾਰਡ (1970) ਵਰਸ਼ ਦੀ ਸ੍ਰੇਸ਼ਟ ਇਸਤਰੀ ਐਵਾਰਡ (1980) ਰਾਮਸਨ ਮੈਗਸੇਸੇ ਐਵਾਰਡ (1995) ਮਹਿਲਾ ਸ਼੍ਰੋਮਣੀ ਐਵਾਰਡ (1995) ਅਤੇ ਭਾਰਤ ਦਾ ਮਾਣ ਐਵਾਰਡ (1999) ਆਦਿ ਸ਼ਾਮਲ ਹਨ।

ਸ੍ਰੀ ਬ੍ਰਿਜ ਬੇਦੀ ਨਾਲ ਵਿਆਹ ਉਪਰੰਤ ਕਿਰਨ ਦੇ ਨਾਂ ਨਾਲ ਸ਼ਬਦ 'ਬੇਦੀ' ਜੁੜ ਗਿਆ। ਬ੍ਰਿਜ ਬੇਦੀ ਕਿੱਤੇ ਵਜੋਂ ਟੈਕਸਟਾਈਲ ਇੰਜੀਨੀਅਰ ਅਤੇ ਪ੍ਰਸਿੱਧ ਸਮਾਜ ਸੇਵੀ ਸਨ। ਬੇਦੀ ਪਰਿਵਾਰ ਦੀ ਇਕ ਧੀ ਹੈ ਸਾਇਨਾ, ਜੋ ਸਮਾਜ-ਸੇਵਾ ਵਿਚ ਕਾਰਜਸ਼ੀਲ ਹੈ। ਸਾਇਨਾ ਦੀ ਸ਼ਾਦੀ ਰੁਜ਼ੇਬ ਐੱਨ. ਭਾਰੂਚਾ ਨਾਲ ਹੋਈ। ਸ੍ਰੀ ਭਾਰੂਚਾ ਪੱਤਰਕਾਰ ਹੋਣ ਦੇ ਨਾਲ-ਨਾਲ ਸਾਹਿੱਤਕਾਰ ਵੀ ਹਨ।

ਕਿਰਨ ਬੇਦੀ ਸਮੇਂ ਤੋਂ ਪਹਿਲਾਂ ਹੀ ਸੇਵਾ-ਮੁਕਤ ਹੋ ਗਏ। ਉਹ ਸਮਾਜ ਸੇਵਾ ਦੇ ਕਈ ਕੰਮਾਂ ਵਿਚ ਰੁੱਝੇ ਰਹਿੰਦੇ ਹਨ। ਟੀ.ਵੀ. 'ਤੇ ਉਨ੍ਹਾਂ ਦਾ ਲੜੀਵਾਰ 'ਆਪ ਕੀ ਕਚਹਿਰੀ ਕਿਰਨ ਕੇ ਸਾਥ' ਚਲਦਾ ਹੈ, ਜੋ ਲੋਕਾਂ ਨੂੰ ਸਮਾਜ-ਸੁਧਾਰ ਲਈ ਜਾਗਰੂਕ ਕਰਦਾ ਹੈ। ਉਨ੍ਹਾਂ ਨੇ ਦੋ ਸਵੈ-ਸੇਵੀ ਸੰਸਥਾਵਾਂ ਕਾਇਮ ਕੀਤੀਆਂ ਹਨ। ਨਵਜਿਉਤੀ ਅਤੇ ਇੰਡੀਆ ਵਿਜ਼ਨ ਫਾਉਂਡੇਸ਼ਨ। ਦੋਹਾਂ ਸੰਸਥਾਵਾਂ ਦਾ ਨਿਸ਼ਾਨਾ ਹੈ ਗਰੀਬ ਲੋਕਾਂ ਅਤੇ ਨਸ਼ਾ-ਪੀੜਤਾਂ ਦੇ ਜੀਵਨ ਨੂੰ ਸੁਧਾਰਨਾ। ਉਹ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਅਖ਼ਬਾਰਾਂ ਵਿਚ ਲੇਖ ਲਿਖਦੇ ਰਹਿੰਦੇ ਹਨ। ਉਨ੍ਹਾਂ ਨੇ ਕੁਝ ਮਹੱਤਵਪੂਰਨ ਪੁਸਤਕਾਂ ਵੀ ਲਿਖੀਆਂ ਹਨ।

ਕਿਰਨ ਬੇਦੀ ਦੀ ਹਰ ਪ੍ਰਕਾਰ ਦੇ ਮੀਡੀਆ ਵਿਚ ਚਰਚਾ ਰਹਿੰਦੀ ਹੈ। ਕਈ



ਵਾਰੀ ਉਸ ਉੱਤੇ ਇਲਜ਼ਾਮ ਲਾਇਆ ਜਾਂਦਾ ਹੈ ਕਿ ਉਹ ਮੀਡੀਆ ਦੀ ਬੜੀ ਭੁੱਖੀ ਹੈ ਅਤੇ ਹਰ ਸਮੇਂ ਵਿਵਾਦ-ਗ੍ਰਸਤ ਰਹਿੰਦੀ ਹੈ। ਇਸ ਦੇ ਬਾਵਜੂਦ ਉਹ ਭਾਰਤ ਦੀ ਇਕ ਪ੍ਰੇਰਨਾਮਈ ਸ਼ਖ਼ਸੀਅਤ ਹੈ। ਮਰਹੂਮ ਲੇਖਕ ਖ਼ੁਸ਼ਵੰਤ ਸਿੰਘ ਨੇ ਆਪਣੇ ਇਕ ਲੇਖ ਵਿਚ ਕਿਰਨ ਬੇਦੀ ਬਾਰੇ ਲਿਖਿਆ ਹੈ, "ਇਹੋ ਜਿਹੀ ਹਿੰਮਤੀ ਤੇ ਹੌਸਲਾਮੰਦ ਔਰਤ ਮੈਂ ਹੋਰ ਕਿਤੇ ਨਹੀਂ ਦੇਖੀ।"

ਇਸ ਦੇ ਬਾਵਜੂਦ ਉਹ ਹਰ ਸਮੇਂ ਵਿਵਾਦਾਂ ਵਿਚ ਘਿਰੀ ਰਹਿੰਦੀ ਹੈ।

****

# ਦੋ ਚੋਟੀ ਦੇ ਸਿਵਲ ਤੇ ਸੈਨਾ ਅਫ਼ਸਰ

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਆਪਣੀ ਤੀਹਵੀਂ ਸਾਲਾਨਾ ਕਾਨਵੋਕੇਸ਼ਨ ਦੇ ਅਵਸਰ 'ਤੇ ਪੰਜਾਬ ਦੇ ਦੋ ਪ੍ਰਸਿੱਧ ਸਪੂਤਾਂ ਨੂੰ ਸਨਮਾਨ ਵਜੋਂ ਡਾਕਟਰੇਟ ਦੀਆਂ ਡਿਗਰੀਆਂ ਪ੍ਰਦਾਨ ਕੀਤੀਆਂ।

## ਏਅਰ ਚੀਫ਼ ਮਾਰਸ਼ਲ

ਏਅਰ ਚੀਫ਼ ਮਾਰਸ਼ਲ ਅਰਜਨ ਸਿੰਘ (15 ਅਪਰੈਲ 1919-16 ਸਤੰਬਰ 2017) ਨੇ ਏਅਰ ਫੋਰਸ ਵਿਚ ਆਪਣੇ ਸੇਵਾ-ਕਾਲ ਦੌਰਾਨ ਤਿੰਨ ਵੱਡੀਆਂ ਜੰਗਾਂ ਵਿਚ ਭਾਗ ਲਿਆ। ਉਨ੍ਹਾਂ ਨੇ ਭਾਰਤੀ ਹਵਾਈ ਸੈਨਾ ਨੂੰ ਇਕ ਤਰ੍ਹਾਂ ਨਾਲ ਮੁੱਢੋਂ-ਸੁੱਢੋਂ ਹੀ ਵਿਕਾਸ ਦੇ ਰਾਹ 'ਤੇ ਪਾਇਆ। ਇਸ ਉਪਰੰਤ ਉਨ੍ਹਾਂ ਨੇ ਸਵਿਟਜ਼ਰਲੈਂਡ, ਵੈਟੀਕਨ ਅਤੇ ਕੀਨੀਆ ਵਿਚ ਰਾਜਦੂਤਕ ਜ਼ਿੰਮੇਵਾਰੀਆਂ ਵੀ ਨਿਭਾਈਆਂ। ਉਹ ਭਾਰਤੀ ਘਟਗਿਣਤੀ ਕਮਿਸ਼ਨ ਦੇ ਮੈਂਬਰ ਵੀ ਰਹੇ ਅਤੇ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਵਜੋਂ ਵੀ ਸੇਵਾ ਕੀਤੀ।

ਭਾਰਤੀ ਹਵਾਈ ਸੈਨਾ ਦੇ ਇਸ ਮਾਰਸ਼ਲ ਨੇ ਆਪਣੇ ਜੀਵਨ ਵਿਚ ਕਈ ਤਰ੍ਹਾਂ ਦੀਆਂ ਭੂਮਿਕਾਵਾਂ ਨਿਭਾਈਆਂ। ਉਨ੍ਹਾਂ ਨੇ ਭਾਰਤੀ ਹਵਾਈ ਸੈਨਾ ਵਿਚ ਕਿੰਗਜ਼ ਕਮਿਸ਼ਨ ਪ੍ਰਾਪਤ ਕੀਤਾ। ਉਨ੍ਹਾਂ ਨੇ ਆਜ਼ਾਦ ਭਾਰਤ ਵਿਚ ਵੀ ਸੇਵਾ ਕੀਤੀ। ਉਨ੍ਹਾਂ ਨੂੰ ਕਿੰਗ ਜਾਰਜ ਛੇਵੇਂ ਨੇ ਕਮਿਸ਼ਨ ਪ੍ਰਦਾਨ ਕੀਤਾ ਅਤੇ ਬਰਤਾਨਵੀ ਤੇ ਭਾਰਤੀ ਸਰਕਾਰਾਂ ਨੇ ਵੀ ਸਨਮਾਨਿਤ ਕੀਤਾ। ਉਨ੍ਹਾਂ ਨੂੰ ਉੱਚੀਆਂ ਹਵਾਈ ਉਡਾਰੀਆਂ ਲਾਉਣ ਵਿਚ ਕਮਾਲ ਹਾਸਲ ਸੀ। ਹੁਣ ਉਹ ਸਮਾਜ ਵਿਚ ਇਕ ਪਿਤਾਮਾ, ਇਕ ਸ੍ਰੇਸ਼ਟ ਸੈਨਾ ਅਫ਼ਸਰ ਅਤੇ ਰਾਜਦੂਤ ਵਜੋਂ ਵਿਚਰ ਰਹੇ ਹਨ। ਸੱਚ-ਮੁੱਚ ਉਹ ਕੋਈ ਸਾਧਾਰਨ ਵਿਅਕਤੀ ਨਹੀਂ ਹਨ।

ਅਜਿਹੀ ਵਿਲੱਖਣ ਸ਼ਖ਼ਸੀਅਤ ਦੇ ਮੁੱਢਲੇ ਜੀਵਨ ਬਾਰੇ ਹਰ ਕੋਈ ਜਾਣਨਾ ਚਾਹੇਗਾ। ਅਰਜਨ ਸਿੰਘ ਦਾ ਜਨਮ ਜ਼ਿਲ੍ਹਾ ਲਾਇਲਪੁਰ ਦੇ ਇਕ ਪਿੰਡ ਕੋਹਾਲੀ ਵਿਚ ਪਿਤਾ ਸ. ਕਿਸ਼ਨ ਸਿੰਘ ਅਤੇ ਮਾਤਾ ਕਰਤਾਰ ਕੌਰ ਦੇ ਘਰ 15 ਅਪ੍ਰੈਲ 1919 ਨੂੰ ਹੋਇਆ। ਪਿੰਡ ਕੋਹਾਲੀ ਅੱਜਕਲ੍ਹ ਪਾਕਿਸਤਾਨ ਵਿਚ ਹੈ।

ਅਰਜਨ ਸਿੰਘ ਦੇ ਦਾਦਾ ਰਸਾਲਦਾਰ ਭਗਵਾਨ ਸਿੰਘ ਜ਼ਿਲ੍ਹਾ ਅੰਮ੍ਰਿਤਸਰ ਵਿਚੋਂ ਉੱਠ ਕੇ ਜ਼ਿਲ੍ਹਾ ਲਾਇਲਪੁਰ ਵਿਚ ਚਲੇ ਗਏ ਸਨ ਕਿਉਂਕਿ ਉਥੋਂ ਦੀਆਂ ਜ਼ਮੀਨਾਂ ਨੂੰ ਨਹਿਰਾਂ ਦਾ ਪਾਣੀ ਲਗਦਾ ਸੀ।

ਇਹ 1800 ਈ. ਦੇ ਪਿਛਲੇਰੇ ਸਾਲਾਂ ਦਾ ਸਮਾਂ ਸੀ ਜਦੋਂ ਪੂਰਬੀ ਪੰਜਾਬ ਦੇ ਕਈ ਲੋਕ ਪੱਛਮੀ ਜ਼ਿਲ੍ਹਿਆਂ ਵਿਚ ਜਾ ਵਸੇ ਸਨ ਕਿਉਂਕਿ ਇਨ੍ਹਾਂ ਜ਼ਿਲ੍ਹਿਆਂ ਵਿਚ



ਅੰਗਰੇਜ਼ ਸਰਕਾਰ ਵੱਲੋਂ ਕਾਇਮ ਕੀਤਾ ਗਿਆ ਸਿੰਜਾਈ ਦਾ ਬੰਦੋਵਸਤ ਬਹੁਤ ਵਧੀਆ ਸੀ। ਆਮ ਤੌਰ 'ਤੇ ਇਕ ਪਿੰਡ ਦੇ ਲੋਕ, ਪੱਛਮੀ ਜ਼ਿਲ੍ਹਿਆਂ ਵੱਲ ਹਿਜਰਤ ਕਰ ਜਾਂਦੇ ਸਨ ਤੇ ਉਥੇ ਜਾ ਕੇ ਆਪਣੇ ਪਹਿਲੇ ਪਿੰਡ ਦੇ ਨਾਂ 'ਤੇ ਪਿੰਡ ਵਸਾ ਲੈਂਦੇ ਸਨ। ਇਸ ਤਰ੍ਹਾਂ ਲਾਇਲਪੁਰ ਜ਼ਿਲ੍ਹੇ ਦਾ ਪਿੰਡ ਕੋਹਾਲੀ, ਅੰਮ੍ਰਿਤਸਰ ਦੇ ਪਿੰਡ ਕੋਹਾਲੀ ਦਾ ਹੀ ਦੂਜਾ ਰੂਪ ਸੀ। ਲਾਇਲਪੁਰ ਹੁਣ ਪਾਕਿਸਤਾਨ ਵਿਚ ਹੈ ਤੇ ਉਸ ਦਾ ਹੁਣ ਨਵਾਂ ਨਾਂ ਫੈਸਲਾਬਾਦ ਹੈ। ਰਸਾਲਦਾਰ ਭਗਵਾਨ ਸਿੰਘ ਦੇ ਪਰਿਵਾਰ ਦੇ ਕਈ ਹੋਰ ਮੈਂਬਰ ਵੀ ਨਵੇਂ ਪਿੰਡ ਵਿਚ ਜਾ ਵਸੇ।

ਰਸਾਲਦਾਰ ਭਗਵਾਨ ਸਿੰਘ ਦਾ ਪੁੱਤਰ ਕਿਸ਼ਨ ਸਿੰਘ ਪਿੰਡ ਵਿਚ ਨਹੀਂ ਰਿਹਾ। ਉਹ ਲਾਇਲਪੁਰ ਵਿਚ ਮੁੱਢਲੀ ਪੜ੍ਹਾਈ ਕਰ ਕੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਚਲਾ ਗਿਆ। ਉੱਥੇ ਉਸ ਨੇ ਬੀ.ਐੱਸ.ਸੀ. ਪਾਸ ਕੀਤੀ। ਉਸ ਵੇਲੇ ਖਾਲਸਾ ਕਾਲਜ ਦਾ ਪ੍ਰਿੰਸੀਪਲ, ਪ੍ਰਸਿੱਧ ਜੀ.ਏ. ਵਾਦਨ ਸੀ। 1919 ਵਿਚ ਕਿਸ਼ਨ ਸਿੰਘ ਦੇ ਘਰ ਅਰਜਨ ਸਿੰਘ ਦਾ ਜਨਮ ਹੋਇਆ। ਇਸ ਤੋਂ ਛੇਤੀ ਹੀ ਪਿਛੋਂ ਉਹ ਐਡਿਨਬਰਗ ਯੂਨੀਵਰਸਿਟੀ ਸਕਾਟਲੈਂਡ ਚਲਾ ਗਿਆ। ਉਥੇ ਉਸ ਨੇ ਚਾਰ ਸਾਲ ਸਿਵਲ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ। ਸਕਾਟਲੈਂਡ ਤੋਂ ਵਾਪਸੀ 'ਤੇ ਉਸ ਦਾ ਜਹਾਜ਼ ਕੋਲੰਬੋ ਦੀ ਬੰਦਰਗਾਹ ਵਿਚ ਜਾ ਲੱਗਾ ਤੇ ਕਿਸ਼ਨ ਸਿੰਘ ਵੀ ਲੰਕਾ ਦੀ ਰੇਲਵੇ ਵਿਚ ਇੰਜੀਨੀਅਰ ਲਗ ਗਿਆ।

ਆਪਣੇ ਬਚਪਨ ਨੂੰ ਚੇਤੇ ਕਰਦਿਆਂ ਅਰਜਨ ਸਿੰਘ ਕਹਿੰਦੇ ਹਨ 'ਮੈਨੂੰ ਹਵਾਈ ਜਹਾਜ਼ ਬਹੁਤ ਚੰਗੇ ਲਗਦੇ ਸਨ। ਮੈਂ ਪਹਿਲੀ ਵਾਰ ਜਹਾਜ਼ ਉਦੋਂ ਦੇਖੇ ਜਦੋਂ ਉਹ ਲਾਹੌਰ ਤੋਂ ਕਰਾਚੀ ਨੂੰ ਜਾਂਦੇ ਹੋਏ ਸਾਡੇ ਪਿੰਡ ਦੇ ਉਪਰੋਂ ਦੀ ਲੰਘੇ ਸਨ। ਮੇਰਾ ਦਿਲ ਕਰਦਾ ਸੀ ਕਿ ਮੈਂ ਇਨ੍ਹਾਂ ਜਹਾਜ਼ਾਂ ਵਿਚ ਬੈਠਾ ਹੋਵਾਂ।'

ਅਰਜਨ ਸਿੰਘ ਗੌਰਮਿੰਟ ਹਾਈ ਸਕੂਲ ਮਿੰਟਗੁਮਰੀ ਵਿਚ ਪੜ੍ਹਿਆ। ਇਹ ਸਕੂਲ ਇਲਾਕੇ ਦਾ ਵਧੀਆ ਸਕੂਲ ਸੀ। ਉਹ ਆਪਣੇ ਹਮ-ਜਮਾਤੀ ਜਸਟਿਸ ਮਨਮੋਹਨ ਸਿੰਘ ਗੁਜਰਾਲ ਨੂੰ ਅਕਸਰ ਯਾਦ ਕਰਦੇ ਹਨ ਜਿਹੜੇ ਅੱਜਕਲ੍ਹ ਚੰਡੀਗੜ੍ਹ ਰਹਿੰਦੇ ਹਨ। ਅਰਜਨ ਸਿੰਘ ਨੇ ਤਰਨਾ ਇਕ ਨਹਿਰ ਵਿਚ ਸਿੱਖਿਆ ਜਿਹੜੀ ਉਨ੍ਹਾਂ ਦੇ ਖੇਤਾਂ ਅਤੇ ਸਕੂਲ ਦੇ ਵਿਚਾਲਿਉਂ ਲੰਘਦੀ ਸੀ। ਤੈਰਨਾ ਸਿੱਖਣਾ ਉਸ ਨੂੰ ਬਹੁਤ ਫਾਇਦੇਮੰਦ ਰਿਹਾ। ਉਹ ਆਪਣੇ ਸਕੂਲ, ਯੂਨੀਵਰਸਿਟੀ ਤੇ ਸੂਬੇ ਦੀਆਂ ਤੈਰਾਕੀ ਦੀਆਂ ਟੀਮਾਂ ਦਾ ਕੈਪਟਨ ਰਿਹਾ ਉਸ ਨੇ ਫਰੀ-ਸਟਾਈਲ ਤੈਰਾਕੀ ਵਿਚ ਇਕ ਮੀਲ ਤੇ ਅੱਧਾ ਮੀਲ, ਲੰਬੇ ਫਾਸਲੇ ਦੇ ਦੋ ਕੌਮੀ ਇਨਾਮ ਜਿੱਤੇ।

ਮਨਮੋਹਨ ਸਿੰਘ ਗੁਜਰਾਲ ਤੇ ਅਰਜਨ ਸਿੰਘ ਦੋਵੇਂ ਇਕੱਠੇ ਗੌਰਮਿੰਟ ਕਾਲਜ ਲਾਹੌਰ ਵਿਚ ਦਾਖਲ ਹੋਏ। ਉਹ 'ਕੁਆਡਰੈਂਗਲ' ਹੋਸਟਲ ਵਿਚ ਰਹਿੰਦਾ ਸੀ ਕਿਉਂਕਿ ਇਹ ਸਸਤਾ ਸੀ ਅਤੇ ਤੈਰਾਕੀ ਤਲਾਅ ਦੇ ਨੇੜੇ ਸੀ। ਅਰਜਨ ਸਿੰਘ ਨੂੰ ਗੱਤਕਾ, ਤੈਰਾਕੀ, ਕਬੱਡੀ ਅਤੇ ਕਸਰਤੀ ਖੇਡਾਂ ਵਿਚ ਜਿੱਤੇ ਤਮਗਿਆਂ ਉਤੇ ਬੜਾ ਮਾਣ ਹੈ। ਪਰ ਉਨ੍ਹਾਂ ਨੇ ਆਪਣੇ ਪੜ੍ਹਾਈ ਵਿਚ ਕਦੀ ਲਾਪ੍ਰਵਾਹੀ ਨਹੀਂ ਸੀ ਕੀਤੀ। ਉਨ੍ਹਾਂ ਨੇ

ਐੱਫ.ਏ. ਕੀਤੀ ਅਤੇ ਇੰਟਰ-ਆਰਟ ਦੀ ਡਿਗਰੀ ਵੀ ਹਾਸਲ ਕੀਤੀ। ਇਨ੍ਹਾਂ ਦੋਹਾਂ ਕੋਰਸਾਂ ਵਿਚ ਉਨ੍ਹਾਂ ਨੇ ਗਣਿਤ ਅਤੇ ਭੌਤਕ ਵਿਗਿਆਨ ਦੀ ਪੜ੍ਹਾਈ ਵੀ ਕੀਤੀ।

ਜਦੋਂ ਉਹ ਕਾਲਜ ਦੀ ਚੌਥੇ ਸਾਲ ਦੀ ਪੜ੍ਹਾਈ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਇੰਡੀਅਨ ਏਅਰ ਫੋਰਸ ਲਈ ਚੁਣ ਲਿਆ ਗਿਆ। ਇਸ ਲਈ ਉਨ੍ਹਾਂ ਨੂੰ ਬੀ.ਏ. ਦੀ ਪੜ੍ਹਾਈ ਪੂਰੀ ਕਰਨ ਤੋਂ ਪਹਿਲਾਂ ਕੁਝ ਮਹੀਨਿਆਂ ਲਈ ਕਾਲਜ ਛੱਡਣਾ ਪਿਆ। ਲਾਹੌਰ ਦੇ ਛੇ ਜਾਂ ਸੱਤ ਵਿਦਿਆਰਥੀਆਂ ਨੇ ਮੈਟਕਾਫ਼ ਹਾਊਸ ਸਿਵਲ ਲਾਈਨਜ਼ ਦਿੱਲੀ ਵਿਚ ਸੈਨਿਕ ਸੁਰੱਖਿਆ ਦੇ ਵਿਸ਼ੇ ਦੀ ਪ੍ਰੀਖਿਆ ਦਿੱਤੀ। ਪੰਜ ਵਿਦਿਆਰਥੀ ਇਸ ਪ੍ਰੀਖਿਆ ਵਿਚੋਂ ਪਾਸ ਹੋਏ। ਪਾਸ ਹੋਣ ਵਾਲਿਆਂ ਵਿਚ ਇਕ ਪ੍ਰਿਥੀਪਾਲ ਸਿੰਘ ਵੀ ਸੀ ਜੋ ਪਟਿਆਲੇ ਦੇ ਸ਼ਾਹੀ ਪਰਿਵਾਰ ਨਾਲ ਸਬੰਧ ਰੱਖਦਾ ਸੀ।

## ਡਾ. ਮਨੋਹਰ ਸਿੰਘ ਗਿੱਲ

ਭਾਰਤ ਦੇ ਸਾਬਕ ਮੁੱਖ ਚੋਣ ਕਮਿਸ਼ਨਰ ਡਾ. ਮਨੋਹਰ ਸਿੰਘ ਗਿੱਲ ਇਕ ਪ੍ਰਤੀਬੱਧ ਰਾਸ਼ਟਰਵਾਦੀ, ਕਲਪਨਾਸ਼ੀਲ ਪ੍ਰਬੰਧਕ ਅਤੇ ਪੰਜਾਬ ਵਿਚ ਸਹਿਕਾਰੀ ਲਹਿਰ ਦੇ ਮੋਢੀ ਹਨ। ਸਹਿਕਾਰੀ ਲਹਿਰ ਦੇ ਸਦਕੇ ਪੰਜਾਬ ਖੇਤੀਬਾੜੀ ਦੇ ਖੇਤਰ ਵਿਚ ਭਾਰਤ ਦੇ ਹੋਰ ਸੂਬਿਆਂ ਨਾਲੋਂ ਅੱਗੇ ਨਿਕਲ ਗਿਆ ਹੈ। ਡਾ. ਗਿੱਲ ਅਨੁਭਵੀ ਲੇਖਕ ਵੀ ਹਨ। ਉਨ੍ਹਾਂ ਦੀਆਂ ਦਸ ਪੁਸਤਕਾਂ ਛਪ ਚੁੱਕੀਆਂ ਹਨ। ਉਨ੍ਹਾਂ ਨੇ ਪੰਜਾਬ ਦੀ ਖੇਤੀਬਾੜੀ ਤੋਂ ਲੈ ਕੇ ਭਾਰਤ ਦੀਆਂ ਚੋਣਾਂ ਤਕ, ਅਨੇਕ ਵਿਸ਼ਿਆਂ ਉਤੇ ਕਲਮ-ਅਜ਼ਮਾਈ ਕੀਤੀ ਹੈ। ਉਹ ਇਕ ਮੰਨੀ-ਪ੍ਰਮੰਨੀ ਪੰਜਾਬੀ ਸ਼ਖ਼ਸੀਅਤ ਹਨ। ਹਰ ਪੰਜਾਬੀ ਉਨ੍ਹਾਂ ਉਤੇ ਮਾਣ ਕਰਦਾ ਹੈ।

ਡਾ. ਗਿੱਲ ਦਾ ਜਨਮ 14 ਜੂਨ 1936 ਨੂੰ ਕਰਨਲ ਪ੍ਰਤਾਪ ਸਿੰਘ ਦੇ ਗ੍ਰਹਿ ਵਿਖੇ ਹੋਇਆ। ਮਸੂਰੀ ਦੇ ਮਸ਼ਹੂਰ ਸੇਂਟ ਜਾਰਜ ਕਾਲਜ ਵਿਚ ਉਨ੍ਹਾਂ ਨੇ ਮੁੱਢਲੀ ਪੜ੍ਹਾਈ ਕੀਤੀ। ਫੇਰ ਪੰਜਾਬ ਯੂਨੀਵਰਸਿਟੀ ਤੋਂ ਅੰਗਰੇਜ਼ੀ ਦੀ ਬੀ.ਏ. ਅਤੇ ਐੱਮ.ਏ. ਕੀਤੀ। ਉਨ੍ਹਾਂ ਨੇ 'ਪੰਜਾਬ ਵਿਚ ਸਹਿਕਾਰੀ ਲਹਿਰ ਅਤੇ ਖੇਤੀਬਾੜੀ ਵਿਚ ਇਸ ਦਾ ਯੋਗਦਾਨ' ਦੇ ਵਿਸ਼ੇ 'ਤੇ ਪੀ.ਐੱਚ.ਡੀ ਦੀ ਡਿਗਰੀ ਹਾਸਲ ਕੀਤੀ।

ਡਾ. ਗਿੱਲ ਨੇ ਇੰਡੀਅਨ ਸਿਵਲ ਸਰਵਿਸਿਜ਼ (ਆਈ.ਸੀ.ਐੱਸ.) ਦਾ ਇਮਤਿਹਾਨ ਚੰਗੇ ਨੰਬਰਾਂ ਨਾਲ ਪਾਸ ਕੀਤਾ। ਉਨ੍ਹਾਂ ਨੇ ਪੇਂਡੂ ਵਿਕਾਸ, ਖੇਤੀਬਾੜੀ ਸੁਧਾਰ, ਪਰਿਵਾਰ ਨਿਯੋਜਨ ਅਤੇ ਸਿੱਖਿਆ ਸੁਧਾਰ ਦੇ ਸਬੰਧ ਵਿਚ ਬਹੁਤ ਕੰਮ ਕੀਤਾ। ਉਨ੍ਹਾਂ ਦੀ ਇਨ੍ਹਾਂ ਵਿਸ਼ਿਆਂ ਵਿਚ ਮੁਹਾਰਤ ਨੂੰ ਵੇਖ ਕੇ ਉਨ੍ਹਾਂ ਨੂੰ ਕੁਈਨਜ਼ ਕਾਲਜ ਕੈਂਬ੍ਰਿਜ ਵਿਚ ਇਕ ਸਾਲਾ ਵਿਕਾਸ ਅਧਿਐਨ ਪ੍ਰੋਗਰਾਮ ਲਈ ਭਾਰਤੀ ਆਈ.ਏ.ਐੱਸ. ਸੇਵਾਵਾਂ ਦੇ ਪ੍ਰਤੀਨਿਧ ਵਜੋਂ ਚੁਣਿਆ ਗਿਆ।

ਸਹਿਕਾਰੀ ਸਭਾਵਾਂ ਪੰਜਾਬ ਦੇ ਰਜਿਸਟਰਾਰ ਵਜੋਂ ਉਨ੍ਹਾਂ ਦੀ ਜ਼ਿੰਮੇਵਾਰੀ ਸੀ ਕਿ ਬੈਂਕਾਂ ਵਿਚ ਕਿਸਾਨਾਂ ਲਈ ਸਹਿਕਾਰੀ ਕਰਜ਼ਾ ਸਿਸਟਮ ਦੀ ਵਿਵਸਥਾ ਕੀਤੀ ਜਾਵੇ। ਫੇਰ ਉਨ੍ਹਾਂ ਨੂੰ ਕੌਮੀ ਸਹਿਕਾਰੀ ਵਿਕਾਸ ਕਾਰਪੋਰੇਸ਼ਨ ਦਾ ਪ੍ਰਬੰਧਕ ਡਾਇਰੈਕਟਰ



ਨਿਯੁਕਤ ਕੀਤਾ ਗਿਆ। ਭਾਰਤ ਦੇ ਸਾਰੇ ਸੂਬਿਆਂ ਵਿਚ ਸਹਿਕਾਰੀ ਲਹਿਰ ਦੀ ਨਿਗਰਾਨੀ ਕਰਨਾ ਉਨ੍ਹਾਂ ਦੀ ਜ਼ਿੰਮੇਵਾਰੀ ਸੀ। ਵਿਸ਼ਵ ਬੈਂਕ ਨੇ ਉਨ੍ਹਾਂ ਨੂੰ ਨਾਇਜੀਰੀਆ ਵਿਚ ਆਪਣੇ ਸਭ ਤੋਂ ਵੱਡੇ ਪ੍ਰਾਜੈਕਟਾਂ ਵਿਚੋਂ ਇਕ (ਪੰਜ ਸਾਲਾਂ ਲਈ 500 ਮਿਲੀਅਨ ਡਾਲਰ) ਦੀ ਪ੍ਰਧਾਨਗੀ ਕਰਨ ਦਾ ਸੱਦਾ ਦਿੱਤਾ।

ਜਦੋਂ ਉਹ ਪੰਜਾਬ ਦੇ ਵਿਕਾਸ ਕਮਿਸ਼ਨਰ ਸਨ ਤਾਂ ਪੰਜਾਬ ਦੀ ਖੇਤੀਬਾੜੀ, ਸਹਿਕਾਰੀ ਸਭਾਵਾਂ, ਦੁੱਧ ਦਾ ਕਾਰੋਬਰ, ਮੱਛੀ ਪਾਲਣ, ਅਤੇ ਮੁਰੱਬਾਬੰਦੀ, ਇਹ ਸਾਰੇ ਕੰਮ ਉਨ੍ਹਾਂ ਦੇ ਜ਼ੁੰਮੇ ਸਨ। ਪੰਜਾਬ ਮੰਡੀਕਰਨ ਬੋਰਡ ਦੇ ਚੇਅਰਮੈਨ ਵਜੋਂ ਉਨ੍ਹਾਂ ਨੇ ਪੰਜਾਬ ਦੇ ਛੋਟੇ ਕਿਸਾਨਾਂ ਦੀ ਭਲਾਈ ਲਈ ਕਈ ਨਵੇਂ ਕੰਮ ਸ਼ੁਰੂ ਕੀਤੇ, ਜਿਵੇਂ ਆਪਣੀ ਮੰਡੀ, ਵਿਕਾਸ, ਸ਼ਹਿਦ ਉਤਪਾਦਨ, ਸਹਿਕਾਰੀ ਖੰਡ ਉਤਪਾਦਨ ਅਤੇ ਪੰਜਾਬ ਵਿਚ ਦੁੱਧ ਦੇ ਭਾਰੀ ਉਤਪਾਦਨ ਦੀ ਸਹਿਕਾਰੀ ਸਾਂਭ-ਸੰਭਾਲ।

ਉਨ੍ਹਾਂ ਨੂੰ 1993 ਵਿਚ ਭਾਰਤ ਦੇ ਚੋਣ ਕਮਿਸ਼ਨਰ ਅਤੇ 1996 ਵਿਚ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਬਣਨ ਦਾ ਵਿਸ਼ੇਸ਼ ਮਾਣ ਵੀ ਪ੍ਰਾਪਤ ਹੋਇਆ। ਉਨ੍ਹਾਂ ਦੀ ਮੁੱਖ ਚੋਣ ਕਮਿਸ਼ਨਰੀ ਦੌਰਾਨ 1996, 1998 ਅਤੇ 1999 ਵਿਚ ਤਿੰਨ ਪਾਰਲੀਮਾਨੀ ਚੋਣਾਂ ਅਤੇ ਕਈ ਸੂਬਾਈ ਵਿਧਾਨ ਸਭਾ ਚੋਣਾਂ ਹੋਈਆਂ। ਉਨ੍ਹਾਂ ਨੇ 1997 ਵਿਚ ਰਾਸ਼ਟਰਪਤੀ ਅਤੇ ਉਪ-ਰਾਸ਼ਟਰਪੀ ਦੀ ਚੋਣ ਵੀ ਕਰਵਾਈ। ਉਨ੍ਹਾਂ ਦੇ ਕਾਰਜ-ਕਾਲ ਵਿਚ ਵੋਟ ਪਾਉਣ ਦੀਆਂ ਬਿਜਲਈ ਮਸ਼ੀਨਾਂ (ਈ.ਵੀ. ਐਮਜ਼) ਦੀ ਪਹਿਲੀ ਵਾਰ ਵਰਤੋਂ ਹੋਈ। 1998-2000 ਦੇ ਸਮੇਂ ਵਿਚ ਸਾਰੀਆਂ ਵੋਟਰ ਸੂਚੀਆਂ ਦਾ ਕੰਪਿਊਟਰੀਕਰਨ ਕੀਤਾ ਗਿਆ ਅਤੇ ਫੋਟੋ ਵਾਲੇ ਪਛਾਣ ਕਾਰਡ ਜਾਰੀ ਕੀਤੇ ਗਏ।

ਉਨ੍ਹਾਂ ਦੀ ਅਗਵਾਈ ਵਿਚ ਭਾਰਤੀ ਚੋਣ ਕਮਿਸ਼ਨਰ ਨੂੰ ਅੰਤਰਰਾਸ਼ਟਰੀ ਮਾਨਤਾ ਪ੍ਰਾਪਤ ਹੋਈ ਅਤੇ ਕਮਿਸ਼ਨ ਦੇ ਮੈਂਬਰਾਂ ਨੂੰ ਬਿਜਲਈ ਵੋਟ ਪਧਤੀ ਦੀ ਸਿੱਖਿਆ ਦੇਣ ਲਈ ਨਾਇਜੀਰੀਆ, ਇੰਡੋਨੇਸ਼ੀਆ, ਕੰਬੋਡੀਆ, ਦੱਖਣੀ ਅਫ਼ਰੀਕਾ ਅਤੇ ਕਈ ਹੋਰ ਦੇਸ਼ਾਂ ਵਿਚ ਬੁਲਾਇਆ ਗਿਆ।

ਜਦੋਂ ਉਹ ਰਾਜ ਸਭਾ ਦੇ ਮੈਂਬਰ ਸਨ ਤਾਂ ਉਨ੍ਹਾਂ ਨੇ ਸੰਸਦ ਵਿਚ ਪੰਜਾਬ ਨਾਲ ਸਬੰਧਿਤ ਕਈ ਮਸਲੇ ਉਠਾਏ। ਖ਼ਾਸ ਕਰ ਕੇ ਉਹ ਮਸਲੇ ਜੋ ਪੰਜਾਬ ਦੀ ਕਿਸਾਨੀ ਨਾਲ ਸਬੰਧਿਤ ਸਨ।

ਦੇਸ਼ ਕੌਮ ਪ੍ਰਤੀ ਉਨ੍ਹਾਂ ਦੀਆਂ ਸੇਵਾਵਾਂ ਨੂੰ ਮੁੱਖ ਰੱਖ ਕੇ ਉਨ੍ਹਾਂ ਨੂੰ ਪਦਮ ਵਿਭੂਸ਼ਨ ਪੁਰਸਕਾਰ ਅਤੇ ਦਾਦਾ ਭਾਈ ਨਾਰੋਜੀ ਨਿਊ ਮਿਲੈਨੀਅਮ ਇੰਟਰਨੈਸ਼ਨਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਖਾਲਸਾ ਸਿਰਜਨਾ ਦੀ ਤ੍ਰੈਸ਼ਤਾਬਦੀ ਦੇ ਅਵਸਰ 'ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਗਤਾਂ ਦੇ ਭਾਰੀ ਇਕੱਠ ਵਿਚ ਅਤੇ ਪ੍ਰਧਾਨ ਮੰਤਰੀ ਜੀ ਦੀ ਹਾਜ਼ਰੀ ਵਿਚ ਉਨ੍ਹਾਂ ਨੂੰ 'ਨਿਸ਼ਾਨ-ਇ-ਖਾਲਸਾ' ਨਾਲ ਨਿਵਾਜਿਆ ਗਿਆ।

ਭਾਰਤ ਦੇ ਖੇਡ ਮੰਤਰੀ ਹੋਣ ਸਮੇਂ ਉਨ੍ਹਾਂ ਨੇ ਨਵੀਂ ਦਿੱਲੀ ਵਿਚ ਕਾਮਨਵੈਲਥ ਖੇਡਾਂ ਦੇ ਅਤਿ-ਮੁਸ਼ਕਿਲ ਕਾਰਜ ਨੂੰ ਬਾਖੂਬੀ ਨੇਪਰੇ ਚਾੜ੍ਹਿਆ। ਇਸ ਇਤਿਹਾਸਕ

ਖੇਡ ਸਮਾਰੋਹ ਵਿਚ ਤਕਰੀਬਨ 147 ਦੇਸ਼ਾਂ ਨੇ ਭਾਗ ਲਿਆ। ਖ਼ੁਦ ਇਕ ਚੰਗਾ ਖਿਡਾਰੀ ਹੋਣ ਦੇ ਨਾਤੇ ਉਹ ਖਿਡਾਰੀਆਂ ਨੂੰ ਬੜੇ ਜੋਸ਼ ਨਾਲ ਉਤਸ਼ਾਹਿਤ ਕਰਦੇ ਰਹਿੰਦੇ ਹਨ।

ਡਾ. ਗਿੱਲ ਇਕ ਸ਼ਾਨਦਾਰ ਰਵਾਇਤਾਂ ਵਾਲੇ ਪਰਿਵਾਰ ਨਾਲ ਸਬੰਧਿਤ ਹਨ। ਲੈਫ. ਜਨਰਲ ਹਿੰਮਤ ਸਿੰਘ ਉਨ੍ਹਾਂ ਦੇ ਭਰਾ ਸਨ। ਉਨ੍ਹਾਂ ਦੇ ਪਿਤਾ ਕਰਨਲ ਪ੍ਰਤਾਪ ਸਿੰਘ ਸਿੱਖ ਰਾਜਨੀਤੀ ਵਿਚ ਇਕ ਪ੍ਰਸਿੱਧ ਵਿਅਕਤੀ ਸਨ। ਕਰਨਲ ਪ੍ਰਤਾਪ ਸਿੰਘ 1977 ਵਿਚ ਗੋਆ ਦੇ ਲੈਫ. ਗਵਰਨਰ ਸਨ।

****



# ਆਦਰਸ਼ ਨਾਗਰਿਕ: ਸ੍ਰੀ ਸਤਪਾਲ ਡਾਂਗ

ਕਈ ਲੋਕ ਆਪਣੇ ਆਦਰਸ਼ਾਂ ਨਾਲੋਂ ਵੀ ਉੱਚੇ ਹੁੰਦੇ ਹਨ ਪਰ ਉਹ ਹਮੇਸ਼ਾ ਨਿਰਮਾਣ ਬਣੇ ਰਹਿੰਦੇ ਹਨ। ਉਹ ਵਿਅਕਤੀ ਜੋ ਕਿਸੇ ਹੋਰ ਵਿਚਾਰਧਾਰਾ ਨੂੰ ਸਹਿਯੋਗ ਦਿੰਦੇ ਹਨ ਤਾਂ ਉਨ੍ਹਾਂ ਦੀਆਂ ਉਸਾਰੂ ਕਦਰਾਂ-ਕੀਮਤਾਂ ਅਤੇ ਅਸੂਲਾਂ 'ਤੇ ਡਟੇ ਰਹਿਣ ਦੀ ਹਿੰਮਤ ਦੀ ਸ਼ਲਾਘਾ ਕੀਤੇ ਬਿਨਾਂ ਨਹੀਂ ਰਹਿ ਸਕਦੇ। ਐਨ ਇਸੇ ਤਰ੍ਹਾਂ ਦੇ ਦੋ ਮਸ਼ਹੂਰ ਸੀ.ਪੀ.ਆਈ. ਲੀਡਰ ਸਨ: ਸ੍ਰੀ ਸਤਪਾਲ ਡਾਂਗ (1920-2013) ਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਵਿਮਲਾ ਡਾਂਗ (1926-2009)। ਉਹ ਜਿਉਂਦੇ-ਜੀ ਹੀ ਇਕ ਦੰਦ-ਕਥਾ ਬਣ ਗਏ ਸਨ। ਉਹ ਮਿਹਨਤ-ਕਸ਼ ਲੋਕਾਂ ਦੇ ਹੱਕਾਂ ਲਈ ਹਮੇਸ਼ਾ ਲੜਦੇ ਰਹੇ ਅਤੇ ਉਨ੍ਹਾਂ ਨੇ ਪੰਜਾਬ ਵਿਚ ਫੈਲੇ ਅਤਿਵਾਦ ਦਾ ਡਟ ਕੇ ਵਿਰੋਧ ਕੀਤਾ। ਉਨ੍ਹਾਂ ਨੂੰ ਇਹ ਮਾਣ ਪ੍ਰਾਪਤ ਹੈ ਕਿ ਉਨ੍ਹਾਂ ਦੋਹਾਂ ਨੇ ਕ੍ਰਮਵਾਰ ਪਦਮ ਵਿਭੂਸ਼ਨ ਅਤੇ ਪਦਮ ਸ੍ਰੀ ਐਵਾਰਡ ਪ੍ਰਾਪਤ ਕੀਤੇ।

ਇਸ ਜੋੜੇ ਨੇ ਦੱਬੇ-ਕੁਚਲੇ ਲੋਕਾਂ ਦੇ ਹੱਕਾਂ ਲਈ ਕਈ ਲੜਾਈਆਂ ਬੜੀ ਦ੍ਰਿੜ੍ਹਤਾ ਨਾਲ ਲੜੀਆਂ। ਉਨ੍ਹਾਂ ਨੇ ਆਪਣਾ 65 ਸਾਲਾ ਜੀਵਨ ਬੜੇ ਸੰਜਮ ਤੇ ਸਾਦਗੀ ਨਾਲ ਗੁਜ਼ਾਰਿਆ। ਉਨ੍ਹਾਂ ਨੂੰ 'ਸਿਆਸੀ ਫ਼ਕੀਰ' ਕਿਹਾ ਜਾਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ; ਜਦ ਕਿ ਉਹ ਦੋਵੇਂ ਵਿਧਾਨ ਸਭਾ ਮੈਂਬਰ ਵੀ ਬਣੇ; ਸ੍ਰੀ ਡਾਂਗ ਇਕ ਮਹੱਤਵ-ਪੂਰਨ ਮਹਿਕਮੇ ਦੇ ਮੰਤਰੀ ਵੀ ਬਣੇ; ਅਤੇ ਦੋਹਾਂ ਨੂੰ ਵਾਰੀ ਵਾਰੀ ਮਿਉਂਸਪਲ ਕਮੇਟੀ ਛਿਹਰਟਾ ਦਾ ਪ੍ਰਧਾਨ ਬਣਨ ਦਾ ਮੌਕਾ ਵੀ ਮਿਲਿਆ। ਇਹ ਗੱਲਾਂ ਸਿਆਸਤਦਾਨਾਂ ਦੀ ਨਵੀਂ ਪੀੜ੍ਹੀ ਨੂੰ ਹੈਰਾਨ ਕਰਨ ਵਾਲੀਆਂ ਹਨ। ਏਕਤਾ ਭਵਨ ਦੀ ਉਪਰਲੀ ਮੰਜ਼ਲ ਵਿਚ ਉਨ੍ਹਾਂ ਦੇ ਇਕ ਕਮਰੇ ਵਾਲੇ ਫਲੈਟ ਵਿਚ ਉਨ੍ਹਾਂ ਦੀਆਂ ਸਾਰੀਆਂ ਚੀਜ਼ਾਂ ਦਾ ਮੁੱਲ, 5000 ਰੁਪਏ ਤੋਂ ਵਧ ਨਹੀਂ ਸਨ। (ਇਸ ਵਿਚ ਜੱਦੀ ਜਾਇਦਾਦ ਸ਼ਾਮਲ ਨਹੀਂ)

ਭਾਵੇਂ ਸ੍ਰੀ ਡਾਂਗ ਨੇ ਆਪਣੀ ਜੱਦੀ ਜਾਇਦਾਦ 'ਚੋਂ ਹਿੱਸਾ ਲਿਆ ਸੀ, ਪਰ ਉਹ ਆਪਣੀ ਨਿੱਜੀ ਆਮਦਨ ਵਿਚੋਂ ਕੋਈ ਪੈਸਾ ਬਚਾ ਕੇ ਨਹੀਂ ਰੱਖਦੇ ਸਨ। ਇਕ ਛੋਟਾ ਮੇਜ਼, ਚਾਰ ਕੁਰਸੀਆਂ, ਦੋ ਬੈੱਡ ਤੇ ਸਟੀਲ ਦੇ ਕੁਝ ਭਾਂਡੇ; ਇਸ ਨਾਮਵਰ ਜੋੜੇ ਦੇ ਸਾਦਾ ਜੀਵਨ ਦੇ ਪ੍ਰਤੀਕ ਸਨ। ਉਨ੍ਹਾਂ ਕੋਲ ਬੋਨ-ਚਾਇਨਾ ਦੀਆਂ ਪਲੇਟਾਂ ਅਤੇ ਮਹਿੰਗੇ ਕੱਚ ਦੇ ਗਲਾਸ ਨਹੀਂ ਹਨ। ਕਿਉਂ ਨਹੀਂ ਹਨ ਕਿਉਂਕਿ ਉਨ੍ਹਾਂ ਦੇ ਟੁੱਟ ਜਾਣ ਦਾ ਡਰ ਹੈ।

ਆਪਣੀਆਂ ਰਾਜਨੀਤਕ ਸਰਗਰਮੀਆਂ ਕਾਰਨ ਅੰਗਰੇਜ਼ੀ ਰਾਜ ਵੇਲੇ ਉਨ੍ਹਾਂ ਨੂੰ ਕਈ ਚਿਰ ਗੁਪਤਵਾਸ ਵਿਚ ਰਹਿਣਾ ਪਿਆ। ਆਜ਼ਾਦੀ-ਘੁਲਾਟੀਆਂ ਨੂੰ ਮਿਲਦੀ ਪੈਨਸ਼ਨ, ਉਨ੍ਹਾਂ ਦਾ ਹੱਕ ਬਣਦਾ ਸੀ ਪਰ ਉਨ੍ਹਾਂ ਨੇ ਇਹ ਪੈਨਸ਼ਨ ਲੈਣ ਬਾਰੇ ਕਦੀ

ਸੋਚਿਆ ਵੀ ਨਹੀਂ। ਵਿਧਾਨ ਸਭਾ ਦੇ ਸਾਬਕ ਮੈਂਬਰ ਹੋਣ ਕਰ ਕੇ ਦੋਹਾਂ ਨੂੰ 21000 ਰੁਪਏ ਮਹੀਨਾ ਪੈਨਸ਼ਨ ਮਿਲਦੀ ਸੀ (13000 ਡਾਂਗ ਜੀ ਨੂੰ ਅਤੇ 8000 ਵਿਮਲਾ ਜੀ ਨੂੰ) ਪਰ ਦੋਵੇਂ ਜਣੇ ਆਪਣੇ ਲਈ ਸਿਰਫ਼ ਦੋ ਦੋ ਹਜ਼ਾਰ ਰੁਪਏ ਰੱਖ ਕੇ ਬਾਕੀ ਸਾਰੀ ਰਕਮ ਪਾਰਟੀ ਫੰਡ ਵਿਚ ਜਮ੍ਹਾ ਕਰਾ ਦਿੰਦੇ ਸਨ। ਇਹ ਦੋ ਦੋ ਹਜ਼ਾਰ ਰੁਪਏ ਵੀ ਉਹ ਪਾਰਟੀ ਦੇ ਕੁੱਲ ਵਕਤੀ ਸੇਵਾਦਾਰ ਹੋਣ ਦੇ ਨਾਤੇ ਲੈਂਦੇ ਸਨ। ਸ੍ਰੀ ਡਾਂਗ ਦੀਆਂ ਛਪੀਆਂ ਪੁਸਤਕਾਂ ਦੀ ਰਾਇਲਟੀ ਵੀ ਪਾਰਟੀ ਦੇ ਖ਼ਜ਼ਾਨੇ ਵਿਚ ਜਾਂਦੀ ਸੀ।

ਪ੍ਰਸਿੱਧ ਪੱਤਰਕਾਰ ਖੁਸ਼ਵੰਤ ਸਿੰਘ ਲਿਖਦੇ ਹਨ 'ਸਤਪਾਲ ਡਾਂਗ ਤੇ ਉਨ੍ਹਾਂ ਦੀ ਪਤਨੀ ਵਿਮਲਾ ਡਾਂਗ (ਡਾਂਗ ਨਹੀਂ, ਬਾਕਾਇਆ; ਬਾਕਾਇਆ ਸ੍ਰੀਮਤੀ ਵਿਮਲਾ ਦਾ ਗੋਤ ਹੈ) ਉਨ੍ਹਾਂ ਦਿਨਾਂ ਵਿਚ ਵੀ ਅੰਮ੍ਰਿਤਸਰ ਦੇ ਨੇੜੇ ਛਿਹਰਟੇ ਵਿਚ ਰਹਿੰਦੇ ਰਹੇ, ਜਦੋਂ ਖਾਲਿਸਤਾਨ ਦੇ ਹਮਾਇਤੀਆਂ ਅਤੇ ਭਿੰਡਰਾਂਵਾਲਿਆਂ ਦੇ ਕੁਝ ਚੇਲਿਆਂ ਨੇ ਇਲਾਕੇ ਵਿਚ ਅਤਿਵਾਦ ਦਾ ਮਾਹੌਲ ਗਰਮ ਕੀਤਾ ਹੋਇਆ ਸੀ। ਨਾ ਕੇਵਲ ਡਾਂਗ ਦੰਪਤੀ ਨੇ ਕਿਤੇ ਹੋਰ ਜਾ ਕੇ ਪਨਾਹ ਲੈਣ ਤੋਂ ਇਨਕਾਰ ਕਰ ਦਿੱਤਾ ਸਗੋਂ ਉਨ੍ਹਾਂ ਨੇ ਛਿਹਰਟੇ ਨੂੰ ਹੀ ਇਕ ਅਮਨ ਦਾ ਖੇਤਰ ਬਣਾ ਦਿੱਤਾ।"

ਡਾਂਗ ਪਤੀ ਪਤਨੀ, ਬਿਨਾਂ-ਦਾਜ ਅਦਾਲਤੀ ਵਿਆਹ ਕਰ ਕੇ 1952 ਵਿਚ ਮੁੰਬਈ ਤੋਂ ਛਿਹਰਟੇ ਆ ਗਏ। ਇਸ ਤੋਂ ਪਹਿਲਾਂ ਉਹ ਕਦੀ ਅੰਮ੍ਰਿਤਸਰ ਨਹੀਂ ਆਏ ਸਨ। ਸ੍ਰੀ ਡਾਂਗ ਦਸਦੇ ਹਨ ਕਿ ਉਨ੍ਹਾਂ ਨੇ ਮੁੰਬਈ ਵਿਚ ਪਾਰਟੀ ਦਾ ਸੈਕਟਰੀ ਬਣਨ ਦੀ ਬਜਾਏ, ਮਜ਼ਦੂਰ ਜਮਾਤ ਦਾ ਉੱਥਾਨ ਕਰਨ ਨੂੰ ਤਰਜੀਹ ਦਿੱਤੀ। ਸ੍ਰੀ ਡਾਂਗ ਨੂੰ ਮਿਊਂਸਪਲ ਕਮੇਟੀ ਛਿਹਰਟਾ ਦਾ ਪਹਿਲਾ ਪ੍ਰਧਾਨ ਚੁਣਿਆ ਗਿਆ। ਉਨ੍ਹਾਂ ਨੇ 14 ਸਾਲ ਇਸ ਅਹੁਦੇ ਉੱਤੇ ਸੇਵਾ ਕੀਤੀ। ਬਾਅਦ ਵਿਚ ਸ੍ਰੀਮਤੀ ਡਾਂਗ ਨੂੰ ਵੀ ਇਕ ਵਾਰ ਮਿਊਂਸਪਲ ਕਮੇਟੀ ਛਿਹਰਟਾ ਦੀ ਪ੍ਰਧਾਨ ਚੁਣਿਆ ਗਿਆ।

ਸ੍ਰੀ ਡਾਂਗ ਦੀ ਕੌਮੀ ਪੱਧਰ 'ਤੇ ਪਛਾਣ ਉਦੋਂ ਬਣੀ ਜਦੋਂ ਉਨ੍ਹਾਂ ਨੇ 1967 ਵਿਚ ਕਾਂਗਰਸੀ ਮੁੱਖ ਮੰਤਰੀ ਗਿ. ਗੁਰਮੁਖ ਸਿੰਘ ਮੁਸਾਫ਼ਰ ਨੂੰ ਵੱਡੇ ਫਰਕ ਨਾਲ ਹਰਾ ਦਿੱਤਾ। ਉਹ ਅੰਮ੍ਰਿਤਸਰ ਪੱਛਮੀ ਦੇ ਹਲਕੇ ਤੋਂ 1980 ਤਕ ਵਿਧਾਨ ਸਭਾ ਦੇ ਮੈਂਬਰ ਰਹੇ ਅਤੇ ਉਨ੍ਹਾਂ ਨੂੰ ਗੈਰ-ਕਾਂਗਰਸੀ ਸਰਕਾਰ ਵਿਚ ਮੰਤਰੀ ਵੀ ਬਣਾਇਆ ਗਿਆ। ਉਹ 1980 ਦੀ ਅਸੈਂਬਲੀ ਚੋਣ ਵਿਚ ਕਾਂਗਰਸ ਦੇ ਉਮੀਦਵਾਰ ਸੇਵਾ ਰਾਮ ਅਰੋੜਾ ਤੋਂ ਹਾਰ ਗਏ। ਪਰ ਸ੍ਰੀਮਤੀ ਡਾਂਗ ਨੇ 1992 ਵਿਚ ਇਹੀ ਸੀਟ ਫੇਰ ਸੀ.ਪੀ.ਆਈ. ਦੀ ਟਿਕਟ 'ਤੇ ਜਿੱਤ ਲਈ।

ਮੰਤਰੀ ਵਜੋਂ ਸ੍ਰੀ ਡਾਂਗ ਨੇ ਚੰਡੀਗੜ੍ਹ ਵਿਚ ਸਰਕਾਰੀ ਬੰਗਲੇ ਵਿਚ ਰਹਿਣ ਤੋਂ ਇਨਕਾਰ ਕਰ ਦਿੱਤਾ। ਉਹ ਮੰਤਰੀ ਹੁੰਦਿਆ ਵੀ ਐੱਮ.ਐੱਲ.ਏ. ਫ਼ਲੈਟਸ ਵਿਚ ਰਹੇ। ਸ੍ਰੀਮਤੀ ਡਾਂਗ ਆਪਣਾ ਬਹੁਤਾ ਸਮਾਂ ਛਿਹਰਟੇ ਵਿਚ ਆਪਣੇ ਇਕ ਕਮਰੇ ਵਾਲੇ ਘਰ ਵਿਚ ਲੋਕਾਂ ਨੂੰ ਮਿਲਦਿਆਂ ਗੁਜ਼ਾਰਦੇ ਸਨ। ਮੰਤਰੀ ਹੁੰਦਿਆਂ ਵੀ ਸ੍ਰੀ ਡਾਂਗ ਆਪਣੇ ਹਲਕੇ ਦਾ ਦੌਰਾ ਸਾਈਕਲ ਉਤੇ ਕਰਨਾ ਵਧੇਰੇ ਪਸੰਦ ਕਰਦੇ ਸਨ। ਇਸ ਕਮਿਊਨਿਸਟ ਜੋੜੇ ਨੇ ਸਰਗਰਮ ਰਾਜਨੀਤੀ ਤੋਂ ਸਵੈ-ਇੱਛਤ ਰਿਟਾਇਰਮੈਂਟ ਲੈ ਕੇ



ਇਕ ਵੱਖਰੀ ਮਿਸਾਲ ਕਾਇਮ ਕੀਤੀ। ਕੁਝ ਸਾਲ ਮਗਰੋਂ ਡਾਂਗ ਦੰਪਤੀ ਨੇ ਸੀ.ਪੀ.ਆਈ. ਕੌਮੀ ਕੌਂਸਲ ਤੋਂ ਵੀ ਰਿਟਾਇਰਮੈਂਟ ਲੈ ਲਈ। 1997 ਵਿਚ ਦੋਹਾਂ ਨੇ ਅਸੈਂਬਲੀ ਦੀ ਚੋਣ ਲੜਨ ਤੋਂ ਵੀ ਨਾਂਹ ਕਰ ਦਿੱਤੀ। ਕਾਰਨ ਸੀ ਕਿ ਸਿਆਸਤਦਾਨਾਂ ਦੇ ਕੰਮ ਕਰਨ ਦੀ ਵੀ ਕੋਈ ਉਮਰ-ਹੱਦ ਹੋਣੀ ਚਾਹੀਦੀ ਹੈ।

ਪਿਛਲੀ ਸਦੀ ਦੇ ਚੌਥੇ ਦਹਾਕੇ ਦੇ ਸ਼ੁਰੂ ਦੇ ਸਾਲਾਂ ਵਿਚ ਜਦੋਂ ਉਹ ਦੋਵੇਂ ਲਾਹੌਰ ਪੜ੍ਹਦੇ ਸਨ ਤਾਂ ਸਤਪਾਲ ਡਾਂਗ ਦਾ ਮਿਸ ਵਿਮਲਾ ਨਾਲ ਪਿਆਰ ਹੋ ਗਿਆ ਸੀ ਅਤੇ ਦੇਸ਼-ਵੰਡ ਤੋਂ ਬਾਅਦ ਦੋਹਾਂ ਦਾ ਵਿਆਹ ਹੋ ਗਿਆ। ਵਿਆਹ ਤੋਂ ਪਹਿਲਾਂ ਮਿਸ ਵਿਮਲਾ ਦਾ ਨਾਂ ਵਿਮਲਾ ਬਾਕਾਇਆ ਸੀ। ਸ੍ਰੀ ਡਾਂਗ ਦਾ ਮਿਸ ਵਿਮਲਾ ਨਾਲ ਉਦੋਂ ਮੇਲ ਹੋਇਆ, ਜਦੋਂ ਉਹ ਦੇਸ਼-ਵੰਡ ਤੋਂ ਪਹਿਲਾਂ ਲਾਹੌਰ ਵਿਚ ਵਿਦਿਆਰਥੀ ਯੂਨੀਅਨ ਵਿਚ ਕੰਮ ਕਰਦੇ ਸਨ। ਸ੍ਰੀ ਡਾਂਗ ਗੌਰਮਿੰਟ ਕਾਲਜ ਲਾਹੌਰ ਵਿਚ ਪੜ੍ਹਦੇ ਸਨ ਅਤੇ ਮਿਸ ਵਿਮਲਾ ਲਾਹੌਰ ਵਿਚ ਹੀ ਕਿੰਨਾਰਡ ਕਾਲਜ ਦੀ ਵਿਦਿਆਰਥਨ ਸੀ। ਦੋਵੇਂ ਹੀ ਆਲ ਇੰਡੀਆ ਸਟੂਡੈਂਟਸ ਯੂਨੀਅਨ ਦੇ ਮੁੱਖ ਲੀਡਰ ਸਨ। ਦੋਵੇਂ ਕਮਿਊਨਿਸਟ ਪਾਰਟੀ ਨਾਲ ਸਬੰਧਿਤ ਸਨ ਅਤੇ ਆਜ਼ਾਦੀ ਤੋਂ ਪਹਿਲਾਂ ਵਿਦਿਆਰਥੀ ਲਹਿਰ ਵਿਚ ਸ਼ਾਮਲ ਸਨ। ਸ੍ਰੀ ਡਾਂਗ ਨੂੰ ਵਰਲਡ ਯੂਥ ਫੈਡਰੇਸ਼ਨ ਦਾ ਵਾਈਸ ਪ੍ਰੈਜ਼ੀਡੈਂਟ ਵੀ ਚੁਣਿਆ ਗਿਆ। 1943 ਵਿਚ ਦੋਨੋ ਜਣੇ ਕਾਲ-ਪੀੜਤਾਂ ਦੀ ਮਦਦ ਕਰਨ ਲਈ ਬੰਗਾਲ ਗਏ। ਇਸ ਕਾਲ ਵਿਚ ਤੀਹ ਲੱਖ ਲੋਕ ਮਾਰੇ ਗਏ ਸਨ।

ਦਿਲਚਪ ਗੱਲ ਇਹ ਹੈ ਕਿ ਸ੍ਰੀ ਡਾਂਗ ਜ਼ਿਲ੍ਹਾ ਗੁਜਰਾਂਵਾਲੇ ਦੇ ਇਕ ਪਿੰਡ ਰਾਮ ਨਗਰ ਦੇ ਵਸਨੀਕ ਸਨ (ਜਿਸ ਨੂੰ ਮੁਸਲਮਾਨਾਂ ਦੀ ਆਬਾਦੀ ਜ਼ਿਆਦਾ ਹੋਣ ਕਰਕੇ ਰਸੂਲਪੁਰ ਵੀ ਕਿਹਾ ਜਾਂਦਾ ਸੀ) ਹੁਣ ਇਹ ਇਲਾਕਾ ਪਾਕਿਸਤਾਨ ਵਿਚ ਹੈ। ਦੂਜੇ ਪਾਸੇ ਸਵਰਗਵਾਸੀ ਸ੍ਰੀਮਤੀ ਡਾਂਗ ਇਕ ਕਸ਼ਮੀਰੀ ਪੰਡਤ ਪਰਿਵਾਰ ਨਾਲ ਸਬੰਧ ਰੱਖਦੇ ਸਨ। ਬਾਅਦ ਵਿਚ ਸ੍ਰੀ ਡਾਂਗ ਨੂੰ ਫੈਡਰੇਸ਼ਨ ਦਾ ਜਨਰਲ ਸੈਕਟਰੀ ਬਣਾ ਕੇ, ਪਾਰਟੀ ਦੇ ਹੈੱਡ-ਕੁਆਰਟਰ ਵਿਚ ਮੁੰਬਈ ਭੇਜ ਦਿੱਤਾ ਗਿਆ।

ਇਸ ਪਿਛੋਂ ਜਦੋਂ ਮਿਸ ਡਾਂਗ ਪਰੇਗ ਤੋਂ ਵਾਪਸ ਆਏ ਤਾਂ ਦੋਹਾਂ ਨੇ 1952 ਵਿਚ ਵਿਆਹ ਕਰਾ ਲਿਆ। ਮਿਸ ਵਿਮਲਾ ਪਰੇਗ ਵਿਚ ਅੰਤਰਾਸ਼ਟਰੀ ਵਿਦਿਆਰਥੀ ਯੂਨੀਅਨ ਦੀ ਕਾਨਫਰੰਸ ਵਿਚ ਭਾਰਤੀ ਪ੍ਰਤੀਨਿਧ ਵਜੋਂ ਗਏ ਸਨ। ਇਹ ਸ਼ਾਦੀ ਅਦਾਲਤੀ ਵਿਆਹ ਸੀ। ਜਿਸ ਨੂੰ ਸਿਵਲ ਮੈਰਿਜ ਕਹਿੰਦੇ ਹਨ। ਇਹ ਵਿਆਹ ਅਗਾਂਹ-ਵਧੂ ਵਿਚਾਰਾਂ ਦੇ ਧਾਰਨੀ ਦੋਹਾਂ ਪਰਿਵਾਰਾਂ ਦੀ ਸਹਿਮਤੀ ਨਾਲ ਹੋਇਆ ਸੀ। ਸ੍ਰੀ ਡਾਂਗ ਇਕ ਬੜੀ ਹੈਰਾਨੀ ਵਾਲੀ ਗੱਲ ਦਸਦੇ ਹਨ ਕਿ ਸਾਡਾ ਇਹ ਦੋਹਾਂ ਦਾ ਸੋਚ-ਸਮਝ ਕੇ ਕੀਤਾ ਹੋਇਆ ਸਾਂਝਾ ਫੈਸਲਾ ਸੀ ਕਿ ਅਸੀਂ ਬੱਚੇ ਨਹੀਂ ਪੈਦਾ ਕਰਾਂਗੇ ਕਿਉਂਕਿ ਉਹ ਨਹੀਂ ਚਾਹੁੰਦੇ ਸਨ ਕਿ ਲੋਕ-ਸੰਘਰਸ਼ ਤੋਂ ਉਨ੍ਹਾਂ ਦਾ ਧਿਆਨ ਇੱਧਰ-ਉੱਧਰ ਹੋ ਜਾਵੇ। '1952 ਵਿਚ ਲਏ ਗਏ ਇਸ ਫੈਸਲੇ ਉਤੇ ਸਾਨੂੰ ਕਦੀ ਪਛਤਾਵਾ ਨਹੀਂ ਹੋਇਆ।'

ਸ੍ਰੀ ਮਤੀ ਡਾਂਗ ਪੰਜਾਬ ਇਸਤਰੀ ਸਭਾ ਦੇ ਮੁੱਖ ਕਾਰਜ-ਕਰਤਾ ਸਨ। ਉਨ੍ਹਾਂ

ਨੇ ਜ਼ਿੰਦਗੀ ਭਰ ਔਰਤਾਂ ਦੀ ਆਜ਼ਾਦੀ ਅਤੇ ਉਨ੍ਹਾਂ ਦੇ 33 ਪ੍ਰਤੀਸ਼ਤ ਰਾਖਵੇਂਕਰਨ ਲਈ ਸੰਘਰਸ਼ ਕੀਤਾ ਸੀ। ਉਨ੍ਹਾਂ ਦੀ ਬਰਾਬਰ ਇਸਤਰੀ ਹੱਕਾਂ ਲਈ ਲੜਾਈ, ਮਰਦਾਂ ਦਾ ਵਿਰੋਧ ਕਰਨ ਵੱਲ ਸੇਧਿਤ ਨਹੀਂ ਸੀ। ਸਮਾਜਕ ਖੇਤਰ ਵਿਚ ਉਨ੍ਹਾਂ ਦੇ ਯੋਗਦਾਨ ਦਾ ਸਤਿਕਾਰ ਕਰਦਿਆਂ 1998 ਵਿਚ ਉਨ੍ਹਾਂ ਨੂੰ ਪਦਮ ਸ੍ਰੀ ਐਵਾਰਡ ਦਿੱਤਾ ਗਿਆ। ਪਦਮਸ੍ਰੀ ਐਵਾਰਡ ਲਈ ਉਨ੍ਹਾਂ ਦੇ ਨਾਂ ਦੀ ਸਿਫ਼ਾਰਸ਼ ਕਰਦਿਆਂ ਉਸ ਵੇਲੇ ਦੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸ. ਸਰਬਜੀਤ ਸਿੰਘ ਨੇ ਲਿਖਿਆ ਕਿ 1945 ਵਿਚ ਬੰਗਾਲ ਦੇ ਕਾਲ ਸਮੇਂ ਸ੍ਰੀਮਤੀ ਡਾਂਗ ਨੇ ਕਾਲ-ਪੀੜਤਾਂ ਦੀ ਸਹਾਇਤਾ ਕਰਨ ਲਈ ਕਾਫ਼ੀ ਧਨ ਇਕੱਤਰ ਕੀਤਾ ਅਤੇ ਉਹ ਲੋੜਵੰਦਾਂ ਦੀ ਮਦਦ ਕਰਨ ਲਈ ਆਪ ਉਨ੍ਹਾਂ ਦੇ ਘਰਾਂ ਵਿਚ ਗਏ। ਸਮਾਜ ਸੇਵਾ ਦੇ ਖੇਤਰ ਵਿਚ ਸ੍ਰੀਮਤੀ ਡਾਂਗ ਦਾ ਯੋਗਦਾਨ ਬੇਮਿਸਾਲ ਹੈ।

ਡਾਂਗ ਦੰਪਤੀ ਨੂੰ ਇਸ ਗੱਲ ਦਾ ਵੀ ਮਾਣ ਪ੍ਰਾਪਤ ਹੈ ਕਿ ਉਨ੍ਹਾਂ ਨੂੰ ਸਮੇਂ ਸਮੇਂ ਪੰਡਤ ਜਵਾਹਰਲਾਲ ਨਹਿਰੂ, ਮਹਾਤਮਾ ਗਾਂਧੀ ਅਤੇ ਦੁਨੀਆ ਦੇ ਹੋਰ ਕਈ ਮਹਾਨ ਨੇਤਾਵਾਂ ਨੂੰ ਮਿਲਣ ਦਾ ਮੌਕਾ ਮਿਲਿਆ। ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨਾਲ ਆਪਣੀ ਇਕ ਮਿਲਣੀ ਨੂੰ ਯਾਦ ਕਰਦਿਆਂ ਸ੍ਰੀ ਡਾਂਗ ਦਸਦੇ ਹਨ ਕਿ 'ਜਦੋਂ ਮੈਂ ਉਨ੍ਹਾਂ ਨੂੰ ਅਸ਼ੀਰਵਾਦ ਦੇਣ ਲਈ ਕਿਹਾ ਤਾਂ ਉਹ ਬੋਲੇ, 'ਮੈਂ ਆਪ ਨੂੰ ਕੀਤੇ ਹੋਏ ਸ਼ੁਭ ਕੰਮਾਂ ਲਈ ਅਸ਼ੀਰਵਾਦ ਦਿੰਦਾ ਹਾਂ।' ਮਹਾਤਮਾ ਗਾਂਧੀ ਬੋਲਣ ਲੱਗਿਆਂ ਬੜੇ ਚੋਣਵੇਂ ਸ਼ਬਦਾਂ ਦੀ ਵਰਤੋਂ ਕਰਦੇ ਸਨ। ਅਸਲ ਵਿਚ ਉਹ ਕਮਿਊਨਿਸਟ ਪਾਰਟੀ ਦੇ ਵਫ਼ਦ ਦੀ ਤਾਰੀਫ਼ ਨਹੀਂ ਕਰਨਾ ਚਾਹੁੰਦੇ ਸਨ।'

ਸ੍ਰੀ ਡਾਂਗ ਦਾ ਕਹਿਣਾ ਹੈ ਕਿ ਰਾਜਨੀਤੀ ਵਿਚ ਆਉਣ ਲੱਗਿਆਂ ਨਵੀਂ ਪੀੜ੍ਹੀ ਦੀ ਅੱਖ ਧਨ ਕਮਾਉਣ ਉਤੇ ਨਹੀਂ ਹੋਣੀ ਚਾਹੀਦੀ। ਉਨ੍ਹਾਂ ਨੂੰ ਦੇਸ਼ ਕੌਮ ਦੀ ਸੇਵਾ ਕਰਨ ਲਈ ਰਾਜਨੀਤੀ ਵਿਚ ਆਉਣਾ ਚਾਹੀਦਾ ਹੈ। ਉਨ੍ਹਾਂ ਨੂੰ ਰਾਜਨੀਤੀ ਵਿਚੋਂ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਲਈ ਵੀ ਸੰਘਰਸ਼ ਕਰਨਾ ਚਾਹੀਦਾ ਹੈ।

****



# ਗਿੱਲ ਪਰਿਵਾਰ ਦਾ ਵਿਸ਼ਵੀਕਰਨ

## ਦਸਤਾਰ ਵਿਵਾਦ

ਫਰਾਂਸ ਵਿਚ ਦਸਤਾਰ ਉਤੇ ਲੱਗੀ ਪਾਬੰਦੀ ਬਾਰੇ ਡਾ. ਹਰਜੀਤ ਗਿੱਲ ਅਤੇ ਉਨ੍ਹਾਂ ਦੇ ਬੱਚਿਆਂ ਦੇ ਵਿਚਾਰ ਬਿਲਕੁਲ ਇਕ ਦੂਜੇ ਦੇ ਉਲਟ ਹਨ। ਡਾ. ਗਿੱਲ ਜੋ ਅਮਲੀ ਤੌਰ 'ਤੇ ਫਰਾਂਸ ਨੂੰ ਦੁਨੀਆ ਦਾ ਇਕੋ-ਇਕ ਧਰਮ-ਨਿਰਪੱਖ ਦੇਸ਼ ਸਮਝਦੇ ਹਨ, ਕਹਿੰਦੇ ਹਨ ਕਿ ਫਰਾਂਸ ਦੇ ਸਕੂਲਾਂ ਵਿਚ ਧਾਰਮਕ ਚਿੰਨ੍ਹ ਪਹਿਨਣ ਉਤੇ ਲਾਈ ਗਈ ਪਾਬੰਦੀ, ਮੁਸਲਮਾਨਾਂ ਨੂੰ ਮੁੱਖ ਰੱਖ ਕੇ ਲਾਈ ਗਈ ਹੈ।

ਪਰ ਉਨ੍ਹਾਂ ਦਾ ਬੇਟਾ ਐਰਿਕ ਵਿਕਰਮਜੀਤ, ਜੋ ਕਦੀ-ਕਦੀ ਪੱਗ ਬੰਨ੍ਹਣ ਦੀ ਕੋਸ਼ਿਸ਼ ਕਰਦਾ ਹੈ, ਉਹ ਲਾਈ ਗਈ ਪਾਬੰਦੀ ਨੂੰ ਠੀਕ ਸਮਝਦਾ ਹੈ। ਉਨ੍ਹਾਂ ਦੀ ਬੇਟੀ ਅਨੀਲਾ ਕਹਿੰਦੀ ਹੈ ਕਿ ਲਾਈ ਗਈ ਪਾਬੰਦੀ ਬੇਲੋੜੀ ਹੈ। ਵਿਦਿਆਰਥੀਆਂ ਉਤੇ ਇਸ ਤਰ੍ਹਾਂ ਦੀਆਂ ਪਾਬੰਦੀਆਂ ਨਹੀਂ ਲਾਉਣੀਆਂ ਚਾਹੀਦੀਆਂ। ਡਾ. ਗਿੱਲ ਕਹਿੰਦੇ ਹਨ ਕਿ 1789 ਦੇ ਇਨਕਲਾਬ ਤੋਂ ਬਾਅਦ ਫਰਾਂਸ ਵਿਚ ਰਾਜ (State) ਤੇ ਚਰਚ (ਧਰਮ) ਵੱਖ-ਵੱਖ ਕਰ ਦਿੱਤੇ ਗਏ ਸਨ ਅਤੇ ਫਰਾਂਸ ਵਿਚ ਕ੍ਰਿਸਮਸ ਡੇਅ ਨੂੰ ਵੀ ਸਰਕਾਰੀ ਛੁੱਟੀ ਨਹੀਂ ਹੁੰਦੀ।

## ਫਰਾਂਸੀਸੀ ਫ਼ਿਲਾਸਫ਼ਰ

ਐਬੇਲਾਰਡ ਫਰਾਂਸੀਸੀ ਫ਼ਿਲਾਸਫ਼ਰ ਅਤੇ ਧਰਮ ਸ਼ਾਸਤਰੀ ਸੀ। ਇਕ ਅਧਿਆਪਕ ਅਤੇ ਬੁੱਧੀਜੀਵੀ ਵਜੋਂ ਉਸ ਦੀ ਸ਼ੁਹਰਤ ਨੇ ਉਸ ਨੂੰ 12ਵੀਂ ਸਦੀ ਦੀ ਇਕ ਨਾਮਵਰ ਹਸਤੀ ਬਣਾ ਦਿੱਤਾ ਸੀ। ਉਹ ਲੀ ਪੈਲਟ, ਬ੍ਰਿਟੈਨੀ ਵਿਚ ਪੈਦਾ ਹੋਇਆ ਅਤੇ ਉਸ ਦਾ ਫਰਾਂਸੀਸੀ ਨਾਂ ਪੀਰੇ ਐਬੇਲਾਰਡ ਸੀ।

## ਡਾ. ਗਿੱਲ ਦੀ ਮੌਲਿਕ ਰਚਨਾ

ਨਿਊਜ਼ੀਲੈਂਡ ਦੇ ਸੰਸਾਰ ਪ੍ਰਸਿੱਧ ਬੁੱਧੀਜੀਵੀ ਮੈਕਲਿਉਡ ਨੂੰ ਸਿੱਖ ਧਰਮ ਦਾ ਵਿਸ਼ੇਸ਼ੱਗ ਸਮਝਿਆ ਜਾਂਦਾ ਹੈ। ਉਹ ਡਾ. ਗਿੱਲ ਦੀ ਗੁਰੂ ਨਾਨਕ ਬਾਰੇ ਮੌਲਿਕ ਰਚਨਾ ਬਾਰੇ ਕਹਿੰਦਾ ਹੈ, 'ਬਾਬਾ ਨਾਨਕ ਦੀ ਮਹਾਨ ਜੀਵਨੀ ਜਨਮਸਾਖੀਆਂ ਅਤੇ ਆਦਿ ਗ੍ਰੰਥ ਵਿਚ ਉਨ੍ਹਾਂ ਦੀ ਬਾਣੀ ਦੀ ਵਿਆਖਿਆ ਉਤੇ ਆਧਾਰਿਤ ਹੈ। ਇਹ-ਲੋਕ ਅਤੇ ਪਰਲੋਕ ਬਾਰੇ ਉਨ੍ਹਾਂ ਦੀ ਵਿਆਖਿਆ ਅਤੇ ਚਿੰਤਨ ਨੂੰ ਮਾਨਵ-ਵਿਗਿਆਨ ਅਤੇ ਬ੍ਰਹਿਮੰਡ ਵਿਗਿਆਨ ਦੀ ਭਾਸ਼ਾ ਵਿਚ ਪੇਸ਼ ਕੀਤਾ ਗਿਆ ਹੈ। ਬਾਬਾ ਨਾਨਕ ਦੀ ਸ਼ਖ਼ਸੀਅਤ ਨੂੰ ਆਮ ਤੌਰ 'ਤੇ ਆਦਿ ਗ੍ਰੰਥ ਦੀ ਬਾਣੀ ਨਾਲ ਜੋੜ ਕੇ ਪੇਸ਼ ਕਰਨ

ਦਾ ਰਿਵਾਜ ਹੈ ਪਰ ਡਾ. ਗਿੱਲ ਨੇ ਇਸ ਲੀਹ ਤੋਂ ਹਟ ਕੇ ਜੋ ਲਿਖਿਆ ਉਹ ਕਲਮ-ਕਲਾ ਦੀ ਅਤਿਉੱਤਮ ਮਿਸਾਲ ਹੈ। ਬਾਬਾ ਨਾਨਕ ਦੇ ਜੀਵਨ ਅਤੇ ਯਾਤਰਾਵਾਂ ਨੂੰ ਜਿਸ ਸ਼ੈਲੀ ਵਿਚ ਅੰਕਿਤ ਕੀਤਾ ਹੈ ਉਹ ਬੇਹੱਦ ਰੌਚਕ ਹੈ। ਜਿਹੜੇ ਪਾਠਕ ਗੁਰੂ ਨਾਨਕ ਦੀ ਜੀਵਨ ਕਥਾ ਨੂੰ ਅੰਗਰੇਜ਼ੀ ਕਵਿਤਾ ਵਾਲੀ ਸਾਦਾ ਤੇ ਪ੍ਰਭਾਵਸ਼ਾਲੀ ਸ਼ੈਲੀ ਵਿਚ ਪੜ੍ਹਨਾ ਚਾਹੁੰਦੇ ਹਨ, ਉਹ ਡਾ. ਗਿੱਲ ਦੀ ਰਚਨਾ ਨੂੰ ਅਤਿ ਅਨੰਦਮਈ ਮਹਿਸੂਸ ਕਰਨਗੇ।'

ਅੰਮ੍ਰਿਤਸਰ ਦੀ ਇਕ ਗਲੀ ਦਾ ਨਾਂ ਫਰਾਂਸ ਦੇ ਬਾਰ੍ਹਵੀਂ ਸਦੀ ਦੇ ਇਕ ਫ਼ਿਲਾਸਫ਼ਰ ਦੇ ਨਾਂ 'ਤੇ ਰੱਖਿਆ ਗਿਆ ਹੈ। ਹੈ ਨਾ ਹੈਰਾਨੀ ਵਾਲੀ ਗੱਲ! ਪਰ ਇਹ ਸੱਚ ਹੈ। ਅੰਮ੍ਰਿਤਸਰ ਦੇ ਇਕ ਮਹੱਲੇ ਲਾਭ ਨਗਰ ਦੀ ਇਕ ਗਲੀ ਵਿਚ ਡਾ. ਹਰਜੀਤ ਸਿੰਘ ਗਿੱਲ ਦੇ ਘਰ ਦੇ ਬਾਹਰ 'ਰੁਈ ਪੀਰੇ ਐਬੇਲਾਰਡ' ਦੀ ਤਖ਼ਤੀ ਲੱਗੀ ਹੋਈ ਹੈ। (ਫਰਾਂਸੀਸੀ ਵਿਚ 'ਗਲੀ' ਨੂੰ 'ਰੁਈ' ਕਹਿੰਦੇ ਹਨ।) ਇਸ ਤਖ਼ਤੀ ਨੂੰ ਦੇਖ ਕੇ ਕੋਈ ਵੀ ਹੈਰਾਨ ਹੋ ਜਾਏਗਾ।

ਜਦੋਂ ਕੋਈ ਡਾ. ਗਿੱਲ ਦੇ ਘਰ ਵਿਚ ਦਾਖ਼ਲ ਹੁੰਦਾ ਹੈ ਤਾਂ ਉਥੇ ਹੋਰ ਵੀ ਹੈਰਾਨ ਕਰਨ ਵਾਲੀਆਂ ਕਈ ਗੱਲਾਂ ਹਨ। ਡਾ. ਗਿੱਲ ਦੀ ਜੀਵਨ ਕਹਾਣੀ ਕਈ ਪੱਖਾਂ ਤੋਂ ਅਜੀਬ ਹੈ। ਉਹ ਪੰਜਾਬੀ ਤੇ ਫਰਾਂਸੀਸੀ ਸੱਭਿਆਚਾਰ ਦੇ ਪ੍ਰਤੀਕ ਹਨ। ਉਨ੍ਹਾਂ ਨੇ 1969 ਵਿਚ ਪੈਰਿਸ ਦੀ ਇਕ ਫਰਾਂਸੀਸੀ ਬੁੱਧੀਜੀਵੀ ਮਿਸ ਡੇਨੀਅਲ ਗੁਈਗਨ ਨਾਲ ਵਿਆਹ ਕਰਾਇਆ। ਮਿਸ ਗੁਈਗਨ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਕਈ ਸਾਲ ਫਰਾਂਸੀਸੀ ਅਧਿਆਪਕਾ ਵਜੋਂ ਸੇਵਾ ਕੀਤੀ।

ਉਨ੍ਹਾਂ ਦੀ ਵੱਡੀ ਬੇਟੀ ਮਿਸ ਸੈਂਡਰਾਈਨ ਦਾ ਜਨਮ 1970 ਵਿਚ ਹੋਇਆ। ਉਸ ਦੀ ਸ਼ਾਦੀ ਪੁਰਤਗਾਲ ਦੇ ਇਕ ਐਡਵੋਕੇਟ, ਹੈਲਵਰ ਉਲੀਵੇਰਾ ਨਾਲ ਹੋਈ। ਉਹ ਪੈਰਿਸ ਵਿਚ ਰਹਿੰਦਾ ਹੈ। ਉਨ੍ਹਾਂ ਦੇ ਦੋ ਬੱਚੇ ਹਨ; ਅੱਠ ਸਾਲ ਦਾ ਜਸਪਾਲ ਤੇ ਚਾਰ ਸਾਲ ਦੀ ਨੀਲਮ। ਭਾਵੇਂ ਉਨ੍ਹਾਂ ਦੇ ਨਾਂ ਪੰਜਾਬੀ ਹਨ ਪਰ ਉਹ ਆਪਣੇ ਪਿਤਾ ਦੀ ਮਾਂ-ਬੋਲੀ ਪੰਜਾਬੀ, ਨਾ ਤਾਂ ਸਮਝ ਸਕਦੇ ਹਨ ਅਤੇ ਨਾ ਹੀ ਬੋਲ ਸਕਦੇ ਹਨ।

ਗਿੱਲ ਦੰਪਤੀ ਦੀ ਛੋਟੀ ਬੇਟੀ ਅਨੀਲਾ ਏਰੀਅਨ ਅਤੇ ਪੁੱਤਰ ਐਰਿਕ ਵਿਕਰਮਜੀਤ ਦਾ ਜਨਮ ਪਟਿਆਲੇ ਵਿਚ ਹੋਇਆ। ਦਿਲਚਸਪ ਗੱਲ ਇਹ ਹੈ ਕਿ ਅਨੀਲਾ ਥੋੜ੍ਹੀ-ਥੋੜ੍ਹੀ ਪੰਜਾਬੀ ਤੇ ਹਿੰਦੀ ਬੋਲ ਸਕਦੀ ਹੈ ਤੇ ਸਮਝ ਸਕਦੀ ਹੈ। ਉਸ ਨੂੰ ਭਾਰਤੀ ਸੱਭਿਆਚਾਰ, ਖ਼ਾਸ ਕਰ ਕੇ ਪੰਜਾਬੀ ਸੱਭਿਆਚਾਰ ਤੇ ਵਿਰਸੇ ਨੂੰ ਜਾਣਨ ਤੇ ਸਮਝਣ ਦਾ ਬੜਾ ਸ਼ੌਂਕ ਹੈ। ਭਾਵੇਂ ਇਸ ਦੇਸ਼ ਵਿਚ ਰਹਿਣ ਦਾ ਉਸ ਦਾ ਕੋਈ ਇਰਾਦਾ ਨਹੀਂ।

ਡਾ. ਗਿੱਲ ਦੀ ਵੱਡੀ ਬੇਟੀ ਨੇ ਮਥਰਾ ਦੀਆਂ ਮੂਰਤੀਆਂ ਦੀ ਮਨੋਕਲਪਿਤ ਸਰੀਰ ਰਚਨਾ ਉਤੇ ਬਹੁਤ ਵਧੀਆ ਕੰਮ ਕੀਤਾ ਹੈ। ਉਸ ਨੇ ਸੋਰਬੋਨ ਲਈ ਸਾਂਚੀ ਦੇ ਭਵਨਾਂ ਦੀ ਪੁਰਾਣੀ ਕਲਾ ਅਤੇ ਇਮਾਰਤਸਾਜ਼ੀ ਉਤੇ ਪੀ.ਐੱਚ.ਡੀ. ਵੀ ਕੀਤੀ ਹੈ। ਡਾ. ਗਿੱਲ ਦੇ ਬੇਟੇ ਐਰਿਕ ਵਿਕਰਮਜੀਤ ਨੇ ਹੀਰ ਰਾਂਝਾ, ਸੱਸੀ ਪੁੰਨੂ, ਮਿਰਜ਼ਾ ਸਾਹਿਬਾਂ, ਸੋਹਣੀ ਮਹੀਂਵਾਲ ਅਤੇ ਹੋਰ ਕਈ ਪੰਜਾਬੀ ਲੋਕ-ਨਾਇਕਾਂ ਦੇ ਚਿੱਤਰ



ਬਣਾਏ ਹਨ। ਡਾ. ਗਿੱਲ ਦੀਆਂ ਕਿਤਾਬਾਂ ਦੇ ਟਾਈਟਲ ਉਨ੍ਹਾਂ ਦੀ ਪਤਨੀ ਅਤੇ ਬੱਚਿਆਂ ਦੀ ਕ੍ਰਿਤ ਹਨ ਜੋ ਇਸ 'ਵਿਸ਼ਵ ਪਰਿਵਾਰ' ਦੀ ਸਾਂਝੀ ਕਲਾ ਦੇ ਖ਼ੂਬਸੂਰਤ ਨਮੂਨੇ ਹਨ।

ਡਾ. ਗਿੱਲ ਦੇ ਬੱਚੇ ਭਾਵੇਂ ਆਪਣੀ ਮਾਤਾ ਕੋਲ ਪੈਰਿਸ ਰਹਿੰਦੇ ਹਨ ਪਰ ਉਹ ਡਾ. ਗਿੱਲ ਨੂੰ ਮਿਲਣ ਲਈ ਅਕਸਰ ਆਉਂਦੇ ਰਹਿੰਦੇ ਹਨ। ਉਹ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਨਵੀਂ ਦਿੱਲੀ ਵਿਚ ਚਿੰਨ੍ਹ ਵਿਗਿਆਨ ਦਾ ਅਮੈਰੀਟਸ ਪ੍ਰੋਫੈਸਰ (ਸੇਵਾ-ਮੁਕਤ ਸਨਮਾਨਿਤ ਪ੍ਰੋਫੈਸਰ) ਹੈ ਅਤੇ ਇੰਡੀਅਨ ਇੰਸਟੀਚਿਊਟ ਆਫ਼ ਐਡਵਾਂਸ ਸਟੱਡੀਜ਼ ਦਾ ਫੈਲੋ ਵੀ ਹੈ। ਪੰਜਾਬੀ ਬੋਲੀ, ਸਾਹਿਤ, ਸੱਭਿਆਚਾਰ ਅਤੇ ਲੋਕਧਾਰਾ ਦੇ ਖੇਤਰ ਵਿਚ ਡਾ. ਗਿੱਲ ਦੇ ਨਵੇਂ ਰਾਹ ਪਾਉਣ ਵਾਲੇ ਅਤੇ ਯੁੱਗ-ਪਰਵਰਤਨ ਯੋਗਦਾਨ ਨੂੰ ਮੁੱਖ ਰੱਖ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 1997 ਵਿਚ ਉਸ ਨੂੰ ਸਨਮਾਨ-ਪੂਰਵਕ ਡਾਕਟਰ ਆਫ਼ ਲਿਟਰੇਚਰ ਦੀ ਡਿਗਰੀ ਪ੍ਰਦਾਨ ਕੀਤੀ।

ਡਾ. ਗਿੱਲ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਉਹ ਪਹਿਲਾ ਭਾਰਤੀ ਵਿੱਦਵਾਨ ਹੈ ਜਿਸ ਦੇ ਲੇਖ 'ਇਨਸਾਈਕਲੋਪੀਡੀਆ ਆਫ਼ ਸੈਮਿਉਟਿਕਸ (ਚਿੰਨ੍ਹ ਵਿਗਿਆਨ ਦਾ ਵਿਸ਼ਵਕੋਸ਼) ਵਿਚ ਛਪਦੇ ਹਨ। ਇਹ ਇਨਸਾਈਕਲੋਪੀਡੀਆ ਆਕਸਫੋਰਡ ਤੇ ਇਨਸਾਈਕਲੋਪੀਡੀਆ ਬ੍ਰਿਟੈਨੀਕਾ ਵਲੋਂ ਪ੍ਰਕਾਸ਼ਿਤ ਕੀਤਾ ਜਾਂਦਾ ਹੈ।

ਡਾ. ਗਿੱਲ ਅਤੇ ਉਨ੍ਹਾਂ ਦੀ ਪਤਨੀ ਨੇ ਮਿਲ ਕੇ ਗੁਰੂ ਨਾਨਕ ਸਾਹਿਬ ਦੇ ਜਪੁ ਜੀ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਜਾਪੁ ਸਾਹਿਬ ਦਾ 1993 ਵਿਚ ਫਰਾਂਸੀਸੀ ਤੇ ਅੰਗਰੇਜ਼ੀ ਵਿਚ ਅਨੁਵਾਦ ਕੀਤਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਵਿਭਾਗ ਦੇ ਪ੍ਰੋਫੈਸਰ ਅਤੇ ਡਾ. ਗਿੱਲ ਦੇ ਪ੍ਰਸੰਸਕ ਡਾ. ਹਰਭਜਨ ਸਿੰਘ ਭਾਟੀਆ ਕਹਿੰਦੇ ਹਨ ਕਿ ਡਾ. ਗਿੱਲ ਨੇ ਹਮੇਸ਼ਾ ਆਪਣੇ ਅਨੁਵਾਦਾਂ ਵਿਚ ਮੌਲਿਕ ਰਚਨਾਵਾਂ (ਗੁਰਬਾਣੀ ਤੇ ਕਿੱਸਿਆਂ) ਦੀ ਮੂਲ ਭਾਵਨਾ ਨੂੰ ਕਾਇਮ ਰੱਖਣ ਦੀਆਂ ਚੁਣੌਤੀਆਂ ਨੂੰ ਸਵੀਕਾਰ ਕੀਤਾ ਹੈ। ਉਹ ਭਾਸ਼ਾ ਦੀ ਰੂਹ ਦੇ ਰੰਗ ਨੂੰ ਬਦਲੇ ਬਿਨਾਂ ਸ਼ਬਦ-ਅਰਥਾਂ ਦੇ ਸੂਖਮ-ਅੰਤਰ ਨੂੰ ਪਕੜਨ ਦੀ ਯੋਗਤਾ ਰੱਖਦੇ ਹਨ।

ਉਨ੍ਹਾਂ ਦਾ ਜਨਮ ਅੰਮ੍ਰਿਤਸਰ ਦੇ ਇਕ ਅਦਨੇ ਜਿਹੇ ਪਿੰਡ ਵਿਚ 1935 ਵਿਚ ਹੋਇਆ। ਉਨ੍ਹਾਂ ਨੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਬੀ.ਏ ਅਤੇ ਗੌਰਮਿੰਟ ਕਾਲਜ ਲੁਧਿਆਣਾ ਤੋਂ ਐੱਮ.ਏ. ਕੀਤੀ। ਭਾਸ਼ਾ ਵਿਗਿਆਨ ਦੀ ਪੜ੍ਹਾਈ ਉਨ੍ਹਾਂ ਨੇ ਦੱਕਨ ਕਾਲਜ ਪੂਨੇ ਤੋਂ 1956 ਤੋਂ 1958 ਤਕ ਕੀਤੀ। ਫੇਰ ਉਨ੍ਹਾਂ ਨੇ ਐੱਮ.ਏ. ਤੇ ਪੀ.ਐੱਚ.ਡੀ. ਹਾਰਡਫੋਰਡ ਅਮਰੀਕਾ ਤੋਂ ਕੀਤੀ। ਉਨ੍ਹਾਂ ਨੂੰ ਫਰਾਂਸ ਵਿਚ ਪ੍ਰੋ. ਆਂਦਰੇ ਮਾਰਟੀਨਰ ਨਾਲ ਕੰਮ ਕਰਨ ਦਾ ਮਾਣ ਹਾਸਲ ਹੈ। 1986 ਵਿਚ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਨੇ ਉਨ੍ਹਾਂ ਨੂੰ ਭਾਸ਼ਾ ਵਿਗਿਆਨ ਦਾ ਨੈਸ਼ਨਲ ਪ੍ਰੋਫੈਸਰ ਨਾਮਜ਼ਦ ਕਰ ਦਿੱਤਾ। ਦੇਸ਼ ਭਰ 'ਚੋਂ ਖ਼ਾਸ ਕਰ ਕੇ ਕੇਰਲਾ ਅਤੇ ਪੱਛਮੀ ਬੰਗਾਲ ਵਿਚੋਂ ਘੱਟੋ-ਘੱਟ ਸੌ ਵਿਦਿਆਰਥੀਆਂ ਨੇ ਉਨ੍ਹਾਂ ਦੀ ਅਗਵਾਈ ਵਿਚ ਪੀ.ਐੱਚ.ਡੀ. ਕੀਤੀ।

ਉਨ੍ਹਾਂ ਦੀਆਂ ਮੌਲਿਕ ਰਚਨਾਵਾਂ ਵਿਚ ਸਟਰੱਕਚਰਜ਼ ਆਫ਼ ਸਿਗਨੀਫੀਕੈਂਸ (ਤਿੰਨ ਭਾਗ), ਸੈਮਿਉਟਿਕਸ ਆਫ਼ ਕਾਨਸੈਪਚੂਅਲ ਸਟਰੱਕਚਰਜ਼, ਮਾਈਥੀਕੋ ਲਿਟਰੇਰੀ ਡਿਸਕੋਰਸ (ਸੇਂਟ ਜੂਲੀਅਨ, ਪੂਰਨ ਭਗਤ, ਹੀਰ ਰਾਂਝਾ) ਅਤੇ ਗੁਰੂ ਨਾਨਕ, ਮਾਛੀਵਾੜਾ, ਹੀਰ ਰਾਂਝਾ ਅਤੇ ਪੰਜਾਬ ਦੀਆਂ ਹੋਰ ਲੋਕ-ਕਥਾਵਾਂ ਦੀ ਵਿਆਖਿਆਤਮਕ ਚਰਚਾ ਆਦਿ ਸ਼ਾਮਲ ਹਨ। ਅੱਜ ਕੱਲ੍ਹ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਲਈ ਗੁਰੂ ਨਾਨਕ ਬਾਣੀ ਦਾ ਦੋ ਭਾਗਾਂ ਵਿਚ ਅੰਗਰੇਜ਼ੀ ਅਨੁਵਾਦ ਕਰ ਰਹੇ ਹਨ।

****



## ਨੇਤਰਹੀਣਾਂ ਦਾ ਮੱਕਾ

ਇੱਕ ਸਦੀ ਤੋਂ ਵੀ ਵਧ ਸਮੇਂ ਤੋਂ ਅੰਮ੍ਰਿਤਸਰ ਸ਼ਹਿਰ ਨੇ ਅੱਖਾਂ ਦੇ ਪ੍ਰਸਿੱਧ ਡਾਕਟਰ ਪੈਦਾ ਕੀਤੇ ਹਨ; ਕੁਝ ਰਾਇਲ ਬ੍ਰਿਟਿਸ਼ ਆਰਮੀ ਵਿਚੋਂ ਅਤੇ ਕੁਝ ਸਾਡੇ ਆਪਣੇ ਲੋਕਾਂ ਵਿਚੋਂ। ਇਸ ਪਵਿੱਤਰ ਸ਼ਹਿਰ ਨੂੰ ਅੱਖਾਂ ਦੀਆਂ ਬਿਮਾਰੀਆਂ ਦੇ ਇਲਾਜ ਦਾ ਮੱਕਾ ਵੀ ਕਿਹਾ ਜਾਂਦਾ ਹੈ। ਪਾਠ ਪੁਸਤਕਾਂ ਵਿਚ ਅਜੇ ਵੀ ਚਿੱਟੇ ਮੋਤੀਏ ਦੇ ਇਲਾਜ ਬਾਰੇ 'ਅੰਮ੍ਰਿਤਸਰ ਤਕਨੀਕ' ਦਾ ਜ਼ਿਕਰ ਮਿਲ ਜਾਂਦਾ ਹੈ, ਜਿਸ ਨੂੰ ਰਾਇਲ ਬ੍ਰਿਟਿਸ਼ ਆਰਮੀ ਦੇ ਕਰਨਲ ਡਾਕਟਰ ਹੈਨਰੀ ਸਮਿਥ ਨੇ ਸਿਖ਼ਰ ਤਕ ਪਹੁੰਚਾਇਆ।

ਵੀਹਵੀਂ ਸਦੀ ਦੇ ਸ਼ੁਰੂ ਵਿਚ ਇੱਥੇ ਗੌਰਮਿੰਟ ਮੈਡੀਕਲ ਕਾਲਜ ਬਣ ਜਾਣ ਨਾਲ ਅੰਮ੍ਰਿਤਸਰ ਉੱਤਰੀ ਭਾਰਤ ਦਾ ਮੁੱਖ ਮੈਡੀਕਲ ਸੈਂਟਰ ਬਣ ਗਿਆ। ਜਿਵੇਂ ਲੁਧਿਆਣਾ ਹੌਜ਼ਰੀ ਲਈ, ਅਲੀਗੜ੍ਹ ਜੰਦਿਆਂ ਲਈ, ਫ਼ਿਰੋਜ਼ਾਬਾਦ ਪਿੱਤਲ ਦੇ ਭਾਂਡਿਆਂ ਲਈ ਅਤੇ ਸੂਰਤ ਹੀਰਿਆਂ ਲਈ ਮਸ਼ਹੂਰ ਹਨ, ਉਸ ਤਰ੍ਹਾਂ ਅੰਮ੍ਰਿਤਸਰ ਅੱਖਾਂ ਦੇ ਡਾਕਟਰਾਂ ਲਈ ਪ੍ਰਸਿੱਧ ਹੈ ਜਿਨ੍ਹਾਂ ਦੀਆਂ ਮੁੱਢਲੀਆਂ ਕੋਸ਼ਿਸ਼ਾਂ ਨੇ ਅੱਖਾਂ ਵਿਚ ਮਸਨੂਈ ਲੈਂਜ਼ ਪਾਉਣ ਦੀ ਸਰਜਰੀ ਵਿਚ ਇਨਕਲਾਬ ਲੈ ਆਂਦਾ।

ਉਹ ਦਿਨ ਗਏ ਜਦੋਂ ਡਾਕਟਰਾਂ ਕੋਲ ਅੱਖਾਂ ਦੇ ਇਲਾਜ ਦੇ ਸੀਮਤ ਸਾਧਨ ਹੁੰਦੇ ਸਨ ਅਤੇ ਉਹ ਕੇਵਲ ਅੱਖਾਂ ਦੇ ਕੈਂਪ ਹੀ ਲਾਇਆ ਕਰਦੇ ਸਨ ਅਤੇ ਉਨ੍ਹਾਂ ਕੋਲ ਇਕੋ ਇਕ ਔਜ਼ਾਰ ਨਿਗੂਣੀ ਬੈਟਰੀ ਹੀ ਹੁੰਦੀ ਸੀ। ਹੁਣ ਡਾਕਟਰਾਂ ਪਾਸ ਜਾਂਚ-ਪੜਤਾਲ ਕਰਨ ਦੇ ਅਤੇ ਚੀਰ-ਫਾੜ ਕਰਨ ਦੇ ਵਧੀਆ ਔਜ਼ਾਰ ਹਨ। ਕੁਝ ਬਿਮਾਰੀਆਂ ਜੋ ਕੁਝ ਸਾਲ ਪਹਿਲਾਂ ਲਾਇਲਾਜ ਸਨ ਹੁਣ ਕੋਈ ਵੀ ਬਿਮਾਰੀ ਇਸ ਸ਼੍ਰੇਣੀ ਵਿਚ ਨਹੀਂ ਆਉਂਦੀ।

ਅੱਖਾਂ ਦੇ ਵਧੀਆ ਡਾਕਟਰਾਂ ਦੀ ਸੂਚੀ ਬਹੁਤ ਲੰਮੀ ਹੈ ਪਰ ਡਾ. ਤੁਲਸੀ ਦਾਸ ਨੂੰ ਨੇਤਰ ਰੋਗਾਂ ਦਾ ਸੁਪ੍ਰਸਿੱਧ ਪਿਤਾਮਾ ਸਮਝਿਆ ਜਾਂਦਾ ਹੈ। ਉਨ੍ਹਾਂ ਨੇ ਗੌਰਮਿੰਟ ਮੈਡੀਕਲ ਕਾਲਜ ਦੇ ਇਕ ਵਿਭਾਗ ਵਜੋਂ ਮਸ਼ਹੂਰ ਰਾਮ ਲਾਲ ਆਈ ਹਸਪਤਾਲ ਸ਼ੁਰੂ ਕੀਤਾ। ਇਸ ਹਸਪਤਾਲ ਨੇ ਅੰਮ੍ਰਿਤਸਰ ਨੂੰ ਮੁੱਖ ਨੇਤਰ ਕੇਂਦਰ ਬਣਾਉਣ ਵਿਚ ਅਹਿਮ ਰੋਲ ਅਦਾ ਕੀਤਾ।

ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਨੇ ਡਾ. ਤੁਲਸੀ ਦਾਸ ਨੂੰ 1962 ਵਿਚ ਚੰਡੀਗੜ੍ਹ ਵਿਖੇ ਪੀ.ਜੀ.ਆਈ. ਸਥਾਪਿਤ ਕਰਨ ਦੀ ਜ਼ਿੰਮੇਵਾਰੀ ਸੌਂਪੀ। ਡਾ. ਤੁਲਸੀ ਦਾਸ ਬਾਅਦ ਵਿਚ ਇਸ ਪ੍ਰਤਿਸ਼ਟ ਸੰਸਥਾ ਦੇ ਬਾਨੀ ਡਾਇਰੈਕਟਰ ਨਿਯੁਕਤ ਹੋ ਗਏ। ਫੇਰ ਉਨ੍ਹਾਂ ਨੇ ਟ੍ਰਿਬਿਊਨ ਟਰੱਸਟ ਦੇ ਬੋਰਡ ਵਿਚ ਸੇਵਾ ਕੀਤੀ ਅਤੇ ਕੁਝ ਸਮੇਂ ਬਾਅਦ ਇਸ ਬੋਰਡ ਦੇ ਪ੍ਰਧਾਨ ਚੁਣੇ ਗਏ। ਉਹ ਭਾਰਤ ਦੀ ਮੈਡੀਕਲ ਕੌਂਸਲ ਦੇ ਵੀ

ਪ੍ਰਧਾਨ ਸਨ। ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮ ਭੂਸ਼ਨ ਐਵਾਰਡ ਦੇ ਕੇ ਸਨਮਾਨਿਤ ਕੀਤਾ।

ਅੰਮ੍ਰਿਤਸਰ ਦੀ ਮਾਲ ਰੋਡ 'ਤੇ ਡਾ. ਓਮ ਪ੍ਰਕਾਸ਼ ਦਾ ਸਤਿਅਮ ਨੇਤਰਾਲਿਆ ਹੈ, ਜੋ ਉਨ੍ਹਾਂ ਨੂੰ ਆਪਣੇ ਚਾਚਾ ਜੀ ਤੋਂ ਵਿਰਸੇ ਵਿਚ ਮਿਲਿਆ ਹੈ। ਇਸ ਹਸਪਤਾਲ ਦੇ ਮੋਤੀਆ ਵਿਭਾਗ ਦੇ ਮੁਖੀ ਡਾ. ਰੋਹਿਤ ਓਮ ਪ੍ਰਕਾਸ ਹਨ, ਜੋ ਆਪਣੇ ਪਰਿਵਾਰ ਦੀ ਪਰੰਪਰਾ ਨੂੰ ਅੱਗੇ ਤੋਰ ਰਹੇ ਹਨ। ਇਸ ਹਸਪਤਾਲ ਦਾ ਮੋਤੀਆਬਿੰਦ ਵਿਭਾਗ, ਇਲਾਕੇ ਦੇ ਵਧੀਆ ਮੋਤੀਆ ਬਿੰਦ ਵਿਭਾਗਾਂ ਵਿਚੋਂ ਇਕ ਹੈ। ਡਾ. ਰੋਹਿਤ 1995 ਵਿਚ ਚਿੱਟੇ ਮੋਤੀਏ ਨੂੰ ਫੈਕੋ-ਇਮਲਸੀਫੀਕੇਸ਼ਨ ਤਕਨੀਕ (ਬਿਨਾਂ ਟੀਕਾ, ਬਿਨਾਂ ਟਾਂਕੇ ਬਿਨਾਂ ਪੱਟੀ ਤੋਂ ਚਿੱਟਾ ਮੋਤੀਆ ਕੱਢਣ ਦੀ ਤਕਨੀਕ) ਦੀ ਸਭ ਤੋਂ ਪਹਿਲਾਂ ਵਰਤੋਂ ਕਰਨ ਵਾਲੇ ਡਾਕਟਰਾਂ ਵਿਚੋਂ ਇਕ ਸਨ। ਉਹ ਆਪਣੇ ਚਾਚੇ ਡਾ. ਓਮ ਪ੍ਰਕਾਸ਼ ਦੀ ਸੁਚੇਤ ਸਰਗਰਮੀ ਅਧੀਨ ਛੇਤੀ ਹੀ ਬਹੁਤ ਕੁਝ ਸਿੱਖ ਗਏ। ਡਾ. ਰੋਹਿਤ ਨੇ ਅੱਖ ਦੇ ਪਿਛਲੇ ਹਿੱਸੇ ਰਾਹੀਂ ਮਸਨੂਈ ਲੈਂਜ਼ ਪਾਉਣ ਦੀ ਨਵੀਂ ਤਕਨੀਕ ਈਜਾਦ ਕੀਤੀ।

ਰਾਮ ਲਾਲ ਆਈ ਐਂਡ ਈ.ਐੱਨ.ਟੀ. ਹਸਪਤਾਲ ਦੀ ਵਾਗ ਡੋਰ ਇਕ ਹੋਰ ਪ੍ਰਸਿੱਧ ਨੇਤਰ ਡਾਕਟਰ, ਡਾ. ਮਾਨ ਸਿੰਘ ਨਿਰੰਕਾਰੀ ਨੂੰ ਸੌਂਪ ਦਿੱਤੀ ਗਈ। ਡਾ. ਨਿਰੰਕਾਰੀ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਇਕ ਡਾਕਟਰ ਸਨ। ਉਨ੍ਹਾਂ ਨੇ ਕਈ ਨਵੇਂ ਹੋਣਹਾਰ ਡਾਕਟਰਾਂ ਨੂੰ ਸਿਖਲਾਈ ਦਿੱਤੀ।

ਉਨ੍ਹਾਂ ਦੇ ਸਪੁੱਤਰ ਵਰਿੰਦਰ ਨਿਰੰਕਾਰੀ ਉਨ੍ਹਾਂ ਦੇ ਪੈਰ-ਚਿੰਨ੍ਹਾਂ 'ਤੇ ਚੱਲੇ ਅਤੇ ਅਮਰੀਕਾ ਵਿਚ ਮਸ਼ਹੂਰ ਕੋਰਨੀਆ ਸਰਜਨ ਬਣ ਗਏ। (ਕੋਰਨੀਆ ਅੱਖ ਦੀ ਪਾਰਦਰਸ਼ਕ ਝਿੱਲੀ ਨੂੰ ਕਹਿੰਦੇ ਹਨ।) ਜਦੋਂ ਡਾ. ਦਲਜੀਤ ਸਿੰਘ ਨੇ ਅਸਤੀਫ਼ਾ ਦੇ ਦਿੱਤਾ ਤਾਂ ਅੱਖਾਂ ਦੇ ਡਾਕਟਰਾਂ ਦੀ ਨਵੀਂ ਪਨੀਰੀ ਨੂੰ ਬਹੁਤ ਘਾਟਾ ਪਿਆ। ਡਾ. ਬਲਜੀਤ ਸਿੰਘ ਢਿੱਲੋਂ ਦੇ ਆਉਣ ਨਾਲ ਅੰਮ੍ਰਿਤਸਰ ਦੀ ਨੇਤਰ-ਚਕਿਤਸਾ ਦੀ ਮੱਧਮ ਪੈ ਗਈ ਸ਼ਾਨ ਫੇਰ ਬਹਾਲ ਹੋ ਗਈ। ਡਾ. ਢਿੱਲੋਂ ਨੇ ਨੇਤਰ-ਚਕਿਤਸਾ ਬਾਰੇ ਅਮਰੀਕਾ ਵਿਚ ਲਾਸ ਵਿਗਾਸ ਵਿਖੇ ਇਕ ਪੇਪਰ ਵੀ ਪੜ੍ਹਿਆ।

ਅੱਖਾਂ ਦੀ ਕੋਈ ਵੀ ਇਹੋ ਜਿਹੀ ਬਿਮਾਰੀ ਨਹੀਂ ਜਿਸ ਦਾ ਅੰਮ੍ਰਿਤਸਰ ਵਿਚ ਇਲਾਜ ਨਾ ਹੋ ਸਕਦਾ ਹੋਵੇ। ਮਰਹੂਮ ਪਦਮਸ਼੍ਰੀ ਡਾ. ਦਲਜੀਤ ਸਿੰਘ (11 ਅਕਤੂਬਰ 1934-27 ਦਸੰਬਰ 2017) ਨੇ ਮੋਤੀਏ ਦੇ ਰਵਾਇਤੀ ਇਲਾਜ ਵਿਚ ਬੇਹੱਦ ਤਬਦੀਲੀ ਲਿਆਂਦੀ। ਉਨ੍ਹਾਂ ਨੇ ਰੋਟਰੀ ਇੰਟਰਨੈਸ਼ਨਲ ਗਰਾਂਟ ਸਕੀਮ ਦੇ ਅਧੀਨ ਅਮਰੀਕਾ ਤੋਂ ਅੱਖਾਂ ਵਿਚ ਲੈਂਜ਼ ਪਾਉਣ ਦੀ ਮਸ਼ੀਨਰੀ ਮੰਗਵਾਈ। ਉਨ੍ਹਾਂ ਨੇ ਇਹ ਤਕਨੀਕ ਨਵੇਂ ਡਾਕਟਰਾਂ ਨੂੰ ਸਿਖਾਉਣ ਵਿਚ ਪਹਿਲ ਕੀਤੀ ਅਤੇ ਅੱਖਾਂ ਵਿਚ ਲੈਂਜ਼ ਪਾਉਣ ਦੀ ਇਕ ਨਵੀਂ ਤਕਨੀਕ ਦਾ ਆਗਾਜ਼ ਕੀਤਾ।

ਇਸ ਖੇਤਰ ਵਿਚ ਸਰਦਾਰ ਬਹਾਦਰ ਸੋਹਨ ਸਿੰਘ ਦੇ ਪਰਿਵਾਰ ਦਾ ਯੋਗਦਾਨ ਬੇਮਿਸਾਲ ਹੈ। ਡਾਕਟਰਾਂ ਦੀ ਪੰਜਵੀਂ ਪੀੜ੍ਹੀ ਨੇਤਰ ਚਕਿਤਸਾ ਦੀ ਇਸ ਪਰੰਪਰਾ ਨੂੰ ਕਾਇਮ ਵੀ ਰੱਖ ਰਹੀ ਹੈ ਅਤੇ ਅੱਗੇ ਵੀ ਵਧਾ ਰਹੀ ਹੈ।



ਭਾਵੇਂ ਹੁਣ ਮੋਤੀਏ ਦਾ ਇਲਾਜ ਸਾਰੇ ਸ਼ਹਿਰਾਂ ਵਿਚ ਉਪਲਬਧ ਹੈ ਪਰ ਇਸ ਸਬੰਧ ਵਿਚ ਪਹਿਲ ਅੰਮ੍ਰਿਤਸਰ ਨੂੰ ਹੀ ਦਿੱਤੀ ਜਾਂਦੀ ਹੈ। ਡਾ. ਦਲਜੀਤ ਸਿੰਘ ਦਾ ਨਾਂ ਨੇਤਰ ਚਕਿਤਸਾ ਦਾ ਸਮ-ਅਰਥ ਸ਼ਬਦ ਬਣ ਗਿਆ ਹੈ।

ਕੁਝ ਸਮਾਂ ਪਹਿਲਾਂ ਤਕ, ਮੋਤੀਆ ਬਿੰਦ ਦੇ ਮਰੀਜ਼ਾਂ ਨੂੰ, ਲੈਂਜ਼ ਦੇ ਧੁੰਦਲਾਪਨ ਨੂੰ ਦੂਰ ਕਰਨ ਲਈ ਨਾ-ਭਰੋਸੇਯੋਗ ਸਰਜਰੀ ਦਾ ਸਹਾਰਾ ਲੈਣਾ ਪੈਂਦਾ ਸੀ ਅਤੇ ਬਿਮਾਰੀ ਤੋਂ ਪੂਰੀ ਤਰ੍ਹਾਂ ਮੁਕਤ ਹੋਣ ਲਈ ਕਈ ਦਿਨ ਹਸਪਤਾਲ ਵਿਚ ਰਹਿਣਾ ਪੈਂਦਾ ਸੀ।

ਪਿਛਲੇ ਤੀਹ ਸਾਲਾਂ ਵਿਚ ਨੇਤਰ ਚਕਿਤਸਾ ਦਾ ਹੌਲੀ-ਹੌਲੀ ਬਹੁਤ ਵਿਕਾਸ ਹੋਇਆ ਹੈ। ਹੁਣ ਮਰੀਜਾਂ ਨੂੰ ਅੰਦੇਸ਼ੇ ਵਾਲੀ ਅੱਖ-ਸਰਜਰੀ 'ਤੇ ਨਿਰਭਰ ਰਹਿਣ ਦੀ ਲੋੜ ਨਹੀਂ।

ਭਾਰਤ ਵਿਚ ਲੈਂਜ਼ ਪਾਉਣ ਦੀ ਤਕਨੀਕ ਦਾ ਆਗਾਜ਼ 1976 ਵਿਚ ਡਾ. ਦਲਜੀਤ ਸਿੰਘ ਨੇ ਕੀਤਾ। ਉਸ ਤੋਂ ਬਾਅਦ ਇਹ ਤਕਨੀਕ ਅੱਗੇ ਤੋਂ ਅੱਗੇ ਵਧਦੀ ਹੀ ਗਈ। ਡਾ. ਦਲਜੀਤ ਸਿੰਘ ਨੇ ਕਈ ਸਾਲਾਂ ਦੀ ਖੋਜ ਅਤੇ ਮਿਹਨਤ ਤੋਂ ਬਾਅਦ ਅੱਖ ਵਿਚ ਲੈਂਜ਼ ਪਾਉਣ ਦੀ ਪੱਧਤੀ ਦੀ ਸ਼ੁਰੂਆਤ ਕੀਤੀ। ਉਸ ਤੋਂ ਬਾਅਦ ਕਈ ਹੋਰ ਡਾਕਟਰਾਂ ਨੇ ਵੀ ਇਸ ਨੂੰ ਅਪਣਾ ਲਿਆ। ਉਨ੍ਹਾਂ ਨੇ ਇਸ ਤਕਨੀਕ ਦੀ ਸਿਖਲਾਈ ਡਾ. ਦਲਜੀਤ ਸਿੰਘ ਤੋਂ ਹੀ ਲਈ।

ਡਾ. ਦਲਜੀਤ ਸਿੰਘ ਨੇ ਅਮਰੀਕਾ ਦੇ ਪ੍ਰਸਿੱਧ ਅੱਖ-ਵਿਗਿਆਨੀ ਡਾ. ਫੂਗੋ ਨਾਲ ਮਿਲ ਕੇ ਕਾਲੇ ਮੋਤੀਏ ਅਤੇ ਚਿੱਟੇ ਮੋਤੀਏ ਦੇ ਇਲਾਜ ਲਈ 'ਪਲਾਜ਼ਮਾ ਸਕਾਲਪੈੱਲ' ਈਜਾਦ ਕੀਤਾ। ਇਸ ਪੱਧਤੀ ਨਾਲ ਅੱਖਾਂ ਦੇ ਅੰਦਰਲੀਆਂ ਨਸਾਂ ਦਾ ਕੋਈ ਨੁਕਸਾਨ ਨਹੀਂ ਹੁੰਦਾ ਅਤੇ ਇਸ ਤਕਨੀਕ ਨੂੰ ਖ਼ੂਨ-ਨਾੜੀਆਂ ਅਤੇ ਅੱਖ, ਨੱਕ ਅਤੇ ਗਲੇ (ਈ. ਐੱਨ. ਟੀ.) ਦੀ ਸਰਜਰੀ ਲਈ ਵੀ ਵਰਤਿਆ ਜਾ ਸਕਦਾ ਹੈ।

ਡਾ. ਦਲਜੀਤ ਸਿੰਘ ਦੇ ਦੋ ਪੁੱਤਰਾਂ ਡਾ. ਰਵੀਜੀਤ ਸਿੰਘ ਤੇ ਡਾ. ਕਿਰਨਜੀਤ ਸਿੰਘ ਅਤੇ ਉਨ੍ਹਾਂ ਦੀਆਂ ਦੋ ਨੂੰਹਾਂ ਡਾ. ਇੰਦੂ ਆਰ. ਸਿੰਘ ਅਤੇ ਡਾ. ਸੀਮਾ ਕਿਰਨਜੀਤ ਸਿੰਘ ਉਤੇ ਆਧਾਰਿਤ ਨੇਤਰ ਡਾਕਟਰਾਂ ਦੀ ਇਕ ਸ਼ਕਤੀਸ਼ਾਲੀ ਟੀਮ ਬਣ ਗਈ ਹੈ।

ਡਾ. ਦਲਜੀਤ ਸਿੰਘ ਨੇ ਦੇਸ਼ ਦੀਆਂ ਮਸ਼ਹੂਰ ਹਸਤੀਆਂ, ਰਾਸ਼ਟਰਪਤੀ ਗਿ. ਜ਼ੈਲ ਸਿੰਘ, ਉਪ ਪ੍ਰਧਾਨ ਮੰਤਰੀ ਚੌਧਰੀ ਦੇਵੀ ਲਾਲ ਅਤੇ ਉੜੀਸਾ ਦੇ ਗਵਰਨਰ ਸ੍ਰੀ ਬੀ.ਐੱਨ.ਪਾਂਡੇ ਦਾ ਇਲਾਜ ਕੀਤਾ।

ਡਾ. ਦਲਜੀਤ ਸਿੰਘ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਮਨੁੱਖੀ ਉਤਪਤੀ ਵਿਗਿਆਨ ਵਿਭਾਗ ਦੇ ਸਹਿਯੋਗ ਨਾਲ ਉਨ੍ਹਾਂ ਤਿੰਨ ਨਵੇਂ ਜੀਨਜ਼ ਨੂੰ ਨਿਖੇੜਿਆ, ਜੋ ਜਮਾਂਦਰੂ ਮੋਤੀਏ ਦਾ ਕਾਰਨ ਬਣਦੇ ਸਨ।

ਡਾ. ਦਲਜੀਤ ਸਿੰਘ ਦੀ ਸਭ ਤੋਂ ਵੱਡੀ ਪ੍ਰਾਪਤੀ ਉਨ੍ਹਾਂ 11 ਬੱਚਿਆਂ ਦੀ ਨਜ਼ਰ ਬਹਾਲ ਕਰਨਾ ਸੀ ਜੋ ਉੜੀਸਾ ਵਿਚ ਸੁਤੰਤਰਤਾ ਦਿਵਸ ਦੇ ਸਮਾਰੋਹ ਵਿਚ ਗੈਸ ਸਿਲੰਡਰ ਦੇ ਫੱਟਣ ਨਾਲ ਅੱਖਾਂ ਦੀ ਜੋਤ ਗੁਆ ਚੁੱਕੇ ਸਨ।

ਸਥਾਨਕ ਡਾਕਟਰ ਲੋਕਾਂ ਨੂੰ ਅੱਖਾਂ ਦਾ ਦਾਨ ਕਰਨ ਲਈ ਪੁਰਜ਼ੋਰ ਅਪੀਲ ਕਰਦੇ ਹਨ। ਉਨ੍ਹਾਂ ਨੇ ਮ੍ਰਿਤਕ ਸਰੀਰਾਂ ਵਿਚੋਂ ਕੋਰਨੀਆ ਦੀ ਪ੍ਰਾਪਤੀ ਲਈ ਅਤੇ ਲੋਕਾਂ ਨੂੰ ਇਸ ਸ਼ੁਭ ਕਾਰਜ ਲਈ ਜਾਗਰੂਕ ਕਰਨ ਵਾਸਤੇ ਵਿਸ਼ੇਸ਼ ਟੀਮਾਂ ਬਣਾਈਆਂ ਹੋਈਆਂ ਹਨ।

ਪੁਰਾਣੇ ਸ਼ਹਿਰ ਵਿਚ ਸਰਦਾਰ ਬਹਾਦਰ ਡਾ. ਸੋਹਣ ਸਿੰਘ ਵਲੋਂ ਸਥਾਪਿਤ ਕੀਤਾ ਹੋਇਆ ਅੱਖਾਂ ਦਾ ਇਕ ਹਸਪਤਾਲ ਹੈ। ਇਹ ਹਸਪਤਾਲ ਉਸ ਹਵੇਲੀ ਵਿਚ ਬਣਿਆ ਹੋਇਆ ਹੈ ਜਿਹੜੀ 1916 ਵਿਚ ਪਰਿਵਾਰ ਦੀ ਰਿਹਾਇਸ਼ ਲਈ ਖ਼ਰੀਦੀ ਗਈ ਸੀ। ਇਸ ਹਸਪਤਾਲ ਦਾ ਨਾਂ ਡਾ. ਸੋਹਣ ਸਿੰਘ ਦੇ ਨਾਂ 'ਤੇ ਰੱਖਿਆ ਗਿਆ ਹੈ, ਜੋ ਨੇਤਰ-ਚਕਿਤਸਾ ਦੇ ਇਕ ਅਸਾਧਾਰਨ ਅਧਿਆਪਕ ਅਤੇ ਅੱਖਾਂ ਦੇ ਮਾਹਿਰ ਅਤੇ ਪ੍ਰਤਿਭਾਸ਼ਾਲੀ ਡਾਕਟਰ ਹਨ। ਇਸ ਦੇ ਨਾਲ-ਨਾਲ ਉਹ ਇਕ ਜਨ-ਹਿਤੈਸ਼ੀ ਇਨਸਾਨ, ਸਿੱਖਿਆ-ਸ਼ਾਸਤਰੀ, ਖਿਡਾਰੀ ਅਤੇ ਸੰਗੀਤ-ਪ੍ਰੇਮੀ ਵੀ ਹਨ।

ਅੰਗਰੇਜ਼ ਸਰਕਾਰ ਨੇ ਉਨ੍ਹਾਂ ਨੂੰ ਸਰਦਾਰ ਬਹਾਦਰ ਦਾ ਖ਼ਿਤਾਬ ਦਿੱਤਾ ਅਤੇ ਭਾਰਤ ਦੇ ਵਾਇਸਰਾਏ ਦਾ ਆਨਰੇਰੀ ਨੇਤਰ ਡਾਕਟਰ ਨਿਯੁਕਤ ਕੀਤਾ। ਉਹ ਭਾਰਤ ਦੀ ਨੇਤਰ ਚਕਿਤਸਾ ਨੂੰ ਸੰਸਾਰ ਪੱਧਰ 'ਤੇ ਪਹੁੰਚਾਉਣਾ ਚਾਹੁੰਦੇ ਸਨ। ਇਸ ਮਕਸਦ ਦੀ ਪੂਰਤੀ ਲਈ ਉਨ੍ਹਾਂ ਨੇ ਲੰਡਨ, ਵੀਆਨਾ, ਬਰਲਿਨ ਅਤੇ ਪੈਰਿਸ ਆਦਿ ਸ਼ਹਿਰਾਂ ਦੀ ਯਾਤਰਾ ਕੀਤੀ ਤਾਂ ਜੋ ਉਹ ਅੱਖਾਂ ਦੀਆਂ ਬਿਮਾਰੀਆਂ ਦੇ ਇਲਾਜ ਲਈ ਨਵੀਆਂ ਤੋਂ ਨਵੀਆਂ ਤਕਨੀਕਾਂ ਤੋਂ ਵਾਕਫ਼ ਹੋ ਸਕਣ। ਸਰਦਾਰ ਬਹਾਦਰ ਡਾ. ਸੋਹਣ ਸਿੰਘ 1961 ਵਿਚ ਸਵਰਗਵਾਸ ਹੋ ਗਏ। ਹੁਣ ਉਨ੍ਹਾਂ ਦਾ ਸਪੁੱਤਰ ਡਾ. ਰਣਬੀਰ ਸਿੰਘ ਆਪਣੇ ਕੀਰਤੀਵਾਨ ਪਿਤਾ ਦੇ ਪਦ-ਚਿੰਨ੍ਹਾਂ 'ਤੇ ਚਲ ਰਿਹਾ ਹੈ।

ਡਾ. ਰਣਬੀਰ ਸਿੰਘ ਨੇ ਕੁਝ ਪੋਸਟ-ਗਰੈਜੂਏਟ ਟਰੇਨਿੰਗ ਮੂਰਫੀਲਡਜ਼ ਆਈ ਹਸਪਤਾਲ ਲੰਡਨ ਤੋਂ ਹਾਸਲ ਕੀਤੀ। ਇੱਥੇ ਉਨ੍ਹਾਂ ਨੇ ਭੈਂਗਾਪਨ ਦੂਰ ਕਰਨ ਅਤੇ ਕਨਟੈਕਟ ਲੈਂਜ਼ ਪਾਉਣ ਦੀ ਵਿਸ਼ੇਸ਼ ਸਿਖਲਾਈ ਪ੍ਰਾਪਤ ਕੀਤੀ। ਉਹ ਗੌਰਮਿੰਟ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਨੇਤਰ ਵਿਗਿਆਨ ਵਿਭਾਗ ਤੋਂ 1974 ਵਿਚ ਸੇਵਾ-ਮੁਕਤ ਹੋਏ ਅਤੇ ਅੱਜ ਕੱਲ੍ਹ ਵੀ 96 ਸਾਲ ਦੀ ਉਮਰ ਵਿਚ ਅੱਖਾਂ ਦੇ ਇਲਾਜ ਬਾਰੇ ਸਲਾਹਕਾਰ ਵਜੋਂ ਮਨੁੱਖਤਾ ਦੀ ਸੇਵਾ ਕਰ ਰਹੇ ਹਨ।

ਡਾ. ਰਣਬੀਰ ਸਿੰਘ ਦੇ ਦੋ ਸਪੁੱਤਰ ਡਾ. ਰਾਜਬੀਰ ਸਿੰਘ ਤੇ ਡਾ. ਪ੍ਰੀਤਮ ਸਿੰਘ ਵੀ ਅੱਖਾਂ ਦੇ ਯੋਗਤਾ ਪ੍ਰਾਪਤ ਡਾਕਟਰ ਹਨ।

ਦੋਹਾਂ ਭਰਾਵਾਂ ਵਿਚੋਂ ਵੱਡੇ ਭਰਾ ਡਾ. ਰਾਜਬੀਰ ਸਿੰਘ ਨੇ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਸਾਨਫਰਾਂਸਿਸਕੋ ਅਮਰੀਕਾ ਤੋਂ ਵਿਟਰੀਉ ਰੈਟੀਨਲ ਸਰਜਰੀ (ਅੱਖ ਦੇ ਪਿਛਲੇ ਹਿੱਸੇ ਦੀ ਬਿਮਾਰੀ ਦਾ ਇਲਾਜ) ਕਰਨ ਦੀ ਸਿਖਲਾਈ ਮੁਕੰਮਲ ਕੀਤੀ ਅਤੇ ਉਹ 1978 ਵਿਚ ਆਪਣੇ ਪਿਤਾ ਨਾਲ ਮਿਲ ਕੇ ਡਾਕਟਰੀ ਕਰਨ ਲੱਗੇ। ਡਾ. ਪ੍ਰੀਤਮ ਸਿੰਘ ਵੀ ਸੰਕਰ ਨੇਤਰਾਲਿਆ ਆਈ ਹਸਪਤਾਲ ਚਨੱਈ ਤੋਂ ਵਿਸ਼ੇਸ਼ ਸਿਖਲਾਈ



ਲੈਣ ਉਪਰੰਤ 1991 ਵਿਚ ਆਪਣੇ ਪਿਤਾ ਨਾਲ ਕੁਲਵਕਤੀ ਡਾਕਟਰ ਵਜੋਂ ਸ਼ਾਮਲ ਹੋ ਗਏ।

ਆਪਣੇ ਪਰਿਵਾਰ ਦੀ ਪਰੰਪਰਾ ਨੂੰ ਕਾਇਮ ਰੱਖਦੇ ਹੋਏ ਡਾ. ਰਾਜਬੀਰ ਸਿੰਘ ਦੇ ਬੇਟੇ ਡਾ. ਅਜੈ ਸਿੰਘ ਵੀ ਅੱਖਾਂ ਦੇ ਹੋਣਹਾਰ ਡਾਕਟਰ ਬਣ ਰਹੇ ਹਨ। ਉਹ ਵੀ ਯੂ.ਸੀ. ਐੱਸ. ਐੱਫ. ਤੋਂ ਰੈਟੀਨਾ ਫੈਲੋਸ਼ਿਪ ਮੁਕੰਮਲ ਕਰ ਕੇ ਜੂਨੀਅਰ ਸਲਾਹਕਾਰ ਵਜੋਂ ਹਸਪਤਾਲ ਵਿਚ ਕੰਮ ਕਰਨ ਲਗ ਪਏ ਹਨ।

ਡਾ. ਰਾਜਬੀਰ ਸਿੰਘ ਲੱਕੜ ਉਤੇ ਖੁਦਾਈ ਦਾ ਕੰਮ ਕਰਨ ਵਾਲੇ ਕਲਾਕਾਰ ਵੀ ਹਨ। ਉਨ੍ਹਾਂ ਨੇ ਲੱਕੜ ਉਤੇ ਖੁਦਾਈ ਕਰਨ ਲਈ ਆਪਣੀ ਇਕ ਵਰਕਸ਼ਾਪ ਵੀ ਬਣਾਈ ਹੋਈ ਹੈ ਜਿੱਥੇ ਬੈਠ ਕੇ ਉਹ ਸੁੰਦਰ ਡਿਜ਼ਾਈਨਾਂ ਵਾਲੇ ਖ਼ੂਬਸੂਰਤ ਖਿਡੌਣੇ ਅਤੇ ਕਲਾ-ਕ੍ਰਿਤਾਂ ਬਣਾਉਂਦੇ ਹਨ। ਡਾ. ਪ੍ਰੀਤਮ ਸਿੰਘ ਨੂੰ ਹਵਾਬਾਜ਼ੀ ਅਤੇ ਭਾਸ਼ਾਵਾਂ ਸਿੱਖਣ ਦਾ ਸ਼ੌਕ ਹੈ। ਉਹ ਜਰਮਨ ਭਾਸ਼ਾ ਚੰਗੀ ਤਰ੍ਹਾਂ ਬੋਲ ਵੀ ਸਕਦੇ ਹਨ ਅਤੇ ਲਿਖ ਵੀ ਸਕਦੇ ਹਨ। ਮਜ਼ੇ ਦੀ ਗੱਲ ਇਹ ਹੈ ਕਿ ਉਹ ਇਕ ਪ੍ਰਤਿਭਾਸ਼ੀਲ ਚਿਤਰਕਾਰ ਵੀ ਹਨ।

## ਦੇਸ਼-ਵੰਡ ਤੋਂ ਬਾਅਦ

ਦੇਸ਼-ਵੰਡ ਤੋਂ ਬਾਅਦ ਰਾਮ ਲਾਲ ਆਈ ਹਸਪਤਾਲ ਉੱਤਰੀ ਭਾਰਤ ਦੀ ਇਕੋ-ਇਕ ਸੰਸਥਾ ਸੀ ਜੋ ਪੋਸਟ-ਗਰੈਜੂਏਸ਼ਨ ਡਿਗਰੀ ਡੀ.ਓ.ਐੱਮ.ਐੱਸ. ਪ੍ਰਦਾਨ ਕਰਦੀ ਸੀ। ਕੁਝ ਸਮੇਂ ਬਾਅਦ ਇਹ ਸੰਸਥਾ ਨੇਤਰ ਚਕਿਤਸਾ ਦੀ ਐੱਮ. ਐੱਸ. ਡਿਗਰੀ ਵੀ ਦੇਣ ਲਗ ਪਈ। ਦੇਸ਼-ਵੰਡ ਤੋਂ ਪਹਿਲਾਂ ਕੇਵਲ ਸਟੈਨਲੇ ਮੈਡੀਕਲ ਕਾਲਜ ਮਦਰਾਸ ਤੋਂ ਹੀ ਇਹ ਡਿਗਰੀ ਪ੍ਰਾਪਤ ਕੀਤੀ ਜਾ ਸਕਦੀ ਸੀ।

ਇਸ ਸੰਸਥਾ ਨੇ ਬਹੁਤ ਸਾਰੇ ਅੱਖਾਂ ਦੇ ਡਾਕਟਰ ਪੈਦਾ ਕੀਤੇ ਹਨ, ਜਿਨ੍ਹਾਂ ਨੇ ਏ.ਆਈ.ਆਈ ਐੱਮ.ਐੱਸ. ਦਿੱਲੀ; ਮੌਲਾਨਾ ਆਜ਼ਾਦ ਮੈਡੀਕਲ ਕਾਲਜ ਰੋਹਤਕ ਅਤੇ ਪੀ.ਜੀ.ਆਈ. ਚੰਡੀਗੜ੍ਹ ਵਰਗੀਆਂ ਪ੍ਰਤਿਸ਼ਟ ਸੰਸਥਾਵਾਂ ਵਿਚ ਕੰਮ ਕੀਤਾ। ਅਜਿਹੇ ਨਾਮਵਰ ਨੇਤਰ ਡਾਕਟਰਾਂ ਵਿਚ ਡਾ. ਧਨਵੰਤ ਸਿੰਘ, ਡਾ. ਸੋਹਣ ਲਾਲ ਸ਼ਰਮਾ, ਡਾ.ਪੀ.ਕੇ ਖੋਸਲਾ, ਡਾ. ਇੰਦਰ ਭਾਟੀਆ, ਡਾ. ਐੱਸ.ਐੱਮ. ਸੂਦ, ਡਾ. ਪ੍ਰੇਮ ਮਹਿਰਾ, ਡਾ. ਪ੍ਰੇਮ ਵਿਰਦੀ, ਡਾ.ਪਸਰੀਚਾ, ਡਾ. ਕਟਾਰੀਆ, ਡਾ. ਅਨਿਲ ਭਾਟੀਆ, ਡਾ. ਕੇ.ਡੀ. ਸਿੰਘ, ਡਾ. ਦਿਨੇਸ਼ ਸ਼ਰਮਾ, ਡਾ. ਮਹਿੰਦਰ ਸਿੰਘ (ਲੰਡਨ), ਡਾ. ਮਹਿੰਦਰ ਸਿੰਘ (ਬਹਿਰੀਨ) ਤੇ ਕਈ ਹੋਰ ਡਾਕਟਰ ਸ਼ਾਮਲ ਹਨ।

****

# ਪੈਨਸ਼ਨ ਯੋਜਨਾ ਦਾ ਜਨਮਦਾਤਾ
# ਕਾਮਰੇਡ ਪਰਦੁਮਨ ਸਿੰਘ

ਕਾਮਰੇਡ ਪਰਦੁਮਨ ਸਿੰਘ ਨੂੰ 'ਭਾਰਤ ਵਿਚ ਪੈਨਸ਼ਨ ਯੋਜਨਾ ਦੇ ਜਨਮ-ਦਾਤਾ' ਵਜੋਂ ਜਾਣਿਆ ਜਾਂਦਾ ਹੈ। ਅੱਜ ਉਹ ਭਾਵੇਂ ਸਾਡੇ ਵਿਚ ਨਹੀਂ ਹਨ ਪਰ ਉਹ ਦੱਬਿਆਂ-ਕੁਚਲਿਆਂ ਅਤੇ ਦੁਖੀ ਲੋਕਾਂ ਲਈ ਆਸ ਦੀ ਇਕ ਕਿਰਨ ਸਨ। ਪਿਆਰ ਨਾਲ ਉਨ੍ਹਾਂ ਨੂੰ ਕਾਮਰੇਡ ਕਿਹਾ ਜਾਂਦਾ ਸੀ। ਉਹ ਬਚਪਨ ਤੋਂ ਹੀ ਗਰੀਬਾਂ ਅਤੇ ਮਸਕੀਨ ਲੋਕਾਂ ਦੀ ਮਦਦ ਕਰਨ ਵੱਲ ਰੁਚਿਤ ਸਨ।

ਕਾਮਰੇਡ ਪਰਦੁਮਨ ਸਿੰਘ ਹਮੇਸ਼ਾ ਕੋਈ ਵੱਖਰੀ ਗੱਲ ਕਰਦੇ ਸਨ। ਉਹ ਬਿਨਾਂ ਕਹੇ ਚੁੱਪ-ਚਾਪ ਕੰਮ ਕਰਨ ਵਾਲੇ ਵਿਅਕਤੀ ਸਨ। ਜਿੱਥੇ ਗਮ ਤੇ ਉਦਾਸੀ ਦਾ ਵਾਧਾ ਹੋਵੇ, ਉੱਥੇ ਉਹ ਸੁੱਖ-ਸ਼ਾਂਤੀ ਅਤੇ ਧਰਵਾਸ ਦਾ ਮਾਹੌਲ ਪੈਦਾ ਕਰ ਦਿੰਦੇ ਸਨ। ਗਰੀਬਾਂ ਤੇ ਦੀਨ-ਦੁਖੀਆਂ ਲਈ ਉਹ ਪਰਉਪਕਾਰ ਦੀ ਮੂਰਤ ਸਨ। ਉਨ੍ਹਾਂ ਦੀਆਂ ਲਗਾਤਾਰ ਕੋਸ਼ਿਸ਼ਾਂ ਦਾ ਹੀ ਨਤੀਜਾ ਹੈ ਕਿ ਤਕਰੀਬਨ 35 ਲੱਖ ਸੇਵਾ-ਮੁਕਤ ਕਾਮੇ ਅਤੇ ਮਰਨ-ਉਪਰੰਤ ਉਨ੍ਹਾਂ ਦੇ ਪਰਿਵਾਰ ਪੈਨਸ਼ਨ ਦਾ ਸੁੱਖ ਮਾਣ ਰਹੇ ਹਨ।

ਪਿਛਲੀ ਸਦੀ ਦੇ ਨੌਂਵੇਂ ਦਹਾਕੇ ਵਿਚ ਉਨ੍ਹਾਂ ਨੂੰ ਖਿਆਲ ਆਇਆ ਕਿ ਉਨ੍ਹਾਂ ਸਨਅਤੀ ਕਾਮਿਆਂ ਨੂੰ ਬੁਢਾਪਾ ਅਤੇ ਅੰਗਹੀਣਤਾ ਪੈਨਸ਼ਨ ਮਿਲਣੀ ਚਾਹੀਦੀ ਹੈ, ਜੋ ਪ੍ਰਾਵੀਡੰਟ ਫੰਡ ਦੇ ਅੰਸ਼ਕ ਪਰਿਵਰਤਨ ਕਾਰਨ ਈ.ਪੀ. ਐੱਫ. ਦੇ ਮੈਂਬਰ ਹਨ ਅਤੇ ਇਹ ਲਾਭ ਮਰ ਗਏ ਕਾਮੇ ਦੇ ਵਾਰਸਾਂ ਨੂੰ ਵੀ ਮਿਲਣਾ ਚਾਹੀਦਾ ਹੈ। ਉਨ੍ਹਾਂ ਨੇ ਆਪਣੀ ਇਹ ਤਜਵੀਜ਼ ਸੈਂਟਰਲ ਬੋਰਡ ਆਫ਼ ਟਰੱਸਟੀਜ਼ ਦੇ ਸਾਹਮਣੇ ਰੱਖੀ। ਬੋਰਡ ਨੇ ਇਹ ਤਜਵੀਜ਼ ਪਰਵਾਨ ਕਰ ਲਈ ਅਤੇ ਭਾਰਤ ਸਰਕਾਰ ਨੇ 16 ਨਵੰਬਰ 1995 ਨੂੰ 40 ਕਰੋੜ ਪ੍ਰਾਈਵੇਟ ਅਤੇ ਸਰਕਾਰੀ ਕਾਮਿਆਂ ਲਈ ਇਸ ਪੈਨਸ਼ਨ ਸਕੀਮ ਨੂੰ ਕਾਨੂੰਨੀ ਰੂਪ ਦੇ ਦਿੱਤਾ।

ਪੈਨਸ਼ਨ ਸਕੀਮ ਦਾ ਇਕ ਸਾਲ ਪੂਰਾ ਹੋਣ 'ਤੇ 23 ਨਵੰਬਰ 1996 ਨੂੰ ਇਕ ਸਮਾਰੋਹ ਕਰਾਇਆ ਗਿਆ ਜਿਸ ਵਿਚ ਭਾਰਤ ਦੇ ਉਸ ਸਮੇਂ ਦੇ ਕਿਰਤ ਮੰਤਰੀ ਸ੍ਰੀ ਪੀ.ਏ. ਸੰਗਮਾ ਅਤੇ ਭਾਰਤ ਸਰਕਾਰ ਦੇ ਕਿਰਤ ਵਿਭਾਗ ਸਕੱਤਰ ਡਾ.ਡੀ.ਮਿਸ਼ਰਾ ਨੇ ਕਾਮਰੇਡ ਪਰਦੁਮਨ ਸਿੰਘ ਨੂੰ 'ਪੈਨਸ਼ਨ ਸਕੀਮ ਦਾ ਜਨਮ-ਦਾਤਾ 'ਕਹਿ ਕੇ ਉਨ੍ਹਾਂ ਦੀ ਪ੍ਰਸੰਸਾ ਕੀਤੀ। ਸਾਬਕ ਕਿਰਤ ਸਕੱਤਰ ਅਤੇ ਲੋਕ ਸਭਾ ਦੇ ਸਕੱਤਰ ਜਨਰਲ ਸ੍ਰੀ ਐੱਸ. ਗੋਪਾਲਨ ਨੇ ਕਿਹਾ ਕਿ ਪੈਨਸ਼ਨ ਸਕੀਮ ਨੂੰ ਬਣਾਉਣ ਅਤੇ ਸਮੂਹ ਕਾਮਿਆਂ ਵੱਲੋਂ ਇਸ ਨੂੰ ਪਰਵਾਨ ਕਰਾਉਣ ਲਈ ਕਾਮਰੇਡ ਪਰਦੁਮਨ ਸਿੰਘ ਨੇ ਜੋ ਯੋਗਦਾਨ ਪਾਇਆ ਹੈ, ਉਸ ਲਈ ਉਨ੍ਹਾਂ ਨੂੰ ਸੁਨਹਿਰੀ ਸਨਮਾਨ ਪੱਤਰ ਦੇਣਾ ਚਾਹੀਦਾ ਹੈ।



ਕਾਮਰੇਡ ਪਰਦੁਮਨ ਸਿੰਘ ਇਸ ਗੱਲੋਂ ਵੀ ਚਿੰਤਤ ਸਨ ਕਿ ਭਾਰਤ ਵਿਚ ਟਰੇਡ ਯੂਨੀਅਨਾਂ ਵੱਲੋਂ ਵੀ ਸਮਾਜਕ ਸੁਰੱਖਿਆ ਦੇ ਵਿਕਾਸ ਤੇ ਵਾਧੇ ਲਈ ਕਾਫ਼ੀ ਕੁਝ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਨੇ ਇਸ ਸਬੰਧ ਵਿਚ ਇਕ ਗੈਰ-ਸਰਕਾਰੀ ਸੰਸਥਾ ਬਣਾਉਣ ਦਾ ਸੁਝਾਅ ਦਿੱਤਾ, ਜੋ ਗੈਰ-ਜਾਨਬਦਾਰ ਸੰਸਥਾ ਹੋਵੇ। ਉਨ੍ਹਾਂ ਦੇ ਸੁਝਾਅ 'ਤੇ ਅਤੇ ਈ.ਪੀ.ਐਫ਼. ਦੇ ਸੈਂਟਰਲ ਬੋਰਡ ਆਫ਼ ਟਰੱਸਟੀਜ਼ ਦੇ ਸਾਬਕ ਚੇਅਰਮੈਨ ਅਤੇ ਕਿਰਤ ਵਿਭਾਗ ਦੇ ਵਧੀਕ ਸਕੱਤਰ ਸ੍ਰੀ ਆਰ.ਕੇ.ਏ. ਸੁਬਰਾਮਾਨੀਆ ਦੀ ਸਹਾਇਤਾ ਨਾਲ 1991 ਵਿਚ ਭਾਰਤੀ ਸਮਾਜਕ ਸੁਰੱਖਿਆ ਐਸੋਸੀਏਸ਼ਨ ਬਣਾਈ ਗਈ। ਇਸ ਐਸੋਸੀਏਸ਼ਨ ਦਾ ਉਦਘਾਟਨ ਡਾ. ਮਨਮੋਹਨ ਸਿੰਘ ਨੇ ਕੀਤਾ ਜੋ ਉਦੋਂ ਭਾਰਤ ਦੇ ਵਿੱਤ ਮੰਤਰੀ ਸਨ ਅਤੇ ਬਾਅਦ ਵਿਚ ਪ੍ਰਧਾਨ ਮੰਤਰੀ ਬਣੇ। ਉਹ ਇਸ ਸੰਸਥਾ ਦੇ ਕਾਫ਼ੀ ਸਮਾਂ ਬਾਨੀ ਪ੍ਰਧਾਨ ਰਹੇ। ਸੰਸਥਾ ਦੀ ਗਵਰਨਿੰਗ ਬਾਡੀ ਨੇ ਉਨ੍ਹਾਂ ਨੂੰ ਜੀਵਨ ਭਰ ਲਈ ਆਪਣਾ ਅਮੈਰੀਟਸ ਪ੍ਰੈਜ਼ੀਡੈਂਟ ਚੁਣ ਲਿਆ। ਇਹ ਸੰਸਥਾ, ਸਮਾਜਕ ਸੁਰੱਖਿਆ ਮਾਹਿਰਾਂ, ਸਿੱਖਿਆ-ਸ਼ਾਸਤਰੀਆਂ, ਕਿਰਤ ਸਬੰਧੀ ਅਰਥ-ਸ਼ਾਸਤਰੀਆਂ, ਅੰਤਰਰਾਸ਼ਟਰੀ ਸਮਾਜਕ ਸੁਰੱਖਿਆ ਸੰਸਥਾ, ਆਈ.ਐੱਲ.ਓ ਅਤੇ ਸਮਾਜਕ ਸੁਰੱਖਿਆ ਸੰਸਥਾਵਾਂ ਦੇ ਅਫ਼ਸਰਾਂ ਉਤੇ ਆਧਾਰਿਤ ਇਕ ਸਭਾ ਹੈ। ਸਮਾਜਕ ਸੁਰੱਖਿਆ ਦੀਆਂ ਦੋ ਸਭ ਤੋਂ ਵੱਡੀਆਂ ਸੰਸਥਾਵਾਂ ਜਿਵੇਂ ਈ.ਪੀ. ਐਫ਼. ਅਤੇ ਐਮਪਲਾਈਜ਼ ਸਟੇਟ ਇੰਸ਼ੋਰੈਂਸ ਕਾਰਪੋਰੇਸ਼ਨ ਇਸ ਦੀਆਂ ਸੰਸਥਾਗਤ ਮੈਂਬਰ ਹਨ।

ਕਾਮਰੇਡ ਪਰਦੁਮਨ ਸਿੰਘ ਦਾ ਜਿਹਲਮ (ਹੁਣ ਪਾਕਿਸਤਾਨ) ਵਿਚ 7 ਮਾਰਚ 1924 ਨੂੰ ਜਨਮ ਹੋਇਆ। ਉਨ੍ਹਾਂ ਨੇ ਪੰਜਾਬ ਦੇ ਕਈ ਜ਼ਿਲ੍ਹਾ ਕੇਂਦਰਾਂ ਵਿਚ ਪੜ੍ਹਾਈ ਕੀਤੀ ਕਿਉਂਕਿ ਉਨ੍ਹਾਂ ਦੇ ਪਿਤਾ ਸ. ਰਾਮ ਸਿੰਘ ਦੀ ਆਮ ਤੌਰ 'ਤੇ ਇਕ ਥਾਂ ਤੋਂ ਦੂਜੀ ਥਾਂ ਦੀ ਬਦਲੀ ਹੋ ਜਾਂਦੀ ਸੀ। ਉਹ ਏ.ਡੀ.ਸੀ. ਦੇ ਅਹੁਦੇ ਤੋਂ ਸੇਵਾ-ਮੁਕਤ ਹੋਏ। ਪਰਦੁਮਨ ਸਿੰਘ ਨੇ ਮਸ਼ਹੂਰ ਗੌਰਮਿੰਟ ਕਾਲਜ ਲਾਹੌਰ ਤੋਂ 1944 ਵਿਚ ਬੀ.ਏ. ਪਾਸ ਕੀਤੀ। ਇਸ ਕਾਲਜ ਨੂੰ ਏਸ਼ੀਆ ਦਾ ਸਭ ਤੋਂ ਵਧੀਆ ਕਾਲਜ ਸਮਝਿਆ ਜਾਂਦਾ ਸੀ।

ਕਮਿਊਨਿਸਟ ਪਾਰਟੀ ਆਫ਼ ਇੰਡੀਆ ਦੇ ਨਾਮਵਰ ਲੀਡਰ ਸਤਪਾਲ ਡਾਂਗ ਇਸ ਕਾਲਜ ਵਿਚ ਉਨ੍ਹਾਂ ਤੋਂ ਦੋ ਸਾਲ ਅੱਗੇ ਸਨ। ਉਨ੍ਹਾਂ ਨੇ 26 ਜਨਵਰੀ 1940 ਨੂੰ ਇਕ ਹੜਤਾਲ ਜਥੇਬੰਦ ਕੀਤੀ। ਇਸ ਦਿਨ ਨੂੰ ਮੁਕੰਮਲ ਆਜ਼ਾਦੀ ਦਾ ਮਤਾ ਪਾਸ ਕਰਨ ਦੇ ਦਿਨ ਵਜੋਂ ਮਨਾਇਆ ਗਿਆ। ਇਹ ਮਤਾ ਸਰਬ ਹਿੰਦ ਕਾਂਗਰਸ ਨੇ ਪਾਸ ਕੀਤਾ ਸੀ ਜਿਸ ਨੂੰ ਅੱਜਕੱਲ੍ਹ ਗਣਤੰਤਰ ਦਿਵਸ ਵਜੋਂ ਮਨਾਇਆ ਜਾਂਦਾ ਹੈ।

ਜਦੋਂ ਉਹ ਦਸਵੀਂ ਜਮਾਤ ਵਿਚ ਸਨ, ਉਦੋਂ ਉਨ੍ਹਾਂ ਨੇ ਵਿਦਿਆਰਥੀਆਂ ਦੀਆਂ ਮੰਗਾਂ ਦੇ ਹੱਕ ਵਿਚ ਹੋਈਆਂ ਕਈ ਹੜਤਾਲਾਂ ਵਿਚ ਹਿੱਸਾ ਲਿਆ। 1943-

44 ਵਿਚ ਬੰਗਾਲ ਵਿਚ ਪਏ ਭਿਆਨਕ ਕਾਲ ਸਮੇਂ, ਉਹ ਪੀੜਤਾਂ ਦੀ ਸਹਾਇਤਾ ਕਰਨ ਲਈ ਫੰਡ ਇਕੱਠਾ ਕਰਨ ਵਿਚ ਬਹੁਤ ਸਰਗਰਮ ਰਹੇ।

ਪੜ੍ਹਾਈ ਪੂਰੀ ਕਰਨ ਤੋਂ ਬਾਅਦ ਪਰਦੁਮਨ ਸਿੰਘ ਅਤੇ ਉਨ੍ਹਾਂ ਦਾ ਇਕ ਦੋਸਤ ਮਹਾਤਮਾ ਗਾਂਧੀ ਦੀ ਸਰਵੋਦਿਆ ਲਹਿਰ ਵਿਚ ਸ਼ਾਮਲ ਹੋ ਗਏ। ਉਹ ਅੰਮ੍ਰਿਤਸਰ ਦੇ ਨੇੜੇ ਇਕ ਪਿੰਡ ਵਿਚ ਗਏ ਅਤੇ ਪਿੰਡ ਦੀਆਂ ਗਲੀਆਂ ਸਾਫ਼ ਕੀਤੀਆਂ ਅਤੇ ਲੋੜਵੰਦ ਗਰੀਬਾਂ ਨੂੰ ਮੁਫ਼ਤ ਦੁਆਈਆਂ ਵੰਡੀਆਂ। 1947 ਵਿਚ ਦੇਸ਼-ਵੰਡ ਦੇ ਸਮੇਂ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਦੀ ਬਹੁਤ ਮਦਦ ਕੀਤੀ ਅਤੇ ਕਈ ਨਿਰਦੋਸ਼ ਲੋਕਾਂ ਦੀਆਂ ਜ਼ਿੰਦਗੀਆਂ ਬਚਾਈਆਂ। ਇਸ ਸੇਵਾ ਉਪਰੰਤ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਮਿੱਤਰ ਨੂੰ ਅਫ਼ਸਰੀ ਅਹੁਦਿਆਂ ਦੀ ਪੇਸ਼ਕਸ਼ ਹੋਈ। ਉਨ੍ਹਾਂ ਨੇ ਇਹ ਅਹੁਦਾ ਲੈਣ ਤੋਂ ਇਸ ਲਈ ਨਾਂਹ ਕਰ ਦਿੱਤੀ ਕਿਉਂਕਿ ਕਾਂਗਰਸ ਨੇ ਦੇਸ਼ ਦੀ ਵੰਡ ਕਬੂਲ ਕਰ ਲਈ ਸੀ। ਉਨ੍ਹਾਂ ਦੇ ਮਿੱਤਰ ਨੇ ਨੌਕਰੀ ਲੈ ਲਈ ਅਤੇ ਉਹ ਡੀ.ਪੀ.ਆਈ. ਵਜੋਂ ਰਿਟਾਇਰ ਹੋਇਆ।

ਪਰਦੁਮਨ ਸਿੰਘ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਏ ਅਤੇ 1948-49 ਵਿਚ ਏਟਕ (AITUC) ਦੇ ਝੰਡੇ ਹੇਠ ਸਨਅਤੀ ਕਾਮਿਆਂ ਨੂੰ ਟਰੇਡ ਯੂਨੀਅਨ ਵਿਚ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਹੋ ਗਏ ਜਿਸ ਕਾਰਨ ਦੋ ਸਾਲ ਗੁਪਤ-ਵਾਸ ਵਿਚ ਗੁਜ਼ਾਰਨੇ ਪਏ। ਇਸ ਸਮੇਂ ਦੌਰਾਨ ਉਨ੍ਹਾਂ ਨੇ ਅੰਮ੍ਰਿਤਸਰ ਦੇ ਪਿੰਡਾਂ ਦੇ ਲੋਕਾਂ ਨੂੰ ਜਥੇਬੰਦ ਕਰਨ ਦਾ ਕੰਮ ਕੀਤਾ।

ਜਦੋਂ ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਵਾਰੰਟ ਮਨਸੂਖ ਹੋ ਗਏ ਤਾਂ ਉਹ 1950 ਵਿਚ ਏਟਕ ਦੇ ਕੁੱਲ-ਵਕਤੀ ਕਾਰਜ-ਕਰਤਾ ਬਣ ਗਏ। 1950 ਤੇ 1967 ਦਾ ਸਮਾਂ ਸਨਅਤੀ ਕਾਮਿਆਂ ਲਈ ਬੜਾ ਬੇਚੈਨੀ ਦਾ ਸਮਾਂ ਸੀ। ਉਹ ਮਜ਼ਦੂਰੀ ਵਧਾਉਣ ਅਤੇ ਬੋਨਸ ਤਨਖ਼ਾਹ ਸਹਿਤ ਇਤਫ਼ਾਕੀਆ ਛੁੱਟੀ, ਬਿਮਾਰੀ ਦੀ ਛੁੱਟੀ, ਤਨਖਾਹ ਤੇ ਗਰੈਚੁਇਟੀ ਦੇ ਗਰੇਡ ਵਧਾਉਣ ਵਰਗੀਆਂ ਸਹੂਲਤਾਂ ਹਾਸਲ ਕਰਨ ਲਈ ਲੜ ਰਹੇ ਸਨ। ਇਸ ਸਮੇਂ ਵਿਚ ਕਈ ਹੜਤਾਲਾਂ ਹੋਈਆਂ। ਸੰਘਰਸ਼ ਦੇ ਵੱਖ-ਵੱਖ ਤਰੀਕੇ ਅਪਣਾਏ ਗਏ। ਇਸ ਸੰਘਰਸ਼ ਵਿਚ ਕਾਮਰੇਡ ਪਰਦੁਮਨ ਸਿੰਘ, ਟੈਕਸਟਾਈਲ ਵਰਕਰਜ਼ ਯੂਨੀਅਨ ਦਾ ਜਨਰਲ ਸਕੱਤਰ ਹੋਣ ਕਰ ਕੇ, ਲੀਡਰਾਂ ਦੀ ਮੋਹਰਲੀ ਕਤਾਰ ਵਿਚ ਸਨ। ਬਾਅਦ ਵਿਚ ਏਟਕ (AITUC) ਤੇ ਇਨਟਕ (INTUC) ਦੋਵੇਂ ਯੂਨੀਅਨਾਂ ਨੂੰ ਮਿਲਾ ਕੇ ਟੈਕਸਟਾਈਲ ਮਜ਼ਦੂਰ ਏਕਤਾ ਯੂਨੀਅਨ ਬਣਾਈ ਗਈ।

1955 ਤੇ 1965 ਵਿਚ ਦੋ ਵਿਸ਼ਾਲ ਹੜਤਾਲਾਂ ਕੀਤੀਆਂ ਗਈਆਂ। ਪਹਿਲੀ ਹੜਤਾਲ ਵਿਚ 25000 ਮਜ਼ਦੂਰ ਸ਼ਾਮਲ ਹੋਏ ਅਤੇ ਇਹ ਹੜਤਾਲ 36 ਦਿਨਾਂ ਤਕ ਚੱਲੀ। ਦੂਜੀ ਹੜਤਾਲ ਵਿਚ 25 ਹਜ਼ਾਰ ਕਾਮੇ ਹੀ ਸ਼ਾਮਲ ਹੋਏ ਅਤੇ ਇਹ ਹੜਤਾਲ 52 ਦਿਨਾਂ ਤਕ ਚੱਲੀ। ਪਰਦੁਮਨ ਸਿੰਘ ਇਨ੍ਹਾਂ ਦੋਹਾਂ ਹੜਤਾਲਾਂ ਦੌਰਾਨ ਦੋਹਾਂ ਟਰੇਡ ਯੂਨੀਅਨਾਂ ਵੱਲੋਂ ਬਣਾਈ ਗਈ ਸਾਂਝੀ ਐਕਸ਼ਨ ਕਮੇਟੀ ਦੇ ਕਨਵੀਨਰ ਸਨ। ਇਨ੍ਹਾਂ



ਦੋਹਾਂ ਹੜਤਾਲਾਂ ਵਿਚ ਪਰਦੁਮਨ ਸਿੰਘ ਨੂੰ ਕਈ ਵਾਰ ਗ੍ਰਿਫ਼ਤਾਰ ਕੀਤਾ ਗਿਆ। ਪਹਿਲੀ ਵਾਰ ਉਹ 1953 ਵਿਚ ਗ੍ਰਿਫ਼ਤਾਰ ਹੋਏ ਅਤੇ ਟਰੇਡ ਯੂਨੀਅਨ ਦੇ 20 ਹੋਰ ਲੀਡਰਾਂ ਨਾਲ ਉਨ੍ਹਾਂ ਨੂੰ 10 ਮਹੀਨੇ ਕੈਦ ਦੀ ਸਜ਼ਾ ਹੋਈ ਜੋ ਹਾਈ ਕੋਰਟ ਵਿਚ ਅਪੀਲ ਕਰਨ ਪਿੱਛੋਂ ਛੇਆਂ ਮਹੀਨਿਆਂ ਦੀ ਰਹਿ ਗਈ। ਉਨ੍ਹਾਂ ਨੂੰ ਸੈਂਟਰਲ ਜੇਲ੍ਹ ਅੰਬਾਲਾ ਵਿਚ ਵੀ ਨਜ਼ਰਬੰਦ ਰੱਖਿਆ ਗਿਆ।

ਬਾਅਦ ਵਿਚ ਉਨ੍ਹਾਂ ਨੇ ਆਪਣੀਆਂ ਸਿਆਸੀ ਸਰਗਰਮੀਆਂ ਹੋਰ ਵਧਾ ਦਿੱਤੀਆਂ ਅਤੇ ਕਈ ਵਾਰ ਗ੍ਰਿਫ਼ਤਾਰ ਹੋਏ। ਉਹ ਸੈਂਟਰਲ ਜੇਲ੍ਹ ਅੰਮ੍ਰਿਤਸਰ ਵਿਚ 15 ਦਿਨਾਂ ਦੀ ਸਜ਼ਾ ਤੋਂ ਲੈ ਕੇ ਤਿੰਨ ਮਹੀਨੇ ਦੀ ਸਜ਼ਾ ਤਕ ਕਈ ਵਾਰ ਕੈਦ ਰਹੇ। ਕਾਰਨ : ਉਨਾਂ ਨੇ ਵਧਦੀਆਂ ਕੀਮਤਾਂ ਅਤੇ ਵਧਦੇ ਬਸ ਕਿਰਾਇਆਂ ਵਿਰੁੱਧ ਹੜਤਾਲਾਂ ਕੀਤੀਆਂ ਸਨ।

ਇਸ ਸਮੇਂ ਦੌਰਾਨ ਉਨ੍ਹਾਂ ਨੂੰ ਏਟਕ ਦੀ ਪੰਜਾਬ ਰਾਜ ਕਮੇਟੀ ਦਾ ਸੈਕਟਰੀ ਚੁਣ ਲਿਆ ਗਿਆ। ਉਨ੍ਹਾਂ ਨੂੰ 1953 ਵਿਚ ਆਲ ਇੰਡੀਆ ਜਨਰਲ ਕੌਂਸਲ ਦਾ ਮੈਂਬਰ ਅਤੇ 1994 ਵਿਚ ਇਸੇ ਕੌਂਸਲ ਦਾ ਆਲ ਇੰਡੀਆ ਵਾਈਸ ਪ੍ਰੈਜ਼ੀਡੈਂਟ ਚੁਣ ਲਿਆ ਗਿਆ। 1980 ਵਿਚ ਉਨ੍ਹਾਂ ਨੇ ਟਰੇਡ ਯੂਨੀਅਨ ਲਹਿਰ ਦੇ ਇਤਿਹਾਸ ਦੀ ਪਹਿਲੀ ਪੁਸਤਕ ਲਿਖੀ।

1980 ਤੋਂ 1992 ਤਕ ਜਦੋਂ ਪੰਜਾਬ ਵਿਚ ਅਤਿਵਾਦ ਜ਼ੋਰਾਂ 'ਤੇ ਸੀ, ਉਹ ਉਨ੍ਹਾਂ ਵਿਅਕਤੀਆਂ ਵਿਚੋਂ ਇਕ ਸਨ, ਜਿਨ੍ਹਾਂ ਨੇ ਖ਼ਤਰਿਆਂ ਦੀ ਪਰਵਾਹ ਨਾ ਕਰਦੇ ਹੋਏ ਵੱਖਵਾਦ ਦੇ ਵਿਰੁੱਧ ਨਾ ਕੇਵਲ ਕਾਮਿਆਂ ਨੂੰ ਹੀ, ਸਗੋਂ ਆਮ ਲੋਕਾਂ ਨੂੰ ਵੀ ਜਥੇਬੰਦ ਕੀਤਾ। ਇਸ ਮਕਸਦ ਦੀ ਪੂਰਤੀ ਲਈ ਇਕ ਕਮੇਟੀ ਬਣਾਈ ਗਈ। ਇਸ ਕਮੇਟੀ ਨੇ ਸ਼ਹਿਰ ਦੇ ਕਈ ਹਿੱਸਿਆਂ ਵਿਚ ਪ੍ਰਭਾਤ ਫੇਰੀਆਂ ਕੱਢੀਆਂ ਅਤੇ ਕਈ ਮੀਟਿੰਗਾਂ ਕੀਤੀਆਂ। ਇਸ ਕਮੇਟੀ ਵਿਚ ਸੀ.ਪੀ.ਐੱਮ, ਕਾਂਗਰਸ, ਭਾਰਤੀ ਜਨਤਾ ਪਾਰਟੀ, ਜਨਤਾ ਦਲ ਅਤੇ ਅਕਾਲੀ ਸ਼ਾਮਲ ਸਨ। ਇਹ ਕਮੇਟੀ ਸੀ.ਪੀ.ਆਈ. ਦੀ ਸ਼ਹਿਰੀ ਕਮੇਟੀ ਦੇ ਫੈਸਲੇ ਅਨੁਸਾਰ ਪਰਦੁਮਨ ਸਿੰਘ ਦੇ ਸੁਝਾਅ 'ਤੇ ਬਣਾਈ ਗਈ ਸੀ। ਉਹ ਇਸ ਕਮੇਟੀ ਦੇ ਕਨਵੀਨਰ ਸਨ। ਇਨ੍ਹਾਂ ਸਾਰੀਆਂ ਸਰਗਰਮੀਆਂ ਦਾ ਨਤੀਜਾ ਇਹ ਹੋਇਆ ਕਿ ਅਤਿਵਾਦ ਵਿਰੁੱਧ ਲੜਾਈ ਵਿਚ ਅੰਮ੍ਰਿਤਸਰ ਦੇ ਲੋਕ ਸ਼ਾਮਲ ਹੋ ਗਏ।

ਕਾਮਰੇਡ ਪਰਦੁਮਨ ਸਿੰਘ ਨੇ ਸੀ.ਪੀ.ਆਈ. ਵੱਲੋਂ ਜਥੇਬੰਦ ਕੀਤੀਆਂ ਕੌਮੀ ਅਤੇ ਕੌਮਾਂਤਰੀ ਸਰਗਰਮੀਆਂ ਵਿਚ ਪਾਰਟੀ ਦੇ ਪ੍ਰਤੀਨਿਧ ਵਜੋਂ ਭਾਗ ਲਿਆ। ਪਾਕਿਸਤਾਨ ਨਾਲ ਹੋਈਆਂ ਲੜਾਈਆਂ ਸਮੇਂ ਉਨ੍ਹਾਂ ਨੇ ਫ਼ੌਜੀਆਂ ਲਈ ਕਨਟੀਨਾਂ ਸਥਾਪਿਤ ਕੀਤੀਆਂ। ਵੀਅਤਨਾਮ ਦੀ ਜੰਗ ਸਮੇਂ ਉਨ੍ਹਾਂ ਨੇ ਸਾਮਰਾਜਵਾਦ ਦੇ ਵਿਰੁੱਧ ਜਲੂਸ ਕੱਢੇ।

ਉਨ੍ਹਾਂ ਨੇ ਭਾਰਤ, ਏਸ਼ੀਆ-ਪੈਸੀਫਿਕ ਅਤੇ ਏਸ਼ੀਆ, ਅਫਰੀਕਾ ਅਤੇ ਦੱਖਣੀ ਅਮਰੀਕਾ ਵਰਗੇ ਵਿਕਾਸਸ਼ੀਲ ਦੇਸ਼ਾਂ ਵਿਚ ਸਮਾਜਕ ਸੁਰੱਖਿਆ ਬਾਰੇ ਕਈ ਕਿਤਾਬਾਂ

ਲਿਖੀਆਂ। ਉਨ੍ਹਾਂ ਦੀ ਪਹਿਲੀ ਪੁਸਤਕ 'ਸੋਸ਼ਲ ਸਕਿਉਰਿਟੀ ਐਂਡ ਸਟਰਗਲ ਫਾਰ ਹਿਊਮਨ ਡਿਗਨਿਟੀ ਇਨ ਡਿਵੈਲਪਿੰਗ ਕੰਟਰੀਜ਼' (ਵਿਕਾਸਸ਼ੀਲ ਦੇਸ਼ਾਂ ਵਿਚ ਸਮਾਜਕ ਸੁਰੱਖਿਆ ਅਤੇ ਮਨੁੱਖੀ ਗੌਰਵ ਲਈ ਸੰਘਰਸ਼) ਫੈਡਰੇਸ਼ਨ ਆਫ਼ ਟਰੇਡ ਯੂਨੀਅਨਜ਼ ਨੇ ਇਸ ਦਾ ਫਰਾਂਸੀਸੀ ਵਿਚ ਅਨੁਵਾਦ ਕਰਵਾਇਆ।

ਉਨ੍ਹਾਂ ਨੇ ਸੀ.ਬੀ.ਟੀ. ਦੀ ਕਮੇਟੀ ਦਾ ਚੇਅਰਮੈਨ ਹੋਣ ਦੇ ਨਾਤੇ, 'ਐਗਜ਼ੈਮਪਟਿਡ ਪ੍ਰਾਵੀਡੰਟ ਫੰਡਜ਼' ਬਾਰੇ ਰਿਪੋਰਟਾਂ ਲਿਖੀਆਂ ਹਨ। ਉਨ੍ਹਾਂ ਦੀਆਂ ਦੋ ਕਿਤਾਬਾਂ ਹਨ : 'ਏ ਮੈਨੂਅਲ ਆਫ਼ ਸੋਸ਼ਲ ਸਕਿਉਰਿਟੀ ਇਨ ਇੰਡੀਆ' ਅਤੇ 'ਸੋਸ਼ਲ ਸਕਿਉਰਿਟੀ ਇਨ ਏਸ਼ੀਆ ਐਂਡ ਪੈਸੀਫਿਕ'। ਉਨ੍ਹਾਂ ਦੀ ਪੁਸਤਕ 'ਨਿਊ ਅਪਰੋਚ ਟੂ ਮਿਨੀਮਮ ਵੇਜਿਜ਼ ਐਜ਼ ਮਈਅਰ ਆਫ਼ ਸੋਸ਼ਲ ਪ੍ਰੋਟੈਕਸ਼ਨ' ਤਿੰਨ ਭਾਗਾਂ ਵਿਚ ਛਪੀ ਹੈ। (ਇਹ ਪੁਸਤਕ ਉਨ੍ਹਾਂ ਨੇ ਸੋਸ਼ਲ ਸਕਿਉਰਿਟੀ ਐਸੋਸੀਏਸ਼ਨ ਆਫ਼ ਇੰਡੀਆ ਦੇ ਸਕੱਤਰ ਜਨਰਲ ਸ੍ਰੀ ਆਰ.ਕੇ.ਐੱਨ. ਸੁਬਰਾਮਾਨੀਆ ਨਾਲ ਮਿਲ ਕੇ ਲਿਖੀ)। ਉਨ੍ਹਾਂ ਦੀਆਂ ਹੋਰ ਪੁਸਤਕਾਂ ਹਨ–

ਏ ਮਾਨੂਮੈਂਟਲ ਕੋਆਪ੍ਰੇਟਿਵ ਸਟੱਡੀ ਆਫ਼ ਸੋਸ਼ਲ ਸਕਿਉਰਿਟੀ ਸਿਸਟਮਜ਼ ਇਨ 86 ਡਿਵੈਲਪਿੰਗ ਕਨਟਰੀਜ਼ ਆਫ਼ ਏਸ਼ੀਆ, ਅਫਰੀਕਾ ਐਂਡ ਸਾਊਥ ਅਮੈਰਿਕਾ; ਪ੍ਰੋਟੈਕਸ਼ਨ ਫਾਰ ਦੀ ਐਲਡਰਲੀ, ਦੀ ਡਿਸਏਬਲਡ ਐਂਡ ਦੀ ਸਰਵਾਈਵਰਜ਼ ਇਨ ਇੰਡੀਆ–ਐਟ ਦੀ ਥਰੈਸ਼ਹੋਲਡ ਆਫ਼ ਟਵੈਂਟੀ ਫਸਟ ਸੈਂਚਰੀ; ਹੈਲਥ ਪ੍ਰੋਟੈਕਸ਼ਨ ਇਨ ਇੰਡੀਆ ਇਨ ਦੀ ਈਅਰ 2000 ਅਤੇ ਅਨਐਮ–ਪਲਾਏਮੈਂਟ ਬੈਨੀਫਿਟ ਸਕੀਮ ਇਨ ਡਿਵੈਲਪਿੰਗ ਕਨਟਰੀਜ਼–ਏ ਕੇਸ ਫਾਰ ਅਨਐਮਪਲਾਏਮੈਂਟ ਬੈਨੀਫਿਟ ਸਕੀਮਜ਼ ਇੰਨ ਇੰਡੀਆ।

'ਐਮਪਲਾਈਜ਼ ਪੈਨਸ਼ਨ ਸਕੀਮ' ਬਾਰੇ ਉਨ੍ਹਾਂ ਦੇ ਦੋ ਕਿਤਾਬਚੇ ਕਈ ਖੇਤਰੀ ਭਾਸ਼ਾਵਾਂ ਵਿਚ ਛਪ ਚੁੱਕੇ ਹਨ। ਉਨ੍ਹਾਂ ਦੀਆਂ ਪੰਜ ਕਿਤਾਬਾਂ ਜਰਮਨ ਫਾਊਂਡੇਸ਼ਨ ਫਰੈਡ੍ਰਿਚ ਇਬਰਟ ਸਟਿਫ਼ਟੰਗ ਵਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਉਨ੍ਹਾਂ ਦੀਆਂ ਕੁਝ ਕਿਤਾਬਾਂ ਸੰਸਾਰ ਭਰ ਵਿਚ ਪੜ੍ਹੀਆਂ ਜਾਂਦੀਆਂ ਹਨ।

## ਸਮਾਜਵਾਦ ਦਾ ਸੁਪਨਾ

ਸੀ.ਪੀ.ਆਈ ਤੇ ਏਟਕ ਦੇ ਕੁੱਲਵਕਤੀ ਕਾਰਜ–ਕਰਤਾਵਾਂ ਅਤੇ ਕਾਮਰੇਡ ਪਰਦੁਮਨ ਸਿੰਘ ਨੂੰ 1950 ਦੇ ਨੇੜੇ–ਤੇੜੇ ਪਾਰਟੀ ਵੱਲੋਂ 20 ਰੁਪਏ ਮਾਸਕ ਮਿਹਨਤਾਨਾ ਮਿਲਦਾ ਸੀ। ਜੇਕਰ ਕਿਸੇ ਨੂੰ ਪਰਿਵਾਰ ਦੇ ਮੈਂਬਰਾਂ ਜਾਂ ਦੋਸਤਾਂ ਵੱਲੋਂ ਕੋਈ ਮਾਇਕ ਸਹਾਇਤਾ ਮਿਲਦੀ ਸੀ ਤਾਂ ਉਹ ਪਾਰਟੀ ਫੰਡ ਵਿਚ ਜਮ੍ਹਾ ਕਰਾਉਣੀ ਹੁੰਦੀ ਸੀ। "ਵੀਹ ਰੁਪਏ ਮਾਸਕ ਮਿਹਨਤਾਨੇ ਉਤੇ ਉਨ੍ਹਾਂ ਦਿਨਾਂ ਵਿਚ ਗੁਜ਼ਾਰਾ ਕਰਨਾ ਬਹੁਤ ਔਖਾ ਹੁੰਦਾ ਸੀ। ਜਦੋਂ ਅਸੀਂ ਜਵਾਨ ਹੁੰਦੇ ਸਾਂ, ਮੈਂ ਦਸ ਵਜੇ ਸਵੇਰੇ ਢਾਬੇ ਤੋਂ ਮੁਫ਼ਤ ਦਾਲ ਨਾਲ ਚਾਰ ਰੋਟੀਆਂ ਖਾ ਲੈਂਦਾ ਸੀ ਅਤੇ ਇਸੇ ਤਰ੍ਹਾਂ ਸ਼ਾਮ ਨੂੰ ਛੇ ਵਜੇ ਚਾਰ ਰੋਟੀਆਂ ਖਾ ਲੈਂਦਾ ਸਾਂ। ਚਾਹ ਜਾਂ ਛਾਹ ਵੇਲੇ ਲਈ ਸਾਡੇ ਕੋਲ ਕੋਈ ਪੈਸਾ ਨਹੀਂ



ਹੁੰਦਾ ਸੀ। ਹੋਰ ਲੋੜੀਂਦੀਆਂ ਚੀਜ਼ਾਂ ਲਈ ਮੇਰੇ ਕੋਲ ਪੰਜ ਰੁਪਏ ਹੁੰਦੇ ਸਨ। ਕਈ ਸਾਲ ਇਸੇ ਤਰ੍ਹਾਂ ਚਲਦਾ ਰਿਹਾ। ਫੇਰ ਮਾਸਕ ਮਿਹਨਤਾਨਾ 30 ਰੁਪਏ ਕਰ ਦਿੱਤਾ ਗਿਆ। ਕੁਝ ਸਾਲਾਂ ਬਾਅਦ ਇਹ 40 ਰੁਪਏ ਹੋ ਗਿਆ ਅਤੇ ਫੇਰ 75 ਰੁਪਏ। ਪੰਜਾਬ ਸਰਕਾਰ ਵੀ ਆਪਣੇ ਅਣਸਿੱਖਿਅਤ ਕਾਮਿਆਂ ਨੂੰ ਉਦੋਂ 75 ਰੁਪਏ ਮਹੀਨਾ ਹੀ ਦਿੰਦੀ ਸੀ। ਇੰਨੇ ਘਟ ਮਿਹਨਤਾਨੇ ਦਾ ਕਿਸੇ ਵੀ ਪਾਰਟੀ ਵਰਕਰ ਨੂੰ ਕੋਈ ਗਿਲਾ ਨਹੀਂ ਸੀ ਹੁੰਦਾ ਕਿਉਂਕਿ ਅਸੀਂ ਸਾਰਿਆਂ ਨੇ ਦੇਸ਼ ਵਿਚ ਇਨਕਲਾਬ ਤੇ ਸਮਾਜਵਾਦ ਲਿਆਉਣ ਲਈ ਆਪਣੀਆਂ ਜ਼ਿੰਦਗੀਆਂ ਸਮਰਪਿਤ ਕੀਤੀਆਂ ਹੋਈਆ ਸਨ।'

## ਸਮਾਜਕ ਸੁਰੱਖਿਆ ਦੇ ਵਿਸ਼ੇ ਵਿਚ ਮਾਹਿਰ

ਸਮਾਜਕ ਸੁਰੱਖਿਆ ਦੇ ਵਿਸ਼ੇ ਵਿਚ ਕਾਮਰੇਡ ਪਰਦੁਮਨ ਸਿੰਘ ਦੀ ਵਿਸ਼ੇਸ਼ ਦਿਲਚਸਪੀ ਸੀ। ਉਨ੍ਹਾਂ ਨੂੰ ਆਈ.ਐੱਲ.ਓ. ਅਤੇ ਕੌਮੀ ਤੇ ਕੌਮਾਂਤਰੀ ਸੈਮੀਨਾਰਾਂ ਵਿਚ ਭਾਗ ਲੈਣ ਲਈ ਕਈ ਵਾਰ ਨਾਮਜ਼ਦ ਕੀਤਾ ਗਿਆ। ਇਸ ਤਰ੍ਹਾਂ ਦੇ ਇਕ ਸੈਮੀਨਾਰ ਵਿਚ ਉਨ੍ਹਾਂ ਨੂੰ ਡਰਾਫ਼ਟਿੰਗ ਕਮੇਟੀ ਦਾ ਚੇਅਰਮੈਨ ਚੁਣਿਆ ਗਿਆ। ਉਨ੍ਹਾਂ ਨੂੰ ਸਮਾਜਕ ਸੁਰੱਖਿਆ ਮਾਹਿਰਾਂ ਦੇ ਇਕ ਗਰੁੱਪ ਦਾ ਚੇਅਰਮੈਨ ਵੀ ਬਣਾਇਆ ਗਿਆ। ਮਾਹਿਰਾਂ ਦੇ ਇਸ ਗਰੁੱਪ ਨੇ ਨੈਸ਼ਨਲ ਲੇਬਰ ਲਾਅ ਐਸੋਸੀਏਸ਼ਨ ਅਤੇ ਫਰੈਡ੍ਰਿਚ ਇਬਰਟ ਸਟਿਫ਼ਟੰਗ ਪ੍ਰਾਜੈਕਟ ਦੇ ਆਧਾਰ 'ਤੇ ਸਮਾਜਕ ਸੁਰੱਖਿਆ ਬਾਰੇ ਵਿਸਥਾਰਿਤ ਕਾਨੂੰਨ ਦਾ ਖਰੜਾ ਤਿਆਰ ਕਰਵਾਇਆ।

ਕਾਮਰੇਡ ਪਰਦੁਮਨ ਸਿੰਘ ਨੂੰ ਏਟਕ ਵਲੋਂ ਐਮਪਲਾਈਜ਼ ਸਟੇਟ ਇੰਸ਼ੋਰੈਂਸ ਕਾਰਪੋਰੇਸ਼ਨ ਦੇ ਖੇਤਰੀ ਬੋਰਡ ਵਿਚ ਨਾਮਜ਼ਦ ਕੀਤਾ ਗਿਆ ਅਤੇ ਉਹ ਤਕਰੀਬਨ 20 ਸਾਲ ਇਸ ਬੋਰਡ ਦੇ ਮੈਂਬਰ ਰਹੇ। ਇਸੇ ਤਰ੍ਹਾਂ ਏਟਕ ਨੇ 1997 ਵਿਚ ਉਨ੍ਹਾਂ ਨੂੰ ਟਰੱਸਟੀਜ਼ ਆਫ਼ ਐਮਪਲਾਈਜ਼ ਪ੍ਰਾਵੀਡੰਟ ਫੰਡ ਦੇ ਸੈਂਟਰਲ ਬੋਰਡ ਦਾ ਟਰੱਸਟੀ ਨਾਮਜ਼ਦ ਕੀਤਾ।

ਇਸ ਬੋਰਡ ਵਿਚ ਤਕਰੀਬਨ 165000 ਕਰੋੜ ਤੋਂ ਵਧ ਰਾਸ਼ੀ ਜਮ੍ਹਾ ਹੈ ਅਤੇ ਇਹ ਦੇਸ਼ ਭਰ ਵਿਚ ਐਮਪਲਾਈਜ਼ ਪ੍ਰਾਵੀਡੰਟ ਫੰਡ ਆਰਗੇਨਾਈਜ਼ੇਸ਼ਨ ਦਾ ਪ੍ਰਬੰਧ ਕਰਦਾ ਹੈ। ਇਸ ਫੰਡ ਦੇ 42.75 ਕਰੋੜ ਕਾਮੇ ਮੈਂਬਰ ਹਨ। ਇਹ ਸੰਸਥਾ ਦੁਨੀਆ ਦੀਆਂ ਸਮਾਜਕ ਸੁਰੱਖਿਆ ਸੰਸਥਾਵਾਂ ਵਿਚੋਂ ਸਭ ਤੋਂ ਵੱਡੀ ਸੰਸਥਾ ਹੈ।

****

# ਭੁੱਲਿਆ ਵਿਸਰਿਆ ਲੋਕ ਨਾਇਕ:
# ਸੋਹਣ ਸਿੰਘ ਜੋਸ਼

ਅੰਮ੍ਰਿਤਸਰ ਦੇ ਇਕ ਅਣਜਾਣੇ ਜਿਹੇ ਸਰਹੱਦੀ ਪਿੰਡ ਦੇ ਇਕ ਸਾਧਾਰਨ ਕਿਸਾਨ ਦੇ ਘਰ ਜਨਮੇ ਸੋਹਣ ਸਿੰਘ ਜੋਸ਼ ਨੂੰ ਦੇਸ਼ ਦੇ ਆਜ਼ਾਦੀ ਸੰਗਰਾਮ ਦਾ ਨਾਮਵਰ ਕਰਾਂਤੀਕਾਰੀ ਬਣਨ ਲਈ ਲੰਮਾ ਫਾਸਲਾ ਤੈਅ ਕਰਨਾ ਪਿਆ। ਜੋਸ਼ ਨੇ ਤਾਕਤਵਰ ਅੰਗਰੇਜ਼ੀ ਰਾਜ ਵਿਰੁੱਧ ਲਗਾਤਾਰ ਜੰਗ ਲੜੀ ਪਰ ਆਜ਼ਾਦੀ ਤੋਂ ਬਾਅਦ 65 ਸਾਲ ਬੀਤ ਜਾਣ ਪਿੱਛੋਂ ਵੀ ਉਸ ਨੂੰ ਇਤਿਹਾਸ ਵਿਚ ਉਹ ਥਾਂ ਨਹੀਂ ਮਿਲਿਆ ਜਿਸ ਦਾ ਉਹ ਹੱਕਦਾਰ ਸੀ। ਦੇਸ਼ ਦੀ ਹੋਣੀ ਬਦਲਣ ਵਿਚ ਉਸ ਦਾ ਬਹੁਤ ਯੋਗਦਾਨ ਹੈ।

ਸੋਹਣ ਸਿੰਘ ਜੋਸ਼ ਦਾ ਜਨਮ ਪਿੰਡ ਚੇਤਨਪੁਰਾ ਵਿਚ 12 ਨਵੰਬਰ 1898 ਨੂੰ ਹੋਇਆ। ਉਸ ਨੇ ਅੱਠਵੀਂ ਮਿਸ਼ਨ ਸਕੂਲ ਤੋਂ ਅਤੇ ਦਸਵੀਂ ਡੀ.ਏ.ਵੀ. ਸਕੂਲ ਅੰਮ੍ਰਿਤਸਰ ਤੋਂ ਪਾਸ ਕੀਤੀ। ਉਚੇਰੀ ਪੜ੍ਹਾਈ ਲਈ ਉਹ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਦਾਖਲ ਹੋ ਗਿਆ। ਪਰ ਆਰਥਿਕ ਤੰਗੀਆਂ ਕਰ ਕੇ ਉਸ ਨੂੰ ਪੜ੍ਹਾਈ ਵਿਚਾਲੇ ਹੀ ਛੱਡਣੀ ਪਈ।

1921 ਵਿਚ ਜਦੋਂ ਅਕਾਲੀ ਲਹਿਰ ਚੱਲੀ ਤਾਂ ਉਸ ਨੇ ਬੜੇ ਉਤਸ਼ਾਹ ਨਾਲ ਇਸ ਵਿਚ ਹਿੱਸਾ ਲਿਆ। ਉਸ ਨੇ ਪਿੰਡ ਪਿੰਡ ਜਾ ਕੇ ਅੰਗਰੇਜ਼ ਸਰਕਾਰ ਵਿਰੁਧ ਪ੍ਰਚਾਰ ਕੀਤਾ। ਬਾਗੀ ਸਰਗਰਮੀਆਂ ਕਾਰਨ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਅਕਾਲੀ ਲੀਡਰਾਂ ਦੇ ਸਾਜ਼ਿਸ਼ ਕੇਸ ਵਿਚ ਉਸ ਉਤੇ ਵੀ ਮੁਕੱਦਮਾ ਚਲਿਆ ਅਤੇ ਤਿੰਨ ਸਾਲ ਦੀ ਸਖ਼ਤ ਕੈਦ ਦੀ ਸਜ਼ਾ ਹੋਈ। ਸੋਹਣ ਸਿੰਘ ਜੋਸ਼ ਦੀ ਕੁੱਲ ਕੈਦ ਦਾ ਸਮਾਂ 14 ਸਾਲ ਤੋਂ ਵੀ ਉਪਰ ਬਣਦਾ ਹੈ।

ਮਜ਼ੇ ਦੀ ਗੱਲ ਇਹ ਹੈ ਕਿ ਜੋਸ਼ ਦਾ ਸਿਆਸੀ ਜੀਵਨ ਇਕ ਕੱਟੜ ਅਕਾਲੀ ਲੀਡਰ ਵਜੋਂ ਸ਼ੁਰੂ ਹੋਇਆ; ਉਹ ਗੁਰਦੁਆਰਾ ਸੁਧਾਰ ਲਹਿਰ ਦੇ ਮੋਹਰੀਆਂ ਵਿਚੋਂ ਇਕ ਸੀ; ਪਰ ਬਾਅਦ ਵਿਚ ਉਹ ਕਮਿਊਨਿਸਟ ਪਾਰਟੀ ਵਿਚ ਚਲਾ ਗਿਆ ਅਤੇ ਆਪਣੀ ਵਸੀਅਤ ਵਿਚ ਲਿਖਿਆ ਕਿ ਮੇਰੇ ਮਰਨ 'ਤੇ ਕੋਈ ਧਾਰਮਕ ਰਸਮ ਨਾ ਕੀਤੀ ਜਾਵੇ। ਉਨ੍ਹਾਂ ਦਾ ਸਸਕਾਰ ਉਨ੍ਹਾਂ ਦੇ ਪਿੰਡ ਵਿਚ ਉਨ੍ਹਾਂ ਦੀ ਜੱਦੀ ਹਵੇਲੀ ਵਿਚ ਹੀ ਕੀਤਾ ਗਿਆ। ਉਨ੍ਹਾਂ ਦੀਆਂ ਅਸਥੀਆਂ ਦਰਿਆ ਰਾਵੀ ਵਿਚ ਜਲ ਪ੍ਰਵਾਹ ਕੀਤੀਆਂ ਗਈਆਂ।

ਉਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ ਵਾਪਸ ਲੈਣ ਦੇ ਮੋਰਚੇ ਦੀ ਅਗਵਾਈ ਕੀਤੀ। ਇਹ ਚਾਬੀਆਂ 7 ਨਵੰਬਰ 1921 ਨੂੰ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਮਿਸਟਰ ਡੂਨੈੱਟ ਲੈ ਗਿਆ ਸੀ। ਜੋਸ਼ ਜੀ ਲਿਖਦੇ ਹਨ 'ਇਹ ਘਟਨਾ ਸਿੱਖ



ਪੰਥ ਉਤੇ ਆਸਮਾਨੋਂ ਡਿੱਗੀ ਬਿਜਲੀ ਵਾਂਗ ਵਾਪਰੀ।' ਉਨ੍ਹਾਂ ਨੇ ਪਿੰਡ-ਪਿੰਡ ਜਾ ਕੇ ਦਰਬਾਰ ਸਾਹਿਬ ਦੀਆਂ ਚਾਬੀਆਂ ਦਾ ਬਿਰਤਾਂਤ ਸੁਣਾਇਆ। ਉਸ ਵੇਲੇ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਨ। ਉਹ ਇਕ ਬਹੁ-ਪੱਖੀ ਸ਼ਖ਼ਸੀਅਤ ਸਨ। ਸ਼ਹੀਦ ਭਗਤ ਸਿੰਘ ਦੇ ਨਜ਼ਦੀਕੀ ਸਾਥੀ ਹੋਣ ਦੇ ਨਾਲ-ਨਾਲ ਉਹ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਾਨੀ ਮੈਂਬਰਾਂ ਵਿਚੋਂ ਇਕ ਸਨ। ਉਹ ਅਣਵੰਡੀ ਕਮਿਊਨਿਸਟ ਪਾਰਟੀ ਦੇ ਬਾਨੀ ਮੈਂਬਰ ਅਤੇ ਅਣਵੰਡੇ ਪੰਜਾਬ ਦੀ ਪੰਜਾਬ ਪ੍ਰਦੇਸ਼ ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਸਨ। (ਸ. ਪ੍ਰਤਾਪ ਸਿੰਘ ਕੈਰੋਂ ਜਿਹੜੇ ਬਾਅਦ ਵਿਚ ਪੰਜਾਬ ਦੇ ਮੁੱਖ ਮੰਤਰੀ ਬਣੇ, ਉਹ ਉਨ੍ਹਾਂ ਦੇ ਦਫ਼ਤਰ ਸਕੱਤਰ ਹੁੰਦੇ ਸਨ।) ਉਹ ਕੁਝ ਸਮੇਂ ਲਈ ਸੀ.ਪੀ.ਆਈ. ਦੇ ਪੋਲਿਟਬਿਊਰੋ ਮੈਂਬਰ ਅਤੇ ਕੰਟਰੋਲ ਕਮਿਸ਼ਨ ਦੇ ਚੇਅਰਮੈਨ ਵੀ ਰਹੇ। ਉਨ੍ਹਾਂ ਦੀਆਂ ਸਰਗਰਮੀਆਂ ਨੇ ਅੰਗਰੇਜ਼ ਸਰਕਾਰ ਨੂੰ ਦੇਸ਼ ਵਿਚ ਫੈਲ ਰਹੀ ਬੇਚੈਨੀ ਬਾਰੇ ਜਾਗਰੂਕ ਕਰ ਦਿੱਤਾ। ਉਨ੍ਹਾਂ ਨੇ ਬੜੇ ਹੌਸਲੇ ਤੇ ਦ੍ਰਿੜ੍ਹਤਾ ਨਾਲ ਸਰਕਾਰੀ ਜਬਰ ਜ਼ੁਲਮ ਦਾ ਮੁਕਾਬਲਾ ਕੀਤਾ।

ਪਿੰਡ ਚੇਤਨਪੁਰਾ ਜੋ ਦੇਸ਼-ਭਗਤ ਭਾਰਤੀਆਂ ਦਾ ਮੱਕਾ ਹੋਣਾ ਚਾਹੀਦਾ ਸੀ, ਜਾਪਦਾ ਹੈ ਕਿ ਉਸ ਨੂੰ ਸਾਰਿਆਂ ਨੂੰ ਭੁਲਾ ਦਿੱਤਾ ਹੈ। ਆਪਣੀ ਸਵੈ-ਜੀਵਨੀ 'ਮਾਈ ਟਰਿਸਟ ਵਿੱਦ ਸੈਕੂਲੈਰਿਜ਼ਮ' (ਧਰਮ ਨਿਰਪੇਖਤਾ ਨਾਲ ਮੇਰੀ ਪ੍ਰਤੀਬੱਧਤਾ)ਵਿਚ ਜੋਸ਼ ਲਿਖਦੇ ਹਨ, 'ਅਕਾਲੀ ਲਹਿਰ ਵਿਚ ਮੇਰੇ ਸ਼ਾਮਲ ਹੋ ਜਾਣ ਨਾਲ ਹੋਰ ਲੋਕਾਂ ਨੂੰ ਵੀ ਅਕਾਲੀ ਬਣਨ ਦਾ ਹੌਸਲਾ ਮਿਲਿਆ। ਛੇਤੀ ਹੀ ਚੇਤਨਪੁਰਾ ਅਕਾਲੀਆਂ ਦਾ ਗੜ੍ਹ ਬਣ ਗਿਆ ਅਤੇ ਉਥੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗੂੰਜਣ ਲੱਗੇ।

ਇਹ ਬੜੇ ਦੁੱਖ ਦੀ ਗੱਲ ਹੈ ਕਿ ਉਨ੍ਹਾਂ ਦੇ ਜੱਦੀ ਪਿੰਡ ਵਿਚ ਖੁੱਲ੍ਹਿਆ 'ਪੁਸਤਕਦੁਆਰਾ' ਹੁਣ ਬੰਦ ਹੋ ਗਿਆ ਹੈ। (ਪੰਜਾਬੀ ਵਿਚ 'ਲਾਇਬ੍ਰੇਰੀ' ਦਾ ਬਦਲ ਉਨ੍ਹਾਂ ਨੇ 'ਪੁਸਤਕਦੁਆਰਾ' ਲੱਭਿਆ ਸੀ) ਜੋਸ਼ ਜੀ ਦੇ ਪੋਤਰੇ ਡਾ. ਪਰਮਜੀਤ ਸਿੰਘ ਜੋਸ਼ ਬੜੇ ਅਫ਼ਸੋਸ ਨਾਲ ਕਹਿੰਦੇ ਹਨ ਕਿ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਥਾਪਿਤ ਕੀਤੇ ਗਏ ਸਿੱਖ ਅਜਾਇਬ-ਘਰ ਵਿਚ ਅਜੇ ਤਕ ਉਨ੍ਹਾਂ ਦੇ ਦਾਦਾ ਜੀ ਦਾ ਚਿਤਰ ਨਹੀਂ ਲਾਇਆ ਗਿਆ, ਹਾਲਾਂਕਿ ਉਹ ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀਆਂ ਵਿਚੋਂ ਇਕ ਸਨ। ...ਸ਼ਾਇਦ ਇਸ ਦਾ ਕਾਰਨ ਇਹ ਹੈ ਕਿ ਉਹ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਏ ਸਨ। ਪਰ ਪੰਥਕ ਲੀਡਰਾਂ ਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਜੋਸ਼ ਜੀ ਦਾ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਸਥਾਪਿਤ ਕਰਨ ਵਿਚ ਵੱਡਾ ਯੋਗਦਾਨ ਹੈ।'

ਉਨ੍ਹਾਂ ਦੇ ਸਪੁੱਤਰ ਸ. ਦਵਿੰਦਰ ਸਿੰਘ ਜੋਸ਼ ਕਹਿੰਦੇ ਹਨ ਕਿ ਮੇਰੇ ਪਿਤਾ ਜੀ ਦੀ ਜਿੰਨੀ ਵੀ ਆਮਦਨ ਹੁੰਦੀ ਸੀ, ਭਾਵੇਂ ਉਹ ਸੋਵੀਅਤ ਲੈਂਡ ਨਹਿਰੂ ਐਵਾਰਡ ਰਾਹੀਂ ਆਈ ਹੋਵੇ ਜਾਂ ਭਾਸ਼ਾ ਵਿਭਾਗ ਪੰਜਾਬ ਵੱਲੋਂ ਮਿਲੀ ਹੋਵੇ, ਉਹ ਸਾਰੀ ਰਕਮ ਆਮ ਲੋਕਾਂ ਦੀ ਭਲਾਈ ਲਈ ਖ਼ਰਚ ਕਰ ਦਿੰਦੇ ਸਨ ਜਾਂ ਕਮਿਊਨਿਸਟ ਪਾਰਟੀ ਨੂੰ ਦੇ ਦਿੰਦੇ ਸਨ। ਉਨ੍ਹਾਂ ਲਈ ਪਾਰਟੀ ਹੀ ਸਭ ਕੁਝ ਸੀ। "ਪਰ ਉਸੇ ਪਾਰਟੀ ਨੇ ਅੱਜ

ਉਨ੍ਹਾਂ ਨੂੰ ਭੁਲਾ ਦਿੱਤਾ ਹੈ।" ਉਹ ਹੋਰ ਕਹਿੰਦੇ ਹਨ ਕਿ ਜਦੋਂ ਉਨ੍ਹਾਂ ਨੂੰ ਦਿਲ ਦਾ ਭਿਆਨਕ ਦੌਰਾ ਪਿਆ ਤਾਂ ਉਨ੍ਹਾਂ ਦਾ ਯੋਗ ਇਲਾਜ ਨਹੀਂ ਕਰਵਾਇਆ ਗਿਆ ਅਤੇ ਉਹ 29 ਜੁਲਾਈ 1982 ਨੂੰ ਚਲਾਣਾ ਕਰ ਗਏ। ਇਸ ਕਾਰਨ ਸੀ.ਪੀ.ਆਈ. ਨਾਲ ਦਵਿੰਦਰ ਸਿੰਘ ਜੋਸ਼ ਦਾ ਮੋਹ ਭੰਗ ਹੋ ਗਿਆ ਅਤੇ ਉਹ ਸੀ.ਪੀ.ਐੱਮ. ਵਿਚ ਸ਼ਾਮਲ ਹੋ ਗਏ।

ਪੰਜਾਬ ਦੇ ਉਸ ਸਮੇਂ ਦੇ ਮੁੱਖ ਮੰਤਰੀ ਸ. ਦਰਬਾਰਾ ਸਿੰਘ ਨੇ ਵਾਅਦਾ ਕੀਤਾ ਸੀ ਕਿ ਅੰਮ੍ਰਿਤਸਰ ਦੇ ਰਿਆਲਟੋ ਚੌਕ ਵਿਚ ਜੋਸ਼ ਜੀ ਦਾ ਬਹੁਤ ਵੱਡਾ ਬੁੱਤ ਲਗਾਇਆ ਜਾਏਗਾ। ਇਹ ਵਾਅਦਾ ਅਜੇ ਤਕ ਵਫ਼ਾ ਨਹੀਂ ਹੋਇਆ। ਇਸੇ ਤਰ੍ਹਾਂ ਇਕ ਹੋਰ ਕਾਂਗਰਸੀ ਮੁੱਖ ਮੰਤਰੀ ਨੇ ਜੋਸ਼ ਜੀ ਦੇ ਜੱਦੀ ਘਰ ਚੇਤਨਪੁਰੇ ਵਿਚ ਐਲਾਨ ਕੀਤਾ ਸੀ ਕਿ ਜੋਸ਼ ਜੀ ਦੀ ਯਾਦ ਵਿਚ ਪਿੰਡ ਵਿਚ 25 ਬਿਸਤਰਿਆਂ ਦਾ ਹਸਪਤਾਲ ਖੋਲ੍ਹਿਆ ਜਾਏਗਾ। ਪਰ ਜੋਸ਼ ਜੀ ਦੀ ਮੌਤ ਤੋਂ 28 ਸਾਲ ਬੀਤ ਜਾਣ ਪਿੱਛੋਂ ਵੀ ਇਹ ਵਾਅਦਾ ਪੂਰਾ ਨਹੀਂ ਹੋਇਆ। ਸੀ.ਪੀ.ਐੱਮ. ਦੇ ਕਾਰਜ-ਕਰਤਾਵਾਂ, ਪਿੰਡ ਦੇ ਲੋਕਾਂ ਅਤੇ ਜੋਸ਼ ਪਰਿਵਾਰ ਦੀਆਂ ਕੋਸ਼ਿਸ਼ਾਂ ਨਾਲ ਹੁਣ ਜੋਸ਼ ਜੀ ਦੇ ਨਾਂ 'ਤੇ ਪਿੰਡ ਵਿਚ ਇਕ ਯਾਦਗਾਰੀ ਗੇਟ ਬਣਾਇਆ ਗਿਆ ਹੈ।

ਇਹ ਬੜੇ ਦੁੱਖ ਦੀ ਗੱਲ ਹੈ ਕਿ ਜਿੰਨੇ ਵੀ ਦੂਰ-ਦ੍ਰਿਸ਼ਟੀ ਵਾਲੇ ਵਿਅਕਤੀ ਹੋਏ ਹਨ, ਜਿਨ੍ਹਾਂ ਵਿਚ ਉਸ ਚੀਜ਼ ਨੂੰ ਗਲਤ ਕਹਿਣ ਦੀ ਜੁਰਅੱਤ ਸੀ ਜਿਸ ਨੂੰ ਉਹ ਗਲਤ ਸਮਝਦੇ ਸਨ, ਉਨ੍ਹਾਂ ਨਾਲ ਬੁਰਾ ਵਰਤਾਉ ਹੀ ਕੀਤਾ ਗਿਆ। ਮੈਕਾਲਿਫ਼ ਦਿਲ ਟੁੱਟਣ ਨਾਲ ਮਰਿਆ। ਗੁਰਮੁਖੀ ਲਿੱਪੀ ਦੇ ਖੋਜਕਾਰ ਜੀ.ਬੀ. ਸਿੰਘ ਉਤੇ ਸਰੀਰਕ ਹਮਲਾ ਹੋਇਆ। ਇਸੇ ਤਰ੍ਹਾਂ ਸੋਹਣ ਸਿੰਘ ਜੋਸ਼ ਨੂੰ ਵੀ ਕੁਝ ਵਿਰੋਧੀ ਵਿਚਾਰਾਂ ਕਾਰਨ ਅਕਾਲੀ ਲੀਡਰਾਂ ਦੇ ਹੱਥੋਂ 'ਜ਼ਲੀਲ' ਹੋਣਾ ਪਿਆ।

ਜੋਸ਼ ਨੂੰ ਲਿਖਣ ਦਾ ਵੀ ਸ਼ੌਕ ਸੀ। ਉਨ੍ਹਾਂ ਨੇ ਅੰਗਰੇਜ਼ ਸਰਕਾਰ ਵਿਰੁੱਧ ਪ੍ਰਚਾਰ ਕਰਨ ਲਈ ਪੱਤਰਕਾਰੀ ਦਾ ਸਾਧਨ ਚੁਣਿਆ। ਉਨ੍ਹਾਂ ਨੇ ਕਰਾਂਤੀਕਾਰੀ ਪੱਤਰ 'ਕਿਰਤੀ' ਵਿਚ ਕੰਮ ਕੀਤਾ। (ਇਸ ਪੱਤਰ ਵਿਚ ਸ਼ਹੀਦ ਭਗਤ ਸਿੰਘ ਨੇ ਵੀ ਤਿੰਨ ਮਹੀਨੇ ਕੰਮ ਕੀਤਾ ਸੀ।) 1935 ਵਿਚ ਜਦੋਂ 'ਕਿਰਤੀ' ਦਾ ਨਾਂ ਬਦਲ ਕੇ 'ਪ੍ਰਭਾਤ' ਰੱਖ ਦਿੱਤਾ ਗਿਆ, ਤਾਂ ਜੋਸ਼ ਜੀ ਇਸ ਪੱਤਰ ਦੇ ਸੰਪਾਦਕ ਅਤੇ ਪ੍ਰਕਾਸ਼ਕ ਸਨ।

ਸ੍ਰੀ ਨੀਰਜਾ ਰਾਉ ਅਨੁਸਾਰ 1925 ਵਿਚ ਭਗਤ ਸਿੰਘ ਲਾਹੌਰ ਵਾਪਸ ਆ ਗਏ। ਅਗਲੇ ਸਾਲ ਆਪਣੇ ਸਾਥੀਆਂ ਨਾਲ ਮਿਲ ਕੇ ਉਨ੍ਹਾਂ ਨੇ ਕਰਾਂਤੀਕਾਰੀ ਨੌਜੁਆਨਾਂ ਦੀ ਇਕ ਸਭਾ ਜਥੇਬੰਦ ਕੀਤੀ। ਜਿਸ ਦਾ ਨਾਂ ਸੀ ਨੌਜੁਆਨ ਭਾਰਤ ਸਭਾ। ਅਪ੍ਰੈਲ 1926 ਵਿਚ ਭਗਤ ਸਿੰਘ ਦਾ ਸੋਹਣ ਸਿੰਘ ਜੋਸ਼ ਨਾਲ ਮੇਲ ਹੋਇਆ ਅਤੇ ਉਨ੍ਹਾਂ ਨੇ ਜੋਸ਼ ਜੀ ਰਾਹੀਂ 'ਵਰਕਰਜ਼ ਐਂਡ ਪਈਜ਼ੈਂਟਸ ਪਾਰਟੀ' ਵਲੋਂ ਪੰਜਾਬੀ ਵਿਚ ਇਕ ਮਾਸਕ ਰਸਾਲਾ 'ਕਿਰਤੀ' ਕੱਢਿਆ। ਅਗਲੇ ਸਾਲ ਭਗਤ ਸਿੰਘ ਵੀ ਜੋਸ਼ ਨਾਲ ਰਲ ਗਏ ਅਤੇ ਉਨ੍ਹਾਂ ਨੂੰ (ਭਗਤ ਸਿੰਘ ਨੂੰ) 'ਕਿਰਤੀ' ਦੇ ਸੰਪਾਦਕੀ ਬੋਰਡ ਵਿਚ ਸ਼ਾਮਲ ਕਰ ਲਿਆ ਗਿਆ। ਇਹ ਵੀ ਬੜੇ ਮਾਣ ਦੀ ਗੱਲ ਹੈ ਕਿ 20-



21 ਸਾਲ ਦੀ ਛੋਟੀ ਜਿਹੀ ਉਮਰ ਵਿਚ ਜੋਸ਼ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਜਨਰਲ ਸਕੱਤਰ ਚੁਣ ਲਿਆ ਗਿਆ।

ਸੋਹਣ ਸਿੰਘ ਜੋਸ਼ ਦੇ ਪੁਰਾਣੇ ਮਿੱਤਰ ਕਹਿੰਦੇ ਹਨ ਕਿ 'ਉਨ੍ਹਾਂ ਦਿਨਾਂ ਦਾ ਅਕਾਲੀ ਦਲ ਅੱਜ ਵਰਗਾ ਨਹੀਂ ਸੀ ਹੁੰਦਾ। ਉਨ੍ਹਾਂ ਦਿਨਾਂ ਦੇ ਅਕਾਲੀ ਦਲ ਨੂੰ ਇਹ ਮਾਣ ਜਾਂਦਾ ਹੈ ਕਿ ਉਸ ਨੇ ਉਨ੍ਹਾਂ ਦਿਨਾਂ ਦੀਆਂ ਦੋ ਤਾਕਤਾਂ, ਅੰਗਰੇਜ਼ ਸਰਕਾਰ ਅਤੇ ਜਗੀਰਦਾਰੀ ਵਿਰੁੱਧ ਸੰਘਰਸ਼ ਕੀਤਾ। ਪੰਜਾਬ ਵਿਚ ਆਜ਼ਾਦੀ ਦੀ ਲੜਾਈ 'ਧਰਮ-ਯੁੱਧ' ਸਮਝ ਕੇ ਲੜੀ ਗਈ। ਜਦੋਂ ਕਮਿਊਨਿਸਟ ਪਾਰਟੀ ਉਤੇ ਪਾਬੰਦੀ ਲਗ ਗਈ ਤਾਂ ਸੋਹਣ ਸਿੰਘ ਜੋਸ਼ 1927 ਵਿਚ ਹੁਸ਼ਿਆਰਪੁਰ ਵਿਚ ਹੋਂਦ ਵਿਚ ਆਈ ਕਿਰਤੀ ਕਿਸਾਨ ਪਾਰਟੀ ਵਿਚ ਸ਼ਾਮਲ ਹੋ ਗਏ। ਕਿਰਤੀ ਕਿਸਾਨ ਪਾਰਟੀ ਨੂੰ ਅੰਗਰੇਜ਼ ਸਰਕਾਰ ਖੱਬੇ-ਪੱਖੀ ਲੀਡਰਾਂ ਦੀ ਇਕ 'ਬੇਹੱਦ ਖ਼ਤਰਨਾਕ' ਜੱਥੇਬੰਦੀ ਸਮਝਦੀ ਸੀ। ਪਾਰਟੀ ਦੇ ਤਕਰੀਬਨ ਸਾਰੇ ਕਾਰਜਕਾਰਨੀ ਮੈਂਬਰ, ਮਸ਼ਹੂਰ ਮੇਰਟ ਸਾਜ਼ਿਸ਼ ਕੇਸ ਵਿਚ ਫੜੇ ਗਏ।

## ਇਕ ਕਮਿਊਨਿਸਟ ਦੀ ਸਵੈ-ਜੀਵਨੀ

ਜੋਸ਼ ਜੀ ਦੀ ਵਸੀਅਤ ਉਨ੍ਹਾਂ ਦੀ ਸਵੈ-ਜੀਵਨੀ 'ਮਾਈ ਟਰਿਸਟ ਵਿੱਦ ਸੈਕੂਲੈਰਿਜ਼ਮ' ਵਿਚ ਛਪੀ ਹੋਈ ਹੈ। ਜਿਸ ਦਾ ਅਨੁਵਾਦ ਪ੍ਰਸਿੱਧ ਸੀ.ਪੀ.ਆਈ. ਲੀਡਰ ਸਵਰਗਵਾਸੀ ਸ੍ਰੀਮਤੀ ਵਿਮਲਾ ਡਾਂਗ ਨੇ ਕੀਤਾ ਹੈ।

ਉਹ ਲਿਖਦੇ ਹਨ "ਮੈਂ ਇਕ ਕਮਿਊਨਿਸਟ ਹਾਂ। ਮੇਰਾ ਮਾਰਕਸਵਾਦ ਤੇ ਲੈਨਿਨਵਾਦ ਵਿਚ ਦ੍ਰਿੜ੍ਹ ਵਿਸ਼ਵਾਸ ਹੈ। ਮੈਂ ਆਪਣੀ ਸਾਰੀ ਸਮਰਥਾ ਕਮਿਊਨਿਸਟ ਪਾਰਟੀ ਨੂੰ ਬਣਾਉਣ ਵਿਚ, ਇਸ ਦਾ ਵਿਕਾਸ ਕਰਨ ਵਿਚ ਅਤੇ ਕਮਿਊਨਿਸਟ ਵਿਚਾਰਧਾਰਾ ਦੇ ਪ੍ਰਚਾਰ ਵਿਚ ਖ਼ਰਚ ਕੀਤੀ ਹੈ। ਮੈਂ ਭਰਪੂਰ ਜੀਵਨ ਜੀ ਕੇ ਜਾ ਰਿਹਾ ਹਾਂ।

"ਮੈਂ ਬੜਾ ਖ਼ੁਸ਼ ਹਾਂ ਕਿ ਮੈਂ ਆਪਣਾ ਸਾਰਾ ਜੀਵਨ ਕਿਰਤੀ ਲੋਕਾਂ ਦੀ ਸੇਵਾ ਵਿਚ ਬਤੀਤ ਕੀਤਾ ਜੋ ਦੇਸ਼ ਦੇ ਸਰਮਾਏ ਦਾ ਸਰੋਤ ਹਨ ਅਤੇ ਜਿਨ੍ਹਾਂ ਦੀ ਕਿਰਤੀ ਸ਼ਕਤੀ ਉਤੇ ਸਮਾਜ ਦਾ ਵਿਕਾਸ ਨਿਰਭਰ ਹੈ। ਮੈਂ ਇਹ ਕਹਿ ਸਕਦਾ ਹਾਂ ਕਿ ਮੇਰਾ ਜੀਵਨ, ਇਕ ਉਦੇਸ਼ਪੂਰਨ ਅਤੇ ਸਾਰਥਕ ਜੀਵਨ ਸੀ। ਕਮਿਊਨਿਸਟ ਵਿਚਾਰਧਾਰਾ ਇਤਿਹਾਸਕ ਪਦਾਰਥਵਾਦ 'ਤੇ ਆਧਾਰਿਤ ਹੈ। ਜਿਸ ਦਾ ਵਿਸ਼ਵਾਸ ਹੈ ਕਿ ਮਨੁੱਖ ਪਰਮਾਤਮਾ ਦੀ ਸਿਰਜਨਾ ਨਹੀਂ, ਸਗੋਂ ਪਰਮਾਤਮਾ ਮਨੁੱਖ ਦੀ ਸਿਰਜਨਾ ਹੈ। ਨਰਕ ਤੇ ਸਵਰਗ ਦੇ ਕਿੱਸੇ ਮਹਿਜ਼ ਮਨਘੜਤ ਗੱਲਾਂ ਹਨ ਜਿਨ੍ਹਾਂ ਦਾ ਕੋਈ ਯਥਾਰਥਕ ਆਧਾਰ ਨਹੀਂ ਹੈ।

"ਇਸ ਲਈ ਮੇਰੀ ਇੱਛਾ ਹੈ ਕਿ ਮੇਰੇ ਮਰਨ 'ਤੇ ਕੋਈ ਰੋਣ-ਧੋਣ ਜਾਂ ਸੋਗ ਨਾ ਕੀਤਾ ਜਾਏ ਅਤੇ ਨਾ ਹੀ ਕਿਰਿਆ ਦੀ ਕੋਈ ਰਸਮ ਕੀਤੀ ਜਾਵੇ। ਨਾ ਹੀ ਕੋਈ ਧਾਰਮਕ ਰਸਮ ਕੀਤੀ ਜਾਵੇ। ਨਾ ਹੀ ਮੇਰੀ 'ਆਤਮਾ' ਸ਼ਾਂਤੀ ਲਈ' ਕੋਈ ਪਾਠ ਜਾਂ ਅਰਦਾਸ ਕੀਤੀ ਜਾਵੇ।

"ਮੈਨੂੰ ਇਸ ਗੱਲ ਦੀ ਬਹੁਤ ਤਸੱਲੀ ਹੈ ਕਿ ਮੈਂ ਕਿਰਤੀ ਲੋਕਾਂ ਦੀ ਸੇਵਾ ਵਿਚ ਇਕ ਇਮਾਨਦਾਰ, ਨਿਰਸੁਆਰਥ, ਸਮਰਪਿਤ ਅਤੇ ਕੁਰਬਾਨੀ ਵਾਲਾ ਜੀਵਨ ਬਤੀਤ ਕੀਤਾ ਹੈ। ਮੇਰਾ ਇਹ ਵੀ ਵਿਚਾਰ ਹੈ ਕਿ ਸਫ਼ਲ ਜੀਵਨ ਉਹੀ ਹੈ ਜਿਹੜਾ ਹੱਥੀਂ ਕਿਰਤ ਕਰਨ ਵਾਲੇ ਲੋਕਾਂ ਲਈ ਸੰਘਰਸ਼ ਕਰਦਿਆਂ ਬਤੀਤ ਹੋਵੇ ਅਤੇ ਉਨ੍ਹਾਂ ਨੂੰ ਸਵੈਮਾਨੀ, ਬਰਾਬਰ ਅਤੇ ਗੌਰਵਮਈ ਮਨੁੱਖ ਬਣਨ ਵਿਚ ਮਦਦ ਕਰੇ। ਮੇਰੀ ਨਜ਼ਰ ਵਿਚ ਕਿਸੇ ਅਖੌਤੀ ਧਰਮੀ ਪੁਰਸ਼ ਦੇ ਅਸ਼ੀਰਵਾਦ ਦਾ ਕੋਈ ਮਤਲਬ ਨਹੀਂ, ਨਾ ਹੀ ਮੈਨੂੰ ਇਸ ਦੀ ਲੋੜ ਹੈ। ਉਨ੍ਹਾਂ ਲੋਕਾਂ ਦੀਆਂ ਆਤਮਾਵਾਂ ਹੀ ਭਟਕਦੀਆਂ ਰਹਿੰਦੀਆਂ ਹਨ, ਜਿਨ੍ਹਾਂ ਨੇ ਲੋਕਾਂ ਵਿਰੁੱਧ ਕੋਈ ਗੁਨਾਹ ਕੀਤੇ ਹੁੰਦੇ ਹਨ। ਜਾਂ ਜਿਨ੍ਹਾਂ ਨੇ ਲੋਕਾਂ ਨਾਲ ਕੋਈ ਧੋਖਾ ਜਾਂ ਵਿਸ਼ਵਾਸਘਾਤ ਕੀਤਾ ਹੁੰਦਾ ਹੈ। ਪੈਸਾ ਮੈਨੂੰ ਭਰਮਾ ਨਹੀਂ ਸਕਦਾ। ਨਾ ਹੀ ਭਟਕਾ ਸਕਦਾ ਹੈ। ਮੈਂ ਇਹ ਸਾਰਾ ਕੁਝ ਇਸ ਲਈ ਲਿਖ ਰਿਹਾ ਹਾਂ ਤਾਂ ਜੋ ਮੇਰੀ ਮ੍ਰਿਤਕ ਦੇਹ ਨੂੰ ਧਾਰਮਕ ਰਸਮਾਂ-ਰੀਤਾਂ ਵਿਚੋਂ ਨਾ ਗੁਜਰਨਾ ਪਵੇ।

"ਸਸਕਾਰ ਤੋਂ ਬਾਅਦ ਮੇਰੀਆਂ ਅਸਥੀਆਂ ਨੂੰ ਲਾਹੌਰ ਬ੍ਰਾਂਚ ਨਹਿਰ ਦੇ ਵਗਦੇ ਪਾਣੀਆਂ ਵਿਚ ਵਹਾ ਦਿੱਤਾ ਜਾਵੇ। ਇਹ ਪ੍ਰਕਿਰਿਆ ਵਾਹਗੇ ਤੋਂ ਪਾਰ ਵਸਦੇ ਮੁਸਲਿਮ ਭਰਾਵਾਂ ਲਈ ਮੇਰੇ ਪਿਆਰ ਦੀ ਨਿਸ਼ਾਨੀ ਹੋਵੇਗੀ ਅਤੇ ਦੇਸ਼-ਵੰਡ ਸਮੇਂ ਲੋਕਾਂ ਦੇ ਕਤਲੇਆਮ ਸਮੇਂ ਮੇਰੀ ਪਾਰਟੀ ਦੇ ਬੇਦਾਗ ਅਤੇ ਨਿਰਪੱਖ ਕਿਰਦਾਰ ਪ੍ਰਤੀ ਮੇਰੇ ਪਿਆਰ ਦਾ ਇਜ਼ਹਾਰ ਹੋਵੇਗੀ।

"ਅੰਤ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂ ਆਪਣਾ ਸਾਰਾ ਜੀਵਨ ਕਮਿਊਨਿਸਟ ਪਾਰਟੀ ਦੇ ਇਕ ਨਿਯਮਬੱਧ ਮੈਂਬਰ ਵਜੋਂ ਗੁਜ਼ਾਰਿਆ ਹੈ। ਮੈਂ ਹਮੇਸ਼ਾ ਆਪਣਾ ਇਹ ਫਰਜ਼ ਸਮਝਿਆ ਕਿ ਪਾਰਟੀ ਦੇ ਫੈਸਲਿਆਂ ਦਾ ਪਾਬੰਦ ਰਿਹਾ ਜਾਏ ਅਤੇ ਉਨ੍ਹਾਂ ਨੂੰ ਲਾਗੂ ਕੀਤਾ ਜਾਏ। ਮੇਰੀ ਮੌਤ ਤੋਂ ਬਾਅਦ ਮੇਰੀ ਵਸੀਅਤ ਹੀ ਮੇਰੇ ਬਾਰੇ ਕੋਈ ਫ਼ੈਸਲਾ ਲੈਣ ਦਾ ਹੱਕ ਰੱਖਦੀ ਹੈ; ਮੇਰੇ ਕਿਸੇ ਰਿਸ਼ਤੇਦਾਰ ਨੂੰ ਅਜਿਹਾ ਕੋਈ ਹੱਕ ਨਹੀਂ। ਪਾਰਟੀ ਦੇ ਫੈਸਲਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ।"

## ਉਦੇਸ਼ਪੂਰਨ ਬਾਗ਼ੀ

ਸੋਹਣ ਸਿੰਘ ਜੋਸ਼ ਨੇ 'ਭ੍ਰਿਸ਼ਟ' ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਾਉਣ ਲਈ ਤਕਰੀਬਨ ਸਾਰੇ ਅਕਾਲੀ ਮੋਰਚਿਆਂ ਵਿਚ ਮੋਹਰੀ ਰੋਲ ਅਦਾ ਕੀਤਾ ਪਰ ਉਨ੍ਹਾਂ ਨੂੰ ਆਪਣੇ ਲੋਕਤੰਤਰੀ ਅਧਿਕਾਰਾਂ ਦੀ ਵਰਤੋਂ ਕਰਨ ਸਮੇਂ ਅਤੇ ਕਈ ਅਹਿਮ ਮੁੱਦਿਆਂ ਬਾਰੇ ਆਪਣਾ ਮਤਭੇਦ ਜ਼ਾਹਿਰ ਕਰਨ ਸਮੇਂ ਬੜਾ ਤਲਖ਼ ਤਜਰਬਾ ਹੋਇਆ।

ਇਕ ਅਕਾਲੀ ਮੀਟਿੰਗ ਵਿਚ ਜੋਸ਼ ਜੀ ਨੇ ਵਿਚਾਰ-ਅਧੀਨ ਮਾਮਲੇ ਉਤੇ ਜਦੋਂ ਵਾਰ-ਵਾਰ ਇਤਰਾਜ਼ ਕੀਤਾ ਤਾਂ, ਜੋਸ਼ ਜੀ ਦਸਦੇ ਹਨ ਕਿ ਕੁਝ 'ਹੱਟੇ-ਕੱਟੇ' ਅਕਾਲੀਆਂ ਨੇ ਉਨ੍ਹਾਂ ਨੂੰ ਚੁੱਕ ਕੇ ਮੀਟਿੰਗ ਤੋਂ ਬਾਹਰ ਸੁੱਟ ਦਿੱਤਾ। ਜੋਸ਼ ਜੀ ਬੀਬੀਆਂ ਦੇ ਦਸਤਾਰ ਬੰਨ੍ਹਣ ਦੇ ਮਤੇ ਦਾ ਅਤੇ ਕੁਝ ਹੋਰ ਫੈਸਲਿਆਂ ਦਾ ਜ਼ਬਰਦਸਤ ਵਿਰੋਧ ਕਰ ਰਹੇ ਸਨ।



ਅਕਾਲੀਆਂ ਦੀਆਂ ਮੀਟਿੰਗਾਂ ਦੇ ਤਲਖ਼ ਤਜਰਬੇ ਬਾਰੇ ਜੋਸ਼ ਜੀ ਲਿਖਦੇ ਹਨ, "ਕਈ ਅਕਾਲੀ ਫਜ਼ੂਲ ਸਵਾਲ ਪੁੱਛ ਕੇ ਮੇਰਾ ਵਿਰੋਧ ਕਰਿਆ ਕਰਦੇ ਸਨ। ਉਹ ਪ੍ਰਧਾਨ ਨੂੰ ਕਹਿੰਦੇ ਕਿ ਮੈਨੂੰ ਬੋਲਣ ਦੀ ਆਗਿਆ ਨਾ ਦਿੱਤੀ ਜਾਵੇ। ਫੇਰ ਇਕ ਮੈਂਬਰ ਨੇ ਤਜਵੀਜ਼ ਰੱਖੀ ਕਿ ਦਸ ਮੈਂਬਰਾਂ ਨੂੰ ਆਗਿਆ ਦਿੱਤੀ ਜਾਵੇ ਕਿ ਉਹ ਜੋਸ਼ ਨੂੰ ਚੁੱਕ ਕੇ ਮੀਟਿੰਗ ਤੋਂ ਬਾਹਰ ਸੁੱਟ ਆਉਣ। ਇਹ ਤਜਵੀਜ਼ ਮੇਰੇ ਵਿਰੋਧ ਦੇ ਬਾਵਜੂਦ ਬਹੁਗਿਣਤੀ ਵੋਟਾਂ ਨਾਲ ਪਾਸ ਹੋ ਗਈ। ਫੇਰ ਕੀ ਸੀ; ਦਸ ਅਕਾਲੀਆਂ ਨੇ ਮੈਨੂੰ ਚੁੱਕਿਆ ਤੇ ਮੀਟਿੰਗ ਤੋਂ ਬਾਹਰ ਸੁੱਟ ਦਿੱਤਾ।"

****

# ਉਹ ਸਾਕਾ ਨੀਲਾ ਤਾਰਾ ਨੂੰ ਰੋਕ ਨਾ ਸਕਿਆ

ਅੰਮ੍ਰਿਤਸਰ ਵਿਚ ਜਨਮੇ ਸ. ਦਿਲਜੀਤ ਸਿੰਘ ਪੰਨੂੰ ਘਾਨਾ ਤੇ ਮਡਗਾਸਕਰ ਵਿਚ ਭਾਰਤ ਦੇ ਸਾਬਕਾ ਰਾਜਦੂਤ ਸਨ। ਪੰਨੂੰ 'ਤੇ ਭਾਵੇਂ ਸਰਕਾਰੀ ਏਜੰਟ ਹੋਣ ਦੇ ਦੋਸ਼ ਲੱਗਦੇ ਰਹੇ ਪਰ ਇਹ ਸੱਚਾਈ ਹੈ ਕਿ ਉਨ੍ਹਾਂ ਨੇ ਭਾਰਤ ਸਰਕਾਰ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਸਮਝੌਤਾ ਕਰਾ ਕੇ ਭਿਆਨਕ ਸਾਕਾ ਨੀਲਾ ਤਾਰਾ ਨੂੰ ਰੋਕਣ ਦੀ ਸਿਰਤੋੜ ਕੋਸ਼ਿਸ਼ ਕੀਤੀ ਸੀ। ਪਿਛਲੇ ਦਿਨੀਂ ਕੈਂਸਰ ਦੀ ਨਾਮੁਰਾਦ ਬਿਮਾਰੀ ਪਿਛੋਂ ਉਨ੍ਹਾਂ ਦਾ ਚੰਡੀਗੜ੍ਹ ਵਿਚ ਦੇਹਾਂਤ ਹੋ ਗਿਆ। ਉਨ੍ਹਾਂ ਵਿਚ ਸੁਚੱਜੀ ਗੱਲ-ਬਾਤ ਕਰਨ ਅਤੇ ਪ੍ਰਭਾਵਸ਼ਾਲੀ ਚਿੱਠੀ-ਪੱਤਰ ਲਿਖਣ ਦਾ ਵਿਸ਼ੇਸ਼ ਗੁਣ ਸੀ। ਇਸੇ ਗੁਣ ਕਾਰਨ ਉਨ੍ਹਾਂ ਨੂੰ ਮਹੱਤਵਪੂਰਨ ਅਹੁਦਿਆਂ 'ਤੇ ਕੰਮ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਦਾ ਨਾਂ ਉਸ ਵੇਲੇ ਬਹੁਤ ਮਸ਼ਹੂਰ ਹੋ ਗਿਆ ਜਦੋਂ ਉਹ ਰੂਸ ਵਿਚ ਭਾਰਤ ਦੇ ਰਾਜਦੂਤ ਡਾ. ਸਰਵਾਪੱਲੀ ਰਾਧਾਕ੍ਰਿਸ਼ਨਨ ਦੇ ਕਲਮੀ-ਦੋਸਤ ਬਣ ਗਏ। ਉਸ ਵੇਲੇ ਉਹ ਅੰਮ੍ਰਿਤਸਰ ਦੇ ਇਕ ਸਕੂਲ ਵਿਚ ਵਿਦਿਆਰਥੀ ਸਨ। ਜਦੋਂ ਜੋਸਫ਼ ਸਟਾਲਿਨ ਨੇ ਡਾ. ਰਾਧਾ ਕ੍ਰਿਸ਼ਨਨ ਦਾ ਸੁਆਗਤ ਕੀਤਾ ਤਾਂ ਇਸ ਨੂੰ ਰੂਸ ਦੇ ਇਤਿਹਾਸ ਦੀ ਇਕ ਇਤਿਹਾਸਕ ਘਟਨਾ ਸਮਝਿਆ ਗਿਆ। ਦਿਲਜੀਤ ਸਿੰਘ ਪੰਨੂੰ ਨੇ ਉਸ ਸਮੇਂ ਡਾ. ਰਾਧਾ ਕ੍ਰਿਸ਼ਨਨ ਨੂੰ ਵਧਾਈ ਦਾ ਪੱਤਰ ਲਿਖਿਆ ਸੀ।

ਇਸ ਪਿੱਛੋਂ ਡਾ. ਰਾਧਾ ਕ੍ਰਿਸ਼ਨਨ ਜਦੋਂ ਭਾਰਤ ਦੇ ਉਪ ਰਾਸ਼ਟਰਪਤੀ ਬਣੇ ਤਾਂ ਉਨ੍ਹਾਂ ਨੇ ਪੰਨੂੰ ਨੂੰ ਦਿੱਲੀ ਆਉਣ ਦਾ ਸੱਦਾ ਦਿੱਤਾ ਉਨ੍ਹਾਂ ਦਾ ਰਿਸ਼ਤਾ ਉਨ੍ਹਾਂ ਦੀ ਮੌਤ ਤਕ ਚਲਦਾ ਰਿਹਾ। ਇਹ ਡਾ. ਰਾਧਾ ਕ੍ਰਿਸ਼ਨਨ ਦੀ ਹੀ ਪ੍ਰੇਰਨਾ ਸੀ ਕਿ ਸ੍ਰੀ ਪੰਨੂੰ ਉਸ ਵੇਲੇ ਦੀ ਭਾਰਤ ਦੀ ਸੂਚਨਾ ਤੇ ਪ੍ਰਸਾਰਣ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਮਿਲੇ। ਉਨ੍ਹਾਂ ਨੇ ਸ੍ਰੀ ਪੰਨੂੰ ਨੂੰ ਅੰਮ੍ਰਿਤਸਰ ਵਿਚ ਆਲ ਇੰਡੀਆ ਰੇਡੀਓ ਦਾ ਪ੍ਰਦੇਸ਼ਕ ਪੱਤਰ ਪਰੇਰਕ ਲਗਵਾ ਦਿੱਤਾ। ਸ੍ਰੀ ਪੰਨੂੰ ਕੁਝ ਸਮਾਂ ਦੀ ਟਾਈਮਜ਼ ਆਫ਼ ਇੰਡੀਆ ਦੇ ਵੀ ਪੱਤਰ ਪਰੇਰਕ ਰਹੇ। ਇੰਦਰਾ ਗਾਂਧੀ ਨਾਲ ਇਹ ਰਿਸ਼ਤਾ ਉਦੋਂ ਹੋਰ ਵੀ ਪੱਕਾ ਹੋ ਗਿਆ ਜਦੋਂ ਉਹ ਭਾਰਤ ਦੀ ਪ੍ਰਧਾਨ ਮੰਤਰੀ ਬਣੀ।

ਪੰਜਾਬ ਵਿਚ ਸ੍ਰੀ ਪੰਨੂੰ ਕਾਫ਼ੀ ਸਮੇਂ ਤਕ ਪੰਜਾਬ ਬੈਕਵਰਡ ਕਲਾਸਿਜ਼ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਵੀ ਰਹੇ। ਉਨ੍ਹਾਂ ਨੇ 1980 ਵਿਚ ਆਮ ਲੋਕਾਂ ਨੂੰ ਕਰਜ਼ੇ ਦੇਣ ਸਬੰਧੀ ਇਕ ਸਮਾਗਮ ਵੀ ਕਰਵਾਇਆ ਅਤੇ ਗਰੀਬਾਂ ਲਈ 'ਪੀਲੇ ਕਾਰਡ' ਜਾਰੀ ਕਰਨ ਦੀ ਸ਼ੁਰੂਆਤ ਕੀਤੀ।

ਪੰਨੂੰ ਨੇ ਇਕ ਕਿਤਾਬ 'ਕੈਨਨ ਅਨਟੂ ਕੈਨਨ' (ਤੋਪ ਦਾ ਜਵਾਬ ਤੋਪ) ਲਿਖੀ ਇਹ ਕਿਤਾਬ 1984 ਵਿਚ ਦਰਬਾਰ ਸਾਹਿਬ ਉਤੇ ਹੋਏ ਹਮਲੇ ਤੇ ਅਕਾਲ ਤਖ਼ਤ



ਸਾਹਿਬ ਦੀ ਤਬਾਹੀ ਬਾਰੇ ਇੰਦਰਾ ਗਾਂਧੀ ਅਤੇ ਭਾਰਤ ਸਰਕਾਰ ਦੇ ਦਾਅਵਿਆਂ ਨੂੰ ਝੁਠਲਾਉਣ ਵਾਲੇ ਕਈ ਹੈਰਾਨਕੁਨ ਭੇਤ ਜ਼ਾਹਿਰ ਕਰਦੀ ਹੈ। ਇਸ ਪੁਸਤਕ ਵਿਚ ਸ. ਪੰਨੂੰ ਇਹ ਦਾਅਵਾ ਕਰਦੇ ਹਨ ਕਿ ਕੁਝ ਤਾਕਤਾਂ ਨੇ ਸ਼ਰਾਰਤੀ ਰੋਲ ਅਦਾ ਕਰਦਿਆਂ, ਇੰਦਰਾ ਗਾਂਧੀ ਨੂੰ ਗੁਮਰਾਹ ਕੀਤਾ, ਜਿਸ ਦਾ ਨਤੀਜਾ ਫ਼ੌਜੀ ਕਾਰਵਾਈ ਵਿਚ ਨਿਕਲਿਆ।

ਇਹ ਸਭ ਕੁਝ ਇਸ ਗੱਲ ਦੇ ਬਾਵਜੂਦ ਹੋਇਆ ਕਿ ਤੇਜ਼-ਤਰਾਰ ਤੇ ਜੋਸ਼ੀਲੇ ਸੰਤ ਭਿੰਡਰਾਂਵਾਲੇ ਦੋਹਾਂ ਧਿਰਾਂ ਵਿਚ ਆਈ ਖੜੋਤ ਨੂੰ ਤੋੜਨ ਲਈ ਗੱਲ-ਬਾਤ ਸ਼ੁਰੂ ਕਰਨ ਲਈ ਸਹਿਮਤ ਹੋ ਗਏ ਸਨ। ਸੰਤ ਭਿੰਡਰਾਂਵਾਲਿਆਂ ਅਤੇ ਸ. ਪੰਨੂੰ ਵਿਚਾਲੇ ਹੋਈ ਵਿਸ਼ੇਸ਼ ਮੁਲਾਕਾਤ ਇਸ ਲਈ ਮਹੱਤਵਪੂਰਨ ਸੀ ਕਿਉਂਕਿ ਸ. ਪੰਨੂੰ ਨੇ 'ਪੰਜਾਬ ਸਮੱਸਿਆ' ਨੂੰ ਸੁਲਝਾਉਣ ਲਈ ਆਪਣੀ ਜਾਨ ਨੂੰ ਖ਼ਤਰੇ ਵਿਚ ਪਾਉਣ ਤੋਂ ਗੁਰੇਜ਼ ਨਹੀਂ ਸੀ ਕੀਤਾ। ਸ. ਪੰਨੂੰ ਲਿਖਦੇ ਹਨ, 'ਸੰਤਾਂ ਨਾਲ ਅਕਾਲ ਤਖ਼ਤ ਸਾਹਿਬ 'ਤੇ ਮੁਲਾਕਾਤ ਕਰਨ ਲਈ ਮੇਰੇ ਉਤੇ ਬਹੁਤ ਜ਼ੋਰ ਪਾਇਆ ਗਿਆ ਸੀ। ਇਹ ਮੇਰੇ ਵੱਲੋਂ ਕੀਤੀ ਗਈ ਕੋਈ ਨਿੱਜੀ ਸ਼ੁਰੂਆਤ ਨਹੀਂ ਸੀ। ਇਸ ਕੰਮ ਲਈ ਮੈਨੂੰ ਕੁਝ ਦੋਸਤਾਂ ਨੇ ਮਜਬੂਰ ਕਰ ਦਿੱਤਾ ਸੀ ਜਿਨ੍ਹਾਂ ਵਿਚ ਪੰਜਾਬ ਸਰਕਾਰ ਦੇ ਇਕ ਆਲ੍ਹਾ ਅਫ਼ਸਰ ਸਰਦਾਰ ਐੱਸ.ਐੱਸ. ਸਿੱਧੂ ਵੀ ਸਨ, ਜਿਹੜੇ ਉਸ ਵੇਲੇ ਇਕ ਤਰ੍ਹਾਂ ਪੰਜਾਬ 'ਤੇ ਹਕੂਮਤ ਕਰ ਰਹੇ ਸਨ।'

ਪਰ ਉਹ ਇਸ ਗੱਲ 'ਤੇ ਅਫ਼ਸੋਸ ਜ਼ਾਹਿਰ ਕਰਦੇ ਹਨ ਕਿ ਕੁਝ ਸੁਆਰਥੀ ਲੋਕਾਂ ਨੇ ਉਨ੍ਹਾਂ ਨੂੰ ਦਰਬਾਰ ਸਾਹਿਬ ਉਤੇ ਹੋਣ ਵਾਲੀ ਫ਼ੌਜੀ ਕਾਰਵਾਈ ਬਾਰੇ ਹਨੇਰੇ ਵਿਚ ਰੱਖਿਆ; ਨਹੀਂ ਤਾਂ ਮਾਰੇ ਗਏ ਕਈ ਨਿਰਦੋਸ਼ ਲੋਕਾਂ ਦੀਆਂ ਜਾਨਾਂ ਬਚ ਜਾਣੀਆਂ ਸਨ। ਉਹ ਕਹਿੰਦੇ ਹਨ ਕਿ ਉਨ੍ਹਾਂ ਨੇ ਸੰਤ ਭਿੰਡਰਾਂਵਾਲਿਆਂ ਨਾਲ ਕਈ ਗੱਲਾਂ ਵਿਸਥਾਰ ਨਾਲ ਨਜਿੱਠ ਲਈਆਂ ਸਨ ਅਤੇ ਸਾਰੇ ਮਾਮਲੇ ਨੂੰ ਸੁਲਝਾਉਣਾ ਬੜਾ ਸੌਖਾ ਲਗਦਾ ਸੀ। 'ਅਸੀਂ ਬੜੇ ਖੁੱਲ੍ਹੇ-ਡੁੱਲ੍ਹੇ ਢੰਗ ਨਾਲ ਆਪਸ ਵਿਚ ਵਿਚਾਰ-ਵਟਾਂਦਰਾ ਕੀਤਾ ਸੀ।'

ਸ. ਪੰਨੂੰ ਆਪਣੀ ਕਿਤਾਬ ਵਿਚ ਲਿਖਦੇ ਹਨ ਕਿ 'ਸੰਤ ਭਿੰਡਰਾਂਵਾਲਿਆਂ ਨਾਲ ਮੇਰੀ ਮੁਲਾਕਾਤ ਐਨੇ ਸੁਖਾਵੇਂ ਮਾਹੌਲ ਵਿਚ ਹੋਈ ਕਿ ਉਨ੍ਹਾਂ ਕਿਹਾ-ਰੂਹ ਅਫ਼ਜ਼ਾ ਲਿਆਓ। ਭਾਈ ਥਾਰਾ ਸਿੰਘ ਰੂਹ ਅਫ਼ਜ਼ਾ ਲਿਆਏ ਅਤੇ ਅਸੀਂ ਸਾਰਿਆਂ ਨੇ ਸ਼ਰਬਤ ਛਕਿਆ।'

'ਮੈਨੂੰ ਯਾਦ ਹੈ ਕਿ ਮੈਂ ਇਹ ਤਜਵੀਜ਼ ਰੱਖੀ ਸੀ ਕਿ ਸ੍ਰੀਮਤੀ ਇੰਦਰਾ ਗਾਂਧੀ ਸਮੁੱਚੇ ਦੇਸ਼ ਨੂੰ ਖ਼ਾਸ ਕਰਕੇ ਪੰਜਾਬ ਨੂੰ ਅਮਨ ਤੇ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕਰਨਗੇ ਅਤੇ ਆਖਣਗੇ ਕਿ ਪੰਜਾਬ ਦੀਆਂ ਸਾਰੀਆਂ ਸਮੱਸਿਆਵਾਂ ਆਪਸੀ ਗੱਲਬਾਤ ਨਾਲ ਹੱਲ ਕਰ ਲਈਆਂ ਜਾਣਗੀਆਂ।' ਸ. ਪੰਨੂੰ ਨੇ ਸੰਤਾਂ ਨੂੰ ਕਿਹਾ ਕਿ ਤੁਸੀਂ ਇਸ ਅਪੀਲ ਦੇ ਉੱਤਰ ਵਿਚ ਐਲਾਨ ਕਰੋਗੇ ਕਿ ਮੈਂ ਇਕ ਮਹੀਨਾ ਉਡੀਕ ਕਰਾਂਗਾ ਅਤੇ ਆਪਣੇ ਸਿੰਘਾਂ ਨੂੰ ਕਹਾਂਗਾ ਕਿ ਉਹ ਇਸ ਸਮੇਂ ਦੌਰਾਨ ਹਥਿਆਰਾਂ ਦੀ ਵਰਤੋਂ ਨਾ ਕਰਨ।

ਸ. ਪੰਨੂੰ ਅੱਗੇ ਲਿਖਦੇ ਹਨ ਕਿ ਉਨ੍ਹਾਂ ਨੇ ਚਾਰ ਹਫ਼ਤਿਆਂ ਦਾ ਸਮਾਂ ਤਜਵੀਜ਼ ਕੀਤਾ ਸੀ ਜਦ ਕਿ ਭਿੰਡਰਾਂਵਾਲੇ ਸਿਰਫ਼ ਇਕ ਹਫ਼ਤਾ ਚਾਹੁੰਦੇ ਸਨ। ਫੇਰ ਉਹ ਦਸ ਦਿਨਾਂ 'ਤੇ ਸਹਿਮਤ ਹੋ ਗਏ। ਪੰਨੂੰ ਨੇ ਸੰਤਾਂ ਨੂੰ ਯਕੀਨ ਦੁਆਇਆ ਕਿ ਜੇ ਇਨ੍ਹਾਂ ਦਿਨਾਂ ਵਿਚ ਕੋਈ ਮਾੜੀ ਘਟਨਾ ਵਾਪਰ ਗਈ ਤਾਂ ਇੰਦਰਾ ਗਾਂਧੀ ਇਸ ਦਾ ਦੋਸ਼ ਉਨ੍ਹਾਂ ਦੇ ਬੰਦਿਆਂ ਉਤੇ ਨਹੀਂ ਲਾਉਣਗੇ। ਸੰਤ ਭਿੰਡਰਾਂਵਾਲੇ ਪੰਨੂੰ ਤੋਂ ਇਹ ਵਿਸ਼ਵਾਸ ਚਾਹੁੰਦੇ ਸਨ ਕਿ ਭਾਰਤ ਸਰਕਾਰ ਕੈਦੀ ਸਿੱਖ ਨੌਜਵਾਨਾਂ ਉਤੇ ਤਸ਼ੱਦਦ ਕਰਨਾ ਬੰਦ ਕਰ ਦੇਵੇ। ਪੰਨੂੰ ਇਹ ਦਾਅਵਾ ਵੀ ਕਰਦੇ ਰਹੇ ਕਿ ਸੰਤਾਂ ਨੇ ਕਿਹਾ ਸੀ ਕਿ ਇਹ ਸਾਰੀ ਯੋਜਨਾ ਸਿਰੇ ਚੜ੍ਹਨੀ ਚਾਹੀਦੀ ਹੈ, ਗੁੱਝੇ ਰੂਪ ਵਿਚ ਇਸ ਵਿਚ ਕੋਈ ਤੋੜ-ਫੋੜ ਨਾ ਕੀਤੀ ਜਾਵੇ।

ਸਾਕਾ ਨੀਲਾ ਤਾਰਾ ਤੋਂ ਪਹਿਲਾਂ ਕੇਂਦਰ ਸਰਕਾਰ ਨੂੰ ਜੋ ਰਿਪੋਰਟਾਂ ਭੇਜੀਆਂ ਗਈਆਂ, ਉਨ੍ਹਾਂ ਵਿਚ ਲਿਖਿਆ ਹੈ ਕਿ 'ਸਾਡੀ ਮੁਲਾਕਾਤ ਬੜੇ ਦੋਸਤਾਨਾ ਤੇ ਰਜ਼ਾਮੰਦੀ ਦੇ ਮਾਹੌਲ ਵਿਚ ਖ਼ਤਮ ਹੋਈ। ਅਸੀਂ ਅੱਜ ਦੀ ਮੁਲਾਕਾਤ ਦੇ ਨਤੀਜੇ ਉਤੇ ਖ਼ੁਸ਼ ਸਾਂ। ਅਸਲ ਵਿਚ ਮੈਂ ਦੇਖਿਆ ਕਿ ਇਸ ਵਿਚ ਭਾਰਤ ਸਰਕਾਰ ਨੂੰ ਜਾਂ ਕਿਸੇ ਹੋਰ ਨੂੰ ਡਰਾਉਣ ਵਾਲੀ ਕੋਈ ਗੱਲ ਨਹੀਂ ਸੀ।'

ਸ. ਦਿਲਜੀਤ ਸਿੰਘ ਪੰਨੂੰ ਕਹਿੰਦੇ ਹਨ ਕਿ ਸੰਤ ਭਿੰਡਰਾਂਵਾਲਿਆਂ ਨੇ ਮੈਨੂੰ ਵਾਰ-ਵਾਰ ਕਿਹਾ ਕਿ 'ਮੈਂ ਖਾਲਿਸਤਾਨ ਨਹੀਂ ਚਾਹੁੰਦਾ। ਪਰ ਉਹ ਮੈਨੂੰ ਆਪ ਥਾਲੀ ਵਿਚ ਪਰੋਸ ਦੇ ਖਾਲਿਸਤਾਨ ਦੇਣਗੇ।' ਉਨ੍ਹਾਂ ਕਿਹਾ ਕਿ ਸੰਤਾਂ ਨੂੰ 'ਸਹੀ ਰੂਪ ਵਿਚ ਸਮਝਿਆ ਹੀ ਨਹੀਂ ਗਿਆ।' ਜੇਕਰ ਉਨ੍ਹਾਂ ਨਾਲ ਇਮਾਨਦਾਰੀ ਅਤੇ ਸੁਹਿਰਦਤਾ ਨਾਲ ਵਰਤਾਉ ਕੀਤਾ ਜਾਂਦਾ ਤਾਂ ਸਾਕਾ ਨੀਲਾ ਤਾਰਾ ਦਾ ਦੁਖਾਂਤ ਕਦੀ ਨਾ ਵਾਪਰਦਾ।

****



# ਸ਼ੌਰੀਆ ਚੱਕਰਾਂ ਦੀ ਗਾਥਾ

ਜਦੋਂ ਪੰਜਾਬ ਵਿਚ ਅਤਿਵਾਦ ਸਿਖ਼ਰ 'ਤੇ ਸੀ, ਜਦੋਂ ਅਤਿਵਾਦੀ ਡਿਪਟੀ ਕਮਿਸ਼ਨਰਾਂ ਅਤੇ ਪੁਲੀਸ ਮੁਖੀਆਂ ਦੇ ਦਫ਼ਤਰਾਂ ਦੇ ਗੇੜੇ ਮਾਰਦੇ ਰਹਿੰਦੇ ਸਨ, ਜਦੋਂ ਸਾਰਾ ਸੂਬਾ, ਅਤਿਵਾਦੀਆਂ ਦੀ ਜਗੀਰ ਬਣ ਗਿਆ ਸੀ ਅਤੇ ਜਦੋਂ ਕਈ ਪੰਜਾਬੀਆਂ ਨੇ ਬੰਦੂਕ ਦੇ ਰਾਜ ਮੋਹਰੇ ਹਥਿਆਰ ਸੁੱਟ ਦਿੱਤੇ ਸਨ; ਉਸ ਵੇਲੇ ਕੁਝ ਥੋੜ੍ਹੇ ਜਿਹੇ ਪਰਿਵਾਰ ਹੀ ਸਨ ਜਿਨ੍ਹਾਂ ਨੇ ਅਤਿਵਾਦ ਦਾ ਵਿਰੋਧ ਕਰਨ ਦਾ ਰਾਹ ਚੁਣਿਆ।

ਉਸ ਵੇਲੇ ਸ੍ਰੀ ਬੂਟਾ ਰਾਮ (ਅੰਮ੍ਰਿਤਸਰ) ਬਲਵਿੰਦਰ ਸਿੰਘ ਸੰਧੂ (ਭਿੱਖੀਵਿੰਡ) ਅਤੇ ਬੀਬੀ ਅਮਰੀਕ ਕੌਰ (ਅਮਰਕੋਟ) ਦੇ ਹੀ ਕੁਝ ਪਰਿਵਾਰ ਸਨ, ਜਿਨ੍ਹਾਂ ਨੇ ਸਭ ਤੋਂ ਮੋਹਰੇ ਹੋ ਕੇ ਅਤਿਵਾਦ ਦਾ ਵਿਰੋਧ ਕੀਤਾ। ਇਸ ਸਮੇਂ ਦੌਰਾਨ ਸਰਹੱਦੀ ਖੇਤਰ ਦੇ ਪਿੰਡ ਭਿੱਖੀਵਿੰਡ ਤੇ ਅਮਰਕੋਟ ਸਭ ਤੋਂ ਵਧ ਅਤਿਵਾਦੀਆਂ ਦੇ ਨਿਸ਼ਾਨੇ 'ਤੇ ਰਹੇ।

ਕਾਮਰੇਡ ਸੰਧੂ ਦੇ ਪਰਿਵਾਰ ਨੇ ਇਸ ਸਮੇਂ ਦਾ ਕੁਝ ਇਤਿਹਾਸ ਲਿਖ ਕੇ ਬੜੀ ਹਿੰਮਤ ਤੇ ਹੌਸਲੇ ਦਾ ਸਬੂਤ ਦਿੱਤਾ। ਸਾਰੇ ਦੇਸ਼ ਵਿਚ ਇਕੋ-ਇਕ ਸੰਧੂ ਪਰਿਵਾਰ ਹੈ, ਜਿਸ ਨੂੰ ਚਾਰ ਸ਼ੌਰੀਆ ਚੱਕਰ ਮਿਲੇ। ਸੰਧੂ ਦਾ ਘਰ ਐਸੀ ਥਾਂ ਸਥਿਤ ਹੈ ਜਿੱਥੇ ਉਸ ਨੂੰ ਸੌਖਿਆਂ ਹੀ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਇਸ ਮਕਾਨ ਦੇ ਇਕ ਪਾਸੇ ਹਿੰਦ-ਪਾਕਿ ਸਰਹੱਦ ਹੈ ਅਤੇ ਦੂਜੇ ਪਾਸੇ ਖ਼ਾਲਿਸਤਾਨ ਕਮਾਂਡੋ ਫੋਰਸ ਦੇ 'ਅਖੌਤੀ' ਪ੍ਰਧਾਨ ਪਰਮਜੀਤ ਸਿੰਘ ਪੰਜਵੜ ਦਾ ਜੱਦੀ ਘਰ; ਜਿਸ ਨੂੰ ਬਾਅਦ ਵਿਚ 'ਅਤਿ ਲੋੜੀਂਦਾ ਅਤਿਵਾਦੀ' ਐਲਾਨ ਕੀਤਾ ਗਿਆ।

ਇਹ ਪੰਜਵੜ ਹੀ ਸੀ ਜਿਸ ਨੇ ਹੋਰ ਅਤਿਵਾਦੀਆਂ ਨਾਲ ਮਿਲ ਕੇ ਸੰਧੂਆਂ ਦੇ ਘਰ ਉਤੇ ਕਈ ਵਾਰ ਹਮਲੇ ਕੀਤੇ। ਉਨ੍ਹਾਂ ਦੇ ਘਰ ਨੂੰ ਰਾਕਟ ਲਾਂਚਰਾਂ ਤੇ ਹੈਂਡ ਗਰਨੇਡਾਂ ਨਾਲ 40 ਤੋਂ ਵੀ ਵਧ ਵਾਰੀ ਨਿਸ਼ਾਨਾ ਬਣਾਇਆ ਗਿਆ। ਜਦੋਂ ਪੁਲੀਸ ਸੰਧੂਆਂ ਦੀ ਹਿਫ਼ਾਜ਼ਤ ਕਰਨ ਵਿਚ ਅਸਫ਼ਲ ਹੋ ਗਈ ਤਾਂ ਉਨ੍ਹਾਂ ਨੇ ਖ਼ੁਦ ਹਥਿਆਰਬੰਦ ਹੋਣ ਦਾ ਫੈਸਲਾ ਕੀਤਾ।

ਉਨ੍ਹਾਂ ਨੇ ਅਤਿਵਾਦੀਆਂ ਦਾ ਮੁਕਾਬਲਾ ਕਰਨ ਦੀ ਪੱਕੀ ਠਾਣ ਲਈ। ਸੰਧੂ ਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਜਗਦੀਸ਼ ਕੌਰ ਦੋਵੇਂ ਸੀ.ਪੀ.ਆਈ. ਦੇ ਕਾਰਜ-ਕਰਤਾ ਸਨ। ਉਨ੍ਹਾਂ ਦਾ ਬੇਟਾ ਗਗਨਦੀਪ ਸਿੰਘ ਉਸ ਵੇਲੇ ਦੋ ਸਾਲ ਦਾ ਸੀ। ਬਲਵਿੰਦਰ ਸਿੰਘ ਸੰਧੂ ਦਾ ਵੱਡਾ ਭਰਾ ਰਣਜੀਤ ਸਿੰਘ ਸੰਧੂ ਅਤੇ ਉਨ੍ਹਾਂ ਦੀ ਧਰਮ ਪਤਨੀ, ਸਾਰਿਆਂ ਨੇ ਮਿਲ ਕੇ ਅਤਿਵਾਦੀ ਹਮਲਿਆਂ ਦਾ ਟਾਕਰਾ ਕੀਤਾ। ਪੁਰਾਣੇ ਦਿਨਾਂ ਨੂੰ ਯਾਦ ਕਰ ਕੇ ਸ. ਸੰਧੂ ਕਹਿੰਦੇ ਹਨ ਕਿ ਉਨ੍ਹਾਂ ਦੇ ਪਰਿਵਾਰ ਨੂੰ ਹਰ ਰਾਤ ਆਪਣੀ ਆਖ਼ਰੀ ਰਾਤ ਲਗਦੀ ਸੀ।

ਅਤਿਵਾਦੀ ਉਨ੍ਹਾਂ ਦੇ ਘਰ ਦੇ ਆਲੇ-ਦੁਆਲੇ ਘੁੰਮਦੇ ਅਤੇ ਗੰਦੀਆਂ ਗਾਲ਼ਾਂ

ਕੱਢਦੇ ਰਹਿੰਦੇ ਸਨ। ਨਾਲ ਲਗਦੇ ਘਰਾਂ ਦੀਆਂ ਛੱਤਾਂ ਤੋਂ ਉਨ੍ਹਾਂ ਦੇ ਘਰ ਉਤੇ ਗੋਲੀਆਂ ਚਲਾਉਂਦੇ ਰਹਿੰਦੇ ਸਨ। ਅਤਿਵਾਦੀ ਭਾਵੇਂ ਤਰੀਕ ਤੇ ਟਾਈਮ ਪਹਿਲਾਂ ਦਸ ਕੇ ਸਾਡੇ ਘਰ ’ਤੇ ਹਮਲਾ ਕਰਦੇ ਸਨ ਪਰ ਪੁਲੀਸ ਨੂੰ ਜੁਰਅੱਤ ਨਹੀਂ ਸੀ ਪੈਂਦੀ ਕਿ ਉਹ ਸਾਨੂੰ ਬਚਾਉਣ ਲਈ ਆਵੇ। ਉਨ੍ਹਾਂ ਦੇ ਘਰ ਉਤੇ 40 ਹਮਲੇ ਹੋਏ ਪਰ ਉਨ੍ਹਾਂ ਦੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਗੋਲੀ ਛੋਹ ਨਹੀਂ ਸਕੀ। ਸੰਧੂ ਪਰਿਵਾਰ ਨੂੰ ਕਾਮਰੇਡ ਬੂਟਾ ਰਾਮ ਨੇ ਬੁਲਟ ਪਰੂਫ ਜੈਕਟਾਂ ਦਿੱਤੀਆਂ ਹੋਈਆਂ ਸਨ। ਬੂਟਾ ਰਾਮ ਨੇ ਆਪ ਵੀ ਅਤਿਵਾਦੀਆਂ ਦਾ ਚੰਗਾ ਮੁਕਾਬਲਾ ਕੀਤਾ।

ਬੂਟਾ ਰਾਮ ਨੂੰ ਵੀ ਸ਼ੌਰੀਆ ਚੱਕਰ ਮਿਲਿਆ, ਜਿਨ੍ਹਾਂ ਨੇ ਅਤਿਵਾਦੀਆਂ ਦੇ ਕਈ ਹਮਲਿਆਂ ਨੂੰ ਨਾਕਾਮ ਕਰ ਕੇ ਮਿਸਾਲ ਕਾਇਮ ਕੀਤੀ। ਉਹ ਅੰਮ੍ਰਿਤਸਰ ਦੇ ਆਮ ਲੋਕਾਂ ਵਿਚੋਂ ਪਹਿਲੇ ਵਿਅਕਤੀ ਸਨ, ਜਿਨ੍ਹਾਂ ਨੂੰ ਬਹਾਦਰੀ ਲਈ ਸ਼ੌਰੀਆ ਚੱਕਰ ਮਿਲਿਆ। ਉਸ ਦੀ ਦੁਕਾਨ ਤੇ ਘਰ ਸ੍ਰੀ ਦਰਬਾਰ ਸਾਹਿਬ ਤੋਂ ਦੋ ਕਿਲੋਮੀਟਰ ਤੋਂ ਵੀ ਘੱਟ ਫਾਸਲੇ ’ਤੇ ਸੀ। ਇਹ ਦੋਵੇਂ ਥਾਵਾਂ ਸੱਚ-ਮੁੱਚ ਕਿਲੇ ਬਣੀਆਂ ਹੋਈਆਂ ਸਨ। ਜਿਨ੍ਹਾਂ ਦਿਨਾਂ ਵਿਚ ਅਤਿਵਾਦ ਸਿਖ਼ਰ ’ਤੇ ਸੀ, ਪੰਜਾਬ ਦੇ ਕਈ ਹਿੰਦੂ ਵੀਰ ਸੁਰੱਖਿਅਤ ਥਾਵਾਂ ਵੱਲ ਹਿਜਰਤ ਕਰ ਗਏ ਸਨ। ਬੂਟਾ ਰਾਮ ਅੰਮ੍ਰਿਤਸਰ ਕਰਿਆਨਾ ਮਰਚੈਂਟਸ ਐਸੋਸੀਏਸ਼ਨ ਦਾ ਪ੍ਰਧਾਨ ਸੀ। ਉਹ ਹਿਜਰਤ ਕਰ ਕੇ ਕਿਤੇ ਨਹੀਂ ਗਿਆ। ਉਹ ਸੱਚ-ਮੁੱਚ ਮਿੱਤਰਾਂ ਦਾ ਮਿੱਤਰ ਸੀ। ਉਨ੍ਹਾਂ ਦਿਨਾਂ ਵਿਚ ਉਸ ਨੇ ਬੇਮਿਸਾਲ ਬਹਾਦਰੀ ਦਿਖਾਈ।

ਬੂਟਾ ਰਾਮ ਨੂੰ ਮਿਲੇ ਸ਼ੌਰੀਆ ਚੱਕਰ ਉਤੇ ਇਹ ਸ਼ਬਦ ਲਿਖੇ ਹੋਏ ਹਨ। “5 ਮਈ 1987 ਨੂੰ ਬੂਟਾ ਰਾਮ ਨੇ ਅਤਿਵਾਦੀਆਂ ਦਾ ਮੁਕਾਬਲਾ ਕਰਦਿਆਂ ਬੇਮਿਸਾਲ ਹੌਸਲੇ ਤੇ ਬਹਾਦਰੀ ਦਾ ਸਬੂਤ ਦਿੱਤਾ ਅਤੇ ਆਪਣੀ ਜਾਨ ਨੂੰ ਖ਼ਤਰੇ ਵਿਚ ਪਾ ਕੇ ਦੋ ਹਥਿਆਰਬੰਦ ਅਤਿਵਾਦੀਆਂ ਨੂੰ ਫੜ ਲਿਆ। ਇਕ ਵਾਰ ਫੇਰ ਜਦੋਂ ਉਹ 30 ਮਾਰਚ 1988 ਨੂੰ ਆਪਣੀ ਕਰਿਆਨੇ ਦੀ ਦੁਕਾਨ ਵਿਚ ਬੈਠਾ ਸੀ, ਉਸ ਨੇ ਦੇਖਿਆ ਕਿ ਅਤਿਵਾਦੀਆਂ ਦੀ ਇਕ ਟੋਲੀ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਸਤ ਨਰਾਇਣ ਸ਼ਰਮਾ ਨੂੰ ਮਾਰ ਦਿੱਤਾ। ਬੂਟਾ ਰਾਮ ਨੇ ਆਪਣੇ ਬੰਦੂਕਚੀਆਂ ਨੂੰ ਨਾਲ ਲੈ ਕੇ ਅਤਿਵਾਦੀਆਂ ਦਾ ਮੁਕਾਬਲਾ ਕੀਤਾ ਅਤੇ ਉਨ੍ਹਾਂ ਨੂੰ ਨੱਸ ਜਾਣ ਲਈ ਮਜਬੂਰ ਕਰ ਦਿੱਤਾ। ਉਸ ਨੇ ਡੇਢ੍ਹ ਕਿਲੋਮੀਟਰ ਤਕ ਉਨ੍ਹਾਂ ਦਾ ਪਿੱਛਾ ਕੀਤਾ ਅਤੇ ਆਪਣੀ ਜਾਨ ਉਤੇ ਖੇਲ੍ਹ ਕੇ ਇਕ ਅਤਿਵਾਦੀ ਨੂੰ ਫੜ ਲਿਆ। ਉਸ ਨੇ ਕੱਟੜ ਅਤਿਵਾਦੀਆਂ ਦਾ ਪਿੱਛਾ ਕਰ ਕੇ ਅਤੇ ਉਨ੍ਹਾਂ ਵਿਚੋਂ ਤਿੰਨਾਂ ਨੂੰ ਕਾਬੂ ਕਰ ਕੇ ਜੁਰਅੱਤ ਤੇ ਬਹਾਦਰੀ ਦਾ ਸਬੂਤ ਦਿੱਤਾ, ਜਿਸ ਕਾਰਨ ਬਹੁਤ ਸਾਰੇ ਨਿਰਦੋਸ਼ਾਂ ਦੀਆਂ ਜਾਨਾਂ ਬਚ ਗਈਆਂ।’ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀ ਵੀ.ਪੀ ਸਿੰਘ ਬੂਟਾ ਰਾਮ ਦੀ ਬਾਹਦਰੀ ਤੋਂ ਬੜੇ ਪ੍ਰਭਾਵਿਤ ਹੋਏ ਤੇ ਉਨ੍ਹਾਂ ਨੇ ਬੂਟਾ ਰਾਮ ਨਾਲ 45 ਮਿੰਟ ਦੀ ਮੁਲਾਕਾਤ ਕਰ ਕੇ ਪੰਜਾਬ ਵਿਚ ਅਤਿਵਾਦ ਬਾਰੇ ਅਸਲ ਜਾਣਕਾਰੀ ਹਾਸਲ ਕੀਤੀ। ਬੂਟਾ ਰਾਮ ਨੂੰ ‘ਰੈੱਡ ਐਂਡ ਵਾਈਟ ਬਰੇਵਰੀ ਐਵਾਰਡ-1993’ ਵੀ ਮਿਲ ਚੁੱਕਾ ਹੈ। ਅੰਮ੍ਰਿਤਸਰ



ਕਰਿਆਨਾ ਮਰਚੈਂਟਸ ਐਸੋਸੀਏਸ਼ਨ ਦਾ ਪ੍ਰਧਾਨ ਹੋਣ ਨਾਤੇ ਬੂਟਾ ਰਾਮ ਨੇ ਖੇਤਰ ਵਿਚ ਅਮਨ ਅਤੇ ਏਕਤਾ ਕਾਇਮ ਕਰਨ ਲਈ ਕਈ ਮਹੱਲਾ-ਮੀਟਿੰਗਾਂ ਕੀਤੀਆਂ। ਉਸ ਉਤੇ ਸਾਕਾ ਨੀਲਾ ਤਾਰਾ ਤੋਂ ਕੁਝ ਦਿਨ ਪਹਿਲਾਂ ਵੀ ਹਮਲਾ ਕੀਤਾ ਗਿਆ।

ਬੀਬੀ ਅਮਰੀਕ ਕੌਰ ਨੂੰ ‘ਸਰਹੱਦੀ ਪੱਟੀ ਦੀ ਸ਼ੇਰਨੀ’ ਕਿਹਾ ਜਾਂਦਾ ਹੈ। ਉਨ੍ਹਾਂ ਦੀ ਕਹਾਣੀ ਬੜੀ ਪ੍ਰੇਰਣਾਦਾਇਕ ਹੈ। ਪਿੰਡ ਅਮਰਕੋਟ ਵਿਚ ਉਸ ਦੇ ਘਰ ਉਤੇ ਇਕ ਵਾਰੀ ਅਤਿਵਾਦੀਆਂ ਨੇ ਬੜਾ ਭਿਆਨਕ ਹਮਲਾ ਕੀਤਾ ਜਿਸ ਵਿਚ ਉਸ ਦਾ ਪਤੀ ਸ਼ਾਬੇਗ ਸਿੰਘ, ਨੌਕਰ ਮੁਖਤਿਆਰ ਸਿੰਘ ਤੇ ਚਾਰ ਮੱਝਾਂ ਮਾਰੀਆਂ ਗਈਆਂ। ਇਸ ਦੇ ਬਾਵਜੂਦ ਅਮਰੀਕ ਕੌਰ ਨੇ ਅਤਿਵਾਦੀਆਂ ਨਾਲ ਲੜਨਾ ਨਹੀਂ ਛੱਡਿਆ। ਉਨ੍ਹਾਂ ਦੇ ਘਰ ਉਤੇ ਜ਼ਿਆਦਾਤਰ ਹਮਲੇ ਬਬਰ ਖਾਲਸਾ ਜਥੇਬੰਦੀ ਦੇ ‘ਮੁਖੀ’ ਸੁਖਦੇਵ ਸਿੰਘ ਬੱਬਰ ਦੇ ਕਹਿਣ ਉਤੇ ਕੀਤੇ ਗਏ।

ਬੀਬੀ ਅਮਰੀਕ ਕੌਰ ਆਪਣੇ ਪੁੱਤਰਾਂ ਨਿਸ਼ਾਨ ਸਿੰਘ ਤੇ ਸਤਨਾਮ ਸਿੰਘ ਅਤੇ ਆਪਣੀ ਧੀ ਸਰਬਜੀਤ ਕੌਰ ਦੀ ਮਦਦ ਨਾਲ ਸਾਰੀ ਸਾਰੀ ਰਾਤ ਅਤਿਵਾਦੀਆਂ ਦਾ ਮੁਕਾਬਲਾ ਕਰਦੀ ਰਹਿੰਦੀ। ਨਿਸ਼ਾਨ ਸਿੰਘ ਤੇ ਸਤਨਾਮ ਸਿੰਘ ਦੀ ਉਮਰ ਉਸ ਵੇਲੇ ਸਿਰਫ਼ 16 ਸਾਲ ਤੇ 14 ਸਾਲ ਸੀ। ਪੁਲੀਸ ਭਾਵੇਂ ਇਸ ਪਰਿਵਾਰ ਦੀ ਅਤਿਵਾਦੀਆਂ ਤੋਂ ਸੁਰੱਖਿਆ ਨਹੀਂ ਕਰ ਸਕੀ ਪਰ ਬੀਬੀ ਅਮਰੀਕ ਕੌਰ ਨੂੰ ਪੁਲੀਸ ਨੇ ਕਾਫ਼ੀ ਹਥਿਆਰ ਦਿੱਤੇ ਹੋਏ ਸਨ। ਇਕ ਲਾਈਟ ਮਸ਼ੀਨ ਗੰਨ ਸੀ, ਇਕ ਏ.ਕੇ. 47 ਰਾਈਫਲ ਅਤੇ ਕੁਝ ਵਾਇਰਲੈੱਸ ਸੈੱਟ ਸਨ। 2 ਮਈ 1990 ਨੂੰ ਉਨ੍ਹਾਂ ਉਤੇ ਇਕ ਹੋਰ ਹਮਲਾ ਹੋਇਆ ਜਿਸ ਵਿਚ ਬੀਬੀ ਅਮਰੀਕ ਕੌਰ ਤੇ ਉਸ ਦੇ ਬੱਚੇ ਗੋਲੀਆਂ ਨਾਲ ਜ਼ਖ਼ਮੀ ਹੋ ਗਏ।

ਅੰਮ੍ਰਿਤਸਰ ਦੇ ਜੌਹਰੀ ਸ. ਅਮਰਦੀਪ ਸਿੰਘ ਸ਼ਾਇਦ ਸ਼ਹਿਰ ਦੇ ਸਭ ਤੋਂ ਛੋਟੀ ਉਮਰ ਦੇ ਸ਼ਹਿਰੀ ਹਨ, ਜਿਨ੍ਹਾਂ ਨੂੰ ਸ਼ੌਰੀਆ ਚੱਕਰ ਮਿਲਿਆ ਹੈ। ਉਨ੍ਹਾਂ ਦਾ ਬਿਹਾਰ ਦੇ ਨਕਸਲੀ ਪ੍ਰਭਾਵਿਤ ਇਲਾਕੇ ਵਿਚ ਖ਼ੂੰਖਾਰ ਡਕੈਤਾਂ ਨਾਲ ਅਚਾਨਕ ਮੁਕਾਬਲਾ ਹੋ ਗਿਆ। ਇਸ ਮੁਕਾਬਲੇ ਨੇ ਪਵਿੱਤਰ ਸ਼ਹਿਰ ਦੇ ਵਾਸੀ ਅਮਰਦੀਪ ਸਿੰਘ ਜੌਹਰੀ ਨੂੰ ਮਸ਼ਹੂਰ ਕਰ ਦਿੱਤਾ ਅਤੇ ਉਨ੍ਹਾਂ ਨੂੰ ਸ਼ੌਰੀਆ ਚੱਕਰ ਦਾ ਹੱਕਦਾਰ ਵੀ ਬਣਾ ਦਿੱਤਾ। ਪਟਨੇ ਦੀ ਪੁਲੀਸ ਅਤੇ ਸ਼ਹਿਰੀਆਂ ਨੇ ਉਸ ਵੇਲੇ ਸੁੱਖ ਦਾ ਸਾਹ ਲਿਆ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਚਹੁੰਆਂ ਵਿਚੋਂ ਮਾਰੇ ਗਏ ਦੋ ਬੰਦੇ ਬੜੇ ਖੌਫ਼ਨਾਕ ਡਕੈਤ ਸਨ, ਜਿਨ੍ਹਾਂ ਉਤੇ ਇਕੱਲੇ-ਇਕੱਲੇ ਉਤੇ ਛੇ-ਛੇ ਲੱਖ ਦਾ ਇਨਾਮ ਐਲਾਨ ਕੀਤਾ ਹੋਇਆ ਸੀ। ਅਮਰਦੀਪ ਸਿੰਘ ਬਿਹਾਰ ਦੀ ਰਾਜਧਾਨੀ ਪਟਨੇ ਵਿਚ ਵਪਾਰ ਦੇ ਸਬੰਧ ਵਿਚ ਗਏ ਸਨ। ਉਹ ਬੋਕਾਰੋ ਦੀ ਗੱਡੀ ਫੜਨ ਲਈ ਰੇਲਵੇ ਸਟੇਸ਼ਨ ਵੱਲ ਜਾ ਰਹੇ ਸਨ ਜਦੋਂ ਰਾਹ ਵਿਚ ਚਾਰ ਮੋਟਰਸਾਈਕਲ ਸਵਾਰ ਬੇਪਛਾਣ ਬੰਦਿਆਂ ਨਾਲ ਉਨ੍ਹਾਂ ਦਾ ਮੁਕਾਬਲਾ ਹੋ ਗਿਆ। ਉਨ੍ਹਾਂ ਨੇ ਬੰਦੂਕ ਤਾਣ ਕੇ ਉਨ੍ਹਾਂ ਨੂੰ ਲੁੱਟਣ ਦੀ ਕੋਸ਼ਿਸ਼ ਕੀਤੀ। ਇਕ ਜਣੇ ਨੇ ਆਪਣਾ ਰਿਵਾਲਵਰ ਕੱਢ ਲਿਆ ਤੇ ਦੋ ਫਾਇਰ ਕਰ ਦਿੱਤੇ। ਹੱਥੋਂਪਾਈ ਵਿਚ ਅਮਰਦੀਪ ਸਿੰਘ ਦੀ ਸੱਜੀ ਬਾਂਹ ਵਿਚ ਦੋ ਗੋਲੀਆਂ ਲੱਗੀਆਂ।

ਪਹਿਲਾਂ ਤਾਂ ਉਹ ਇਕ ਦਮ ਘਬਰਾ ਗਿਆ ਪਰ ਫੇਰ ਹੌਸਲਾ ਕਰ ਕੇ ਡਕੈਤਾਂ ਦਾ ਡਟ ਕੇ ਮੁਕਾਬਲਾ ਕੀਤਾ। ਇਕ ਡਕੈਤ ਦੇ ਦੋ ਗੋਲੀਆਂ ਲੱਗੀਆਂ ਅਤੇ ਉਹ ਜ਼ਮੀਨ ’ਤੇ ਡਿਗ ਪਿਆ। ਦੂਜੇ ਡਕੈਟ ਨੇ ਵੀ ਉਸ ਉਤੇ ਹਮਲਾ ਕਰ ਦਿੱਤਾ ਪਰ ਉਸ ਦਾ ਵੀ ਉਹੀ ਹਾਲ ਹੋਇਆ ਅਤੇ ਉਹ ਸਖ਼ਤ ਜ਼ਖ਼ਮੀ ਹੋ ਗਿਆ। ਅਮਰਦੀਪ ਸਿੰਘ ਨੇ ਤੀਜੇ ਬੰਦੇ ਦੀ ਲੱਤ ਵਿਚ ਵੀ ਗੋਲੀ ਮਾਰ ਦਿੱਤੀ, ਜਦੋਂ ਉਹ ਨੱਸਣ ਦੀ ਕੋਸ਼ਿਸ਼ ਕਰ ਰਿਹਾ ਸੀ।

ਇਹ ਘਟਨਾ ਸ਼ਹਿਰ ਦੀ ਭੀੜ-ਭੜੱਕੇ ਵਾਲੀ ਥਾਂ ’ਤੇ ਹੋਈ ਪਰ ਕੋਈ ਵੀ ਉਸ ਦੀ ਮਦਦ ਕਰਨ ਲਈ ਅੱਗੇ ਨਹੀਂ ਆਇਆ। ਇਕ ਰਿਕਸ਼ਾ ਵਾਲੇ ਨੇ ਵੀ ਉਸ ਨੂੰ ਹਸਪਤਾਲ ਲਿਜਾਣ ਤੋਂ ਨਾਂਹ ਕਰ ਦਿੱਤੀ। ਅਮਰਦੀਪ ਸਿੰਘ ਨੂੰ ਪੱਟੀ ਕਰਾਉਣ ਲਈ ਦੋ ਕਿਲੋ ਮੀਟਰ ਪੈਦਲ ਤੁਰ ਕੇ ਜਾਣਾ ਪਿਆ। ਹਸਪਤਾਲ ਵਿਚ ਇਕ ਡਕੈਤ ਦਾ ਪਹਿਲਾਂ ਹੀ ਅਪ੍ਰੇਸ਼ਨ ਹੋ ਰਿਹਾ ਸੀ। ਅਮਰਦੀਪ ਸਿੰਘ ਨੂੰ ਵੀ ਆਪਣੀ ਸੱਜੀ ਬਾਂਹ ਵਿਚੋਂ ਦੋ ਗੋਲੀਆਂ ਕਢਾਉਣ ਲਈ ਅਪ੍ਰੇਸ਼ਨ ਕਰਾਉਣਾ ਪਿਆ। ਪੁਲੀਸ ਤੇ ਮੀਡੀਆ ਵਾਲਿਆਂ ਨੇ ਅਮਰਦੀਪ ਸਿੰਘ ਦੀ ਬਹਾਦਰੀ ਦੀ ਰੱਜ ਕੇ ਤਾਰੀਫ਼ ਕੀਤੀ ਪਰ ਡਕੈਤਾਂ ਦਾ ਇਲਾਜ ਅਧੀਨ ਸਾਥੀ ਜਾਂਦਾ ਜਾਂਦਾ ਅਮਰਦੀਪ ਸਿੰਘ ਨੂੰ ‘ਭਿਆਨਕ ਨਤੀਜਿਆਂ’ ਦੀ ਧਮਕੀ ਦੇ ਗਿਆ।

## ਸ਼ੌਰੀਆ ਚੱਕਰ

ਸ਼ੌਰੀਆ ਚੱਕਰ ਦੁਸ਼ਮਣ ਵਿਰੁੱਧ ਦਿਖਾਈ ਬਹਾਦਰੀ ਦੇ ਸਬੰਧ ਵਿਚ ਹੀ ਨਹੀਂ, ਸਗੋਂ ਬਹੁਤ ਹੀ ਮਹੱਤਵਪੂਰਨ ਬਹਾਦਰੀ, ਜੁਰੱਅਤ ਜਾਂ ਸਵੈ-ਰੱਖਿਆ ਲਈ ਕੀਤੇ ਕਾਰਨਾਮੇ ਦੇ ਸਬੰਧ ਵਿਚ ਵੀ ਦਿੱਤਾ ਜਾਂਦਾ ਹੈ। ਸ਼ੌਰੀਆ ਚੱਕਰ ਮਿਲਟਰੀ ਸਟਾਫ਼ ਦੇ ਬੰਦਿਆਂ ਨੂੰ ਜਾਂ ਸਿਵਲ ਸਟਾਫ਼ ਦੇ ਬੰਦਿਆਂ ਨੂੰ ਦਿੱਤਾ ਜਾਂਦਾ ਹੈ। ਇਹ ਮੈਡਲ ਸਭ ਤੋਂ ਪਹਿਲਾਂ 1952 ਵਿਚ ‘ਅਸ਼ੋਕ ਚੱਕਰ ਦਰਜਾ ਪਹਿਲਾ’ ਦੇ ਨਾਂ ’ਤੇ ਸਥਾਪਿਤ ਕੀਤਾ ਗਿਆ ਸੀ। ਇਸ ਮੈਡਲ ਦੇ ਤਿੰਨ ਦਰਜੇ ਸਨ ਅਤੇ ਗੈਰ-ਫ਼ੌਜੀ ਵਿਅਕਤੀਆਂ ਦੀ ਬਹਾਦਰੀ ਲਈ ਹੀ ਦਿੱਤਾ ਜਾਂਦਾ ਸੀ। 1967 ਵਿਚ ਇਹ ਦਰਜਾਬੰਦੀ ਹਟਾ ਦਿੱਤੀ ਗਈ ਅਤੇ ਇਨ੍ਹਾਂ ਸਨਮਾਨਾਂ ਦਾ ਨਾਂ ਅਸ਼ੋਕ ਚੱਕਰ, ਕੀਰਤੀ ਚੱਕਰ ਅਤੇ ਸ਼ੌਰੀਆ ਚੱਕਰ ਰੱਖ ਦਿੱਤਾ ਗਿਆ।

## ਜੰਗੀ ਸਨਮਾਨ-ਪ੍ਰਾਪਤ ਸੈਨਿਕਾਂ ਦਾ ਸਤਿਕਾਰ ਕੀਤਾ ਜਾਏ

ਭਾਵੇਂ ਪੰਜਾਬ ਸਰਕਾਰ ਦੇ ਸੈਨਿਕ ਭਲਾਈ ਵਿਭਾਗ ਨੇ 4 ਫਰਵਰੀ 1992 ਨੂੰ ਸਾਰੀਆਂ ਡਵੀਜ਼ਨਾਂ ਦੇ ਕਮਿਸ਼ਨਰਾਂ ਅਤੇ ਡਿਪਟੀ ਕਮਿਸ਼ਨਰਾਂ ਨੂੰ ਇਕ ਪੱਤਰ ਦੁਆਰਾ ਇਹ ਹਦਾਇਤ ਕੀਤੀ ਹੋਈ ਸੀ ਕਿ ਬਹਾਦਰੀ ਇਨਾਮ ਜੇਤੂ ਸੈਨਿਕਾਂ ਦਾ ਪੂਰਾ ਸਤਿਕਾਰ ਕੀਤਾ ਜਾਏ ਪਰ ਇਨ੍ਹਾਂ ਹਦਾਇਤਾਂ ਦੀ ਘੱਟ ਵੱਧ ਹੀ ਪਾਲਨਾ ਕੀਤੀ ਜਾਂਦੀ ਸੀ। ਰਾਜ ਸਰਕਾਰ ਵੱਲੋਂ ਜਾਰੀ ਹੋਏ ਪੱਤਰ ਵਿਚ ਲਿਖਿਆ ਹੈ ਕਿ



“ਇਹ ਬੜੀ ਚਿੰਤਾ ਦੀ ਗੱਲ ਹੈ ਕਿ ਸਰਕਾਰੀ ਕਰਮਚਾਰੀਆਂ ਵੱਲੋਂ ਇਨਾਮ-ਪ੍ਰਾਪਤ ਸੈਨਿਕਾਂ ਦਾ ਸਤਿਕਾਰ ਨਹੀਂ ਕੀਤਾ ਜਾਂਦਾ। ਹਾਲਾਂਕਿ ਸਰਕਾਰ ਵੱਲੋਂ ਇਸ ਸਬੰਧ ਵਿਚ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ ਕਿ ਸਬੰਧਿਤ ਸੈਨਿਕਾਂ ਨਾਲ ਨਿਮਰਤਾ ਸਹਿਤ ਪੇਸ਼ ਆਇਆ ਜਾਵੇ ਅਤੇ ਉਨ੍ਹਾਂ ਨੂੰ ਲੋੜੀਂਦੀ ਸਹਾਇਤਾ ਦਿੱਤੀ ਜਾਵੇ। ਇਹ ਗੱਲ ਸਰਕਾਰ ਦੇ ਧਿਆਨ ਵਿਚ ਲਿਆਂਦੀ ਗਈ ਹੈ ਕਿ ਸਰਕਾਰੀ ਅਫ਼ਸਰਾਂ ਵੱਲੋਂ ਇਨਾਮ-ਪ੍ਰਾਪਤ ਸੈਨਿਕਾਂ ਨੂੰ ਯੋਗ ਆਦਰ-ਸਤਿਕਾਰ ਨਹੀਂ ਦਿੱਤਾ ਜਾਂਦਾ।”

ਇਸ ਪੱਤਰ ਵਿਚ ਇਹ ਵੀ ਲਿਖਿਆ ਗਿਆ ਹੈ ਕਿ ਰਾਜ ਸਰਕਾਰ ਇਸ ਗੱਲ ਨੂੰ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਸੈਨਿਕ ਸਟਾਫ਼ ਨੂੰ ਸਰਕਾਰੀ ਦਫ਼ਤਰਾਂ ਵਿਚ ਪੂਰਾ ਆਦਰ-ਮਾਨ ਮਿਲੇ ਅਤੇ ਉਨ੍ਹਾਂ ਦੀਆਂ ਯੋਗ ਸ਼ਿਕਾਇਤਾਂ ਤੁਰੰਤ ਦੂਰ ਕੀਤੀਆਂ ਜਾਣ। ਇਸ ਪੱਤਰ ਵਿਚ ਇਹ ਵੀ ਦਰਜ ਹੈ ਕਿ ਜ਼ਿਲ੍ਹੇ ਵਿਚ ਹੋਣ ਵਾਲੇ ਕੌਮੀ ਸਮਾਗਮਾਂ ਵਿਚ ਜਿਵੇਂ ਸੁਤੰਤਰਤਾ ਦਿਵਸ ਅਤੇ ਗਣਤੰਤਰ ਦਿਵਸ ਦੇ ਮੌਕੇ ’ਤੇ ਇਨਾਮ-ਜੇਤੂ ਫ਼ੌਜੀ ਸਟਾਫ਼ ਨੂੰ ਬੁਲਾਇਆ ਜਾਵੇ ਅਤੇ ਉਨ੍ਹਾਂ ਦਾ ਯੋਗ ਸਤਿਕਾਰ ਕੀਤਾ ਜਾਵੇ। ਇਸੇ ਤਰ੍ਹਾਂ ਜ਼ਿਲ੍ਹੇ ਵਿਚ ਕਿਸੇ ਵੀ ਥਾਂ ਜੇ ਗਵਰਨਰ, ਮੁੱਖ ਮੰਤਰੀ ਜਾਂ ਕੇਂਦਰ ਦਾ ਕੋਈ ਮੰਤਰੀ ਆਵੇ ਤਾਂ ਹੋਣ ਵਾਲੇ ਸਮਾਗਮ ਵਿਚ ਇਨਾਮ-ਜੇਤੂ ਸੈਨਿਕਾਂ ਨੂੰ ਆਦਰ ਵਾਲੀ ਥਾਂ ’ਤੇ ਬਿਠਾਇਆ ਜਾਵੇ ਅਤੇ ਮੁੱਖ ਮਹਿਮਾਨ ਨਾਲ ਉਨ੍ਹਾਂ ਦੀ ਜਾਣ-ਪਛਾਣ ਕਰਾਈ ਜਾਵੇ।

****

ਭਾਗ ਪੰਜਵਾਂ

# ਸੱਭਿਆਚਾਰਾਂ ਦਾ ਸੰਗਮ

ਇਸ ਸ਼ਹਿਰ ਦੀ ਆਪਣੀ ਹੀ ਇਕ ਚਾਲ ਹੈ। ਭਾਰਤ ਦੇ ਵੱਖ ਵੱਖ ਹਿੱਸਿਆਂ ਵਿਚੋਂ ਆਏ ਲੋਕਾਂ ਨੇ ਅੰਮ੍ਰਿਤਸਰ ਨੂੰ ਆਪਣਾ ਘਰ ਬਣਾ ਲਿਆ ਹੈ। ਅਨੰਦ ਮਾਰਗੀਆਂ, ਪਿਸ਼ਾਵਰੀਆਂ, ਬਿਹਾਰੀਆਂ, ਹਿਮਾਚਲੀਆਂ, ਕਸ਼ਮੀਰੀਆਂ, ਉੜੀਸਾ-ਵਾਸੀਆਂ, ਜੰਗਮਾਂ, ਜੈਨਾਂ ਅਤੇ ਮਾਰਵਾੜੀਆਂ ਨੇ ਸ਼ਹਿਰ ਦੇ ਜੀਵਨ ਨੂੰ ਵੰਨ-ਸੁਵੰਨਾ ਅਤੇ ਅਮੀਰ ਬਣਾ ਦਿੱਤਾ ਹੈ।

- ਅਨੰਦ ਮਾਰਗ, ਅਨੰਦ ਦਾ ਮਾਰਗ, ਅਜੇ ਇਕ ਨਵੀਂ ਸੰਸਥਾ ਹੈ ਅਤੇ ਲੋਕਾਂ ਵਿਚ ਆਪਣੀ ਥਾਂ ਬਣਾ ਰਹੀ ਹੈ। ਆਤਮ-ਗਿਆਨ ਅਤੇ ਮਾਨਵਤਾ ਦੀ ਸੇਵਾ, ਇਸ ਦਾ ਆਦਰਸ਼ ਹੈ। ਇਹ ਸੰਸਥਾ ਇਕ ਵਿਲੱਖਣ ਸਿਧਾਂਤ ਦੇ ਮਾਰਗ ਦਾ ਚਾਨਣ-ਮੁਨਾਰਾ ਸਿੱਧ ਹੋ ਸਕਦੀ ਹੈ। (ਅਨੰਦ ਮਾਰਗ ਦਾ ਵਿਲੱਖਣ ਸਿਧਾਂਤ; ਪੰਨਾ-183)
- ਖੁੱਲ੍ਹ-ਦਿਲੇ ਤੇ ਸਨੇਹਮਈ ਪਿਸ਼ੌਰੀ ਲੋਕ ਕਰੜੀ ਮਿਹਨਤ ਕਰਨ ਵਿਚ ਵਿਸ਼ਵਾਸ ਰੱਖਦੇ ਹਨ। ਉਹ ਦੁਨੀਆ ਵਿਚ ਕਿਤੇ ਵੀ ਰਹਿ ਕੇ ਖੁਸ਼ ਹਨ। ਸਖ਼ਤ ਜਾਨ ਤੇ ਸਵੈਮਾਨ-ਭਰੇ ਇਹ ਲੋਕ ਸੁਨੱਖੀ ਦਿੱਖ ਦੇ ਮਾਲਕ ਹੁੰਦੇ ਹਨ। ਉਨ੍ਹਾਂ ਨੇ ਆਪਣੀ ਇਲਾਕਾਈ ਪਛਾਣ ਨੂੰ ਕਾਇਮ ਰੱਖਿਆ ਹੋਇਆ ਹੈ, ਭਾਵੇਂ ਉਨ੍ਹਾਂ ਦਾ ਵਤਨ, ਉਹ ਇਲਾਕਾ ਦੇਸ਼ ਦੀ ਵੰਡ ਪਿਛੋਂ ਪਾਕਿਸਤਾਨ ਵਿਚ ਚਲਾ ਗਿਆ ਹੈ। (ਪਿਸ਼ੌਰੀ ਲੋਕਾਂ ਦੀ ਇਲਾਕਾਈ ਪਛਾਣ; ਪੰਨਾ-186)
- ਭਾਵੇਂ ਪੰਜਾਬੀ ਪਰਵਾਸੀਆਂ ਦੀ ਕਹਾਣੀ ਪੁਰਾਣੀ ਹੋ ਗਈ ਹੈ ਪਰ ਪਰਵਾਸ ਦੀ ਇਸ ਕਹਾਣੀ ਵਿਚ ਇਕ ਨਵਾਂ ਮੋੜ ਆ ਗਿਆ ਹੈ। ਦੂਜੇ ਰਾਜਾਂ ਦੇ ਵਾਸੀ ਪੰਜਾਬ ਵੱਲ ਆ ਰਹੇ ਹਨ। ਬਹੁਤ ਸਾਰੇ ਬਿਹਾਰੀ ਪੰਜਾਬ ਵਿਚ ਆ ਕੇ ਵਸ ਗਏ ਹਨ ਅਤੇ ਉਹ ਆਪਣੀਆਂ ਪ੍ਰਾਪਤੀਆਂ ਦੇ ਆਧਾਰ 'ਤੇ ਪੰਜਾਬ ਦੇ ਪੁੱਤਰ ਹੋਣ ਦਾ ਦਾਅਵਾ ਕਰਦੇ ਹਨ। (ਪੰਜਾਬ ਦੇ ਦਿਲ ਵਿਚ ਇਕ ਟੁਕੜਾ ਬਿਹਾਰ ਵਸਦਾ ਹੈ; ਪੰਨਾ-189)
- ਵੱਖ-ਵੱਖ ਫਿਰਕਿਆਂ ਦੇ ਵਧਣ-ਫੁੱਲਣ ਲਈ ਅੰਮ੍ਰਿਤਸਰ ਸ਼ਾਂਤਮਈ ਸਵਰਗ ਹੈ। ਭਗਵਾਨ ਸ਼ਿਵ ਦੇ ਪੁਜਾਰੀ ਜੰਗਮ, ਪ੍ਰਾਚੀਨ ਸਮਿਆਂ ਤੋਂ ਆਪਣੀ ਸੰਪਰਦਾ ਦੀ ਜਟਿਲ ਰਹੁ-ਰੀਤ ਨੂੰ ਕਾਇਮ ਰੱਖਦੇ ਆ ਰਹੇ ਹਨ। (ਭਗਵਾਨ ਸ਼ਿਵ ਦੇ ਪੁਜਾਰੀ : ਜੰਗਮ; ਪੰਨਾ-191)
- ਹਿਮਾਚਲ ਪ੍ਰਦੇਸ਼ ਦੇ ਪਹਾੜਾਂ ਤੋਂ ਆਏ ਬਹੁਤ ਸਾਰੇ ਮਿਹਨਤੀ ਹਿਮਾਚਲੀ ਬੜੇ ਮਾਣ ਨਾਲ ਇਹ ਦਾਅਵਾ ਕਰ ਸਕਦੇ ਹਨ ਕਿ ਅਸੀਂ ਅੰਮ੍ਰਿਤਸਰ ਦੇ ਖੁਸ਼ਹਾਲ ਸ਼ਹਿਰੀ ਹਾਂ। (ਹਿਮਾਚਲ ਦੇ ਉੱਦਮੀ ਲੋਕ; ਪੰਨਾ-195)
- ਅੰਮ੍ਰਿਤਸਰ ਸ਼ਹਿਰ ਆਬਾਦ ਹੋਣ ਤੋਂ ਹੀ ਸਿੱਖ ਗੁਰੂ ਸਾਹਿਬਾਨ ਵਿਸ਼ਵ-ਵਿਆਪੀ ਭਾਈਚਾਰੇ ਦੇ ਸੰਕਲਪ ਦੇ ਧਾਰਨੀ ਸਨ। ਇਸ ਲਈ ਉਨ੍ਹਾਂ ਨੇ ਅੰਮ੍ਰਿਤਸਰ ਵਿਚ ਆ ਕੇ ਵੱਖ-ਵੱਖ ਵਰਗਾਂ ਦੇ ਲੋਕਾਂ ਦੇ ਵਸਣ ਦਾ ਸੁਆਗਤ ਕੀਤਾ। ਜੈਨ ਧਰਮ ਦੇ ਪੈਰੋਕਾਰਾਂ ਨੂੰ ਸਿੱਖ ਧਰਮ ਦੇ ਸਿਧਾਂਤਾਂ ਵਿਚ ਆਪਣੇ ਧਰਮ ਦੀ ਝਲਕ ਦਿਖਾਈ ਦਿੱਤੀ। ਇਸ ਲਈ ਉਹ ਅੰਮ੍ਰਿਤਸਰ ਵਿਚ ਆਕੇ ਵਸ ਗਏ। (ਪਾਵਨ ਨਗਰੀ ਦੇ ਜੈਨ ਵਸਨੀਕ; ਪੰਨਾ-200)
- ਮਹਾਰਾਜਾ ਰਣਜੀਤ ਸਿੰਘ ਨੇ ਮਾਰਵਾੜੀਆਂ ਅਤੇ ਮਹੇਸ਼ਵਾੜੀਆਂ ਆਦਿ ਨੂੰ ਅੰਮ੍ਰਿਤਸਰ ਵਿਚ ਆ ਕੇ ਵਸਣ ਦਾ ਸੱਦਾ ਦਿੱਤਾ ਅਤੇ ਉਨ੍ਹਾਂ ਨੇ ਅੰਮ੍ਰਿਤਸਰ ਨੂੰ ਆਪਣਾ ਘਰ ਹੀ ਬਣਾ ਲਿਆ। ਮਾਰਵਾੜੀਆਂ ਨੂੰ ਵਣਜ-ਵਪਾਰ ਤੇ ਕਾਰੋਬਾਰ ਚਲਾਉਣ ਦੀ ਤਿੱਖੀ ਸੂਝ ਹੈ। ਉਨ੍ਹਾਂ ਨੇ ਪਵਿੱਤਰ ਸ਼ਹਿਰ ਨੂੰ ਵਣਜ-ਵਪਾਰ ਦਾ ਕੇਂਦਰ ਬਣਾ ਦਿੱਤਾ। (ਪਵਿੱਤਰ ਨਗਰੀ ਵਿਚ ਮਾਰਵਾੜੀਆਂ ਦੀ ਹਿੱਸੇਦਾਰੀ; ਪੰਨਾ-202)
- ਕਸ਼ਮੀਰ ਦੀ ਸੁੰਦਰ ਵਾਦੀ ਗਰਮੀ ਦੇ ਮੌਸਮ ਵਿਚ ਪੰਜਾਬੀਆਂ ਨੂੰ ਆਪਣੇ ਵੱਲ ਖਿਚ ਲੈਂਦੀ ਹੈ ਅਤੇ ਕਸ਼ਮੀਰੀ ਭਾਈ ਉਸ ਸਮੇਂ ਪੰਜਾਬ ਜਾਂ ਅੰਮ੍ਰਿਤਸਰ ਆਉਂਦੇ ਹਨ, ਜਦੋਂ ਕਸ਼ਮੀਰ ਵਿਚ ਕੜਾਕੇ ਦੀ ਠੰਢ ਪੈਂਦੀ ਹੈ। ਲਗਾਤਾਰ ਮੇਲ-ਮਿਲਾਪ ਕਾਰਨ ਦੋਹਾਂ ਪ੍ਰਾਂਤ-ਵਾਸੀਆਂ ਵਿਚ ਇਕ ਵਿਲੱਖਣ ਸਾਂਝ ਪੈਦਾ ਹੋ ਗਈ ਹੈ। (ਸਵਰਗ ਦੀ ਧਰਤੀ ਤੋਂ ਪਵਿੱਤਰ ਸ਼ਹਿਰ ਵੱਲ; ਪੰਨਾ-206)
- ਜਦੋਂ ਉਹ ਗੁਰੂ ਸਾਹਿਬਾਨ ਦੀ ਭਾਸ਼ਾ ਗੁਰਮੁਖੀ (ਪੰਜਾਬੀ) ਪੜ੍ਹਦੇ ਜਾਂ ਬੋਲਦੇ ਹਨ ਤਾਂ ਉਨ੍ਹਾਂ ਵਿਚ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ ਜਾਗ ਪੈਂਦੀ ਹੈ। ਆਪਣੀ ਪਛਾਣ ਪ੍ਰਤੀ ਜਾਗਰੂਕ ਉੜੀਸਾ-ਵਾਸੀ ਸ਼ਹਿਰ ਦੀਆਂ ਕੁਝ ਆਪਣੀਆਂ ਵਿਸ਼ੇਸ਼ ਬਸਤੀਆਂ ਵਿਚ ਰਹਿੰਦੇ ਹਨ। ਉਹ ਇਥੋਂ ਦੀ ਬੋਲੀ ਤੇ ਕੰਮਾਂ-ਧੰਦਿਆਂ ਨੂੰ ਅਪਣਾ ਕੇ ਪੰਜਾਬ ਨਾਲ ਆਪਣੀ ਇਕਜੁੱਟਤਾ ਦਾ ਸਬੂਤ ਦਿੰਦੇ ਹਨ। (ਪੱਛਮੀ ਉੜੀਸਾ ਤੇ ਪੂਰਬੀ ਪੰਜਾਬ; ਪੰਨਾ-212)
- ਪੰਜਾਬੀ ਮੁਸ਼ਕਲਾਂ ਦਾ ਮੁਕਾਬਲਾ ਕਰਨ ਲਈ ਮਸ਼ਹੂਰ ਹਨ। ਉਨ੍ਹਾਂ ਨੇ ਉੱਤਰ ਪ੍ਰਦੇਸ਼ ਵਿਚ ਜਾ ਕੇ ਉਥੋਂ ਦੇ ਜੰਗਲਾਂ ਨੂੰ ਉਪਜਾਊ ਜ਼ਮੀਨਾਂ ਵਿਚ ਬਦਲ ਦਿੱਤਾ ਹੈ। ਉੱਤਰ ਪ੍ਰਦੇਸ਼ ਦੇ ਵਾਸੀਆਂ ਨੂੰ ਵੀ ਕਾਮਯਾਬੀ ਦੇ ਭੇਦ ਦਾ ਪਤਾ ਲਗ ਗਿਆ। ਬਹੁਤ ਸਾਰੇ ਉੱਤਰ ਪ੍ਰਦੇਸ਼ੀ ਅੰਮ੍ਰਿਤਸਰ ਆ ਗਏ ਤੇ ਕੱਖ ਤੋਂ ਲੱਖ ਕਰਨ ਦੀ ਕਹਾਵਤ ਨੂੰ ਸੱਚ ਕਰ ਵਿਖਾਇਆ। (ਰੰਕ ਤੋਂ ਰਾਜਾ ਬਣਨ ਦੀ ਗਾਥਾ; ਪੰਨਾ-216)
- ਬੰਗਾਲੀਆਂ ਦੀ ਬੁੱਧੀਮਾਨਤਾ ਅਤੇ ਪੰਜਾਬੀਆਂ ਦੀ ਦੂਰਦਰਸ਼ੀ ਬਹਾਦਰੀ, ਦੋਵੇਂ ਮਿਲ ਕੇ ਇਕ ਵੱਡੀ ਸ਼ਕਤੀ ਨੂੰ ਜਨਮ ਦਿੰਦੇ ਹਨ। ਆਜ਼ਾਦੀ ਦੀ ਲੜਾਈ ਵਿਚ ਇਸ ਸ਼ਕਤੀ ਨੇ ਦੇਸ਼-ਭਗਤੀ ਦੀ ਭਾਵਨਾ ਨੂੰ ਪ੍ਰਚੰਡ ਕਰ ਦਿੱਤਾ। ਅੰਮ੍ਰਿਤਸਰੀਏ ਆਪਣੀ ਜੰਤਰ ਕਲਾ ਕਲਕੱਤੇ ਲੈ ਗਏ ਅਤੇ ਬੰਗਾਲੀਆਂ ਨੇ ਪੂਰਾ ਸਹਿਯੋਗ ਦਿੱਤਾ। ਦੋਹਾਂ ਨੇ ਮਿਲ ਕੇ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕੀਤਾ। (ਪੰਜਾਬ ਤੇ ਬੰਗਾਲ ਦਾ ਇਤਿਹਾਸਕ ਸੁਮੇਲ; ਪੰਨਾ-222)

- ਦੇਸ਼-ਵੰਡ ਤੋਂ ਪਹਿਲੇ ਸਮੇਂ ਵਿਚ ਭਾਰਤ-ਵਾਸੀ ਅੰਗਰੇਜ਼ੀ ਰਾਜ ਵਾਲੇ ਕਿਸੇ ਵੀ ਦੇਸ਼ ਵਿਚ ਬਿਨਾਂ ਰੋਕ-ਟੋਕ ਜਾ ਸਕਦੇ ਸਨ। ਪਰ ਹੌਲੀ-ਹੌਲੀ ਸਾਰੇ ਦੇਸ਼ ਆਪਣੀ ਸੁਤੰਤਰਤਾ ਬਾਰੇ ਜਾਗਰੂਕ ਹੋ ਗਏ ਤੇ ਆਪਣੀਆਂ ਸੱਭਿਆਚਾਰਕ ਜੜ੍ਹਾਂ ਵੱਲ ਪਰਤ ਗਏ। (ਬਰ੍ਹਮਾ ਦੇਸ਼ ਨਾਲ ਅੰਮ੍ਰਿਤਸਰ ਦਾ ਸਬੰਧ; ਪੰਨਾ-227)
- ਲਾਹੌਰ ਤੇ ਅੰਮ੍ਰਿਤਸਰ ਦੋਵੇਂ ਗੁਆਂਢੀ ਸ਼ਹਿਰ ਹਨ। ਦੋਹਾਂ ਵਿਚ ਕਈ ਭੂਗੋਲਕ, ਇਤਿਹਾਸਕ, ਰਵਾਇਤੀ, ਸੱਭਿਆਚਾਰਕ ਤੇ ਜਜ਼ਬਾਤੀ ਸਮਾਨਤਾਵਾਂ ਹਨ। ਪਵਿੱਤਰ ਸਿੱਖ ਧਰਮ ਗ੍ਰੰਥ ਵਿਚ ਇਨ੍ਹਾਂ ਸਮਾਨਤਾਵਾਂ ਨੂੰ ਕੁਝ ਵੱਖਰੇ ਰੂਪ ਵਿਚ ਦਰਸਾਇਆ ਗਿਆ ਹੈ। (ਦੋ ਸ਼ਹਿਰਾਂ ਦੀ ਕਹਾਣੀ; ਪੰਨਾ-230)
- ਮਨੁੱਖੀ ਤਰੱਕੀ ਵਿਚ ਸਿੱਖ ਹਮੇਸ਼ਾ ਸਭ ਤੋਂ ਅੱਗੇ ਰਹੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਜਿੱਥੇ ਵੀ ਰਹਿੰਦੇ ਹਨ, ਗੁਰੂ-ਸਿੱਖਿਆ ਦੇ ਸੰਦੇਸ਼ਵਾਹਕਾਂ ਦੀ ਤਰ੍ਹਾਂ ਕੰਮ ਕਰਦੇ ਹਨ। ਉਹ 'ਸਰਬਤ ਦੇ ਭਲੇ' ਵਿਚ ਵਿਸ਼ਵਾਸ ਰੱਖਦੇ ਹਨ ਅਤੇ ਵਿਸ਼ਵ ਭਾਈਚਾਰੇ ਦੀ ਭਾਵਨਾ ਦਾ ਪ੍ਰਚਾਰ ਕਰਦੇ ਹਨ। (ਡੇਟਨ ਦੇ ਸਿੱਖਾਂ ਨਾਲ ਇਕ ਮੁਲਾਕਾਤ; ਪੰਨਾ-234)
- ਪੰਜਾਬੀ ਦੁਨੀਆ ਦੇ ਕਿਸੇ ਹਿੱਸੇ ਵਿਚ ਵੀ ਰਹਿੰਦੇ ਹੋਣ, ਉਹ ਗੁਰੂ ਦੀ ਨਗਰੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨਾਂ ਨੂੰ ਤਾਂਘਦੇ ਰਹਿੰਦੇ ਹਨ। (ਲਾਸ ਐਂਜਲਜ਼ ਦੇ ਕੈਫ਼ੇ ਤੋਂ ਰਾਜਾਸਾਂਸੀ ਦੀ ਲੱਸੀ ਤਕ; ਪੰਨਾ-238)
- ਗੁਰੂ ਦੀ ਕਿਰਪਾ ਨਾਲ ਅੰਮ੍ਰਿਤਸਰ ਵਿਚ ਕੋਈ ਵੀ ਭੁੱਖਾ ਨਹੀਂ ਸੌਂਦਾ। ਇੱਥੇ ਆਏ ਯਾਤਰੀਆਂ ਨੂੰ ਇਹ ਸ਼ਹਿਰ ਭੋਜਨ ਦੇ ਵਧੀਆ ਤੋਂ ਵਧੀਆ ਖਾਣੇ ਪਰੋਸਦਾ ਹੈ, ਜਿਨ੍ਹਾਂ ਨੂੰ ਖਾ ਕੇ ਉਹ ਅਨੰਦਿਤ ਹੋ ਜਾਂਦੇ ਹਨ। ਯਾਤਰੀ ਭਾਵੇਂ ਕਿਸੇ ਦੇਸ਼ ਤੋਂ ਵੀ ਆਏ ਹੋਣ ਅਤੇ ਉਨ੍ਹਾਂ ਦੇ ਸੁਆਦ ਕਿੰਨੇ ਵੀ ਵੱਖਰੇ ਵੱਖਰੇ ਹੋਣ ਪਰ ਜਦੋਂ ਉਹ ਇਸ ਸ਼ਹਿਰ ਦੇ ਵਿਸ਼ੇਸ਼ ਖਾਣੇ ਚਖਦੇ ਹਨ ਤਾਂ ਉਂਗਲੀਆਂ ਚਟਦੇ ਹੀ ਰਹਿ ਜਾਂਦੇ ਹਨ। (ਖਾਓ ਪੀਓ ਤੇ ਅੰਮ੍ਰਿਤਸਰੀਏ ਬਣ ਜਾਓ; ਪੰਨਾ-242)
- ਤਰਕ ਤੇ ਵਿਵੇਕ ਹੀ ਧਰਮ ਦੇ ਆਧਾਰ ਨਹੀਂ ਹਨ, ਕਈ ਵਾਰੀ ਧਰਮ ਮੌਜ-ਮੇਲੇ ਵਿਚ ਵੀ ਬਦਲ ਜਾਂਦਾ ਹੈ। ਇਹ ਕੋਈ ਬਹੁਤੀ ਵਿਚਾਰ ਵਾਲੀ ਗੱਲ ਨਹੀਂ ਕਿ ਕਦੀ ਕਦੀ 'ਮੌਜ-ਮਸਤੀ' ਵੀ ਸ਼ਰਧਾ ਭਾਵਨਾ ਨੂੰ ਗੂੜ੍ਹਾ ਕਰ ਦਿੰਦੀ ਹੈ। (ਵਿਸ਼ਵਾਸ ਆਪੋ-ਆਪਣਾ; ਪੰਨਾ-245)

****



## ਅਨੰਦ ਮਾਰਗ ਦਾ ਵਿਲੱਖਣ ਸਿਧਾਂਤ

ਜਦੋਂ ਪੱਛਮੀ ਬੰਗਾਲ ਅਤੇ ਉਸ ਦੇ ਆਲੇ-ਦੁਆਲੇ ਦੇ ਪ੍ਰਦੇਸ਼ਾਂ ਵਿਚ ਅਨੰਦ ਮਾਰਗੀਆਂ ਦੀ ਛਿਲ ਲਾਹੀ ਜਾ ਰਹੀ ਸੀ ਤਾਂ ਉਨ੍ਹਾਂ ਨੇ ਪਵਿੱਤਰ ਸ਼ਹਿਰ ਅੰਮ੍ਰਿਤਸਰ ਸਮੇਤ ਪੰਜਾਬ ਵਿਚ ਆਪਣੇ ਕਈ ਅੱਡੇ ਬਣਾ ਲਏ ਸਨ।

ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਇਸ ਸੰਸਥਾ ਦੇ ਬਾਨੀ ਪ੍ਰਭਾਤ ਰੰਜਨ ਸਰਕਾਰ, ਜਿਨ੍ਹਾਂ ਨੂੰ ਅਨੰਦ ਮੂਰਤੀ ਜੀ ਕਹਿੰਦੇ ਹਨ, ਉਨ੍ਹਾਂ ਨੇ ਇਸ ਸੰਸਥਾ ਦਾ ਆਰੰਭ ਪਿਛਲੀ ਸਦੀ ਦੇ ਸਤਵੇਂ ਦਹਾਕੇ ਦੇ ਅੱਧ ਵਿਚ ਕੀਤਾ। ਉਹ 1969 ਵਿਚ ਅੰਮ੍ਰਿਤਸਰ ਆਏ ਅਤੇ ਕੁਝ ਸਮੇਂ ਬਾਅਦ ਇੱਥੇ ਇਕ ਪੱਕਾ ਕੇਂਦਰ ਸਥਾਪਿਤ ਕਰ ਦਿੱਤਾ।

ਅਨੰਦ ਮਾਰਗ ਦਾ ਸ਼ਾਬਦਿਕ ਅਰਥ ਹੈ : ਅਨੰਦ ਦਾ ਮਾਰਗ। ਪਰ ਇਸ ਸੰਸਥਾ ਨੂੰ ਦੇਸ਼ ਦੇ ਬਹੁਤੇ ਹਿੱਸਿਆਂ ਵਿਚ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਉਨ੍ਹਾਂ ਦਾ ਜੀਵਨ-ਢੰਗ ਬੜਾ ਅਜੀਬ ਜਿਹਾ ਹੈ। ਇਸ ਸੰਸਥਾ ਦੇ ਅਵਧੂਤ ਅਤੇ ਦਾਦੇ (ਅਚਾਰੀਏ) ਮੱਸਿਆ ਦੀ ਰਾਤ ਨੂੰ ਸ਼ਮਸ਼ਾਨਘਾਟ ਵਿਚ ਜਾ ਕੇ ਸਮਾਧੀ ਲਾਉਂਦੇ ਹਨ। ਉਨ੍ਹਾਂ ਦੀਆਂ ਪੂਜਾ-ਵਸਤਾਂ ਵਿਚ ਇਕ ਮਨੁੱਖੀ ਖੋਪਰੀ ਵੀ ਹੁੰਦੀ ਹੈ ਜੋ ਸ਼ੱਕ ਪੈਦਾ ਕਰਦੀ ਹੈ।

ਅਨੰਦ ਮਾਰਗੀ ਭਾਵੇਂ ਵਿਸ਼ਵ ਪੱਧਰ 'ਤੇ ਸਮਾਜ ਭਲਾਈ ਦੇ ਕੰਮ ਕਰਦੇ ਹਨ ਪਰ ਉਨ੍ਹਾਂ ਉਤੇ ਤੰਤਰ-ਵਿਦਿਆ ਦੇ ਪੁਜਾਰੀ ਹੋਣ ਦਾ ਦੋਸ਼ ਲਾਇਆ ਜਾਂਦਾ ਹੈ। ਸਥਾਨਕ ਸੰਸਥਾ ਦੇ ਮੁਖੀ ਨੂੰ ਉਹ ਭੁਕਤੀ ਪ੍ਰਧਾਨ ਕਹਿੰਦੇ ਹਨ। ਅੰਮ੍ਰਿਤਸਰ ਦੇ ਭੁਕਤੀ ਪ੍ਰਧਾਨ ਸ੍ਰੀ ਵੀ.ਕੇ. ਮਹਿਤਾ ਕਹਿੰਦੇ ਹਨ ਕਿ ਕਈ ਲੋਕ ਸੰਸਥਾ ਦੇ ਸਮਾਜ ਸੇਵਾ ਦੇ ਕਾਰਜਾਂ ਨੂੰ ਨਜ਼ਰ-ਅੰਦਾਜ਼ ਕਰ ਦਿੰਦੇ ਹਨ। ਉਹ ਇਹ ਵੀ ਭੁੱਲ ਜਾਂਦੇ ਹਨ ਕਿ ਅਨੰਦ ਮਾਰਗ ਦੀ ਵਿਸ਼ਵ ਸਹਾਇਤਾ ਟੀਮ ਨੂੰ ਯੂ.ਐੱਨ.ਓ. ਵਲੋਂ ਮਾਨਤਾ ਮਿਲੀ ਹੋਈ ਹੈ। ਅਨੰਦ ਮਾਰਗ ਵਿਸ਼ਵ ਸਹਾਇਤਾ ਟੀਮ, ਤੀਜੀ ਦੁਨੀਆ ਦੀਆਂ ਗੈਰ-ਸਰਕਾਰੀ ਸਵੈ-ਇੱਛਤ ਸਹਾਇਤਾ ਟੀਮਾਂ ਵਿਚੋਂ ਇਕ ਹੈ। ਇਸ ਸੰਸਥਾ ਦੇ ਉਦੇਸ਼ ਮੁਸੀਬਤ-ਮਾਰੇ ਲੋਕਾਂ ਦੀ ਸਹਾਇਤਾ, ਸਮਾਜ ਸੇਵਾ ਤੇ ਮੁੜ-ਵਿਕਾਸ ਦੇ ਕਾਰਜਾਂ ਰਾਹੀਂ ਗਰੀਬ ਤੇ ਲੋੜਵੰਦ ਲੋਕਾਂ ਦੀ ਮਦਦ ਕਰਨਾ ਹੈ। ਸਥਾਨਕ ਆਸ਼ਰਮ ਅਤੇ ਇਸ ਸੰਸਥਾ ਦੇ ਸਕੂਲਾਂ ਵਿਚ ਲੋੜਵੰਦਾਂ ਦੀ ਸਹਾਇਤਾ ਲਈ ਮੁਫ਼ਤ ਹੋਮਿਓਪੈਥੀ ਡਿਸਪੈਂਸਰੀਆਂ ਚੱਲ ਰਹੀਆਂ ਹਨ।

ਸੁਪਰੀਮ ਕੋਰਟ ਨੇ ਕੁਝ ਸਾਲ ਪਹਿਲਾਂ ਜਨਤਕ ਤੌਰ 'ਤੇ ਤਾਂਡਵ ਨਾਚ ਉਤੇ ਪਾਬੰਦੀ ਲਾ ਦਿੱਤੀ ਸੀ। ਸਥਾਨਕ ਆਸ਼ਰਮ ਅਤੇ ਇਸ ਦੀਆਂ ਦੋ ਵਿਦਿਅਕ ਸੰਸਥਾਵਾਂ ਵਿਚ ਸੋਧੇ ਹੋਏ ਤਾਂਡਵ ਨਾਚ ਦਾ ਅਭਿਆਸ ਕਰਾਇਆ ਜਾਂਦਾ ਹੈ।

ਆਪਣੇ ਸਕੂਲਾਂ ਵਿਚ ਛੋਟੇ ਬੱਚੇ ਜਦ ਤਾਂਡਵ ਨਾਚ ਕਰਦੇ ਹਨ ਤਾਂ ਉਨ੍ਹਾਂ ਦੇ ਹੱਥਾਂ ਵਿਚ ਖੋਪਰੀ, ਸੱਪ ਜਾਂ ਖੰਜਰ ਨਹੀਂ ਹੁੰਦੇ। ਸ੍ਰੀ ਮਹਿਤਾ ਇਸ ਲੇਖਕ ਨੂੰ ਅੰਮ੍ਰਿਤਸਰ ਦੇ ਨਾਲ ਲਗਦੇ ਇਕ ਪਿੰਡ ਤੁੰਗ ਬਾਲਾ ਦੇ ਅਨੰਦ ਮਾਰਗ ਸਕੂਲ ਵਿਚ ਲੈ ਗਏ। ਇਸ ਸਕੂਲ ਦੇ ਵਿਦਿਆਰਥੀ ਜ਼ਿਆਦਾ-ਤਰ ਸਾਰੇ ਧਰਮਾਂ ਦੇ ਗਰੀਬ ਪਰਿਵਾਰਾਂ ਵਿਚੋਂ ਹਨ। ਉਨ੍ਹਾਂ ਤੋਂ ਨਾਮ-ਮਾਤਰ ਫੀਸ ਲਈ ਜਾਂਦੀ ਹੈ। ਇਸ ਸਕੂਲ ਵਿਚ ਬੱਚੇ ਹਰ ਰੋਜ਼ ਪੀ.ਟੀ. ਸਮੇਂ ਖਾਲੀ ਹੱਥਾਂ ਨਾਲ ਤਾਂਡਵ ਕਰਦੇ ਹਨ। ਯੋਗਾ ਅਧਿਆਪਕ ਰਾਜ ਕੁਮਾਰ ਉਨ੍ਹਾਂ ਨੂੰ ਕੌਸ਼ਕੀ ਦੀ ਸਿੱਖਿਆ ਦਿੰਦੇ ਹਨ, ਜੋ ਅਨੰਦ ਮਾਰਗ ਦੇ ਬਾਨੀ ਵਲੋਂ ਸੋਧੇ ਹੋਏ ਤਾਂਡਵ ਨਾਚ ਦਾ ਇਕ ਹਿੱਸਾ ਹੈ। ਸ੍ਰੀ ਮਹਿਤਾ ਕਹਿੰਦੇ ਹਨ ਕਿ ਤਾਂਡਵ ਮਾਨਵ ਜਾਤੀ ਨੂੰ ਭਗਵਾਨ ਸ਼ਿਵ ਦੀ ਦੇਣ ਹੈ ਅਤੇ ਇਸ ਨੂੰ ਕਰਨ ਵਿਚ ਕੋਈ ਬੁਰਾਈ ਨਹੀਂ ਹੈ। ਪੱਛਮੀ ਬੰਗਾਲ ਦੀ ਸਰਕਾਰ ਦਾ ਕਹਿਣਾ ਹੈ ਕਿ ਮਨੁੱਖੀ ਖੋਪਰੀਆਂ ਅਤੇ ਖੰਜਰਾਂ ਤੇ ਚਾਕੂਆਂ ਵਰਗੇ ਹਥਿਆਰਾਂ ਨੂੰ ਫੜ ਕੇ ਤਾਂਡਵ ਨਾਚ ਕਰਨਾ ਲੋਕਾਂ ਨੂੰ ਬੁਰਾ ਲਗਦਾ ਹੈ।

ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਐਮਰਜੈਂਸੀ ਸਮੇਂ 1975 ਵਿਚ ਅਨੰਦ ਮਾਰਗ ਉਤੇ ਪਾਬੰਦੀ ਲਾ ਦਿੱਤੀ ਸੀ। ਅਨੰਦ ਮਾਰਗ ਦੇ ਪੰਜ ਬੰਦਿਆਂ ਉਤੇ ਇੰਦਰਾ ਗਾਂਧੀ ਦੇ ਮੰਤਰੀ ਮੰਡਲ ਦੇ ਇਕ ਮੰਤਰੀ ਸ੍ਰੀ ਲਲਿਤ ਨਰਾਇਣ ਮਿਸਰਾ ਦੇ ਸਮਸਤੀਪੁਰ (ਬਿਹਾਰ) ਵਿਚ ਹੋਏ ਕਤਲ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਾਇਆ ਗਿਆ ਸੀ। ਪਰ ਸ੍ਰੀ ਮਹਿਤਾ ਦੇ ਕਹਿਣ ਅਨੁਸਾਰ ਮਾਰੇ ਗਏ ਮਿਸ਼ਰਾ ਜੀ ਦੇ ਇਕ ਰਿਸ਼ਤੇਦਾਰ ਨੇ ਕਟਹਿਰੇ ਵਿਚ ਖੜ੍ਹ ਕੇ ਅਨੰਦ ਮਾਰਗ ਨੂੰ 'ਕਲੀਨ ਚਿੱਟ' ਦੇ ਦਿੱਤੀ ਸੀ ਭਾਵ ਅਨੰਦ ਮਾਰਗ ਉਤੇ ਇਹ ਦੋਸ਼ ਲਾਉਣ ਤੋਂ ਇਨਕਾਰ ਕਰ ਦਿੱਤਾ ਸੀ। ਅਨੰਦ ਮਾਰਗ ਉਤੇ ਪਰੂਲੀਆ ਵਿਖੇ ਹਵਾਈ ਜਹਾਜ਼ ਤੋਂ ਹਥਿਆਰ ਸੁੱਟਣ ਦੇ ਦੋਸ਼ ਵੀ ਲਾਏ ਗਏ ਸਨ।

ਤੰਤਰ ਯੋਗਾ ਦੇ ਪ੍ਰਾਚੀਨ ਵਿਗਿਆਨ ਨੂੰ ਅਜੋਕੇ ਸਮੇਂ ਦੀਆਂ ਲੋੜਾਂ ਅਨੁਸਾਰ ਢਾਲਣ ਲਈ ਅਨੰਦ ਮਾਰਗ ਦੇ ਬਾਨੀ ਨੇ ਇਕ ਵਿਗਿਆਨਕ ਅਤੇ ਵਿਵੇਕਸ਼ੀਲ ਫਿਲਾਸਫ਼ੀ ਵਿਕਸਿਤ ਕੀਤੀ ਹੈ ਅਤੇ ਮਨੁੱਖ ਦੇ ਸਰੀਰਕ, ਮਾਨਸਕ ਅਤੇ ਅਧਿਆਤਮਕ ਵਿਕਾਸ ਲਈ ਕਿਰਿਆਤਮਕ ਨਿਯਮਾਵਲੀਆਂ ਤਿਆਰ ਕੀਤੀਆਂ ਹਨ। ਉਨ੍ਹਾਂ ਦੇ ਅਧਿਆਤਮਕ ਗਿਆਨ ਦੀ ਪਛਾਣ ਕਰ ਕੇ ਸ਼ਰਧਾਲੂ, ਅਨੰਦ ਮਾਰਗ ਦੇ ਬਾਨੀ ਨੂੰ ਸ੍ਰੀ ਅਨੰਦ ਮੂਰਤੀ ਜੀ ਜਾਂ ਸਿਰਫ਼ 'ਬਾਬਾ' ਕਹਿੰਦੇ ਹਨ। ਅਨੰਦ ਮਾਰਗ ਦੇ ਅਰੰਭ ਦੀ ਭਾਲ ਸਾਨੂੰ 1955 ਦੇ ਬਿਹਾਰ ਪ੍ਰਾਂਤ ਵਿਚ ਲੈ ਜਾਂਦੀ ਹੈ। ਜਮਾਲਪੁਰ ਨਾਂ ਦੇ ਇਕ ਕਸਬੇ ਵਿਚ ਪ੍ਰਭਾਤ ਰੰਜਨ ਸਰਕਾਰ ਨੇ ਅਨੰਦ ਮਾਰਗ ਦੀ ਪਹਿਲੀ ਸੰਸਥਾ ਸੰਗਠਿਤ ਕੀਤੀ। ਉਨ੍ਹਾਂ ਦੀ ਫਿਲਾਸਫ਼ੀ ਕੱਟੜਤਾ, ਵਹਿਮ-ਭਰਮ ਅਤੇ ਪੁਰਾਣੇ ਰੀਤੀ-ਰਿਵਾਜਾਂ ਜਿਵੇਂ ਜਾਤਪਾਤ ਦੀ ਜ਼ੋਰਦਾਰ ਨਿਖੇਧੀ ਕਰਦੀ ਹੈ। ਸ੍ਰੀ ਸਰਕਾਰ ਨੇ ਲੋਕਾਂ ਨੂੰ ਸਵੈ-ਵਿਕਾਸ ਲਈ ਰੂਹਾਨੀ ਅਭਿਆਸ ਕਰਨਾ ਸਿਖਾਇਆ ਅਤੇ ਆਪਣੇ ਅਨੁਆਈਆਂ ਨੂੰ ਲੁੱਟ-ਖਸੁੱਟ ਅਤੇ ਭ੍ਰਿਸ਼ਟਾਚਾਰ ਵਿਰੁੱਧ ਜ਼ੋਰਦਾਰ



ਆਵਾਜ਼ ਬੁਲੰਦ ਕਰਨ ਲਈ ਪ੍ਰੇਰਿਤ ਕੀਤਾ। ਜਿਨ੍ਹਾਂ ਹਜ਼ਾਰਾਂ ਲੋਕਾਂ ਨੂੰ ਅਨੰਦ ਮਾਰਗ ਦੀ ਦੂਰਦਰਸ਼ੀ ਸੋਚ ਨੇ ਆਕਰਸ਼ਿਤ ਕੀਤਾ ਉਨ੍ਹਾਂ ਨੇ ਆਤਮ-ਗਿਆਨ ਅਤੇ ਮਾਨਵ ਸੇਵਾ ਨੂੰ ਆਪਣਾ ਆਦਰਸ਼ ਬਣਾ ਲਿਆ।

ਜਿਨ੍ਹਾਂ ਭਗਤਾਂ ਅਤੇ ਭਗਤਨੀਆਂ ਨੇ ਸਮਾਜ ਸੇਵਾ ਨੂੰ ਆਪਣੇ ਜੀਵਨ ਅਰਪਣ ਕਰ ਦਿੱਤੇ ਹਨ, ਉਹ ਇਸ ਸੰਸਥਾ ਦੇ ਕੁੱਲਵਕਤੀ ਸੇਵਾਦਾਰ ਬਣ ਗਏ ਹਨ ਅਤੇ ਉਹ ਅਨੰਦ ਮਾਰਗ ਦੇ ਪ੍ਰਚਾਰ-ਪਰਸਾਰ ਦੇ ਸਾਧਨ ਹਨ। ਅਨੰਦ ਮਾਰਗੀ ਆਪਣੇ ਆਚਾਰੀਆਂ ਦੇ ਅਤੀਤ ਬਾਰੇ ਕੋਈ ਸਵਾਲ ਨਹੀਂ ਪੁੱਛਦੇ।

ਪੰਜਾਬ ਦੇ ਵੱਖ-ਵੱਖ ਭਾਗਾਂ ਵਿਚ ਇਸ ਸੰਸਥਾ ਦੇ 15000 ਤੋਂ ਵੀ ਵਧ ਅਨੁਯਾਈ ਹਨ। ਅਨੰਦ ਮਾਰਗ ਨੇ ਚੰਡੀਗੜ੍ਹ, ਪਟਿਆਲਾ, ਲੁਧਿਆਨਾ,ਜਲੰਧਰ ਅਤੇ ਪੰਜਾਬ ਦੇ ਕਈ ਹੋਰ ਸ਼ਹਿਰਾਂ ਵਿਚ ਵੀ ਆਪਣੀਆਂ ਸ਼ਾਖਾਵਾਂ ਖੋਲ੍ਹੀਆਂ ਹਨ।

ਅਨੰਦ ਮਾਰਗੀ ਦੀ ਸ਼ਾਦੀ ਇਕ ਇਨਕਲਾਬੀ ਕਦਮ ਹੈ। ਸ਼ਾਦੀ ਅੰਤਰਜਾਤੀ ਹੀ ਹੋਣੀ ਚਾਹੀਦੀ ਹੈ। ਦਾਜ-ਦਹੇਜ ਦੀ ਉੱਕਾ ਮਨਾਹੀ ਹੈ।

****

# ਪਿਸ਼ੌਰੀ ਲੋਕਾਂ ਦੀ ਇਲਾਕਾਈ ਪਛਾਣ

ਪਿਸ਼ੌਰ ਵਿਚ ਰਹਿੰਦੇ 3000 ਤੋਂ ਵੀ ਉਪਰ ਹਿੰਦੂਆਂ ਸਿੱਖਾਂ ਨੂੰ ਆਪਣੇ ਘਰ-ਘਾਟ ਛੱਡਣ ਦਾ ਫ਼ੈਸਲਾ ਕਰਨਾ ਬਹੁਤ ਮੁਸ਼ਕਲ ਸੀ ਕਿਉਂਕਿ ਪਠਾਣਾਂ ਦੇ ਉਸ ਦੇਸ਼ ਵਿਚ ਦੇਸ਼ਵੰਡ ਦੇ ਘੱਲੂਘਾਰੇ ਸਮੇਂ ਇਕ ਵੀ ਕਤਲ ਨਹੀਂ ਹੋਇਆ ਸੀ।

ਫੇਰ ਵੀ ਉਨ੍ਹਾਂ ਨੇ ਆਪਣੇ ਪੁਰਖਿਆਂ ਦੇ ਦੇਸ਼ ਦੀ ਬਜਾਏ ਆਪਣੀ ਧਰਮ-ਭੂਮੀ ਭਾਰਤ ਨੂੰ ਤਰਜੀਹ ਦਿੱਤੀ ਅਤੇ 1955-56 ਵਿਚ ਵਾਹਗੇ ਰਾਹੀਂ ਇਸ ਪਵਿੱਤਰ ਸ਼ਹਿਰ ਵਿਚ ਵਹੀਰਾਂ ਘਤ ਕੇ ਆਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਪਹਿਲਾ ਟਿਕਾਣਾ ਅੰਮ੍ਰਿਤਸਰ ਸੀ ਅਤੇ ਫੇਰ ਉਥੋਂ ਉਹ ਜਲੰਧਰ, ਖੰਨਾ, ਫ਼ਿਰੋਜ਼ਪੁਰ, ਦਿੱਲੀ, ਰਾਜਸਥਾਨ ਅਤੇ ਦੇਸ਼ ਦੇ ਹੋਰ ਸ਼ਹਿਰਾਂ ਵਿਚ ਚਲੇ ਗਏ।

ਅੰਮ੍ਰਿਤਸਰ ਵਿਚ ਅੰਮ੍ਰਿਤਸਰ-ਵਾਹਗਾ ਸੜਕ ਉਤੇ ਇਕ ਕਾਲੋਨੀ ਵਿਚ ਤਕਰੀਬਨ 500 ਪਿਸ਼ੌਰੀ ਪਰਿਵਾਰ ਰਹਿੰਦੇ ਹਨ। ਉਨ੍ਹਾਂ ਨੇ ਆਪਣੇ ਕੱਚੇ ਸ਼ੈੱਡਾਂ ਨੂੰ ਖ਼ੂਬਸੂਰਤ ਪੱਕੇ ਮਹੱਲੇ ਵਿਚ ਤਬਦੀਲ ਕਰ ਦਿੱਤਾ ਹੈ।

ਕਈ ਬੇਗੁਨਾਹ ਲੋਕ ਰੈੱਡਕਲਿਫ਼ ਲਾਈਨ ਨੂੰ ਪਾਰ ਕਰਦੇ ਹੋਏ ਮਾਰੇ ਗਏ ਸਨ ਜਿਹੜੀ ਅੰਗਰੇਜ਼ਾਂ ਨੇ ਸਾਡੀ ਧਰਤੀ ਉਤੇ ਵਾਹੀ ਸੀ। ਚੰਗੇ ਗੁਆਂਢੀਆਂ ਵਾਂਗ ਪਠਾਣਾਂ ਨੇ ਆਪਣੇ ਹਿੰਦੂ ਸਿੱਖ ਭਰਾਵਾਂ ਦੀ ਆਪਣੇ ਸਕਿਆਂ ਵਾਂਗ ਰੱਖਿਆ ਕੀਤੀ। ਇਹੀ ਕਾਰਨ ਸੀ ਕਿ ਵੰਡ ਦੇ ਭਿਆਨਕ ਦਿਨਾਂ ਵਿਚ ਕਿਸੇ ਹਿੰਦੂ ਸਿੱਖ ਪਰਿਵਾਰ ਨੇ ਪਿਸ਼ਾਵਰ ਵਿਚੋਂ ਹਿਜਰਤ ਨਹੀਂ ਕੀਤੀ। ਕਈ ਹਿੰਦੂ ਸਿੱਖ ਵੱਡੇ-ਵੱਡੇ ਜ਼ਿਮੀਂਦਾਰ ਸਨ। ਉਨ੍ਹਾਂ ਨੇ ਪਿਸ਼ਾਵਰ ਦੇ ਖ਼ੂਬਸੂਰਤ ਪਹਾੜੀ ਇਲਾਕਿਆਂ ਵਿਚ ਟਿਕੇ ਰਹਿਣ ਨੂੰ ਤਰਜੀਹ ਦਿੱਤੀ।

ਡਾ. ਬਸੰਤ ਲਾਲ ਚੰਦਨ ਜਿਨ੍ਹਾਂ ਨੇ ਪਿਸ਼ਾਵਰੀ ਮਹੱਲੇ ਦੇ ਬਾਹਰ ਆਰ.ਐੱਮ.ਪੀ. ਦੀ ਦੁਕਾਨ ਖੋਲ੍ਹ ਰੱਖੀ ਹੈ, ਪਿਸ਼ਾਵਰ ਵਿਚ ਬਿਤਾਏ ਆਪਣੇ ਜੁਆਨੀ ਦੇ ਦਿਨਾਂ ਨੂੰ ਯਾਦ ਕਰਨ ਲਗ ਪਏ। ਆਪਣੀ ਮਾਤਭੂਮੀ ਵਿਚ ਬਿਤਾਏ ਚੰਗੇ ਦਿਨਾਂ ਨੂੰ ਯਾਦ ਕਰ ਕੇ ਕਹਿਣ ਲੱਗੇ, ਪਿਸ਼ਾਵਰ ਵਿਚ ਸੁਹਿਰਦਤਾ ਅਤੇ ਭਾਈਚਾਰਕ ਪਿਆਰ ਦਾ ਮਾਹੌਲ ਸੀ। ਉਹ ਬੜੀ ਸੁੰਦਰ ਤੇ ਵੰਨ-ਸੁਵੰਨੀ ਧਰਤੀ ਸੀ। ਉਥੋਂ ਭਾਰਤ ਆਉਣ ਨੂੰ ਸਾਡਾ ਦਿਲ ਨਹੀਂ ਸੀ ਕਰਦਾ। ਪਿਸ਼ਾਵਰ ਸਦੀਆਂ ਤੋਂ ਸੈਰ-ਸਪਾਟੇ ਦੇ ਸ਼ੌਕੀਨਾਂ ਲਈ ਖਿੱਚ ਦਾ ਕੇਂਦਰ ਸੀ।

ਨਵੇਂ ਬਣੇ ਪਾਕਿਸਤਾਨ ਦੇ ਕੁਝ ਹੋਰ ਹਿੱਸਿਆਂ ਵਿਚ ਹਿੰਦੂ-ਸਿੱਖਾਂ ਦੇ ਕਤਲ ਹੋ ਰਹੇ ਸਨ। ਜਿਸ ਕਾਰਨ ਇੱਥੇ ਵੀ ਅਸੁਰੱਖਿਆ ਦਾ ਡਰ ਪੈਦਾ ਹੋ ਗਿਆ ਸੀ। ਅਸੀਂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਬੇਨਤੀ ਕੀਤੀ ਕਿ ਸਾਨੂੰ ਭਾਰਤ ਵਿਚ ਪੱਕੇ ਤੌਰ 'ਤੇ ਰਹਿਣ ਦੀ ਆਗਿਆ ਦਿੱਤੀ ਜਾਵੇ, ਤਾਂ ਜੋ ਸਾਡੇ ਧਰਮ ਨੂੰ ਕੋਈ ਖ਼ਤਰਾ ਨਾ ਹੋਵੇ।



'ਸਾਡਾ ਫ਼ੈਸਲਾ ਸਹੀ ਨਿਕਲਿਆ ਕਿਉਂਕਿ ਸਾਡੇ ਜਿਨ੍ਹਾਂ ਰਿਸ਼ਤੇਦਾਰਾਂ ਨੇ ਪਿਸ਼ਾਵਰ ਵਿਚ ਟਿੱਕੇ ਰਹਿਣ ਦਾ ਫ਼ੈਸਲਾ ਕੀਤਾ ਸੀ, ਹੁਣ ਉਹ ਪਛਤਾ ਰਹੇ ਹਨ। ਤਾਲਿਬਾਨ ਵੱਲੋਂ ਫਿਰੌਤੀਆਂ ਖ਼ਾਤਿਰ ਹਿੰਦੂ ਸਿੱਖਾਂ ਦੇ ਸਿਰ ਕਲਮ ਕੀਤੇ ਜਾ ਰਹੇ ਹਨ। ਜਦੋਂ ਉਹ ਭਾਰਤੀ ਪੰਜਾਬ ਵਿਚ ਆਉਂਦੇ ਹਨ ਤਾਂ ਵਾਪਸ ਪਾਕਿਸਤਾਨ ਨਹੀਂ ਜਾਣਾ ਚਾਹੁੰਦੇ,' ਡਾ. ਚੰਦਨ ਨੇ ਦੱਸਿਆ। ਉਨ੍ਹਾਂ ਨੇ ਪਿੱਛੇ ਜਿਹੇ ਪਿਸ਼ੌਰ ਦੇ ਇਕ ਹਿੰਦੂ ਵਪਾਰੀ ਨੂੰ ਅਗਵਾ ਕਰਨ ਦੀ ਘਟਨਾ ਬਿਆਨ ਕਰਦਿਆਂ, ਕਿਹਾ ਕਿ ਜਿਨ੍ਹਾਂ ਗੁੰਡਿਆਂ ਨੇ ਉਨ੍ਹਾਂ ਦੇ ਭਤੀਜੇ ਬਲਵੰਤ ਰਾਮ ਨੂੰ ਅਗਵਾ ਕੀਤਾ ਸੀ, ਉਹ 15 ਲੱਖ ਰੁਪਏ ਦੀ ਫਿਰੌਤੀ ਮੰਗ ਰਹੇ ਸਨ। ਇਹੋ ਜਿਹੀਆਂ ਘਟਨਾਵਾਂ ਨੇ ਲੋਕਾਂ ਨੂੰ ਹਿਜਰਤ ਲਈ ਮਜਬੂਰ ਕਰ ਦਿੱਤਾ ਅਤੇ 1980 ਤੇ 1999 ਵਿਚ ਬਹੁਤ ਸਾਰੇ ਹਿੰਦੂ ਸਿੱਖ ਪਿਸ਼ਾਵਰ ਤੋਂ ਭਾਰਤ ਵਿਚ ਆ ਗਏ।

ਹੁਣੇ ਜਿਹੇ ਰੂਪ ਚੰਦ ਨਾਂ ਦਾ ਇਕ ਬੰਦਾ, ਭਾਰਤ ਵਿਚ ਆਪਣੇ ਬੀਵੀ ਬੱਚਿਆਂ ਨੂੰ ਛੱਡਣ ਲਈ ਪਾਕਿਸਤਾਨ ਤੋਂ ਆਇਆ। ਉਹ ਚਾਹੁੰਦਾ ਹੈ ਕਿ ਪਿਸ਼ਾਵਰ ਵਿਚ ਵਧੀਆ ਚਲ ਰਹੇ ਆਪਣੇ ਕਾਰੋਬਾਰ ਨੂੰ ਸਮੇਟ ਕੇ ਪੱਕੇ ਤੌਰ 'ਤੇ ਭਾਰਤ ਵਿਚ ਵਸ ਜਾਵੇ। ਅੰਮ੍ਰਿਤਸਰ ਦੇ ਪਿਸ਼ੌਰੀਏ ਕਹਿੰਦੇ ਹਨ ਕਿ ਇੱਥੇ ਪੰਜ ਸਾਲ ਰਹਿਣ ਤੋਂ ਬਾਅਦ ਭਾਰਤ ਦੀ ਨਾਗਰਿਕਤਾ ਮਿਲ ਜਾਂਦੀ ਹੈ।

ਕਈ ਉਮਰ-ਰਸੀਦਾ ਹਿੰਦੂ ਪਿਸ਼ੌਰੀਏ ਅਜੇ ਵੀ ਰਵਾਇਤੀ ਪਠਾਣੀ ਕੁੜਤਾ ਪਜਾਮਾ ਪਹਿਨਦੇ ਹਨ ਅਤੇ ਸਿਰ ਉਤੇ ਕੁੱਲੇ ਵਾਲੀ ਪੱਗ ਬੰਨ੍ਹਦੇ ਹਨ। ਪਿਸ਼ੌਰੀ ਸਿੱਖ ਪਿਸ਼ੌਰੀ ਢੰਗ ਦੀਆਂ ਪੱਗਾਂ ਬੰਨ੍ਹਦੇ ਹਨ। ਜਿਹੜੀਆਂ ਸਥਾਨਕ ਸਿੱਖਾਂ ਦੀਆਂ ਪੱਗਾਂ ਨਾਲੋਂ ਵੱਖਰੀ ਤਰ੍ਹਾਂ ਦੀਆਂ ਹੁੰਦੀਆਂ ਹਨ, ਉਹ ਜਦੋਂ ਆਪਸ ਵਿਚ ਗੱਲਾਂ ਕਰਦੇ ਹਨ ਤਾਂ ਪਿਸ਼ੌਰੀ ਬੋਲੀ ਜਾਂ ਪਸ਼ਤੋ ਵਿਚ ਬੋਲਦੇ ਹਨ। ਪਰ ਨਵੀਂ ਪੀੜ੍ਹੀ ਆਪਣੇ ਵੱਡਿਆਂ ਦੀ ਰੀਸ ਨਹੀਂ ਕਰਦੀ ਅਤੇ ਸਥਾਨਕ ਲੋਕਾਂ ਵਾਂਗ ਹੀ ਕਪੜੇ ਪਹਿਨਦੇ ਹਨ।

ਦੇਵੀ ਚੰਦ ਦੀ ਉਮਰ 70 ਸਾਲ ਹੈ। ਉਹ ਪਾਕਿਸਤਾਨ ਦੇ ਕੋਹਾਟ ਜ਼ਿਲ੍ਹੇ ਦੇ ਕਬਾਇਲੀ ਇਲਾਕੇ ਤੀਰੇ ਤੋਂ ਆਇਆ ਹੈ। ਉਹ ਕਹਿੰਦਾ ਹੈ ਕਿ ਉਹ ਪਿਸ਼ੌਰ ਵਿਚ ਰਹਿੰਦੇ ਆਪਣੇ ਪੁਰਾਣੇ ਦੋਸਤਾਂ ਨੂੰ ਮਿਲਣਾ ਚਾਹੁੰਦਾ ਹੈ। ਉਹ ਕਹਿੰਦਾ ਹੈ ਕਿ ਉਸ ਦੇ ਪਿਸ਼ੌਰੀ ਰਿਸ਼ਤੇਦਾਰ ਅਤੇ ਮਿੱਤਰ ਉਨ੍ਹਾਂ ਨੂੰ ਮਿਲਣ ਨਹੀਂ ਆ ਸਕਦੇ ਕਿਉਂਕਿ ਪੰਜਾਬ ਨੂੰ ਅਜੇ ਵੀ 'ਅਸ਼ਾਂਤ ਇਲਾਕਾ' ਮੰਨਿਆ ਜਾਂਦਾ ਹੈ। ਉਸ ਨੂੰ ਇਕ ਹੋਰ ਗਿਲਾ ਹੈ ਕਿ ਪਿਸ਼ੌਰੀਆਂ ਦੀ ਨਵੀਂ ਪੀੜ੍ਹੀ ਪਸ਼ਤੋ ਬੋਲੀ ਹੀ ਨਹੀਂ ਸਮਝਦੀ, ਕਬਾਇਲੀ ਇਲਾਕੇ ਦੀ ਸਥਾਨਕ ਬੋਲੀ ਵਿਚ ਬੋਲਣਾ-ਵਿਚਰਨਾ ਤਾਂ ਦੂਰ ਦੀ ਗੱਲ ਹੈ।

ਪਿਸ਼ੌਰੀ ਲੋਕ ਬੜੇ ਮਿਹਨਤੀ ਤੇ ਦਲੇਰ ਹਨ। ਉਹ ਪਰਾਏ ਦੇਸ਼ਾਂ ਵਿਚ ਰਹਿਣਾ-ਵਸਣਾ ਜਾਣਦੇ ਹਨ। ਪਹਿਲਾਂ ਉਹ ਲਾਹੌਰ ਦੇ ਕੈਂਪਾਂ ਵਿਚ ਰਹੇ ਅਤੇ ਫੇਰ ਅੰਮ੍ਰਿਤਸਰ ਦੇ ਕੈਂਪਾਂ ਵਿਚ। ਫੇਰ ਉਨ੍ਹਾਂ ਦਾ ਤਬਾਦਲਾ ਉਨ੍ਹਾਂ ਭਾਰਤੀ ਮੁਸਲਮਾਨਾਂ ਨਾਲ ਹੋ ਗਿਆ ਜਿਹੜੇ ਆਪਣੇ ਨਵੇਂ ਬਣੇ ਪਾਕਿਸਤਾਨ ਨੂੰ ਜਾਣਾ ਚਾਹੁੰਦੇ ਸਨ। ਇਹ ਤਬਾਦਲਾ ਅਮਨ-ਅਮਾਨ ਨਾਲ ਹੋ ਗਿਆ। ਉਹ ਜਿੱਥੇ ਵੀ ਗਏ, ਉਥੋਂ ਦੇ ਲੋਕਾਂ ਨਾਲ ਘੁਲ ਮਿਲ ਗਏ ਅਤੇ ਉਥੇ ਰਲ-ਮਿਲ ਕੇ ਸੁੱਖ-ਸ਼ਾਂਤੀ ਨਾਲ ਰਹਿ ਰਹੇ ਹਨ।

ਅੰਮ੍ਰਿਤਸਰ ਵਿਚ ਪਿਸ਼ੌਰੀਆਂ ਨੇ ਇਕ ਦੂਜੇ ਦੇ ਨੇੜੇ ਮੰਦਰ ਤੇ ਗੁਰਦੁਆਰੇ ਬਣਾਏ ਹਨ ਜੋ ਪਰਸਪਰ ਏਕਤਾ ਦੇ ਪ੍ਰਤੀਕ ਹਨ। ਕਿੰਨੀ ਵਧੀਆ ਗੱਲ ਹੈ ਕਿ ਗੁਰਦੁਆਰੇ ਦਾ ਪ੍ਰਧਾਨ ਇਕ ਹਿੰਦੂ ਸ੍ਰੀ ਅਨੰਦ ਰਾਮ ਹੈ। ਉਹ ਕਹਿੰਦਾ ਹੈ ਕਿ ਅਸੀਂ ਪਿਸ਼ੌਰੀਏ ਧਰਮ ਦੇ ਆਧਾਰ ’ਤੇ ਕਿਸੇ ਨਾਲ ਵਿਤਕਰਾ ਨਹੀਂ ਕਰਦੇ।

### ਫੁੱਲਾਂ ਦਾ ਸ਼ਹਿਰ

ਸ਼ਹਿਰ ਦਾ ਨਾਂ ਪਿਸ਼ਾਵਰ ਸੰਸਕ੍ਰਿਤ ਦੇ ਇਕ ਸ਼ਬਦ ‘ਪੁਸ਼ਪਪੁਰਾ’ ਵਿਚੋਂ ਨਿਕਲਿਆ ਹੈ ਜਿਸ ਦਾ ਅਰਥ ਹੈ, ਫੁੱਲਾਂ ਦਾ ਸ਼ਹਿਰ। ਪਿਸ਼ਾਵਰ ਦੇ ਫੁੱਲਾਂ ਦਾ ਜ਼ਿਕਰ ਮੁਗਲ ਬਾਦਸ਼ਾਹ ਬਾਬਰ ਨੇ ਆਪਣੀ ਸਵੈ-ਜੀਵਨੀ ਵਿਚ ਵੀ ਕੀਤਾ ਹੈ।

ਪਿਸ਼ਾਵਰ ਇੰਨਾ ਪੁਰਾਣਾ ਹੈ, ਇੰਨਾ ਪੁਰਾਣਾ ਹੈ ਕਿ ਇਸ ਦੀਆਂ ਜੜ੍ਹਾਂ ਇਤਿਹਾਸ ਵਿਚ ਕਿਤੇ ਗੁਆਚ ਗਈਆਂ ਹਨ। ਦੋ ਹਜ਼ਾਰ ਸਾਲ ਤੋਂ ਵੀ ਪਹਿਲਾਂ ਇਸ ਨੂੰ ਗੰਧਾਰ ਦੇ ਕੁਸ਼ਾਨ ਰਾਜਿਆਂ ਨੇ ਵਸਾਇਆ ਸੀ। ਇਸ ਦੇ ਉਨੇ ਹੀ ਨਾਂ ਹਨ ਜਿੰਨੇ ਇਸ ਉਤੇ ਰਾਜ ਕਰਨ ਵਾਲੇ ਰਾਜਿਆਂ ਦੇ ਨਾਂ ਹਨ।

ਕੁਸ਼ਾਨ ਯੁੱਧ ਤੋਂ ਬਾਅਦ ਪਿਸ਼ਾਵਰ ਦੀ ਸ਼ੁਹਰਤ ਫਿੱਕੀ ਪੈ ਗਈ, ਜੋ ਸੋਲ੍ਹਵੀਂ ਸਦੀ ਤਕ ਕਾਇਮ ਰਹੀ। ਮੁਗਲ ਬਾਦਸ਼ਾਹ ਬਾਬਰ ਪਿਸ਼ਾਵਰ ਆਇਆ। ਉਸ ਨੇ ਬੇਗਮ ਨਾਂ ਦਾ ਸ਼ਹਿਰ ਲੱਭਿਆ ਅਤੇ ਉਥੇ 1530 ਵਿਚ ਕਿਲੇ ਨੂੰ ਦੁਬਾਰਾ ਬਣਵਾਇਆ। ਉਸ ਦੇ ਪੋਤੇ ਅਕਬਰ ਨੇ ਇਸ ਸ਼ਹਿਰ ਦਾ ਨਾਂ ਪਿਸ਼ਾਵਰ ਰੱਖਿਆ ਜਿਸ ਦਾ ਅਰਥ ਹੈ-‘ਸਰਹੱਦ ਉਤੇ ਵਸਿਆ ਇਕ ਸ਼ਹਿਰ’ ਅਤੇ ਇਸ ਸ਼ਹਿਰ ਦੇ ਬਾਜ਼ਾਰਾਂ ਤੇ ਕਿਲਿਆਂ ਦੀ ਮੁਰੰਮਤ ਕੀਤੀ। ਇਸ ਤੋਂ ਪਹਿਲਾਂ ਇਸ ਦਾ ਨਾਂ ‘ਫੁੱਲਾਂ ਦਾ ਸ਼ਹਿਰ’ ਸੀ। ਇਸ ਨੂੰ ‘ਅਨਾਜ ਦਾ ਸ਼ਹਿਰ’ ਵੀ ਕਹਿੰਦੇ ਸਨ। ਕੁਸ਼ਾਨ ਰਾਜਿਆਂ ਦੇ ਵੇਲੇ ਇਸ ਨੂੰ ‘ਕੰਵਲ ਦੇਸ਼’ ਵੀ ਕਿਹਾ ਜਾਂਦਾ ਸੀ।

ਜਦੋਂ ਸ਼ੇਰ ਸ਼ਾਹ ਸੂਰੀ ਨੇ ਦੱਰਾ ਖੇਬਰ ਰਾਹੀਂ ਦਿੱਲੀ ਤੋਂ ਕਾਬਲ ਤਕ ਸ਼ਾਹੀ ਸੜਕ ਬਣਾਈ ਤਾਂ ਪਿਸ਼ਾਵਰ ਦਾ ਕਾਇਆ-ਕਲਪ ਹੋ ਗਿਆ। ਮੁਗਲ ਬਾਦਸ਼ਾਹਾਂ ਨੇ ਇੱਥੇ ਰੁੱਖ ਤੇ ਬਾਗ ਲਗਾ ਕੇ ਇਸ ਨੂੰ ‘ਫੁੱਲਾਂ ਦਾ ਸ਼ਹਿਰ’ ਬਣਾ ਦਿੱਤਾ।

ਪਿਸ਼ਾਵਰ ਬੋਧੀ ਗੰਧਾਰ ਸੱਭਿਅਤਾ ਦਾ ਕੇਂਦਰ ਸੀ ਅਤੇ ਇਕ ਮਹੱਤਵਪੂਰਨ ਯਾਤਰਾ ਅਸਥਾਨ। ਜਿਉਂ ਹੀ ਬੁੱਧ ਧਰਮ ਦਾ ਅੰਤਰਰਾਸ਼ਤਰੀ ਗੌਰਵ ਥੱਲੇ ਚਲਾ ਗਿਆ, ਪਿਸ਼ਾਵਰ ਦੇ ਵੀ ਮਾੜੇ ਦਿਨ ਆ ਗਏ।

ਨੌਵੀਂ ਸਦੀ ਵਿਚ ਹਿੰਦੂ ਸ਼ਾਹੀ ਰਾਜਿਆਂ ਨੇ ਦਰਿਆ ਸਿੰਧ ਦੇ ਕਿਨਾਰੇ ਹੁੰਦ (Hund) ਨੂੰ ਸੂਬੇ ਦੀ ਰਾਜਧਾਨੀ ਬਣਾ ਲਿਆ। ਮਹਿਮੂਦ ਗਜ਼ਨਵੀ ਦੇ ਹਮਲੇ ਪਿੱਛੋਂ ਕੋਮਲ ਗੰਧਾਰ ਸੱਭਿਅਤਾ ਦੀਆਂ ਕੁੱਲ ਕਲਾਤਮਕ ਨਿਸ਼ਾਨੀਆਂ ਮਿਟ ਗਈਆਂ। ਮਹਾਨ ਬਾਬਰ ਦੱਖਣੀ ਏਸ਼ੀਆ ਨੂੰ ਜਿੱਤਣ ਵਾਸਤੇ ਇਤਿਹਾਸਕ ਦੱਰਾ ਖੈਬਰ ਵਿਚੀਂ ਲੰਘ ਕੇ ਅੱਗੇ ਆਇਆ ਅਤੇ ਹਿੰਦ-ਪਾਕਿ ਉਪ-ਮਹਾਂਦੀਪ ਵਿਚ ਮੁਗਲ ਰਾਜ ਸਥਾਪਿਤ ਕੀਤਾ। ਪਿਸ਼ਾਵਰ ਸ਼ਹਿਰ ਦੀ ਪੁਰਾਣੀ ਸ਼ਾਨ ਉਦੋਂ ਤਕ ਮੁੜ ਕਾਇਮ ਨਾ ਹੋ ਸਕੀ, ਜਦੋਂ ਤਕ ਕਿ ਸੋਲ੍ਹਵੀਂ ਸਦੀ ਵਿਚ ਮੁਗਲ ਭਾਰਤ ਵਿਚ ਨਾ ਆ ਵਸੇ।

****



## ਪੰਜਾਬ ਦੇ ਦਿਲ ਵਿਚ ਇਕ ਟੁਕੜਾ ਬਿਹਾਰ ਵਸਦਾ ਹੈ

“ਮਿਹਰਬਾਨੀ ਕਰਕੇ ਪੰਜਾਬੀ ਵਿਚ ਲਿਖੋ ਮੈਨੂੰ ਹਿੰਦੀ ਨਹੀਂ ਆਉਂਦੀ।” ਅੰਮ੍ਰਿਤਸਰ ਦੇ ਇਕ ਦੁਰਾਡੇ ਪਿੰਡ ਕਰਨਾਲਾ ਦੇ ਸਰਪੰਚ ਜਸਵੰਤ ਕੁਮਾਰ ਨੇ ਠੇਠ ਪੰਜਾਬੀ ਵਿਚ ਕਿਹਾ। ਪਹਿਲੀ ਨਜ਼ਰੇ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਲਗਦੀ। ਪਰ ਜਿਉਂ ਹੀ ਪਤਾ ਲਗਦਾ ਹੈ ਕਿ ਇਹ ਸਰਪੰਚ ਬਿਹਾਰੀ ਹੈ, ਤਾਂ ਸਾਰੀ ਗੱਲ ਇਕ ਦਮ ਖਾਨੇ ਪੈ ਜਾਂਦੀ ਹੈ। ਬਿਹਾਰ ਤੋਂ ਆਏ ਲੋਕ ਪਵਿੱਤਰ ਸ਼ਹਿਰ ਦਾ ਇਕ ਪੂਰਨ ਅੰਗ ਹਨ। ਉਨ੍ਹਾਂ ਵੱਲੋਂ ਸ਼ਹਿਰ ਦੀ ਉਨਤੀ ਵਿਚ ਪਾਏ ਯੋਗਦਾਨ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

‘ਹਿੰਦੀ ਤਾਂ ਹੁਣ ਸਰਦਾਰਾਂ ਦੇ ਬੱਚੇ ਪੜ੍ਹਦੇ ਨੇ।’ ਜਸਵੰਤ ਕੁਮਾਰ ਕਹਿੰਦਾ ਹੈ। ਉਹ ਸ਼ਹਿਰ ਦੇ ਕੁਝ ਮਸ਼ਹੂਰ ਸਕੂਲਾਂ ਬਾਰੇ ਵੀ ਦਸਦਾ ਹੈ, ਜਿਥੇ ਪੰਜਾਬੀ ਬੋਲਣ ‘ਤੇ ਵਿਦਿਆਰਥੀਆਂ ਨੂੰ ਸਜ਼ਾ ਮਿਲਦੀ ਹੈ।

ਕੁਝ ਪਿੰਡਾਂ ਵਿਚ ਇੱਥੇ ਬਿਹਾਰੀਆਂ ਦੀ ਤੂਤੀ ਬੋਲਦੀ ਹੈ। ਇਸ ਪਿੰਡ ਵਿਚ ਵੱਖ-ਵੱਖ ਸਿਆਸੀ ਪਾਰਟੀਆਂ ਦੇ ਮੁੱਖ ਲੀਡਰ ਵੀ ਆਉਂਦੇ ਹਨ। ਖਾਸ ਕਰ ਕੇ ਚੋਣਾਂ ਦੇ ਸਮੇਂ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਵੀ ਆਉਂਦੇ ਹਨ। ਪਿੰਡ ਕਰਨਾਲਾ ਇਕ ਵੱਡੇ ਜ਼ਮੀਨ-ਮਾਲਕ ਕਰਨੈਲ ਸਿੰਘ ਦੇ ਨਾਂ ’ਤੇ ਵਸਿਆ ਹੋਇਆ ਹੈ। ਇਸੇ ਤਰ੍ਹਾਂ ਦਿਆਲਪੁਰ ਦਿਆਲ ਸਿੰਘ ਦੇ ਨਾਂ ’ਤੇ। ਕੁਝ ਹੋਰ ਪਿੰਡ ਪਤਾਲਪੁਰੀ ਖਰਾਸਵਾਲਾ ਤੇ ਗਾਲੋਵਾਲੀ ਹਨ। ਇਨ੍ਹਾਂ ਸਾਰੇ ਪਿੰਡਾਂ ਦੇ ਸਰਪੰਚ ਬਿਹਾਰੀ ਹਨ।

ਬਿਹਾਰੀ ਮਜ਼ਦੂਰਾਂ ਨੂੰ ਇੱਥੇ ਰੇਲ ਦੀ ਪਟੜੀ ਵਿਛਾਉਣ ਲਈ ਅਤੇ ਕੱਥੂਨੰਗਲ ਦੀ ਨਹਿਰ ਕੱਢਣ ਲਈ ਅੰਗਰੇਜ਼ਾਂ ਨੇ ਲਿਆਂਦਾ ਸੀ। ਉਸ ਵੇਲੇ ਕਈ ਮਜ਼ਦੂਰ ਪੰਜਾਬ ਵਿਚ ਹੀ ਵਸ ਗਏ। ਰਮੇਸ਼ ਲਾਲ ਦੱਸਦਾ ਹੈ ‘ਸਾਨੂੰ ਬਿਹਾਰ ਵਿਚ ਆਪਣੇ ਘਰ-ਘਾਟ ਭੁੱਲ ਗਏ ਹਨ। ਪਿਛਲੀਆਂ ਪੰਜ ਪੀੜ੍ਹੀਆਂ ਤੋਂ ਅਸੀਂ ਪੰਜਾਬ ਦੇ ਪੱਕੇ ਵਸਨੀਕ ਹਾਂ।’

ਦਸ ਸਾਲ ਚੱਲੀ ਅਤਿਵਾਦ ਦੀ ਹਨੇਰੀ ਦਾ ਮਾਣ-ਮੱਤੇ ‘ਪੰਜਾਬੀਆਂ ਦੀ ਇਸ ਨਵੀਂ ਪੀੜ੍ਹੀ’ ਉਤੇ ਕੋਈ ਅਸਰ ਨਹੀਂ ਹੋਇਆ। ਅੱਜ ਇਹ ਵੱਡੇ ਵੱਡੇ ਘਰਾਂ ਦੇ ਮਾਨਯੋਗ ਮਾਲਕ ਹਨ। ਇਨ੍ਹਾਂ ਨੂੰ ਸਾਰੀਆਂ ਨਵੀਆਂ ਸਹੂਲਤਾਂ ਜਿਵੇਂ ਟਰੈਕਟਰ ਅਤੇ ਮੋਟਰ ਨਾਲ ਚਲਣ ਵਾਲੀਆਂ ਚਾਰਾ ਕੱਟਣ ਦੀਆਂ ਮਸ਼ੀਨ ਪ੍ਰਾਪਤ ਹਨ ਜੋ ਉਨ੍ਹਾਂ ਦੀਆਂ ਪੰਜ ਪੀੜ੍ਹੀਆਂ ਦੀ ਕਰੜੀ ਘਾਲ-ਕਮਾਈ ਦੇ ਸਬੂਤ ਹਨ।

ਜਿਨ੍ਹਾਂ ਪਿੰਡਾਂ ਦੇ ਸਰਪੰਚ ਬਿਹਾਰੀ ਹਨ, ਵਿਧਾਨ ਸਭਾ ਦੀਆਂ ਚੋਣਾਂ ਵੇਲੇ

ਉਨ੍ਹਾਂ ਦੀਆਂ ਵੋਟਾਂ ਖ਼ਾਸ ਮਹੱਤਵ ਰਖਦੀਆਂ ਹਨ। ਵੋਟਾਂ ਮੰਗਣ ਲਈ ਸਿਆਸੀ ਲੀਡਰਾਂ ਤੇ ਮੰਤਰੀਆਂ ਦਾ ਤਾਂਤਾ ਲਗਾ ਰਹਿੰਦਾ ਹੈ। ਕ੍ਰਿਸ਼ਨ ਲਾਲ ਭਗਤ ਕਹਿੰਦਾ ਹੈ ਕਿ ਪੂਰਬੀਆਂ ਦੇ ਕਈ ਪਰਿਵਾਰ ਇੰਨੇ ਖਾਂਦੇ-ਪੀਂਦੇ ਹਨ ਕਿ ਉਨ੍ਹਾਂ ਦੇ ਬੱਚੇ ਚੰਗੇ ਸਕੂਲਾਂ 'ਚ ਪੜ੍ਹਦੇ ਹਨ। ਕੁਝ ਬਿਹਾਰੀਏ ਪੜ੍ਹ ਲਿਖ ਕੇ ਰੇਲਵੇ, ਫ਼ੌਜ ਜਾਂ ਪੰਜਾਬ ਬਿਜਲੀ ਬੋਰਡ ਵਿਚ ਨੌਕਰੀਆਂ ਕਰਦੇ ਹਨ।

'ਸਾਡੇ ਬਜ਼ੁਰਗ ਪੰਜਾਬ ਵਿਚ ਖਾਲੀ ਜੇਬ ਆਏ ਸਨ ਪਰ ਉਨ੍ਹਾਂ ਨੇ ਬੇਹੱਦ ਮਿਹਨਤ ਕੀਤੀ ਅਤੇ ਖੁਸ਼ਹਾਲ ਬਣ ਗਏ।' ਸਰਪੰਚ ਸਾਹਿਬ ਕਹਿੰਦੇ ਹਨ, 'ਹੁਣ ਇਨ੍ਹਾਂ ਕੋਲ ਸਕੂਟਰ, ਲਿਸ਼ਕਾ ਮਾਰਦੇ ਮੋਟਰ ਸਾਈਕਲ ਅਤੇ ਟਰੈਕਟਰ ਟਰੇਲਰ ਹਨ।'

ਮੁਕਾਬਲਾ ਦੇਖਣ ਵਾਲਾ ਹੈ ਕਿ ਮਜ਼ਦੂਰੀ ਦੀ ਭਾਲ ਵਿਚ ਕਈ ਪੰਜਾਬੀ ਕਿਸਾਨ ਅੰਮ੍ਰਿਤਸਰ ਦੇ ਚੌਕਾਂ ਵਿਚ ਜਾ ਕੇ ਬੈਠ ਜਾਂਦੇ ਹਨ ਅਤੇ ਹੱਡ ਭੰਨ ਕੇ ਮਿਹਨਤ ਕਰਨ ਵਾਲੇ ਬਿਹਾਰੀਏ ਪਿੰਡਾਂ ਵਿਚ ਫਾਰਮ ਹਾਊਸਾਂ ਦੇ ਮਾਲਕ ਬਣੇ ਬੈਠੇ ਹਨ। ਇਸ ਵਰਤਾਰੇ ਨਾਲ ਇਹ ਮਿੱਥ ਟੁੱਟ ਗਈ ਹੈ ਕਿ ਪੰਜਾਬ ਦੇ ਕਿਸਾਨਾਂ ਹੀ ਹਨ ਜਿਨ੍ਹਾਂ ਨੇ ਬਿਹਾਰ ਅਤੇ ਉੱਤਰ ਪ੍ਰਦੇਸ਼ ਦੀਆਂ ਬੰਜਰ ਜ਼ਮੀਨਾਂ ਨੂੰ ਆਬਾਦ ਕਰ ਕੇ ਖੇਤੀਯੋਗ ਬਣਾ ਦਿੱਤਾ ਹੈ। ਅਸਲੀਅਤ ਇਹ ਹੈ ਕਿ ਬਿਹਾਰ ਤੋਂ ਆਏ ਕਿਸਾਨਾਂ ਨੇ ਵੀ ਇਨ੍ਹਾਂ ਪਿੰਡਾਂ ਦੇ ਟਿੱਬਿਆਂ ਅਤੇ ਬੰਜਰ ਜ਼ਮੀਨਾਂ ਨੂੰ ਉਪਜਾਊ ਧਰਤੀ ਵਿਚ ਬਦਲ ਦਿੱਤਾ ਹੈ। ਮਿਹਨਤੀ ਤੇ ਬਹਾਦਰ 'ਬਿਹਾਰੀ ਪੰਜਾਬੀਆਂ' ਨੇ ਹਰ ਕੰਮ ਵਿਚ ਆਪਣੇ ਹੁਨਰ, ਸ਼ੈਲੀ ਅਤੇ ਨਿਪੁੰਨਤਾ ਦਾ ਪ੍ਰਦਰਸ਼ਨ ਕੀਤਾ ਹੈ।

ਅੱਜਕਲ੍ਹ ਪੰਜਾਬ ਦੀ ਆਰਥਿਕਤਾ ਡਾਵਾਂ-ਡੋਲ ਹੈ ਫੇਰ ਵੀ ਦੂਜੇ ਸੂਬਿਆਂ ਵਿਚੋਂ ਮਜ਼ਦੂਰ ਵਹੀਰਾਂ ਘਤ ਕੇ ਪੰਜਾਬ ਨੂੰ ਆ ਰਹੇ ਹਨ। ਪਰ ਜਿਨ੍ਹਾਂ ਪਰਵਾਸੀ ਲੋਕਾਂ ਨੇ ਢੇਰ ਚਿਰ ਪਹਿਲਾਂ ਹੀ ਪੰਜਾਬ ਨੂੰ ਆਪਣਾ 'ਪਹਿਲਾ ਘਰ' ਬਣਾ ਲਿਆ ਸੀ ਉਨ੍ਹਾਂ ਨੇ ਇਸ ਸੂਬੇ ਦੇ ਵਿਕਾਸ ਅਤੇ ਸੱਭਿਆਚਾਰ ਵਿਚ ਇਕ ਨਵਾਂ ਕਾਂਡ ਜੋੜਿਆ ਹੈ।

****



## ਭਗਵਾਨ ਸ਼ਿਵ ਦੇ ਪੁਜਾਰੀ: ਜੰਗਮ

ਭਗਵਾਨ ਸ਼ਿਵ ਦੇ ਕੁਝ-ਪ੍ਰੋਹਿਤ ਜੰਗਮ, ਜੋ ਕੰਨਾਂ ਵਿਚ ਪਿੱਤਲ ਦੇ ਫੁੱਲ ਅਤੇ ਸਿਰ ਦੇ ਪਹਿਰਨ ਵਿਚ ਮੋਰ-ਪੰਖ ਸਜਾਉਂਦੇ ਹਨ, ਉਹ ਇਸ ਪਵਿੱਤਰ ਸ਼ਹਿਰ ਦੇ ਧਾਰਮਕ ਵਾਤਾਵਾਰਨ ਵਿਚ ਇਕ ਵੱਖਰਾ ਰੰਗ ਭਰਦੇ ਹਨ। ਉਹ ਆਪਣੇ ਦੇਵਤਾ ਦੀ ਉਸਤਤ ਵਿਚ ਸ਼ਿਵ ਕਥਾ ਦਾ ਗਾਇਣ ਕਰਦੇ ਹਨ ਅਤੇ ਸ਼ਹਿਰ ਦੇ ਗਲੀਆਂ ਬਾਜ਼ਾਰਾਂ ਵਿਚ ਆਮ ਦੇਖੇ ਜਾ ਸਕਦੇ ਹਨ।

ਦੇਸ਼-ਵੰਡ ਤੋਂ ਬਾਅਦ ਉਹ ਇਸ ਪਵਿੱਤਰ ਸ਼ਹਿਰ ਦੇ ਕੇਂਦਰ ਵਿਚ ਚੁਰਸਤੀ ਅਟਾਰੀ ਦੇ ਦੁੰਘਾ ਸ਼ਿਵਾਲਾ ਵਿਚ ਰਹਿੰਦੇ ਹਨ। ਦੁੰਘਾ ਸ਼ਿਵਾਲਾ ਸੁਰੱਖਿਆ-ਕੰਧ ਨਾਲ ਘਿਰੇ ਸ਼ਹਿਰ ਦੇ ਅੰਦਰ ਧਰਤੀ ਤਲ ਤੋਂ ਤਕਰੀਬਨ 15 ਫੁੱਟ ਨੀਵੀਂ ਜਗ੍ਹਾ ਵਿਚ ਬਣਿਆ ਹੋਇਆ ਹੈ ਅਤੇ ਇਕ ਪ੍ਰਾਚੀਨ ਅਸਥਾਨ ਲਗਦਾ ਹੈ। ਜੰਗਮਾਂ ਦੀ ਇਕ ਵੱਡੀ ਗਿਣਤੀ ਇੱਥੇ ਕਰਾਚੀ ਤੋਂ ਹਿਜਰਤ ਕਰ ਕੇ ਆਈ ਹੈ। ਤਕਰੀਬਨ 50 ਜੰਗਮ ਇਸ ਸ਼ਿਵਾਲੇ ਵਿਚ ਪੱਕੇ ਤੌਰ 'ਤੇ ਰਹਿੰਦੇ ਹਨ ਪਰ ਨਰਾਤਿਆਂ, ਦੀਵਾਲੀ ਅਤੇ ਸ਼ਿਵਰਾਤਰੀ ਦੇ ਦਿਨਾਂ ਵਿਚ ਕਈ ਜੰਗਮ ਇੱਥੇ ਬਾਹਰੋਂ ਆ ਜਾਂਦੇ ਹਨ। ਅੰਮ੍ਰਿਤਸਰ ਵਿਚ ਰਹਿੰਦੇ ਬਹੁਤੇ ਜੰਗਮ ਹਰਿਆਣੇ ਤੋਂ ਆਏ ਹਨ। ਕੁਝ ਜੰਗਮ ਪੰਜਾਬੀ ਵੀ ਹਨ।

ਉਹ ਪੁਰਾਣੀ ਪਰਿਵਾਰਕ ਰੀਤੀ ਵਿਚ ਵਿਸ਼ਵਾਸ ਰੱਖਦੇ ਹਨ ਪਰ ਫੇਰ ਵੀ ਉਨ੍ਹਾਂ ਦਾ ਜੀਵਨ-ਢੰਗ ਵੱਖਰੀ ਤਰ੍ਹਾਂ ਦਾ ਹੈ। ਉਹ ਆਪਣੇ ਸਾਰੇ ਝਗੜੇ ਆਪਣੀ ਪੰਚਾਇਤ ਵਿਚ ਨਜਿੱਠਦੇ ਹਨ। ਪੰਜਾਬ ਦੀ ਸਾਬਕਾ ਸਿਹਤ ਮੰਤਰੀ ਬੀਬੀ ਲਕਸ਼ਮੀ ਕਾਂਤ ਚਾਵਲਾ, ਜੋ ਦੁੰਘਾ ਸ਼ਿਵਾਲਾ ਦੇ ਨੇੜੇ ਹੀ ਰਹਿੰਦੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਜੰਗਮ ਇਕ ਬਹੁਤ ਹੀ ਅਮਨ-ਪਸੰਦ ਸੰਪਰਦਾਇ ਹੈ ਉਹ ਕਈ ਪੀੜ੍ਹੀਆਂ ਤੋਂ ਸ਼ਹਿਰ ਵਿਚ ਆਉਂਦੇ ਹਨ। ਪਰ ਇਸ ਸੰਪਰਦਾਇ ਦੇ ਕਿਸੇ ਵੀ ਮੈਂਬਰ ਵਿਰੁੱਧ ਕਦੀ ਜੁਰਮ ਦੀ ਸ਼ਿਕਾਇਤ ਦਰਜ ਨਹੀਂ ਕੀਤੀ ਗਈ।

ਜੰਗਮ ਵਿਰਖਾ ਨੰਦ ਸਵਾਮੀ, ਬਾਬਾ ਛੱਜੂ ਰਾਮ ਅਤੇ ਚਤੁਰ ਸਵਾਮੀ ਨੇ ਦੇਸ਼-ਵੰਡ ਤੋਂ ਬਾਅਦ ਇਸ ਸ਼ਹਿਰ ਵਿਚ ਸਭ ਤੋਂ ਪਹਿਲਾਂ ਰਹਿਣਾ ਸ਼ੁਰੂ ਕੀਤਾ। ਰਾਮ ਮਿਹਰ ਸਵਾਮੀ ਕਹਿੰਦੇ ਹਨ ਕਿ ਜੰਗਮ ਆਪਣੀ ਪਰੰਪਰਾ ਨੂੰ ਜ਼ਿੰਦਾ ਰੱਖਣਾ ਚਾਹੁੰਦੇ ਹਨ। 'ਅਸੀਂ ਮੰਗਤੇ ਨਹੀਂ ਹਾਂ ਕਿਉਂਕਿ ਕੋਈ ਜੰਗਮ ਵੀ ਕਿਸੇ ਨੂੰ ਦਾਨ ਦੇਣ ਲਈ ਮਜਬੂਰ ਨਹੀਂ ਕਰਦਾ।' ਆਮ ਤੌਰ 'ਤੇ ਇਕ ਜੰਗਮ ਇਕ ਮਹਿਨੇ ਵਿਚ 2000 ਰੁਪਏ ਤੋਂ ਵਧ ਇਕੱਤਰ ਨਹੀਂ ਕਰਦਾ।

ਦੁੰਘਾ ਸ਼ਿਵਾਲਾ ਵਿਚ ਜਾਓ ਤਾਂ ਤੁਸੀਂ ਦੇਖੋਗੇ ਕਿ ਉਹ ਸਾਂਝੇ ਲੰਗਰ ਵਿਚ ਛਕਦੇ-ਛਕਾਉਂਦੇ ਹਨ। ਉਹ ਪੱਕੇ ਵੈਸ਼ਨੋ ਹਨ ਅਤੇ ਸਾਦਾ ਭੋਜਨ ਖਾਂਦੇ ਹਨ।

ਜੰਗਮਾਂ ਦੇ ਪ੍ਰਾਰੰਭ ਦੀ ਕਥਾ (ਜਾਂ ਜਿਵੇਂ ਉਨ੍ਹਾਂ ਨੂੰ ਜੋਗੀਆਂ ਤੋਂ ਵੱਖਰਾ ਦਿਖਾਉਣ ਲਈ ਜੋਗੀ ਜੰਗਮ ਕਹਿੰਦੇ ਹਨ।) ਇਸ ਤਰ੍ਹਾਂ ਚਲਦੀ ਹੈ: ਜਦੋਂ ਸ਼ਿਵ ਜੀ ਨੇ ਪਾਰਵਤੀ ਨਾਲ ਸ਼ਾਦੀ ਕਰ ਲਈ ਤਾਂ ਕੋਈ ਵੀ ਉਨ੍ਹਾਂ ਦੇ ਹੱਥੋਂ ਭਿਕਸ਼ਾ ਲੈਣ ਲਈ ਤਿਆਰ ਨਹੀਂ ਸੀ। ਇਸ ਲਈ ਉਨ੍ਹਾਂ ਨੇ ਆਪਣੇ ਪਟ ਵਿਚੋਂ ਇਕ ਮਨੁੱਖ ਪੈਦਾ ਕੀਤਾ ਅਤੇ ਉਸ ਨੂੰ ਭਿਕਸ਼ਾ ਦਿੰਦਿਆਂ ਉਸ ਨੂੰ ਅਮਰਤਾ ਦਾ ਵਰ ਦੇ ਕੇ ਆਖਿਆ ਕਿ ਤੂੰ ਭਿਕਸ਼ਾ ਮੰਗ ਕੇ ਹੀ ਨਿਰਬਾਹ ਕਰੇਂਗਾ। ਇਕ ਹੋਰ ਕਥਾ ਦੇ ਅਨੁਸਾਰ ਸ਼ਿਵ ਜੀ ਨੇ ਆਪਣੇ ਵਿਆਹ ਦੇ ਅਵਸਰ 'ਤੇ ਦੋ ਭਿਕਸ਼ੂ ਪੈਦਾ ਕੀਤੇ। ਇਕ ਆਪਣੇ ਮੱਥੇ ਦੇ ਪਸੀਨੇ ਤੋਂ, ਜਿਸ ਨੂੰ ਜੰਗਮ ਕਹਿੰਦੇ ਹਨ ਅਤੇ ਦੂਜਾ ਆਪਣੇ ਪੱਟ ਵਿਚੋਂ, ਜਿਸ ਨੂੰ ਲਿੰਗਮ ਕਹਿੰਦੇ ਹਨ। ਇਹ ਜੰਗਮ ਆਪਣੇ ਸਰਧਾਲੂਆਂ ਤੋਂ ਭਿਕਸ਼ਾ ਲੈਂਦੇ ਹਨ।

ਜੰਗਮ ਉਨ੍ਹਾਂ ਵਿਕੋਲਿਤਰੀਆਂ ਸੰਪਰਦਾਵਾਂ ਵਿਚ ਇਕ ਹਨ, ਜਿਨ੍ਹਾਂ ਨੇ ਪਿਛਲੀਆਂ ਕਈ ਪੀੜ੍ਹੀਆਂ ਤੋਂ ਆਪਣੀ ਵੱਖਰੀ ਪਛਾਣ ਕਾਇਮ ਰੱਖੀ ਹੋਈ ਹੈ। ਉਨ੍ਹਾਂ ਦੀ ਰਹੁ-ਰੀਤ ਹੋਰ ਸੰਪਰਦਾਵਾਂ ਨਾਲੋਂ ਵੱਖਰੀ ਹੈ। ਉਨ੍ਹਾਂ ਦਾ ਧਾਰਮਕ ਪਹਿਰਾਵਾ ਪੰਜ ਹਿੰਦੂ ਦੇਵੀ ਦੇਵਤਿਆਂ ਦੀ ਪ੍ਰਤੀਨਿਧਤਾ ਕਰਦਾ ਹੈ। ਕਰਨ-ਫੂਲ (ਪਿੱਤਲ ਦੇ ਫੁੱਲ) ਦੇਵੀ ਪਾਰਵਤੀ ਨਾਲ ਸਬੰਧਿਤ ਹਨ। ਮੁਕਟ ਅਤੇ ਸ਼ੇਸ਼ਨਾਗ; ਸ਼ੇਸ਼ਨਾਗ ਉਤੇ ਬਰਾਜਿਤ ਭਗਵਾਨ ਵਿਸ਼ਨੂੰ ਅਤੇ ਦੇਵੀ ਲਕਸ਼ਮੀ ਦੇ ਪ੍ਰਤੀਕ ਹਨ। ਮੋਰਪੰਖ ਦੀ ਕਲਗੀ ਵੀ ਭਗਵਾਨ ਵਿਸ਼ਨੂੰ ਦੀ ਹੈ। ਪਵਿੱਤਰ ਜਨੇਊ ਸੰਸਾਰ ਦੇ ਸਿਰਜਨਹਾਰ ਭਗਵਾਨ ਬ੍ਰਹਮਾ ਦਾ ਚਿੰਨ੍ਹ ਹੈ; ਅਤੇ ਟੱਲੀ ਸ਼ਿਵ ਜੀ ਦੇ ਧੌਲੇ ਬੈਲ ਅਤੇ ਗਣਾਂ ਦੇ ਮੁੱਖੀ ਦੀ ਪ੍ਰਤੀਨਿਧਤਾ ਕਰਦੀ ਹੈ। (ਗਣ ਭਗਵਾਨ ਸ਼ਿਵ ਦੇ ਸੇਵਕ ਹਨ ਅਤੇ ਕੈਲਾਸ਼ ਪਰਬਤ 'ਤੇ ਰਹਿੰਦੇ ਹਨ।) ਉਹ ਬਾਜ਼ਾਰਾਂ ਵਿਚ ਇਕੱਲੀ ਇਕੱਲੀ ਦੁਕਾਨ 'ਤੇ ਭਿਕਸ਼ਾ ਮੰਗਣ ਜਾਂਦੇ ਹਨ ਅਤੇ ਉਨ੍ਹਾਂ ਨੂੰ ਆਮ ਮੰਗਤੇ ਨਹੀਂ ਸਮਝਣਾ ਚਾਹੀਦਾ।

ਪਰੰਪਰਾ ਅਨੁਸਾਰ ਉਨ੍ਹਾਂ ਦੇ ਪਰਿਵਾਰ ਦੇ ਇਕ ਮੈਂਬਰ ਨੇ ਜੰਗਮ ਬਣਨਾ ਹੁੰਦਾ ਹੈ। ਹੁਣ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਸਕੂਲ ਭੇਜਣਾ ਵੀ ਸ਼ੁਰੂ ਕਰ ਦਿੱਤਾ ਹੈ ਅਤੇ ਉਹ ਪੁਲੀਸ ਤੇ ਸਿੱਖਿਆ ਵਿਭਾਗ ਵਿਚ ਉੱਚੇ ਪਦਾਂ 'ਤੇ ਕੰਮ ਕਰਦੇ ਹਨ। ਇਕ ਜੰਗਮ ਦਾ ਪੁੱਤਰ ਸੁਰਜੀਤ ਸਵਾਮੀ ਅਮਰੀਕਾ ਵਿਚ ਇੰਜੀਨੀਅਰ ਹੈ। ਇਕ ਹੋਰ ਜੰਗਮ ਦਾ ਬੇਟਾ ਸੁਭਾਸ਼ ਗੌਤਮ ਹਰਿਆਣਾ ਵਿਚ ਇਕ ਆਈ.ਟੀ.ਆਈ. ਦਾ ਪ੍ਰਿੰਸੀਪਲ ਹੈ।

ਉੱਚੀਆਂ ਪਦਵੀਆਂ ਦੇ ਬਾਵਜੂਦ ਉਨ੍ਹਾਂ ਨੂੰ ਇਕ ਸਾਲ ਵਿਚ ਘੱਟੋ-ਘੱਟ ਇਕ ਵਾਰੀ ਜੰਗਮ ਬਣਨਾ ਪੈਂਦਾ ਹੈ। ਉਨ੍ਹਾਂ ਦੀ ਪੰਚਾਇਤ ਬੜੀ ਤਾਕਤਵਰ ਹੈ। ਕੋਈ ਜੰਗਮ ਸ਼ਰਾਬ ਪੀਂਦਾ ਜਾਂ ਜੰਗਮਾਂ ਵਿਰੁੱਧ ਕੋਈ ਕਾਰਵਾਈ ਕਰਦਾ ਫੜਿਆ ਜਾਵੇ ਤਾਂ ਉਸ ਨੂੰ ਸੰਪਰਦਾਇ ਵਿਚੋਂ ਕੱਢ ਸਕਦੀ ਹੈ।

ਜੰਗਮਾਂ ਦਾ ਪ੍ਰਧਾਨ ਸ੍ਰੀ ਦਰਿਆ ਰਾਮ ਹੈ ਜੋ ਮਸ਼ਹੂਰ ਕਬੱਡੀ ਖਿਡਾਰੀ ਅਤੇ ਹਰਿਆਣੇ ਵਿਚੋਂ ਸੇਵਾ-ਮੁਕਤ ਡੀ.ਐੱਸ.ਪੀ ਹੈ।



ਜੰਗਮ ਕੇਵਲ ਆਪਣੇ ਦੇਵਤਾ ਭਗਵਾਨ ਸ਼ਿਵ ਦੀ ਸ਼ੋਭਾ ਦਾ ਗਾਇਣ ਹੀ ਕਰਦੇ ਹਨ ਅਤੇ ਕਿਸੇ ਤੋਂ ਕੁਝ ਨਹੀਂ ਮੰਗਦੇ। ਜਦੋਂ ਕੋਈ ਉਨ੍ਹਾਂ ਨੂੰ ਰੁਪਏ-ਪੈਸੇ ਦਾਨ ਕਰਦਾ ਹੈ ਤਾਂ ਉਹ ਉਸ ਦਾਨ ਨੂੰ ਟੱਲੀ ਦੁਆਰਾ ਹੀ ਪ੍ਰਾਪਤ ਕਰਦੇ ਹਨ ਜਿਸ ਨੂੰ ਉਹ ਗਾਉਣ ਸਮੇਂ ਵਜਾਉਂਦੇ ਹਨ। ਸ਼ਿਵ ਜੀ ਨੇ ਜੰਗਮਾਂ ਨੂੰ ਆਪਣੇ ਨੰਦੀ ਬੈਲ ਦੇ ਗਲੇ ਦੀ ਟੱਲੀ ਅਤੇ ਆਪਣੇ ਸਿਰ ਉਤੇ ਉਹ ਜੋ ਕੁਝ ਵੀ ਪਹਿਨਦੇ ਸਨ, ਦੇ ਦਿੱਤਾ। ਇਸ ਲਈ ਜੰਗਮ ਅਜੇ ਵੀ ਆਪਣੇ ਸਿਰ ਉਤੇ ਚੰਦ, ਸੱਪ ਆਦਿ ਦੇ ਆਕਾਰ ਪਹਿਨਦੇ ਹਨ।

ਜੰਗਮਾਂ ਦੀ ਜਨਮ ਭੂਮੀ ਕੁਰੁਕਸ਼ੇਤਰ ਹੈ ਜੋ ਹਿੰਦੂਆਂ ਦਾ ਯਾਤਰਾ ਅਸਥਾਨ ਹੈ। ਕੁਝ ਜੰਗਮ ਹਰਿਆਣੇ ਦੀ ਸੀਮਾ ਉਤੇ ਪਟਿਆਲਾ ਜ਼ਿਲ੍ਹੇ ਵਿਚ ਰਹਿੰਦੇ ਹਨ। ਉਹ ਦੇਸ਼ ਦੇ ਹੋਰ ਹਿੱਸਿਆਂ ਜਿਵੇਂ ਹਿਮਾਚਲ ਪ੍ਰਦੇਸ਼, ਰਾਜਸਥਾਨ, ਗੁਜਰਾਤ ਅਤੇ ਆਂਧਰਾ ਪ੍ਰਦੇਸ਼ ਵਿਚ ਵੀ ਰਹਿੰਦੇ ਹਨ।

ਉਹ ਭਗਵਾਨ ਸ਼ਿਵ ਅਤੇ ਪਾਰਵਤੀ ਦੇ ਵਿਆਹ ਦੀ ਕਥਾ ਬਿਆਨ ਕਰਦੇ ਹਨ। ਮਹਾਂ ਸ਼ਿਵਰਾਤਰੀ ਮਹੀਨੇ ਦੀ ਸਭ ਤੋਂ ਲੰਮੀ ਹਨੇਰੀ ਰਾਤ ਹੁੰਦੀ ਹੈ। ਇਸੇ ਰਾਤ ਨੂੰ ਭਗਵਾਨ ਸ਼ਿਵ ਅਤੇ ਪਾਰਵਤੀ ਦਾ ਵਿਆਹ ਹੋਇਆ ਸੀ ਅਤੇ ਉਹ ਦੋ ਤੋਂ ਇਕ ਹੋ ਗਏ ਸਨ। ਇਹ ਆਤਮਾ ਦਾ ਪਰਮਾਤਮਾ ਨਾਲ ਮਿਲਣ ਦਾ ਪ੍ਰਤੀਕ ਹੈ। ਮਹਾਂ ਸ਼ਿਵਰਾਤਰੀ ਫਰਵਰੀ-ਮਾਰਚ ਦੇ ਮਹੀਨਿਆਂ ਵਿਚ ਫੱਗਣ ਦੇ ਹਨੇਰੇ ਪੱਖ ਵਿਚ ਤੇਹਰਵੇਂ ਜਾਂ ਚੋਧਵੇਂ ਦਿਨ ਨੂੰ ਹੁੰਦੀ ਹੈ। ਮਹਾਂ ਸ਼ਿਵਰਾਤਰੀ ਦਾ ਅਰਥ ਹੈ: 'ਸ਼ਿਵ ਜੀ ਦੀ ਰਾਤ'। ਸ਼ਿਵਰਾਤਰੀ ਦੇ ਤਕਰੀਬਨ ਸਾਰੇ ਪੂਜਾ-ਪਾਠ ਰਾਤ ਨੂੰ ਹੀ ਹੁੰਦੇ ਹਨ।

ਇਸੇ ਤਿਉਹਾਰ ਨੂੰ ਲੋਕ ਵਿਨਾਸ਼ ਦੇ ਦੇਵਤਾ ਸ਼ਿਵ ਜੀ ਦੀ ਪੂਜਾ ਕਰਦੇ ਹਨ। ਇਸ ਰਾਤ ਨੂੰ ਸ਼ਿਵ ਜੀ ਦਾ ਤਾਂਡਵ ਨ੍ਰਿਤ ਹੁੰਦਾ ਹੈ। ਸ਼ਿਵ ਜੀ ਦੇ ਕਈ ਨਾਮ ਹਨ ਜਿਵੇਂ ਸ਼ੰਕਰ, ਮਹੇਸ਼, ਭੋਲੇਨਾਥ, ਨੀਲਕੰਠ, ਸ਼ੰਭੂ, ਕੈਲਾਸ਼ੇਸ਼ਵਰ, ਓਮਾ ਨਾਥ, ਨਟਰਾਜ ਅਤੇ ਕਈ ਹੋਰ।

ਭੋਲੇਨਾਥ ਦੀ ਬਹੁਤ ਪੂਜਾ ਹੁੰਦੀ ਹੈ ਅਤੇ ਸ਼ਰਧਾਲੂ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਉਨ੍ਹਾਂ ਨੂੰ ਪ੍ਰਾਰਥਨਾ ਕਰਦੇ ਹਨ। ਸ਼ਿਵਰਾਤਰੀ ਦੀਆਂ ਰਹੁ-ਰੀਤਾਂ ਵਿਚ ਵਰਤ ਰੱਖਣਾ ਵੀ ਸ਼ਾਮਲ ਹੈ। ਕਈ ਸ਼ਰਧਾਲੂ ਤਾਂ ਪਾਣੀ ਵੀ ਨਹੀਂ ਪੀਂਦੇ ਅਤੇ ਸਾਰੀ ਰਾਤ ਜਾਗਦੇ ਹਨ।

ਸ਼ਿਵ ਜੀ ਦੀ ਉਸਤਤ ਵਿਚ ਭਜਨ ਗਾਏ ਜਾਂਦੇ ਹਨ ਅਤੇ ਕਿਹਾ ਜਾਂਦਾ ਹੈ ਕਿ ਜਿਹੜੇ ਭਗਤ ਸ਼ਿਵਰਾਤਰੀ ਨੂੰ ਪੂਰੀ ਸ਼ਰਧਾ ਅਤੇ ਇਕਾਗਰਤਾ ਨਾਲ ਸ਼ਿਵ ਜੀ ਦੇ ਨਾਮ ਦਾ ਜਾਪ ਕਰਦੇ ਹਨ, ਉਹ ਸਾਰੇ ਪਾਪਾਂ ਤੋਂ ਮੁਕਤ ਹੋ ਜਾਂਦੇ ਹਨ। ਉਨ੍ਹਾਂ ਦੇ ਜਨਮ-ਮਰਨ ਦਾ ਚੱਕਰ ਖ਼ਤਮ ਹੋ ਜਾਂਦਾ ਹੈ।

ਜੰਗਮ ਚਾਰ ਵਰਗਾਂ ਵਿਚ ਵੰਡੇ ਹੋਏ ਹਨ। ਮੂਲ, ਇਹ ਉਹ ਬ੍ਰਹਮਚਾਰੀ ਹੁੰਦੇ ਹਨ ਜੋ ਪ੍ਰਾਣਾਯਾਮ ਵਿਧੀ ਨਾਲ ਯੋਗ ਦਾ ਅਭਿਆਸ ਕਰਦੇ ਹਨ। ਲੰਗੋਚ, ਇਹ ਉਹ ਬ੍ਰਹਮਚਾਰੀ ਹੁੰਦੇ ਹਨ ਜੋ ਸ਼ਿਵ ਜੀ ਦੇ ਨਰਬਦੇਸ਼ਵਰ ਅਵਤਾਰ ਦੀ ਛੋਟੀ ਜਿਹੀ

ਮੂਰਤੀ ਨੂੰ ਇਕ ਤਵੀਤ ਦੇ ਰੂਪ ਵਿਚ ਗਲ ਦੁਆਲੇ ਪਹਿਨਦੇ ਹਨ। (ਇਹ ਜ਼ਿਆਦਾਤਰ ਦੱਖਣੀ ਭਾਰਤ ਵਿਚ ਹੁੰਦੇ ਹਨ।) ਸੈਲ, ਉਹ ਬ੍ਰਹਮਚਾਰੀ ਹੁੰਦੇ ਹਨ ਜੋ ਸੰਸਾਰੀ ਲੋਕਾਂ ਦੀ ਸੰਗਤ ਤੋਂ ਬਚ ਕੇ ਪਹਾੜੀਆਂ ਵਿਚ ਰਹਿੰਦੇ ਹਨ। ਚੌਥੇ ਹਨ ਦੀਰੂ, ਜੋ ਜ਼ਿਆਦਾਤਰ ਦੱਖਣ-ਪੂਰਬੀ ਪੰਜਾਬ ਵਿਚ ਰਹਿੰਦੇ ਹਨ। ਇਹ ਆਮ ਤੌਰ ’ਤੇ ਬ੍ਰਾਹਮਣ, ਜੱਟ, ਰਾਜਪੂਤ ਤੇ ਅਰੋੜਾ ਜਾਤੀਆਂ ਵਿਚੋਂ ਸੰਪਰਦਾਇ ਵਿਚ ਆਉਂਦੇ ਹਨ। ਸ਼ਿਵ ਕਥਾ ਦਾ ਗਾਇਣ ਇਕ ਵਿਸ਼ੇਸ਼ ਜਾਤੀ ਦੇ ਇਕੋ ਪਰਿਵਾਰ ਦੇ ਦੋ ਜਾਂ ਤਿੰਨ ਵਿਅਕਤੀ ਮਿਲ ਕੇ ਕਰਦੇ ਹਨ।

****



# ਹਿਮਾਚਲ ਦੇ ਉੱਦਮੀ ਲੋਕ

ਦੇਵ-ਭੂਮੀ ਹਿਮਾਚਲ ਪ੍ਰਦੇਸ਼ ਦੇ ਬਰਫ਼-ਲੱਦੇ ਪਹਾੜਾਂ ਤੋਂ ਲੈ ਕੇ ਅੰਮ੍ਰਿਤਸਰ ਦੇ ਤਪਦੇ ਮੈਦਾਨਾਂ ਤਕ ਹਿਮਾਚਲ ਪ੍ਰਦੇਸ਼ ਦੇ ਵਾਸੀਆਂ ਨੂੰ ਇਕ ਲੰਮਾ ਸਫ਼ਰ ਤੈਅ ਕਰਨਾ ਪਿਆ। ਖੁਸ਼ਹਾਲ ਜੀਵਨ ਦੀ ਭਾਲ ਉਨ੍ਹਾਂ ਨੂੰ ਕਾਂਗੜਾ, ਡਲਹੌਜ਼ੀ, ਚੰਬਾ ਅਤੇ ਹਮੀਰਪੁਰ ਦੀਆਂ ਸੁੰਦਰ ਵਾਦੀਆਂ ਛੱਡ ਕੇ ਅੰਮ੍ਰਿਤਸਰ ਦੇ ਪਵਿੱਤਰ ਸ਼ਹਿਰ ਵਿਚ ਲੈ ਆਈ। ਅੰਦਾਜ਼ਾ ਹੈ ਕਿ ਹਿਮਾਚਲੀਆਂ ਦੀ ਪਹਿਲੀ ਟੋਲੀ ਅੰਮ੍ਰਿਤਸਰ ਅਤੇ ਨਾਲ ਲਗਦੇ ਲਾਹੌਰ ਸ਼ਹਿਰ ਵਿਚ (ਜੋ ਹੁਣ ਲਹਿੰਦੇ ਪੰਜਾਬ ਦੀ ਰਾਜਧਾਨੀ ਹੈ) 1904 ਵਿਚ ਆਈ। 2004 ਦਾ ਸਾਲ, ਉਨ੍ਹਾਂ ਦੇ ਇੱਥੇ ਆ ਕੇ ਵਸਣ ਦੀ ਸ਼ਤਾਬਦੀ ਮਨਾਉਣ ਦਾ ਸਾਲ ਸੀ।

ਅੰਮ੍ਰਿਤਸਰ-ਬਟਾਲਾ ਸੜਕ ਤੇ ਕਾਂਗੜਾ ਕਾਲੋਨੀ ਵਿਚ ਰਹਿੰਦੇ ਹਿਮਾਚਲੀ ਸ਼ਾਇਦ ਕਾਂਗੜੇ ਦੀ ਸੁੰਦਰ ਵਾਦੀ ਦੇ ਚਾਹ-ਬਾਗਾਂ ਦੀ ਤਾਜ਼ੀ ਹਵਾ, ਧੌਲਾਧਾਰ ਪਹਾੜੀਆਂ ਦੀ ਸੁਫ਼ੈਦ ਸੁੰਦਰਤਾ ਅਤੇ ਚੀਲ ਦੇ ਜੰਗਲਾਂ ਦੀ ਨੱਕ ਦੀਆਂ ਨਸਾਂ ਨੂੰ ਛੇੜਦੀ ਮਹਿਕ ਨੂੰ ਯਾਦ ਕਰ ਕੇ ਕਦੀ ਉਦਾਸ ਹੋ ਜਾਂਦੇ ਹੋਣਗੇ, ਪਰ ਫੇਰ ਵੀ ਉਨ੍ਹਾਂ ਨੂੰ ਅੰਮ੍ਰਿਤਸਰ ਆ ਕੇ ਵਸਣ ਦੇ ਫੈਸਲੇ ਦਾ ਕਦੀ ਪਛਤਾਵਾ ਨਹੀਂ ਹੋਇਆ। ਇਨ੍ਹਾਂ ਹਿਮਾਚਲੀਆਂ ਨੇ ਆਪਣੇ-ਆਪ ਨੂੰ ਖੁਸ਼ਹਾਲ ਬਣਾਉਣ ਲਈ ਬੜੀ ਮਿਹਨਤ ਕੀਤੀ। ਜਦੋਂ ਉਹ ਇੱਥੇ ਆਏ ਸਨ, ਉਦੋਂ ਉਹ ਆਰਥਿਕ ਤੌਰ ’ਤੇ ਬਹੁਤੇ ਸੁਖੀ ਨਹੀਂ ਸਨ। ਗੁਰੂ ਨਗਰੀ ਵਿਚ ਪੱਕੇ ਤੌਰ ’ਤੇ ਵਸਣ ਦੇ ਬਾਵਜੂਦ ਦੇਵ-ਭੂਮੀ ਉਨ੍ਹਾਂ ਦੇ ਅੰਗ-ਸੰਗ ਰਹੀ। ਪਰ ਅੱਜ ਕੱਲ੍ਹ ਕਾਂਗੜਾ ਕਾਲੋਨੀ ਦੇ 70 ਪ੍ਰਤੀਸ਼ਤ ਮਹਿਲਾਂ ਵਰਗੇ ਮਕਾਨ ਇਨ੍ਹਾਂ ਹਿਮਾਚਲੀਆਂ ਦੇ ਹੀ ਹਨ।

ਕਾਂਗੜਾ ਕਾਲੋਨੀ ਨੂੰ ਆਬਾਦ ਕਰਨ ਵਾਲੇ ਮਰਹੂਮ ਪੰਡਤ ਬ੍ਰਹਮ ਦਾਸ ਹਮੀਰਪੁਰ ਦੇ ਰਹਿਣ ਵਾਲੇ ਸਨ। ਇਸ ਵਿਚ ਹੈਰਾਨ ਕਰਨ ਵਾਲੀ ਕੋਈ ਗੱਲ ਨਹੀਂ ਕਿ ਕਾਂਗੜਾ ਵਾਦੀ ਦੇ ਲੋਕ ਬੜੇ ਮਿਹਨਤੀ ਅਤੇ ਹੌਸਲੇ ਵਾਲੇ ਸੈਨਿਕ ਹਨ। ਉਹ ਜਿੱਥੇ ਵੀ ਗਏ ਹਨ, ਕਾਮਯਾਬੀ ਤੇ ਪ੍ਰਸਿੱਧੀ ਹਾਸਲ ਕੀਤੀ ਹੈ। ਉਹ ਪਹਾੜੀ ਸੱਭਿਆਚਾਰ ਦੀ ਸ਼ਾਨ ਤੇ ਸ਼ਾਂਤੀ ਮੈਦਾਨਾਂ ਵਿਚ ਲੈ ਕੇ ਆਏ ਹਨ ਅਤੇ ਮੈਦਾਨੀ ਜੀਵਨ ਵਿਚ ਇਕ ਨਵਾਂ ਰੰਗ ਜੋੜਿਆ ਹੈ।

ਹਿਮਾਚਲ ਸੁਧਾਰ ਸਭਾ ਦੇ ਪ੍ਰਧਾਨ ਸ੍ਰੀ ਕੇਵਲ ਕ੍ਰਿਸ਼ਨ ਸ਼ਰਮਾ ਜਦੋਂ ਹਿਮਾਚਲੀਆਂ ਦੀਆਂ ਪ੍ਰਾਪਤੀਆਂ ਅਤੇ ਯੋਗਦਾਨ ਦਾ ਵਰਨਣ ਕਰਦੇ ਹਨ ਤਾਂ ਉੱਚੀਆਂ ਹਵਾਵਾਂ ਵਿਚ ਉਡਦੇ ਨਜ਼ਰ ਆਉਂਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਅੰਮ੍ਰਿਤਸਰ ਦੇ ਪਾਰਲੀਮਾਨੀ ਹਲਕੇ ਵਿਚ, ਜਿਸ ਵਿਚ ਬਟਾਲਾ ਵੀ ਸ਼ਾਮਲ ਹੈ, ਹਿਮਾਚਲੀਆਂ ਦੀ ਗਿਣਤੀ ਢਾਈ-ਤਿੰਨ ਲੱਖ ਨਾਲੋਂ ਵੀ ਵਧ ਹੈ। ਇਸ ਵਿਚ ਲੋਕ ਸਭਾ ਹਲਕੇ ਦੇ ਤਕਰੀਬਨ 90000 ਵੋਟਰ ਵੀ ਸ਼ਾਮਲ ਹਨ।

ਹਿਮਾਚਲ ਸੁਧਾਰ ਸਭਾ ਦੇ ਸਰਪ੍ਰਸਤ ਸ੍ਰੀ ਭੰਡਾਰੀ ਲਾਲ ਸ਼ਰਮਾ ਕਹਿੰਦੇ ਹਨ ਕਿ ਅੰਮ੍ਰਿਤਸਰ ਦੀ ਉੱਤਰੀ ਸੀਟ ਕੋਈ ਪਾਰਟੀ ਵੀ ਹਿਮਾਚਲੀਆਂ ਦੀ ਮਦਦ ਬਿਨਾਂ ਨਹੀਂ ਜਿੱਤ ਸਕਦੀ। ਇਸ ਹਲਕੇ ਵਿਚ ਹਿਮਾਚਲੀਆਂ ਦੀ ਗਿਣਤੀ ਘੱਟੋ-ਘੱਟ 45000 ਹੈ। ਉਹ ਕਹਿੰਦੇ ਹਨ ਕਿ ਅੰਮ੍ਰਿਤਸਰ ਵਿਚ ਹਿਮਾਚਲੀ ਹੁਣ ਪੱਕੇ ਤੌਰ 'ਤੇ ਆਬਾਦ ਤੇ ਚੰਗੇ ਗੁਜ਼ਾਰੇ ਵਾਲੇ ਹਨ। ਉਹ ਆਉਂਦੀਆਂ ਚੋਣਾਂ ਵਿਚ ਲੋਕ ਸਭਾ ਤੇ ਵਿਧਾਨ ਸਭਾ ਲਈ ਆਪਣੇ ਉਮੀਦਵਾਰ ਖੜ੍ਹੇ ਕਰ ਸਕਦੇ ਹਨ। ਸਿਆਸੀ ਨਿਰੀਖਕਾਂ ਦਾ ਕਹਿਣਾ ਹੈ ਕਿ ਇਹ ਸਥਿਤੀ ਅਕਾਲੀਆਂ ਲਈ ਚਿੰਤਾ ਦਾ ਵਿਸ਼ਾ ਹੋ ਸਕਦੀ ਹੈ, ਜਿਨ੍ਹਾਂ ਨੇ ਪੰਜਾਬੀ ਸੂਬਾ ਇਸ ਲਈ ਬਣਾਇਆ ਸੀ ਕਿ ਉਹ ਇੱਥੇ ਹਮੇਸ਼ਾ ਰਾਜ-ਸੱਤਾ 'ਤੇ ਕਾਬਜ਼ ਰਹਿ ਸਕਣ।

ਜੇਕਰ ਅੰਮ੍ਰਿਤਸਰ ਅੱਜ ਤਰ੍ਹਾਂ-ਤਰ੍ਹਾਂ ਦੇ ਸੁਆਦੀ ਖਾਣਿਆਂ ਅਤੇ ਢਾਬਿਆਂ ਲਈ ਮਸ਼ਹੂਰ ਹੈ, ਤਾਂ ਇਸ ਕਾਰੋਬਾਰ ਨੂੰ ਪ੍ਰਫੁੱਲਿਤ ਕਰਨ ਵਿਚ ਹਿਮਾਚਲੀਆਂ ਦਾ ਬਹੁਤ ਵੱਡਾ ਹਿਸਾ ਹੈ। ਕੁਲਚੇ-ਛੋਲਿਆਂ ਦੀਆਂ ਦੁਕਾਨਾਂ, ਜਿਨ੍ਹਾਂ ਦੀ ਅੱਜ ਦੇਸ਼ ਦੇ ਹੋਰ ਹਿੱਸਿਆ ਵਿਚ ਵੀ ਘਰ ਘਰ ਚਰਚਾ ਹੈ, ਹਿਮਾਚਲੀਆਂ ਦੀਆਂ ਹੀ ਹਨ।

ਅਨੰਤ ਰਾਮ ਕੁਲਚਿਆਂ ਵਾਲਾ ਊਨੇ ਦਾ ਰਹਿਣ ਵਾਲਾ ਹੈ। ਉਹ 1915 ਵਿਚ ਅੰਮ੍ਰਿਤਸਰ ਆਇਆ ਅਤੇ ਕੁਲਚੇ-ਛੋਲੇ ਵੇਚਣੇ ਸ਼ੁਰੂ ਕਰ ਦਿੱਤੇ। ਹੁਣ ਉਸ ਦੀਆਂ ਕਈ ਦੁਕਾਨਾਂ ਹਨ। ਅਮੀਰ ਲਾਰੰਸ ਰੋਡ ਅਤੇ ਛੱਤੀ ਖੂਹੀ ਵਿਚ ਵੀ ਉਸ ਦੇ ਹੀ ਕੁਲਚੇ-ਛੋਲੇ ਵਿਕਦੇ ਹਨ।

ਇਨ੍ਹਾਂ ਦੁਕਾਨਾਂ ਉਤੇ ਕਦੀ ਡਾ. ਮਨਮੋਹਨ ਸਿੰਘ ਵੀ ਜਾਇਆ ਕਰਦੇ ਸਨ, ਜਿਹੜੇ ਹੁਣ ਪ੍ਰਧਾਨ ਮੰਤਰੀ ਹਨ। ਜੇਕਰ ਅਨੰਤ ਰਾਮ ਕੁਲਚਿਆਂ ਵਾਲੇ ਨੂੰ ਅੰਮ੍ਰਿਤਸਰ ਨੇ ਅਮੀਰ ਬਣਾ ਦਿੱਤਾ ਹੈ ਤਾਂ ਅੰਮ੍ਰਿਤਸਰੀ ਕੁਲਚੇ-ਛੋਲੇ ਅਤੇ ਬੰਦ-ਚਣੇ ਵੀ ਭਾਰਤੀ ਖਾਣਿਆਂ ਦਾ ਇਕ ਹਿੱਸਾ ਬਣ ਗਏ ਹਨ।

ਇਸ ਗੱਲ ਦਾ ਬਹੁਤੇ ਲੋਕਾਂ ਨੂੰ ਪਤਾ ਨਹੀਂ ਕਿ ਪੰਡਤ ਊਦੋ ਰਾਮ ਸ਼ਰਮਾ, ਜੋ ਮਸ਼ਹੂਰ ਕ੍ਰਿਕਟ ਖਿਡਾਰੀ ਮਦਨ ਲਾਲ ਦੇ ਪਿਤਾ ਹਨ, ਉਹ ਜ਼ਿਲ੍ਹਾ ਹਮੀਰਪੁਰ ਨਾਲ ਸਬੰਧ ਰੱਖਦੇ ਹਨ। ਉਹ 1928 ਵਿਚ ਅੰਮ੍ਰਿਤਸਰ ਆਏ। ਭੀੜ-ਭੜੱਕੇ ਵਾਲੀ ਲਾਰੰਸ ਰੋਡ ਉਤੇ ਉਨ੍ਹਾਂ ਦੀ ਹਲਵਾਈ ਦੀ ਬਹੁਤ ਵੱਡੀ ਦੁਕਾਨ ਅਜੇ ਵੀ ਚਲਦੀ ਹੈ। ਉਹ ਕਹਿੰਦੇ ਹਨ ਕਿ ਮੈਨੂੰ ਇਸ ਗੱਲ ਉਤੇ ਮਾਣ ਹੈ ਕਿ ਮੇਰਾ ਪੁੱਤਰ ਅੰਮ੍ਰਿਤਸਰ ਵਿਚ ਪੈਦਾ ਹੋਇਆ ਹੈ।

ਬੜੀ ਦਿਲਚਸਪ ਗੱਲ ਹੈ ਕਿ ਅੰਮ੍ਰਿਤਸਰ ਵਿਚ ਸਮਾਗਮਾਂ ਵਿਚ ਖਾਣੇ ਦਾ ਪ੍ਰਬੰਧ ਕਰਨ ਵਾਲੇ ਜਿੰਨੇ ਵੀ ਸਫ਼ਲ ਤੇ ਮਸ਼ਹੂਰ ਹਲਵਾਈ ਹਨ, ਉਹ ਸਾਰੇ ਹਿਮਾਚਲੀ ਹਨ। ਜਿਨ੍ਹਾਂ ਨੂੰ ਅੰਮ੍ਰਿਤਸਰ ਦੀ ਚੰਗੀ ਜਾਣਕਾਰੀ ਹੈ, ਉਨ੍ਹਾਂ ਨੇ ਕਟੜਾ ਆਹਲੂਵਾਲੀਆਂ ਦੀਆਂ ਜਲੇਬੀਆਂ ਦਾ ਸੁਆਦ ਜ਼ਰੂਰ ਚਖਿਆ ਹੋਵੇਗਾ। ਦੋ ਭਰਾਵਾਂ ਦੀਨਾ ਨਾਥ ਤੇ ਗੁਰਦਾਸ ਰਾਮ ਨੇ, ਜਦੋਂ ਉਹ 11 ਜਾਂ 13 ਸਾਲ ਦੇ ਸਨ, ਅੱਜ ਤੋਂ 58 ਸਾਲ ਪਹਿਲਾਂ ਅੰਮ੍ਰਿਤਸਰ ਵਿਚ ਜਲੇਬੀਆਂ ਵੇਚਣੀਆਂ ਸ਼ੁਰੂ ਕੀਤੀਆਂ ਸਨ। ਮਸ਼ਹੂਰ ਮੁਨੀਮ ਸਵੀਟਸ ਵਾਲੇ ਬੇਲੀ ਰਾਮ ਮੁਨੀਮ ਵੀ ਪਹਾੜੀ ਪ੍ਰਦੇਸ਼ ਦੇ ਰਹਿਣ ਵਾਲੇ ਹੀ ਹਨ। ਮਰਹੂਮ ਕ੍ਰਿਸ਼ਨ ਲਾਲ ਕਾਲੀਆ ਦਾ ਪਰਿਵਾਰ ਜਿਨ੍ਹਾਂ ਨੇ ਅੰਮ੍ਰਿਤਸਰ ਵਿਚ ਕਿਸ਼ਨਾ ਬੇਕਰੀ ਸ਼ੁਰੂ ਕੀਤੀ, ਉਹ ਵੀ ਹਿਮਾਚਲ ਪ੍ਰਦੇਸ਼ ਦੇ ਹੀ ਹਨ। ਹਮੀਰਪੁਰ ਤੋਂ ਆਏ ਪ੍ਰੇਮ ਨਾਥ ਹਲਵਾਈ ਦੀ ਅੰਮ੍ਰਿਤਸਰ ਵਿਚ ਬਹੁਤ ਮੰਗ ਹੈ।

ਸ੍ਰੀ ਭੰਡਾਰੀ ਲਾਲ ਸ਼ਰਮਾ ਇਸ ਲੇਖਕ ਨੂੰ ਅੰਦਰੂਨੀ ਸ਼ਹਿਰ ਦੇ ਇਕ ਟੁੱਟੇ-ਢੁੱਟੇ ਜਿਹੇ ਡੇਰੇ (ਗਜਾ ਨੰਦ) ਵਿਚ ਲੈ ਗਏ। ਜਿੱਥੇ ਸਬਜ਼ ਬਾਗਾਂ ਦੀ ਭਾਲ ਵਿਚ ਹਿਮਾਚਲ ਪ੍ਰਦੇਸ਼ ਤੋਂ ਨਵੇਂ ਆਏ ਪਹਾੜੀਏ ਰਹਿੰਦੇ ਹਨ। ਸ੍ਰੀ ਸ਼ਰਮਾ, ਮਸ਼ਹੂਰ ਅਨੰਤ ਰਾਮ ਕੁਲਚਿਆਂ ਵਾਲੇ ਦੇ ਪੁੱਤਰ ਹਨ। ਉਹ ਅੱਜ ਕੱਲ੍ਹ ਸ਼ਹਿਰ ਦੇ ਇਕ ਵੱਡੇ ਸੰਗਮਰਮਰ ਵਪਾਰੀ ਅਤੇ ਜਾਇਦਾਦਾਂ ਖਰੀਦਣ-ਵੇਚਣ ਦੇ ਕਾਰੋਬਾਰੀ (ਪ੍ਰਾਪਰਟੀ ਡੀਲਰ) ਹਨ। ਉਹ ਇਸ ਗੱਲ 'ਤੇ ਮਾਣ ਕਰਦੇ ਹਨ ਕਿ ਉਨ੍ਹਾਂ ਦਾ ਜਨਮ ਤੇ ਪਾਲਨ-ਪੋਸਣ ਇਸ ਡੇਰੇ ਵਿਚ ਹੋਇਆ। ਅੱਜ ਕੱਲ੍ਹ ਇਹ ਪਰਿਵਾਰ ਕਰੋੜਾਂ ਦੀ ਜਾਇਦਾਦ ਦਾ ਮਾਲਕ ਹੈ।

ਹਕੀਕਤ ਇਹ ਹੈ ਕਿ ਅੰਮ੍ਰਿਤਸਰ ਵਿਚ ਬੇਸਰੋ-ਸਾਮਾਨ ਆਏ ਹਿਮਾਚਲੀਆਂ ਦੇ ਬੱਚੇ ਅੱਜਕੱਲ੍ਹ ਡਾਕਟਰ, ਇੰਜੀਨੀਅਰ ਹੋਣ ਤੋਂ ਇਲਾਵਾ ਕਈ ਵੱਡੀਆਂ ਫੈਕਟਰੀਆਂ ਦੇ ਮਾਲਕ ਹਨ। ਸ੍ਰੀ ਸ਼ਰਮਾ ਨੇ ਦੱਸਿਆ ਕਿ ਸ਼ਹਿਰ ਦੇ ਇਕ ਮੈਡੀਕਲ ਕਾਲਜ ਦੇ ਸਾਬਕ ਪ੍ਰਿੰਸੀਪਲ ਵੀ ਹਿਮਾਚਲੀ ਹੀ ਸਨ।

ਹਿਮਚਾਲੀਆਂ ਨੇ ਅੰਮ੍ਰਿਤਸਰ ਵਿਚ ਅਖ਼ਬਾਰਾਂ ਦੇ ਕਾਰੋਬਾਰ ਉਤੇ ਵੀ ਕਬਜ਼ਾ ਕਰ ਲਿਆ ਹੈ। ਸ੍ਰੀ ਬੇਲੀ ਰਾਮ ਜਿਨ੍ਹਾਂ ਨੇ 1946 ਵਿਚ ਘਰ-ਘਰ ਅਖ਼ਬਾਰਾਂ ਵੰਡਣ ਦਾ ਕੰਮ ਸ਼ੁਰੂ ਕੀਤਾ ਸੀ, ਹੁਣ 450 ਹਾਕਰ ਉਸ ਦੀ ਨੌਕਰੀ ਕਰਦੇ ਹਨ। ਬੇਲੀ ਰਾਮ ਦੇ ਦੋਵੇਂ ਪੁੱਤਰ ਵਿਜੇ ਅਤੇ ਪਰਦੀਪ ਕਹਿੰਦੇ ਹਨ ਕਿ ਉਨ੍ਹਾਂ ਨੇ ਮੁੰਬਈ, ਨਵੀਂ ਦਿੱਲੀ ਕੋਲਕਾਤਾ ਅਤੇ ਚੇਨੱਈ ਸਮੇਤ ਦੇਸ਼ ਦੇ ਵੱਡੇ-ਵੱਡੇ ਸ਼ਹਿਰਾਂ ਵਿਚੋਂ ਛਪਦੇ ਅਖ਼ਬਾਰਾਂ ਅਤੇ ਰਸਾਲਿਆਂ ਦੀਆਂ ਏਜੰਸੀਆਂ ਲਈਆਂ ਹੋਈਆਂ ਹਨ।

ਹਿਮਾਚਲੀਆਂ ਦੀ ਇਹ ਖ਼ੂਬੀ ਹੈ ਕਿ ਅੰਮ੍ਰਿਤਸਰ ਵਿਚ ਚੰਗੇ ਕਾਰੋਬਾਰਾਂ ਦੇ ਮਾਲਕ ਹੋਣ ਦੇ ਬਾਵਜੂਦ ਉਹ ਆਪਣੀਆਂ ਜੜ੍ਹਾਂ ਨੂੰ ਨਹੀਂ ਭੁੱਲੇ। ਕਈ ਹਿਮਾਚਲ ਵਾਸੀ ਚੰਗਾ ਪੈਸਾ ਕਮਾ ਕੇ ਆਪਣੇ ਪ੍ਰਦੇਸ਼ ਨੂੰ ਪਰਤ ਗਏ ਹਨ; ਖ਼ਾਸ ਕਰ ਕੇ ਖਾੜਕੂਵਾਦ ਦੇ ਦਿਨਾਂ ਵਿਚ। ਜਿਹੜੇ ਅੰਮ੍ਰਿਤਸਰ ਵਿਚ ਪੱਕੇ ਤੌਰ 'ਤੇ ਵਸ ਗਏ, ਉਹ ਆਪਣੇ ਬੱਚਿਆਂ ਨੂੰ ਹਿਮਾਚਲ ਪ੍ਰਦੇਸ਼ ਵਿਚ ਵਿਆਹੁਣ ਨੂੰ ਤਰਜੀਹ ਦਿੰਦੇ ਹਨ ਭਾਵੇਂ ਉਹ ਠੇਠ ਪੰਜਾਬੀ ਬੋਲਦੇ ਹਨ, ਪਰ ਜਦੋਂ ਉਹ ਆਪਸ ਵਿਚ ਗੱਲਾਂ ਕਰਦੇ ਹਨ ਤਾਂ ਆਪਣੀ ਪਹਾੜੀ ਬੋਲੀ ਵਿਚ ਹੀ ਬੋਲਦੇ ਹਨ।

ਉਨ੍ਹਾਂ ਦੇ ਰੀਤੀ-ਰਿਵਾਜ ਅਤੇ ਸੱਭਿਆਚਾਰ ਉਨ੍ਹਾਂ ਦੇ ਵਿਆਹ-ਸ਼ਾਦੀਆਂ ਦੇ ਮੌਕੇ 'ਤੇ ਦੇਖੇ ਜਾ ਸਕਦੇ ਹਨ। ਵਿਆਹ-ਸ਼ਾਦੀ ਦੇ ਮੌਕੇ ਕੁੜੀਆਂ-ਚਿੜੀਆਂ ਪਹਾੜੀ ਲੋਕ-ਗੀਤ ਗਾਉਂਦੀਆਂ ਹਨ ਅਤੇ ਅਜਿਹੇ ਸਗਨਾਂ-ਭਰੇ ਮੌਕਿਆਂ 'ਤੇ ਲਾੜਾ ਤੇ ਵਹੁਟੀ ਆਪਣੇ ਰਵਾਇਤੀ ਲਿਬਾਸ ਤੇ ਗਹਿਣੇ ਪਹਿਨਦੇ ਹਨ।

ਹਿਮਾਚਲ ਸੁਧਾਰ ਸਭਾ ਸਮਾਜ ਸੇਵਾ ਦੇ ਕੰਮ ਕਰਨ ਵਿਚ ਵੀ ਪਿੱਛੇ ਨਹੀਂ ਹੈ। ਸਭਾ ਨੇ ਕੁਝ ਸਿਲਾਈ ਸੈਂਟਰ ਖੋਲ੍ਹੇ ਹੋਏ ਹਨ, ਜੋ ਟੰਡਨ ਨਗਰ ਅਤੇ ਇੰਦਰਾ ਕਾਲੋਨੀ ਵਿਚ ਲੋੜਵੰਦ ਇਸਤਰੀਆਂ ਨੂੰ ਸਿਲਾਈ ਦੀ ਮੁਫ਼ਤ ਸਿੱਖਿਆ ਦਿੰਦੇ ਹਨ। ਹਿਮਾਚਲ ਸੁਧਾਰ ਸਭਾ ਵਿਧਵਾ ਬੀਬੀਆਂ ਦੀਆਂ ਧੀਆਂ ਦੇ ਵਿਆਹ ਕਰਾਉਂਦੀ ਹੈ ਅਤੇ ਲੋੜਵੰਦਾਂ ਨੂੰ ਮੁਫ਼ਤ ਵਿੱਦਿਆ ਦੁਆਉਣ ਦਾ ਪ੍ਰਬੰਧ ਕਰਦੀ ਹੈ।

ਨਿਰੀਖਕਾਂ ਦਾ ਕਹਿਣਾ ਹੈ ਕਿ ਹਿਮਾਚਲੀ ਇਸ ਗੱਲ ਉਤੇ ਮਾਣ ਕਰ ਸਕਦੇ ਹਨ ਕਿ ਉਹ ਬਹੁਤ ਹੀ ਅਮਨ-ਪਸੰਦ ਨਾਗਰਿਕ ਹਨ। ਉਹ ਸ਼ਾਇਦ ਹੀ ਕੋਈ ਜੁਰਮ ਕਰਦੇ ਹੋਣ। ਇਹ ਗੱਲ ਜੁਰਮ ਕਰਨ ਵਾਲਿਆਂ ਦੇ ਅੰਕੜਿਆਂ ਤੋਂ ਸਾਬਤ ਹੁੰਦੀ ਹੈ।

## ਝਗੜਿਆਂ ਦਾ ਫ਼ੈਸਲਾ ਪੰਚਾਇਤ ਕਰਦੀ ਹੈ

ਹਿਮਾਚਲ ਵਾਸੀਆਂ ਨੇ ਪਰਿਵਾਰਕ ਝਗੜੇ ਨਿਬੇੜਨ ਲਈ ਇਕ ਅਨੋਖਾ ਢੰਗ ਸ਼ਹਿਰ ਵਿਚ ਲਿਆਂਦਾ ਹੈ। ਉਨ੍ਹਾਂ ਨੇ ਆਪਣੇ ਕਈ ਝਗੜੇ ਪੁਰਾਣੇ ਪੰਚਾਇਤੀ ਢੰਗ ਨਾਲ ਨਿਬੇੜੇ ਹਨ। ਕਈ ਵਾਰੀ ਅਜਿਹੇ ਝਗੜਿਆਂ ਨੂੰ ਨਿਬੇੜਨ ਲਈ ਹਿਮਾਚਲ ਵਿਚ ਚੁਣੇ ਗਏ ਸਰਪੰਚਾਂ ਨੂੰ ਵੀ ਬੁਲਾਇਆ ਜਾਂਦਾ ਹੈ। ਇਸ ਪਰੰਪਰਾ ਨੇ ਕਈ ਪਰਿਵਾਰਾਂ ਨੂੰ ਟੁੱਟਣ ਤੋਂ ਬਚਾਇਆ ਹੈ। ਇਸ ਪਰੰਪਰਾ ਕਾਰਨ ਹਿਮਾਚਲੀਆਂ ਦਾ ਬਹੁਤ ਸਾਰਾ ਪੈਸਾ ਬਚ ਗਿਆ ਹੈ ਜਿਹੜਾ ਅਦਾਲਤਾਂ ਵਿਚ ਬਰਬਾਦ ਹੋ ਸਕਦਾ ਸੀ।

## ਅੰਮ੍ਰਿਤਸਰ ਦਾ ਹਿਮਾਚਲੀ ਵਰਲਡ ਕੱਪ ਹੀਰੋ

ਮਦਨ ਲਾਲ ਨੂੰ ਪਿਆਰ ਨਾਲ ਮੱਦੀ ਭਾਅ ਕਹਿੰਦੇ ਹਨ। ਉਸ ਨੇ ਆਪਣੇ ਖੇਡ ਜੀਵਨ ਵਿਚ 10204 ਦੌੜਾਂ, 22 ਸੈਂਕੜੇ ਅਤੇ 50 ਅਰਧ-ਸੈਂਕੜੇ ਬਣਾਏ। ਉਸ ਦਾ ਟਾਪ ਸਕੋਰ 223 ਸੀ। ਉਹ ਕਾਬਲ-ਇ-ਫ਼ਖ਼ਰ ਹਿਮਾਚਲੀ ਹੈ, ਜਿਸ ਦਾ ਜਨਮ ਅੰਮ੍ਰਿਤਸਰ ਵਿਚ ਹੋਇਆ ਸੀ। ਮਦਨ ਲਾਲ 1983 ਦੀ ਮਸ਼ਹੂਰ ਵਰਲਡ ਕੱਪ ਜਿੱਤਣ ਵਾਲੀ ਟੀਮ ਦਾ ਮੈਂਬਰ ਸੀ। 1976 ਵਿਚ ਉਸ ਨੂੰ 'ਕ੍ਰਿਕਟਰ ਆਫ਼ ਦੀ ਯੀਅਰ' ਦਾ ਖ਼ਿਤਾਬ ਵੀ ਮਿਲਿਆ ਸੀ।

ਉਹ ਕਈ ਸਾਲ ਦੇਸ ਦੇ ਮੁੱਖ ਕ੍ਰਿਕਟ ਖਿਡਾਰੀਆਂ ਵਿਚ ਸ਼ਾਮਲ ਰਿਹਾ। ਉਸ ਨੇ ਆਪਣੀ ਦਲੇਰ ਮਿਡਲ-ਆਰਡਰ ਬੈਟਿੰਗ ਅਤੇ ਫੁਰਤੀਲੀ ਮੀਡੀਅਮ-ਪੇਸ ਬਾਉਲਿੰਗ ਨਾਲ ਟੀਮ ਵਿਚ ਆਪਣੀ ਉਪਯੋਗਤਾ ਸਿੱਧ ਕੀਤੀ। ਉਸ ਨੇ 1981 ਵਿਚ ਮੁੰਬਈ ਵਿਖੇ ਆਪਣੀ ਵਧੀਆ ਬਾਉਲਿੰਗ ਨਾਲ ਇੰਗਲੈਂਡ ਵਿਰੁੱਧ ਭਾਰਤ ਨੂੰ ਜਿੱਤ ਦੁਆਈ। 1983 ਵਿਚ ਬੰਗਲੌਰ ਵਿਖੇ ਉਸ ਨੇ ਪਾਕਿਸਤਾਨ ਵਿਰੁੱਧ 94 ਦੌੜਾਂ ਬਣਾ ਕੇ ਭਾਰਤ ਨੂੰ ਜਿੱਤਣ ਵਿਚ ਮਦਦ ਕੀਤੀ।

ਉਹ 1983 ਦੇ ਵਰਲਡ ਕੱਪ ਹੀਰੋਆਂ ਵਿਚੋਂ ਇਕ ਸੀ। ਉਸ ਨੇ ਫੁਰਤੀ ਨਾਲ ਤਿੰਨ ਵਿਕਟਾਂ ਲੈ ਕੇ ਆਪਣੀ ਸ਼ੁਹਰਤ ਵਿਚ ਵਾਧਾ ਕੀਤਾ ਜਿਸ ਕਾਰਨ ਫਾਈਨਲ



ਵਿਚ ਵੈਸਟ ਇੰਡੀਜ਼ ਨੂੰ ਲੱਕ-ਤੋੜਵੀ ਹਾਰ ਹੋਈ।

ਦੇਸ਼ ਦੇ ਅੰਦਰ ਵੀ ਉਸ ਨੂੰ ਧੜਾਧੜ ਦੌੜਾਂ ਬਣਾਉਣ ਵਾਲਾ ਅਤੇ ਲਗਾਤਾਰ ਵਿਕਟਾਂ ਲੈਣ ਵਾਲਾ ਖਿਡਾਰੀ ਮੰਨਿਆ ਜਾਂਦਾ ਹੈ। ਉਸ ਨੇ ਕਈ ਵਾਰੀ ਕੁਝ ਤੇਜ਼ ਵਿਕਟਾਂ ਲੈ ਕੇ ਦੇਸ਼ ਦੀ ਟੀਮ ਨੂੰ ਹਾਰਨ ਤੋਂ ਬਚਾਇਆ ਹੈ। ਰੰਜੀ ਟਰਾਫ਼ੀ ਵਿਚ ਉਸ ਦਾ ਸਰਬ-ਪੱਖੀ ਰਿਕਾਰਡ 5270 ਦੌੜਾਂ ਅਤੇ 351 ਵਿਕਟਾਂ-ਕੌਮੀ ਮੁਕਾਬਲਿਆਂ ਵਿਚ ਸਭ ਤੋਂ ਵਧੀਆ ਰਿਕਾਰਡਾਂ ਵਿਚੋਂ ਇਕ ਹੈ। ਕ੍ਰਿਕਟ ਤੋਂ ਰਿਟਾਇਰ ਹੋਣ ਪਿੱਛੋਂ ਅਤੇ 1996-98 ਵਿਚ 'ਇੰਡੀਆ ਸੀਨੀਅਰਜ਼ ਕੋਚ' ਨਿਯੁਕਤ ਹੋਣ ਤੋਂ ਪਹਿਲਾਂ ਉਸ ਨੇ ਕੁਝ ਚਿਰ ਯੂ.ਏ.ਈ. ਦੀ ਟੀਮ ਵਿਚ ਕੰਮ ਕੀਤਾ।

****

# ਪਾਵਨ ਨਗਰੀ ਦੇ ਜੈਨ ਵਸਨੀਕ

ਮਹਾਰਾਸ਼ਟਰ, ਰਾਜਸਥਾਨ ਅਤੇ ਗੁਜਰਾਤ ਵਿਚ ਵੱਡੀ ਗਿਣਤੀ ਵਿਚ ਜੈਨੀ ਆਬਾਦ ਹਨ। ਕਰਨਾਟਕ ਤੇ ਮੱਧ ਪ੍ਰਦੇਸ਼ ਵਿਚ ਵੀ ਜੈਨੀਆਂ ਦੀ ਚੰਗੀ ਆਬਾਦੀ ਹੈ। ਪੰਜਾਬ ਵਿਚ ਵੀ ਜੈਨੀਆਂ ਦੇ ਕਈ ਮੰਦਰ ਹਨ ਜੋ ਉਨ੍ਹਾਂ ਤੀਰਥੰਕਰਾਂ (ਜੈਨ ਧਰਮ ਦੇ ਪ੍ਰਚਾਰਕਾਂ) ਦੀ ਗਵਾਹੀ ਦਿੰਦੇ ਹਨ, ਜਿਨ੍ਹਾਂ ਨੇ ਇਸ ਖੇਤਰ ਵਿਚ ਸ਼ਾਂਤੀ, ਅਹਿੰਸਾ, ਪ੍ਰੇਮ ਅਤੇ ਗਿਆਨ ਦੇ ਸੰਦੇਸ਼ ਦਾ ਪ੍ਰਚਾਰ ਕੀਤਾ। ਬਹੁਤ ਸਾਰੇ ਘੁਮੱਕੜ ਅਤੇ ਯਾਤਰੀ ਅੰਮ੍ਰਿਤਸਰ ਵਿਚ ਜੈਨ ਮੰਦਰਾਂ ਨੂੰ ਦੇਖਣ ਆਉਂਦੇ ਹਨ। ਗੁਰੂ ਗ੍ਰੰਥ ਸਾਹਿਬ ਅਤੇ ਹੋਰ ਸਿੱਖ ਗ੍ਰੰਥਾਂ ਵਿਚ ਕਈ ਥਾਂ ਜੈਨ ਸੰਤਾਂ ਦਾ ਜ਼ਿਕਰ ਆਉਂਦਾ ਹੈ।

ਪੰਜਾਬ ਵਿਚ, ਖ਼ਾਸ ਤੌਰ 'ਤੇ ਲੁਧਿਆਣਾ ਅਤੇ ਪਟਿਆਲਾ ਵਿਚ ਵੱਡੀ ਗਿਣਤੀ ਵਿਚ ਜੈਨੀ ਰਹਿੰਦੇ ਹਨ। 400 ਤੋਂ ਵੀ ਵੱਧ ਜੈਨ ਪਰਿਵਾਰ ਅੰਮ੍ਰਿਤਸਰ ਵਿਚ ਰਹਿੰਦੇ ਹਨ। ਦੇਸ਼-ਵੰਡ ਤੋਂ ਪਹਿਲਾਂ ਅੰਮ੍ਰਿਤਸਰ ਜੈਨੀਆਂ ਦਾ ਵੱਡਾ ਕੇਂਦਰ ਸੀ। 1947 ਤੋਂ ਬਾਅਦ ਕਈ ਜੈਨੀ ਅੰਮ੍ਰਿਤਸਰ ਤੋਂ ਚਲੇ ਗਏ ਹਨ। ਖਾੜਕੂਵਾਦ ਦੇ ਦਿਨਾਂ ਵਿਚ ਵੀ ਕਈ ਜੈਨੀ ਪਰਿਵਾਰ ਹਰਿਆਣਾ, ਨਵੀਂ ਦਿੱਲੀ ਅਤੇ ਹੋਰ ਸਨਅਤੀ ਸ਼ਹਿਰਾਂ ਵਿਚ ਜਾ ਕੇ ਵਸ ਗਏ ਹਨ।

ਅੰਮ੍ਰਿਤਸਰ ਦੇ ਕਈ ਜੈਨੀ, ਸ਼ਹਿਰ ਦੇ ਵੱਡੇ ਸਨਅਤਕਾਰਾਂ ਅਤੇ ਸਿਆਸੀ ਲੀਡਰਾਂ ਵਿਚ ਗਿਣੇ ਜਾਂਦੇ ਹਨ। ਊਨੀ ਕਪੜੇ ਦੇ ਕਾਰਖਾਨਿਆਂ, ਗਹਿਣਿਆਂ ਅਤੇ ਦੁਆਈਆਂ ਦੇ ਕਾਰੋਬਾਰ ਵਿਚ ਉਨ੍ਹਾਂ ਦੀ ਸਰਦਾਰੀ ਹੈ। ਉਨ੍ਹਾਂ ਨੇ ਬੱਚਿਆਂ ਲਈ ਕਈ ਸਕੂਲ ਅਤੇ ਰੋਗੀਆਂ ਲਈ ਕਈ ਆਸ਼ਰਮ ਖੋਲ੍ਹ ਰੱਖੇ ਹਨ।

## ਧਾਰਮਕ ਨਿਸ਼ਾਨੀਆਂ ਅਤੇ ਮੰਦਰ

ਖੇਮਕਰਨ ਦੇ ਨੇੜੇ ਇਕ ਸਰਹੱਦੀ ਪਿੰਡ ਵਿਚ ਗੁਰਦੁਆਰਾ ਵਸਾਵਾ ਸਿੰਘ ਦੇ ਪੁਰਾਤਨ ਸਰੋਵਰ ਵਿਚੋਂ ਅਚਾਨਕ ਲੱਭੀਆਂ ਭਗਵਾਨ ਮਹਾਂਵੀਰ ਦੀਆਂ ਦੋ ਮੂਰਤੀਆਂ ਬਿਨਾਂ ਸ਼ੱਕ ਇਹ ਸਿੱਧ ਕਰਦੀਆਂ ਹਨ ਕਿ ਕਈ ਸਦੀਆਂ ਪਹਿਲਾਂ ਇਸ ਇਲਾਕੇ ਵਿਚ ਬੁੱਧ ਧਰਮ ਅਤੇ ਜੈਨ ਧਰਮ ਦਾ ਚੰਗਾ ਪ੍ਰਭਾਵ ਸੀ। ਇੱਕ ਮੂਰਤੀ ਸਬੰਧਿਤ ਵਿਅਕਤੀਆਂ ਦੀ ਲਾਪ੍ਰਵਾਹੀ ਕਾਰਨ ਗੁੰਮ ਹੋ ਗਈ ਹੈ ਅਤੇ ਦੂਜੀ ਗੁਰਦੁਆਰਾ ਸਾਹਿਬ ਦੇ ਬਾਹਰ ਇਕ ਦਰੱਖਤ ਹੇਠਾਂ ਸਥਾਪਿਤ ਹੈ।

ਜੈਨ ਧਰਮ ਦਾ ਤੱਤਸਾਰ ਕਈ ਮੰਦਰਾਂ ਅਤੇ ਚਿਤਰਤ ਹੱਥ-ਲਿਖਤ ਗ੍ਰੰਥਾਂ ਵਿਚ ਪ੍ਰਮੁੱਖ ਨਜ਼ਰ ਆਉਂਦਾ ਹੈ, ਜੋ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਇਕ ਜੈਨ ਮੰਦਰ ਵਿਚ ਸੰਭਾਲ ਕੇ ਰੱਖੇ ਹੋਏ ਹਨ।

ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਸ਼ਾਨਦਾਰ ਸ੍ਰੀ ਪਰਸਵ ਨਾਥ ਦਿਗੰਬਰ ਜੈਨ ਮੰਦਰ, ਜੈਨ ਧਰਮ ਦੇ 23ਵੇਂ ਤੀਰਥੰਕਰ ਸ੍ਰੀ ਪਰਸਵ ਨਾਥ ਨੂੰ ਸਮਰਪਿਤ ਹੈ।



ਸ਼ਵੇਤਾਂਬਰ ਸਥਾਨਕ ਵਾਸੀ ਜੈਨ ਸਭਾ ਦੇ ਸਾਬਕ ਸਕੱਤਰ ਸ੍ਰੀ ਧੀਰਜ ਜੈਨ ਅਨੁਸਾਰ ਇਹ ਤਿੰਨ-ਮੰਜ਼ਲਾ ਮੰਦਰ 300 ਸਾਲ ਤੋਂ ਵੀ ਵਧ ਪੁਰਾਣਾ ਹੈ। ਇਸ ਮੰਦਰ ਵਿਚ ਸ੍ਰੀ ਪਰਸਵ ਨਾਥ ਦੀ ਡੇਢ ਫੁੱਟ ਉੱਚੀ ਗੁਲਾਬੀ ਰੰਗ ਦੀ ਮੂਰਤੀ ਅਤੇ ਕੁਝ ਹੋਰ ਤੀਰਥੰਕਰਾਂ ਦੀਆਂ ਛੋਟੀਆਂ ਮੂਰਤੀਆਂ ਸੁਰੱਖਿਅਤ ਹਨ।

ਇਸ ਮੰਦਰ ਵਿਚ ਜੈਨ ਸੰਤ ਅਤੇ ਵਿਦਵਾਨ ਆਉਂਦੇ ਰਹਿੰਦੇ ਹਨ। ਮੰਦਰ ਦੀ ਲਾਇਬ੍ਰੇਰੀ ਵਿਚ ਤਕਰੀਬਨ 50 ਧਾਰਮਕ ਗ੍ਰੰਥ ਹਨ। ਜਿਨ੍ਹਾਂ ਵਿਚੋਂ ਪੰਜ, ਤਕਰੀਬਨ 150 ਸਾਲ ਪੁਰਾਣੇ ਹਨ ਅਤੇ ਪ੍ਰਾਕ੍ਰਿਤ ਭਾਸ਼ਾ ਵਿਚ ਹੱਥ ਨਾਲ ਲਿਖੇ ਹੋਏ ਹਨ।

ਭਗਵਾਨ ਮਹਾਂਵੀਰ ਦੁਆਰਾ ਲਿਖਤ 32 ਆਗਮ ਵੀ ਪ੍ਰਾਕ੍ਰਿਤ ਭਾਸ਼ਾ ਵਿਚ ਲਿਖੇ ਗਏ ਹਨ। ਉਦੋਂ ਲੋਕਾਂ ਦੀ ਬੋਲ-ਚਾਲ ਦੀ ਭਾਸ਼ਾ ਸੀ, ਜੋ ਸੰਸਕ੍ਰਿਤ ਵਿਚੋਂ ਵਿਕਸਤ ਹੋਈ ਸੀ।

ਜਮਾਂਦਾਰ ਦੀ ਹਵੇਲੀ ਵਿਚ ਸ੍ਰੀ ਅਰਨਾਥ ਜੈਨ ਸ਼ਵੇਤਾਂਬਰ ਮੰਦਰ ਵਿਚ ਜੈਨ ਧਰਮ ਦੇ 10ਵੇਂ ਤੀਰਥੰਕਰ ਸ੍ਰੀ ਸ਼ੀਤਲ ਨਾਥ ਦੀ 315 ਸਾਲ ਪੁਰਾਣੀ ਮੂਰਤੀ ਹੈ। ਇਸ ਨੂੰ ਸ੍ਰੀ ਵਿਜੇ ਨੰਦ ਸੂਰੀ ਮਹਾਰਾਜ ਨੇ ਸਥਾਪਤ ਕੀਤਾ ਸੀ, ਜਿਨ੍ਹਾਂ ਨੂੰ ਸ੍ਰੀ ਆਤਮਾ ਰਾਮ ਵੀ ਕਹਿੰਦੇ ਹਨ। ਇਸ ਮੰਦਰ ਵਿਚ ਭਗਵਾਨ ਅਰਨਾਥ ਜੀ ਦੀ 115 ਸਾਲ ਪੁਰਾਣੀ ਮੂਰਤੀ ਵੀ ਹੈ।

ਜੀ.ਟੀ.ਰੋਡ ਉਤੇ ਸ੍ਰੀ ਪੂਜਯ ਆਚਾਰੀਆ ਸੋਹਨ ਲਾਲ ਦਾ ਸਮਾਰਕ ਉਸ ਜਗ੍ਹਾ ਉਤੇ ਬਣਾਇਆ ਹੋਇਆ ਹੈ ਜਿੱਥੇ ਸ੍ਰੀ ਲਾਲੂ ਸ਼ਾਹ ਅਤੇ ਨੱਥੂ ਸ਼ਾਹ ਦੇ ਪਰਿਵਾਰ ਨੇ ਉਨ੍ਹਾਂ ਦੀਆਂ ਅਸਥੀਆਂ ਸੰਭਾਲ ਕੇ ਰੱਖੀਆਂ ਹੋਈਆਂ ਸਨ। ਆਚਾਰੀਆ ਜੀ 1935 ਵਿਚ ਸੁਰਗਵਾਸ ਹੋਏ। ਉਨ੍ਹਾਂ ਨੂੰ ਜੋਤਸ਼ ਦਾ ਬਹੁਤ ਗਿਆਨ ਸੀ। ਉਨ੍ਹਾਂ ਨੇ ਅੰਮ੍ਰਿਤਸਰ ਵਿਚ 32 ਸਾਲ ਪ੍ਰਚਾਰ ਕੀਤਾ। ਅੰਮ੍ਰਿਤਸਰ ਪ੍ਰਿੰਟਰਜ਼ ਐਂਡ ਪ੍ਰੋਸੈਸਰ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਨਰਿੰਦਰ ਜੈਨ ਦਸਦੇ ਹਨ ਕਿ ਆਚਾਰੀਆ ਸੋਹਨ ਲਾਲ ਨੇ ਜੱਲਿਆਂਵਾਲੇ ਬਾਗ ਦੇ ਸਾਕੇ ਦੀ ਭਵਿੱਖਬਾਣੀ ਕੀਤੀ ਸੀ ਅਤੇ ਆਪਣੀ ਸੰਪਰਦਾਇ ਦੇ ਲੋਕਾਂ ਨੂੰ ਇਸ ਕਤਲੇਆਮ ਤੋਂ ਪਹਿਲਾਂ ਖ਼ਬਰਦਾਰ ਕੀਤਾ ਸੀ ਕਿ ਉਹ ਆਪਣੇ ਘਰਾਂ ਤੋਂ ਬਾਹਰ ਨਾ ਨਿਕਲਣ। ਇਸ ਗੱਲ ਨੂੰ ਡਿਸਕਵਰੀ ਚੈਨਲ ਉਤੇ ਵੀ ਦਿਖਾਇਆ ਗਿਆ ਸੀ।

## ਜੈਨ ਸ਼ਖ਼ਸੀਅਤਾਂ

ਓਸਵਾਲ ਜੈਨੀ, ਜਿਨ੍ਹਾਂ ਦੇ ਬਜ਼ੁਰਗ ਅੰਮ੍ਰਿਤਸਰ ਵਿਚ ਆ ਕੇ ਆਬਾਦ ਹੋ ਗਏ ਸਨ ਆਪਣਾ ਪਿਛੋਕੜ ਰਾਜਸਥਾਨ ਨੂੰ ਦੱਸਦੇ ਹਨ। ਇਸ ਬਰਾਦਰੀ ਨੇ ਆਪਣਾ ਸਥਾਪਨਾ ਦਿਵਸ ਓਸੀਆ ਜੋਧਪੁਰ ਵਿਚ 19 ਤੋਂ 21 ਜੁਲਾਈ 2001 ਨੂੰ ਮਨਾਇਆ। ਇਸ ਦਿਨ ਆਚਾਰੀਆ ਸ੍ਰੀ ਰਤਨ ਪ੍ਰਭ ਸਾਗਰ ਜੀ ਮਹਾਰਾਜ ਦੁਆਰਾ ਸਥਾਪਿਤ ਇਸ ਬਰਾਦਰੀ ਦੇ 2457 ਸਾਲ ਪੂਰੇ ਹੋਏ। ਸ੍ਰੀ ਰਤਨ ਪ੍ਰਭ ਸਾਗਰ ਜੀ, ਤੀਰਥੰਕਰ ਭਗਵਾਨ ਸ੍ਰੀ ਪਰਸਵ ਨਾਥ ਜੀ ਦੇ ਛੇਵੇਂ ਪੱਟਾਧਰ (ਵਾਰਸ) ਸਨ।

****

# ਪਵਿੱਤਰ ਨਗਰ ਵਿਚ ਮਾਰਵਾੜੀਆਂ ਦੀ ਹਿੱਸੇਦਾਰੀ

ਮਾਰਵਾੜੀਆਂ ਦੀ ਦ੍ਰਿੜ੍ਹਤਾ ਤੇ ਉੱਦਮਸ਼ੀਲਤਾ ਜਗ-ਜ਼ਾਹਰ ਹੈ। 'ਮਾਰਵਾੜੀ' ਦਾ ਅਰਥ ਹੈ: ਮਾਰਵਾੜ ਨਾਲ ਸਬੰਧਿਤ ਵਿਅਕਤੀ। ਮਾਰਵਾੜ ਜੋਧਪੁਰ ਦੀ ਰਿਆਸਤ ਨੂੰ ਕਹਿੰਦੇ ਹਨ। ਆਪਣੀ ਵੱਖਰੀ ਭਾਸ਼ਾ, ਪੁਸ਼ਾਕ ਅਤੇ ਰੀਤੀ-ਰਿਵਾਜ ਤੋਂ ਉਹ ਪਛਾਣੇ ਜਾਂਦੇ ਹਨ। ਫ਼ਤਿਹਪੁਰ, ਚੂਰੂ, ਰਤਨਗੜ੍ਹ, ਰਾਮਗੜ੍ਹ, ਸੀਕਰ, ਲਛਮਣਗੜ੍ਹ, ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿਚੋਂ ਆਏ ਵਪਾਰੀ ਮਾਰਵਾੜੀ ਕਹਾਉਂਦੇ ਹਨ।

ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ 'ਮਾਰਵਾੜੀ ਬਾਤ ਔਰ ਭਾਤ ਕੇ ਲੀਏ ਜਾਨ ਭੀ ਦੇਗਾ।' (ਮਾਰਵਾੜੀ ਆਪਣੀ ਜ਼ੁਬਾਨ ਤੇ ਦਾਜ ਲਈ ਆਪਣੀ ਜਾਨ ਵੀ ਦੇ ਸਕਦਾ ਹੈ।) ਇਸ ਅਸੂਲ ਅਨੁਸਾਰ ਮਾਰਵਾੜੀ ਵਪਾਰ ਤੇ ਕਾਰੋਬਾਰ ਕਰਦੇ ਹਨ ਅਤੇ ਕਾਮਯਾਬ ਰਹਿੰਦੇ ਹਨ।

ਸ਼ਾਇਦ ਇਹ ਇਕੋ ਇਕ ਬਰਾਦਰੀ ਹੈ ਜਿਸ ਵਿਚ ਤਲਾਕ ਨਾਂਹ ਦੇ ਬਰਾਬਰ ਹੁੰਦੇ ਹਨ। ਜ਼ਿਆਦਾ-ਤਰ ਸ਼ਾਦੀਆਂ ਬਰਾਦਰੀ ਵਿਚ ਹੀ ਹੁੰਦੀਆਂ ਹਨ। ਹਰ ਗੱਲ ਵਿਚ ਸਮਰਥ ਇਹ ਬਰਾਦਰੀ ਸਖ਼ਤ ਮਿਹਨਤ ਕਰਦੀ ਹੈ ਅਤੇ ਸ਼ਾਹੀ ਠਾਠ ਨਾਲ ਜਿਊਣ ਦੀ ਚਾਹਵਾਨ ਹੈ। ਦਿਲਚਸਪ ਗੱਲ ਹੈ ਕਿ ਮਾਰਵਾੜੀਆਂ ਦਾ ਵੱਖਰਾ ਸ਼ਮਸ਼ਾਨਘਾਟ ਹੁੰਦਾ ਹੈ ਅਤੇ ਉਸ ਨੂੰ ਵਧੀਆ ਢੰਗ ਨਾਲ ਸਜਾਇਆ ਹੁੰਦਾ ਹੈ।

ਮਸ਼ਹੂਰ ਮਾਰਵਾੜੀ ਗਣੇਸ਼ ਪੋਦਾਰ ਦਾ ਕਹਿਣਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਇਕ ਵਾਰ ਮਾਰਵਾੜ ਦੀ ਫੇਰੀ ਸਮੇਂ ਖ਼ੁਦ ਮਾਰਵਾੜੀਆਂ ਨੂੰ ਅੰਮ੍ਰਿਤਸਰ ਦੀ ਪਵਿੱਤਰ ਨਗਰੀ ਵਿਚ ਆ ਕੇ ਵਸਣ ਦਾ ਸੱਦਾ ਦਿੱਤਾ ਸੀ। ਸਥਾਨਕ ਸ੍ਰੀ ਮਾਰਵਾੜੀ ਸਮਾਜ ਵਲੋਂ ਪ੍ਰਕਾਸ਼ਿਤ ਪੁਸਤਕ 'ਮਾਰੋ ਅਪਨੋ ਪਰਿਵਾਰ' ਵਿਚ ਲਿਖਿਆ ਗਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਮਾਰਵਾੜੀਆਂ ਦੀ ਹੈਸੀਅਤ ਅਤੇ ਸਮਰਥਾ ਦਾ ਪਤਾ ਸੀ। ਉਹ ਅੰਮ੍ਰਿਤਸਰ ਨੂੰ ਆਪਣੀ ਰਾਜਧਾਨੀ ਲਾਹੌਰ ਦੇ ਨਮੂਨੇ 'ਤੇ ਵਿਕਸਤ ਕਰਨਾ ਚਾਹੁੰਦੇ ਸਨ, ਜੋ ਆਰਥਕ ਪੱਖੋਂ ਪਵਿੱਤਰ ਸ਼ਹਿਰ ਨਾਲੋਂ ਕਿਤੇ ਜ਼ਿਆਦਾ ਵਿਕਸਤ ਸੀ। ਬਰਾਦਰੀ ਦੇ ਇਕ ਸ੍ਰੇਸ਼ਟ ਮੈਂਬਰ ਮਨਮੋਹਨ ਸਿੰਘਾਣੀਆ ਕਹਿੰਦੇ ਹਨ ਕਿ ਮਹਾਰਾਜੇ ਦੇ ਸੱਦੇ 'ਤੇ ਸ਼ੁਰੂ ਵਿਚ 32 ਮੁੱਖ ਮਾਰਵਾੜੀ ਵਪਾਰੀ ਦੋ ਸਦੀਆਂ ਪਹਿਲਾਂ ਅੰਮ੍ਰਿਤਸਰ ਵਿਚ ਆ ਕੇ ਵਸੇ ਸਨ। ਸਭ ਤੋਂ ਪਹਿਲਾਂ ਉਹ ਅੰਮ੍ਰਿਤਸਰ ਸ਼ਹਿਰ ਦੇ ਬਾਹਰ ਸੁਲਤਾਨਵਿੰਡ ਪਿੰਡ ਵਿਚ ਆਬਾਦ ਹੋਏ ਸਨ, ਜਿੱਥੇ ਉਨ੍ਹਾਂ ਨੇ ਆਪਣਾ ਮੰਦਰ ਬਣਾਇਆ। ਕੰਧ ਅੰਦਰਲੇ ਸ਼ਹਿਰ ਵਿਚ ਬੱਤੀ-ਹੱਟਾ (32 ਹੱਟੀਆਂ ਦਾ ਸਮੂਹ) ਇਸ ਗੱਲ ਦਾ ਸਬੂਤ ਹੈ। ਉਨ੍ਹਾਂ ਨੂੰ ਮਹਾਰਾਜੇ ਨੇ ਅੰਮ੍ਰਿਤਸਰ ਵਿਚ ਆਪਣੀਆਂ ਦੁਕਾਨਾਂ ਖੋਲ੍ਹਣ ਅਤੇ ਘਰ-ਘਾਟ ਬਣਾਉਣ ਲਈ ਨਜ਼ਰਾਨਾ ਭੇਟ ਕੀਤਾ। ਮਹਾਰਾਜੇ ਨੇ ਉਨ੍ਹਾਂ ਨੂੰ ਆਹਲੂਵਾਲੀਆ ਕਟੜਾ ਅਤੇ ਸ਼ਹਿਰ ਦੇ ਹੋਰ



ਹਿੱਸਿਆਂ ਵਿਚ ਉਪਜਾਊ ਜ਼ਮੀਨ ਦੇ ਖੁੱਲ੍ਹੇ-ਡੁਲ੍ਹੇ ਰਕਬੇ ਦੇ ਦਿੱਤੇ। ਜਿਉਂ-ਜਿਉਂ ਸਮਾਂ ਬੀਤਦਾ ਗਿਆ, ਮਾਰਵਾੜੀ ਪਰਿਵਾਰਾਂ ਦੀ ਗਿਣਤੀ 2000 ਤੋਂ ਵੀ ਵਧ ਹੋ ਗਈ। ਮਾਰਵਾੜੀਆਂ ਨੇ ਸ਼ਹਿਰ ਵਿਚ ਭਾਵੇਂ ਕਈ ਧਰਮਸ਼ਾਲਾਵਾਂ ਅਤੇ ਮੰਦਰ ਬਣਾਏ ਹਨ ਪਰ ਉਹ ਸਿੱਖ ਧਰਮ ਨੂੰ ਬੜੀ ਸਤਿਕਾਰ ਦੀ ਨਜ਼ਰ ਨਾਲ ਦੇਖਦੇ ਹਨ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਚ ਨਤਮਸਤਕ ਹੋਣ ਲਈ ਜਾਂਦੇ ਰਹਿੰਦੇ ਹਨ।

ਸ੍ਰੀ ਜਤਿੰਦਰ ਪੋਦਾਰ ਦੇ ਪਰਿਵਾਰ ਕੋਲ ਮਹਾਰਾਜਾ ਰਣਜੀਤ ਸਿੰਘ ਦਾ ਇਕ ਦੁਰਲੱਭ ਚਿਤਰ ਹੈ ਜਿਸ ਵਿਚ ਉਹ ਆਪਣੇ ਸਮਕਾਲੀ ਸੇਠ ਮਿਰਜ਼ਾ ਮੱਲ ਪੋਦਾਰ ਨੂੰ ਮੋਤੀਆਂ ਦੀ ਇਕ ਮਾਲਾ ਭੇਟ ਕਰ ਰਹੇ ਹਨ। ਸੇਠ ਹਨੂੰਮਾਨ ਪ੍ਰਸਾਦ ਅਤੇ ਉਨ੍ਹਾਂ ਦੇ ਪੁੱਤਰ ਅਰਵਿੰਦ ਕੁਮਾਰ ਦਾ ਪਰਿਵਾਰ ਇਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਕੋਲ 250 ਸਾਲ ਪੁਰਾਣੀਆਂ ਕੁਝ ਵਹੀਆਂ ਹਨ, ਜੋ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਨਾਲ ਸਬੰਧਿਤ ਹਨ।

ਪੁਰਾਣੇ ਵਸਨੀਕਾਂ ਵਿਚ ਨੇਵਤੀਆ, ਪੋਦਾਰ, ਸਿੰਘਾਣੀਆ ਅਤੇ ਗੋਇੰਕਾ ਪਰਿਵਾਰ ਸ਼ਾਮਲ ਹਨ। ਗੋਇੰਕਾ ਗਲੀ ਅਤੇ ਸ਼ਹਿਰ ਦੇ ਵੱਖ-ਵੱਖ ਮਹੱਲਿਆਂ ਵਿਚ ਮਾਰਵਾੜੀਆਂ ਦੇ ਘਰ ਇਹ ਸਿੱਧ ਕਰਦੇ ਹਨ ਕਿ ਸ਼ਹਿਰ ਦੇ ਰੰਗਾ-ਰੰਗ ਸੱਭਿਆਚਾਰ ਵਿਚ ਮਾਰਵਾੜੀਆਂ ਦਾ ਕਿੰਨਾ ਯੋਗਦਾਨ ਹੈ। ਬਿਨਾਂ-ਸ਼ੱਕ ਉਹ ਪੰਜਾਬੀ ਚੰਗੀ ਤਰ੍ਹਾਂ ਸਮਝ ਸਕਦੇ ਹਨ ਅਤੇ ਬੋਲ ਸਕਦੇ ਹਨ ਪਰ ਜਦੋਂ ਉਹ ਆਪਸ ਵਿਚ ਗੱਲਬਾਤ ਕਰਦੇ ਹਨ ਤਾਂ ਆਪਣੀ ਮਾਂ-ਬੋਲੀ ਮਾਰਵਾੜੀ ਵਿਚ ਹੀ ਬੋਲਦੇ ਹਨ।

ਸ਼ਹਿਰ ਦੇ ਨਾਮਵਰ ਮਾਰਵਾੜੀਆਂ ਵਿਚ ਇਹ ਕੁਝ ਵਰਨਣਯੋਗ ਨਾਮ ਹਨ: ਸੀਨੀਅਰ ਐਡਵੋਕੇਟ ਲਾਲਾ ਆਤਮਾ ਰਾਮ ਅਗਰਵਾਲ (ਪੋਦਾਰ); ਸਥਾਨਕ ਮਾਰਵਾੜੀ ਸਕੂਲ ਦੇ ਪੁਰਾਣੇ ਵਿਦਿਆਰਥੀ ਅਤੇ ਹੁਣ ਆਈ.ਏ.ਐੱਸ. ਅਫ਼ਸਰ ਸ੍ਰੀ ਓਮ ਨਰਾਇਣ ਵੈਦ; ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਸੁਪਰੀਮ ਕੋਰਟ ਦੇ ਮਸ਼ਹੂਰ ਐਡਵੋਕੇਟ ਸ੍ਰੀ ਭਗੀਰਥ ਦਾਸ; ਪ੍ਰੋ. ਬੀ.ਡੀ. ਗੁਪਤਾ (ਧਨੂਕਾ); ਸ੍ਰੀ ਹਰੀ ਓਮ ਧਨੂਕਾ; ਡਾ. ਰਾਧੇ ਸ਼ਿਆਮ; ਡਾ. ਹਰਬਿਲਾਸ ਰਾਏ, ਪ੍ਰੋ. ਮਨਮਾਨ ਚੰਦ; ਬੈਂਕ ਆਫ਼ ਇੰਡੀਆ ਦੇ ਡਾਇਰੈਕਟਰ ਸੇਠ ਸੰਤ ਲਾਲ ਪੋਦਾਰ; ਸੇਵਾ-ਮੁਕਤ ਇਨਕਮ ਟੈਕਸ ਕਮਿਸ਼ਨਰ ਸ੍ਰੀ ਜਸ ਰਾਜ ਗੋਇੰਕਾ; ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸੂਬਾ ਪ੍ਰਧਾਨ ਸ੍ਰੀ ਸੰਤੋਸ਼ ਗੁਪਤਾ; ਡਾ. ਓਮ ਪ੍ਰਕਾਸ਼ ਸਿੰਘਾਣੀਆ ਅਤੇ ਚਾਰਟਰਡ ਅਕਾਊਂਟੈਂਟ ਸ੍ਰੀ ਸ਼ਿਵ ਗੁਪਤਾ।

ਅੰਮ੍ਰਿਤਸਰ ਦੇ ਮਾਰਵਾੜੀਆਂ ਦੇ ਦੇਸ਼ਭਰ ਵਿਚ ਸਤਿਕਾਰ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਮਹਾਨ ਸੁਤੰਤਰਤਾ ਸੰਗਰਾਮੀ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਸੇਠ ਰਾਧਾ ਕ੍ਰਿਸ਼ਨ ਗੋਇੰਕਾ ਜਦੋਂ ਸੁਰਗਵਾਸ ਹੋਏ ਤਾਂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰਲਾਲ ਨਹਿਰੂ ਅਫ਼ਸੋਸ ਕਰਨ ਲਈ ਅੰਮ੍ਰਿਤਸਰ ਦੀਆਂ ਤੰਗ ਗਲੀਆਂ ਵਿਚ ਉਨ੍ਹਾਂ ਦੇ ਘਰ ਆਏ ਸਨ।

ਕੁਝ ਮਾਰਵਾੜੀ ਪਰਿਵਾਰਾਂ ਪਾਸ ਅਜੇ ਵੀ ਉਹ ਤੋਹਫ਼ੇ ਤੇ ਨਿਸ਼ਾਨੀਆਂ (ਸੋਵੀਨਰ) ਸੁਰੱਖਿਅਤ ਹਨ, ਜਿਹੜੇ ਮਹਾਰਾਜਾ ਰਣਜੀਤ ਸਿੰਘ ਨੇ ਕਦੀ ਉਨ੍ਹਾਂ ਦੇ

ਬਜ਼ੁਰਗਾਂ ਨੂੰ ਦਿੱਤੇ ਸਨ। ਅਜਿਹੇ ਤੋਹਫ਼ਿਆਂ ਵਿਚ ਇਕ ਨੌਲੱਖਾ ਹਾਰ ਵੀ ਸੀ, ਜੋ ਅੱਜਕੱਲ੍ਹ ਕਿਤੇ ਗੁਆਚ ਗਿਆ ਹੈ। ਕੁਝ ਮਾਰਵਾੜੀ ਪਰਿਵਾਰਾਂ ਪਾਸ ਫ਼ਾਰਸੀ ਵਿਚ ਲਿਖੀਆਂ ਸਨਦਾਂ, ਦਸਤਾਵੇਜ਼ ਅਤੇ ਵਸੀਅਤਾਂ ਵੀ ਹਨ।

ਮਾਰਵਾੜੀ ਆਪਣੇ ਰੀਤੀ-ਰਿਵਾਜਾਂ ਦੇ ਐਨੇ ਪਾਬੰਦ ਹਨ ਕਿ ਕੋਈ ਵੀ ਗੰਢੇ ਵੇਚਣ ਵਾਲਾ ਸਬਜ਼ੀ-ਫਰੋਸ਼ ਇਮਪਰੂਵਮੈਂਟ ਟਰੱਸਟ ਦੇ ਪੁਰਾਣੇ ਦਫ਼ਤਰ ਦੇ ਨੇੜੇ ਔਲੀਆਂ ਵਾਲੇ ਮੰਦਰ ਦੇ ਨਜ਼ਦੀਕ ਢੁੱਕਣ ਦੀ ਜੁਰਅੱਤ ਨਹੀਂ ਕਰ ਸਕਦਾ। ਕੁਝ ਚਿਰ ਪਹਿਲਾਂ ਇਸ ਬਸਤੀ ਵਿਚ ਸਿਰਫ਼ ਮਾਰਵਾੜੀ ਹੀ ਰਹਿੰਦੇ ਸਨ।

ਮਾਰਵਾੜੀ ਲੋਕ ਅੰਮ੍ਰਿਤਸਰ ਦੀ ਸਭ ਤੋਂ ਅਮੀਰ ਬਰਾਦਰੀ ਹੈ। ਉਨ੍ਹਾਂ ਦੇ ਕੰਮ ਕਰਨ ਦੇ ਤਰੀਕੇ, ਉਨ੍ਹਾਂ ਦੀ ਉੱਦਮਸ਼ੀਲਤਾ ਅਤੇ ਮਿਹਨਤ ਕਰਨ ਦੀ ਆਦਤ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਕਾਰੋਬਾਰਾਂ ਵਿਚ ਸਫ਼ਲਤਾ ਬਖਸ਼ੀ ਹੈ।

ਮਾਰਵਾੜੀ ਕਿੰਨੇ ਵੀ ਆਧੁਨਿਕ, ਸਫਲ ਸਫ਼ਰੀ ਜਾਂ ਅਮੀਰ ਹੋ ਜਾਣ, ਉਹ ਵਿਆਹ-ਸ਼ਾਦੀਆਂ ਸਮੇਂ ਆਪਣੇ ਰਿਵਾਜਾਂ ਅਤੇ ਪਰੰਪਰਾਵਾਂ ਨੂੰ ਨਹੀਂ ਛੱਡਦੇ। ਮਾਰਵਾੜੀ ਬਰਾਦਰੀ ਨੂੰ ਮੋਟੇ ਤੌਰ 'ਤੇ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ। ਇਕ ਮਾਰਵਾੜੀ ਅਗਰਵਾਲ ਅਤੇ ਦੂਜੇ ਮਾਰਵਾੜੀ ਓਸਵਾਲ ਜੈਨ।

ਉਹ ਕਿਹੜੀ ਚੀਜ਼ ਹੈ ਜੋ ਮਾਰਵਾੜੀਆਂ ਨੂੰ ਸਫ਼ਲ ਵਪਾਰੀ ਜਾਂ ਕਾਰੋਬਾਰ-ਸੰਪੰਨ ਬਣਾਉਂਦੀ ਹੈ? ਇਕ ਕਾਰਨ ਤਾਂ ਇਹ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਜੀਵਨ ਦੇ ਅਰੰਭ ਵਿਚ ਹੀ ਵਪਾਰ ਦੇ ਤੌਰ-ਤਰੀਕਿਆਂ ਦੀ ਸਿਖਲਾਈ ਦੇ ਦਿੱਤੀ ਜਾਂਦੀ ਹੈ। ਇਕ ਨੌਜਵਾਨ ਮਾਰਵਾੜੀ ਕਹਿੰਦਾ ਹੈ, 'ਭਾਵੇਂ ਅਸੀਂ ਕਿਸੇ ਬਿਜ਼ਨੈੱਸ ਸਕੂਲ ਜਾਂ ਯੂਨੀਵਰਸਿਟੀ ਵਿਚ ਨਾ ਵੀ ਜਾਈਏ, ਅਸੀਂ ਫੇਰ ਵੀ ਸਫ਼ਲ ਵਪਾਰੀ ਬਣ ਜਾਂਦੇ ਹਾਂ। ਵਣਜ-ਵਪਾਰ ਦਾ ਮਹੱਤਵ ਅਤੇ ਇਸ ਦੇ ਤੌਰ-ਤਰੀਕਿਆਂ ਦੀ ਸਿਖਲਾਈ ਸਾਨੂੰ ਬਚਪਨ ਤੋਂ ਹੀ ਰੋਜ਼ਾਨਾ ਮਿਲਦੀ ਰਹਿੰਦੀ ਹੈ। ਇਹੀ ਕਾਰਨ ਹੈ ਕਿ ਵਣਜ-ਵਪਾਰ ਸਾਡੇ ਜੀਵਨ ਦਾ ਇਕ ਹਿੱਸਾ ਹੀ ਬਣ ਜਾਂਦਾ ਹੈ।'

ਇਕ ਮਾਰਵਾੜੀ ਕਹਿੰਦਾ ਹੈ ਕਿ 'ਸਾਡਾ ਸੋਚਣ ਦਾ ਢੰਗ, ਸਾਡੇ ਵਣਜ-ਵਪਾਰ ਦੇ ਗੁਰ ਅਤੇ ਖ਼ਾਸ ਕਰ ਕੇ ਘਰੇਲੂ ਆਰਥਿਕ ਮਦਦ, ਵਪਾਰੀ ਬਰਾਦਰੀ ਬਣਨ ਵਿਚ ਸਾਡਾ ਹੱਥ ਉੱਤੇ ਕਰ ਦਿੰਦੀ ਹੈ।

ਮਾਰਵਾੜੀਆਂ ਦਾ ਕਿਉਂਕਿ ਪਿਛੋਕੜ ਹੀ ਵਣਜ-ਵਪਾਰ ਵਾਲਾ ਹੁੰਦਾ ਹੈ, ਇਸ ਲਈ ਉਹ ਸ਼ੁਰੂ ਤੋਂ ਹੀ ਇਸ ਦੇ ਤੌਰ-ਤਰੀਕਿਆਂ ਵਿਚ ਮਾਹਿਰ ਹੁੰਦੇ ਹਨ ਜਾਂ ਇੰਜ ਕਹਿ ਲਉ ਕਿ ਵਪਾਰ ਉਨ੍ਹਾਂ ਦੇ ਖ਼ੂਨ ਵਿਚ ਰਚਿਆ ਹੁੰਦਾ ਹੈ। ਅਜਿਹੀ ਪਿੱਠ-ਭੂਮੀ ਹੋਣ ਨਾਲ ਬਹੁਤ ਫਰਕ ਪੈਂਦਾ ਹੈ। ਇਕ ਬਜ਼ੁਰਗ ਮਾਰਵਾੜੀ ਸ੍ਰੀ ਜਗਦੀਸ਼ ਪ੍ਰਸਾਦ ਲਾਡੀਆ ਕਹਿੰਦੇ ਹਨ 'ਅਸੀਂ ਕਰੋੜਾਂ ਦਾ ਬਿਜ਼ਨੈੱਸ ਕੇਵਲ ਜ਼ੁਬਾਨ ਨਾਲ ਹੀ ਕਰ ਲੈਂਦੇ ਹਾਂ। ਲੋਕ ਸਾਡੀ ਬਰਾਦਰੀ ਉਤੇ ਵਿਸ਼ਵਾਸ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਹਰ ਅਦਾਇਗੀ ਸਮੇਂ ਸਿਰ ਹੋ ਜਾਂਦੀ ਹੈ। ਸਾਡੇ ਬਜ਼ੁਰਗਾਂ ਨੇ ਲੋਕਾਂ ਦੀ ਇਹ ਸਦਭਾਵਨਾ ਬੜੀ ਮਿਹਨਤ ਨਾਲ ਜਿੱਤੀ ਹੈ ਅਤੇ ਸਾਡੀ ਨਵੀਂ ਪੀੜ੍ਹੀ ਇਸ ਵਿਰਸੇ ਨੂੰ ਅੱਗੇ ਲਿਜਾ ਰਹੀ ਹੈ।

ਗਾਹਕਾਂ ਨੂੰ ਉਨ੍ਹਾਂ ਉਤੇ ਯਕੀਨ ਹੈ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਮਾਰਵਾੜੀ



ਕਦੀ ਬੇਈਮਾਨੀ ਨਹੀਂ ਕਰਦੇ। ਤਕਰੀਬਨ ਸਾਰੀ ਮਾਰਵਾੜੀ ਬਰਾਦਰੀ ਦਾ ਇਮਾਨਦਾਰੀ ਵਿਚ ਇਕ ਉੱਚਾ ਸਥਾਨ ਹੈ। ਮਾਰਵਾੜੀ ਵਪਾਰੀ ਆਪਣੇ ਗਾਹਕਾਂ ਦਾ ਬਹੁਤ ਖ਼ਿਆਲ ਰੱਖਦੇ ਹਨ ਅਤੇ ਉਨ੍ਹਾਂ ਨਾਲ ਲੰਮੇ ਸਮੇਂ ਤਕ ਨਿਭਣਾ ਚਾਹੁੰਦੇ ਹਨ।

ਮਾਰਵਾੜੀ ਚਿਰਕਾਲੀ ਰਿਸ਼ਤਿਆਂ ਵਿਚ ਯਕੀਨ ਰੱਖਦੇ ਹਨ ਅਤੇ ਲੈਣ-ਦੇਣ ਦੇ ਸਿਲਸਿਲੇ ਵਿਚ ਗਾਹਕ-ਹਿਤਕਾਰੀ ਹੁੰਦੇ ਹਨ।

ਇਕ ਮਾਰਵਾੜੀ ਦਾ ਕਹਿਣਾ ਹੈ ਕਿ 'ਅਸੀਂ ਅਹਿੰਸਾਵਾਦੀ ਲੋਕ ਹਾਂ ਪਰ ਅਸੀਂ ਜਜ਼ਬਾਤੀ ਵੀ ਬਹੁਤ ਹਾਂ। ਅਸੀਂ ਸੁਭਾਉਕੀ ਤੌਰ 'ਤੇ ਹੀ ਇਸ ਗੱਲੋਂ ਬੜੇ ਸੁਚੇਤ ਰਹਿੰਦੇ ਹਾਂ ਕਿ ਬੇਈਮਾਨੀ ਤੇ ਧੋਖੇ ਵਾਲਾ ਸੌਦਾ ਨਹੀਂ ਕਰਨਾ।'

ਮਾਰਵਾੜੀਆਂ ਨੇ ਸ਼ਹਿਰ ਵਿਚ ਕਈ ਖ਼ਰੈਤੀ ਕੇਂਦਰ ਵੀ ਖੋਲ੍ਹੇ ਹੋਏ ਹਨ ਜਿਵੇਂ ਸ੍ਰੀ ਮਾਰਵਾੜੀ ਸਕੂਲ, ਸ੍ਰੀ ਰਘੂਨਾਥ ਡਿਸਪੈਂਸਰੀ, ਸ੍ਰੀ ਮਾਰਵਾੜੀ ਜਨਾਨਾ ਹਸਪਤਾਲ (ਦੋ ਬਰਾਂਚਾਂ) ਮਾਰਵਾੜੀ ਪੁਸਤਕਾਲਾ, ਮਾਰਵਾੜੀ ਸੇਵਕ ਸਭਾ, ਮਾਰਵਾੜੀ ਅਤਿਥੀ ਭਵਨ (ਮਹਿਮਾਨ ਘਰ)। ਸ੍ਰੀ ਭੀਸ਼ਮ ਸਰਾਇਆ ਅਤੇ ਉਨ੍ਹਾਂ ਦੇ ਸਪੁੱਤਰ ਸੁਨੀਲ ਸਰਾਇਆ ਕਹਿੰਦੇ ਹਨ ਕਿ ਅੰਮ੍ਰਿਤਸਰ ਵਿਚ ਜਨਮੇ ਮਾਰਵਾੜੀਆਂ ਨੇ ਦੇਸ਼ ਦੇ ਦੂਰ-ਦੁਰਾਡੇ ਥਾਵਾਂ 'ਤੇ ਕੁਝ ਸਰਾਵਾਂ ਵੀ ਬਣਾਈਆਂ ਹਨ।

ਕੁਝ ਲੋਕਾਂ ਦੀ ਰਾਏ ਹੈ ਕਿ ਮਾਰਵਾੜੀ ਬੜੇ ਕੰਜੂਸ ਹੁੰਦੇ ਹਨ। ਪਰ ਬਰਾਦਰੀ ਦੇ ਲੋਕ ਇਸ ਤੋਂ ਇਨਕਾਰ ਕਰਦੇ ਹਨ। ਅਸਲੀਅਤ ਇਹ ਹੈ ਕਿ ਮਾਰਵਾੜੀ ਆਪਣੀ ਅਮੀਰੀ ਦੀ ਬੜੀ ਡੀਂਗ ਮਾਰਦੇ ਹਨ। ਵਿਆਹ-ਸ਼ਾਦੀਆਂ ਬੜੇ ਠਾਠ ਨਾਲ ਕੀਤੀਆਂ ਜਾਂਦੀਆਂ ਹਨ। ਅਜਿਹੇ ਮੌਕਿਆਂ 'ਤੇ ਮਾਰਵਾੜੀ ਆਪਣੀ ਆਰਥਿਕ ਸਮਰੱਥਾ ਦਾ ਖ਼ੂਬ ਦਿਖਾਵਾ ਕਰਦੇ ਹਨ।

ਮਾਰਵਾੜੀ ਸ਼ਾਦੀ ਦਾ ਪਹਿਲਾ ਕਦਮ ਇਹ ਹੁੰਦਾ ਹੈ ਕਿ ਜੋਤਸ਼ੀ ਕੁੰਡਲੀ ਮਿਲਾਉਂਦੇ ਹਨ। ਮਾਰਵਾੜੀ ਸ਼ਾਦੀ ਦੀਆਂ ਰਸਮਾਂ ਵਿਚ ਆਪਣੀ ਅਮੀਰੀ ਅਤੇ ਠਾਠ-ਬਾਠ ਲਈ ਮਸ਼ਹੂਰ ਹਨ। ਕੁੰਡਲੀ ਮਿਲਾਉਣ ਤੋਂ ਬਾਅਦ ਵਿਆਹ ਤੋਂ ਪਹਿਲਾਂ ਲਾੜੇ ਦੇ ਘਰ ਸਗਾਈ ਦੀ ਰਸਮ ਹੁੰਦੀ ਹੈ। ਕੌਲ ਭਰਾਣਾ (ਚਾਂਦੀ ਦਾ ਕੌਲ ਭਰਨਾ) ਜਿਸ ਨੂੰ 'ਮੁੱਢਾ ਟਿੱਕਾ' ਵੀ ਕਹਿੰਦੇ ਹਨ, ਮਾਰਵਾੜੀ ਸਗਾਈ ਦੀ ਅਸਲੀ ਰਸਮ ਹੈ।

## ਬੰਗਾਲੀ ਸਬੰਧ

ਮਾਰਵਾੜੀਆਂ ਦਾ ਬੰਗਾਲ ਨਾਲ ਸਭ ਤੋਂ ਪਹਿਲਾ ਸਬੰਧ 1564 ਈ. ਵਿਚ ਹੋਇਆ, ਜਦੋਂ ਬੰਗਾਲ ਵਿਚ ਸੁਲੇਮਾਨ ਕਿਰਾਨੀ ਦੇ ਰਾਜ ਸਮੇਂ ਅਕਬਰ ਦੇ ਝੰਡੇ ਹੇਠ ਰਾਜਪੂਤ ਸੈਨਿਕ ਉੱਥੇ ਆਏ।

ਫ਼ੌਜ ਨੂੰ ਲੋੜੀਂਦੀਆਂ ਵਸਤਾਂ ਮੁਹੱਈਆ ਕਰਨ ਦਾ ਠੇਕਾ ਮਾਰਵਾੜ ਦੇ ਵਪਾਰੀਆਂ ਨੂੰ ਦਿੱਤਾ ਗਿਆ। ਬੰਗਾਲ ਵਿਚ ਜਦੋਂ ਉਹ ਆਏ ਤਾਂ ਉਨ੍ਹਾਂ ਨੇ ਆਪਣੀ ਜਾਣ-ਪਛਾਣ ਮਾਰਵਾੜੀਆਂ ਵਜੋਂ ਕਰਾਈ। ਉਸ ਵੇਲੇ ਉਨ੍ਹਾਂ ਨੇ ਪਗੜੀਆਂ ਬੰਨ੍ਹੀਆਂ ਹੋਈਆਂ ਸਨ। ਇਸ ਲਈ ਉਨ੍ਹਾਂ ਨੂੰ ਪਗੜੀਧਾਰੀ ਮਾਰਵਾੜੀ ਅਤੇ ਕਾਲੀ ਟੋਪੀ ਵਾਲੇ ਆਖਿਆ ਜਾਣ ਲਗ ਪਿਆ।

****

## ਸਵਰਗ ਦੀ ਧਰਤੀ ਤੋਂ ਪਵਿੱਤਰ ਸ਼ਹਿਰ ਵੱਲ

ਕਸ਼ਮੀਰੀ ਲੋਕ ਮੇਲ-ਮਿਲਾਪ ਦੇ ਬਹੁਤ ਚਾਹਵਾਨ ਹਨ। ਉਹ ਬੁਣਾਈ ਅਤੇ ਕਸੀਦਾਕਾਰੀ ਵਿਚ ਬੜੇ ਮਾਹਿਰ ਹਨ। ਇਸ ਲਈ ਅੰਮ੍ਰਿਤਸਰ ਉਨ੍ਹਾਂ ਦੀ ਮਨ-ਚਾਹੀ ਮੰਜ਼ਲ ਸੀ। ਪਿਛਲੀਆਂ ਦੋ ਸਦੀਆਂ ਤੋਂ ਉਹ ਹਰ ਸਿਆਲ ਆਪਣੀ ਖ਼ੂਬਸੂਰਤ ਵਾਦੀ ਨੂੰ ਛੱਡ ਕੇ ਅੰਮ੍ਰਿਤਸਰ ਦੇ ਪਵਿੱਤਰ ਸ਼ਹਿਰ ਵਿਚ ਆਉਂਦੇ ਹਨ। ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ ਉਨ੍ਹਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਮਾਨਯੋਗ ਥਾਂ ਮਿਲ ਗਈ ਅਤੇ ਉਹ ਪੰਜਾਬ ਦੇ ਸਾਂਝੇ ਸੱਭਿਆਚਾਰ ਦਾ ਇਕ ਅਟੁੱਟ ਅੰਗ ਬਣ ਗਏ। ਗੋਰਾ ਰੰਗ, ਹਲਕੇ ਭੂਰੇ ਵਾਲ, ਨੀਲੀਆਂ ਜਾਂ ਭੂਰੀਆਂ ਅੱਖਾਂ, ਸੁਨੱਖੇ ਨਕਸ਼-ਨੈਣ ਅਤੇ ਚੰਗੀ ਸਿਹਤ ਵਾਲੇ ਕਸ਼ਮੀਰੀ ਪਵਿੱਤਰ ਸ਼ਹਿਰ ਦੇ ਕਈ ਹਿੱਸਿਆਂ ਵਿਚ ਦੇਖੇ ਜਾ ਸਕਦੇ ਹਨ।

ਗਹੁ ਨਾਲ ਵੇਖਣ ਵਾਲਿਆਂ ਦਾ ਕਹਿਣਾ ਹੈ ਕਿ ਕਸ਼ਮੀਰ ਦੇ ਲੋਕ ਅਹਿੰਸਕ, ਸੰਤੁਲਿਤ-ਸੁਭਾਅ ਅਤੇ ਰੱਬ ਤੋਂ ਡਰਨ ਵਾਲੇ ਹੁੰਦੇ ਹਨ। ਉਨ੍ਹਾਂ ਨੂੰ ਬੇਹੱਦ ਨਿੱਘੇ, ਮਿੱਤਰਚਾਰੀ ਅਤੇ ਮਹਿਮਾਨ-ਨਵਾਜ਼ ਬਰਾਦਰੀ ਆਖਿਆ ਜਾ ਸਕਦਾ ਹੈ। ਕਸ਼ਮੀਰੀ ਲੋਕ ਬੜੇ ਸਾਊ ਤੇ ਨਰਮ-ਦਿਲ ਹੁੰਦੇ ਹਨ ਅਤੇ ਅਮਨ-ਸ਼ਾਂਤੀ ਤੇ ਸੁਹਿਰਦਤਾ ਨਾਲ ਰਹਿਣਾ ਪਸੰਦ ਕਰਦੇ ਹਨ। ਉਹ ਧਰਮ-ਨਿਰਪੱਖੀ ਵਿਚਾਰਾਂ ਦੇ ਪੱਕੇ ਹਮਾਇਤੀ ਹਨ।

ਕੰਧ ਅੰਦਰਲੇ ਸ਼ਹਿਰ ਦੇ ਲੋਹਗੜ੍ਹ ਇਲਾਕੇ ਵਿਚ ਸ਼ੀਆ ਮੁਸਲਮਾਨਾਂ ਦਾ ਪਾਕ ਸਥਾਨ ਕਸ਼ਮੀਰੀ ਇਮਾਮ-ਬਾੜਾ (ਇਮਾਮ ਬਾਰਗਾਹ) ਆਪਣੇ ਆਪ ਵਿਚ ਇਕ ਵੱਖਰੀ ਦੁਨੀਆ ਹੈ। ਕਸ਼ਮੀਰੀ ਪਿਛੋਕੜ ਵਾਲੇ ਪੰਜ ਸੱਤ ਪਰਿਵਾਰ ਜੋ ਇੱਥੇ ਰਹਿੰਦੇ ਹਨ, ਉਨ੍ਹਾਂ ਦੇ ਬਜ਼ੁਰਗ ਤਕਰੀਬਲ 100 ਸਾਲ ਪਹਿਲਾਂ ਕਸ਼ਮੀਰ ਤੋਂ ਆ ਕੇ ਇੱਥੇ ਵਸ ਗਏ ਸਨ। ਦੇਸ਼-ਵੰਡ ਤੋਂ ਪਹਿਲਾਂ ਹਾਲ ਬਾਜ਼ਾਰ ਤੇ ਸ਼ਰੀਫ਼ਪੁਰਾ ਤੋਂ ਇਲਾਵਾ, ਸ਼ਹਿਰ ਦੇ ਬਾਹਰਲੇ ਪਾਸੇ ਲੋਹਗੜ੍ਹ ਦਾ ਇਲਾਕਾ ਸੰਘਣੀ ਆਬਾਦੀ ਵਾਲਾ ਮੁਹੱਲਾ ਹੁੰਦਾ ਸੀ।

ਸੌ ਸਾਲ ਤੋਂ ਵੀ ਵੱਧ ਪੁਰਾਣਾ ਇਮਾਮਬਾੜਾ ਇਕ ਸੱਯਦ ਨਾਥ ਸ਼ਾਹ ਨਾਂ ਦੇ ਵਿਅਕਤੀ ਨੇ ਬਣਾਇਆ ਸੀ, ਜੋ ਦੇਸ਼-ਵੰਡ ਤੋਂ ਪਿੱਛੋਂ ਮਹੱਲੇ ਦੇ ਹੋਰ ਵਸਨੀਕਾਂ ਨਾਲ ਪਾਕਿਸਤਾਨ ਨੂੰ ਚਲਾ ਗਿਆ ਸੀ।

ਕਸ਼ਮੀਰ ਤੋਂ ਆਏ ਸਫ਼ਦਰ ਕਾਜ਼ਮ ਮੀਰ ਨੇ 1962 ਵਿਚ ਇਸ ਸਥਾਨ ਨੂੰ ਮੁੜ ਆਬਾਦ ਕੀਤਾ। ਕੁਝ ਸਮੇਂ ਬਾਅਦ ਉਹ ਕਸ਼ਮੀਰ ਨੂੰ ਪਰਤ ਗਿਆ। ਕਾਸਿਮ ਅਲੀ, ਗੁਲਾਮ ਹੁਸੈਨ ਅਤੇ ਸੱਯਦ ਅਸਦੁੱਲਾ ਵੀ ਇੱਥੇ ਰਹਿੰਦੇ ਰਹੇ ਹਨ।

ਕਿਹਾ ਜਾਂਦਾ ਹੈ ਕਿ ਬਾਅਦ ਵਿਚ ਇਮਾਮ ਬਾੜੇ ਦੀ ਕਾਫ਼ੀ ਜ਼ਮੀਨ



ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਨੂੰ ਦੇ ਦਿੱਤੀ ਗਈ। ਕਸ਼ਮੀਰੀ ਇਮਾਮਬਾੜੇ ਵਿਚ ਇਕ ਮਸੀਤ ਵੀ ਹੈ, ਜਿਸ ਦੀ ਦੇਖ-ਭਾਲ ਉੱਥੇ ਰਹਿੰਦੇ ਪਰਿਵਾਰ ਕਰਦੇ ਹਨ। ਮੁਹੱਰਮ ਦੇ ਦਿਨਾਂ ਵਿਚ ਕਸ਼ਮੀਰੀ ਮੁਸਲਮਾਨਾਂ ਦਾ ਧਾਰਮਕ ਉਤਸ਼ਾਹ ਸਿਖ਼ਰ 'ਤੇ ਹੁੰਦਾ ਹੈ। ਮਾਤਮੀ ਤਿਉਹਾਰ ਇਸਲਾਮੀ ਕਲੰਡਰ ਦੇ ਪਹਿਲੇ ਮਹੀਨੇ ਮੁਹੱਰਮ ਵਿਚ ਮਨਾਇਆ ਜਾਂਦਾ ਹੈ। ਇਸ ਦਿਨ ਕਰਬਲਾ ਦੀ ਜੰਗ ਵਿਚ ਹਜ਼ਰਤ ਇਮਾਮ ਹੁਸੈਨ ਦੀ ਮੌਤ ਹੋ ਗਈ ਸੀ।

ਇਮਾਮਾਬਾੜਾ ਦੇ ਇਕ ਵਸਨੀਕ ਅਤੇ ਜਨਾਬ ਗੁਲਾਮ ਹੁਸੈਨ ਦੇ ਪੁੱਤਰ ਰਾਣਾ ਮੁਹੰਮਦ ਹੁਸੈਨ ਕਹਿੰਦੇ ਹਨ ਕਿ ਸ਼ਹਿਰ ਵਿਚ ਰਹਿੰਦੇ ਬਹੁਤੇ ਕਸ਼ਮੀਰੀ ਪਰਿਵਾਰ ਕਸੀਦਾਕਾਰੀ ਦੇ ਕੰਮ ਨਾਲ ਨਿਰਬਾਹ ਕਰਦੇ ਹਨ। ਰਾਣਾ ਮੁਹੰਮਦ ਹੁਸੈਨ ਇਹ ਵੀ ਕਹਿੰਦੇ ਹਨ ਕਿ ਬਹੁਤੇ ਕਸ਼ਮੀਰੀ ਖ਼ਾਸ ਕਰ ਕੇ ਮੁਸਲਮਾਨ ਕਸ਼ਮੀਰੀ ਸਿਆਲ ਦੇ ਮੌਸਮ ਵਿਚ ਥੋੜ੍ਹੇ ਸਮੇਂ ਲਈ ਅੰਮ੍ਰਿਤਸਰ ਆਉਂਦੇ ਹਨ। ਉਨ੍ਹਾਂ ਦਿਨਾਂ ਵਿਚ ਸ਼ਾਲਾਂ ਅਤੇ ਕਸੀਦਾਕਾਰੀ ਦਾ ਧੰਦਾ ਸਿਖ਼ਰ ਉਤੇ ਹੁੰਦਾ ਹੈ।

ਡਾ.ਬੀ.ਐੱਨ. ਸ਼ਾਰਗਾ ਦਾ ਕਸ਼ਮੀਰੀਆਂ ਬਾਰੇ ਇਕ ਅਧਿਐਨ 'ਕਸ਼ਮੀਰ ਸੈਂਟੀਨਲ' ਵਿਚ ਛਪਿਆ ਸੀ। ਡਾ. ਸ਼ਾਰਗਾ ਅਨੁਸਾਰ ਅੰਮ੍ਰਿਤਸਰ ਵਿਚ ਰਹਿੰਦੇ ਬਹੁਤੇ ਕਸ਼ਮੀਰੀ ਪੰਡਤ ਉਨ੍ਹੀਵੀਂ ਸਦੀ ਦੇ ਅੰਤ ਵਿਚ ਕਸ਼ਮੀਰ ਦੀਆਂ ਵੱਖ-ਵੱਖ ਥਾਵਾਂ ਤੋਂ ਅੰਮ੍ਰਿਤਸਰ ਆਏ ਸਨ। ਅੰਮ੍ਰਿਤਸਰ ਵਿਚ ਸਭ ਤੋਂ ਪਹਿਲਾਂ ਆ ਕੇ ਵਸਣ ਵਾਲੇ ਕਸ਼ਮੀਰੀ ਪੰਡਤਾਂ ਵਿਚੋਂ ਇਕ ਰਾਏ ਬਹਾਦਰ ਪੰਡਤ ਬਿਹਾਰੀ ਲਾਲ ਕਿਚਲੂ ਸਨ। ਜਿਨ੍ਹਾਂ ਨੂੰ ਅੰਗਰੇਜ਼ ਸਰਕਾਰ ਨੇ ਇੱਥੇ 1869 ਵਿਚ ਨਿਯੁਕਤ ਕੀਤਾ ਸੀ। ਉਨ੍ਹਾਂ ਦੇ ਬਜ਼ੁਰਗ ਪੰਡਤ ਆਤਮਾ ਰਾਮ ਕਿਚਲੂ, ਮੁਗਲ ਬਾਦਸ਼ਾਹ ਸ਼ਾਹ ਆਲਮ ਦੂਜੇ (1759-1806 ਈ.) ਦੀ ਫ਼ੌਜ ਵਿਚ ਭਰਤੀ ਸਨ।

ਪੰਡਤ ਰਾਮ ਚੰਦਰ ਟਿੱਕੂ, ਪੰਡਤ ਹਿੰਮਤ ਰਾਮ ਕਾਰਵਾਊਨ ਅਤੇ ਪੰਡਤ ਮਹਿਤਾਬ ਰਾਮ ਮੱਟੂ ਸਾਰੇ ਸ਼ਾਲ-ਵਪਾਰੀ ਸਨ ਜੋ ਅੰਮ੍ਰਿਤਸਰ ਨਾਲ ਆਪਣਾ ਵਪਾਰ ਕਰਦੇ ਸਨ। ਉਹ ਪਵਿੱਤਰ ਸ਼ਹਿਰ ਵਿਚ ਆਪਣਾ ਵਪਾਰ ਵਧਾਉਣ ਲਈ ਉਨ੍ਹੀਵੀਂ ਸਦੀ ਵਿਚ ਆਏ। ਸ੍ਰੀ ਮਹਿਤਾਬ ਰਾਮ ਮੱਟੂ ਦੇ ਸਪੁੱਤਰ ਸ੍ਰੀ ਕਸ਼ਮੀਰਾ ਮੱਲ ਮੱਟੂ ਸ਼ਹਿਰ ਦੇ ਪ੍ਰਸਿੱਧ ਵਕੀਲ ਸਨ। ਉਨ੍ਹਾਂ ਨੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਅੰਮ੍ਰਿਤਸਰ ਵਿਚ ਇਕ ਕਸ਼ਮੀਰੀ ਸ਼ਿਵਾਲਾ ਬਣਾਉਣ ਦਾ ਸੁਝਾ ਦਿੱਤਾ। ਪੰਡਤ ਕਸ਼ਮੀਰਾ ਮੱਲ ਮੱਟੂ ਦੁਆਰਾ ਬਣਾਇਆ ਗਿਆ ਤਕਰੀਬਨ ਇਕ ਸਦੀ ਪੁਰਾਣਾ ਕਸ਼ਮੀਰੀ ਸ਼ਿਵਾਲਾ, ਅੰਮ੍ਰਿਤਸਰ ਵਿਚ ਕਸ਼ਮੀਰੀ ਪੰਡਤਾਂ ਦੀ ਇਤਿਹਾਸਕ ਇਮਾਰਤ ਹੈ। ਇਹ ਸ਼ਿਵਾਲਾ ਕੇਵਲ ਸਦੀਆਂ ਪੁਰਾਣੇ ਸੱਭਿਆਚਾਰਕ ਵਿਰਸੇ ਦਾ ਪ੍ਰਤੀਕ ਹੀ ਨਹੀਂ, ਸਗੋਂ ਸ਼ਹਿਰ ਵਿਚ ਰਹਿੰਦੇ ਕਸ਼ਮੀਰੀ ਪੰਡਤਾਂ ਦੇ 70 ਪਰਿਵਾਰਾਂ ਦੀਆਂ ਸਮਾਜਕ, ਸੱਭਿਆਚਾਰਕ ਅਤੇ ਧਾਰਮਕ ਗਤੀਵਿਧੀਆਂ ਦਾ ਕੇਂਦਰ ਵੀ ਹੈ।

ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਅੰਮ੍ਰਿਤਸਰ ਵਿਚ ਕਸ਼ਮੀਰੀ ਪੰਡਤਾਂ ਦੀ ਕਾਫ਼ੀ ਆਬਾਦੀ ਹੋ ਗਈ ਸੀ। ਇਸ ਲਈ ਇਸ ਗੱਲ ਦੀ ਲੋੜ ਮਹਿਸੂਸ ਕੀਤੀ ਗਈ ਕਿ

ਬਰਾਦਰੀ ਦੇ ਪਰਸਪਰ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਅਤੇ ਧਾਰਮਕ ਤੇ ਸਮਾਜਕ ਇਕੱਠ ਕਰਨ ਵਾਸਤੇ ਬਰਾਦਰੀ ਦੀ ਕੋਈ ਵਿਸ਼ੇਸ਼ ਥਾਂ ਹੋਣੀ ਚਾਹੀਦੀ ਹੈ। ਚੌਕ ਫਰੀਦ ਅਤੇ ਕੂਚਾ-ਇ-ਕਸ਼ਮੀਰੀ ਪੰਡਤਾਂ ਵਿਚ ਕਿਉਂਕਿ ਵੱਡੀ ਗਿਣਤੀ ਵਿਚ ਕਸ਼ਮੀਰੀ ਪੰਡਤ ਆਬਾਦ ਸਨ, ਇਸ ਲਈ ਚੌਕ ਫਰੀਦ ਵਿਚ ਸ਼ਿਵਾਲਾ ਬਣਾਉਣ ਲਈ ਪੰਡਤ ਮੱਟੂ ਨੇ 1908 ਵਿਚ ਇਕ ਕਨਾਲ ਜ਼ਮੀਨ ਦਾਨ ਦਿੱਤੀ। ਇਸ ਸ਼ੁੱਭ ਕੰਮ ਲਈ ਹੋਰ ਬਰਾਦਰੀਆਂ ਦੇ ਲੋਕਾਂ ਨੇ ਵੀ ਦਿਲ ਖੋਲ੍ਹ ਕੇ ਦਾਨ ਦਿੱਤਾ। ਨਤੀਜੇ ਵਜੋਂ ਫਰੀਦ ਚੌਕ ਵਿਚ ਖੜ੍ਹਾ ਮੌਜੂਦਾ ਕਸ਼ਮੀਰੀ ਸ਼ਿਵਾਲਾ 1910 ਵਿਚ ਮੁਕੰਮਲ ਹੋ ਗਿਆ।

1947 ਦੇ ਫਿਰਕੂ ਫਸਾਦਾਂ ਵਿਚ ਸ਼ਿਵਾਲੇ ਦੀ ਇਤਿਹਾਸਕ ਇਮਾਰਤ ਨੂੰ ਨਸ਼ਟ ਕਰ ਦਿੱਤਾ ਗਿਆ ਅਤੇ ਕੀਮਤੀ ਰਿਕਾਰਡ ਗੁੰਮ ਹੋ ਗਿਆ। ਫਸਾਦਾਂ ਦੇ ਦਿਨਾਂ ਵਿਚ ਬਹੁਤ ਸਾਰੇ ਕਸ਼ਮੀਰੀ ਪੰਡਤ ਅੰਮ੍ਰਿਤਸਰ ਨੂੰ ਛੱਡ ਕੇ ਹੋਰ ਥਾਵਾਂ 'ਤੇ ਚਲੇ ਗਏ। ਜਦੋਂ ਸ਼ਹਿਰ ਵਿਚ ਦੁਬਾਰਾ ਅਮਨ-ਸ਼ਾਂਤੀ ਹੋ ਗਈ ਤਾਂ ਸਮਰਪਿਤ ਕਾਰਜ-ਕਰਤਾਵਾਂ ਦੀ ਇਕ ਟੀਮ ਨੇ ਸ਼ਿਵਾਲੇ ਦੇ ਮਲਬੇ ਵਿਚੋਂ ਜਿੰਨਾ ਕੁ ਪੁਰਾਣਾ ਰਿਕਾਰਡ ਲੱਭ ਸਕਦਾ ਸੀ, ਉਹ ਲੱਭਿਆ। ਡਾ. ਸ਼ਾਰਗਾ ਦਸਦੇ ਹਨ ਕਿ ਕਸ਼ਮੀਰੀ ਪੰਡਤਾਂ ਨੇ ਇਕ ਸ਼ਿਵਾਲਾ ਸ੍ਰੀ ਹਰਿਮੰਦਰ ਸਾਹਿਬ ਦੇ ਪਿੱਛੇ ਕਟੜਾ ਦਲ ਸਿੰਘ ਵਿਚ ਵੀ ਬਣਾਇਆ ਸੀ, ਜੋ 1914 ਵਿਚ ਮੁਕੰਮਲ ਹੋਇਆ ਸੀ। ਇਹ ਸ਼ਿਵਾਲਾ ਵੀ ਕਸ਼ਮੀਰੀ ਪੰਡਤ ਸਭਾ ਅੰਮ੍ਰਿਤਸਰ ਦੇ ਪ੍ਰਬੰਧ-ਅਧੀਨ ਸੀ। ਉਹ ਕਹਿੰਦੇ ਹਨ ਕਿ ਇਹ ਸ਼ਿਵਾਲਾ ਕੁਝ ਸਮਾਂ ਪਹਿਲਾਂ ਤਕ ਡਿੱਗੀ-ਢੱਠੀ ਹਾਲਤ ਵਿਚ ਸੀ।

ਕਸ਼ਮੀਰੀ ਸ਼ਿਵਾਲਾ ਪੰਡਤਾਂ ਟਰੱਸਟ ਦੇ ਮੈਨੇਜਰ ਸ੍ਰੀ ਸ਼ਾਮ ਲਾਲ ਦੱਸਦੇ ਹਨ ਕਿ ਦੇਸ਼ ਵੰਡ ਤੋਂ ਬਾਅਦ ਸ਼ਿਵਾਲੇ ਦੇ ਸਾਹਮਣੇ ਕੂਚਾ-ਇ-ਕਸ਼ਮੀਰੀ ਪੰਡਤਾਂ ਵਿਚ ਤਕਰੀਬਨ 45 ਪਰਿਵਾਰ ਰਹਿੰਦੇ ਸਨ। ਅੱਜ ਕੱਲ੍ਹ ਸ਼ਹਿਰ ਵਿਚ ਕਸ਼ਮੀਰੀ ਪੰਡਤਾਂ ਦੇ ਤਕਰੀਬਨ 70 ਪਰਿਵਾਰ ਰਹਿੰਦੇ ਹਨ ਜਿਨ੍ਹਾਂ ਵਿਚੋਂ 40 ਮੈਂਬਰਾਂ ਦੇ ਨਾਂ ਟਰੱਸਟ ਦੇ ਰਿਕਾਰਡ ਵਿਚ ਰਜਿਸਟਰ ਹਨ।

ਕਸ਼ਮੀਰੀ ਆਪਣੇ ਸੱਭਿਆਚਾਰ ਨੂੰ ਪ੍ਰਣਾਏ ਹੋਏ ਹਨ। ਟਰੱਸਟ ਨੇ ਆਪਣੇ ਮੈਂਬਰਾਂ ਲਈ ਜੰਮੂ ਤੋਂ ਜੰਤਰੀ ਮੰਗਵਾਈ ਤਾਂ ਜੋ ਮੈਂਬਰਾਂ ਨੂੰ ਆਪਣੇ ਧਾਰਮਕ ਤੇ ਹੋਰ ਤਿਉਹਾਰਾਂ ਦੀਆਂ ਤਰੀਕਾਂ ਦਾ ਪਤਾ ਲਗ ਸਕੇ। ਹੁਣ ਉਹ ਆਪਣੇ ਤਿਉਹਾਰ ਸਹੀ ਤਰੀਕਾਂ 'ਤੇ ਮਨਾਉਂਦੇ ਹਨ।

ਪਹਿਲਾਂ ਹਜ਼ਾਰਾਂ ਦੀ ਗਿਣਤੀ ਵਿਚ ਕਸ਼ਮੀਰੀ ਅੰਮ੍ਰਿਤਸਰ ਆਉਂਦੇ ਸਨ। ਹੁਣ ਉਨ੍ਹਾਂ ਦੀ ਗਿਣਤੀ ਘੱਟ ਕੇ ਸਿਰਫ 50 ਤਕ ਰਹਿ ਗਈ ਹੈ। ਕਸ਼ਮੀਰੀ ਜੁਲਾਹਿਆਂ ਨੇ ਸਿਰਕੀਬੰਦਾਂ, ਸ਼ਕਤੀ ਨਗਰ ਅਤੇ ਪੁਤਲੀਘਰ ਦੇ ਮਹੱਲਿਆਂ ਵਿਚ ਦੁਕਾਨਾਂ ਕਿਰਾਏ 'ਤੇ ਲਈਆਂ ਹੋਈਆਂ ਹਨ। 64 ਸਾਲਾਂ ਦੇ ਮੁਹੰਮਦ ਭੱਟ ਦੇ ਅਨੁਸਾਰ ਜਿਹੜਾ ਆਪਣੇ ਬਚਪਨ ਤੋਂ ਹੀ ਹਰ ਸਿਆਲ ਕਸ਼ਮੀਰ ਦੀ ਵਾਦੀ 'ਚੋਂ ਅੰਮ੍ਰਿਤਸਰ ਆਉਂਦਾ ਹੈ, ਹੁਣ ਕਸ਼ਮੀਰੀ ਜੁਲਾਹਿਆਂ ਨੂੰ ਆਪਣੀ ਮਿਹਨਤ ਮੁਤਾਬਕ



ਪੈਸਾ ਨਹੀਂ ਮਿਲਦਾ। ਪੁਰਾਣੇ ਦਿਨਾਂ ਨੂੰ ਯਾਦ ਕਰ ਕੇ ਉਹ ਕਹਿੰਦਾ ਹੈ ਕਿ ਉਹ ਇਕ ਸ਼ਾਲ ਉਤੇ ਇਕ ਸਾਲ ਤੋਂ ਲੈ ਕੇ ਸੱਤ ਸਾਲ ਤਕ ਕੰਮ ਕਰਦੇ ਸਨ ਤੇ ਉਨ੍ਹਾਂ ਦੀ ਉਹ ਸ਼ਾਲ ਇਕ ਲੱਖ ਰੁਪਏ ਵਿਚ ਵਿਕਦੀ ਸੀ।

ਅੰਮ੍ਰਿਤਸਰ ਵਿਚ ਜਨਮੇ ਕਸ਼ਮੀਰੀਆਂ ਵਿਚ ਸਭ ਤੋਂ ਪ੍ਰਸਿੱਧ ਨਾਂ ਹੈ: ਡਾ. ਸੈਫ਼-ਉੱਦੀਨ ਕਿਚਲੂ ਜੀ ਦਾ। ਅੰਮ੍ਰਿਤਸਰ ਵਿਚ ਉਨ੍ਹਾਂ ਦਾ ਜਨਮ ਜਨਾਬ ਅਜ਼ੀਜ਼-ਉੱਦੀਨ ਕਿਚਲੂ ਅਤੇ ਦਾਨ ਬੀਬੀ ਦੇ ਘਰ 15 ਜਨਵਰੀ 1888 ਨੂੰ ਹੋਇਆ। ਉਨ੍ਹਾਂ ਨੇ ਆਪਣੀ ਸਕੂਲ ਦੀ ਪੜ੍ਹਾਈ ਇਸਲਾਮੀਆ ਹਾਈ ਸਕੂਲ ਅੰਮ੍ਰਿਤਸਰ ਤੋਂ, ਬੀ.ਏ. ਦੀ ਪੜ੍ਹਾਈ ਕੈਂਬ੍ਰਿਜ ਯੂਨੀਵਰਸਿਟੀ ਤੋਂ ਅਤੇ ਪੀ.ਐੱਚ.ਡੀ. ਦੀ ਡਿਗਰੀ ਜਰਮਨ ਯੂਨੀਵਰਸਿਟੀ ਤੋਂ ਹਾਸਲ ਕੀਤੀ; ਅਤੇ ਉਹ ਭਾਰਤ ਵਿਚ ਵਕਾਲਤ ਕਰਨ ਲਗ ਪਏ।

ਡਾ. ਕਿਚਲੂ ਨੇ ਭਾਰਤ ਦੀ ਕੌਮੀ ਲਹਿਰ ਵਿਚ ਉਦੋਂ ਪ੍ਰਵੇਸ਼ ਕੀਤਾ ਜਦੋਂ ਸਾਰਾ ਦੇਸ਼ ਰੋਲਟ ਐਕਟ ਦੇ ਵਿਰੁੱਧ ਅੰਦੋਲਨ ਕਰ ਰਿਹਾ ਸੀ। ਉਨ੍ਹਾਂ ਨੂੰ ਪੰਜਾਬ ਵਿਚ ਇਸ ਕਾਨੂੰਨ ਦੇ ਖ਼ਿਲਾਫ਼ ਰੋਸ ਪ੍ਰਗਟ ਕਰਨ ਵਾਲੇ ਲੋਕਾਂ ਦੀ ਅਗਵਾਈ ਕਰਦਿਆਂ ਮਹਾਤਮਾ ਗਾਂਧੀ ਅਤੇ ਡਾ. ਸਤਿਆਪਾਲ ਦੇ ਨਾਲ ਗ੍ਰਿਫ਼ਤਾਰ ਕਰ ਲਿਆ ਗਿਆ। ਇਨ੍ਹਾਂ ਤਿੰਨਾਂ ਦੀ ਗ੍ਰਿਫ਼ਤਾਰੀ ਵਿਰੁੱਧ ਰੋਸ ਪ੍ਰਗਟ ਕਰਨ ਲਈ ਜੱਲਿਆਂਵਾਲੇ ਬਾਗ਼ ਵਿਚ ਇਕ ਜਲਸਾ ਕੀਤਾ ਗਿਆ, ਜਿਸ ਉਤੇ ਜਨਰਲ ਰਿਨਾਲਡ ਡਾਇਰ ਅਤੇ ਉਸ ਦੇ ਸਿਪਾਹੀਆਂ ਨੇ ਨਿਹੱਥੇ ਲੋਕਾਂ ਉਤੇ ਬੜੀ ਬੇਰਹਿਮੀ ਨਾਲ ਗੋਲੀਆਂ ਦੀ ਬੁਛਾੜ ਕਰ ਦਿੱਤੀ। ਸੈਂਕੜੇ ਲੋਕ ਮਾਰੇ ਗਏ ਅਤੇ ਸੈਂਕੜੇ ਹੋਰ ਜ਼ਖ਼ਮੀ ਹੋ ਗਏ।

ਜਦੋਂ ਪੰਜਾਬ ਦੇ ਬਹੁਗਿਣਤੀ ਮੁਸਲਮਾਨ ਪਾਕਿਸਤਾਨ 'ਲਹਿਰ' ਦੇ ਖਿੱਚੇ ਹੋਏ, ਅੰਮ੍ਰਿਤਸਰ ਨੂੰ ਛੱਡ ਕੇ ਪਾਕਿਸਤਾਨ ਚਲੇ ਗਏ ਤਾਂ ਡਾ. ਕਿਚਲੂ ਨੇ ਹਿੰਦੁਸਤਾਨ ਵਿਚ ਰਹਿਣ ਨੂੰ ਤਰਜੀਹ ਦਿੱਤੀ। ਉਨ੍ਹਾਂ ਨੇ ਦੋ-ਕੌਮੀ ਸਿਧਾਂਤ ਦੀ ਨਿਖੇਧੀ ਕੀਤੀ ਅਤੇ ਪਿਛਲੀ ਸਦੀ ਦੇ ਪੰਜਵੇਂ ਦਹਾਕੇ ਵਿਚ ਮੁਸਲਿਮ ਲੀਗ ਦੇ ਫਿਰਕੂਵਾਦ ਦਾ ਡਟ ਕੇ ਵਿਰੋਧ ਕੀਤਾ; ਹਾਲਾਂਕਿ 1917 ਵਿਚ ਉਨ੍ਹਾਂ ਨੇ ਅੰਮ੍ਰਿਤਸਰ ਵਿਚ ਮੁਸਲਿਮ ਲੀਗ ਦੀ ਬਰਾਂਚ ਖੋਲ੍ਹੀ ਸੀ।

ਉਨ੍ਹਾਂ ਨੇ ਮੁਸਲਮਾਨਾਂ ਦੀ ਤਰੱਕੀ ਲਈ ਉਰਦੂ ਵਿਚ ਰੋਜ਼ਾਨਾ 'ਤਨਜ਼ੀਮ' ਛਾਪਣਾ ਸ਼ੁਰੂ ਕੀਤਾ। ਉਨ੍ਹਾਂ ਨੇ ਨੌਜੁਆਨਾਂ ਨੂੰ ਦੇਸ਼-ਭਗਤੀ ਦੀ ਸਿੱਖਿਆ ਦੇਣ ਲਈ ਅਤੇ ਹਿੰਦੂ-ਮੁਸਲਿਮ ਏਕਤਾ ਨੂੰ ਮਜ਼ਬੂਤ ਕਰਨ ਲਈ, ਜਨਵਰੀ 1921 ਵਿਚ ਅੰਮ੍ਰਿਤਸਰ ਵਿਚ ਇਕ 'ਸਵਰਾਜ ਆਸ਼ਰਮ' ਕਾਇਮ ਕੀਤਾ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਇਕ ਵਿਦਵਾਨ ਡਾ. ਅਮਨਦੀਪ ਨੇ ਇਕ ਬਹੁਤ ਹੀ ਵਧੀਆ ਲੇਖ ਲਿਖਿਆ ਹੈ ਜਿਸ ਵਿਚ ਅੰਮ੍ਰਿਤਸਰ ਵਿਚ ਰੋਲਟ ਐਕਟ ਵਿਰੁੱਧ ਚੱਲੇ ਅੰਦੋਲਨ ਵਿਚ ਅੰਮ੍ਰਿਤਸਰ ਦੇ ਕਸ਼ਮੀਰੀ ਮੁਸਲਮਾਨਾਂ ਦੀ ਭੂਮਿਕਾ ਦਾ ਲੇਖਾ-ਜੋਖਾ ਕੀਤਾ ਗਿਆ ਹੈ।

ਕਸ਼ਮੀਰੀ ਮੁਸਲਮਾਨਾਂ ਦਾ ਜੋ ਪਹਿਲਾ ਜਥਾ ਅੰਮ੍ਰਿਤਸਰ ਵਿਚ ਆਇਆ,

ਉਹ ਪਸ਼ਮੀਨੇ ਦੇ ਵਪਾਰੀ ਸਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਇਹ ਵਪਾਰੀ ਕਈ ਵਾਰ ਅੰਮ੍ਰਿਤਸਰ ਆਏ।

ਬਹੁਤ ਸਾਰੇ ਕਸ਼ਮੀਰੀਆਂ ਨੇ ਅੰਮ੍ਰਿਤਸਰ ਵਿਚ ਚੰਗੀ ਕਮਾਈ ਕੀਤੀ ਕਿਉਂਕਿ ਪਸ਼ਮੀਨੇ ਦਾ ਸਾਰਾ ਵਪਾਰ ਉਨ੍ਹਾਂ ਦੇ ਹੱਥਾਂ ਵਿਚ ਹੀ ਸੀ। ਡਾ. ਸੈਫ਼-ਉੱਦੀਨ ਕਿਚਲੂ ਵੀ ਇਸੇ ਤਰ੍ਹਾਂ ਦੇ ਇਕ ਪਰਿਵਾਰ ਨਾਲ ਸਬੰਧਿਤ ਸਨ। ਉਨ੍ਹਾਂ ਦੇ ਪਿਤਾ ਪਸ਼ਮੀਨੇ ਤੇ ਕੇਸਰ ਦੇ ਪ੍ਰਸਿੱਧ ਵਪਾਰੀ ਸਨ। ਬਾਰਾਮੂਲਾ ਦੇ ਇਕ ਬ੍ਰਾਹਮਣ ਪਰਿਵਾਰ ਨਾਲ ਸਬੰਧਿਤ ਡਾ. ਕਿਚਲੂ ਦੇ ਬਜ਼ੁਰਗ ਪ੍ਰਕਾਸ਼ ਰਾਮ ਕਿਚਲੂ ਨੇ ਇਸਲਾਮ ਧਾਰਨ ਕਰ ਲਿਆ ਸੀ। ਡਾ. ਕਿਚਲੂ ਦੇ ਦਾਦਾ ਅਹਿਮਦ 19ਵੀਂ ਸਦੀ ਦੇ ਅੱਧ ਵਿਚ ਕਸ਼ਮੀਰ ਤੋਂ ਹਿਜਰਤ ਕਰ ਕੇ ਆ ਗਏ ਸਨ। 1871 ਵਿਚ ਕਸ਼ਮੀਰ ਵਿਚ ਬੜਾ ਭਿਆਨਕ ਕਾਲ ਪੈ ਗਿਆ। ਉਸ ਤੋਂ ਬਾਅਦ ਬਹੁਤ ਸਾਰੇ ਮੁਸਲਮਾਨ ਕਸ਼ਮੀਰ ਤੋਂ ਅੰਮ੍ਰਿਤਸਰ ਆ ਗਏ।

1891 ਵਿਚ ਅੰਮ੍ਰਿਤਸਰ ਵਿਚ ਕਸ਼ਮੀਰੀ ਮੁਸਲਮਾਨਾਂ ਦੀ ਗਿਣਤੀ 21261 ਸੀ। ਇਹ ਅੰਮ੍ਰਿਤਸਰ ਦੀ ਕੁੱਲ ਮੁਸਲਿਮ ਆਬਾਦੀ ਦਾ ਤੀਜਾ ਹਿੱਸਾ ਅਤੇ ਅੰਮ੍ਰਿਤਸਰ ਦੀ ਕੁੱਲ ਆਬਾਦੀ ਦਾ ਛੇਵਾਂ ਹਿੱਸਾ ਸੀ।

ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਬਹੁਤ ਸਾਰੇ ਕਸ਼ਮੀਰੀ ਮੁਸਲਮਾਨ ਅੰਮ੍ਰਿਤਸਰ ਵਿਚੋਂ ਚਲੇ ਗਏ। ਇਸ ਦਾ ਕਾਰਨ ਅਜੇ ਸਪਸ਼ਟ ਨਹੀਂ ਹੋਇਆ। 1921 ਵਿਚ ਅੰਮ੍ਰਿਤਸਰ ਵਿਚ ਕਸ਼ਮੀਰੀ ਮੁਸਲਮਾਨਾਂ ਦੀ ਗਿਣਤੀ 16024 ਸੀ, ਜੋ ਕੁੱਲ ਮੁਸਲਿਮ ਆਬਾਦੀ ਦੀ ਪੰਜਵਾਂ ਹਿੱਸਾ ਅਤੇ ਅੰਮ੍ਰਿਤਸਰ ਦੀ ਕੁੱਲ ਆਬਾਦੀ ਦਾ ਦਸਵਾਂ ਹਿੱਸਾ ਸੀ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਖੋਜੀ ਵਿਦਵਾਨ ਡਾ. ਅਮਨਦੀਪ ਕਹਿੰਦੇ ਹਨ ਕਿ ਡਾ. ਕਿਚਲੂ ਤੇ ਡਾ. ਸਤਿਆ ਪਾਲ ਨੇ 30 ਮਾਰਚ ਤੇ ਫੇਰ 6 ਅਪ੍ਰੈਲ 1919 ਦੇ ਅੰਦੋਲਨਾਂ ਨੂੰ ਕਾਮਯਾਬ ਕਰਨ ਲਈ ਬਹੁਤ ਉੱਦਮ ਕੀਤਾ। ਨੌਂ ਅਪ੍ਰੈਲ ਨੂੰ ਰਾਮਨੌਮੀ ਦੇ ਜਲੂਸ ਵਿਚ ਮੁਸਲਮਾਨਾਂ ਦੀ ਸ਼ਮੂਲੀਅਤ ਨੇ ਹਿੰਦੂ ਤਿਉਹਾਰ ਨੂੰ ਇਕ ਨਵਾਂ ਰੰਗ ਤੇ ਮਹੱਤਵ ਪ੍ਰਦਾਨ ਕੀਤਾ। ਹਿੰਦੂ ਮੁਸਲਿਮ ਏਕਤਾ ਤੇ 10 ਅਪ੍ਰੈਲ ਦੀ ਉਥਲ-ਪੁਥਲ ਨੇ ਜ਼ਿਲ੍ਹਾ ਅਧਿਕਾਰੀਆਂ ਵਿਚ ਘਬਰਾਹਟ ਪੈਦਾ ਕਰ ਦਿੱਤੀ।

ਸਰਕਾਰ ਨੇ ਦੋਹਾਂ ਲੀਡਰਾਂ ਨੂੰ ਗ੍ਰਿਫ਼ਤਾਰ ਕਰ ਕੇ ਧਰਮਸਾਲਾ ਭੇਜ ਦਿੱਤਾ। ਉਨ੍ਹਾਂ ਦੇ ਸ਼ਹਿਰ ਨਿਕਾਲੇ ਵਿਰੁੱਧ ਲੋਕਾਂ ਨੇ ਜਲੂਸ ਕੱਢਿਆ। ਸਰਕਾਰ ਨੇ ਜਲੂਸ ਉਤੇ ਗੋਲੀ ਚਲਾ ਦਿੱਤੀ। ਜਿਸ ਕਾਰਨ ਜਲੂਸ ਨੇ ਹਿੰਸਕ ਰੂਪ ਧਾਰ ਲਿਆ।

ਇਸ ਪਿੱਛੋਂ ਸ਼ਹਿਰ ਉਤੇ ਜਨਰਲ ਡਾਇਰ ਦਾ ਮਿਲਟਰੀ ਸ਼ਾਸਨ ਲਾਗੂ ਕਰ ਦਿੱਤਾ ਗਿਆ। 13 ਅਪ੍ਰੈਲ 1919 ਨੂੰ ਜਨਰਲ ਡਾਇਰ ਦੀ ਕਮਾਨ ਹੇਠ ਸ਼ਹਿਰ ਵਿਚ ਜੱਲਿਆਂਵਾਲੇ ਬਾਗ ਦਾ ਸਾਕਾ ਵਾਪਰ ਗਿਆ।



## ਜੱਲਿਆਂਵਾਲੇ ਬਾਗ ਦਾ ਨਾਇਕ ਜਿਸ ਨੂੰ ਲੋਕ ਭੁੱਲ ਗਏ

ਲੋਕਾਂ ਦੀ ਯਾਦ-ਸ਼ਕਤੀ ਬਹੁਤ ਕਮਜ਼ੋਰ ਹੈ। ਜੱਲਿਆਂਵਾਲੇ ਬਾਗ ਦੇ ਨਾਇਕ ਡਾ. ਕਿਚਲੂ ਨੂੰ ਸ਼ਾਇਦ ਹੀ ਕੋਈ ਯਾਦ ਕਰਦਾ ਹੋਵੇਗਾ। ਜੱਲਿਆਂਵਾਲਾ ਬਾਗ ਨੈਸ਼ਨਲ ਮੈਮੋਰੀਅਲ ਟਰੱਸਟ ਦੇ ਸੈਕਟਰੀ ਸ੍ਰੀ ਐੱਸ.ਕੇ. ਮੁਖਰਜੀ ਨੇ ਦੱਸਿਆ ਕਿ ਮਹਾਨ ਸੁਤੰਤਰਤਾ ਸੰਗਰਾਮੀ ਡਾ. ਸੈਫ਼-ਉੱਦੀਨ ਕਿਚਲੂ ਦਾ ਇਕਲੌਤਾ ਪੁੱਤਰ ਤਲਿਤ ਕਿਚਲੂ ਨਵੀਂ ਦਿੱਲੀ ਵਿਚ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਵਿਚ ਰਹਿੰਦਾ ਸੀ; ਜਦ ਕਿ ਡਾ. ਕਿਚਲੂ ਦੀਆਂ ਪੰਜ ਧੀਆਂ ਪਾਕਿਸਤਾਨ ਵਿਚ ਵਿਆਹੀਆਂ ਹੋਈਆਂ ਹਨ। ਡਾ. ਕਿਚਲੂ ਦੇ ਘਰ ਬਾਰੇ ਉਨ੍ਹਾਂ ਦੱਸਿਆ ਕਿ ਉਹ ਕਰਮੋਵਾਲੀ ਡਿਉਢੀ ਵਿਚ ਕਿਤੇ ਰਹਿੰਦੇ ਸਨ। ਬੜੇ ਦੁੱਖ ਦੀ ਗੱਲ ਹੈ ਕਿ ਨੈਸ਼ਨਲ ਮੈਮੋਰੀਅਲ ਟਰੱਸਟ ਦੇ ਨਿਗਰਾਨ ਨੇ ਕਿਹਾ ਕਿ ਉਸ ਨੂੰ ਡਾ. ਕਿਚਲੂ ਦੇ ਘਰ ਦੀ ਅਸਲ ਜਗ੍ਹਾ ਦਾ ਪਤਾ ਨਹੀਂ; ਅਤੇ ਨਾ ਹੀ ਉਸ ਨੂੰ ਡਾ. ਕਿਚਲੂ ਦੇ ਪੁੱਤਰ ਅਤੇ ਧੀਆਂ ਦੇ ਐਡਰੈਸਾਂ ਦਾ ਪਤਾ ਹੈ। ਉਸ ਨੇ ਕਿਹਾ-ਸ਼ਾਇਦ ਡਾ. ਕਿਚਲੂ ਦੇ ਘਰ ਨੂੰ ਢਾਹ ਕੇ ਨਵੇਂ ਸਿਰੇ ਤੋਂ ਬਣਾਇਆ ਗਿਆ ਹੈ।

****

# ਪੱਛਮੀ ਉੜੀਸਾ ਤੇ ਪੂਰਬੀ ਪੰਜਾਬ

ਜਦ ਕਿ ਕੁੱਝ ਸਿੱਖ ਪਰਿਵਾਰਾਂ ਵੱਲੋਂ ਅੰਮ੍ਰਿਤਸਰ ਵਿਚ ਚਲਾਏ ਜਾ ਰਹੇ ਪਬਲਿਕ ਸਕੂਲਾਂ ਦੇ ਵਿਦਿਆਰਥੀਆਂ ਨੂੰ ਪੰਜਾਬੀ ਬੋਲਣ ’ਤੇ ਸਜ਼ਾ ਦਿੱਤੀ ਜਾਂਦੀ ਹੈ, ਉਥੇ ਅੰਮ੍ਰਿਤਸਰ ਵਿਚ ਰਹਿੰਦੇ ਉੜੀਸਾ ਪ੍ਰਾਂਤ ਦੇ ਬੱਚੇ ਗੁਰਮੁਖੀ ਲਿਖਣ ਤੇ ਪੜ੍ਹਨ ਵਿਚ ਮਾਣ ਮਹਿਸੂਸ ਕਰਦੇ ਹਨ।

ਅੰਮ੍ਰਿਤਸਰ ਅਤੇ ਪੰਜਾਬ ਦੇ ਕੁਝ ਹੋਰ ਹਿੱਸਿਆਂ ਵਿਚ ਜਨਮੇ ਕੁਝ ਉੜੀਆ ਨੌਜੁਆਨ ਤਾਂ ਸਿਰ ਉਤੇ ਦਸਤਾਰਾਂ ਵੀ ਬੰਨ੍ਹਦੇ ਹਨ ਅਤੇ ਉਨ੍ਹਾਂ ਨੂੰ ਸਥਾਨਕ ਸਿੱਖ ਨੌਜੁਆਨਾਂ ਨਾਲੋਂ ਵੱਖਰੇ ਕਰਨਾ ਮੁਸ਼ਕਲ ਹੋ ਜਾਂਦਾ ਹੈ। ਉਨ੍ਹਾਂ ਦੇ ਰੰਜੀਤਾ ਤੇ ਭੋਲਾ ਵਰਗੇ ਨਾਂ ਸੁਣ ਕੇ ਕੋਈ ਅਜਨਬੀ ਇਹ ਯਕੀਨ ਕਰ ਸਕਦਾ ਹੈ ਕਿ ਉਹ ਪੰਜਾਬ ਦੇ ਕਿਸੇ ਪਿੰਡ ਤੋਂ ਹੀ ਆਏ ਹਨ।

ਇਸ ਲਈ ਪੰਜਾਬ ਵਿਚ ਰਹਿੰਦੇ ਉੜੀਸਾ-ਵਾਸੀ ਕਈ ਤੱਤਾਂ ਦਾ ਮਿਸ਼ਰਨ ਦਿਖਾਈ ਦਿੰਦੇ ਹਨ। ਭਾਵੇਂ ਉੜੀਸਾ ਵਿਚ ਕਈ ਬੋਲੀਆਂ ਅਤੇ ਉਪ-ਬੋਲੀਆਂ ਬੋਲੀਆਂ ਜਾਂਦੀਆਂ ਹਨ; ਸ਼ਾਇਦ ਉਨ੍ਹਾਂ ਲਈ ਪੰਜਾਬੀ ਇਕ ਨਵੀਂ ਭਾਸ਼ਾ ਹੈ ਪਰ ਇਹ ਭਾਸ਼ਾ ਉਨ੍ਹਾਂ ਦੀ ਨਵੀਂ ਪੀੜ੍ਹੀ ਨੇ ਬਾਖੂਬੀ ਸਿੱਖ ਲਈ ਹੈ।

ਭਾਵੇਂ ਪੰਜਾਬ ਵਿਚ ਜਨਮੇ ਇਨ੍ਹਾਂ ਬੱਚਿਆਂ ਨੂੰ ਆਪਣੀ ਬੋਲੀ ਜਾਂ ਆਪਣੀ ਬੋਲੀ ਦੀ ਕੋਈ ਉਪ-ਬੋਲੀ ਬੋਲਣ ਵਿਚ ਮੁਸ਼ਕਿਲ ਪੇਸ਼ ਆਉਂਦੀ ਹੋਵੇ ਪਰ ਮਾਪਿਆਂ ਨੇ ਉਨ੍ਹਾਂ ਨੂੰ ਆਪਣੀ ਮਾਂ-ਬੋਲੀ ਜ਼ਰੂਰ ਸਿਖਾਈ ਹੈ ਤਾਂ ਜੋ ਉਹ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ।

ਇਹ ਬੱਚੇ ਸੈਕਰਡ ਹਰਟ, ਸੇਂਟ ਮੇਰੀ ਸਕੂਲ ਜਾਂ ਅਨੰਦ ਮਾਰਗ ਵੱਲੋਂ ਚਲਾਏ ਗਏ ਸਕੂਲਾਂ ਵਿਚ ਪੜ੍ਹਦੇ ਹਨ। ਇਕ ਉੜੀਆ ਬਜ਼ੁਰਗ ਚਤਰਭੁਜ ਕਹਿੰਦਾ ਹੈ ਕਿ ਪਾਵਨ ਨਗਰੀ ਵਿਚ ਉਨ੍ਹਾਂ ਦੀ ਆਬਾਦੀ 5000 ਤੋਂ ਟਪ ਗਈ ਹੈ। ‘ਇਹੀ ਕਾਰਨ ਹੈ ਕਿ ਜਦੋਂ ਕੋਈ ਚੋਣ ਹੁੰਦੀ ਹੈ, ਖ਼ਾਸ ਕਰ ਕੇ ਮਿਉਂਸਪਲ ਚੋਣਾਂ ਸਮੇਂ ਉਨ੍ਹਾਂ ਦਾ ਅਸ਼ੀਰਵਾਦ ਲੈਣ ਲਈ ਰਾਜਨੀਤਕ ਲੋਕ ਮਜੀਠਾ ਰੋਡ ਉਤੇ ਦੁਰਗਾ ਮੰਦਰ ਨੂੰ ਵਹੀਰਾਂ ਘੱਤ ਦਿੰਦੇ ਹਨ।’ ਪੰਜਾਬ ਵਿਚ ਉੜੀਸਾ-ਵਾਸੀਆਂ ਦੀ ਗਿਣਤੀ 50000 ਤੋਂ ਵੀ ਵਧ ਦੱਸੀ ਜਾਂਦੀ ਹੈ।

ਫਰ-ਫਰ ਪੰਜਾਬੀ ਬੋਲਦਾ ਦਮੋਦਰ ਕਹਿੰਦਾ ਹੈ ਕਿ ਅੰਮ੍ਰਿਤਸਰ ਵਿਚ ਉਨ੍ਹਾਂ ਦੀ ਬਰਾਦਰੀ ਪਿਛਲੇ 50 ਸਾਲਾਂ ਤੋਂ ਦੁਰਗਾ ਮੰਦਰ ਵਿਚ ਪੂਜਾ ਕਰਦੀ ਹੈ। ਇਸ ਦਾ ਮਤਲਬ ਹੈ ਕਿ ਪਿਛਲੀ ਅੱਧੀ ਸਦੀ ਤੋਂ ਵੀ ਵਧ ਸਮੇਂ ਤੋਂ ਉੜੀਆ ਲੋਕਾਂ ਨੇ ਅੰਮ੍ਰਿਤਸਰ ਵਿਚ ਵਸਣਾ ਸ਼ੁਰੂ ਕਰ ਦਿੱਤਾ ਸੀ।

ਪਹਿਲਾ ਉੜੀਸਾ-ਵਾਸੀ ਜੋ ਅੰਮ੍ਰਿਤਸਰ ਵਿਚ ਆਇਆ, ਉਹ ਮਰਹੂਮ



ਭਗਵਾਨ ਦਾਸ ਸੀ। ਉਹ ਅੰਮ੍ਰਿਤਸਰ ਵਿਚ 1950 ਵਿਚ ਕਲਕੱਤੇ ਦੇ ਇਕ ਵੱਡੇ ਵਪਾਰੀ ਨਾਲ ਪਲੰਬਰ ਦੇ ਤੌਰ ’ਤੇ ਆਇਆ ਸੀ। ਉਸ ਤੋਂ ਪਿੱਛੋਂ ਉਹ ਆਪਣੇ ਪਰਿਵਾਰ ਤੇ ਹੋਰ ਨਜ਼ਦੀਕੀਆਂ ਨੂੰ ਵੀ ਅੰਮ੍ਰਿਤਸਰ ਲੈ ਆਇਆ। ਉਸ ਤੋਂ ਬਾਅਦ ਮਥਰਾ ਦਾਸ, ਜਾਦੂਮਣੀ, ਸਨਾਤਨ, ਕੇ.ਸੀ.ਦਾਸ, ਦਰੁਬ ਦਾਸ, ਉਂਕਾਰ ਦਾਸ, ਰਵੀ ਅਰੁਕ ਤੇ ਕਈ ਹੋਰ ਆ ਗਏ।

ਭਾਵੇਂ ਬਹੁਤੇ ਉੜੀਸਾ ਵਾਸੀ ਇੱਥੇ ਪਲੰਬਰ ਜਾਂ ਫਿਟਰ ਵਜੋਂ ਕੰਮ ਕਰਦੇ ਹਨ ਪਰ ਹੁਣ ਉਨ੍ਹਾਂ ਵਿਚੋਂ ਸਰਕਾਰੀ ਨੌਕਰੀਆਂ ਵੀ ਕਰਦੇ ਹਨ।

ਹੁਣ ਉਨ੍ਹਾਂ ਵਿਚੋਂ ਕਈਆਂ ਨੇ ਭਾਵੇਂ ਪੰਜਾਬ ਦੇ ਕਈ ਹਿੱਸਿਆਂ ਵਿਚ ਪੱਕੇ ਘਰ ਬਣਾ ਲਏ ਹਨ, ਫਿਰ ਵੀ ਉਹ ਆਪਣੀਆਂ ਜੜ੍ਹਾਂ ਨੂੰ ਨਹੀਂ ਭੁੱਲੇ। ਉਹ ਆਪਣੇ ਬਜ਼ੁਰਗਾਂ ਦਾ ਬਹੁਤ ਸਤਿਕਾਰ ਕਰਦੇ ਹਨ ਅਤੇ ਜ਼ਿਆਦਾਤਰ ਸ਼ਾਦੀਆਂ ਆਪਣੇ ਪੁਰਾਣੇ ਪਿੰਡਾਂ ਦੇ ਲੋਕਾਂ ਨਾਲ ਹੀ ਕਰਦੇ ਹਨ। ਉਨ੍ਹਾਂ ਦੇ ਵੱਡਿਆਂ ਦਾ ਹੁਕਮ ਉਨ੍ਹਾਂ ਲਈ ਧਾਰਮਕ ਹੁਕਮਨਾਮੇ ਵਰਗਾ ਹੀ ਹੁੰਦਾ ਹੈ।

ਅੰਮ੍ਰਿਤਸਰ ਵਿਚ ਜਿਨ੍ਹਾਂ ਮਹੱਲਿਆਂ ਵਿਚ ਉੜੀਆ ਲੋਕ ਰਹਿੰਦੇ ਹਨ, ਉਨ੍ਹਾਂ ਵਿਚ ਜਗਦੰਬੇ ਕਾਲੋਨੀ, ਬੰਗਾਲੀ ਕਾਲੋਨੀ, ਗੋਪਾਲ ਨਗਰ ਅਤੇ ਸੰਧੂ ਕਾਲੋਨੀ ਸ਼ਾਮਲ ਹਨ।

ਉਨ੍ਹਾਂ ਨੇ ਜੱਦੀ ਘਰ ਤੋਂ ਦੂਰ ਇਕ ਨਵਾਂ ਘਰ ਵਸਾ ਲਿਆ ਹੈ। ਉਹ ਆਪਣੇ ਤਿਉਹਾਰ ਬੜੇ ਧਾਰਮਕ ਉਤਸ਼ਾਹ ਨਾਲ ਮਨਾਉਂਦੇ ਹਨ। ਜਦੋਂ ਪੁਰੀ ਵਿਚ ਜਗਨ-ਨਾਥ ਮੰਦਰ ਵਿਚੋਂ ਰਥ-ਯਾਤਰਾ ਨਿਕਲਦੀ ਹੈ, ਅੰਮ੍ਰਿਤਸਰ ਵਿਚ ਵੀ ਉਹ ਉਸੇ ਤਰ੍ਹਾਂ ਦੀ ਰਥ-ਯਾਤਰਾ ਕੱਢਦੇ ਹਨ। ਇਸ ਰਥ-ਯਾਤਰਾ ਵਿਚ ਉੜੀਆ ਲੋਕ ਇੰਨੀ ਵੱਡੀ ਗਿਣਤੀ ਵਿਚ ਸ਼ਾਮਲ ਹੁੰਦੇ ਹਨ ਕਿ ਅੰਮ੍ਰਿਤਸਰ ਦੀ ਮਜੀਠਾ ਰੋਡ ਉੜੀਸਾ ਦਾ ਕੋਈ ਛੋਟਾ-ਮੋਟਾ ਕਸਬਾ ਲੱਗਣ ਲਗ ਪੈਂਦੀ ਹੈ।

ਰਥ-ਯਾਤਰਾ ਭਗਵਾਨ ਜਗਨ ਨਾਥ ਦੇ ਸਤਿਕਾਰ ਵਿਚ ਕੱਢੀ ਜਾਂਦੀ ਹੈ। ਜਿਨ੍ਹਾਂ ਨੂੰ ਭਗਵਾਨ ਵਿਸ਼ਨੂੰ ਦਾ ਅਵਤਾਰ ਮੰਨਿਆ ਜਾਂਦਾ ਹੈ।

ਸਾਲ ਦੇ ਦੌਰਾਨ ਇਕ ਹੋਰ ਤਿਉਹਾਰ ਸ਼ਿਵਰਾਤਰੀ ਆਉਂਦਾ ਹੈ। ਜਿਸ ਨੂੰ ਉੜੀਸਾ-ਵਾਸੀ ਫੱਗਣ ਦੇ ਮਹੀਨੇ (ਫਰਵਰੀ ਮਾਰਚ) ਵਿਚ ਮਨਾਉਂਦੇ ਹਨ। ਸਰਹੱਦੀ ਸ਼ਹਿਰ ਵਿਚ ਮਨਾਏ ਜਾਂਦੇ ਇਸ ਮੇਲੇ ਵਿਚ ਦੂਰ-ਦਰਾਜ਼ ਦੇ ਇਲਾਕਿਆਂ ਤੋਂ ਸ਼ਰਧਾਲੂ ਸ਼ਾਮਲ ਹੁੰਦੇ ਹਨ। ਅੱਧੀ ਰਾਤ ਵਿਚ ਉਦੋਂ ਤਕ ਵਰਤ ਰੱਖਿਆ ਜਾਂਦਾ ਹੈ, ਜਦੋਂ ਕਿ ਮੰਦਰ ਦੀ ਚੋਟੀ ’ਤੇ ਮਹਾਂ-ਦੀਪ ਨਹੀਂ ਜਗਾਇਆ ਜਾਂਦਾ।

ਉੜੀਆ ਔਰਤਾਂ ਆਪਣੇ ਘਰਾਂ ਨੂੰ ਚਿੱਟੇ ਰੰਗ ਦੇ ਕੰਧ-ਚਿਤਰਾਂ ਨਾਲ ਸਜਾਉਂਦੀਆਂ ਹਨ। ਇਨ੍ਹਾਂ ਚਿਤਰਾਂ ਦੀ ਰੂਪ-ਰੇਖਾ ਆਪਣੇ ਵਤਨ ਉੜੀਸਾ ਦੇ ਭੂ-ਦ੍ਰਿਸ਼ਾਂ ਉਤੇ ਆਧਾਰਤ ਹੁੰਦੀ ਹੈ।

ਉੜੀਸਾ ਦੇ ਲੋਕ ਆਪਣੇ ਕਲਾਤਮਿਕ ਹੁਨਰਾਂ ਉਤੇ ਬਹੁਤ ਮਾਣ ਕਰਦੇ ਹਨ ਜੋ ਉਨ੍ਹਾਂ ਦੇ ਮੰਦਰਾਂ ਹੱਥ-ਕਲਾਵਾਂ, ਚਿੱਤਰਾਂ, ਸੰਗੀਤ ਅਤੇ ਨ੍ਰਿਤ ਰਾਹੀਂ ਪ੍ਰਗਟ ਹੁੰਦੇ ਹਨ।

ਉਨ੍ਹਾਂ ਦੀਆਂ ਸੱਭਿਆਚਾਰਕ ਸੰਸਥਾਵਾਂ, ਸਮਾਜਕ ਰਿਵਾਜਾਂ, ਭਾਸ਼ਾਈ ਤੇ ਸਾਹਿਤਕ ਗੁਣਾਂ ਦੀ ਵੱਖਰੀ ਪਛਾਣ ਹੈ। ਫੇਰ ਵੀ ਉੜੀਆ-ਵਾਸੀ ਸਥਾਨਕ ਲੋਕਾਂ ਨਾਲ ਆਸਾਨੀ ਨਾਲ ਘੁਲ-ਮਿਲ ਜਾਂਦੇ ਹਨ। ਪਰ ਉੜੀਆ ਇਸਤਰੀਆਂ ਆਪਣੇ ਘਰਾਂ ਵਿਚ ਸੀਮਤ ਰਹਿਣਾ ਹੀ ਪਸੰਦ ਕਰਦੀਆਂ ਹਨ।

ਹਰ ਉੜੀਆ ਜਾਤੀ ਦੇ ਸੱਭਿਆਚਾਰਕ ਅਤੇ ਸਮਾਜਕ ਰੀਤੀ-ਰਿਵਾਜ ਆਪਣੇ ਆਪਣੇ ਹਨ। ਉਨ੍ਹਾਂ ਦੇ ਤਿਉਹਾਰ, ਰਿਵਾਜ, ਰੱਖਿਅਕ ਦੇਵੀ-ਦੇਵਤੇ ਅਤੇ ਪੂਜਨੀਕ ਅਸਥਾਨ ਵੱਖਰੇ-ਵੱਖਰੇ ਹਨ। ਉਨ੍ਹਾਂ ਦੀਆਂ ਵਿਆਹ-ਸ਼ਾਦੀ ਦੀਆਂ ਰੀਤਾਂ, ਦਾਹ-ਸੰਸਕਾਰ ਅਤੇ ਹੋਰ ਰੀਤੀ ਰਿਵਾਜ ਵੱਖਰੇ ਹਨ। ਪੇਂਡੂ ਸਮਾਜ ਦੀਆਂ ਹੋਰ ਜਾਤੀਆਂ ਅਤੇ ਹੋਰ ਧਰਮਾਂ ਦੇ ਲੋਕਾਂ ਨਾਲ ਮਿਲਣ-ਜੁਲਣ ਦੇ ਤਰੀਕੇ ਵੀ ਅਲੱਗ ਅਲੱਗ ਹਨ।

ਇਨ੍ਹਾਂ ਸਾਰੇ ਵਖਰੇਵਿਆਂ ਦੇ ਬਾਵਜੂਦ ਉਹ ਇਕ ਹੋਰ ਪਧਤੀ ਦੁਆਰਾ ਲੋਕਾਂ ਨੂੰ ਮਿਲਦੇ-ਜੁਲਦੇ ਹਨ, ਜਿਸ ਨੂੰ ਰਸਮੀ ਨਾਤੇਦਾਰੀ ਅਤੇ ਮਿੱਤਰਚਾਰੀ ਕਹਿੰਦੇ ਹਨ। ਇਹ ਪਧਤੀ ਵੱਖ-ਵੱਖ ਪਰਿਵਾਰਾਂ ਵਿਚ ਇਕ ਸਾਂਝ ਦਾ ਰਿਸ਼ਤਾ ਕਾਇਮ ਕਰ ਦਿੰਦੀ ਹੈ।

## ਸ਼ਾਨਦਾਰ ਅਤੀਤ

ਉੜੀਸਾ ਦਾ ਸ਼ਾਨਦਾਰ ਪ੍ਰਾਚੀਨ ਇਤਿਹਾਸ ਹੈ ਜੋ ਪਿਛਲੇ 2000 ਸਾਲਾਂ ਉਤੇ ਫੈਲਿਆ ਹੋਇਆ ਹੈ। ਪ੍ਰਾਚੀਨ ਸਮਿਆਂ ਵਿਚ ਕਾਲਿੰਗਾ ਇਕ ਕਾਬਲੇ-ਫ਼ਖ਼ਰ ਸਲਤਨਤ ਸੀ। ਇਥੋਂ ਦੇ ਲੋਕ ਸਮੁੰਦਰੀ ਸਫ਼ਰ ਅਤੇ ਵਪਾਰ ਵਿਚ ਮਾਹਿਰ ਸਨ। ਖਾੜੀ ਬੰਗਾਲ ਦੇ ਸਾਰੇ ਸਮੁੰਦਰੀ ਮਾਰਗਾਂ ਉਤੇ ਉਨ੍ਹਾਂ ਦਾ ਕਬਜ਼ਾ ਸੀ। ਦੱਖਣ-ਪੂਰਬੀ ਏਸ਼ੀਆ ਦੇ ਕਈ ਹਿੱਸੇ ਜਿਵੇਂ ਕੰਪੂਚੀਆ (ਕੰਬੋਡੀਆ) ਜਾਵਾ, ਸੁਮਾਟਰਾ, ਬਾਲੀ ਅਤੇ ਥਾਈਲੈਂਡ, ਕਈ ਸਦੀਆਂ ਤਕ ਉੜੀਸਾ-ਰਾਜ ਦੀਆਂ ਬਸਤੀਆਂ ਰਹੇ। ‘ਸਿਆਮ’ ਦੇਸ਼ ਦਾ ਨਾਂ, ਅਸਲ ਵਿਚ, ਉੜੀਆ/ਸੰਸਕ੍ਰਿਤ ਦੇ ਸ਼ਬਦ ‘ਸ਼ਿਆਮ ਦੇਸ਼’ ਤੋਂ ਬਣਿਆ ਹੈ। ਅੰਗਕੋਰ ਵਾਟ ਦਾ ਮੰਦਰ ਉੜੀਸਾ-ਇਮਾਰਤਸਾਜ਼ੀ ਦੀ ਇਕ ਸੁੰਦਰ ਮਿਸਾਲ ਹੈ। ਜਿਸ ਵਿਚ ਸਥਾਨਕ ਕਲਾ ਦਾ ਕੁਝ ਮਿਸ਼ਰਨ ਹੈ। ਬਾਲੀ ਵਿਚ ਹਿੰਦੂ ਉੜੀਸਾ ਵਿਰਸੇ ਦੇ ਕੁਝ ਨਿਸ਼ਾਨ ਅਜੇ ਵੀ ਕਾਇਮ ਹਨ। ਵਿਸ਼ਵ ਇਤਿਹਾਸ ਦੀ ਇਕ ਵੱਡੀ ਘਟਨਾ ਉੜੀਸਾ ਵਿਚ ਹੀ ਵਾਪਰੀ। ਕਾਲਿੰਗਾ ਦਾ ਪ੍ਰਸਿੱਧ ਯੁੱਧ 261 ਪੂਰਵ ਈਸਵੀ ਵਿਚ ਇੱਥੇ ਹੀ ਲੜਿਆ ਗਿਆ। ਇਸ ਯੁੱਧ ਉਪਰੰਤ ਮਹਾਰਾਜਾ ਆਸ਼ੋਕ ਨੇ ਮਹਾਤਮਾ ਬੁੱਧ ਦੀਆਂ ਸਿੱਖਿਆਵਾਂ ’ਤੇ ਚਲਦੇ ਹੋਏ ਅਹਿੰਸਾ-ਧਰਮ ਅਖ਼ਤਿਆਰ ਕਰ ਲਿਆ।

## ਘਰ ਦਾ ਰਾਹ

ਸਥਾਨਕ ਉੜੀਸਾ ਲੋਕਾਂ ਨੂੰ ਇਹ ਗਿਲਾ ਹੈ ਕਿ ਪੰਜ ਸਾਲ ਪਹਿਲਾਂ ਅੰਮ੍ਰਿਤਸਰ ਤੋਂ ਉੜੀਸਾ ਨੂੰ ਜਾਂਦੀ ਉੜੀਸਾ-ਉਤਕਲ ਐਕਸਪ੍ਰੈੱਸ ਬੰਦ ਕਰ ਦਿੱਤੀ ਗਈ ਹੈ।



ਉਦੋਂ ਤੋਂ ਉਹ ਅੰਮ੍ਰਿਤਸਰ ਤੋਂ ਪਹਿਲਾਂ ਰੇਲ ਰਾਹੀਂ ਦਿੱਲੀ ਜਾਂਦੇ ਹਨ ਅਤੇ ਉਥੋਂ ਇਕ ਹੋਰ ਗੱਡੀ ਫੜ ਕੇ ਉੜੀਸਾ ਪਹੁੰਚਦੇ ਹਨ। ਇਸ ਤਰ੍ਹਾਂ ਘਰ ਪਹੁੰਚਣ ਲਈ ਉਨ੍ਹਾਂ ਨੂੰ ਤਿੰਨ ਦਿਨ ਲਗ ਜਾਂਦੇ ਹਨ। ਪਰ ਹੁਣ ਹੀਰਾਕੁੰਡ ਐਕਸਪ੍ਰੈਸ ਚਲਾ ਦਿੱਤੀ ਗਈ ਹੈ, ਜੋ ਅੰਮ੍ਰਿਤਸਰ ਤੋਂ ਭੁਬਨੇਸ਼ਵਰ ਤਕ ਜਾਂਦੀ ਹੈ।

## ਪ੍ਰਾਚੀਨ ਭਾਸ਼ਾ

ਉੜੀਆ ਉੜੀਸਾ ਦੀ ਖੇਤਰੀ ਭਾਸ਼ਾ ਹੈ। ਇਹ ਬੋਲੀਆਂ ਦੇ ਆਰੀਅਨ ਪਰਿਵਾਰ ਨਾਲ ਸਬੰਧ ਰੱਖਦੀ ਹੈ ਅਤੇ ਪੂਰਬੀ ਮਗਧੀ ਦੀ ਸਿੱਧੀ ਵੰਸ਼ਜ ਹੋਣ ਕਰ ਕੇ ਆਸਾਮੀ, ਬੰਗਾਲੀ ਅਤੇ ਮੈਥਿਲੀ ਨਾਲ ਵੀ ਜੁੜੀ ਹੋਈ ਹੈ। ਆਰੀਅਨ ਤੇ ਦਰਾਵੜੀ ਪਰਿਵਾਰ ਦੀਆਂ ਗੁਆਂਢੀ ਭਾਸ਼ਾਵਾਂ ਤੋਂ ਅਤੇ ਕਬਾਇਲੀ ਵਰਗਾਂ ਵਿਚ ਪ੍ਰਚਲਿਤ ਆਸਟ੍ਰਿਕ ਭਾਸ਼ਾਵਾਂ ਤੋਂ ਪ੍ਰਭਾਵਿਤ ਹੋਣ ਕਰ ਕੇ ਉੜੀਆ ਭਾਸ਼ਾ ਵਿਚ ਕਈ ਭਾਸ਼ਾਈ ਰੰਗ ਵਿਕਸਤ ਹੋ ਗਏ ਹਨ ਜਿਵੇਂ ਬਾਲੇਸ਼ਵਰੀ (ਬਾਲਾਸੋਰ) ਭਟਰੀ (ਕੋਰਾਪੁੱਟ) ਲਾਰੀਆ (ਸੰਬਲਪੁਰ) ਸੰਬਲਪੁਰੀ (ਸੰਬਲਪੁਰ ਅਤੇ ਹੋਰ ਪੱਛਮੀ ਜ਼ਿਲ੍ਹੇ) ਗੰਜਾਮੀ (ਗੰਜਮ ਤੇ ਕੋਰਾਪੁੱਟ) ਛਤੀਸਗੜ੍ਹੀ (ਮੱਧ ਪ੍ਰਦੇਸ਼ ਦਾ ਛਤੀਸਗੜ੍ਹ ਅਤੇ ਉੜੀਸਾ ਦੇ ਗੁਆਂਢੀ ਇਲਾਕੇ) ਅਤੇ ਮੇਦਨੀਪੁਰੀ (ਪੱਛਮੀ ਬੰਗਾਲ ਦਾ ਇਕ ਜ਼ਿਲ੍ਹਾ) ਦੇ ਰੰਗ। ਇਸ ਤੋਂ ਇਲਾਵਾ ਉੱਤਰੀ ਤੇ ਦੱਖਣੀ ਉੜੀਸਾ ਦੇ ਕਈ ਪਹਾੜੀ ਇਲਾਕਿਆਂ ਦੀ ਉੜੀਆ ਭਾਸ਼ਾ ਦੇ ਕਈ ਵੱਖਰੇ ਰੂਪ ਹਨ। ਉੜੀਆ ਭਾਸ਼ਾ ਦੀ ਇਕ ਸਭ ਤੋਂ ਪੁਰਾਣੀ ਲਿਖਤ 1051 ਈ. ਨਾਲ ਸਬੰਧ ਰੱਖਦੀ ਹੈ ਜਿਹੜੀ ਉਰਾਜੰਗ ਤੋਂ ਲੱਭੀ ਸੀ। ਪਹਾੜੀਆਂ ਵਿਚ ਸਾਉਰਾ ਅਤੇ ਮੈਦਾਨਾਂ ਵਿਚ ਸਹਾਰਾ ਅਤੇ ਸਾਬਰ ਨਾਂ ਦਾ ਇਕ ਅਹਿਮ ਕਬੀਲਾ ਵਸਦਾ ਹੈ, ਜੋ ਤਕਰੀਬਨ ਹਰ ਪਾਸੇ ਫੈਲਿਆ ਹੋਇਆ ਹੈ।

****

## ਰੰਕ ਤੋਂ ਰਾਜਾ ਬਣਨ ਦੀ ਗਾਥਾ

ਉੱਤਰ ਪ੍ਰਦੇਸ਼ ਤੋਂ ਆਇਆ ਸੂਰਜ ਬਾਲੀ ਚਾਲੀ ਸਾਲ ਪਹਿਲਾਂ ਅੰਮ੍ਰਿਤਸਰ ਦੀਆਂ ਗਲੀਆਂ ਵਿਚ ਬੂਟ ਪਾਲਿਸ਼ ਕਰਿਆ ਕਰਦਾ ਸੀ, ਪਰ ਅੱਜ ਉਹ ਗੁਰੂ ਨਗਰੀ ਵਿਚ ਇਕ ਵੱਡੇ ਮਕਾਨ ਦਾ ਮਾਲਕ ਹੈ। ਇਹ ਰੰਕ ਤੋਂ ਰਾਜਾ ਬਣਨ ਦੀ ਬੜੀ ਅਨੋਖੀ ਕਹਾਣੀ ਹੈ, ਜੋ ਕਰੜੀ ਘਾਲਨਾ ਦੀ ਵਡਿਆਈ ਨੂੰ ਪ੍ਰਗਟ ਕਰਦੀ ਹੈ। 'ਭੁੱਖੇ ਮਰ ਜਾਓ ਪਰ ਕਿਸੇ ਮੂਹਰੇ ਹੱਥ ਨਾ ਅੱਡੋ।... ਆਪਣੇ ਦੋ ਹੱਥਾਂ ਨਾਲ ਕਿਰਤ ਕਰੋ।' ਇਸ ਆਦਮੀ ਦਾ ਇਹ ਆਦਰਸ਼-ਵਾਕ (ਮਾਟੋ) ਸੀ।

ਸ੍ਰੀ ਬਾਲੀ ਅਤੇ ਉੱਤਰ ਪ੍ਰਦੇਸ਼ ਤੇ ਬਿਹਾਰ ਤੋਂ ਆਉਣ ਵਾਲੇ ਪਰਵਾਸੀਆਂ ਦੀ ਇਹ ਸਫ਼ਲ ਗਾਥਾ ਉਨ੍ਹਾਂ ਸਥਾਨਕ ਲੋਕਾਂ ਲਈ ਇਕ ਪ੍ਰੇਰਨਾ ਸਰੋਤ ਹੈ, ਜਿਹੜੇ ਇੱਜ਼ਤ ਨਾਲ ਰੋਜ਼ੀ ਕਮਾਉਣਾ ਚਾਹੁੰਦੇ ਹਨ।

"1965 ਵਿਚ ਜਦੋਂ ਮੈਂ ਅੰਮ੍ਰਿਤਸਰ ਆਇਆ ਤਾਂ ਇਕ ਬੂਟ ਪਾਲਿਸ਼ ਕਰਨ ਦੇ ਮੈਨੂੰ ਪੰਜ ਪੈਸੇ ਮਿਲਦੇ ਸਨ। ਫੇਰ ਭਾਰਤ ਤੇ ਪਾਕਿਸਤਾਨ ਦੀ ਜੰਗ ਛਿੜ ਗਈ ਮੈਂ ਆਪਣੇ ਸ਼ਹਿਰ ਰਾਏ ਬਰੇਲੀ ਨੂੰ ਮੁੜ ਗਿਆ ਅਤੇ ਡੇਢ ਸਾਲ ਬਾਅਦ ਫੇਰ ਅੰਮ੍ਰਿਤਸਰ ਆ ਕੇ ਬੂਟ ਪਾਲਿਸ਼ ਕਰਨ ਲਗ ਪਿਆ।" ਸੂਰਜ ਬਾਲੀ ਕਹਿੰਦਾ ਹੈ।

ਤੰਗੀਆਂ-ਤੁਰਸ਼ੀਆਂ ਹੁਣ ਪਿੱਛੇ ਰਹਿ ਗਈਆਂ ਹਨ। ਹੁਣ ਉਹ ਅੰਮ੍ਰਿਤਸਰ ਦੀ ਇਕ ਅਮੀਰ ਕਾਲੋਨੀ ਵਿਚ ਦੋ-ਮੰਜ਼ਲੇ ਮਕਾਨ ਦਾ ਮਾਲਕ ਹੈ। ਉਸ ਦੇ ਬੱਚੇ ਚੰਗੇ ਪੜ੍ਹੇ-ਲਿਖੇ ਹਨ। ਅੱਜ-ਕਲ੍ਹ ਉਸ ਦਾ ਕਾਰੋਬਾਰ ਚੜ੍ਹਦੀ ਕਲਾ ਵਿਚ ਹੈ।

ਹੁਣ ਹਾਲਤ ਇਹ ਹੈ ਕਿ ਜਿਹੜੇ ਪਰਵਾਸੀ ਕੁਝ ਸਾਲ ਪਹਿਲਾਂ ਅਣਸਿੱਖੇ ਕਾਮਿਆਂ ਵਾਂਗ ਪੰਜਾਬ ਵਿਚ ਆਏ ਸਨ, ਅੱਜ ਉਹ ਕਈ ਪੰਜਾਬੀਆਂ ਨੂੰ ਨੌਕਰੀਆਂ ਦੇ ਰਹੇ ਹਨ। ਉਨ੍ਹਾਂ ਦੀ ਨਿਰੰਤਰ ਕਾਮਯਾਬੀ ਦਾ ਰਾਜ਼ ਇਹ ਹੈ ਕਿ ਅੱਜ ਵੀ ਉਹ ਕੁੜਤੇ ਦੀਆਂ ਬਾਹਾਂ ਚੜ੍ਹਾ ਕੇ ਕੋਈ ਵੀ ਕੰਮ ਕਰਨ ਨੂੰ ਤਿਆਰ ਹਨ।

ਸ਼ੁਰੂ ਵਿਚ ਪਰਵਾਸੀਆਂ ਨੂੰ ਪੰਜਾਬ ਵਿਚ ਆ ਕੇ ਕੁਰੱਖਤ ਸਲੂਕ ਦਾ ਸਾਹਮਣਾ ਕਰਨਾ ਪਿਆ। ਔਖੇ ਕੰਮ ਕਰਨੇ ਪਏ। ਫੇਰ ਵੀ ਉਨ੍ਹਾਂ ਨੂੰ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਵਿਚ ਕੰਮ ਕਰਨਾ ਲਾਹੇਵੰਦ ਪ੍ਰਤੀਤ ਹੋਇਆ।

ਬਹੁਤ ਸਾਰੇ ਪਰਵਾਸੀ ਜਿਹੜੇ ਪੰਜਾਬ ਵਿਚ ਖਾਲੀ ਜੇਬ ਆਏ ਸਨ, ਉਨ੍ਹਾਂ ਨੇ ਆਪਣੇ ਸੁਪਨਿਆਂ ਨੂੰ ਕਿਵੇਂ ਹਕੀਕਤ ਵਿਚ ਬਦਲ ਲਿਆ; ਇਹ ਰੰਕ ਤੋਂ ਰਾਜਾ ਬਣਨ ਦੀ ਇਕ ਅਨੋਖੀ ਕਹਾਣੀ ਹੈ।

ਗ਼ਰੀਬੀ ਬੰਦੇ ਨੂੰ ਕੁਝ ਕਰਨ ਜੋਗਾ ਨਹੀਂ ਰਹਿਣ ਦਿੰਦੀ ਅਤੇ ਹਾਲਤ ਇੱਥੋਂ ਤਕ ਵਿਗੜ ਜਾਂਦੀ ਹੈ ਕਿ ਛੋਟੇ ਕਿਸਾਨ ਖੇਤ-ਮਜ਼ਦੂਰ ਅਤੇ ਕਾਮੇ ਪਰਵਾਸੀ ਬਣਨ ਲਈ ਮਜਬੂਰ ਹੋ ਜਾਂਦੇ ਹਨ।



ਪਰਵਾਸੀ ਖੇਤ-ਮਜ਼ਦੂਰ ਤਰਸਯੋਗ ਹਾਲਤਾਂ ਵਿਚ ਰਹਿੰਦੇ ਅਤੇ ਉਨ੍ਹਾਂ ਨੂੰ ਔਖੇ ਕੰਮ ਕਰਨੇ ਪੈਂਦੇ ਹਨ। ਡਰ ਤੇ ਆਰਥਿਕ ਲੋੜਾਂ ਖ਼ਾਸ ਦੋ ਮਜਬੂਰੀਆਂ ਹਨ ਜਿਹੜੀਆਂ ਉਨ੍ਹਾਂ ਨੂੰ ਆਪਣੀ ਹਾਲਤ ਸੁਧਾਰਨ ਲਈ ਅੱਗੇ ਹੀ ਅੱਗੇ ਧਕਦੀਆਂ ਰਹਿੰਦੀਆਂ ਹਨ।

ਅੱਜਕੱਲ੍ਹ ਪਰਵਾਸੀ ਮਜ਼ਦੂਰ ਅਤਿ-ਲੋੜੀਂਦੇ ਬਣ ਗਏ ਹਨ। ਉਨ੍ਹਾਂ ਬਿਨਾਂ ਪੰਜਾਬੀਆਂ ਦੇ ਕੰਮ-ਕਾਰ ਨਹੀਂ ਚਲਦੇ ਕਿਉਂਕਿ ਉਹ, ਉਹ ਕੰਮ-ਕਾਰ ਵੀ ਕਰ ਲੈਂਦੇ ਹਨ ਜਿਨ੍ਹਾਂ ਨੂੰ 'ਘਟੀਆ ਅਤੇ ਖ਼ਤਰਨਾਕ' ਸਮਝਿਆ ਜਾਂਦਾ ਹੈ। ਪੰਜਾਬ ਵਿਚ ਕਾਮਿਆਂ ਦੀ ਘਾਟ ਨੂੰ ਪੂਰਾ ਕਰਨ ਲਈ ਪਰਵਾਸੀ ਭਾਰੀ ਗਿਣਤੀ ਵਿਚ ਆ ਰਹੇ ਸਨ। ਪੰਜਾਬੀਆਂ ਨੇ ਹੱਥੀਂ ਕੰਮ ਕਰਨਾ ਛੱਡ ਦਿੱਤਾ ਸੀ। ਯੂ.ਪੀ. ਕਲਿਆਣ ਪਰੀਸ਼ਦ ਦੀ ਰਿਪੋਰਟ ਅਨੁਸਾਰ ਪਰਵਾਸੀਆਂ ਨਾਲ ਕਈ ਤਰ੍ਹਾਂ ਦਾ ਵਿਤਕਰਾ ਹੁੰਦਾ ਸੀ। ਉਨ੍ਹਾਂ ਦੀ ਗ਼ਰੀਬੀ ਦਾ ਨਾਜਾਇਜ਼ ਫ਼ਾਇਦਾ ਉਠਾਇਆ ਜਾਂਦਾ ਸੀ ਅਤੇ ਕਈ ਹੋਰ ਜ਼ਿਆਦਤੀਆਂ ਵੀ ਕੀਤੀਆਂ ਜਾਂਦੀ ਸਨ।

ਉੱਤਰ ਪ੍ਰਦੇਸ਼ ਭਾਰਤ ਦੇ ਉਨ੍ਹਾਂ ਖਿੱਤਿਆਂ ਵਿਚੋਂ ਇਕ ਹੈ ਜਿੱਥੇ ਪ੍ਰਾਚੀਨ ਭਾਰਤੀ ਸੱਭਿਆਚਾਰ ਜੰਮਿਆ-ਪਲਿਆ, ਜਦਕਿ ਬਿਹਾਰ ਆਪਣੀ ਭੂਗੋਲਿਕ ਸਥਿਤੀ, ਕੁਦਰਤੀ ਸੁੰਦਰਤਾ ਅਤੇ ਮਿਥਿਹਾਸਕ ਤੇ ਇਤਿਹਾਸਕ ਮਹੱਤਤਾ ਲਈ ਪ੍ਰਸਿੱਧ ਹੈ।

ਫੇਰ ਵੀ ਅਜਿਹੀ ਸੁੰਦਰ ਭੂਮੀ ਵਿਚੋਂ ਪੰਜਾਬ ਵੱਲ ਵੱਡੀ ਗਿਣਤੀ ਵਿਚ ਪਰਵਾਸੀਆਂ ਦੀ ਹਿਜਰਤ, ਇਕ ਹੈਰਾਨੀ ਵਾਲੀ ਗੱਲ ਹੈ। ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਨੀਵੇਂ ਵਰਗਾਂ ਦੇ ਸਿਰ ਉਤੇ ਜੋ ਗ਼ਰੀਬੀ ਦੀ ਤਲਵਾਰ ਲਟਕਦੀ ਰਹਿੰਦੀ ਹੈ, ਉਹ ਇਨ੍ਹਾਂ ਲੋਕਾਂ ਨੂੰ ਜੱਦੀ ਘਰ-ਘਾਟ ਛੱਡ ਕੇ ਖੁਸ਼ਹਾਲੀ ਦੀ ਭਾਲ ਵਿਚ ਪਰਵਾਸ ਕਰਨ ਲਈ ਮਜਬੂਰ ਕਰਦੀ ਹੈ।

ਸ੍ਰੀ ਧਨਵੰਤਰੀ ਆਯੁਰਵੇਦਿਕ ਫਾਰਮੇਸੀ ਦੇ ਮੈਨੇਜਿੰਗ ਡਾਇਰੈਕਟਰ ਡਾ. ਜੇ.ਪੀ. ਸਿੰਘ ਜਦੋਂ ਦੇਸ਼-ਵੰਡ ਤੋਂ ਬਾਅਦ, ਯੂ.ਪੀ. ਦੇ ਗੋਂਡਾ ਜ਼ਿਲ੍ਹੇ ਵਿਚੋਂ ਅੰਮ੍ਰਿਤਸਰ ਆਏ ਸਨ ਤਾਂ ਉਨ੍ਹਾਂ ਦੀ ਜੇਬ ਵਿਚ ਸਿਰਫ਼ 700 ਰੁਪਏ ਸਨ। ਅੱਜ ਕੱਲ੍ਹ ਉਹ ਅੰਮ੍ਰਿਤਸਰ ਦੀ ਇਕ ਮਸ਼ਹੂਰ ਹਸਤੀ ਹਨ। ਅੰਮ੍ਰਿਤਸਰ ਅਤੇ ਬੱਦੀ (ਹਿਮਾਚਲ ਪ੍ਰਦੇਸ਼) ਵਿਚ ਉਨ੍ਹਾਂ ਦੀਆਂ ਦੋ ਫਾਰਮੇਸੀਆਂ ਦੀ ਸਾਲਾਨਾ ਆਮਦਨ 11 ਕਰੋੜ ਰੁਪਏ ਤੋਂ ਵੱਧ ਹੈ।

ਇਸ ਤੋਂ ਪਹਿਲਾਂ 1927 ਵਿਚ ਉਨ੍ਹਾਂ ਦੇ ਪਿਤਾ ਲਾਹੌਰ ਦੀ ਇਕ ਫਾਰਮੇਸੀ ਵਿਚ ਇਕ ਸਿੱਖਿਅਤ ਕਾਮੇ ਵਜੋਂ ਆਏ ਸਨ। ਹੁਣ ਉਹ ਆਪਣੀ ਮਾਂ-ਬੋਲੀ ਅਵਧੀ ਨਾਲੋਂ ਪੰਜਾਬੀ ਬੜੀ ਆਸਾਨੀ ਨਾਲ ਬੋਲ ਲੈਂਦੇ ਹਨ। ਉਹ ਆਪ ਭਾਵੇਂ ਉੱਚ ਜਾਤੀ ਨਾਲ ਸਬੰਧ ਰੱਖਦੇ ਹਨ, ਪਰ ਉਨ੍ਹਾਂ ਦੇ ਵਿਚਾਰ ਵਿਚ ਯੂ.ਪੀ. ਤੇ ਬਿਹਾਰ ਵਿਚ ਸਦੀਆਂ ਤੋਂ ਜੋ ਵਰਨ ਵਿਵਸਥਾ ਪ੍ਰਚਲਿਤ ਹੈ, ਉਸ ਦੇ ਕਾਰਨ ਵੀ ਬਹੁਤ ਸਾਰੇ ਲੋਕ ਪਰਵਾਸੀ ਬਣ ਜਾਂਦੇ ਹਨ। ਸ੍ਰੀ ਸੁਗਰੀਵ ਜੋ ਅੰਮ੍ਰਿਤਸਰ ਦੇ ਇਕ ਕਾਰਖਾਨੇ

ਵਿਚ ਮੁਨੀਮ ਦੀ ਛੋਟੀ ਨੌਕਰੀ ਕਰਦੇ ਸਨ, ਹੁਣ ਹਿੰਦੂ ਕਾਲਜ ਵਿਚ ਸੀਨੀਅਰ ਲੈਕਚਰ ਅਸਿਟੈਂਟ ਲਬਾਰੇਟਰੀ ਵਜੋਂ ਕੰਮ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ 'ਅਵਸਰਾਂ ਦੀ ਭੂਮੀ, ਆਪਣੇ ਉੱਤਰ ਪ੍ਰਦੇਸ਼ ਨੂੰ ਛੱਡਣ ਦਾ ਫ਼ੈਸਲਾ ਭਾਵੇਂ ਬੜਾ ਦੁਖਦਾਈ ਸੀ, ਪਰ ਕਿਸਮਤ ਸਾਨੂੰ ਇੱਥੇ ਲੈ ਆਈ।' ਉਹ ਉੱਤਰ ਪ੍ਰਦੇਸ਼ ਕਲਿਆਨ ਪਰੀਸ਼ਦ ਦੇ ਸੀਨੀਅਰ ਮੀਤ ਪ੍ਰਧਾਨ ਹਨ।

ਯੂ.ਪੀ. ਤੇ ਬਿਹਾਰ ਵਿਚੋਂ ਆਏ 30 ਲੱਖ ਪਰਵਾਸੀਆਂ ਵਿਚੋਂ ਡੇਢ ਲੱਖ ਤੋਂ ਵੱਧ ਪਰਵਾਸੀ ਤਾਂ ਇਕੱਲੇ ਅੰਮ੍ਰਿਤਸਰ ਵਿਚ ਹੀ ਵਸ ਗਏ ਹਨ।

ਬਹੁਤ ਸਾਰੇ ਪਰਵਾਸੀ ਵੋਟਰ ਬਣ ਗਏ ਹਨ। ਪੰਜਾਬ ਦੇ ਤਕਰੀਬਨ ਸਾਰੇ ਵਿਧਾਨ ਸਭਾ ਹਲਕਿਆਂ ਵਿਚ ਉਹ ਕਿਸੇ ਵੀ ਉਮੀਦਵਾਰ ਦਾ ਪੱਲੜਾ ਭਾਰੀ ਕਰ ਸਕਦੇ ਹਨ। ਉਨ੍ਹਾਂ ਦੀ ਬਹੁਤੀ ਆਬਾਦੀ ਵਿਧਾਨ ਸਭਾ ਹਲਕਾ ਵੇਰਕਾ ਵਿਚ (28000 ਵੋਟਰ), ਦੱਖਣੀ ਵਿਧਾਨ ਸਭਾ ਹਲਕਾ ਵਿਚ (14000 ਵੋਟਰ), ਉੱਤਰੀ ਵਿਧਾਨ ਸਭਾ ਹਲਕਾ ਵਿਚ (10000 ਵੋਟਰ) ਅਤੇ ਛਿਹਰਟਾ ਵਿਧਾਨ ਸਭਾ ਹਲਕਾ ਵਿਚ (ਲਗਪਗ 12000 ਵੋਟਰ) ਹੈ।

ਜਿਨ੍ਹਾਂ ਕਾਲੋਨੀਆਂ ਵਿਚ ਪਰਵਾਸੀਆਂ ਦੀ ਗਿਣਤੀ ਜ਼ਿਆਦਾ ਹੈ, ਉਨ੍ਹਾਂ ਵਿਚ ਨਹਿਰੂ ਨਗਰ, ਸੰਧੂ ਕਾਲੋਨੀ, ਪ੍ਰਕਾਸ਼ ਵਿਹਾਰ, ਮੁਸਤਫ਼ਾਬਾਦ, ਇੰਦਰਾ ਕਾਲੋਨੀ, ਕੁੰਡੇਵਾਲਾ ਖੂਹ ਅਤੇ ਜਵਾਹਰ ਨਗਰ ਸ਼ਾਮਲ ਹਨ। ਭਾਵੇਂ ਬਹੁਤੇ ਪਰਵਾਸੀ ਅਣਸਿੱਖਿਅਤ ਕਾਮੇ ਹਨ ਪਰ ਫੇਰ ਵੀ ਸਿਲਾਈ-ਕਢਾਈ ਅਤੇ ਸੰਗਮਰਮਰ ਦੇ ਕਾਰੋਬਾਰ ਵਿਚ ਉਨ੍ਹਾਂ ਦਾ ਗਲਬਾ ਹੈ।

ਪਰਵਾਸੀਆਂ ਦੀ ਖਿੰਡੀ-ਪੁੰਡੀ ਤਾਕਤ ਨੂੰ ਇਕ ਥਾਂ ਕਰਨ ਦਾ ਪਹਿਲਾ ਉੱਦਮ ਕਮਿਸ਼ਨਰ ਇਨਕਮ ਟੈਕਸ (ਅੰਮ੍ਰਿਤਸਰ) ਸ੍ਰੀ ਈ. ਸਰੋਜ ਨੇ ਕੀਤਾ। ਜਿਨ੍ਹਾਂ ਨੇ ਪਰਵਾਸੀ ਮਜ਼ਦੂਰਾਂ ਦੀ ਹਾਲਤ ਸੁਧਾਰਨ ਲਈ ਸ੍ਰੀ ਆਰ. ਸੀ. ਯਾਦਵ ਤੇ ਹੋਰ ਪਰਵਾਸੀਆਂ ਨੂੰ ਇਕ ਜਥੇਬੰਦੀ ਬਣਾਉਣ ਲਈ ਪ੍ਰੇਰਿਤ ਕੀਤਾ। ਇਸ ਤਰ੍ਹਾਂ ਦੋ ਅਕਤੂਬਰ 1980 ਨੂੰ ਮਹਾਤਮਾ ਗਾਂਧੀ ਜੀ ਦੇ ਜਨਮ ਦਿਨ ਉਤੇ ਉੱਤਰ ਪ੍ਰਦੇਸ਼ ਕਲਿਆਨ ਪਰੀਸ਼ਦ ਨਾਂ ਦੀ ਜਥੇਬੰਦੀ ਹੋਂਦ ਵਿਚ ਆਈ। ਦੋਹਾਂ ਰਾਜਾਂ ਦੇ ਕੁਝ ਆਈ.ਏ.ਐੱਸ. ਅਤੇ ਆਈ.ਪੀ.ਐੱਸ. ਅਫ਼ਸਰਾਂ ਨੇ ਪਰੀਸ਼ਦ ਨੂੰ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਅੱਜ ਕੱਲ੍ਹ ਸ੍ਰੀ ਪਰਵੀਨ ਸਿਨਹਾ ਆਈ.ਪੀ.ਐੱਸ ਅਤੇ ਸ੍ਰੀ ਵੀ.ਕੇ.ਸਿੰਘ ਸੀਨੀਅਰ ਆਈ.ਏ. ਐੱਸ. ਅਫ਼ਸਰ ਚੰਡੀਗੜ੍ਹ ਪਰੀਸ਼ਦ ਦੇ ਸਰਪ੍ਰਸਤ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਸ. ਪ੍ਰਕਾਸ ਸਿੰਘ ਬਾਦਲ ਨੇ ਮੁੱਖ ਮੰਤਰੀ ਵਜੋਂ ਆਪਣੇ ਅਖ਼ਤਿਆਰੀ ਫੰਡ ਵਿਚੋਂ ਐਸਕੋਰਟਸ ਹਸਪਤਾਲ ਦੇ ਸਾਹਮਣੇ 'ਮਜ਼ਦੂਰ ਰੈਣ-ਬਸੇਰਾ' ਬਣਾਉਣ ਲਈ ਦਸ ਲੱਖ ਰੁਪਿਆ ਦਿੱਤਾ ਸੀ। ਬਾਦਲ ਸਰਕਾਰ ਦੇ ਭਾਜਪਾ ਮੰਤਰੀਆਂ ਅਤੇ ਕਾਂਗਰਸੀ ਵਿਧਾਨ ਸਭਾ ਮੈਂਬਰਾਂ ਨੇ ਵੀ ਖੁੱਲ੍ਹੇ ਦਿਲ ਨਾਲ ਦਾਨ ਦਿੱਤਾ। ਬਹੁ-ਮੰਤਵੀ 'ਮਜ਼ਦੂਰ ਰੈਣ-ਬਸੇਰਾ' ਅੱਜ ਕੱਲ੍ਹ ਸੂਬੇ ਵਿਚ ਆਪਣੀ ਕਿਸਮ ਦਾ ਪਹਿਲਾ ਅਦਾਰਾ ਹੈ, ਜੋ ਪਰਵਾਸੀਆਂ ਦੀਆਂ ਸਰਗਰਮੀਆਂ ਦਾ ਕੇਂਦਰ ਬਣ ਗਿਆ ਹੈ।



ਪਰੀਸ਼ਦ ਦੇ ਸੂਬਾ ਪ੍ਰਧਾਨ ਸ੍ਰੀ ਯਾਦਵ, ਜਿਨ੍ਹਾਂ ਨੂੰ ਪਰਵਾਸੀ ਕਮਿਸ਼ਨ ਪੰਜਾਬ ਦਾ ਚੇਅਰਮੈਨ ਨਾਮਜ਼ਦ ਕੀਤਾ ਗਿਆ ਸੀ, ਕਹਿੰਦੇ ਹਨ ਕਿ ਬਹੁਤ ਸਾਰੇ ਪਰਵਾਸੀ ਆਪਣੇ-ਆਪਣੇ ਸੂਬਿਆਂ ਵਿਚ ਆਪਣੀਆਂ ਜੜ੍ਹਾਂ ਨੂੰ ਭੁੱਲ ਗਏ ਹਨ ਅਤੇ ਉਨ੍ਹਾਂ ਨੇ ਪੂਰੀ ਤਰ੍ਹਾਂ ਪੰਜਾਬੀ ਸੱਭਿਆਚਾਰ ਨੂੰ ਅਪਣਾ ਲਿਆ ਹੈ। ਕੁਝ ਪਰਵਾਸੀ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚਲ ਰਹੇ ਕੁਝ ਗੁਰਦੁਆਰਿਆਂ ਦੇ ਗ੍ਰੰਥੀ ਵੀ ਬਣ ਗਏ ਹਨ। ਬਹੁਤ ਸਾਰੇ ਪਰਵਾਸੀਆਂ ਨੇ ਪੰਜਾਬੀ ਪਰਿਵਾਰਾਂ ਵਿਚ ਵਿਆਹ ਕਰਾ ਲਏ ਹਨ। ਇੱਥੋਂ ਤਕ ਕਿ ਖਾੜਕੂਵਾਦ ਅਤੇ ਕਾਰਗਿਲ ਜੰਗ ਦੇ ਦਿਨਾਂ ਵਿਚ ਕਈ ਪਰਵਾਸੀ ਐਨ ਸਰਹੱਦ-ਰੇਖਾ ਦੇ ਨਜ਼ਦੀਕ ਖੇਤਾਂ ਵਿਚ ਕੰਮ ਕਰਦੇ ਦੇਖੇ ਗਏ ਹਨ। ਇਹ ਬੜੀ ਤਸੱਲੀ ਦੀ ਗੱਲ ਹੈ ਕਿ ਬੰਦੂਕ-ਧਾਰੀ ਨੌਜੁਆਨਾਂ ਨੇ, ਜੋ ਕਈ ਵਾਰੀ ਅੰਨ੍ਹੇਵਾਹ ਗੋਲੀਆਂ ਦੀ ਵਰਖਾ ਕਰ ਦਿੰਦੇ ਸਨ, ਕੁਝ ਛਿਟ-ਪੁੱਟ ਘਟਨਾਵਾਂ ਨੂੰ ਛੱਡ ਦੇ ਪਰਵਾਸੀਆਂ ਨੂੰ ਕਦੀ ਆਪਣੀ ਗੋਲੀ ਦਾ ਨਿਸ਼ਾਨਾ ਨਹੀਂ ਬਣਾਇਆ।

ਉੱਤਰ ਪ੍ਰਦੇਸ਼ ਕਲਿਆਨ ਪਰੀਸ਼ਦ ਦੇ ਮੁਖੀ ਇਕ ਵਾਰੀ ਸੈਰ-ਸਫ਼ਰ ਲਈ ਅੰਮ੍ਰਿਤਸਰ ਆਏ ਸਨ। ਉਨ੍ਹਾਂ ਨੇ ਅੰਮ੍ਰਿਤਸਰ ਨੂੰ ਹੀ ਆਪਣਾ ਪੱਕਾ ਬਸੇਰਾ ਬਣਾ ਲਿਆ। ਉਨ੍ਹਾਂ ਨੇ ਇਕ ਨਿੱਜੀ ਕਾਰਖਾਨੇ ਵਿਚ ਥੋੜ੍ਹੀ ਜਿਹੀ ਤਨਖਾਹ 'ਤੇ ਸੁਪਰਵਾਈਜ਼ਰ ਵਜੋਂ ਕੰਮ ਕਰਨਾ ਸ਼ੁਰੂ ਕੀਤਾ। ਹੁਣ ਉਨ੍ਹਾਂ ਦੀਆਂ ਵਿੱਤੀ ਕੰਪਨੀਆਂ ਅਤੇ ਪੀ.ਟੀ.ਯੂ. ਸੈਂਟਰ ਦੀ ਸਾਲਾਨਾ ਆਮਦਨੀ ਸੱਤ ਕਰੋੜ ਰੁਪਏ ਤੋਂ ਵਧ ਹੈ। ਇਹ ਸੱਚ-ਮੁੱਚ ਉਨ੍ਹਾਂ ਦੀ ਇਕ ਵੱਡੀ ਪ੍ਰਾਪਤੀ ਹੈ। ਅੱਜਕਲ੍ਹ ਉਹ ਅਮੀਰ ਕਾਲੋਨੀ ਰੋਜ਼ ਐਵਿਨਿਊ ਵਿਚ ਇਕ ਦੋ-ਮੰਜ਼ਲੇ ਘਰ ਦੇ ਮਾਲਕ ਹਨ।

ਪੰਜਾਬ ਦੇ ਸਿੱਖਿਅਤ ਕਾਮਿਆਂ ਦੇ ਵਿਦੇਸ਼ਾਂ ਨੂੰ ਪਰਵਾਜ਼ ਕਰ ਜਾਣ ਨਾਲ ਅਤੇ ਯੂ.ਪੀ. ਬਿਹਾਰ ਤੋਂ ਵੱਡੀ ਗਿਣਤੀ ਵਿਚ ਪਰਵਾਸੀਆਂ ਦੇ ਪੰਜਾਬ ਵਿਚ ਪ੍ਰਵੇਸ਼ ਕਰਨ ਨਾਲ ਇਕ ਅਜੀਬ ਦ੍ਰਿਸ਼ ਪੈਦਾ ਹੋ ਗਿਆ ਹੈ। ਪੰਜਾਬ, ਯੂ.ਪੀ. ਬਿਹਾਰ ਦੇ ਕੁਝ ਅਪਰਾਧੀ ਕਿਸਮ ਦੇ ਲੋਕਾਂ ਦੀ ਪਨਾਹਗਾਹ ਵੀ ਬਣ ਗਿਆ ਹੈ। ਇਸ ਲਈ ਯੂ.ਪੀ. ਕਲਿਆਨ ਪਰੀਸ਼ਦ ਨੇ ਇਸ ਸਬੰਧ ਵਿਚ ਕੁਝ ਰੋਕਾਂ ਲਾਉਣ ਦੀ ਹਮਾਇਤ ਕੀਤੀ ਹੈ, ਤਾਂ ਜੋ ਪੰਜਾਬ ਵਿਚ ਜੁਰਮਾਂ ਦੀ ਗਿਣਤੀ ਵਧਾਉਣ ਵਿਚ ਪਰਵਾਸੀਆਂ ਉਤੇ ਇਲਜ਼ਾਮ ਨਾ ਲਾਇਆ ਜਾ ਸਕੇ।

ਬਿਹਾਰ ਅਤੇ ਉੱਤਰ ਪ੍ਰਦੇਸ਼ ਦੇ ਪਰਵਾਸੀ ਪੰਜਾਬ ਵਿਚ ਆਪਣਾ ਅਮੀਰ ਸੱਭਿਆਚਾਰ ਅਤੇ ਰਸੋਈ ਦੇ ਕੁਝ ਨੁਸਖੇ ਵੀ ਲੈ ਕੇ ਆਏ ਹਨ। ਉਹ ਆਪਣੇ ਤਿਉਹਾਰ ਅਤੇ ਧਾਰਮਕ ਪੁਰਬ ਬੜੀ ਸ਼ਾਨੋ-ਸ਼ੌਕਤ ਨਾਲ ਮਨਾਉਂਦੇ ਹਨ।

ਦੋਹਾਂ ਰਾਜਾਂ ਵਿਚ ਸੁੰਦਰ ਲੋਕ-ਗੀਤਾਂ ਦੀ ਪੁਰਾਣੀ ਪਰੰਪਰਾ ਹੈ ਜੋ ਘਰਾਂ ਵਿਚ ਵਿਆਹ-ਸ਼ਾਦੀਆਂ ਦੇ ਮੌਕੇ 'ਤੇ ਬੱਚਿਆਂ ਦੇ ਜਨਮ 'ਤੇ ਅਤੇ ਤਿਉਹਾਰਾਂ ਸਮੇਂ ਗਾਏ ਜਾਂਦੇ ਹਨ। ਇਹ ਲੋਕ-ਗੀਤ ਬਿਨਾਂ ਕਿਸੇ ਸਾਜ਼ਾਂ ਦੇ ਔਰਤਾਂ ਇਕੱਠੀਆਂ ਹੋ ਕੇ

ਗਾਉਂਦੀਆਂ ਹਨ। ਇਨ੍ਹਾਂ ਰਾਜਾਂ ਵਿਚ ਹੋਲੀ ਦੇ ਗੀਤਾਂ ਦੀ ਵੀ ਰੰਗੀਲੀ ਪਰੰਪਰਾ ਹੈ, ਜਿਨ੍ਹਾਂ ਨੂੰ ਸੁਰੀਲੇ ਸੁਰ-ਤਾਲ ਵਿਚ ਗਾਇਆ ਜਾਂਦਾ ਹੈ।

ਬਿਹਾਰ ਵਿਚ ਨਾਚਾਂ ਦੀ ਵੀ ਸ਼ਾਨਦਾਰ ਪਰੰਪਰਾ ਹੈ। ਇਹ ਨਾਚ ਉਨ੍ਹਾਂ ਦੀਆਂ ਅਮੀਰ ਰਵਾਇਤਾਂ ਅਤੇ ਨਸਲੀ ਪਹਿਚਾਨ ਦੇ ਪ੍ਰਤੀਕ ਹਨ। ਲੋਕ-ਨਾਚਾਂ ਦੇ ਕਈ ਵੱਖਰੇ-ਵੱਖਰੇ ਰੂਪ ਹਨ ਜਿਨ੍ਹਾਂ ਨੂੰ ਵੇਖ ਕੇ ਮਨ ਪ੍ਰਸੰਨ ਹੋ ਜਾਂਦਾ ਹੈ। ਇਨ੍ਹਾਂ ਲੋਕ-ਨਾਚਾਂ ਵਿਚ ਧੋਬੀ ਨਾਚ, ਝੁੰਮਰ ਨਾਚ, ਮਾਂਝੀ ਨਾਚ, ਜਿੱਤੀਆ ਨਾਚ, ਮੋਰ ਮੋਰਨੀ ਨਾਚ, ਡੂਮ-ਡੂਮਿਨ ਨਾਚ, ਭੂਈਆ ਬਾਬਾ ਨਾਚ, ਰਾਹ ਬਾਬਾ ਨਾਚ, ਕਾਰਘੋੜਵਾ ਨਾਚ, ਜਾਟ-ਜਾਟਿਨ ਨਾਚ, ਲਾਉਂਡਾ ਨਾਚ, ਬਾਮਾਰ ਨਾਚ, ਝਾਰਨੀ ਝਿਝੀਆ ਨਾਚ, ਨਟੂਆ ਨਾਚ, ਬਿਡਾਪੜ ਨਾਚ, ਸੁਹਰਾਈ ਨਾਚ, ਅਤੇ ਗੌਂਡ ਨਾਚ ਸ਼ਾਮਲ ਹਨ।

ਪਰਵਾਸੀਆਂ ਦਾ ਮੁੱਖ ਭੋਜਨ ਭਾਤ, ਦਾਲ, ਰੋਟੀ ਤਰਕਾਰੀ ਤੇ ਅਚਾਰ ਹਨ। ਕੜ੍ਹੀ ਬੜੀ ਵੀ ਇਕ ਮਨ-ਭਾਉਂਦਾ ਖਾਣਾ ਹੈ, ਜੋ ਬੇਸਣ ਦੇ ਵੜਿਆਂ ਤੋਂ ਬਣਦਾ ਹੈ। ਇਨ੍ਹਾਂ ਵੜਿਆਂ ਨੂੰ ਦਹੀਂ ਅਤੇ ਮਸਾਲੇਦਾਰ ਤਰੀ ਵਿਚ ਪਕਾਇਆ ਜਾਂਦਾ ਹੈ। ਇਹ ਕੜ੍ਹੀ ਫੋਕੇ ਚੌਲਾਂ ਨਾਲ ਮਿਲਾ ਕੇ ਬੜੇ ਸੁਆਦ ਨਾਲ ਖਾਧੀ ਜਾਂਦੀ ਹੈ। ਬਿਹਾਰ ਦੇ ਕੁਝ ਮਾਸਾਹਾਰੀ ਖਾਣਿਆਂ ਦਾ ਵੱਖਰਾ ਸੁਆਦ ਹੈ, ਭਾਵੇਂ ਉਨ੍ਹਾਂ ਦੇ ਨਾਂ ਉੱਤਰੀ ਭਾਰਤ ਦੇ ਕਈ ਖਾਣਿਆਂ ਨਾਲ ਮਿਲਦੇ-ਜੁਲਦੇ ਹਨ। ਬਿਹਾਰ ਦੇ ਮਾਸਾਹਾਰੀ ਖਾਣਿਆਂ ਵਿਚ ਇਕ ਖਾਣੇ ਦਾ ਨਾਂ 'ਰੋਲ' ਹੈ। ਇਹ ਬੜਾ ਹਰਮਨ-ਪਿਆਰਾ ਖਾਣਾ ਹੈ। ਇਹ ਖਾਣਾ ਨਿਊ ਯਾਰਕ ਸਿਟੀ ਵਿਚ ਲੈਕਸਿੰਗਟਨ ਐਵਿਨਿਊ (ਦੱਖਣੀ) ਦੇ ਆਲੇ-ਦੁਆਲੇ 'ਰੋਲ ਬਿਹਾਰੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਹੁਣ ਇਕ ਸਿਆਸੀ ਟੋਟਕਾ ਤੁਹਾਡੇ ਨਾਲ ਸਾਂਝਾ ਕਰਦੇ ਹਾਂ। ਬਿਹਾਰ ਦੇ ਸਾਬਕਾ ਕੇਂਦਰੀ ਮੰਤਰੀ ਸ੍ਰੀ ਰਾਮ ਵਿਲਾਸ ਪਾਸਵਾਨ ਇਕ ਸਿੱਖ ਪਰਿਵਾਰ ਵਿਚ ਵਿਆਹੇ ਹੋਏ ਹਨ। ਅੰਮ੍ਰਿਤਸਰ ਦੇ ਨੇੜੇ ਛਿਹਰਟੇ ਸ਼ਹਿਰ ਵਿਚ ਉਨ੍ਹਾਂ ਦੇ ਕਈ ਰਿਸ਼ਤੇਦਾਰ ਰਹਿੰਦੇ ਹਨ। ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਜਦੋਂ ਨਵੰਬਰ 1984 ਵਿਚ ਦਿੱਲੀ ਵਿਚ ਸਿੱਖਾਂ ਦਾ ਕਤਲੇਆਮ ਹੋਇਆ, ਤਾਂ ਉਸ ਨੇ ਬੜੀ ਜੁਰਅੱਤ ਕਰ ਕੇ ਕਈ ਸਿੱਖਾਂ ਦੀਆਂ ਜਾਨਾਂ ਬਚਾਈਆਂ। ਸਿੱਖਾਂ ਵਿਰੁਧ ਦੰਗੇ ਭੜਕਾਉਣ ਵਾਲਿਆਂ ਦੀ ਖੋਜ-ਪੜਤਾਲ ਕਰਨ ਲਈ ਇਕ ਕਮਿਸ਼ਨ ਬਣਾਇਆ ਗਿਆ। ਉਸ ਕਮਿਸ਼ਨ ਸਾਹਮਣੇ ਪਾਸਵਾਨ ਨੇ ਸਾਫ਼ ਤੌਰ 'ਤੇ ਉਨ੍ਹਾਂ ਲੋਕਾਂ ਬਾਰੇ ਦੱਸਿਆ, ਜਿਹੜੇ ਨਿਰਦੋਸ਼ ਸਿੱਖਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਮਾਰਨ ਵਾਲਿਆਂ ਵਿਚ ਸ਼ਾਮਲ ਸਨ। ਉਨ੍ਹਾਂ ਨੇ ਕਿਹਾ ਕਿ ਕਈ ਥਾਵਾਂ 'ਤੇ ਹੋ ਰਹੀਆਂ ਹਿੰਸਕ ਘਟਨਾਵਾਂ ਨੂੰ ਪੁਲੀਸ ਮੂਕ ਦਰਸ਼ਕ ਬਣ ਕੇ ਦੇਖਦੀ ਰਹੀ ਅਤੇ ਉਨ੍ਹਾਂ ਨੇ ਦੰਗੇ ਰੋਕਣ ਲਈ ਆਪਣੀ ਡਿਊਟੀ ਨਹੀਂ ਨਿਭਾਈ।



## ਪਹਿਲਾ ਲੋਕ ਰਾਜ

ਅੱਖਰੀ ਗਿਆਨ ਅਨੁਸਾਰ ਨਾਮ 'ਬਿਹਾਰ' ਸੰਸਕ੍ਰਿਤ ਦੇ ਸ਼ਬਦ 'ਵਿਹਾਰ' ਤੋਂ ਨਿਕਲਿਆ ਹੈ। ਜਿਸ ਦਾ ਅਰਥ ਹੈ 'ਘਰ'। ਬੁੱਧ ਵਿਹਾਰ ਜੋ ਬੋਧੀ ਭਿਕਸ਼ੂਆਂ ਦਾ ਨਿਵਾਸ-ਸਥਾਨ ਸੀ। ਪ੍ਰਾਚੀਨ ਤੇ ਮੱਧ ਯੁੱਗ ਵਿਚ ਇਸੇ ਖੇਤਰ ਵਿਚ ਸੀ। ਉੱਤਰ ਵਿਚ ਇਹ ਇਲਾਕਾ ਨਿਪਾਲ ਨਾਲ ਤੇ ਦੱਖਣ ਵਿਚ ਝਾਰਖੰਡ ਨਾਲ ਘਿਰਿਆ ਹੋਇਆ ਹੈ। ਬਿਹਾਰ ਨੇ ਭਾਰਤੀ ਇਤਿਹਾਸ ਦਾ ਸੁਨਹਿਰੀ ਯੁੱਗ ਵੇਖਿਆ ਹੈ। ਇਹ ਉਹੀ ਭੂਮੀ ਹੈ, ਜਿੱਥੇ ਪਹਿਲੇ ਗਣਰਾਜ ਦੇ ਬੀਜ ਬੀਜੇ ਗਏ ਸਨ ਅਤੇ ਇੱਥੇ ਲੋਕਤੰਤਰ ਦੀ ਪਹਿਲੀ ਫਸਲ ਪ੍ਰਫੁੱਲਿਤ ਹੋਈ ਸੀ। ਇਸ ਧਰਤੀ ਨੇ ਕਈ ਬੁੱਧੀਜੀਵੀ ਅਤੇ ਵਿਦਵਾਨਾਂ ਨੂੰ ਜਨਮ ਦਿੱਤਾ, ਜਿਨ੍ਹਾਂ ਨੇ ਬੁੱਧੀ ਅਤੇ ਗਿਆਨ ਦੀ ਜੋਤੀ ਨਾ ਕੇਵਲ ਭਾਰਤ ਵਿਚ ਹੀ ਜਗਾਈ ਸਗੋਂ ਸਾਰੀ ਦੁਨੀਆ ਨੂੰ ਆਪਣੇ ਗਿਆਨ ਨਾਲ ਰੌਸ਼ਨ ਕੀਤਾ। ਉੱਤਰ ਪ੍ਰਦੇਸ਼ ਭਾਰਤ ਦਾ ਪੰਜਵਾਂ ਸਭ ਤੋਂ ਵੱਡਾ ਰਾਜ ਹੈ। ਇਸ ਦਾ ਖੇਤਰਫਲ ਫਰਾਂਸ ਦੀ ਅੱਧੀ ਧਰਤੀ ਦੇ ਬਰਾਬਰ ਹੈ।

ਉੱਤਰ ਪ੍ਰਦੇਸ਼ ਪੁਰਤਗਾਲ ਨਾਲੋਂ ਤਿੰਨ ਗੁਣਾ ਵੱਡਾ, ਆਇਰਲੈਂਡ ਨਾਲੋਂ ਚਾਰ ਗੁਣਾ ਵੱਡਾ, ਸਵਿਟਜ਼ਰਲੈਂਡ ਨਾਲੋਂ ਸੱਤ ਗੁਣਾ ਵੱਡਾ, ਬੈਲਜੀਅਮ ਨਾਲੋਂ ਦਸ ਗੁਣਾ ਵੱਡਾ ਅਤੇ ਇੰਗਲੈਂਡ ਨਾਲੋਂ ਵੀ ਕੁਝ ਵੱਡਾ ਪ੍ਰਦੇਸ਼ ਹੈ। ਕੇਵਲ ਪੰਜ ਦੇਸ਼ਾਂ (ਚੀਨ, ਭਾਰਤ, ਅਮਰੀਕਾ, ਇੰਡੋਨੇਸ਼ੀਆ ਅਤੇ ਬਰਾਜ਼ੀਲ) ਦੀ ਆਬਾਦੀ ਉੱਤਰ ਪ੍ਰਦੇਸ਼ ਨਾਲੋਂ ਵੱਧ ਹੈ। ਉੱਤਰ ਪ੍ਰਦੇਸ਼ ਵਿਚ ਔਰਤਾਂ ਦੀ ਪੜ੍ਹਤਾ ਪ੍ਰਤੀਸ਼ਤ ਬੜੀ ਨਿਰਾਸ਼ਾਜਨਕ ਹੈ। ਉੱਤਰ ਪ੍ਰਦੇਸ਼ ਵਿਚ 1991 ਵਿਚ 7+ ਆਯੂ ਗੁੱਟ ਵਿਚ ਚਾਰ ਔਰਤਾਂ ਵਿਚੋਂ ਕੇਵਲ ਇਕ ਔਰਤ ਪੜ੍ਹੀ-ਲਿਖੀ ਸੀ। ਇਸ ਪ੍ਰਦੇਸ਼ ਵਿਚ ਵਿੱਦਿਆ ਦੀਆਂ ਸਮੱਸਿਆਵਾਂ ਬਹੁਤ ਗੰਭੀਰ ਹਨ।

****

# ਪੰਜਾਬ ਤੇ ਬੰਗਾਲ ਦਾ ਇਤਿਹਾਸਕ ਸੁਮੇਲ

ਪੂਰਬੀ ਭਾਰਤ ਵਿਚ ਦਰਿਆ ਗੰਗਾ ਦੀ ਸਹਾਇਕ ਨਦੀ ਹੁਗਲੀ ਅਤੇ ਧੁਰ ਉੱਤਰ ਵਿਚ ਦਰਿਆ ਬਿਆਸ ਤੇ ਰਾਵੀ ਵਿਚਕਾਰ ਭਾਵੇਂ 1500 ਕਿਲੋਮੀਟਰ ਤੋਂ ਵੀ ਵਧ ਫਾਸਲਾ ਹੈ ਪਰ ਇਨ੍ਹਾਂ ਦਰਿਆਵਾਂ ਵਿਚ ਜਜ਼ਬਾਤੀ ਸਾਂਝ ਦਾ ਇਕ ਵਹਿਣ ਵਹਿੰਦਾ ਹੈ।

ਪੱਛਮੀ ਬੰਗਾਲ ਦੀ ਰਾਜਧਾਨੀ ਕੋਲਕਾਤਾ ਦਰਿਆ ਹੁਗਲੀ ਦੇ ਕਿਨਾਰੇ ਵਸਦਾ ਹੈ ਜਦ ਕਿ ਜ਼ਿਲ੍ਹਾ ਅੰਮ੍ਰਿਤਸਰ ਦੀ ਹੱਦ ਦਰਿਆ ਬਿਆਸ ਤੋਂ ਸ਼ੁਰੂ ਹੋ ਕੇ ਦਰਿਆ ਰਾਵੀ ਦੇ ਕਿਨਾਰਿਆਂ ਤਕ ਜਾਂਦੀ ਹੈ। ਇਹ ਤਾਂ ਸੰਭਵ ਨਹੀਂ ਕਿ ਇਨ੍ਹਾਂ ਦਰਿਆਵਾਂ ਦੇ ਕਿਨਾਰੇ ਇਕ ਹੋ ਜਾਣ, ਪਰ ਪੰਜਾਬ ਤੇ ਬੰਗਾਲ ਦੇ ਕ੍ਰਾਂਤੀ-ਕਾਰੀਆਂ ਨੇ ਭਾਰਤੀ ਕ੍ਰਾਂਤੀ ਦਾ ਇਤਿਹਾਸ ਸਾਂਝੇ ਤੌਰ 'ਤੇ ਲਿਖਿਆ ਹੈ।

ਜਿਸ ਸੁਤੰਤਰ ਹਵਾ ਵਿਚ ਅੱਜ ਅਸੀਂ ਸਾਹ ਲੈ ਰਹੇ ਹਾਂ, ਇਸ ਦੇ ਬੀਜ ਇਨ੍ਹਾਂ ਭੁੱਲੇ-ਵਿਸਰੇ ਨਾਇਕਾਂ ਅਤੇ ਨਾਇਕਾਵਾਂ ਦੀਆਂ ਕੁਰਬਾਨੀਆਂ ਵਿਚ ਛੁਪੇ ਹੋਏ ਹਨ। ਇਨ੍ਹਾਂ ਨਾਇਕਾਂ ਨੇ ਸੁਭਾਸ਼ ਚੰਦਰ ਬੋਸ, ਮਹਾਤਮਾ ਗਾਂਧੀ ਅਤੇ ਹੋਰ ਮਹਾਨ ਸੁਤੰਤਰਤਾ ਸੰਗਰਾਮੀਆਂ ਨਾਲ ਮਿਲ ਕੇ ਆਜ਼ਾਦੀ ਦੀ ਜੰਗ ਲੜੀ। ਇਨ੍ਹਾਂ ਵਿਚੋਂ ਕਈਆਂ ਨੇ ਆਪਣੇ ਅਹਿੰਸਕ ਸਤਿਆਗ੍ਰਹਿ ਨਾਲ ਤਾਕਤਵਰ ਅੰਗਰੇਜ਼ ਸਰਕਾਰ ਨੂੰ ਵੰਗਾਰਿਆ। ਉਨ੍ਹਾਂ ਨੇ ਸੱਚ-ਮੁੱਚ ਖਾਲੀ ਹੱਥੀਂ ਉਸ ਜਾਬਰ ਬਸਤੀਵਾਦੀ ਸਰਕਾਰ ਦਾ ਮੁਕਾਬਲਾ ਕੀਤਾ, ਜਿਸ ਵਰਗੀ ਤਾਕਤਵਰ ਸਰਕਾਰ ਸ਼ਾਇਦ ਹੀ ਦੁਨੀਆ ਨੇ ਕਦੀ ਦੇਖੀ ਹੋਵੇ।

ਕਿੰਨੀ ਦਿਲਚਸਪ ਗੱਲ ਹੈ ਕਿ ਜਿਹੜਾ ਇਨਕਲਾਬੀ ਸਾਹਿਤ ਕਲਕੱਤੇ ਵਿਚ ਗੁਰਮੁਖੀ ਵਿਚ ਲਿਖਿਆ ਜਾਂਦਾ ਸੀ, ਉਸ ਦੀ ਛਪਾਈ ਅੰਮ੍ਰਿਤਸਰ ਵਿਚ ਹੁੰਦੀ ਸੀ। ਬਹੁਤਾ ਇਨਕਲਾਬੀ ਸਾਹਿਤ ਕਵੀ ਕੁਟੀਆ ਵਿਚ ਲਿਖਿਆ ਜਾਂਦਾ ਸੀ ਜਿਸ ਦੀ ਸਥਾਪਨਾ ਕਲਕੱਤੇ ਵਿਚ 1922 ਵਿਚ ਹੋਈ ਸੀ। ਇਕ ਮਾਸਕ ਰਸਾਲਾ 'ਕਵੀ' 1927 ਵਿਚ ਕਵੀ ਕੁਟੀਆ ਤੋਂ ਛਪਣਾ ਸ਼ੁਰੂ ਹੋਇਆ ਅਤੇ ਉਥੋਂ ਹੀ ਇਕ ਪੰਜਾਬੀ ਰੋਜ਼ਾਨਾ ਅਖ਼ਬਾਰ 'ਦੇਸ਼ ਦਰਪਨ' 1930 ਵਿਚ ਪ੍ਰਕਾਸ਼ਿਤ ਹੋਣਾ ਅਰੰਭ ਹੋਇਆ।

ਸਿੱਖਾਂ ਤੇ ਬੰਗਾਲੀਆਂ ਦੇ ਸਬੰਧ ਪੰਦਰ੍ਹਵੀਂ ਸਦੀ ਤੋਂ ਸ਼ੁਰੂ ਹੁੰਦੇ ਹਨ, ਜਦੋਂ ਗੁਰੂ ਨਾਨਕ ਦੇਵ ਜੀ ਕਲਕੱਤੇ ਵਿਚ ਪਧਾਰੇ। ਮੁਸਲਮਾਨਾਂ ਦੇ ਅਤਿ ਪਵਿੱਤਰ ਅਸਥਾਨ ਮੱਕੇ ਜਾਣ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਢਾਕੇ ਗਏ ਅਤੇ ਰਾਹ ਵਿਚ ਕਲਕੱਤੇ ਅਤੇ ਕਟਕ ਵਿਚੋਂ ਲੰਘੇ।

ਅੰਗਰੇਜ਼ਾਂ ਦੇ ਬਸਤੀਵਾਦੀ ਰਾਜ ਸਮੇਂ ਕਲਕੱਤਾ ਭਾਰਤੀ ਅੰਗਰੇਜ਼ੀ ਰਾਜ ਦੀ ਰਾਜਧਾਨੀ ਸੀ। ਵੀਹਵੀਂ ਸਦੀ ਦੀ ਪਹਿਲੀ ਚੌਥਾਈ ਵਿਚ ਕਲਕੱਤਾ ਕ੍ਰਾਂਤੀਕਾਰੀ



ਸਰਗਰਮੀਆਂ ਦਾ ਕੇਂਦਰ ਰਿਹਾ। ਪੰਜਾਬੀਆਂ ਅਤੇ ਬੰਗਾਲੀਆਂ ਨੇ ਇਕੱਠੇ ਹੋ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਸੰਘਰਸ਼ ਕੀਤਾ। ਪੰਜਾਬੀ ਕ੍ਰਾਂਤੀਕਾਰੀਆਂ ਵਿਚ ਬਹੁਤੇ ਕ੍ਰਾਂਤੀਕਾਰੀ ਅੰਮ੍ਰਿਤਸਰ ਦੇ ਸਨ।

ਦੇਸ਼ ਦੇ ਉਸਰਈਏ ਕ੍ਰਾਂਤੀਕਾਰੀ ਕਵੀਆਂ ਅਤੇ ਲੇਖਕਾਂ ਦੇ ਬੇਹੱਦ ਦੇਣਦਾਰ ਹਨ ਕਿਉਂਕਿ ਕਵੀ ਤੇ ਲੇਖਕ ਦੇਸ਼ ਦੀਆਂ ਅੱਖਾਂ ਤੇ ਜ਼ਬਾਨ ਹੁੰਦੇ ਹਨ। ਉਸ ਦੇਸ਼ ਦੇ ਲੋਕਾਂ ਨੂੰ ਦੇਸ਼ ਦੀ ਆਜ਼ਾਦੀ ਲਈ 'ਕਰੋ ਜਾਂ ਮਰੋ' ਦਾ ਸੰਦੇਸ਼ ਦਿੰਦੇ ਹਨ।

ਜਦੋਂ ਆਜ਼ਾਦੀ ਦਾ ਸੰਘਰਸ਼ ਸਿਖਰ ਉਤੇ ਸੀ ਤਾਂ ਕਲਕੱਤੇ ਵਿਚ ਇਕ ਕਮਜ਼ੋਰ ਜਿਹੇ ਨੌਜੁਆਨ ਦਾ ਘਰ ਸੁਤੰਤਰਤਾ-ਸੰਗਰਾਮੀਆਂ ਦੀਆਂ ਸਰਗਰਮੀਆਂ ਦੇ ਕੇਂਦਰ ਬਣ ਗਿਆ। ਇਹ ਨੌਜੁਆਨ ਇਕ ਮਹਾਨ ਕ੍ਰਾਂਤੀਕਾਰੀ ਕਵੀ ਸੀ ਜਿਸ ਦਾ ਨਾਂ ਕਵੀ ਕੁਟੀਆ ਵਾਲਾ ਸੌਦਾਗਰ ਸਿੰਘ ਭਿਖਾਰੀ ਸੀ। ਭਿਖਾਰੀ ਜੀ ਅੰਮ੍ਰਿਤਸਰ ਵਿਚ 1982 ਵਿਚ ਸੁਰਗਵਾਸ ਹੋਏ।

ਦੇਸ਼-ਵੰਡ ਤੋਂ ਪਹਿਲੇ ਸਮਿਆਂ ਵਿਚ ਉਹ ਕ੍ਰਾਂਤੀਕਾਰੀ ਕਵੀਆਂ ਦੀ ਰੂਹੇ-ਰਵਾਂ ਸਨ। ਉਨ੍ਹਾਂ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਇਕ ਪਿੰਡ ਭੰਗਾਲੀ ਵਿਚ 1898 ਵਿਚ ਇਕ ਕਿਰਤੀ ਪਰਿਵਾਰ ਵਿਚ ਹੋਇਆ। ਅਜੋਕੀ ਪੀੜ੍ਹੀ ਲਈ ਤਾਂ ਭਾਰਤ ਦੀ ਆਜ਼ਾਦੀ ਦਾ ਸੰਘਰਸ਼, ਇਤਿਹਾਸ ਦਾ ਇਕ ਸ਼ਾਨਦਾਰ ਕਾਂਡ ਹੀ ਹੈ, ਪਰ ਇਹ ਸੰਘਰਸ਼ ਜਦੋਂ ਲੜਿਆ ਜਾ ਰਿਹਾ ਸੀ ਤਾਂ ਦੇਸ਼ ਦੇ ਤਕਰੀਬਨ ਅੱਧੇ ਨੌਜੁਆਨਾਂ ਨੇ ਇਸ ਵਿਚ ਭਾਗ ਲਿਆ। ਇਹ ਸੰਘਰਸ਼ ਅੰਸ਼ਕ ਰੂਪ ਵਿਚ ਅਹਿੰਸਾਵਾਦੀ ਸੀ ਅਤੇ ਇਕ ਬਹੁਤ ਵੱਡੀ ਬਸਤੀਵਾਦੀ ਤਾਕਤ ਦੇ ਵਿਰੁੱਧ ਇਕ ਪ੍ਰਾਧੀਨ ਦੇਸ਼ ਵਲੋਂ ਮਨੁੱਖੀ ਅਤੇ ਇਖਲਾਕੀ ਕਦਰਾਂ-ਕੀਮਤਾਂ ਦੇ ਆਧਾਰ 'ਤੇ ਲੜਿਆ ਜਾ ਰਿਹਾ ਸੀ। ਅਫ਼ਸੋਸ ਦੀ ਗੱਲ ਹੈ ਕਿ ਉਨ੍ਹਾਂ ਬੇਨਾਮ ਨਾਇਕਾਂ ਦੀਆਂ ਕੁਰਬਾਨੀਆਂ ਦਾ ਯੋਗ ਮੁੱਲ ਨਹੀਂ ਪਾਇਆ ਗਿਆ।

ਕਵੀ ਕੁਟੀਆ ਪਹਿਲੀ ਸਾਹਿਤਕ ਸੰਸਥਾ ਸੀ ਜੋ 1922 ਵਿਚ ਬੰਗਾਲ ਵਿਚ ਕਾਇਮ ਕੀਤੀ ਗਈ। ਇਸ ਦੇ ਮੈਂਬਰ ਆਪਣੀਆਂ ਇਕੱਤਰਤਾਵਾਂ ਵਿਚ ਦੇਸ਼ ਦੀ ਆਜ਼ਾਦੀ, ਸਮਾਜਕ, ਧਾਰਮਕ ਅਤੇ ਗੁਰਦੁਆਰਾ ਸੁਧਾਰ ਬਾਰੇ ਲਿਖੀਆਂ ਆਪਣੀਆਂ ਰਚਨਾਵਾਂ ਉਤੇ ਵਿਚਾਰ-ਵਟਾਂਦਰਾ ਕਰਿਆ ਕਰਦੇ ਸਨ। ਬਾਅਦ ਵਿਚ ਇਹ ਰਚਨਾਵਾਂ ਆਪਣੇ ਪ੍ਰਿੰਟਿੰਗ ਪ੍ਰੈਸ ਵਿਚ ਛਪਦੇ ਰਸਾਲਾ 'ਕਵੀ' ਵਿਚ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਸਨ। ਇਸ ਤੋਂ ਪਿੱਛੋਂ ਇਹ ਰਚਨਾਵਾਂ ਪੰਜਾਬੀ ਦੇ ਰੋਜ਼ਾਨਾ ਅਖ਼ਬਾਰ 'ਦੇਸ਼ ਦਰਪਨ' ਵਿਚ ਵੀ ਛਪਣ ਲੱਗ ਪਈਆਂ, ਜੋ ਕਲਕੱਤੇ ਤੋਂ 1930 ਵਿਚ ਛਪਣਾ ਸ਼ੁਰੂ ਹੋਇਆ ਸੀ ਅਤੇ ਅੱਜ ਵੀ ਛਪ ਰਿਹਾ ਹੈ। ਕਲਕੱਤੇ ਵਿਚ ਰਹਿੰਦੇ ਹਜ਼ਾਰਾਂ ਹੀ ਪੰਜਾਬੀਆਂ ਨੂੰ ਭਿਖਾਰੀ ਜੀ ਦੀ ਕ੍ਰਿਸ਼ਮਈ ਸ਼ਕਤੀ ਨੇ ਆਪਣੇ ਵੱਲ ਖਿੱਚ ਲਿਆ।

ਦਿਲਚਸਪ ਗੱਲ ਇਹ ਹੈ ਕਿ ਕਵੀ ਕੁਟੀਆ ਦਾ ਕੋਈ ਮਕਾਨ ਜਾਂ ਕੁਟੀਆ ਨਹੀਂ ਸੀ। ਇਸ ਦੇ ਮੈਂਬਰ ਪਾਰਕਾਂ ਵਿਚ ਜਾਂ ਭਿਖਾਰੀ ਦੇ ਘਰ ਵਿਚ ਇਕੱਠੇ ਹੁੰਦੇ

ਸਨ। ਇਸ ਨਿਸ਼ਕਾਮ ਸੇਵਾ ਸੁਸਾਇਟੀ ਦੀ ਰੂਹੇ-ਰਵਾਂ ਸੌਦਾਗਰ ਸਿੰਘ ਭਿਖਾਰੀ ਸੀ। ਭਿਖਾਰੀ ਕਿਸੇ ਸਕੂਲ ਵਿਚ ਪੜ੍ਹਿਆ ਹੋਇਆ ਨਹੀਂ ਸੀ। ਉਹ ਰੋਜ਼ੀ-ਰੋਟੀ ਕਮਾਉਣ ਲਈ ਗਿਆਰਾਂ ਸਾਲ ਦੀ ਛੋਟੀ ਉਮਰ ਵਿਚ ਘਰੋਂ ਤੇ ਪਿੰਡੋਂ ਨਿਕਲ ਤੁਰਿਆ। ਉਸ ਨੇ ਮਸ਼ੀਨਾਂ ਚਲਾਉਣੀਆਂ ਸਿੱਖੀਆਂ। ਕਰਾਚੀ ਤੇ ਅੰਮ੍ਰਿਤਸਰ ਵਿਚ ਨੌਕਰੀਆਂ ਕੀਤੀਆਂ। ਫੇਰ ਉਹ ਨੈਰੋਬੀ ਚਲਾ ਗਿਆ, ਜਿੱਥੇ ਪਹਿਲੀ ਸੰਸਾਰ ਜੰਗ ਦੇ ਸਮੇਂ ਉਸ ਦਾ ਪਿਤਾ ਇਕ ਰੇਲਵੇ ਵਰਕਸ਼ਾਪ ਵਿਚ ਕੰਮ ਕਰਦਾ ਸੀ। ਆਖ਼ਰ ਉਹ ਕਲਕੱਤੇ ਵਿਚ ਰਹਿਣ ਲਗ ਪਿਆ। ਭਿਖਾਰੀ ਭਾਵੇਂ ਇੰਜੀਨੀਅਰ ਸੀ, ਪਰ ਉਸ ਨੂੰ ਸੰਗੀਤ, ਫੋਟੋਗਰਾਫ਼ੀ ਅਤੇ ਸਾਹਿਤ ਦਾ ਵੀ ਸ਼ੌਕ ਸੀ। ਉਸ ਦੀਆਂ ਰਚਨਾਵਾਂ ਉਤੇ ਸਵਰਾਜ ਦੀ ਲਹਿਰ ਅਤੇ ਗੁਰਦੁਆਰਾ ਸੁਧਾਰ ਅੰਦੋਲਨ ਦਾ ਬਹੁਤ ਪ੍ਰਭਾਵ ਪਿਆ। ਬਾਅਦ ਵਿਚ ਭਿਖਾਰੀ ਜੀ ਅੰਮ੍ਰਿਤਸਰ ਆ ਗਏ। ਉਨ੍ਹਾਂ ਦੇ ਆਖ਼ਰੀ ਦਿਨਾਂ ਵਿਚ ਵੀ ਉਨ੍ਹਾਂ ਦਾ ਘਰ ਕਵੀਆਂ ਤੇ ਲਿਖਾਰੀਆਂ ਦਾ ਕੇਂਦਰ ਬਣਿਆ ਰਿਹਾ।

ਭਿਖਾਰੀ ਜੀ ਦਾ ਵੱਡਾ ਪੁੱਤਰ ਇੰਜੀਨੀਅਰ ਪ੍ਰਤਾਪ ਸਿੰਘ ਸੁਪਰਡੈਂਟ ਇੰਜੀਨੀਅਰ (ਸੇਵਾ ਮੁਕਤ)ਵੀ ਸੁਤੰਤਰਤਾ-ਸੈਨਾਨੀ ਸੀ, ਉਹ ਕਲਕੱਤਾ ਯੂਨੀਵਰਸਿਟੀ ਨਾਲ ਸਬੰਧਿਤ ਇਕ ਕਾਲਜ ਦਾ ਵਿਦਿਆਰਥੀ ਸੀ। ਜਦੋਂ 'ਭਾਰਤ ਛੱਡੋ ਅੰਦੋਲਨ' ਵਿਚ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਡਾ. ਰਾਧਾ ਕ੍ਰਿਸ਼ਨਨ ਜੋ ਬਾਅਦ ਵਿਚ ਭਾਰਤ ਦੇ ਰਾਸ਼ਟਪਤੀ ਬਣੇ, ਉਸ ਸਮੇਂ ਕਲਕੱਤਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਨ। ਪ੍ਰਤਾਪ ਸਿੰਘ ਨੂੰ ਮਦਨਜੀਤ ਸਿੰਘ (ਸਾਬਕਾ ਸ਼ੁੱਭ-ਕਾਮਨਾ ਰਾਜਦੂਤ ਯੂਨੈਸਕੋ) ਤੇ ਸਤ ਹੋਰ ਵਿਦਿਆਰਥੀਆਂ ਸਮੇਤ ਅੰਗਰੇਜ਼ ਸਰਕਾਰ ਵਿਰੁੱਧ ਸੰਘਰਸ਼ ਕਰਨ ਦੇ ਦੋਸ਼ ਵਿਚ ਉੱਤਰ ਪ੍ਰਦੇਸ਼ ਦੀ ਬਦਨਾਮ ਮਿਰਜ਼ਾਪੁਰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ।

ਇਸ ਪਿਛੋਂ ਇੰਜੀਨੀਅਰ ਪ੍ਰਤਾਪ ਸਿੰਘ ਨੇ ਇਕ ਵਧੀਆ ਕੰਮ ਕੀਤਾ। ਉਸ ਨੇ ਦੇਸ਼-ਵੰਡ ਸਮੇਂ ਫਿਰਕੂ ਹਿੰਸਾ ਦੇ ਸ਼ਿਕਾਰ ਹੋਏ ਲੋਕਾਂ ਨੂੰ ਵਸਾਇਆ। ਬਲੋਚੀਆਂ ਨੇ ਵਾਘੇ ਤਕ ਉਸ ਦਾ ਪਿੱਛਾ ਕੀਤਾ ਪਰ ਉਹ ਆਪਣੇ ਚਚੇਰੇ ਭਰਾ ਦੀ ਮਦਦ ਨਾਲ ਬਚ ਗਿਆ। ਚਚੇਰਾ ਭਰਾ ਫ਼ੌਜ ਵਿਚ ਮੇਜਰ ਸੀ। ਭਾਵੇਂ ਪ੍ਰਤਾਪ ਸਿੰਘ ਨੇ ਆਪਣੇ ਪਿਤਾ ਦੀਆਂ ਕੁਝ ਹੱਥ-ਲਿਖਤਾਂ ਤੇ ਕੁਝ ਹੋਰ ਚੀਜ਼ਾਂ ਸੰਭਾਲ ਕੇ ਰੱਖੀਆਂ ਹੋਈਆਂ ਸਨ, ਪਰ ਸੰਗਰਾਮੀਆਂ ਦੀਆਂ ਅਜਿਹੀਆਂ ਵਸਤਾਂ ਕਿਸੇ ਅਜਾਇਬਘਰ ਵਿਚ ਰੱਖਣੀਆਂ ਚਾਹੀਦੀਆਂ ਹਨ। ਸੁਤੰਤਰਤਾ ਸੰਗਰਾਮ ਨਾਲ ਸਬੰਧਿਤ ਇਕ ਵਿਦਵਾਨ ਦਾ ਕਹਿਣਾ ਹੈ ਕਿ 'ਅਸੀਂ ਇਸ ਗੱਲੋਂ ਖ਼ੁਸ਼ਕਿਸਮਤ ਹਾਂ ਕਿ ਸਾਡੇ ਵਿਚ ਅਜਿਹੇ ਕੁਝ ਵਿਅਕਤੀ ਮੌਜੂਦ ਹਨ ਜਿਨ੍ਹਾਂ ਨੇ ਆਜ਼ਾਦ ਭਾਰਤ ਦਾ ਸੁਪਨਾ ਸਾਕਾਰ ਕੀਤਾ। ਹੁਣ ਸਮਾਂ ਹੈ ਕਿ ਅਸੀਂ 'ਬੀਤੇ ਸਮੇਂ ਨੂੰ ਫਿਰ ਸਾਕਾਰ ਕਰੀਏ ਅਤੇ ਦੇਸ਼ ਨੂੰ ਆਜ਼ਾਦ ਕਰਾਉਣ ਵਾਲੇ ਸੂਰਬੀਰਾਂ ਦੇ ਤਜਰਬਿਆਂ ਤੋਂ ਕੁਝ ਸਿੱਖੀਏ।'

ਸੌਦਾਗਰ ਸਿੰਘ ਭਿਖਾਰੀ, ਮੁਨਸ਼ਾ ਸਿੰਘ ਦੁਖੀ ਅਤੇ ਡਾ. ਦੀਵਾਨ ਸਿੰਘ ਕਾਲੇਪਾਣੀ ਦੇ ਸਾਥੀ ਸਨ। ਦੁਖੀ, ਜਲੰਧਰ ਜ਼ਿਲ੍ਹੇ ਦੇ ਸ਼ਹਿਰ ਨੂਰ ਮਹਿਲ ਦੇ ਨੇੜੇ,



ਪਿੰਡ ਜੰਡਿਆਲੇ ਦੇ ਸ. ਨਿਹਾਲ ਸਿੰਘ ਰਾਮਗੜ੍ਹੀਏ ਦੇ ਪੁੱਤਰ ਸਨ ਅਤੇ ਉਨ੍ਹਾਂ ਦਾ ਦੂਜਾ ਨਾਂ 'ਅਬਦੁੱਲਾ' ਸੀ। ਡਾ. ਦੀਵਾਨ ਸਿੰਘ ਇਕ ਬਹੁਪੱਖੀ ਸ਼ਖ਼ਸੀਅਤ ਸਨ, ਜਿਨ੍ਹਾਂ ਨੂੰ ਅੰਡੇਮਾਨ-ਨਿਕੋਬਾਰ ਦੀ ਜੇਲ੍ਹ ਵਿਚ ਤਸੀਹੇ ਦੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਮੁਨਸ਼ਾ ਸਿੰਘ ਦੁਖੀ ਕੈਨੇਡਾ ਚਲੇ ਗਏ ਅਤੇ ਵੈਨਕੂਵਰ ਵਿਖੇ ਯੁਗੰਤਰ ਆਸ਼ਰਮ ਦੇ ਪ੍ਰਤੀਨਿਧ ਬਣ ਗਏ। ਭਿਖਾਰੀ ਜੀ ਦੇ ਆਪਣੇ ਸਮੇਂ ਦੇ ਪ੍ਰਸਿੱਧ ਕਵੀਆਂ ਅਤੇ ਕਲਾਕਾਰਾਂ ਨਾਲ ਬਹੁਤ ਨੇੜੇ ਦੇ ਸਬੰਧ ਸਨ ਜਿਨ੍ਹਾਂ ਵਿਚ ਐੱਸ.ਜੀ. ਠਾਕਰ ਸਿੰਘ, ਧਨੀ ਰਾਮ ਚਾਤ੍ਰਿਕ, ਗੁਰਾਂ ਦਿੱਤਾ ਖੰਨਾ, ਬਾਬੂ ਫ਼ਿਰੋਜ਼ਦੀਨ ਸ਼ਰਫ਼ ਅਤੇ ਚਰਨ ਸਿੰਘ ਸ਼ਹੀਦ ਸ਼ਾਮਲ ਸਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪੰਜਾਬੀ ਅਧਿਐਨ ਸਕੂਲ ਦੇ ਡਾ. ਹਰਭਜਨ ਸਿੰਘ ਭਾਟੀਆ ਕਹਿੰਦੇ ਹਨ "ਬਿਨਾਂ -ਸ਼ੱਕ ਭਿਖਾਰੀ ਜੀ ਇਕ ਧਾਰਮਕ ਬੰਦੇ ਸਨ ਪਰ ਕੱਟੜਵਾਦੀ ਬਿਲਕੁਲ ਨਹੀਂ ਸਨ। ਉਨ੍ਹਾਂ ਨੇ ਬਸਤੀਵਾਦੀ ਹਕੂਮਤ ਦੇ ਖ਼ਿਲਾਫ਼ ਭਾਰਤੀਆਂ ਨੂੰ ਜਥੇਬੰਦ ਕਰਨ ਲਈ ਕਰੜੀ ਘਾਲਣਾ ਘਾਲੀ।"

ਮਰਹੂਮ ਅਕਾਲੀ ਲੀਡਰ ਮਨਜੀਤ ਸਿੰਘ ਕਲਕੱਤਾ ਕਹਿੰਦੇ ਹਨ, "ਕਲਕੱਤੇ ਨੇ ਕ੍ਰਾਂਤੀਕਾਰੀਆਂ ਦਾ ਕੇਂਦਰ ਹੋਣ ਦੀ ਭੂਮਿਕਾ ਨਿਭਾਈ, ਖ਼ਾਸ ਤੌਰ 'ਤੇ ਅੰਮ੍ਰਿਤਸਰ ਦੇ ਕ੍ਰਾਂਤੀਕਾਰੀਆਂ ਲਈ। ਉਹ ਕਹਿੰਦੇ ਸਨ ਕਿ ਕਲਕੱਤੇ ਵਿਚ ਭਿਖਾਰੀ ਜੀ ਉਨ੍ਹਾਂ ਦੇ ਗੁਆਂਢੀ ਸਨ ਅਤੇ ਉਨ੍ਹਾਂ ਦੀ ਬੇਟੀ ਉਨ੍ਹਾਂ ਨਾਲ ਪੜ੍ਹਦੀ ਸੀ। ਸਰਦਾਰ ਕਲਕੱਤਾ ਨੇ ਕ੍ਰਾਂਤੀਕਾਰੀਆਂ ਦੀਆਂ ਸਰਗਰਮੀਆਂ ਨੂੰ ਆਪਣੇ ਅੱਖੀਂ ਵੇਖਿਆ ਸੀ। ਕਵੀ ਕੁਟੀਆ ਐੱਸ.ਐੱਸ. ਰੇਅ ਦੇ ਮੁਹੱਲੇ ਵਿਚ ਸੀ ਜੋ ਬਾਅਦ ਵਿਚ ਕੁਝ ਸਮੇਂ ਲਈ ਪੰਜਾਬ ਦੇ ਗਵਰਨਰ ਬਣੇ ਸਨ। ਸਰਦਾਰ ਕਲਕੱਤਾ ਕਹਿੰਦੇ ਹਨ ਕਿ ਭਿਖਾਰੀ ਜੀ ਬੜੇ ਦਲੇਰ ਵਿਅਕਤੀ ਸਨ ਜਿਨ੍ਹਾਂ ਨੇ ਬੰਗਾਲੀਆਂ ਨਾਲ ਮਿਲ ਕੇ ਕਲਕੱਤੇ ਵਿਚ ਇਨਕਲਾਬੀ ਜੋਸ਼ ਪੈਦਾ ਕੀਤਾ।

ਜ਼ਰਖੇਜ਼-ਕਲਮ ਲਿਖਾਰੀ ਸ. ਰਘਬੀਰ ਸਿੰਘ ਬੀਰ, ਜੋ ਬਾਅਦ ਵਿਚ ਕਵੀ ਕੁਟੀਆ ਤੋਂ ਪ੍ਰਕਾਸ਼ਿਤ ਹੁੰਦੇ 'ਦੇਸ਼ ਦਰਪਨ' ਅਤੇ 'ਆਤਮ ਸਾਇੰਸ' ਦੇ ਸੰਪਾਦਕ ਬਣੇ ਅਤੇ ਸ਼ਰੀਫ਼ਪੁਰਾ ਅੰਮ੍ਰਿਤਸਰ ਦੇ ਵਸਨੀਕ ਕੈਪਟਨ ਭਾਗ ਸਿੰਘ ਜੋ ਕਲਕੱਤੇ ਤੋਂ 'ਸਿੱਖ ਰਿਵਿਊ' ਪ੍ਰਕਾਸ਼ਿਤ ਕਰਦੇ ਸਨ, ਭਿਖਾਰੀ ਜੀ ਦੇ ਚੰਗੇ ਦੋਸਤ ਸਨ।

## ਵਪਾਰਕ ਕੇਂਦਰ ਤੋਂ ਮਹਾਂਨਗਰ ਤਕ

ਕੋਲਕਾਤਾ, ਪੂਰਬੀ ਭਾਰਤ ਵਿਚ, ਗੰਗਾ ਦੇ ਡੈਲਟੇ ਵਿਚ, ਦਰਿਆ ਹੁਗਲੀ ਦੇ ਕਿਨਾਰੇ ਇਕ ਪ੍ਰਸਿੱਧ ਸ਼ਹਿਰ ਹੈ। ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨੇ 1690 ਵਿਚ ਇੱਥੇ ਆਪਣਾ ਇਕ ਵਪਾਰਕ ਕੇਂਦਰ ਖੋਲ੍ਹਿਆ। 1833 ਤੋਂ ਲੈ ਕੇ 1911ਈ. ਤਕ ਇਹ ਬਰਤਾਨਵੀ ਭਾਰਤ ਦੀ ਰਾਜਧਾਨੀ ਰਿਹਾ। ਕੋਲਕਾਤਾ ਪੂਰਬੀ ਭਾਰਤ ਦੀ ਇਕ ਮੁੱਖ ਬੰਦਰਗਾਹ ਅਤੇ ਪ੍ਰਸਿੱਧ ਸਨਅਤੀ ਕੇਂਦਰ ਹੈ। ਇਹ ਭਾਰਤ ਦਾ ਦੂਜਾ ਸਭ ਤੋਂ ਵੱਡਾ ਸ਼ਹਿਰ ਅਤੇ ਆਬਾਦੀ ਪੱਖੋਂ ਦੁਨੀਆ ਦੇ ਸਭ ਤੋਂ ਵੱਡੇ ਸ਼ਹਿਰਾਂ ਵਿਚੋਂ ਇਕ ਹੈ।

ਕੋਲਕਾਤਾ ਖਾੜੀ ਬੰਗਾਲ ਦੇ ਉੱਤਰ ਵਿਚ ਤਕਰੀਬਨ 100 ਕਿਲੋਮੀਟਰ ਅਤੇ ਬੰਗਲਾ ਦੇਸ਼ ਦੇ ਪੱਛਮ ਵਿਚ ਤਕਰੀਬਨ 70 ਕਿਲੋਮੀਟਰ ਦੇ ਫਾਸਲੇ ’ਤੇ ਸਥਿਤ ਹੈ।

ਕੋਲਕਾਤਾ ਦੇ ਵਿਕਾਸ ਵਿਚ ਦਰਿਆ ਹੁਗਲੀ ਦਾ ਬਹੁਤ ਯੋਗਦਾਨ ਹੈ। ਇਸੇ ਕਾਰਨ ਇਸ ਦਾ ਸ਼ਹਿਰੀ ਵਿਕਾਸ ਹੋਇਆ ਹੈ। ਦਰਿਆ ਹੁਗਲੀ ਦੀ ਬਦੌਲਤ ਹੁਣ ਕੋਲਕਾਤਾ ਮਹਾਂ ਨਗਰ ਬਣ ਗਿਆ ਹੈ।

ਈਸਟ ਇੰਡੀਆ ਕੰਪਨੀ ਦੇ ਇਕ ਏਜੰਟ ਜੋਬ ਚਰਨੋਕ ਨੇ 1690ਈ. ਵਿਚ ਇਸ ਜਗ੍ਹਾ ਨੂੰ ਬ੍ਰਿਟਿਸ਼ ਤਜਾਰਤੀ ਕੇਂਦਰ ਵਜੋਂ ਚੁਣਿਆ ਸੀ। ਇਸ ਜਗ੍ਹਾ ਦੀ ਚੋਣ ਬਹੁਤ ਸੋਚ-ਸਮਝ ਕੇ ਕੀਤੀ ਗਈ ਸੀ। ਇਹ ਜਗ੍ਹਾ ਪੱਛਮ ਵਿਚ ਦਰਿਆ ਹੁਗਲੀ, ਉੱਤਰ ਵਿਚ ਵੱਡੇ ਚੋਅ ਅਤੇ ਪੂਰਬ ਵਿਚ ਤਕਰੀਬਨ ਢਾਈ ਮੀਲ ਦੇ ਫਾਸਲੇ ’ਤੇ ਲੂਣੀਆਂ ਝੀਲਾਂ ਨਾਲ ਘਿਰਿਆ ਹੋਣ ਕਰ ਕੇ ਸੁਰੱਖਿਅਤ ਹੈ।

****



## ਬਰ੍ਹਮਾ ਦੇਸ਼ ਨਾਲ ਅੰਮ੍ਰਿਤਸਰ ਦਾ ਸਬੰਧ

ਦੇਸ਼-ਵੰਡ ਦੇ ਦੁਖਾਂਤ ਨੇ ਅਨੇਕਾਂ ਗਲਪਕਾਰਾਂ ਨੂੰ ਇਸ ਬਾਰੇ ਲਿਖਣ ਲਈ ਪ੍ਰੇਰਿਤ ਕੀਤਾ। ਪਿਛਲੀ ਸਦੀ ਦੇ ਪੰਜਵੇਂ ਦਹਾਕੇ ਦੇ ਸ਼ੁਰੂ ਵਿਚ ਬਰ੍ਹਮਾ (ਅੱਜਕਲ੍ਹ ਮਿਆਂਮਾਰ) ਵਿਚੋਂ ਸਿੱਖ ਪਰਿਵਾਰਾਂ ਦੇ ਨਿਕਲਣ ਦਾ ਦੁਖਾਂਤ ਵੀ ਕੋਈ ਘੱਟ ਦੁਖਦਾਈ ਨਹੀਂ ਸੀ, ਪਰ ਇਹ ਦੁਖਾਂਤ ਲੇਖਕਾਂ ਦੀ ਨਜ਼ਰ ਤੋਂ ਓਹਲੇ ਹੀ ਰਿਹਾ। ਅੰਮ੍ਰਿਤਸਰ ਦੇ ਕਈ ਵਸਨੀਕ ਜਿਨ੍ਹਾਂ ਨੇ ਬਰ੍ਹਮਾ ਨੂੰ ਭਾਰਤ ਨਾਲੋਂ ਵੱਖ ਹੋਣ ਦੀ ਘਟਨਾ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ ਸੀ, ਉਹ ਹੁਣ ਸਾਡੇ ਵਿਚ ਨਹੀਂ ਹਨ। ਟਾਵੇਂ ਟਾਵੇਂ ਲੋਕ ਅਜੇ ਜ਼ਿੰਦਾ ਹਨ ਜੋ ਇਸ ਦੁਖਾਂਤ ਦੇ ਭਿਆਨਕ ਦ੍ਰਿਸ਼ ਬਿਆਨ ਕਰਦੇ ਹਨ।

ਪੰਜਾਬ ਦੇ ਸਾਬਕਾ ਡਾਇਰੈਕਟਰ ਜਨਰਲ ਪੁਲੀਸ ਸ. ਸਰਬਜੀਤ ਸਿੰਘ ਦੇ ਪਿਤਾ ਮੇਜਰ ਹਰਭਜਨ ਸਿੰਘ ਬਰ੍ਹਮਾ ਵਿਚ ਹੀ ਜੰਮੇ ਪਲੇ ਸਨ ਅਤੇ ਲੰਮੇ ਸਮੇਂ ਤਕ ਉਨ੍ਹਾਂ ਨੇ ਬਰ੍ਹਮੀ ਫ਼ੌਜ ਵਿਚ ਨੌਕਰੀ ਕੀਤੀ। ਬਰ੍ਹਮਾ ਵਿਚ ਰਹੇ ਸਿੱਖ ਪਰਿਵਾਰਾਂ ਦੇ ਜਿਹੜੇ ਕੁਝ ਲੋਕ ਅਜੇ ਜ਼ਿੰਦਾ ਹਨ, ਉਨ੍ਹਾਂ ਨੇ ਮਾਂਡਲੇ ਜੇਲ੍ਹ ਵਿਚ ਨਾਮਧਾਰੀ ਗੁਰੂ ਬਾਬਾ ਰਾਮ ਸਿੰਘ ਦੀ ਗ੍ਰਿਫ਼ਤਾਰੀ ਆਪਣੀ ਅੱਖੀਂ ਦੇਖੀ ਸੀ।

ਸ਼ਹਿਰ ਦੇ ਮਹੱਲਿਆਂ ਵਿਚ ਘਰਾਂ ਦੇ ਬਾਹਰ ‘ਬਰ੍ਹਮਾ ਹਾਊਸ’ ਨਾਂ ਦੀਆਂ ਲੱਗੀਆਂ ਤਖ਼ਤੀਆਂ ਤੋਂ ਪਤਾ ਲਗਦਾ ਹੈ ਕਿ ਸਮੁੰਦਰੀ ਤੱਟ ’ਤੇ ਵਸਦੇ ਇਸ ਦੇਸ਼ ਦਾ ਅੰਮ੍ਰਿਤਸਰੀਆਂ ਨਾਲ ਕੀ ਰਿਸ਼ਤਾ ਹੈ, ਜਿਸ ਉਤੇ ਅੱਜ ਕੱਲ੍ਹ ਫ਼ੌਜੀ ਜੁੰਡਲੀ ਰਾਜ ਕਰ ਰਹੀ ਹੈ। ਕਈ ਪਾਠਕ ਇਹ ਜਾਣ ਕੇ ਹੈਰਾਨ ਹੋਣਗੇ ਕਿ ਪੁਰਾਣੇ ਸਿੱਖ ਪਰਿਵਾਰਾਂ ਦੇ ਕੁਝ ਮੈਂਬਰ ਜਿਨ੍ਹਾਂ ਨੇ ਬਰ੍ਹਮਾ ਦੀ ਉੱਨਤੀ ਵਿਚ ਹਿੱਸਾ ਪਾਇਆ, ਬਰ੍ਹਮੀ ਭਾਸ਼ਾ ਅਤੇ ਮਿਆਂਮਾਰ ਦੀਆਂ ਕੁਝ ਉਪ-ਬੋਲੀਆਂ ਬੋਲ ਸਕਦੇ ਹਨ।

ਇਕ ਪ੍ਰਸਿੱਧ ਸਿੱਖ ਸ਼ਖ਼ਸੀਅਤ, ਜਿਨ੍ਹਾਂ ਨੇ ਬਰ੍ਹਮਾ ਦੀ ਸਿੱਖ ਫ਼ੌਜ ਵਿਚ ਨੌਕਰੀ ਕੀਤੀ, ਬਾਬਾ ਅੱਛਰ ਸਿੰਘ ਜੀ ਸਨ ਜੋ ਬਾਅਦ ਵਿਚ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਣੇ। ਉਨ੍ਹਾਂ ਨੇ ਬਰ੍ਹਮੀ ਸਿੱਖ ਫ਼ੌਜ ਦੀ ਨੌਕਰੀ ਉਦੋਂ ਛੱਡੀ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਤੋਂ ਪਹਿਲਾਂ ਪੰਥਕ ਮੋਰਚੇ ਲੱਗਣੇ ਸ਼ੁਰੂ ਹੋਏ।

ਅੰਮ੍ਰਿਤਸਰੀਆਂ ਨੇ 1890 ਦੇ ਨੇੜੇ ਖੁਸ਼ਹਾਲੀ ਦੀ ਭਾਲ ਵਿਚ ਬਰ੍ਹਮਾ ਜਾ ਕੇ ਵਸਣਾ ਸ਼ੁਰੂ ਕੀਤਾ, ਜਦੋਂ ਬਰ੍ਹਮਾ ਅਜੇ ਭਾਰਤ ਦਾ ਹਿੱਸਾ ਸੀ। ਜਾਣ ਵਾਲੇ ਬਹੁਤੇ ਅੰਮ੍ਰਿਤਸਰੀਏ ਇੰਜੀਨੀਅਰ, ਡਾਕਟਰ ਅਤੇ ਫ਼ੌਜੀ ਸਨ, ਜਿਨ੍ਹਾਂ ਨੇ ਬਰ੍ਹਮਾ ਦੇ ਵਿਕਾਸ ਵਿਚ ਸ਼ਾਨਦਾਰ ਹਿੱਸਾ ਪਾਇਆ। ਸਾਧਨਾਂ-ਸਰੋਤਾਂ ਦੇ ਪੱਖੋਂ ਬਰ੍ਹਮਾ ਇਕ ਅਮੀਰ ਦੇਸ਼ ਹੈ ਪਰ ਪੇਂਡੂ ਗ਼ਰੀਬੀ ਦੀ ਦਲਦਲ ਵਿਚ ਫਸਿਆ ਹੋਇਆ ਹੈ।

ਅੰਮ੍ਰਿਤਸਰੀਆਂ ਨੇ ਬਰ੍ਹਮਾ ਵਿਚ ਰੇਲ-ਪਟੜੀਆਂ ਵਿਛਾਈਆਂ ਅਤੇ ਪੁਲ ਤੇ

ਸ਼ਾਨਦਾਰ ਇਮਾਰਤਾਂ ਬਣਾਈਆਂ। ਕੁਝ ਅੰਮ੍ਰਿਤਸਰੀਆਂ ਨੇ ਆਨਰੇਰੀ ਮਜਿਸਟ੍ਰੇਟ, ਸਟੇਸ਼ਨ ਸੁਪਰਡੰਟ ਅਤੇ ਹੋਰ ਮਹੱਤਵਪੂਰਨ ਪਦਵੀਆਂ ’ਤੇ ਕੰਮ ਕੀਤਾ। ਪਰ ਜਦੋਂ ਬਰ੍ਹਮਾ ਆਜ਼ਾਦ ਹੋਇਆ ਤਾਂ ਬਰ੍ਹਮਾ ਦੀ ਨਵੀਂ ਸਰਕਾਰ ਨੇ ਉਨ੍ਹਾਂ ਭਾਰਤੀਆਂ ਨੂੰ ਬਰ੍ਹਮਾ ਛੱਡ ਜਾਣ ਲਈ ਮਜਬੂਰ ਕਰ ਦਿੱਤਾ ਜਿਨ੍ਹਾਂ ਨੇ ਇਸ ਦੇਸ਼ ਦੀ ਤਰੱਕੀ ਲਈ ਆਪਣਾ ਲਹੂ ਪਸੀਨਾ ਇਕ ਕਰ ਦਿੱਤਾ ਸੀ।

ਜਿਹੜੇ ਅੰਮ੍ਰਿਤਸਰੀਏ ਸਹੀ ਸਲਾਮਤ ਅੰਮ੍ਰਿਤਸਰ ਪਹੁੰਚੇ, ਉਨ੍ਹਾਂ ਵਿਚ ਹਜ਼ੂਰ ਸਿੰਘ, ਜਸਵੰਤ ਸਿੰਘ ਕਲਾਹ, ਮੇਲਾ ਸਿੰਘ, ਜ਼ੋਰਾ ਸਿੰਘ, ਯੂਨੀਵਰਸਲ ਫੈਨਜ਼ ਦੀ ਪ੍ਰਸਿੱਧੀ ਵਾਲੇ ਹਰਨਾਮ ਸਿੰਘ, ਹਰਨਾਮ ਸਿੰਘ ਮਕਤੀਲੇਵਾਲੇ, ਨਰਾਇਣ ਸਿੰਘ, ਝੰਡਾ ਸਿੰਘ, ਦੂਲਾ ਸਿੰਘ ਕਲਸੀ, ਅਮਰ ਸਿੰਘ, ਦੀਦਾਰ ਸਿੰਘ, ਨਰਾਇਣ ਸਿੰਘ ਕਲਾਹ, ਦੀਦਾਰ ਸਿੰਘ, ਦਲੀਪ ਸਿੰਘ ਲਾਲ, ਮੇਜਰ ਹਰਭਜਨ ਸਿੰਘ (ਪੰਜਾਬ ਦੇ ਸਾਬਕਾ ਡੀ.ਜੀ.ਪੀ. ਸਰਬਜੀਤ ਸਿੰਘ ਦੇ ਪਿਤਾ), ਬੁੱਧ ਸਿੰਘ ਸਟੇਸ਼ਨ ਮਾਸਟਰ, ਸੁਰਜੀਤ ਸਿੰਘ ਰਾਣੀ-ਕਾ-ਬਾਗ, ਬਲਵੰਤ ਕੌਰ, ਜੈ ਸਿੰਘ ਕਲਸੀਆ, ਬੀਬੀ ਗਿਆਨ ਕੌਰ ਅਤੇ ਮੋਹਨ ਸਿੰਘ ਸ਼ਾਮਲ ਸਨ।

ਦੰਦਾਂ ਦੇ ਪ੍ਰਸਿੱਧ ਡਾਕਟਰ ਡਾ. ਮਹਿੰਦਰ ਸਿੰਘ ਅਤੇ ਸ. ਕਰਮ ਸਿੰਘ ਲਾਲ ਵਰਗੇ ਅੰਮ੍ਰਿਤਸਰੀਆਂ ਦੇ ਮਨ ਵਿਚ ਦੂਜੀ ਸੰਸਾਰ ਜੰਗ ਦੀਆਂ ਯਾਦਾਂ ਅਜੇ ਤਾਜ਼ੀਆਂ ਹਨ। ਬਰ੍ਹਮਾ ਉਤੇ ਹੋਈ ਬੰਬਾਰੀ ਦੀਆਂ ਘਟਨਾਵਾਂ ਉਨ੍ਹਾਂ ਨੂੰ ਅਜੇ ਵੀ ਯਾਦ ਹਨ। ਦੂਜੀ ਸੰਸਾਰ ਜੰਗ ਦੇ ਸ਼ੁਰੂ ਦਾ ਸਮਾਂ ਬਰ੍ਹਮਾ ਵਿਚ ਰਾਜਨੀਤਕ ਜਾਗ੍ਰਿਤੀ ਦਾ ਸਮਾਂ ਸੀ। ਇਕ ਵਿਦਿਆਰਥੀ ਆਗੂ ਯੂ ਆਂਗ ਸਾਨ ਨੇ ਬਰ੍ਹਮਾ ਦੀ ਸੁਤੰਤਰ ਸੈਨਾ ਜਥੇਬੰਦ ਕੀਤੀ। ਜਿਸ ਨੂੰ ਕੁਝ ਸਮਾਂ ਪਹਿਲਾਂ ਜਾਪਾਨੀਆਂ ਨੇ ਸਿਖਲਾਈ ਦਿੱਤੀ ਸੀ।

1942 ਵਿਚ ਜਦੋਂ ਮਿਆਂਮਾਰ (ਬਰ੍ਹਮਾ) ਉਤੇ ਜਾਪਾਨੀਆਂ ਨੇ ਹਮਲਾ ਕੀਤਾ ਤਾਂ ਬਰ੍ਹਮਾ ਦੀ ਸੁਤੰਤਰ ਸੈਨਾ ਜਾਪਾਨੀਆਂ ਨਾਲ ਮਿਲ ਗਈ। ਇਸ ਸੈਨਾ ਨੇ ਭਾਵੇਂ ਬਹੁਤੀਆਂ ਲੜਾਈਆਂ ਨਹੀਂ ਲੜੀਆਂ ਪਰ ਇਸ ਦੀ ਗਿਣਤੀ ਵਿਚ ਬਹੁਤ ਵਾਧਾ ਹੋ ਗਿਆ। ਜੰਗ ਦੇ ਅਖ਼ੀਰ ਵਿਚ ਇਹ ਸੈਨਾ ਐਨੀ ਤਕੜੀ ਹੋ ਗਈ ਕਿ ਇਸ ਨੇ ਬਰ੍ਹਮਾ ਵਿਚ ਜਾਪਾਨੀਆਂ ਦੀ ਕਮਜ਼ੋਰ ਹਕੂਮਤ ਨੂੰ ਖ਼ਤਮ ਕਰ ਦਿੱਤਾ।

ਡਾ. ਮਹਿੰਦਰ ਸਿੰਘ ਅਤੇ ਕਰਮ ਸਿੰਘ ਲਾਲ ਦਸਦੇ ਹਨ ਕਿ ਜਦੋਂ ਬਰ੍ਹਮਾ ਦੇ ਸਭ ਤੋਂ ਹਰਮਨ-ਪਿਆਰੇ ਨਾਇਕ ਅਤੇ ਡਾਅ ਆਂਗ ਸਾਨ ਸੂ ਕੀਈ ਦੇ ਪਿਤਾ ਨੇ 1940 ਦੇ ਆਸ-ਪਾਸ ਅੰਗਰੇਜ਼ਾਂ ਤੋਂ ਆਪਣੇ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕੀਤਾ, ਉਸ ਵੇਲੇ ਉਹ ਮਿਆਂਮਾਰ ਵਿਚ ਹੀ ਸਨ। ਜਨਰਲ ਆਂਗ ਸਾਨ ਆਪਣੇ ਸਿਧਾਂਤਾਂ ’ਤੇ ਪਹਿਰਾ ਦਿੰਦਾ ਹੋਇਆ 1947 ਵਿਚ ਮਾਰਿਆ ਗਿਆ। ਸੂ ਕੀਈ ਆਪਣੇ ਬਾਪੂ ਵਾਂਗ ਬੜੀ ਬਹਾਦਰ ਹੈ। ਉਹ ਆਪਣੇ ਦੇਸ਼ ਦੀ ਆਜ਼ਾਦੀ ਅਤੇ ਲੋਕ ਰਾਜ ਨੂੰ ਤਨੋਂ-ਮਨੋਂ ਪ੍ਰਣਾਈ ਹੋਈ ਹੈ। ਬਰ੍ਹਮਾ ਨੂੰ ਅੱਜ ਕੱਲ੍ਹ ਮਿਆਂਮਾਰ ਕਹਿੰਦੇ ਹਨ। ਇਸ ਦੇਸ਼ ਨੂੰ ਇਹ ਨਾਂ ਦੁਨੀਆ ਦੇ ਸਭ ਤੋਂ ਬੇਰਹਿਮ ਅਤੇ ਵਹਿਸ਼ੀ ਫ਼ੌਜੀ ਤਾਨਾਸ਼ਾਹਾਂ ਨੇ ਦਿੱਤਾ ਹੈ।



## ਭਾਰਤੀ ਅੰਗਰੇਜ਼ੀ ਰਾਜ ਤੋਂ ਆਜ਼ਾਦੀ ਵੱਲ

ਅੰਗਰੇਜ਼ਾਂ ਨੇ 62 ਸਾਲਾਂ (1824-1886) ਵਿਚ ਬਰ੍ਹਮਾ ਨੂੰ ਜਿੱਤਿਆ ਅਤੇ ਆਪਣੀ ਭਾਰਤੀ ਸਲਤਨਤ ਵਿਚ ਮਿਲਾ ਲਿਆ। 1937 ਤਕ ਬ੍ਰਹਮਾ ਦਾ ਰਾਜ-ਪ੍ਰਬੰਧ ਭਾਰਤ ਦੇ ਇਕ ਸੂਬੇ ਵਾਂਗ ਚਲਦਾ ਰਿਹਾ ਫੇਰ ਇਹ ਭਾਰਤ ਤੋਂ ਵੱਖਰੀ ਇਕ ਸਵੈ-ਸ਼ਾਸਿਤ ਬਸਤੀ ਬਣ ਗਿਆ। ਬਰਤਾਨਵੀ ਕਾਮਨ ਵੈਲਥ ’ਚੋਂ ਇਸ ਨੇ 1948 ਵਿਚ ਆਜ਼ਾਦੀ ਪ੍ਰਾਪਤ ਕੀਤੀ। ਨੈਸ਼ਨਲ ਲੀਗ ਫਾਰ ਡੈਮੋਕਰੇਸੀ ਦੀ ਲੀਡਰ ਅਤੇ ਨੋਬਲ ਅਮਨ ਪੁਰਸਕਾਰ ਜੇਤੂ ਆਂਗ ਸਾਨ ਸੂ ਕੀਈ ਨੂੰ ਪਹਿਲਾਂ 1989 ਤੋਂ 1995 ਤਕ ਅਤੇ ਫੇਰ 2000 ਤੋਂ 2002 ਤਕ ਉਸ ਦੇ ਆਪਣੇ ਘਰ ਵਿਚ ਨਜ਼ਰਬੰਦ ਰੱਖਿਆ ਗਿਆ ਅਤੇ ਫੇਰ ਮਈ 2003 ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਅੱਜਕਲ੍ਹ ਵੀ ਉਹ ਆਪਣੇ ਘਰ ਵਿਚ ਨਜ਼ਰਬੰਦ ਹੈ।

1937 ਵਿਚ ਬਰ੍ਹਮਾ ਬਰਤਾਨਵੀ ਭਾਰਤ ਨਾਲੋਂ ਵੱਖ ਹੋ ਗਿਆ ਅਤੇ ਇਕ ਨਵਜਾਤ ਕੌਮ ਦਾ ਜਨਮ ਹੋਇਆ ਜੋ ਆਪਣੀ ਸੁਤੰਤਰਤਾ ਲਈ ਯਤਨਸ਼ੀਲ ਸੀ। ਜਾਪਾਨੀਆਂ ਨੇ ਅੰਗਰੇਜ਼ਾਂ ਨੂੰ ਬਰ੍ਹਮਾ ਵਿਚੋਂ ਕੱਢ ਦਿੱਤਾ ਅਤੇ ਉਨ੍ਹਾਂ ਨੇ ਬਰ੍ਹਮਾ ਦੀ ਰਾਜਨੀਤਕ ਹਮਾਇਤ ਹਾਸਲ ਕਰਨ ਦੀ ਕੋਸ਼ਿਸ਼ ਕੀਤੀ। ਕੁਝ ਸਮੇਂ ਲਈ ਬਰ੍ਹਮਾ ਦੇ ਲੋਕ ਆਜ਼ਾਦ ਹੋਣ ਦੇ ਇਸ ਮੌਕੇ ਤੋਂ ਫ਼ਾਇਦਾ ਉਠਾਉਣ ਲਈ ਲਲਚਾ ਗਏ ਪਰ ਛੇਤੀ ਹੀ ਇਸ ਵਿਚਾਰ ਦਾ ਵਿਰੋਧ ਹੋਣ ਲੱਗ ਪਿਆ। 1948 ਵਿਚ ਬਰ੍ਹਮਾ ਆਜ਼ਾਦ ਹੋ ਗਿਆ ਅਤੇ ਨਾਲ ਹੀ ਖੰਡ-ਖੰਡ ਹੋਣਾ ਸ਼ੁਰੂ ਹੋ ਗਿਆ ਕਿਉਂਕਿ ਪਹਾੜੀ ਕਬੀਲਿਆਂ, ਕਮਿਊਨਿਸਟਾਂ ਅਤੇ ਮੁਸਲਮਾਨਾਂ ਆਦਿ ਸਾਰਿਆਂ ਨੇ ਬਗਾਵਤ ਕਰ ਦਿੱਤੀ ਸੀ।

## ਬਰ੍ਹਮਾ ਦੀ ਲੜਾਈ ਵਿਚ ਮਾਨਕਸ਼ਾਅ ਦੀ ਬਹਾਦਰੀ

ਇਸ ਲੜਾਈ ਵਿਚ ਅੰਮ੍ਰਿਤਸਰ-ਵਾਸੀ ਫੀਲਡ ਮਾਰਸ਼ਲ ਸੈਮ ਮਾਨਕਸ਼ਾਅ ਨੇ ਬਹਾਦਰੀ ਦਾ ਇਤਿਹਾਸ ਲਿਖਿਆ। ਦੂਜੀ ਸੰਸਾਰ ਜੰਗ ਦੌਰਾਨ ਉਸ ਨੇ ਸਿਤਾਂਗ ਦਰਿਆ ਦੇ ਕਿਨਾਰੇ ਲੜਾਈ ਵਿਚ ਹਿੱਸਾ ਲਿਆ। ਜੰਗ ਦੇ ਦੌਰਾਨ ਹੀ ਉਸ ਨੂੰ ਬਹਾਦਰੀ ਦਾ ਸਨਮਾਨ ਦਿੱਤਾ ਗਿਆ। ਦੂਜੀ ਸੰਸਾਰ ਜੰਗ ਸਮੇਂ ਉਹ ਬਰ੍ਹਮਾ ਵਿਚ ਜਾਪਾਨੀਆਂ ਉਤੇ ਹਮਲੇ ਦੀ ਅਗਵਾਈ ਕਰ ਰਹੇ ਸਨ। ਜਦੋਂ ਉਹ ਆਪਣੇ ਸਿਪਾਹੀਆਂ ਨਾਲ ਅੱਗੇ ਵਧੇ ਤਾਂ ਅਚਾਨਕ ਝਾੜੀਆਂ ਵਿਚੋਂ ਇਕ ਜਾਪਾਨੀ ਫ਼ੌਜੀ ਨਿਕਲ ਆਇਆ। ਉਸ ਨੇ ਮਾਨਕਸ਼ਾਅ ਉਤੇ ਗੋਲੀ ਚਲਾ ਦਿੱਤੀ ਜੋ ਉਨ੍ਹਾਂ ਦੇ ਮਿਹਦੇ ਵਿਚ ਲੱਗੀ। ਮਾਲਕਸ਼ਾਅ ਸਖ਼ਤ ਜ਼ਖ਼ਮੀ ਹੋ ਗਏ। ਖ਼ੁਸ਼ਕਿਸਮਤੀ ਨਾਲ ਮੇਜਰ ਜਨਰਲ ਡੀ.ਟੀ. ਕੋਵਨ ਨੇ ਉਨ੍ਹਾਂ ਨੂੰ ਦੇਖ ਲਿਆ ਕਿ ਉਹ ਸਖ਼ਤ ਜ਼ਖ਼ਮੀ ਹਨ, ਪਰ ਜ਼ਿੰਦਾ ਹਨ।

ਮੇਜਰ ਜਨਰਲ ਕੋਵਨ ਨੇ ਸੋਚਿਆ ਕਿ ਕਿਤੇ ਅਣਹੋਣੀ ਨਾ ਵਾਪਰ ਜਾਵੇ। ਉਨ੍ਹਾਂ ਨੇ ਇਕ ਦਮ ਆਪਣਾ ਮਿਲਟਰੀ ਕਰਾਸ ਰਿਬਨ ਉਤਾਰ ਕੇ ਇਹ ਕਹਿੰਦਿਆਂ ਮਾਨਕਸ਼ਾਅ ਨੂੰ ਪਹਿਨਾ ਦਿੱਤਾ ਕਿ “ਇਕ ਮ੍ਰਿਤਕ ਆਦਮੀ ਨੂੰ ਮਿਲਟਰੀ ਕਰਾਸ ਪ੍ਰਦਾਨ ਨਹੀਂ ਕੀਤਾ ਜਾ ਸਕਦਾ।”

****

# ਦੋ ਸ਼ਹਿਰਾਂ ਦੀ ਕਹਾਣੀ

ਅੰਮ੍ਰਿਤਸਰ ਅਤੇ ਲਾਹੌਰ ਦੋ ਅਜਿਹੇ ਸ਼ਹਿਰ ਹਨ ਜਿਨ੍ਹਾਂ ਨੇ ਦੇਸ਼-ਵੰਡ ਦੇ ਸਮੇਂ ਬੇਸ਼ੁਮਾਰ ਜ਼ਖ਼ਮ ਖਾਧੇ ਪਰ ਅੰਮ੍ਰਿਤਸਰੀਆਂ ਤੇ ਲਾਹੌਰੀਆਂ ਦੀ ਸੱਭਿਆਚਾਰਕ ਸਾਂਝ ਅਜੇ ਵੀ ਕਾਇਮ ਹੈ।

"ਅੱਜ ਆਖਾਂ ਵਾਸ ਸ਼ਾਹ ਨੂੰ ਕਿਤੇ ਕਬਰਾਂ ਵਿਚੋਂ ਬੋਲ...' ਇਹ ਦਿਲ-ਛੂੰਹਦੀਆਂ ਸਤਰਾਂ ਪੰਜਾਬੀ ਕਵਿਤਰੀ ਅੰਮ੍ਰਿਤਾ ਪ੍ਰੀਤਮ ਦੀਆਂ ਹਨ। ਜਿਨ੍ਹਾਂ ਵਿਚ ਵਾਘੇ ਦੇ ਦੋਵੇਂ ਪਾਸੇ ਫਿਰਕੂ ਜਨੂੰਨ ਦਾ ਸ਼ਿਕਾਰ ਹੋਈਆਂ ਔਰਤਾਂ ਦੇ ਦੁੱਖ-ਦਰਦ ਛੁਪੇ ਹੋਏ ਹਨ। ਪੂਰਬੀ ਤੇ ਪੱਛਮੀ, ਦੋਹਾਂ ਪੰਜਾਬਾਂ ਦਾ ਦਰਦ ਅਜੇ ਵੀ ਪੰਜਾਬੀਆਂ ਦੇ ਦਿਲ-ਦਿਮਾਗ ਵਿਚ ਵਸਿਆ ਹੋਇਆ ਹੈ। ਪਰ ਦੋਹਾਂ ਪੰਜਾਬਾਂ ਦੀ ਅਨਿੱਖੜ ਸਾਂਝ ਨੂੰ ਅੰਮ੍ਰਿਤਸਰ-ਲਾਹੌਰ ਬਸ ਸੇਵਾ ਵਰਗੇ ਯਤਨ ਨਾਲ ਮੁੜ ਸੁਰਜੀਤ ਕੀਤਾ ਜਾ ਸਕਦਾ ਹੈ।

ਇਕ ਪਾਕਿਸਤਾਨੀ ਨਾਗਰਿਕ ਇਸ਼ਤਿਆਕ ਅਹਿਮਦ ਵੰਡ ਤੋਂ ਪਹਿਲਾਂ ਦੇ ਪੰਜਾਬੀ ਸੱਭਿਆਚਾਰ ਨੂੰ ਯਾਦ ਕਰਦਾ ਹੋਇਆ ਕਹਿੰਦਾ ਹੈ, "ਕਦੀ ਉਹ ਵੀ ਦਿਨ ਸਨ ਜਦੋਂ ਮੁਹੱਰਮ ਦੇ ਜਲੂਸ ਉਤੇ ਹਿੰਦੂ ਭਰਾ ਫੁੱਲਾਂ ਦੀ ਵਰਖਾ ਕਰਿਆ ਕਰਦੇ ਸਨ ਅਤੇ ਮੁਸਲਮਾਨ ਬਾਦਸ਼ਾਹੀ ਮਸਜਿਦ ਦੇ ਪਿੱਛੇ ਮਿੰਟੋ ਪਾਰਕ ਵਿਚ ਰਾਮਲੀਲ੍ਹਾ ਦੇਖਣ ਜਾਇਆ ਕਰਦੇ ਸਨ। ਦੀਵਾਲੀ ਤੇ ਦਸਹਿਰਾ ਸਾਰੇ ਮਿਲ ਕੇ ਮਨਾਉਂਦੇ ਸਨ।"

ਲਾਹੌਰ ਦੇ ਵਸਣ ਦੀ ਕਹਾਣੀ ਰਾਮਾਇਣ ਦੇ ਨਾਇਕ, ਅਯੁੱਧਿਆ-ਪਤੀ ਸ੍ਰੀ ਰਾਮ ਦੇ ਪੁੱਤਰ ਲਵ ਜਾਂ ਲੋਹ ਨਾਲ ਜੋੜੀ ਜਾਂਦੀ ਹੈ। ਹਿੰਦੂ ਮਹਾਂ-ਕਾਵਿ ਰਾਮਾਇਣ ਦੀ ਕਥਾ ਪੂਰਵ-ਇਤਿਹਾਸਕ ਕਾਲ ਨਾਲ ਸਬੰਧਿਤ ਹੈ। ਪਾਕਿਸਤਾਨ ਦੀ ਸਰਕਾਰੀ ਵੈੱਬਸਾਈਟ ਅਨੁਸਾਰ ਵੀ ਲਵ ਜਾਂ ਲੋਹ ਨੂੰ ਲਾਹੌਰ ਦਾ ਸੰਸਥਾਪਕ ਮੰਨਿਆ ਜਾਂਦਾ ਹੈ। ਇਸ ਤੱਥ ਨੂੰ ਯੂਨੈਸਕੋ ਵੀ ਮੰਨਦੀ ਹੈ। ਲਾਹੌਰ ਵਿਚ ਸ਼ਾਹੀ ਕਿਲੇ ਦੇ ਸਾਹਮਣੇ ਲੱਗੇ ਬੋਰਡ ਉਤੇ ਇਹ ਸੂਚਨਾ ਲਿਖੀ ਹੋਈ ਹੈ। ਦਿਲਚਸਪ ਗੱਲ ਇਹ ਹੈ ਕਿ ਪਾਕਿਸਤਾਨ ਦੇ ਇਕ ਹੋਰ ਸ਼ਹਿਰ ਕਸੂਰ ਦਾ ਬਾਨੀ ਕੁਸ਼ ਨੂੰ ਮੰਨਿਆ ਜਾਂਦਾ ਹੈ ਜੋ ਲਵ ਦਾ ਜੌੜਾ ਭਰਾ ਸੀ।

ਲਾਹੌਰ ਮਹਾਰਾਜਾ ਰਣਜੀਤ ਸਿੰਘ (1799-1839) ਦੀ ਵੀ ਰਾਜਧਾਨੀ ਸੀ। ਜਿੱਥੇ ਹਿੰਦੂ, ਸਿੱਖ ਤੇ ਮੁਸਲਮਾਨ ਬੜੇ ਪਿਆਰ ਨਾਲ ਤੇ ਮਿਲਜੁਲ ਕੇ ਰਹਿੰਦੇ ਸਨ।

ਲਾਹੌਰ ਨੂੰ ਪਿਆਰ ਕਰਨ ਵਾਲਿਆਂ ਲਈ ਇਹ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਲਾਹੌਰ ਦੇ ਨਾਜ਼ਮ ਮੀਆਂ ਅਮੀਰ ਮਹਿਮੂਦ ਨੇ ਇਹ ਐਲਾਨ ਕੀਤਾ ਹੈ ਕਿ ਉਸ ਦੀ ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ ਲਾਹੌਰ ਦਾ ਇਸਲਾਮੀਕਰਨ ਕਰਨ ਲਈ ਉਹ



ਲਾਹੌਰ ਦੀਆਂ ਗਲੀਆਂ ਤੇ ਸੜਕਾਂ ਦੇ ਪੁਰਾਣੇ ਚਲੇ ਆਉਂਦੇ ਹਿੰਦੂ ਸਿੱਖ ਨਾਂ ਨਹੀਂ ਬਦਲਣਗੇ। ਅੰਮ੍ਰਿਤਸਰ-ਲਾਹੌਰ ਬਸ ਸੇਵਾ ਦੋਹਾਂ ਸ਼ਹਿਰਾਂ ਦੀਆਂ ਸ਼ਾਨਦਾਰ ਸਮਾਨਤਾਵਾਂ ਅਤੇ ਅਸਮਾਨਤਾਵਾਂ ਉਤੇ ਹੋਰ ਰੌਸ਼ਨੀ ਪਾ ਸਕਦੀ ਹੈ। ਜਿਨ੍ਹਾਂ ਕਾਰਨ ਦੋਹਾਂ ਸ਼ਹਿਰਾਂ ਦੀ ਸਾਂਝ ਹਮੇਸ਼ਾ ਬਣੀ ਰਹੇਗੀ। ਦੋਹਾਂ ਦੇਸ਼ਾਂ ਵਿਚ ਤਨਾਉ ਘਟਣ ਦੇ ਕੁਝ ਆਸਾਰ ਹਨ। ਜਿਨ੍ਹਾਂ ਕਾਰਨ ਲਾਹੌਰ ਤੇ ਅੰਮ੍ਰਿਤਸਰ ਦੇ ਲੋਕਾਂ ਵਿਚਕਾਰ ਸੱਭਿਆਚਾਰਕ ਏਕਤਾ ਮੁੜ-ਜਾਗ੍ਰਿਤ ਹੋ ਸਕਦੀ ਹੈ।

ਪਾਕਿਸਤਾਨ ਵਿਚ ਰਹਿੰਦੇ ਹਿੰਦੂ ਅੰਮ੍ਰਿਤਸਰ ਵਿਚ ਬਣੇ ਦੁਰਗਿਆਨਾ ਮੰਦਰ ਦੇ ਦਰਸ਼ਨ ਕਰ ਕੇ ਬੜੇ ਖ਼ੁਸ਼ ਹੋਣਗੇ। ਉਹ ਦੁਰਗਿਆਨਾ ਮੰਦਰ ਦੇ ਅਹਾਤੇ ਵਿਚ ਬਣੇ ਹਨੂੰਮਾਨ ਪ੍ਰਾਚੀਨ ਮੰਦਰ ਅਤੇ ਬੋਹੜ ਦੇ ਪੁਰਾਣੇ ਬ੍ਰਿਛ ਨੂੰ ਵੀ ਦੇਖਣਾ ਚਾਹੁਣਗੇ। ਹਿੰਦੂ ਮਿਥਿਹਾਸ ਅਨੁਸਾਰ ਜਦੋਂ ਹਨੂੰਮਾਨ ਜੀ ਨੇ ਰਾਮ-ਸੁਤ ਲਵ ਤੇ ਕੁਸ਼ ਨੂੰ (ਜੋ ਅਜੋਕੇ ਪਾਕਿਸਤਾਨ ਦੇ ਦੋ ਸ਼ਹਿਰਾਂ ਦੇ ਬਾਨੀ ਸਨ।) ਅਸ਼ਵਮੇਧ ਘੋੜੇ ਨੂੰ ਫੜਨ ਤੋਂ ਰੋਕਿਆ ਤਾਂ ਉਸ ਨੂੰ (ਹਨੂੰਮਾਨ ਨੂੰ) ਇਸ ਦਰਖ਼ੱਤ ਨਾਲ ਬੰਨ੍ਹ ਦਿੱਤਾ ਗਿਆ ਸੀ।

ਖ਼ੁਸ਼ੀ ਦੀ ਗੱਲ ਇਹ ਹੈ ਕਿ ਲਾਹੌਰ ਤੇ ਅੰਮ੍ਰਿਤਸਰ ਦੇ ਵਿਚਾਲੇ ਸੱਭਿਆਚਾਕ ਸਾਂਝ ਦੀ ਜਿਹੜੀ ਡੋਰ ਹੈ, ਉਸ ਨੂੰ ਦੋਹਾਂ ਦੇਸ਼ਾਂ ਵਿਚਾਲੇ ਖਿੱਚੀ ਸਰਹੱਦ ਦੀ ਲਕੀਰ ਨਹੀਂ ਤੋੜ ਸਕਦੀ। ਹਿੰਦੂ ਪਰਿਵਾਰਾਂ ਵਿਚ ਕੁੜੀਆਂ-ਵਹੁਟੀਆਂ ਦੇ ਹੱਥਾਂ 'ਤੇ ਮਹਿੰਦੀ ਲਾਉਣ ਤੇ ਵੰਗਾਂ ਪਹਿਨਣ ਦਾ ਰਿਵਾਜ ਹੈ। ਇਹ ਰਿਵਾਜ ਸਰਹੱਦ ਟੱਪ ਕੇ ਪਾਕਿਸਤਾਨ ਵੀ ਪਹੁੰਚ ਗਿਆ ਹੈ। ਵਿਆਹਾਂ-ਸ਼ਾਦੀਆਂ ਤੇ ਮੁਸਲਮਾਨ ਔਰਤਾਂ ਵੀ ਮਹਿੰਦੀ ਲਾਉਣ ਤੇ ਵੰਗਾਂ ਪਾਉਣ ਲਗ ਪਈਆਂ ਹਨ।

ਬਸੰਤ ਦੇ ਤਿਉਹਾਰ 'ਤੇ ਪਤੰਗ-ਉਡਾਉਣ ਦੀ ਪਰੰਪਰਾ ਹੈ। ਲਾਹੌਰ ਵਿਚ ਰਾਤ ਨੂੰ ਵੀ ਪਤੰਗ ਉਡਾਉਣ ਦੇ ਮੁਕਾਬਲੇ ਚਲਦੇ ਹਨ; ਭਾਵੇਂ ਮੁੱਲਾਂ-ਮੌਲਾਣੇ ਪਤੰਗ ਉਡਾਉਣ ਤੋਂ ਮਨ੍ਹਾ ਕਰਦੇ ਹਨ। ਕਹਿੰਦੇ ਹਨ, ਇਹ ਹਿੰਦੂਆਂ-ਸਿੱਖਾਂ ਦਾ ਰਿਵਾਜ ਹੈ।

ਸਾਡੀ ਲੋਕਧਾਰਾ ਵਿਚ ਕਬੂਤਰਾਂ ਨੂੰ ਚਿੱਠੀ ਤੇ ਸੁਨੇਹੇ ਪਹੁੰਚਾਉਣ ਵਾਲੇ ਪੰਛੀ ਮੰਨਿਆ ਜਾਂਦਾ ਹੈ। ਇਕ ਵਾਰੀ ਪਾਕਿਸਤਾਨ ਵੱਲੋਂ ਅੰਮ੍ਰਿਤਸਰ ਦੇ ਇਕ ਪਿੰਡ ਦਾਉਕੇ ਵਿਚ ਉਡਦੇ ਕਬੂਤਰ ਆ ਉਤਰੇ ਜਿਨ੍ਹਾਂ ਦੇ ਖੰਭਾਂ ਉਤੇ ਮੋਹਰਾਂ ਲੱਗੀਆਂ ਹੋਈਆਂ ਤੇ ਉਰਦੂ ਦੇ ਸ਼ਿਅਰ ਛਪੇ ਹੋਏ ਸਨ। ਦਾਉਕੇ ਦੇ ਲੋਕ ਬੜੇ ਖ਼ੁਸ਼ ਹੋਏ। ਵਾਹਗੇ ਦੇ ਆਰ-ਪਾਰ ਕਬੂਤਰਬਾਜ਼ਾਂ ਦੀਆਂ ਛਤਰੀਆਂ ਆਮ ਦਿਖਾਈ ਦਿੰਦੀਆਂ ਹਨ। ਇਹ ਪਿੰਡ ਤਿੰਨਾਂ ਪਾਸਿਆਂ ਤੋਂ ਪਾਕਿਸਤਾਨ ਨਾਲ ਘਿਰਿਆ ਹੋਇਆ ਹੈ। ਇਸੇ ਤਰ੍ਹਾਂ ਭਾਰਤੀ ਫਿਲਮ ਐਕਟਰਾਂ ਦੀਆਂ ਤਸਵੀਰਾਂ ਵਾਲੀਆਂ ਪੰਤਗਾਂ ਜਦੋਂ ਪਾਕਿਸਤਾਨ ਪਹੁੰਚੀਆਂ ਤਾਂ ਗੁਆਂਢੀ ਦੇਸ਼ ਦੇ ਲੋਕ ਵੀ ਪ੍ਰਸੰਨ ਹੋ ਗਏ।

ਕਦੀ ਅੰਮ੍ਰਿਤਸਰੀਆਂ ਨੂੰ ਕਬੂਤਰਬਾਜ਼ੀ ਦਾ ਬਹੁਤ ਸ਼ੌਕ ਸੀ। ਲਾਹੌਰ ਵਿਚ ਇਹ ਸ਼ੌਕ ਅੱਜ ਵੀ ਜ਼ੋਰਾਂ 'ਤੇ ਹੈ। ਭਾਰਤੀ ਜਾਤੀਆਂ ਦੇ ਕਬੂਤਰ ਜਿਵੇਂ ਰਾਮਪੁਰੀ, ਫ਼ਿਰੋਜ਼ਪੁਰੀ ਅਤੇ ਜਲੰਧਰੀ ਨਸਲਾਂ ਦੇ ਕਬੂਤਰ ਪਾਕਿਸਤਾਨ ਵਿਚ ਬੜੇ ਮਹਿੰਗੇ

ਵਿਕਦੇ ਹਨ। ਭੇਡੂਆਂ ਦੀ ਲੜਾਈ, ਕੁੱਕੜਾਂ ਦੀ ਲੜਾਈ ਅਤੇ ਲਾਟੂਬਾਜ਼ੀ ਵਰਗੀਆਂ ਖੇਡਾਂ ਕਦੀ ਦੋਹਾਂ ਸ਼ਹਿਰਾਂ ਵਿਚ ਬੜੀਆਂ ਹਰਮਨ-ਪਿਆਰੀਆਂ ਸਨ।

ਦੋਹਾਂ ਸ਼ਹਿਰਾਂ ਦੀਆਂ ਮੰਡੀਆਂ ਵਿਚ ਵੀ ਇਸ ਤਰ੍ਹਾਂ ਦੀ ਵਿਲੱਖਣ ਸਮਾਨਤਾ ਹੈ। ਪਾਕਿਸਤਾਨ ਤੋਂ ਛਪਦੇ ਇਕ ਰੋਜ਼ਾਨਾ ਅੰਗਰੇਜ਼ੀ ਅਖ਼ਬਾਰ 'ਦੀ ਨਿਊਜ਼' ਦੇ ਸੀਨੀਅਰ ਪੱਤਰਕਾਰ ਜਨਾਬ ਅਲੀ ਰਜ਼ਾ ਸਰਹੱਦ ਪਾਰੋਂ, 'ਟ੍ਰਿਬਿਊਨ' ਨਾਲ ਗੱਲਬਾਤ ਕਰਦੇ ਹੋਏ ਕਹਿੰਦੇ ਹਨ ਕਿ ਲਾਹੌਰ ਵਿਚ ਕਈ ਅਜਿਹੀਆਂ ਥਾਵਾਂ ਹਨ ਜੋ ਬਾਹਰੋਂ ਆਏ ਦਰਸ਼ਕ ਲਈ ਦਿਲਚਸਪੀ ਦਾ ਕਾਰਨ ਬਣ ਸਕਦੀਆਂ ਹਨ ਜਿਵੇਂ ਲਾਹੌਰ ਤੇ ਅੰਮ੍ਰਿਤਸਰ ਦੇ ਆਪਣੇ ਆਪਣੇ 'ਲੰਡਾ ਬਾਜ਼ਾਰ' ਹਨ, ਜਿੱਥੇ ਸਰਹੱਦ ਪਾਰੋਂ ਆਈਆਂ ਚੀਜ਼ਾਂ ਵਿਕਦੀਆਂ ਹਨ। ਦਿਲਚਸਪ ਗੱਲ ਇਹ ਵੀ ਹੈ ਕਿ ਇਹ ਦੋਵੇਂ ਬਾਜ਼ਾਰ ਆਪਣੇ-ਆਪਣੇ ਸ਼ਹਿਰ ਦੇ ਰੇਲਵੇ ਸਟੇਸ਼ਨਾਂ ਦੇ ਨੇੜੇ ਹਨ। ਲਾਹੌਰ ਵਿਚ ਸ਼ਾਹ ਆਲਮੀ ਗੇਟ ਦੇ ਨੇੜੇ ਥੋਕ ਦੀਆਂ ਦੁਕਾਨਾਂ ਤੇ ਬਾਜ਼ਾਰਾਂ ਦੀ ਗਹਿਮਾ-ਗਹਿਮੀ ਨੂੰ ਵੇਖ ਕੇ, ਜਿੱਥੇ ਪਲਾਸਟਿਕ ਦੀਆਂ ਚੀਜ਼ਾਂ, ਜੁੱਤੀਆਂ ਬੂਟ, ਖਿਡੌਣੇ, ਪਰਫਿਊਮ, ਇੱਤਰ-ਫਲੇਲ ਹਾਰ-ਸ਼ੰਗਾਰ ਦੀਆਂ ਚੀਜ਼ਾਂ, ਬਿਸਕੁਟ ਡਬਲਰੋਟੀਆਂ, ਅਤੇ ਭਾਂਡੇ ਆਦਿ ਵਿਕਦੇ ਹਨ, ਅੰਮ੍ਰਿਤਸਰ ਦੇ ਅੰਦਰੂਨੀ ਸ਼ਹਿਰ ਦੀ ਯਾਦ ਤਾਜ਼ਾ ਹੋ ਜਾਂਦੀ ਹੈ।

ਲਾਹੌਰ ਦੇ ਅਨਾਰਕਲੀ ਬਾਜ਼ਾਰ ਵਿਚ ਸਲਵਾਰਾਂ ਕਮੀਜ਼ਾਂ ਸਮੇਤ ਸਿਲੇ-ਸਿਲਾਏ ਕਪੜੇ ਸ਼ੋਅ ਕੇਸਾਂ ਵਿਚ ਸਜੇ ਦਿਖਾਈ ਦਿੰਦੇ ਹਨ। ਪਾਨ ਮੰਡੀ ਵਿਚ ਭਾਰਤੀ ਸਾਮਾਨ ਦੀ ਖ਼ੂਬ ਨੁਮਾਇਸ਼ ਕੀਤੀ ਹੁੰਦੀ ਹੈ; ਜਿਵੇਂ ਬਨਾਰਸੀ ਸਾੜ੍ਹੀਆਂ, ਹਾਜ਼ਮੋਲਾ, ਪਾਨ ਮਾਸਲਾ, ਪਾਨ-ਪੱਤਾ, ਸਾਬਣ ਆਦਿ। ਪੁਸਤਕ ਪ੍ਰੇਮੀ ਉਰਦੂ ਬਾਜ਼ਾਰ ਵਿਚੋਂ, ਉਰਦੂ,ਫ਼ਾਰਸੀ ਤੇ ਅਰਬੀ ਦੀਆਂ ਕਿਤਾਬਾਂ ਖ਼ਰੀਦ ਸਕਦੇ ਹਨ।

ਲਾਹੌਰ ਦੇ ਲਿਆਕਤ ਅਲੀ ਬੱਟ ਅਤੇ ਤਨਵੀਰ ਹੁਸੈਨ ਕਹਿੰਦੇ ਹਨ ਕਿ ਭਾਵੇਂ ਦੋਹਾਂ ਦੇਸ਼ਾਂ ਦੇ ਬਾਜ਼ਾਰ ਚੀਨ ਦੇ ਘਟੀਆ ਸਾਮਾਨ ਨਾਲ ਭਰੇ ਹੋਏ ਹਨ, ਪਰ ਪਾਕਿਸਤਾਨ ਦੇ ਲੋਕ ਭਾਰਤੀ ਚੀਜ਼ਾਂ ਖਰੀਦਣੀਆਂ ਹੀ ਪਸੰਦ ਕਰਦੇ ਹਨ; ਇਸੇ ਤਰ੍ਹਾਂ ਭਾਰਤ ਦੇ ਲੋਕ ਪਾਕਿਸਤਾਨੀ ਚੀਜ਼ਾਂ ਨੂੰ ਪਹਿਲ ਦਿੰਦੇ ਹਨ। ਲਾਹੌਰ ਦੇ ਲੋਕਾਂ ਨੂੰ ਭਾਰਤੀ ਕੇਲਾ, ਪਪੀਤਾ, ਸੇਬ ਅਤੇ ਅਦਰਕ ਵਧੇਰੇ ਸੁਆਦੀ ਲਗਦੇ ਹਨ ਅਤੇ ਇੱਥੇ ਇਹ ਚੀਜ਼ਾਂ ਭਾਰਤ ਨਾਲੋਂ ਅੱਧੇ ਮੁੱਲ 'ਤੇ ਮਿਲ ਜਾਂਦੀਆਂ ਹਨ।

ਲਾਹੌਰ ਦਾ 'ਸੂਹਾ ਬਾਜ਼ਾਰ' ਸੋਨ-ਵਸਤਾਂ ਨਾਲ ਝਮ-ਝਮ ਕਰਦਾ ਹੈ। ਇਸੇ ਤਰ੍ਹਾਂ ਅੰਮ੍ਰਿਤਸਰ ਦਾ 'ਗੁਰੂ ਬਾਜ਼ਾਰ' ਸੋਨੇ ਦੇ ਗਹਿਣਿਆਂ ਲਈ ਮਸ਼ਹੂਰ ਹੈ। ਲਾਹੌਰ ਦੀ ਅਕਬਰੀ ਮੰਡੀ ਅਤੇ ਅੰਮ੍ਰਿਤਸਰ ਦੀ ਮੰਡੀ ਵਿਚ ਭਾਵੇਂ ਦਾਲਾਂ ਦੇ ਭਾਅ ਵਿਚ ਬਹੁਤਾ ਫਰਕ ਨਹੀਂ ਹੈ ਪਰ ਖ਼ੁਸ਼ੀ-ਭਰੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਲਾਹੌਰ ਵਿਚ ਤਾਜ਼ੀ ਕਸੂਰੀ ਮੇਥੀ ਮਹਿਜ਼ ਪੰਜ ਰੁਪਏ ਕਿਲੋ ਅਤੇ ਪਾਕਿਸਤਾਨ ਦਾ ਡਲਾ-ਲੂਣ ਸਿਰਫ਼ ਇਕ ਰੁਪਏ ਕਿਲੋ ਮਿਲ ਜਾਂਦਾ ਹੈ।

ਭਾਰਤ ਵਿਚ ਸਾਈਕਲ ਦੀ ਕੀਮਤ ਤਕਰੀਬਨ 1500 ਰੁਪਏ ਹੈ ਜਦ ਕਿ ਲਾਹੌਰ ਵਿਚ 'ਸੁਹਰਾਬ' ਸਾਈਕਲ ਦੇ ਘਟੀਆ ਮਾਡਲ ਦਾ ਮੁੱਲ 2500 ਰੁਪਏ ਹੈ।



ਵਧੀਆ ਮਾਸਾਹਾਰੀ ਖਾਣਾ ਖਾਣ ਦੇ ਸ਼ੌਕੀਨ ਅੰਮ੍ਰਿਤਸਰ ਦੀ ਗੁਆਲ ਮੰਡੀ ਵਿਚ ਅਤੇ ਲਾਹੌਰ ਦੇ ਅਨਾਰਕਲੀ ਬਾਜ਼ਾਰ ਵਿਚ ਖਾ ਸਕਦੇ ਹਨ।

ਲਾਹੌਰ ਵਿਚ ਜੇ ਕਿਸੇ ਨੇ ਸਭ ਤੋਂ ਵਧੀਆ ਸੌਦਾ ਕਰਨਾ ਹੋਵੇ ਤਾਂ ਉਹ ਇੱਥੋਂ ਦੀ 'ਕਸੂਰੀ ਜੁੱਤੀ' ਖ਼ਰੀਦ ਲਵੇ, ਜੋ ਇੱਥੇ ਅੰਮ੍ਰਿਤਸਰ ਨਾਲੋਂ ਚੌਥਾ ਹਿੱਸਾ ਕੀਮਤ 'ਤੇ ਮਿਲ ਜਾਂਦੀ ਹੈ।

ਲਾਹੌਰ ਦੇ ਹਾਲ ਬਾਜ਼ਾਰ ਵਿਚ ਬਿਜਲੀ ਦਾ ਸਾਮਾਨ ਵਿਕਦਾ ਹੈ ਜਦ ਕਿ ਅੰਮ੍ਰਿਤਸਰ ਦੇ ਬਿਜਲੀ ਬਾਜ਼ਾਰ ਦਾ ਨਾਂ ਵੀ 'ਹਾਲ ਬਾਜ਼ਾਰ' ਹੀ ਹੈ।

****

# ਡੇਟਨ ਦੇ ਸਿੱਖਾਂ ਨਾਲ ਇਕ ਮੁਲਾਕਾਤ

ਸਿੱਖ ਇਕ ਗਿਰਜਾ-ਘਰ ਵਿਚ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਦੇ ਸ਼ਬਦ ਗਾ ਰਹੇ ਸਨ। ਇਹ ਗੱਲ ਸੁਣਨ ਨੂੰ ਬੜੀ ਅਜੀਬ ਲਗਦੀ ਹੈ। ਪਰ ਅੰਮ੍ਰਿਤਸਰੀ ਸਿੱਖਾਂ ਨੇ ਧਾਰਮਕ ਏਕਤਾ ਦੇ ਇਸ ਸ਼ੁੱਭ ਵਿਚਾਰ ਨੂੰ ਸੱਚ ਕਰ ਵਿਖਾਇਆ ਹੈ। ਅਮਰੀਕਾ ਦੇ ਇਕ ਚਰਚ ਵਿਚ ਗੁਰਬਾਣੀ ਦੇ ਇਨ੍ਹਾਂ ਸ਼ਬਦਾਂ ਦਾ ਗਾਇਣ 'ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥' ਅਤੇ 'ਜੋ ਮਾਗਹਿ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ॥' ਗੁਰੂ ਗ੍ਰੰਥ ਸਾਹਿਬ ਦੇ ਧਾਰਮਕ ਏਕਤਾ ਅਤੇ ਭਾਈਚਾਰਕ ਸਾਂਝ ਦੇ ਸੰਦੇਸ਼ ਦੀ ਇਕ ਸੁੰਦਰ ਮਿਸਾਲ ਸੀ। ਅਹਿੰਸਾ ਦੇ ਸਿਧਾਂਤ ਬਾਰੇ ਜਾਗ੍ਰਿਤ ਪੈਦਾ ਕਰਨ ਲਈ ਡੇਟਨ ਦੇ ਸਿੱਖ, ਅਹਿੰਸਾ ਤੇ ਅਮਨ ਦੇ ਸਤਵੇਂ ਸਾਲਾਨਾ ਸਮਾਗਮ ਵਿਚ ਸ਼ਾਮਲ ਹੋਏ। ਇਹ ਸਮਾਗਮ ਮਾਰਟਿਨ ਲੂਥਰ ਕਿੰਗ ਜੂਨੀਅਰ ਅਤੇ ਮਹਾਤਮਾ ਗਾਂਧੀ ਦੀ ਯਾਦ ਵਿਚ ਮਨਾਇਆ ਗਿਆ ਸੀ। ਜਿਨ੍ਹਾਂ ਨੇ ਵਿਸ਼ਵ-ਸ਼ਾਂਤੀ ਦੇ ਵਿਕਾਸ ਵਿਚ ਵੱਡਾ ਯੋਗਦਾਨ ਪਾਇਆ ਸੀ। ਇਹ ਸਮਾਗਮ ਯੂਨਾਈਟਿਡ ਥਿਉਲਾਜੀਕਲ ਸੈਮੀਨਰੀ ਦੇ ਗਿਰਜੇ ਵਿਚ ਆਯੋਜਿਤ ਕੀਤਾ ਗਿਆ ਸੀ।

ਇਸ ਮੌਕੇ 'ਤੇ ਵਿਸ਼ਵ-ਸ਼ਾਂਤੀ ਲਈ ਪ੍ਰਾਰਥਨਾ ਕਰਨ ਵਾਸਤੇ ਸਿੱਖਾਂ ਨੂੰ ਖ਼ਾਸ ਤੌਰ 'ਤੇ ਬੁਲਾਇਆ ਗਿਆ ਸੀ। ਚਰਚ ਵਿਚ ਹਾਜ਼ਰ ਸਮੂਹ ਸੰਗਤ ਨੇ ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਸਿੱਖਾਂ ਦਾ ਧੰਨਵਾਦ ਕੀਤਾ ਅਤੇ ਆਖਿਆ ਕਿ ਉਹ ਡੇਟਨ ਦੇ ਗੁਰਦੁਆਰੇ ਵਿਚ ਆਉਣਗੇ ਅਤੇ ਸਿੱਖ ਧਰਮ ਬਾਰੇ ਹੋਰ ਜਾਣਕਾਰੀ ਹਾਸਲ ਕਰਨਗੇ। ਸਿੱਖ ਲੜਕਿਆਂ ਅਤੇ ਲੜਕੀਆਂ ਲਈ ਸੱਚ-ਮੁੱਚ ਇਹ ਇਕ ਵਿਸ਼ੇਸ਼ ਮੌਕਾ ਸੀ।

ਇਸ ਤੋਂ ਇਲਾਵਾ ਕੁਝ ਹੋਰ ਵੀ ਦੱਸਣ ਵਾਲਾ ਹੈ। ਅੰਮ੍ਰਿਤਸਰੀ ਲੜਕਿਆਂ ਦੀ ਇਕ ਛੋਟੀ ਜਿਹੀ ਟੋਲੀ, ਜਿਸ ਵਿਚ ਸਮੀਪ ਸਿੰਘ ਗੁਮਟਾਲਾ, ਤੇਜਦੀਪ ਸਿੰਘ ਰਤਨ ਅਤੇ ਸਿਮਰਪ੍ਰੀਤ ਸਿੰਘ ਰਤਨ (ਸਾਰੇ ਚਚੇਰੇ ਭਰਾ) ਸ਼ਾਮਲ ਸਨ, ਪ੍ਰਸੰਸਾ ਦੀ ਪਾਤਰ ਹੈ ਕਿਉਂਕਿ ਉਨ੍ਹਾਂ ਨੇ ਅਮਰੀਕਨਾਂ ਨਾਲ ਪੰਜਾਬ ਦੇ ਮਸ਼ਹੂਰ ਤਿਉਹਾਰ ਵਿਸਾਖੀ ਦੀ ਜਾਣ-ਪਛਾਣ ਕਰਵਾਈ। ਹੁਣ ਪੰਜਾਬ ਦਾ ਇਹ ਨਵ-ਵਰਸ਼ ਦਿਨ ਅਮਰੀਕਾ ਦੀ ਧਰਤੀ ਉਤੇ ਵੀ ਉਸੇ ਜੋਸ਼-ਖਰੋਸ਼ ਅਤੇ ਨਾਚ-ਗਾਣੇ ਨਾਲ ਮਨਾਇਆ ਜਾਂਦਾ ਹੈ, ਜਿਵੇਂ ਕਿ ਪੰਜਾਬ ਦੀ ਧਰਤ ਉਤੇ ਮਨਾਇਆ ਜਾਂਦਾ ਹੈ। ਵਿਸਾਖੀ ਦੇ ਮੌਕੇ 'ਤੇ ਰਾਈਟ ਸਟੇਟ ਯੂਨੀਵਰਸਿਟੀ ਓਹੀਓ ਵਿਚ ਪਹਿਲੀ ਵਾਰ ਸਿੱਖ ਪ੍ਰਦਰਸ਼ਨੀ ਲਗਾਈ ਗਈ। ਯੂਨੀਵਰਸਿਟੀ ਦੇ ਵਿਦਿਆਰਥੀ ਮਾਮਲੇ ਅਤੇ ਦਾਖਲਾ ਸੇਵਾਵਾਂ ਦੇ ਮੀਤ ਪ੍ਰਧਾਨ ਡਾ. ਡਾਨ ਆਬ੍ਰਾਹਮੋਵਿਕਜ਼ ਨੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਆਖਿਆ ਕਿ ਇਸ ਪ੍ਰਦਰਸ਼ਨੀ ਨੇ ਸਿੱਖ ਧਰਮ



ਬਾਰੇ ਉਨ੍ਹਾਂ ਦੀ ਜਾਣਕਾਰੀ ਵਿਚ ਬਹੁਤ ਵਾਧਾ ਕੀਤਾ ਹੈ।

ਦਰਸ਼ਕਾਂ ਨੇ ਸਿਨਸਿਨਾਟੀ ਦੇ ਸਿੱਖ ਨੌਜੁਆਨ ਹਰਜਸ ਸਿੰਘ ਅਤੇ ਗੁਰਸ਼ਾਨ ਸਿੰਘ ਵਲੋਂ ਪੇਸ਼ ਕੀਤੇ ਗਏ ਗੱਤਕੇ ਦਾ ਵੀ ਅਨੰਦ ਮਾਣਿਆ ਜੋ ਸਿੱਖ ਯੁੱਧ ਕਲਾ ਦਾ ਇਕ ਹਿੱਸਾ ਹੈ। ਵਿਦਿਆਰਥੀਆਂ ਅਤੇ ਮਹਿਮਾਨ ਕਲਾਕਾਰਾਂ ਨੇ ਜੋਸ਼-ਭਰਪੂਰ ਪੰਜਾਬੀ ਲੋਕ-ਨਾਚ ਭੰਗੜੇ ਦਾ ਪ੍ਰਦਰਸ਼ਨ ਵੀ ਕੀਤਾ।

ਅਮਰੀਕਾ ਦੇ ਜੌੜੇ ਮੀਨਾਰਾਂ ਉਤੇ 9/11 ਦੇ ਹਮਲੇ ਤੋਂ ਬਾਅਦ ਭਾਵੇਂ, 'ਗਲਤ ਪਛਾਣ' ਦੇ ਕਾਰਨ ਸਿੱਖਾਂ ਉਤੇ ਕਈ ਹਮਲੇ ਹੋਏ ਹਨ, ਪਰ ਅਮਰੀਕਾ ਵਿਚ ਗੋਰਿਆਂ ਵਲੋਂ ਦਸਤਾਰਾਂ ਸਜਾਉਣ ਦੇ ਦ੍ਰਿਸ਼ ਨੇ ਸਿੱਖਾਂ ਨੂੰ ਹੈਰਾਨ ਕਰ ਦਿੱਤਾ ਹੈ। ਅਮਰੀਕਨ ਕੁੜੀਆਂ ਵੀ ਪਿੱਛੇ ਨਹੀਂ ਰਹੀਆਂ। ਅੰਮ੍ਰਿਤਸਰੀ ਸਿੱਖਾਂ ਦੀਆਂ ਕੋਸ਼ਿਸ਼ਾਂ ਕਰ ਕੇ ਉਨ੍ਹਾਂ ਨੇ ਵੀ ਦਸਤਾਰਾਂ ਬੰਨ੍ਹਣ ਵਿਚ ਕਾਫ਼ੀ ਦਿਲਚਸਪੀ ਦਿਖਾਈ ਹੈ। ਕਈ ਅਮਰੀਕਨ ਨੌਜੁਆਨਾਂ ਨੇ ਤਿੰਨ-ਤਿੰਨ ਮਹੀਨੇ ਆਪਣੀਆਂ ਦਾੜ੍ਹੀਆਂ ਨਹੀਂ ਮੁਨਾਈਆਂ। ਉਹ ਆਪਣੇ ਆਪ ਨੂੰ ਪੰਜਾਬ ਦੇ ਗੱਭਰੂ ਬਣ ਕੇ ਦਿਖਾਉਣਾ ਚਾਹੁੰਦੇ ਸਨ ਅਤੇ ਇਸੇ ਰੂਪ ਵਿਚ ਯੂਨੀਵਰਸਿਟੀ ਦੀਆਂ ਕਲਾਸਾਂ ਵਿਚ ਜਾਂਦੇ ਰਹੇ।

ਸਿੱਖਾਂ ਨੂੰ ਅਮਰੀਕਾ ਵਿਚ ਗਿਆਂ ਤਕਰੀਬਨ 100 ਸਾਲ ਹੋ ਗਏ ਹਨ। ਆਪਣੀ ਖੁੱਲ੍ਹਦਿਲੀ ਅਤੇ ਬਹੁਪੱਖੀ ਗੁਣਾਂ ਕਰ ਕੇ ਉਨ੍ਹਾਂ ਆਪਣੇ-ਆਪਣੇ ਕੰਮ ਵਾਲੀ ਥਾਂ 'ਤੇ ਚੰਗੀ ਪਛਾਣ ਪੈਦਾ ਕਰ ਲਈ ਹੈ। ਉਨ੍ਹਾਂ ਨੂੰ ਅਮਰੀਕਾ ਵਿਚ ਰਹਿੰਦਿਆਂ ਕਾਫ਼ੀ ਸਮਾਂ ਹੋ ਗਿਆ ਹੈ ਅਤੇ ਉਨ੍ਹਾਂ ਨੇ ਪਹਿਲੀ ਤੇ ਦੂਜੀ ਸੰਸਾਰ ਜੰਗ ਵਿਚ ਚੰਗੀ ਬਹਾਦਰੀ ਵੀ ਦਿਖਾਈ ਹੈ; ਫੇਰ ਵੀ ਉਨ੍ਹਾਂ ਨੂੰ ਕਈ ਵਾਰੀ ਗਲਤੀ ਨਾਲ ਮੱਧ ਪੂਰਬ ਤੋਂ ਆਏ ਪਰਵਾਸੀ ਸਮਝ ਲਿਆ ਜਾਂਦਾ ਹੈ।

ਗਿਆਰਾਂ ਸਤੰਬਰ ਤੋਂ ਬਾਅਦ ਦੇ ਸਮੇਂ ਵਿਚ ਸਿੱਖਾਂ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਉਨ੍ਹਾਂ ਨੂੰ ਓਸਾਮਾ ਬਿਨ ਲਾਦੇਨ ਦੇ ਪੈਰੋਕਾਰ ਸਮਝ ਲਿਆ ਜਾਂਦਾ ਸੀ। ਅਮਰੀਕਨਾਂ ਦੇ ਇਸ ਨਫ਼ਰਤੀ ਜੁਰਮ ਕਾਰਨ ਇਕ ਸਿੱਖ ਬਲਬੀਰ ਸਿੰਘ ਸੋਢੀ ਨੂੰ ਬਿਨਾਂ ਕਸੂਰ ਹੀ ਜਾਨ ਗੁਆਉਣੀ ਪਈ। ਇਸ ਜੁਰਮ ਨਾਲ ਸਿੱਖਾਂ ਨੂੰ ਬਹੁਤ ਝਟਕਾ ਲੱਗਾ। ਡੇਟਨ ਦੇ ਸਿੱਖਾਂ ਨੇ ਮਹਿਸੂਸ ਕੀਤਾ ਕਿ ਅਮਰੀਕਾ ਦੇ ਆਮ ਲੋਕਾਂ ਨੂੰ ਸਿੱਖ ਧਰਮ ਅਤੇ ਸਿੱਖ ਸੱਭਿਆਚਾਰ ਬਾਰੇ ਜਾਣੂ ਕਰਾਉਣ ਦੀ ਲੋੜ ਹੈ ਤਾਂ ਜੋ ਉਹ ਸਿੱਖਾਂ ਨੂੰ ਚੰਗੀ ਤਰ੍ਹਾਂ ਸਮਝ ਤੇ ਜਾਣ ਸਕਣ।

ਰਾਈਟ ਸਟੇਟ ਯੂਨੀਵਰਸਿਟੀ ਡੇਟਨ, ਓਹੀਓ ਦੇ ਬਿਜਲਈ ਇੰਜੀਨੀਅਰਿੰਗ ਵਿਭਾਗ ਦੇ ਪ੍ਰੋਫੈਸਰ, ਅੰਮ੍ਰਿਤਸਰ ਦੇ ਜੰਮ-ਪਲ ਡਾ. ਕੁਲਦੀਪ ਸਿੰਘ ਰਤਨ ਅਤੇ ਮੈਡੀਸਨ ਵਿਭਾਗ ਦੇ ਸਹਾਇਕ ਪ੍ਰੋਫੈਸਰ ਤਰਨ ਤਾਰਨ ਵਿਚ ਜਨਮੇ ਡਾ. ਦਰਸ਼ਨ ਸਿੰਘ ਸਹਿੰਬੀ (ਐੱਮ.ਡੀ) ਨੇ ਮੀਡੀਆ ਨਾਲ ਸੰਪਰਕ ਕਰ ਕੇ ਦੱਸਿਆ ਕਿ ਅਮਰੀਕਾ ਵਿਚ ਰਹਿੰਦੇ 99 ਪ੍ਰਤੀਸ਼ਤ ਪਗੜੀ-ਧਾਰੀ ਲੋਕ, ਸਿੱਖ ਹਨ। ਉਹ ਅਮਰੀਕਾ ਦੇ ਅਮਨ-ਪਸੰਦ ਨਾਗਰਿਕ ਹਨ ਅਤੇ ਉਨ੍ਹਾਂ ਦਾ 9/11 ਦੀ ਘਟਨਾ ਨਾਲ ਕੋਈ ਸਬੰਧ ਨਹੀਂ ਹੈ। ਇਸ ਤੋਂ ਬਾਅਦ ਉਹ ਕਈ ਅੰਤਰ-ਧਰਮ ਆਯੋਜਨਾਂ ਵਿਚ ਸ਼ਾਮਲ ਹੋਏ। ਡਾ. ਰਤਨ ਨੇ ਡੇਟਨ ਵਿਖੇ 14 ਨਵੰਬਰ 2001 ਨੂੰ ਹੋਏ 'ਧਰਮ ਬਾਨੀ ਦਿਵਸ'

'ਤੇ 'ਸਿੱਖ ਧਰਮ ਵਿਚ ਸੰਸਾਰ ਅਮਨ ਦਾ ਸਿਧਾਂਤ ਅਤੇ ਵਿਸ਼ਵ ਭਾਈਚਾਰੇ ਦਾ ਸੰਕਲਪ' ਦੇ ਵਿਸ਼ੇ ਉਤੇ ਲੇਖ ਪੜ੍ਹਿਆ।

ਇਹ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਰਾਈਟ ਸਟੇਟ ਯੂਨੀਵਰਸਿਟੀ ਨੇ 2008 ਵਿਚ ਡਾ. ਕੁਲਦੀਪ ਸਿੰਘ ਰਤਨ ਨੂੰ 'ਵਿਸ਼ੇਸ਼ ਪ੍ਰੋਫੈਸਰ ਐਵਾਰਡ' ਪ੍ਰਦਾਨ ਕੀਤਾ।

ਰਾਈਟ ਸਟੇਟ ਯੂਨੀਵਰਸਿਟੀ ਵਿਚ ਮਾਰਚ 2004 ਵਿਚ ਸਿੱਖ ਸਟੂਡੈਂਟ ਐਸੋਸੀਏਸ਼ਨ ਸਥਾਪਿਤ ਕੀਤੀ ਗਈ ਜਿਸ ਦੇ ਪ੍ਰਧਾਨ ਸਮੀਪ ਸਿੰਘ ਗੁਮਟਾਲਾ ਸਨ। ਐਸੋਸੀਏਸ਼ਨ ਦਾ ਮਨੋਰਥ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਪ੍ਰੋਫੈਸਰਾਂ ਨੂੰ ਸਿੱਖ ਧਰਮ, ਸਿੱਖ ਸੱਭਿਆਚਾਰ ਅਤੇ ਸਿੱਖ ਪਛਾਣ ਬਾਰੇ ਜਾਣੂ ਕਰਾਉਣਾ ਸੀ। ਐਸੋਸੀਏਸ਼ਨ ਨੇ ਸਿੱਖ ਸੰਕਲਪ ਅਤੇ ਦ੍ਰਿਸ਼ਟੀਕੋਣ ਬਾਰੇ ਕਈ ਸੈਮੀਨਰ ਅਤੇ ਲੈਕਚਰ ਕਰਵਾਏ ਅਤੇ ਕੁਝ ਹੋਰ ਪ੍ਰੋਗਰਾਮ ਵੀ ਆਯੋਜਿਤ ਕੀਤੇ। ਐਸੋਸੀਏਸ਼ਨ ਨੇ ਹੋਰ ਧਰਮਾਂ ਬਾਰੇ ਸਹਿਣਸ਼ੀਲਤਾ, ਪਰਸਪਰ ਸਤਿਕਾਰ ਅਤੇ ਪ੍ਰਸੰਸਾ ਦੀ ਭਾਵਨਾ ਪੈਦਾ ਕਰਨ ਲਈ ਹੋਰ ਧਰਮਾਂ ਦੇ ਵਿਦਿਆਰਥੀਆਂ ਨਾਲ ਸੰਵਾਦ ਰਚਾਏ।

ਇਨ੍ਹਾਂ ਸਾਰੀਆਂ ਗਤੀਵਿਧੀਆਂ ਦੇ ਪਿੱਛੇ ਸਮੀਪ ਸਿੰਘ ਗੁਮਟਾਲਾ ਅਤੇ ਉਸ ਦੇ ਚਚੇਰੇ ਭਰਾ ਤੇਜਦੀਪ ਸਿੰਘ ਰਤਨ ਦਾ ਹੱਥ ਸੀ। ਸਮੀਪ ਸਿੰਘ ਰਾਈਟ ਸਟੇਟ ਯੂਨੀਵਰਸਿਟੀ ਵਿਚ ਬਿਜਲਈ ਇੰਜੀਨੀਅਰਿੰਗ ਵਿਚ ਪੀ.ਐੱਚ.ਡੀ ਦਾ ਵਿਦਿਆਰਥੀ ਸੀ। ਤੇਜਦੀਪ ਸਿੰਘ ਰਤਨ ਵੀ ਉਸੇ ਯੂਨੀਵਰਸਿਟੀ ਵਿਚ ਹਿਊਮਨ ਫੈਕਟਰਜ਼ ਇੰਜੀਨੀਅਰਿੰਗ ਦੀ ਐੱਮ.ਏ. ਕਰ ਰਿਹਾ ਸੀ। ਬਾਅਦ ਵਿਚ ਤੇਜਦੀਪ ਸਿੰਘ ਰਤਨ (ਦੰਦਾਂ ਦਾ ਡਾਕਟਰ) ਨੂੰ ਅਮਰੀਕੀ ਫ਼ੌਜ ਵਿਚ ਕੈਪਟਨ ਵਜੋਂ ਭਰਤੀ ਕਰ ਲਿਆ ਗਿਆ, ਜੋ ਸ਼ਹਿਰ ਲਈ ਬੜੇ ਮਾਨ ਦੀ ਗੱਲ ਸੀ। ਤੇਜਦੀਪ ਸਿੰਘ ਪਹਿਲਾ ਦਸਤਾਰਧਾਰੀ ਸਿੱਖ ਸੀ ਜਿਸ ਨੂੰ 1984 ਤੋਂ 25 ਸਾਲਾਂ ਬਾਅਦ ਨਿਯਮਾਂ ਵਿਚ ਤਬਦੀਲੀ ਕਰਨ ਪਿਛੋਂ ਅਮਰੀਕਾ ਦੀ ਫ਼ੌਜ ਵਿਚ ਭਰਤੀ ਕੀਤਾ ਗਿਆ ਸੀ। ਇਸੇ ਤਰ੍ਹਾਂ ਅੰਮ੍ਰਿਤਸਰ-ਵਾਸੀ ਸਿਮਰਪ੍ਰੀਤ ਸਿੰਘ ਰਤਨ ਨੇ ਵੀ ਜੂਨ 2005 ਵਿਚ ਬਿਜਲਈ ਇੰਜੀਨੀਅਰਿੰਗ ਵਿਚ ਬੀ.ਐੱਸ.ਸੀ. ਦੀ ਡਿਗਰੀ ਹਾਸਲ ਕੀਤੀ।

ਇਨ੍ਹਾਂ ਤਿੰਨਾ ਜਣਿਆਂ ਨੇ ਮਿਲ ਕੇ ਅਮਰੀਕਾ ਵਿਚ ਕਈ ਪ੍ਰਦਰਸ਼ਨੀਆਂ ਆਯੋਜਿਤ ਕੀਤੀਆਂ ਜਿਨ੍ਹਾਂ ਵਿਚ ਸਿੱਖ ਇਤਿਹਾਸ ਤੇ ਸੱਭਿਆਚਾਰ, ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ, ਸਿੱਖ ਇਤਿਹਾਸ ਵਿਚ ਇਸਤਰੀਆਂ ਦਾ ਸਥਾਨ, ਵਿਸ਼ਵ ਭਾਈਚਾਰੇ ਦਾ ਸੰਦੇਸ਼, ਸਿੱਖ ਜੀਵਨ ਜਾਚ ਵਿਚ ਸੇਵਾ ਦਾ ਮਹੱਤਵ, ਸਿੱਖ ਸੂਰਮੇ, ਪਹਿਲੀ ਤੇ ਦੂਜੀ ਸੰਸਾਰ ਜੰਗ ਅਤੇ ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਸਿੱਖਾਂ ਦਾ ਯੋਗਦਾਨ ਅਤੇ ਸਿੱਖ ਧਰਮ ਵਿਚ ਦਸਤਾਰ ਦੀ ਨਿਵੇਕਲੀ ਸ਼ਾਨ ਨੂੰ ਪ੍ਰਦਰਸ਼ਿਤ ਕੀਤਾ ਗਿਆ ਸੀ।

ਬੀਵਰਕਰੀਕ, ਓਹੀਉ ਦੇ ਉਸ ਵੇਲੇ ਦੇ ਮੇਅਰ ਰਿਚਰਡ ਪੇਰੇਲਜ਼ ਨੇ ਇਸ ਉੱਦਮ ਦੀ ਸ਼ਲਾਘਾ ਕਰਦੇ ਹੋਏ ਆਖਿਆ ਕਿ ਸਿੱਖ ਭਾਈਚਾਰੇ ਨਾਲ ਨੇੜਿਉਂ ਵਿਚਰ ਕੇ ਉਨ੍ਹਾਂ ਨੂੰ ਬਹੁਤ ਖ਼ੁਸ਼ੀ ਹੋਈ ਹੈ। ਉਨ੍ਹਾਂ ਕਿਹਾ ਕਿ ਉਹ ਲੰਗਰ ਦੀ ਪ੍ਰਥਾ ਤੋਂ ਬਹੁਤ ਪ੍ਰਭਾਵਿਤ ਹੋਏ ਹਨ। ਉਨ੍ਹਾਂ ਨੇ ਗੁਰਦੁਆਰਾ ਡੇਟਨ ਦੀ ਆਪਣੀ ਪਹਿਲੀ ਯਾਤਰਾ ਨੂੰ ਯਾਦ ਕਰਦਿਆਂ ਆਖਿਆ ਕਿ 'ਬਿਨਾਂ ਕਿਸੇ ਰੁਤਬੇ ਜਾਂ ਵਿਤਕਰੇ ਦੇ



ਇਕੱਠੇ ਬੈਠ ਕੇ ਲੰਗਰ ਛਕਦਿਆਂ ਨੂੰ ਵੇਖ ਕੇ ਬੜੀ ਪ੍ਰੇਰਨਾ ਮਿਲਦੀ ਹੈ।' ਉਨ੍ਹਾਂ ਨੇ ਇਹ ਵੀ ਕਿਹਾ ਕਿ ਉਹ ਡਾ. ਕੁਲਦੀਪ ਸਿੰਘ ਰਤਨ ਦੇ ਬੇਟੇ ਅਮਿਤ ਸਿੰਘ ਨੂੰ ਪਹਿਲਾਂ ਬੀਵਰਕਰੀਕ ਹਾਈ ਸਕੂਲ ਦੀ ਟੀਮ ਵਿਚ ਫੁੱਟਬਾਲ ਖੇਲਦੇ ਹੋਏ ਅਤੇ ਫੇਰ ਬੜੀ ਨਿਮਰਤਾ ਤੇ ਸ਼ਰਧਾ ਨਾਲ ਲੰਗਰ ਵਿਚ ਸੇਵਾ ਕਰਦੇ ਹੋਏ ਦੇਖ ਕੇ ਬੜੇ ਹੈਰਾਨ ਹੋਏ ਹਨ।

ਦਿਲਚਸਪ ਗੱਲ ਇਹ ਵੀ ਹੈ ਕਿ ਅੰਤਰਰਾਸ਼ਟਰੀ ਵਿੱਦਿਆ ਦੇ ਰਾਈਟ ਸਟੇਟ ਯੂਨੀਵਰਸਿਟੀ ਸੈਂਟਰ ਵਿਚ ਅੱਜ ਕਲ੍ਹ ਸਿੱਖ ਵਿਆਹ ਰੀਤੀ ਵੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਹਰ ਸ਼ੁੱਕਰਵਾਰ ਨੂੰ ਯੂਨੀਵਰਸਿਟੀ ਦੇ ਕਾਫ਼ੀ-ਵਕਫ਼ੇ ਵਿਚ ਵਿਦਿਆਰਥੀਆਂ ਨੂੰ ਵੱਖ ਵੱਖ ਦੇਸ਼ਾਂ ਅਤੇ ਸੱਭਿਆਚਾਰਾਂ ਨਾਲ ਸਬੰਧਿਤ ਵਿਅਕਤੀਆਂ ਨੂੰ ਮਿਲਣ ਦਾ ਮੌਕਾ ਮਿਲਦਾ ਹੈ। ਅਜਿਹੇ ਇਕ ਕਾਫ਼ੀ-ਵਕਫ਼ੇ ਵਿਚ ਚਰਚਾ ਦਾ ਵਿਸ਼ਾ ਸੀ : ਵੱਖ-ਵੱਖ ਸੱਭਿਆਚਾਰਾਂ ਵਿਚ ਵਿਆਹ-ਸ਼ਾਦੀ ਦੀਆਂ ਰਸਮਾਂ। ਇਕ ਦਿਨ ਇਸ ਚਰਚਾ ਵਿਚ ਸਵੀਡਿਸ਼ ਤੇ ਭਾਰਤੀ ਸਿੱਖ ਵਿਆਹ ਵੀ ਸ਼ਾਮਲ ਸਨ। ਇੰਜੀਨੀਅਰਿੰਗ ਦੇ ਵਿਦਿਆਰਥੀ ਸਿਮਰਪ੍ਰੀਤ ਨੇ ਸਲਾਈਡਾਂ, ਪੋਸਟਰਾਂ ਅਤੇ ਵੀਡੀਓ ਦੀ ਸਹਾਇਤਾ ਨਾਲ ਸਿੱਖ ਵਿਆਹ ਦੇ ਚਿਤਰ ਵਿਖਾਏਃ ਲਾੜੇ ਤੇ ਲਾੜੀ ਦੇ ਪਰਿਵਾਰ ਅਤੇ ਰਿਸ਼ਤੇਦਾਰ ਵਿਆਹ ਤੋਂ ਪਹਿਲਾਂ ਕਿਵੇਂ ਤਿਆਰੀਆਂ ਕਰਦੇ ਹਨ। ਵਿਆਹ ਦੀ ਖ਼ੁਸ਼ੀ ਵਿਚ ਪਾਏ ਭੰਗੜੇ ਅਤੇ ਗਿੱਧੇ ਦੀਆਂ ਤਸਵੀਰਾਂ ਦਿਖਾਈਆਂ। ਦਰਸ਼ਕਾਂ ਨੇ ਅਨੰਦ ਕਾਰਜ ਦੀਆਂ ਤਸਵੀਰਾਂ ਦੀ ਬਹੁਤ ਪ੍ਰਸੰਸਾ ਕੀਤੀ। ਸਿੱਖ ਵਿਆਹ ਦੀਆਂ ਰਸਮਾਂ ਅਤੇ ਮਾਹੌਲ ਸੱਚ-ਮੁੱਚ ਹੀ ਇਕ ਵਿੱਲਖਣ ਦ੍ਰਿਸ਼ ਪੇਸ਼ ਕਰਦਾ ਹੈ।

## ਇਕ ਜੱਜ ਦਾ ਨਿਰਨਾ

ਯੂਨੀਵਰਸਿਟੀ ਵਿਚ ਲੱਗੀ ਪ੍ਰਦਰਸ਼ਨੀ ਦਾ ਚੱਕਰ ਲਾ ਕੇ ਅਮਰੀਕਨ ਜੱਜ ਗਰੈੱਗ ਸਿੰਗਰ ਨੇ ਕਿਹਾ ਕਿ ਫ਼ਸਲ ਕੱਟਣ ਦਾ ਇਕ ਤਿਉਹਾਰ ਹੈ। ਅਮਰੀਕਾ ਦੇ ਤਿਉਹਾਰਾਂ ਵਿਚੋਂ ਇਹ ਮੇਰਾ ਇਕ ਮਨ-ਪਸੰਦ ਤਿਉਹਾਰ ਹੈ। ਉਹ ਸਿੱਖ ਧਰਮ ਤੋਂ ਬਹੁਤ ਪ੍ਰਭਾਵਿਤ ਹੋਏ। ਆਖਿਆ ਕਿ ਖਾਲਸੇ ਦੀ ਸਿਰਜਨਾ ਸਮੇਂ 'ਪੰਜ ਪਿਆਰਿਆਂ' ਦੀ ਵਾਰਤਾ ਬੇਹੱਦ ਪ੍ਰੇਰਨਾਦਾਇਕ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀ ਮਿਸਾਲ ਦੁਨੀਆ ਵਿਚ ਹੋਰ ਕਿਤੇ ਨਹੀਂ ਮਿਲਦੀ।

"ਇਕ ਅਮਰੀਕਨ ਹੁੰਦੇ ਹੋਏ ਮੈਨੂੰ ਇਸ ਗੱਲ ਦਾ ਫ਼ਖ਼ਰ ਹੈ ਕਿ ਤੁਹਾਡੇ ਪਾਸੋਂ ਮੈਨੂੰ ਵਿਸਾਖੀ ਦੇ ਤਿਉਹਾਰ ਦੀ ਕਹਾਣੀ ਦਾ ਪਤਾ ਲੱਗਾ। ਹੁਣ ਇਹ ਤਿਉਹਾਰ ਸਾਡੇ ਅਮਰੀਕਨ ਵਿਰਸੇ ਦਾ ਇਕ ਹਿੱਸਾ ਬਣ ਗਿਆ ਹੈ। ਇਹ ਤੁਹਾਡਾ ਰੂਹਾਨੀ ਨਵ-ਵਰਸ਼ ਦਿਵਸ ਹੈ। ਤੁਹਾਡੇ ਨਾਲ ਮਿਲ ਕੇ ਇਹ ਤਿਉਹਾਰ ਮਨਾਉਣ ਦੀ ਮੈਨੂੰ ਖ਼ੁਸ਼ੀ ਹੈ। ਸਾਡੀਆਂ ਅਮਰੀਕਨਾਂ ਦੀਆਂ ਕਈ ਗੱਲਾਂ ਸਾਂਝੀਆਂ ਹਨ। ਅਸੀਂ ਇਕ ਈਸ਼ਵਰ ਨੂੰ ਮੰਨਦੇ ਹਾਂ। ਅਸੀਂ ਇਕ-ਈਸ਼ਵਰਵਾਦੀ ਹਾਂ। ਅਸੀਂ ਈਸ਼ਵਰ ਨੂੰ ਸਿਰਜਨਹਾਰ ਕਹਿੰਦੇ ਹਾਂ। ਉਹ ਸਭ ਦਾ ਪਿਤਾ ਹੈ। ਉਹ ਨਿਰੋਲ ਸੱਚ ਹੈ।"

****

## ਲਾਸ ਐਂਜਲਜ਼ ਦੇ ਕੈਫ਼ੇ ਤੋਂ ਰਾਜਾਸਾਂਸੀ ਦੀ ਲੱਸੀ ਤਕ

ਅਤਿ-ਆਧੁਨਿਕ ਕੈਫ਼ਿਆਂ ਵਾਲਾ ਇਕ ਸ਼ਾਨਦਾਰ ਮਹਿਲ, ਅਨੇਕਾਂ ਰੰਗੀਨ ਧਾਗਿਆਂ ਦੀ ਕਢਾਈ ਵਾਲੀ ਫੁਲਕਾਰੀ, ਚਮਕਦੀਆਂ ਤਲਵਾਰਾਂ ਜਿਨ੍ਹਾਂ ਨੂੰ ਮਿਆਨ ਵਿਚੋਂ ਕੱਢੋ ਤਾਂ ਲਿਸ਼ਕਾਂ ਮਾਰਦੀਆਂ ਹਨ, ਨਿੱਕੀਆਂ-ਨਿੱਕੀਆਂ ਨਰਦਾਂ, ਜਿਨ੍ਹਾਂ ਨਾਲ ਕਈ ਬਾਦਸ਼ਾਹ ਆਪਣਾ ਰਾਜ ਦਾਅ ਉਤੇ ਲਾ ਦਿੰਦੇ ਸਨ, ਖਣਕਦੀਆਂ ਨਾਜ਼ਕ ਵੰਗਾਂ, ਪ੍ਰਾਹੁਣਿਆਂ ਨੂੰ ਪੰਜਾਬੀ ਲੱਸੀ ਪਿਲਾਉਣ ਲਈ ਪਿੱਤਲ ਦੇ ਵੱਡੇ-ਵੱਡੇ ਗਲਾਸ, ਇਸ ਤਰ੍ਹਾਂ ਦੀਆਂ ਸਾਰੀਆਂ ਚੀਜ਼ਾਂ 'ਪੰਜਾਬ ਦਰਸ਼ਨ' ਵਿਚ ਰੱਖੀਆਂ ਜਾਣਗੀਆਂ। ਰਾਜਾਸਾਂਸੀ ਦੀ ਸੈਰ ਕਰਨ ਆਏ ਯਾਤਰੀਆਂ ਲਈ, ਖ਼ਾਸ ਕਰ ਕੇ ਵਿਦੇਸ਼ੀ ਦਰਸ਼ਕਾਂ ਲਈ 'ਪੰਜਾਬ ਦਰਸ਼ਨ' ਵਿਚ ਹਰ ਤਰ੍ਹਾਂ ਦੀਆਂ ਇਤਿਹਾਸਕ ਤੇ ਸੱਭਿਆਚਾਰਕ ਵਸਤਾਂ ਸ਼ਸ਼ੋਭਤ ਕੀਤੀਆਂ ਜਾਣਗੀਆਂ। ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਦੇ ਸੰਯੁਕਤ ਰਾਸ਼ਟਰ ਵਿਕਾਸ ਨਵ-ਗਰਾਮ ਪ੍ਰੋਗਰਾਮ ਲਈ ਇਤਿਹਾਸਕ ਪਿੰਡ ਰਾਜਾਸਾਂਸੀ ਨੂੰ ਚੁਣਿਆ ਹੈ ਜੋ ਅੰਮ੍ਰਿਤਸਰ ਦੇ ਪਵਿੱਤਰ ਸ਼ਹਿਰ ਤੋਂ ਤਕਰੀਬਨ 11 ਕਿਲੋਮੀਟਰ ਦੂਰ ਹੈ।

ਇਸ ਯੋਜਨਾ ਨੂੰ ਮੁਕੰਮਲ ਕਰਨ ਦਾ ਅੰਦਾਜ਼ਨ ਖਰਚਾ 28 ਕਰੋੜ ਰੁਪਏ ਹੈ। ਇਹ ਯੋਜਨਾ ਭਾਰਤ ਸਰਕਾਰ ਦੇ ਸੈਰ-ਸਪਾਟਾ ਮੰਤਰਾਲੇ ਨੂੰ ਭੇਜ ਦਿੱਤੀ ਗਈ ਹੈ। ਇਸ ਯੋਜਨਾ ਅਧੀਨ ਰਾਜਾਸਾਂਸੀ ਦੇ ਪੁਰਾਣੇ ਮਹਿਲ ਦੀ ਮੁਰੰਮਤ ਕੀਤੀ ਜਾਏਗੀ। ਯਾਤਰੀਆਂ ਲਈ ਸੂਚਨਾ ਕੇਂਦਰ ਅਤੇ ਕਲਾਕਾਰਾਂ ਲਈ ਕਲਾ ਕੇਂਦਰ ਬਣਾਏ ਜਾਣਗੇ। ਆਲੇ-ਦੁਆਲੇ ਨੂੰ ਸੁਆਰਿਆ ਜਾਏਗਾ। ਇਤਿਹਾਸਕ ਇਮਾਰਤਾਂ ਵਿਚ ਰੌਸ਼ਨੀ ਕੀਤੀ ਜਾਏਗੀ ਅਤੇ ਗੰਦੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਕੀਤਾ ਜਾਏਗਾ।

ਰਾਜਾਸਾਂਸੀ ਅੰਤਰਰਾਸ਼ਟਰੀ ਹਵਾਈ-ਅੱਡੇ ਦਾ ਨਾਂ ਗੁਰੂ ਰਾਮਦਾਸ ਹਵਾਈ ਅੱਡਾ ਰੱਖ ਕੇ ਹੁਣ ਇਸ ਦਾ ਦਰਜਾ ਵਧਾ ਦਿੱਤਾ ਗਿਆ ਹੈ, ਜਿਸ ਨਾਲ ਯਾਤਰੀਆਂ ਲਈ ਰਾਜਾਸਾਂਸੀ ਵਿਚ ਪਹੁੰਚਣਾ ਆਸਾਨ ਹੋ ਜਾਏਗਾ ਅਤੇ ਸੈਰ ਸਪਾਟੇ ਦੇ ਉਦਯੋਗ ਨੂੰ ਹੁਲਾਰਾ ਮਿਲੇਗਾ। ਇਤਿਹਾਸਕ ਕਿੱਸੇ-ਕਹਾਣੀਆਂ ਸੁਣਨ ਅਤੇ ਵੱਖ-ਵੱਖ ਸੱਭਿਆਚਾਰਾਂ ਨੂੰ ਜਾਣਨ ਦੇ ਸ਼ੌਕੀਨ ਵਿਦੇਸ਼ੀ ਯਾਤਰੀਆਂ ਦੀ ਉਤਸੁਕਤਾ ਨੂੰ ਸ਼ਾਂਤ ਕਰਨ ਲਈ ਪਿੰਡ ਸਹੀ ਸਥਾਨ ਸਾਬਤ ਹੋਵੇਗਾ। ਹੁਣ ਵੀ ਅੰਮ੍ਰਿਤਸਰ ਦੇ ਪਵਿੱਤਰ ਸ਼ਹਿਰ ਦੀ ਯਾਤਰਾ ਕਰਨ ਲਈ ਅਨੇਕਾਂ ਯਾਤਰੀ ਇੱਥੇ ਆਉਂਦੇ ਹਨ। ਅਸਲ ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਕਾਰਨ ਇਹ ਸ਼ਹਿਰ ਦੁਨੀਆ ਦੇ ਸਮੂਹ ਯਾਤਰੀਆਂ ਲਈ ਇਕ 'ਵਿਰਾਸਤੀ ਸਥਾਨ' ਬਣ ਗਿਆ ਹੈ। ਅੰਮ੍ਰਿਤਸਰ ਪਹਿਲਾਂ ਹੀ ਦੁਨੀਆ ਦੇ ਸੈਰ-ਸਫ਼ਰ ਨਕਸ਼ੇ ਉਤੇ ਇਕ ਰੀਸਯੋਗ ਪ੍ਰਸਿੱਧੀ ਵਾਲਾ ਸ਼ਹਿਰ ਹੈ।



### ਸਿੱਧੀ ਸਿੰਗਾਪੁਰ ਉਡਾਣ ਨਾਲ ਨਵੇਂ ਸਬੰਧ ਪੈਦਾ ਹੋਣਗੇ

1100 ਏਕੜ ਵਿਚ ਫੈਲੇ ਰਾਜਾਸਾਂਸੀ ਹਵਾਈ ਅੱਡੇ ਵਿਚ ਕਈ ਨਵੇਂ ਵਾਧੇ ਹੋ ਰਹੇ ਹਨ। ਹਵਾਈ ਅੱਡੇ ਦਾ ਖੇਤਰ ਵਧਾ ਕੇ ਹਵਾਈ ਪਟੜੀ ਤੇ ਟੈਕਸੀ ਮਾਰਗ ਮਜ਼ਬੂਤ ਕਰ ਦਿੱਤੇ ਗਏ ਹਨ। ਇਸ ਲਈ ਇਸ ਹਵਾਈ ਅੱਡੇ ਵਿਚ ਹੁਣ ਵੱਡੇ ਹਵਾਈ ਜਹਾਜ਼ ਤੇ ਜੰਬੂ ਜਹਾਜ਼ ਵੀ ਉੱਤਰ ਤੇ ਚੜ੍ਹ ਸਕਦੇ ਹਨ।

ਇਹ ਹਵਾਈ ਅੱਡਾ ਅੰਤਰਰਾਸ਼ਟਰੀ ਸਰਹੱਦ ਤੋਂ ਕੁਝ ਕਿਲੋਮੀਟਰ ਹੀ ਦੂਰ ਹੈ। ਇੱਥੇ ਹਰ ਸਾਲ ਦੁਨੀਆ ਭਰ 'ਚੋਂ ਤਕਰੀਬਨ ਦੋ ਲੱਖ ਮੁਸਾਫ਼ਰ ਆਉਂਦੇ ਹਨ। ਉਡਾਨਾਂ ਵਿਚ ਵਾਧਾ ਹੋਣ ਨਾਲ ਆਉਣ-ਜਾਣ ਵਾਲੇ ਯਾਤਰੀਆਂ ਦੀ ਗਿਣਤੀ ਵੀ ਵਧ ਰਹੀ ਹੈ। ਹਵਾਈ ਅੱਡੇ ਦੇ ਅਧਿਕਾਰੀ ਕਹਿੰਦੇ ਹਨ ਕਿ ਮੁਸਾਫ਼ਰਾਂ ਦੀ ਆਵਾਜਾਈ ਵਿਚ 35 ਪ੍ਰਤੀਸ਼ਤ ਵਾਧਾ ਹੋਣ ਦੀ ਉਮੀਦ ਹੈ। ਜੇਕਰ ਗੁਆਂਢੀ ਰਾਜਾਂ ਦੇ ਮੁਸਾਫ਼ਰ ਤੇ ਸਾਮਾਨ ਦੀ ਢੋਅ-ਢੁਆਈ ਇਸ ਹਵਾਈ ਅੱਡੇ ਰਾਹੀਂ ਹੋਵੇ, ਤਾਂ ਇਹ ਹਵਾਈ ਅੱਡਾ ਆਰਥਿਕ ਤਰੱਕੀ ਦਾ ਇਕ ਮਜ਼ਬੂਤ ਸਾਧਨ ਬਣ ਸਕਦਾ ਹੈ। ਇਸ ਤੋਂ ਇਲਾਵਾ, ਵੱਖ-ਵੱਖ ਦੇਸ਼ਾਂ ਨੂੰ ਜਾਂਦੀਆਂ ਸਿੰਗਾਪੁਰ, ਤੁਰਕਮਿਨਸਤਾਨ ਅਤੇ ਉਜ਼ਬੈਕਸਤਾਨ ਦੀਆਂ ਹਫ਼ਤਾਵਾਰੀ ਉਡਾਣਾਂ ਅਤੇ ਐੱਨ.ਆਰ ਆਈਜ਼ ਦੀਆਂ ਸਪਤਾਹਿਕ ਚਾਰਟਰਡ ਉਡਾਣਾਂ ਅਤੇ ਇੰਗਲੈਂਡ ਤੇ ਯੂਰਪ ਤੋਂ ਆਉਂਦੇ ਵਿਦੇਸ਼ੀ ਮੁਸਾਫ਼ਰਾਂ ਨੇ ਇਸ ਹਵਾਈ ਅੱਡੇ ਨੂੰ ਬਹੁਤ ਪ੍ਰਫੁਲਿਤ ਕਰ ਦਿੱਤਾ ਹੈ।

ਸਿੱਧੀਆਂ ਸਿੰਗਾਪੁਰ ਉਡਾਣਾਂ ਅਤੇ ਆਸਟ੍ਰੇਲੀਆ, ਨਿਊਜ਼ੀਲੈਂਡ, ਮਲੇਸ਼ੀਆ ਅਤੇ ਕੈਨੇਡਾ ਤੇ ਅਮਰੀਕਾ ਦੇ ਖੁੱਲ੍ਹੇ ਨਵੇਂ ਰਸਤਿਆਂ ਨੇ ਇਸ ਹਵਾਈ-ਅੱਡੇ ਨੂੰ ਅੰਤਰਰਾਸ਼ਟਰੀ ਹਵਾਈ-ਅੱਡੇ ਦਾ ਦਰਜਾ ਪ੍ਰਦਾਨ ਕਰ ਦਿੱਤਾ ਹੈ। ਸਿੰਗਾਪੁਰ ਏਅਰਲਾਈਨਜ਼ ਨੂੰ ਉਮੀਦ ਹੈ ਕਿ ਉਹ ਇਥੋਂ ਹਰ ਹਫ਼ਤੇ 50 ਟਨ ਮਾਲ-ਸਾਮਾਨ ਚੁੱਕੇਗਾ ਜਿਸ ਵਿਚ ਤਾਜ਼ਾ ਸਬਜ਼ੀਆਂ, ਫਲ, ਮੀਟ, ਦੁੱਧ, ਘੀ, ਪਨੀਰ ਆਦਿ ਹੌਜ਼ਰੀ ਸਾਮਾਨ ਸ਼ਾਲਾਂ, ਚਮੜੇ ਤੇ ਖੇਡਾਂ ਦਾ ਸਾਮਾਨ ਅਤੇ ਹੱਥੀਂ ਵਰਤਣ ਵਾਲੇ ਸੰਦ ਸ਼ਾਮਲ ਹੋਣਗੇ। ਹਵਾਈ-ਅੱਡੇ ਦੇ ਅਧਿਕਾਰੀ, ਸਥਾਨਕ ਸਨਅਤਕਾਰਾਂ ਨਾਲ ਮਿਲ ਕੇ ਇਸ ਹਵਾਈ ਅੱਡੇ ਦੀਆਂ ਦਰਾਮਦ-ਬਰਾਮਦ ਦੀਆਂ ਭਵਿੱਖੀ ਸੰਭਾਵਨਾਵਾਂ ਬਾਰੇ ਇਕ ਦਸਤਾਵੇਜ਼ ਤਿਆਰ ਕਰਵਾ ਰਹੇ ਹਨ ਜਿਸ ਨਾਲ ਇਸ ਹਵਾਈ ਅੱਡੇ ਲਈ ਸਾਰੀ ਦੁਨੀਆ ਦੇ ਦਰਵਾਜ਼ੇ ਖੁੱਲ੍ਹ ਜਾਣਗੇ।

ਇਸ ਹਵਾਈ-ਅੱਡੇ ਦੀਆਂ ਕੁਝ ਸਮੱਸਿਆਵਾਂ ਵੀ ਹਨ। ਜਿਵੇਂ ਇਸ ਦੀ 16.80 ਕਰੋੜ ਰੁਪਏ ਦੀ ਇਮਾਰਤ ਦੇ ਪਿਛਲੇ ਸਾਲ ਦੇ ਅੰਤ ਤਕ ਪੂਰੀ ਹੋਣ ਦੀ ਉਮੀਦ ਸੀ ਪਰ ਇਹ ਯੋਜਨਾ ਵਿੱਚੇ ਲਟਕ ਰਹੀ ਹੈ। ਕੇਂਦਰੀ ਸਰਕਾਰ ਨਾਲ ਸਬੰਧਿਤ ਹਿੰਦੁਸਤਾਨ ਸਟੀਲ ਕੰਸਟਰੱਕਸ਼ਨ ਲਿਮਟਿਡ ਉਸਾਰੀ ਦਾ ਕੰਮ ਪੂਰਾ ਨਹੀਂ ਕਰ ਸਕਿਆ। ਅਧਿਕਾਰੀਆਂ ਨੇ ਹੁਣ ਇਹ ਕੰਮ ਇਕ ਨਵੀਂ ਉਸਾਰੀ ਕੰਪਨੀ ਨੂੰ ਸੌਂਪਿਆ ਹੈ, ਜੋ ਇਸ ਕੰਮ ਨੂੰ ਜੰਗੀ ਪੱਧਰ 'ਤੇ ਪੂਰਾ ਕਰਨ ਵਿਚ ਜੁਟੀ ਹੋਈ ਹੈ। ਅਗਲੇ ਸਾਲ ਦੇ ਅੱਧ ਤਕ ਇਹ ਉਸਾਰੀ ਪੂਰੀ ਹੋਣ ਦੀ ਉਮੀਦ ਹੈ। ਇਸ ਭਵਨ ਵਿਚ ਆਧੁਨਿਕ

ਸਹੂਲਤਾਂ ਪ੍ਰਾਪਤ ਹੋਣਗੀਆਂ ਜਿਵੇਂ ਲਿਫਟਾਂ, ਸਾਮਾਨ ਦੀ ਢੁਆਈ ਲਈ ਪੱਟੀਆਂ, ਚੌਵੀ ਘੰਟੇ ਖੁੱਲ੍ਹੇ ਰਹਿਣ ਵਾਲੇ ਰੈਸਟੋਰੈਂਟ ਅਤੇ ਕਾਫ਼ੀ ਘਰ ਆਦਿ।

ਖ਼ੁਸ਼ੀ ਦੀ ਗੱਲ ਹੈ ਕਿ ਹਵਾਈ-ਅੱਡੇ ਦਾ ਮਾਲਖਾਨਾ ਪਹਿਲਾਂ ਹੀ ਤਿਆਰ ਹੋ ਚੁੱਕਾ ਹੈ। ਅਗਲੇ ਪੜਾਅ ਵਿਚ ਫਰਿਜ-ਘਰ ਬਣਾਉਣ ਦੀ ਲੋੜ ਹੈ। ਜਿਸ ਵਿਚ ਬਰਾਮਦ ਕਰਨ ਵਾਲੀਆਂ ਤਾਜ਼ਾ ਸਬਜ਼ੀਆਂ ਅਤੇ ਹੋਰ ਛੇਤੀ ਖ਼ਰਾਬ ਹੋ ਜਾਣ ਵਾਲੀਆਂ ਚੀਜ਼ਾਂ ਰੱਖੀਆਂ ਜਾਣੀਆਂ ਹਨ। ਉਮੀਦ ਹੈ ਕਿ ਖੇਤੀਬਾੜੀ ਅਤੇ ਡੱਬਾ-ਬੰਦ ਭੋਜਨ ਬਰਾਮਦ ਵਿਕਾਸ ਅਥਾਰਿਟੀ ਦੀ ਮਦਦ ਨਾਲ ਇਹ ਕੰਮ ਛੇਤੀ ਸ਼ੁਰੂ ਹੋ ਜਾਏਗਾ।

ਕੁਝ ਸਮੱਸਿਆਵਾਂ ਹੋਰ ਵੀ ਹਨ। ਸਭ ਤੋਂ ਵਧ ਰੜਕਣ ਵਾਲੀ ਗੱਲ ਇਹ ਹੈ ਕਿ ਹਵਾਈ-ਅੱਡੇ ਤੋਂ ਸ਼ਹਿਰ ਨੂੰ ਜਾਣ ਵਾਲੀ ਚਾਰ ਮਾਰਗੀ ਸੜਕ ਅਜੇ ਨਾ ਮੁਕੰਮਲ ਹੈ। ਅੰਮ੍ਰਿਤਸਰ ਤੋਂ ਹਵਾਈ ਅੱਡੇ ਨੂੰ ਜਾਂਦੇ ਸਾਰੇ ਰਸਤੇ ਉਤੇ ਸੂਰਜ ਡੁੱਬਣ ਤੋਂ ਬਾਅਦ ਹਨੇਰਾ ਛਾ ਜਾਂਦਾ ਹੈ।

## ਸੈਰ ਸਪਾਟੇ ਦਾ ਕਾਰੋਬਾਰ ਵਧੇਗਾ

ਦੁਨੀਆ ਦੇ ਵੱਖ-ਵੱਖ ਹਿੱਸਿਆਂ ਦੀਆਂ ਅੰਤਰਰਾਸ਼ਟਰੀ ਹਵਾਈ ਕੰਪਨੀਆਂ ਦੇ ਜਹਾਜ਼ ਅੰਮ੍ਰਿਤਸਰ ਆਉਂਦੇ ਹਨ। ਇਨ੍ਹਾਂ ਵਿਚ ਸਫ਼ਰ ਕਰਨ ਵਾਲੇ ਭਾਰਤੀਆਂ ਦੀ ਗਿਣਤੀ ਤਕਰੀਬਨ ਦੋ ਕਰੋੜ ਤੋਂ ਵੀ ਜ਼ਿਆਦਾ ਹੈ। ਇਨ੍ਹਾਂ ਮੁਸਾਫ਼ਰਾਂ ਵਿਚ ਬਹੁਗਿਣਤੀ ਪੰਜਾਬੀਆਂ ਦੀ ਹੁੰਦੀ ਹੈ, ਜਿਹੜੇ ਭਾਰਤ ਵਿਚ ਆਪਣੀਆਂ ਜੜ੍ਹਾਂ ਵੱਲ ਪਰਤਦੇ ਹਨ। ਮੁਸਾਫ਼ਰਾਂ ਦੀ ਇਸ ਭਾਰੀ ਗਿਣਤੀ ਦੇ ਕਾਰਨ ਇਸ ਪ੍ਰਦੇਸ਼ ਦੇ ਸੈਰ-ਸਪਾਟਾ ਕਾਰੋਬਾਰ ਵਿਚ ਇਨਕਲਾਬ ਆ ਗਿਆ ਹੈ। ਚੰਡੀਗੜ੍ਹ ਦੀ ਇਕ 'ਸੈਰ-ਸਪਾਟੇ ਦੇ ਭਵਿੱਖਤ ਰੁਝਾਨਾਂ ਬਾਰੇ ਸੰਸਥਾ' ਦੇ ਇਕ ਅਧਿਐਨ ਅਨੁਸਾਰ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ 'ਤੇ ਉਤਰਦੇ 45 ਲੱਖ ਅੰਤਰਰਾਸ਼ਟਰੀ ਮੁਸਾਫ਼ਰਾਂ ਵਿਚੋਂ 26 ਪ੍ਰਤੀਸ਼ਤ ਤੋਂ ਵਧ ਮੁਸਾਫ਼ਰ ਪੰਜਾਬੀ ਹੁੰਦੇ ਹਨ। ਇਸ ਦਾ ਮਤਲਬ ਹੈ ਕਿ 11.4 ਲੱਖ ਯਾਤਰੀ ਪੰਜਾਬ ਨਾਲ ਸਬੰਧਿਤ ਹੁੰਦੇ ਹਨ। ਮੌਜੂਦਾ ਰੁਝਾਨ ਅਤੇ ਸਰਵੇਖਣਾਂ ਦੇ ਆਧਾਰ 'ਤੇ ਅੰਦਾਜ਼ਾ ਲਾਇਆ ਗਿਆ ਹੈ ਕਿ ਪੰਜਾਬੀਆਂ ਦੇ ਦਿੱਲੀ ਜਾ ਕੇ ਹਵਾਈ ਜਹਾਜ਼ ਚੜ੍ਹਨ ਕਾਰਨ ਇਸ ਇਲਾਕੇ ਨੂੰ 500 ਕਰੋੜ ਰੁਪਏ ਸਾਲਾਨਾ ਘਾਟਾ ਪੈਂਦਾ ਹੈ। ਇਸ ਲਈ ਸਿੰਗਾਪੁਰ ਏਅਰਲਾਈਨਜ਼ ਦੇ ਜਹਾਜ਼ਾਂ ਦੀ ਆਵਾਜਾਈ ਕਾਰਨ ਅੰਮ੍ਰਿਤਸਰ ਦੇ ਆਰਥਿਕ ਅਤੇ ਸਮਾਜਕ ਵਿਕਾਸ ਵਿਚ ਇਕ ਨਵਾਂ ਕਾਂਡ ਜੁੜ ਗਿਆ ਹੈ।

'ਸੈਰ ਸਪਾਟੇ ਦੇ ਭਵਿੱਖਤ ਰੁਝਾਨਾਂ ਬਾਰੇ ਸੰਸਥਾ' ਦੇ ਅਧਿਐਨ ਵਿਚ ਦੱਸਿਆ ਗਿਆ ਹੈ ਕਿ ਦੁਨੀਆ ਵਿਚ 70 ਲੱਖ ਐੱਨ.ਆਰ.ਆਈਜ਼ ਪੰਜਾਬੀ ਹਨ ਅਤੇ ਇਨ੍ਹਾਂ 70 ਲੱਖ ਐੱਨ.ਆਰ.ਆਈਜ਼ ਵਿਚੋਂ 75 ਪ੍ਰਤੀਸ਼ਤ ਪੰਜਾਬੀ ਆਪਣੇ ਮਿੱਤਰਾਂ ਤੇ ਪਰਿਵਾਰਾਂ ਨੂੰ ਮਿਲਣ ਲਈ ਹਰ ਸਾਲ ਭਾਰਤ ਆਉਂਦੇ ਹਨ। ਚਾਰਟਰਡ ਉਡਾਣਾਂ



ਸਮੇਤ ਕਈ ਹਵਾਈ ਕੰਪਨੀਆਂ ਨੇ ਇਕ ਨਵੀਂ ਸਕੀਮ ਜਾਰੀ ਕੀਤੀ ਹੈ, ਜਿਸ ਅਨੁਸਾਰ ਕਿਰਾਏ ਬਹੁਤ ਸਸਤੇ ਕਰ ਦਿੱਤੇ ਗਏ ਹਨ। ਜਿਸ ਕਾਰਨ ਅੰਮ੍ਰਿਤਸਰ ਦਾ ਪਵਿੱਤਰ ਸ਼ਹਿਰ ਯਾਤਰੀਆਂ ਲਈ ਹੋਰ ਵੀ ਆਕਰਸ਼ਕ ਸਥਾਨ ਬਣ ਗਿਆ ਹੈ। ਪ੍ਰਾਪਤ ਸੂਚਨਾ ਅਨੁਸਾਰ 50000 ਸ਼ਰਧਾਲੂ, ਜਿਨ੍ਹਾਂ ਵਿਚ ਐੱਨ.ਆਰ.ਆਈਜ਼ ਤੋਂ ਇਲਾਵਾ ਵਿਦੇਸ਼ੀ ਵੀ ਹੁੰਦੇ ਹਨ, ਰੋਜ਼ਾਨਾ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਉਂਦੇ ਹਨ।

ਸਭ ਤੋਂ ਪਹਿਲੀ ਚਾਰਟਰਡ ਉਡਾਣ ਦਾ ਸਿਹਰਾ ਇਕ ਉਤਸ਼ਾਹੀ ਐੱਨ.ਆਰ.ਆਈ. ਸ੍ਰੀ ਜਿੰਮੀ ਪੂਨੀ ਨੂੰ ਜਾਂਦਾ ਹੈ, ਜੋ 250 ਭਾਰਤੀ ਤੇ ਯੂਨੀਵਰਸਿਟੀ ਯਾਤਰੀਆਂ ਨੂੰ ਇਸ ਇਲਾਕੇ ਦੇ ਸੱਤ-ਦਿਨਾ ਦੌਰੇ 'ਤੇ ਲੈ ਕੇ ਆਏ ਸਨ। ਇਸ ਉਡਾਣ ਨੇ ਹੋਰ ਚਾਰਟਰਡ ਉਡਾਣਾਂ ਲਈ ਰਾਹ ਖੋਲ੍ਹ ਦਿੱਤਾ ਜਿਨ੍ਹਾਂ ਵਿਚ ਅਲ-ਮੋਨਾਰਕ, ਏਅਰ ਸਲੋਵਾਕ ਅਤੇ ਸਲੋਵਾਕੀਅਨ ਏਅਰ ਲਾਈਨਜ਼ ਹਵਾਈ ਕੰਪਨੀਆਂ ਸ਼ਾਮਲ ਹਨ। ਸ੍ਰੀ ਪੂਨੀ ਦੀ ਉਡਾਣ ਤਾਂ ਕੁਝ ਫੇਰੀਆਂ ਪਿੱਛੋਂ ਬੰਦ ਹੋ ਗਈ ਪਰ ਹੋਰ ਕੰਪਨੀਆਂ ਦੀਆਂ ਚਾਰਟਰਡ ਉਡਾਣਾਂ ਲਈ ਰਾਹ ਖੋਲ੍ਹ ਗਈ।

****

# ਖਾਓ ਪੀਓ ਤੇ ਅੰਮ੍ਰਿਤਸਰੀਏ ਬਣ ਜਾਓ

ਅੰਮ੍ਰਿਤਸਰ ਇਕ ਬਹੁ-ਪੱਖੀ ਸ਼ਹਿਰ ਹੈ। ਇਸ ਦਾ ਵਿਲੱਖਣ ਵਾਤਾਵਰਨ ਯਾਤਰੀਆਂ ਨੂੰ ਮੋਹ ਲੈਂਦਾ ਹੈ। ਇਸ ਸ਼ਹਿਰ ਦਾ ਨਿੱਘ ਅਤੇ ਜੋਸ਼ ਇਸ ਸ਼ਹਿਰ ਦੇ ਵਸਨੀਕਾਂ ਦੇ ਜੀਵਨ-ਢੰਗ ਤੋਂ ਪ੍ਰਗਟ ਹੁੰਦਾ ਹੈ। ਸ਼ਹਿਰ ਦੇ ਸੱਭਿਆਚਾਰ, ਪ੍ਰਾਹੁਣਾਚਾਰੀ, ਦੁਕਾਨਦਾਰੀ, ਖਾਣ-ਪੀਣ ਦੇ ਸ਼ੌਕ, ਮੰਦਰ ਗੁਰਦੁਆਰੇ ਅਤੇ ਤੰਗ ਤੇ ਵਲਵਲੇਵੇਂ ਖਾਂਦੀਆਂ ਗਲੀਆਂ ਨੂੰ ਵੇਖ ਕੇ ਯਾਤਰੀ ਅਤੀਤ ਦੀਆਂ ਯਾਦਾਂ ਵਿਚ ਖੋ ਜਾਂਦਾ ਹੈ।

ਇਤਿਹਾਸਕਾਰ ਵੀ.ਐਨ. ਦੱਤਾ ਸ਼ਹਿਰ ਦੀ ਵੰਨ-ਸੁਵੰਨਤਾ ਅਤੇ ਹਲਚਲ ਨੂੰ ਵੇਖ ਕੇ ਕਹਿੰਦਾ ਹੈ, 'ਰਾਸ਼ਟਰਵਾਦੀਆਂ ਲਈ ਇਹ ਸ਼ਹਿਰ ਪ੍ਰੇਰਨਾ ਦਾ ਸਰੋਤ ਹੈ, ਸ਼ਰਧਾਲੂਆਂ ਲਈ ਯਾਤਰਾ ਤੇ ਇਤਿਹਾਸਕ ਯਾਦਾਂ ਦਾ ਸਥਾਨ ਅਤੇ ਵਪਾਰੀਆਂ ਲਈ ਦਿਨ-ਦੁੱਗਣੀ ਤੇ ਰਾਤ-ਚੌਗਣੀ ਤਰੱਕੀ ਕਰਦੀ ਹੋਈ ਮੰਡੀ ਤੇ ਬਾਜ਼ਾਰ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਵਿਚ ਇਸ ਸ਼ਹਿਰ ਨੇ ਪੂਰਬ ਦੇ ਸ਼ਾਹੀ ਦਰਬਾਰਾਂ ਦੀ ਸ਼ਾਨ ਵੇਖੀ ਹੈ ਤੇ ਕਈ ਵਾਰ ਸੱਭਿਆਚਾਰ ਤੇ ਸ਼ਾਜ਼ਿਸ਼ਾਂ ਦਾ ਅਜੀਬ ਮਿਸ਼ਰਨ ਵੀ ਵੇਖਿਆ ਹੈ।'

ਡਾ. ਦੱਤਾ ਅੱਗੇ ਕਹਿੰਦੇ ਹਨ ਕਿ 'ਅੰਮ੍ਰਿਤਸਰ ਦਾ ਜੇ ਵਾਰਾਨਸੀ ਤੇ ਦਿੱਲੀ ਦੇ ਸ਼ਹਿਰਾਂ ਨਾਲ ਮੁਕਾਬਲਾ ਕਰੀਏ ਤਾਂ ਹੈਰਾਨੀ ਇਸ ਗੱਲ ਦੀ ਨਹੀਂ ਹੁੰਦੀ ਕਿ ਅੰਮ੍ਰਿਤਸਰ ਪੁਰਾਣਾ ਕਿੰਨਾ ਹੈ, ਸਗੋਂ ਇਸ ਗੱਲ 'ਤੇ ਹੁੰਦੀ ਹੈ ਕਿ ਅੰਮ੍ਰਿਤਸਰ ਕਿੰਨੀ ਛੇਤੀ ਇਕ ਆਧੁਨਿਕ ਸ਼ਹਿਰ ਬਣ ਗਿਆ ਹੈ। ਇਸ ਸ਼ਹਿਰ ਦੀ ਸੰਵੇਦਨਸ਼ੀਲਤਾ ਅਤੇ ਗਤੀਸ਼ੀਲਤਾ ਰੀਸਯੋਗ ਹੈ।'

ਅੰਮ੍ਰਿਤਸਰ ਇਕ ਸਦੀ ਤੋਂ ਵੀ ਵਧ ਸਮੇਂ ਤਕ ਪੰਜਾਬ ਦੀ ਪਹਿਲੀ ਮੰਡੀ ਅਤੇ ਉੱਤਰੀ ਭਾਰਤ ਦਾ ਵਪਾਰਕ ਅਜਾਇਬ-ਘਰ ਬਣਿਆ ਰਿਹਾ ਪਰ ਬਾਅਦ ਵਿਚ ਇਸ ਵਿਚ ਤੇਜ਼ੀ ਨਾਲ ਕਈ ਤਬਦੀਲੀਆਂ ਆਈਆਂ। ਅੱਤਵਾਦ ਦੀ ਕਾਲੀ ਰਾਤ ਹੁਣ ਬੀਤੇ ਦੀ ਗੱਲ ਬਣ ਗਈ ਹੈ ਅਤੇ 'ਚੰਗੇ ਦਿਨ ਫੇਰ ਆ ਗਏ ਹਨ।' ਇਸ ਦਾ ਸਿਹਰਾ ਅੰਮ੍ਰਿਤਸਰੀਆਂ ਦੇ ਸਿਰ ਬੱਝਦਾ ਹੈ।

ਅੰਮ੍ਰਿਤਸਰ ਵਿਚ ਜਿਸ ਉਤਸ਼ਾਹ ਤੇ ਜੋਸ਼ ਨਾਲ ਤਿਉਹਾਰ ਤੇ ਪੂਰਬ ਮਨਾਏ ਜਾਂਦੇ ਹਨ, ਉੱਤਰੀ ਭਾਰਤ ਦੇ ਕਿਸੇ ਹੋਰ ਸ਼ਹਿਰ ਵਿਚ ਨਹੀਂ ਮਨਾਏ ਜਾਂਦੇ। ਪਰ ਦੁੱਖ ਦੀ ਗੱਲ ਹੈ ਕਿ ਅੰਮ੍ਰਿਤਸਰ ਤੇ ਲਾਹੌਰ ਜਿਹੜੇ ਬੋਲੀ, ਸੱਭਿਆਚਾਰ ਅਤੇ ਖਾਣ-ਪੀਣ ਦੇ ਸ਼ੌਕ ਪੱਖੋਂ ਜੌੜੇ ਭਰਾ ਸਮਝੇ ਜਾਂਦੇ ਸਨ, ਵੰਡ ਦੀ ਛੁਰੀ ਨੇ ਵੱਖ-ਵੱਖ ਕਰ ਦਿੱਤੇ ਹਨ।

ਫੈਸ਼ਨ ਦੇ ਮਾਮਲੇ ਵਿਚ ਵੀ ਅੰਮ੍ਰਿਤਸਰ ਦੇ ਲੋਕ ਹਮੇਸ਼ਾ ਮੋਹਰੀ ਰਹੇ ਹਨ। ਸ਼ਹਿਰ ਦੀਆਂ ਕੁੜੀਆਂ ਤੇ ਤਰੀਮਤਾਂ ਹੱਥਾਂ ਉਤੇ ਮਹਿੰਦੀ ਲਾਉਣ ਦੇ ਨਵੇਂ-ਨਵੇਂ ਦਿਲਕਸ਼



ਨਮੂਨੇ ਉਲੀਕਣ ਵਿਚ ਬੜੀਆਂ ਮਾਹਿਰ ਹਨ। ਸ਼ਹਿਰ ਵਿਚ ਥਾਂ-ਥਾਂ ਗਹਿਣਿਆਂ ਦੀਆਂ ਦੁਕਾਨਾਂ ਹੋਣ ਦਾ ਮਤਲਬ ਹੈ ਕਿ ਇਸ ਸ਼ਹਿਰ ਦੀਆਂ ਇਸਤਰੀਆਂ ਗਹਿਣਿਆਂ ਨੂੰ ਕਿੰਨਾ ਪਿਆਰ ਕਰਦੀਆਂ ਹਨ।

ਅੰਮ੍ਰਿਤਸਰ ਵਿਚ ਬਣਾਉਟੀ ਗਹਿਣੇ ਵੀ ਵੱਡੀ ਗਿਣਤੀ ਵਿਚ ਬਣਾਏ ਜਾਂਦੇ ਹਨ। ਅਮਰੀਕਨ ਹੀਰੇ ਤੇ ਕੁੰਦਨ ਜ਼ੇਵਰ ਬਹੁਤ ਹਰਮਨ ਪਿਆਰੇ ਹਨ। ਦੁਨੀਆ ਭਰ 'ਚੋਂ ਖ਼ਰੀਦਦਾਰ, ਇੱਥੇ ਬਣੇ ਗਹਿਣੇ ਖ਼ਰੀਦਣ ਲਈ ਅੰਮ੍ਰਿਤਸਰ ਆਉਂਦੇ ਹਨ।

ਅੰਮ੍ਰਿਤਸਰ ਨੂੰ ਆਪਣੀਆਂ ਸਿਹਰੇ ਬਣਾਉਣ ਦੀ ਦੁਕਾਨਾਂ ਉਤੇ ਵੀ ਬਹੁਤ ਮਾਨ ਹੈ। ਸ਼ਾਦੀ ਸਮੇਂ ਲਾੜੇ ਦੇ ਚਿਹਰੇ ਉਤੇ ਸਿਹਰਾ ਬੰਨ੍ਹਿਆ ਜਾਂਦਾ ਹੈ।

ਅੰਮ੍ਰਿਤਸਰ ਵਿਚ ਫੁਲਕਾਰੀਆਂ ਦੀ ਵੀ ਬਹੁਤ ਮੰਗ ਹੈ। ਇੱਥੇ ਲੋਕ ਕੇਵਲ ਦੀਵਾਲੀ ਨੂੰ ਹੀ ਆਪਣੇ ਘਰਾਂ ਉਤੇ ਮੋਮਬੱਤੀਆਂ ਜਾਂ ਦੀਵੇ ਨਹੀਂ ਜਗਾਉਂਦੇ ਸਗੋਂ ਜਨਮ-ਅਸ਼ਟਮੀ, ਗੁਰਪੁਰਬਾਂ ਤੇ ਹੋਰ ਤਿਉਹਾਰਾਂ ਉਤੇ ਵੀ ਸਾਰਾ ਸ਼ਹਿਰ ਰੌਸ਼ਨੀ ਵਿਚ ਨਹਾ ਰਿਹਾ ਹੁੰਦਾ ਹੈ।

ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਘਿਉ ਅਤੇ ਮੱਖਣ, ਪੰਜਾਬ ਦੇ ਸਾਰੇ ਸ਼ਹਿਰਾਂ ਨਾਲੋਂ ਅੰਮ੍ਰਿਤਸਰ ਵਿਚ ਸਭ ਤੋਂ ਵੱਧ ਵਰਤੇ ਜਾਂਦੇ ਹਨ। ਸ਼ਹਿਰ ਦੇ ਸਾਰੇ ਹੋਟਲਾਂ ਤੇ ਢਾਬਿਆਂ ਵਿਚ ਦੇਸੀ ਘਿਉ ਨਾਲ ਬਣਾਏ ਪਰਾਂਠੇ, ਸਮੋਸੇ, ਪੂਰੀਆਂ, ਕਚੌਰੀਆਂ ਅਤੇ ਗੁੜ ਦਾ ਕੜਾਹ ਮਿਲ ਜਾਂਦਾ ਹੈ। ਦੁਰਗਿਆਨਾ ਕਮੇਟੀ, ਮਾਤਾ ਦਾ ਮੰਦਰ ਤੇ ਸ਼ਹਿਰ ਦੇ ਹੋਰ ਮੰਦਰਾਂ ਵੱਲੋਂ ਇਹ ਚੀਜ਼ਾਂ 'ਨਾ ਨਫ਼ਾ ਨਾ ਨੁਕਸਾਨ' ਦੇ ਆਧਾਰ 'ਤੇ ਵੇਚੀਆਂ ਜਾਂਦੀਆਂ ਹਨ। ਭਾਵੇਂ ਅੰਮ੍ਰਿਤਸਰ ਨੂੰ ਵੇਰਕਾ ਘੀ ਵਾਲਾ ਸ਼ਹਿਰ ਕਿਹਾ ਜਾਂਦਾ ਹੈ ਪਰ ਇੱਥੇ ਅਮੁੱਲ ਘੀ ਦੀ ਮਾਸਕ ਵਿਕਰੀ 50 ਲੱਖ ਰੁਪਏ ਹੈ। ਜਦ ਕਿ ਅੰਮ੍ਰਿਤਸਰ ਨਾਲੋਂ ਵਧ ਆਬਾਦੀ ਵਾਲੇ ਸ਼ਹਿਰ ਲੁਧਿਆਣੇ ਵਿਚ ਇਸ ਘਿਉ ਦੀ ਵਿਕਰੀ ਕਿਤੇ ਘੱਟ ਹੈ। ਕਿਹਾ ਜਾਂਦਾ ਹੈ ਕਿ ਅੰਮ੍ਰਿਤਸਰ ਵਿਚ ਕੋਈ ਭੁੱਖ ਨਾਲ ਨਹੀਂ ਮਰਦਾ, ਬਹੁਤਾ ਖਾ ਕੇ ਭਾਵੇਂ ਕਿੰਨੇ ਮਰ ਜਾਣ। ਸ਼ਾਇਦ ਇਹੀ ਕਾਰਨ ਹੈ ਕਿ ਸ਼ਹਿਰ ਵਿਚ ਐਸਕੋਰਟਸ ਤੇ ਫੋਰਟਿਸ ਵਰਗੇ ਹਸਪਤਾਲਾਂ ਦੇ ਪੈਰ ਜੰਮੇ ਹੋਏ ਹਨ।

1911 ਵਿਚ ਬਣੀ ਅਮੀਂਚੰਦ ਸੋਢਾ ਕੰਪਨੀ ਸ਼ਾਇਦ ਸ਼ਹਿਰ ਦੀ ਸਭ ਤੋਂ ਪੁਰਾਣੀ ਕੰਪਨੀ ਹੈ। ਇਹ ਦੁਕਾਨ ਸ਼ਿਕੰਜਵੀ, ਮਿਲਕ ਸੋਢਾ, ਪਿਸਤਾ ਮਿਲਕ, ਬਦਾਮ ਮਿਲਕ ਲਈ ਮਸ਼ਹੂਰ ਹੈ। ਹਾਲ ਬਾਜ਼ਾਰ, ਲਾਰੰਸ ਰੋਡ ਅਤੇ ਅੰਦਰੂਨੀ ਸ਼ਹਿਰ ਦੀਆਂ ਕਈ ਦੁਕਾਨਾਂ 'ਤੇ ਮਸ਼ਹੂਰ ਅੰਮ੍ਰਿਤਸਰੀ ਕੁਲਫ਼ੀ ਮਿਲ ਜਾਂਦੀ ਹੈ। ਖਾਲਸ ਦੁੱਧ ਵਿਚ ਕੇਸਰ ਪਿਸਤਾ ਤੇ ਇਲਾਇਚੀ ਪਾ ਕੇ ਬਣਾਈ ਇਹ ਮਜ਼ੇਦਾਰ ਕੁਲਫ਼ੀ ਬਹੁਤੀ ਮਹਿੰਗੀ ਨਹੀਂ ਹੁੰਦੀ।

ਇਸ ਸ਼ਹਿਰ ਦੀਆਂ ਮਿਠਿਆਈ ਦੀਆਂ ਕਈ ਦੁਕਾਨਾਂ ਦੇਸ਼ ਦੇ ਕੋਨੇ ਕੋਨੇ ਵਿਚ ਜਾਣੀਆਂ ਜਾਂਦੀਆਂ ਹਨ। ਦੂਰੋਂ-ਦੂਰੋਂ ਆਉਂਦੇ ਯਾਤਰੀ ਇਸ ਪਵਿੱਤਰ ਸ਼ਹਿਰ ਦੀਆਂ ਸੁਆਦਲੀਆਂ ਚੀਜ਼ਾਂ ਦਾ ਅਨੰਦ ਮਾਣਨਾ ਨਹੀਂ ਭੁੱਲਦੇ। ਅੰਮ੍ਰਿਤਸਰ ਦੇ ਰਸੋਈ ਖਾਣੇ ਜਿਵੇਂ ਤੰਦੂਰੀ ਚਿਕਨ, ਕੁਲਚੇ ਛੋਲੇ, ਲੱਸੀ, ਪੂੜੀ ਅਤੇ ਪਾਪੜ-ਵੜੀਆਂ ਦੇਸ਼ ਦੀ ਰਸੋਈ ਸੂਚੀ ਵਿਚ ਸ਼ਾਮਲ ਹੋ ਗਏ ਹਨ।

ਚਿਕਨ ਤੇ ਮੀਟ ਤੋਂ ਵੱਖ-ਵੱਖ ਭੋਜਨ ਤਿਆਰ ਕਰਨ ਵਾਲੀਆਂ ਚਿਕਨ

ਦੀਆਂ ਦੁਕਾਨਾਂ ਸ਼ਹਿਰ ਦੇ ਹਰ ਕੋਨੇ ਵਿਚ ਮਿਲ ਜਾਣਗੀਆਂ। ਜੇ ਲਾਰੰਸ ਰੋਡ ’ਤੇ ਸੁਰਜੀਤ ਚਿਕਨ ਤੇ ਚਾਵਲਾ ਚਿਕਨ ਦੀਆਂ ਦੁਕਾਨਾਂ ਆਪਣੇ ਬਟਰ ਚਿਕਨ ਲਈ ਮਸ਼ਹੂਰ ਹਨ ਤਾਂ ਮਜੀਠਾ ਰੋਡ ’ਤੇ ਸਥਿਤ ਬੀਰ੍ਹਾ ਮੀਟ ਸ਼ਾਪ ਨੂੰ ਆਪਣੇ ਰੋਸਟਿਡ ਚਿਕਨ ਤੇ ਕੀਮਾ ਨਾਨ ਉਤੇ ਬਹੁਤ ਮਾਨ ਹੈ। ਅੰਦਰੂਨੀ ਸ਼ਹਿਰ ਵਿਚ ਮੱਛੀ ਦੀਆਂ ਕਈ ਦੁਕਾਨਾਂ ਹਨ। ਕੁਲਚੇ ਛੋਲੇ ਅੰਮ੍ਰਿਤਸਰ ਦੀ ਇਕ ਵੱਖਰੀ ਕਿਸਮ ਦੀ ਸੁਆਦਲੀ ਚੀਜ਼ ਹੈ। ਸ਼ਹਿਰ ਦੇ ਤਕਰੀਬਨ ਹਰ ਇਲਾਕੇ ਵਿਚ ਕੁਲਚੇ ਛੋਲੇ ਦੀ ਇਕ ਮਸ਼ਹੂਰ ਦੁਕਾਨ ਜ਼ਰੂਰ ਮਿਲ ਜਾਏਗੀ। ਇਨ੍ਹਾਂ ਦੁਕਾਨਾਂ ਦੇ ਵੱਖ-ਵੱਖ ਭੋਜਨਾਂ ਦਾ ਅਨੰਦ ਮਾਣਨ ਲਈ ਲੋਕ ਸਵੇਰ ਤੋਂ ਦੁਪਹਿਰ ਤਕ ਆਉਂਦੇ-ਜਾਂਦੇ ਰਹਿੰਦੇ ਹਨ। ਨਾਸ਼ਤਾ ਲਈ ਪੂੜੀ ਛੋਲੇ ਇਕ ਸੁਆਦਲਾ ਭੋਜਨ ਹਨ। ਕਨੱਈਆ, ਬਾਂਸਲ, ਨੋਵਲਟੀ, ਗੋਇੰਕਾ ਨਾਂ ਦੀਆਂ ਕੁਝ ਮਸ਼ਹੂਰ ਦੁਕਾਨਾਂ ਹਨ ਜਿੱਥੇ ਦੂਰ-ਦੂਰ ਤੋਂ ਗਾਹਕ ਆਉਂਦੇ ਹਨ।

ਪੰਜਾਬੀਆਂ ਦਾ ਲੱਸੀ ਲਈ ਪਿਆਰ ਗਿਆਨ ਹਲਵਾਈ ਤੇ ਆਹੂਜਾ ਲੱਸੀ ਵਾਲਾ ਦੀ ਦੁਕਾਨ ’ਤੇ ਵੇਖਿਆ ਜਾ ਸਕਦਾ ਹੈ। ਮੌਸਮ ਕੋਈ ਵੀ ਹੋਵੇ, ਹਰ ਉਮਰ ਦੇ ਲੋਕ ਇਨ੍ਹਾਂ ਦੁਕਾਨਾਂ ਵੱਲ ਨੱਸੇ ਆਉਂਦੇ ਹਨ ਅਤੇ ਵੱਡੇ-ਵੱਡੇ ਘੁੱਟ ਭਰ ਕੇ ਲੱਸੀ ਪੀਂਦੇ ਹਨ। ਲੱਸੀ ਉਤੇ ਮੱਖਣ ਤੇ ਮਲਾਈ ਦੀ ਮੋਟੀ ਪਰਤ ਜੰਮੀ ਹੁੰਦੀ ਹੈ।

ਅੰਮ੍ਰਿਤਸਰ ਦੀਆਂ ਪਾਪੜ-ਵੜੀਆਂ ਨਾ ਸਿਰਫ਼ ਦੇਸ਼ ਭਰ ਵਿਚ ਹੀ ਮਸ਼ਹੂਰ ਹਨ, ਸਗੋਂ ਦੇਸ਼ ਤੋਂ ਬਾਹਰ ਹੋਰ ਦੇਸ਼ਾਂ ਨੂੰ ਵੀ ਭੇਜੀਆਂ ਜਾਂਦੀਆਂ ਹਨ। ਪਾਪੜ-ਵੜੀਆਂ ਵਾਲੇ ਬਾਜ਼ਾਰ ਦੇ ਇਕ ਵਪਾਰੀ ਸ. ਨਰਿੰਦਰ ਸਿੰਘ ਨੇ ਕਿਹਾ ਕਿ ਬਾਜ਼ਾਰ ਵਿਚ ਇਹ ਦੋਵੇਂ ਚੀਜ਼ਾਂ 40 ਰੁਪਏ ਤੋਂ ਲੈ ਕੇ 200 ਰੁਪਏ ਤਕ ਪ੍ਰਤੀ ਕਿਲੋ ਵਿਕਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਦੋਵੇਂ ਚੀਜ਼ਾਂ ਆਪਣੇ ਮਸਾਲੇਦਾਰ ਸੁਆਦ ਤੇ ਆਪਣੀ ਤਿੱਖੀ ਮਹਿਕ ਦੇ ਕਾਰਨ ਬਹੁਤ ਪਸੰਦ ਕੀਤੀਆਂ ਜਾਂਦੀਆਂ ਹਨ।

ਜਿਉਂ ਹੀ ਰਾਤ ਪੈਂਦੀ ਹੈ, ਚਣੇ ਅਤੇ ਮਾਂਹ ਦੀ ਦਾਲ ਨਾਲ ਪਰਾਂਠੇ ਖਾਣ ਦਾ ਸਮਾਂ ਹੋ ਜਾਂਦਾ ਹੈ। ਵੱਖਰੇ ਅੰਮ੍ਰਿਤਸਰੀ ਸੁਆਦ ਵਾਲੀਆਂ ਇਹ ਚੀਜ਼ਾਂ ਇੱਥੇ ਆਮ ਮਿਲ ਜਾਂਦੀਆਂ ਹਨ। ਸੌ ਸਾਲ ਪੁਰਾਣਾ ਕੇਸਰ ਦਾ ਢਾਬਾ ਬਹੁਤ ਮਸ਼ਹੂਰ ਹੈ। ਇੰਦਰਾ ਗਾਂਧੀ, ਯਾਨਾ ਗੁਪਤਾ, ਮਨਪ੍ਰੀਤ ਬਰਾੜ, ਲੀਜ਼ਾ ਰੇਅ, ਯਸ਼ ਚੋਪੜਾ ਅਤੇ ਉੱਤਮ ਸਿੰਘ ਵਰਗੀਆਂ ਮਸ਼ਹੂਰ ਹਸਤੀਆਂ ਇਸ ਢਾਬੇ ’ਤੇ ਆਉਂਦੀਆਂ ਰਹੀਆਂ ਹਨ। ਭਰਾਵਾਂ ਦਾ ਢਾਬਾ ਅਤੇ ਕੁੰਦਨ ਢਾਬਾ ਇਸ ਸ਼ਹਿਰ ਦੇ ਦੋ ਹੋਰ ਪੁਰਾਣੇ ਢਾਬੇ ਹਨ। ਵਿਜੇ ਸਿੰਘ ਜੋ ਢਾਬੇ ਦੇ ਬਾਬੀ ਪਹਿਲਵਾਨ ਵਜੋਂ ਜ਼ਿਆਦਾ ਮਸ਼ਹੂਰ ਹੈ, ਉਸ ਦਾ ਕਹਿਣਾ ਹੈ ਕਿ ‘ਪਰਾਂਠੇ, ਮਾਂਹ ਦੀ ਦਾਲ ਅਤੇ ਛੋਲਿਆਂ ਦੀ ਬਹੁਤ ਮੰਗ ਰਹਿੰਦੀ ਹੈ।’

ਖ਼ੈਰ, ਇਸ ਸ਼ਹਿਰ ਦੇ ਕਈ ਵੱਖਰੇ ਵੱਖਰੇ ਪੱਖ ਹਨ। ਜੇ ਇਹ ਸੱਭਿਆਚਾਰ ਦਾ ਕੇਂਦਰ ਹੈ, ਤਾਂ ਇਹ ਵੱਖ-ਵੱਖ ਸੁਆਦੀ ਖਾਣਿਆਂ ਅਤੇ ਫੈਸ਼ਨ ਡਿਜ਼ਾਈਨਾਂ ਲਈ ਵੀ ਪ੍ਰਸਿੱਧ ਹੈ। ਇਸ ਪਵਿੱਤਰ ਸ਼ਹਿਰ ਦੀ ਇਤਿਹਾਸਕ ਤੇ ਵਿਰਾਸਤੀ ਅਹਿਮੀਅਤ ਬਾਰੇ ਤਾਂ ਕੁਝ ਕਹਿਣ ਦੀ ਲੋੜ ਹੀ ਨਹੀਂ ਹੈ।

****



## ਵਿਸ਼ਵਾਸ ਆਪੋ ਆਪਣਾ

ਪਿੰਡ ਭੋਮਾ ਨੇੜੇ ਬਾਬਾ ਰੋਡੇ ਸ਼ਾਹ ਦੀ ਸਮਾਧ ਬੜੀ ਮਸ਼ਹੂਰ ਹੈ। ਉੱਥੇ ਸ਼ਰਾਬ ਦਾ ਪਰਸ਼ਾਦ ਚੜ੍ਹਦਾ ਹੈ। ਬਾਬਾ ਜੱਟ ਸਿੱਖ ਪਰਿਵਾਰ ਨਾਲ ਸਬੰਧਿਤ ਸੀ ਤੇ ਆਪ ਕੋਈ ਨਸ਼ਾ ਨਹੀਂ ਕਰਦਾ ਸੀ।

ਜਿਵੇਂ ਕਿ ਰਿਵਾਜ ਪੈ ਗਿਆ ਹੈ, ਸ਼ਰਧਾਲੂ ਬੋਤਲਾਂ, ਪਲਾਸਟਿਕ ਦੀਆਂ ਥੈਲੀਆਂ (ਲਫ਼ਾਫ਼ਿਆਂ) ਅਤੇ ਬਾਲਟੀਆਂ ਵਿਚ ਸ਼ਰਾਬ ਲਿਆਉਂਦੇ ਹਨ। ਜਿਨ੍ਹਾਂ ਨੂੰ ਬਾਬੇ ਉਤੇ ਵਿਸ਼ਵਾਸ ਹੈ ਉਹ ਬਾਬਾ ਜੀ ਅੱਗੇ ਨੌਕਰੀਆਂ ਅਤੇ ਜੀਵਨ ਵਿਚ ਸੁੱਖ ਸਫ਼ਲਤਾ ਲਈ ਅਰਦਾਸ ਕਰਦੇ ਹਨ। ਲੋਕ-ਕਥਾ ਹੈ ਕਿ ਬਾਬਾ ਜੀ ਨੇ ਘੋਰ ਤਪੱਸਿਆ ਕੀਤੀ ਸੀ ਤੇ ਉਨ੍ਹਾਂ ਨੂੰ ਰਿੱਧੀਆਂ-ਸਿੱਧੀਆਂ ਦਾ ਵਰ ਮਿਲ ਗਿਆ ਸੀ। ਕਹਿੰਦੇ ਹਨ ਬਾਬੇ ਦੀ ਕਿਰਪਾ ਨਾਲ ਵੱਡੀਆਂ-ਵੱਡੀਆਂ ਬਿਮਾਰੀਆਂ ਠੀਕ ਹੋ ਜਾਂਦੀਆਂ ਹਨ। ਤਰਕਸ਼ੀਲ ਸੁਸਾਇਟੀ ਵਾਲਿਆਂ ਨੇ ਇਸ ਕਰਾਮਾਤ ਨੂੰ ਚੁਣੌਤੀ ਵੀ ਦਿੱਤੀ ਸੀ।

ਸ਼ਰਧਾਲੂ ਸਮਾਧ ’ਤੇ ਸ਼ਰਾਬ ਭੇਟ ਚੜ੍ਹਾਉਂਦੇ ਹਨ। ਜਦੋਂ ਸਮਾਧ ਉਤੇ ਤਿੰਨ ਦਿਨ ਮੇਲਾ ਲਗਦਾ ਹੈ ਤਾਂ ਹਜ਼ਾਰਾਂ ਲਿਟਰ ਸ਼ਰਾਬ ਇਕੱਠੀ ਹੋ ਜਾਂਦੀ ਹੈ। ਸ਼ਰਧਾਲੂਆਂ ਨੂੰ ਸ਼ਰਾਬ ਇਕ ਨਲਕੀ ਰਾਹੀਂ ਵਰਤਾਈ ਜਾਂਦੀ ਹੈ। ਪਿਆਕੜ ਹੱਥ ਵਿਚ ਸਟੀਲ ਦੇ ਗਲਾਸ ਫੜੀ ਕਤਾਰਾਂ ਵਿਚ ਖੜ੍ਹੇ ਹੁੰਦੇ ਹਨ।

ਪ੍ਰਚਲਿਤ ਕਥਾ ਅਨੁਸਾਰ ਬਾਬਾ ਰੋਡੇ ਸ਼ਾਹ 1896 ਵਿਚ ਭੋਮੇ ਦੇ ਨੇੜੇ ਇਕ ਪਿੰਡ ਵਿਚ ਆ ਗਿਆ ਤੇ ਪਿੰਡ ਤੋਂ ਬਾਹਰ ਰਹਿਣ ਲਗ ਪਿਆ। ਉਸ ਦੀ ਭੈਣ ਇਸ ਪਿੰਡ ਵਿਚ ਵਿਆਹੀ ਹੋਈ ਸੀ। ਲੋਕਾਂ ਦਾ ਵਿਸ਼ਵਾਸ ਹੈ ਕਿ ਬਾਬੇ ਨੇ ਕਰਾਮਾਤਾਂ ਨਾਲ ਲੋਕਾਂ ਦੀਆਂ ਮੁਸ਼ਕਿਲਾਂ ਹਲ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇਕ ਦਿਨ ਇਕ ਸ਼ਰਧਾਲੂ ਧੰਨਵਾਦ ਵਜੋਂ ਬਾਬੇ ਲਈ ਸ਼ਰਾਬ ਦੀ ਬੋਤਲ ਲੈ ਆਇਆ ਕਿਉਂਕਿ ਉਸ ਦੀ ਸੁਖਨਾ ਪੂਰੀ ਹੋ ਗਈ ਸੀ। ਖ਼ੁਦ ਸੋਫੀ ਹੋਣ ਕਰਕੇ ਬਾਬੇ ਨੇ ਉਹ ਸ਼ਰਾਬ ਕੋਲ ਬੈਠੇ ਚੇਲਿਆਂ ਤੇ ਸ਼ਰਧਾਲੂਆਂ ਨੂੰ ਵਰਤਾ ਦਿੱਤੀ। ਬੱਸ, ਉਸੇ ਦਿਨ ਤੋਂ ਇੱਥੇ ਸ਼ਰਾਬ ਦਾ ਚੜ੍ਹਾਵਾ ਚੜ੍ਹਨ ਦਾ ਰਿਵਾਜ ਪੈ ਗਿਆ।

ਬਾਬੇ ਦਾ ਆਪਣਾ ਜੱਦੀ ਪਿੰਡ ਧੀਮਾਨ (ਦਮੋਦਰ) ਹੈ ਜਿਹੜਾ ਪੰਜਾਬ ਦੇ ਸਰਹੱਦੀ ਜ਼ਿਲ੍ਹੇ ਗੁਰਦਾਸਪੁਰ ਵਿਚ ਪੈਂਦਾ ਸੀ। ਉਹ ਇਕ ਕਿਸਾਨ ਸ਼ਾਮ ਸਿੰਘ ਦਾ ਪੁੱਤਰ ਸੀ। ਜਿਸ ਕਮਰੇ ਵਿਚ ਬਾਬੇ ਦਾ ਜਨਮ ਹੋਇਆ ਸੀ, ਉਹ ਅਜੇ ਵੀ ਠੀਕ-ਠਾਕ ਹੈ।

ਸਮਾਧ ਦਾ ਨਿਗਰਾਨ ਸੇਵਾਦਾਰ ਕਹਿੰਦਾ ਹੈ ਕਿ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਲੀਡਰ ਸਮਾਧ ’ਤੇ ਮੱਥਾ ਟੇਕਣ ਆਉਂਦੇ ਹਨ। ਸਮਾਧ ਦੇ ਨਿਗਰਾਨ ਅਤੇ ਮਾਲ ਪਟਵਾਰੀ ਗੁਰਨੇਕ ਸਿੰਘ ਦਾ ਕਹਿਣਾ ਹੈ ਕਿ ਸਮਾਧ ਉਤੇ ਹਰ ਤਰ੍ਹਾਂ ਦੀ

ਸ਼ਰਾਬ ਚੜ੍ਹਦੀ ਹੈ, ਰੂੜੀ-ਮਾਰਕਾ ਵੀ ਅਤੇ ਵਿਦੇਸ਼ਾਂ ਦੀ ਵਧੀਆ ਵਿਸਕੀ ਵੀ। ਚੜ੍ਹਤ ਦੀ ਸ਼ਰਾਬ ਇਕ ਵੱਡੇ ਸਾਰੇ ਬਰਤਨ ਵਿਚ ਪਾ ਲਈ ਜਾਂਦੀ ਹੈ ਅਤੇ ਫੇਰ ਇਹ ਕਾਕਟੇਲ ਪਰਸ਼ਾਦ ਸਭ ਨੂੰ ਵੰਡ ਦਿੱਤਾ ਜਾਂਦਾ ਹੈ। ਦੂਰ-ਦੁਰਾਡੇ ਤੋਂ ਆਏ ਸ਼ਰਧਾਲੂਆਂ ਨੂੰ ਜਿਵੇਂ ਹਿਮਾਚਲ ਪ੍ਰਦੇਸ਼ ਤੋਂ ਆਏ ਪ੍ਰੇਮੀਆਂ ਨੂੰ ਸ਼ਰਾਬ ਦਾ ਇਹ ਅਨੋਖਾ ਪਰਸ਼ਾਦ ਛੋਟੀਆਂ ਛੋਟੀਆਂ ਪਲਾਸਟਿਕ ਦੀਆਂ ਥੈਲੀਆਂ ਵਿਚ ਪਾ ਕੇ ਦਿੱਤਾ ਜਾਂਦਾ ਹੈ।

ਤਿੰਨ-ਦਿਨਾਂ ਸਾਲਾਨਾ ਮੇਲੇ ਵਿਚ ਛੋਟੀਆਂ ਛੋਟੀਆਂ ਦੁਕਾਨਾਂ ਦੇ ਬਾਜ਼ਾਰ ਸਜ ਜਾਂਦੇ ਹਨ, ਜਿਨ੍ਹਾਂ ਵਿਚ ਖਿਡੌਣਿਆਂ ਦੀਆਂ ਦੁਕਾਨਾਂ ਵੀ ਹੁੰਦੀਆਂ ਹਨ ਅਤੇ ਖਾਣ-ਪੀਣ ਦੇ ਢਾਬੇ ਵੀ। ਭਾਵੇਂ ਤਿੰਨ-ਦਿਨਾ ਸਾਲਾਨਾ ਮੇਲੇ 'ਤੇ ਇਕ ਲੱਖ ਤੋਂ ਵੱਧ ਸ਼ਰਧਾਲੂ ਇੱਥੇ ਆਉਂਦੇ ਹਨ, ਤਾਂ ਵੀ ਸ਼ਰਾਬ ਦਾ ਪਰਸ਼ਾਦ ਹਰ ਰੋਜ਼ ਪ੍ਰੇਮੀਆਂ ਨੂੰ ਵਰਤਾਇਆ ਜਾਂਦਾ ਹੈ।

ਕਹਿੰਦੇ ਹਨ, ਇਕ ਵਾਰੀ ਇਕ ਬੇਔਲਾਦ ਜੋੜੇ ਨੂੰ ਬਾਬੇ ਨੇ ਬੱਚਾ ਹੋਣ ਦੀ ਅਸੀਸ ਦਿੱਤੀ ਤਾਂ ਅਸੀਸ ਵਰ ਆਈ। ਸ਼ਰਧਾਲੂ ਜੋੜੇ ਨੇ ਬਾਬੇ ਨੂੰ ਧੰਨਵਾਦ ਵਜੋਂ ਕੁਝ ਮਾਇਆ ਭੇਟ ਕਰਨੀ ਚਾਹੀ ਪਰ ਬਾਬੇ ਨੇ ਰੁਪਿਆ ਲੈਣ ਤੋਂ ਨਾਂਹ ਕਰ ਦਿੱਤੀ। ਫੇਰ ਉਸ ਨੇ ਇਕ ਬੋਤਲ ਭੇਟ ਕੀਤੀ ਤਾਂ ਉਹ ਸ਼ਰਾਬ ਸਾਰੇ ਹਾਜ਼ਰ ਪ੍ਰੇਮੀਆਂ ਵਿਚ ਵਰਤਾ ਦਿੱਤੀ ਗਈ। ਇਸ ਤਰ੍ਹਾਂ ਇੱਥੇ ਸ਼ਰਾਬ ਦਾ ਚੜ੍ਹਾਵਾ ਚੜ੍ਹਾਉਣ ਦੀ ਪਿਰਤ ਪੱਕੀ ਹੋ ਗਈ। ਪਿਛਲੇ ਸਾਲਾਂ ਤੋਂ ਲਗਾਤਾਰ ਸ਼ਰਧਾਲੂਆਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਬਾਬਾ ਰੋਡੇ ਸ਼ਾਹ 1924 ਵਿਚ ਸੁਗਰਵਾਸ ਹੋ ਗਏ ਸਨ ਪਰ ਤਰਕਸ਼ੀਲਾਂ ਨੂੰ ਚੁਣੌਤੀ ਦਿੰਦੀ ਹੋਈ, ਸ਼ਰਾਬ ਚੜ੍ਹਾਉਣ ਦੀ ਰਵਾਇਤ ਅਜੇ ਵੀ ਜਾਰੀ ਹੈ। ਇਕ ਸ਼ਰਧਾਲੂ ਦਾ ਕਹਿਣਾ ਹੈ ਕਿ ਮਸ਼ਹੂਰ ਗਾਇਕ ਮੁਹੰਮਦ ਰਫ਼ੀ ਜੋ ਨੇੜੇ ਦੇ ਇਕ ਪਿੰਡ ਕੋਟਲਾ ਸੁਲਤਾਨ ਸਿੰਘ ਵਿਚ ਰਹਿੰਦੇ ਸਨ, ਉਹ ਵੀ ਬਾਬਾ ਜੀ ਦੇ ਸ਼ਰਧਾਲੂ ਸਨ।

ਇਕ ਹੋਰ ਕਹਾਣੀ ਇਸ ਤਰ੍ਹਾਂ ਵੀ ਸੁਣਾਈ ਜਾਂਦੀ ਹੈ। ਸੁੰਦਰ ਸਿੰਘ ਨਾਂ ਦਾ ਇਕ ਬੰਦਾ ਨਾਜਾਇਜ਼ ਸ਼ਰਾਬ ਵੇਚਣ ਦਾ ਧੰਦਾ ਕਰਦਾ ਸੀ। ਇਹ ਅੰਗਰੇਜ਼ੀ ਰਾਜ ਵੇਲੇ ਦੀ ਗੱਲ ਹੈ। ਇਕ ਵਾਰੀ ਉਹ ਪੁਲੀਸ ਤੋਂ ਡਰਦਾ ਡਰਦਾ ਬਾਬਾ ਰੋਡੇ ਸ਼ਾਹ ਦੀ ਸ਼ਰਨ ਵਿਚ ਆ ਗਿਆ। ਰੱਬ ਦਾ ਭਾਣਾ ਐਸਾ ਵਰਤਿਆ ਕਿ ਪੁਲਿਸ ਸੁੰਦਰ ਸਿੰਘ ਨੂੰ ਲੱਭ ਹੀ ਨਾ ਸਕੀ। ਸੁੰਦਰ ਸਿੰਘ ਨੇ ਸ਼ੁਕਰਾਨੇ ਵਜੋਂ ਬਾਬਾ ਰੋਡੇ ਸ਼ਾਹ ਨੂੰ ਸ਼ਰਾਬ ਦੀ ਇਕ ਬੋਤਲ ਭੇਟ ਕੀਤੀ। ਬਾਬਾ ਆਪ ਤਾਂ ਸੋਫ਼ੀ ਸੀ। ਉਸ ਨੇ ਉਹ ਸ਼ਰਾਬ ਆਪਣੇ ਸ਼ਰਧਾਲੂਆਂ ਨੂੰ ਵਰਤਾ ਦਿੱਤੀ।

ਪੁਲੀਸ ਦੇ ਇਕ ਵੱਡੇ ਅਫ਼ਸਰ ਨੇ ਕਿਹਾ ਕਿ ਇੱਥੇ ਸ਼ਰਾਬ ਚੜ੍ਹਾਉਣ ਦੀ ਆਗਿਆ ਦੇਣ ਜਾਂ ਨਾ ਦੇਣ ਦਾ ਕੋਈ ਸਵਾਲ ਹੀ ਨਹੀਂ ਪੈਦਾ ਹੁੰਦਾ। ਸਰਕਾਰ ਕਿਸੇ ਦੀਆਂ ਧਾਰਮਕ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਉਣਾ ਚਾਹੁੰਦੀ ।

ਤਰਕਸ਼ੀਲ ਸੁਸਾਇਟੀ ਦੇ ਰਾਜ-ਮੀਡੀਆ ਇੰਚਾਰਜ ਸ੍ਰੀ ਸੁਮੀਤ ਸਿੰਘ ਇਲਜ਼ਾਮ ਲਾਉਂਦੇ ਹਨ ਕਿ ਇਹ ਚਿੰਤਾ ਵਾਲੀ ਗੱਲ ਹੈ ਕਿ ਪੁਲੀਸ 'ਧਰਮ' ਦੇ ਨਾਂ 'ਤੇ ਸ਼ਰਾਬ



ਚੜ੍ਹਾਉਣ ਤੇ ਪੀਣ ਦੀ ਲਤ ਨੂੰ ਉਤਸ਼ਾਹਿਤ ਕਰ ਰਹੀ ਹੈ। ਬਹੁਤ ਸਾਰੇ ਪੁਲੀਸ ਵਾਲਿਆਂ ਨੂੰ ਵੀ ਇਹ ਯਕੀਨ ਹੈ ਕਿ ਜੇ ਉਨ੍ਹਾਂ ਨੇ ਸ਼ਰਧਾਲੂਆਂ ਨੂੰ 'ਪਰਸ਼ਾਦ' ਲੈਣ ਤੋਂ ਰੋਕਿਆ ਤਾਂ ਬਾਬਾ ਜੀ ਨਾਰਾਜ਼ ਹੋ ਜਾਣਗੇ।

ਡੇਰਾ ਬਾਬਾ ਰੋਡੇ ਸ਼ਾਹ ਨੇ ਇਕ ਕਿਤਾਬਚਾ ਛਾਪਿਆ ਹੋਇਆ ਹੈ। ਉਸ ਵਿਚ ਲਿਖਿਆ ਹੈ ਕਿ ਅੰਗਰੇਜ਼ਾਂ ਦੇ ਰਾਜ ਸਮੇਂ ਪਿੰਡ ਦੇ ਕਿਸੇ ਬੰਦੇ ਨੇ ਮਹਿਕਮਾ ਆਬਕਾਰੀ ਨੂੰ ਇਸ ਡੇਰੇ ਵਿਚ ਸ਼ਰਾਬ ਦੀ ਖੁੱਲ੍ਹ-ਖੇਲ੍ਹ ਵਿਰੁੱਧ ਸ਼ਿਕਾਇਤ ਕੀਤੀ। ਇਕ ਅੰਗਰੇਜ਼ ਅਫ਼ਸਰ ਨੇ ਡੇਰੇ ਉਤੇ ਛਾਪਾ ਮਾਰਿਆ। ਪਰ ਬਜਾਏ ਇਸ ਦੇ ਕਿ ਉਹ ਡੇਰੇ ਵਿਰੁੱਧ ਕੋਈ ਕਾਰਵਾਈ ਕਰਦਾ, ਉਹ ਬਾਬਾ ਰੋਡੇ ਸ਼ਾਹ ਦੇ ਪੈਰਾਂ ਉਤੇ ਝੁਕ ਗਿਆ ਤੇ ਆਪ ਸ਼ਰਾਬ ਦਾ ਪਰਸ਼ਾਦ ਛਕਿਆ।

## ਰੋਮ ਤੇ ਬੈਕਸ ਦੇਵਤਾ

ਬੈਕਸ ਸ਼ਰਾਬ ਦਾ ਦੇਵਤਾ ਸੀ। ਕੋਲੰਬੀਆ ਇਨਸਾਈਕਲੋਪੀਡੀਆ ਦੇ 2001-05 ਦੇ ਛੇਵੇਂ ਐਡੀਸ਼ਨ ਵਿਚ ਲਿਖਿਆ ਹੈ ਕਿ ਰੋਮਨ ਧਰਮ ਤੇ ਮਿਥਿਹਾਸ ਵਿਚ ਬੈਕਸ ਨੂੰ ਸ਼ਰਾਬ ਦਾ ਦੇਵਤਾ ਲਿਖਿਆ ਗਿਆ ਹੈ ਅਤੇ ਯੂਨਾਨੀ ਮਿਥਿਹਾਸ ਵਿਚ ਇਸ ਦੇਵਤੇ ਨੂੰ ਡਾਇਉਨੀਸਸ ਕਹਿੰਦੇ ਹਨ। ਡਾਇਉਨੀਸਸ ਖੇਤੀਬਾੜੀ ਤੇ ਕਾਨੂੰਨ ਦਾ ਵੀ ਦੇਵਤਾ ਸੀ। ਉਸ ਦੀ ਡੈਲਫ਼ੀ ਅਤੇ ਬਸੰਤ ਦੇ ਤਿਉਹਾਰ ਗਰੇਟ ਡਾਇਉਨੀਸੀਆ 'ਤੇ ਪੂਜਾ ਕੀਤੀ ਜਾਂਦੀ ਸੀ। ਰੋਮ ਵਿਚ ਇਸ ਦੇਵਤੇ ਦੇ ਰਹੱਸਮਈ ਵਰਤਾਰਿਆਂ ਉਤੇ ਕਰੜੀ ਨਜ਼ਰ ਰੱਖੀ ਜਾਂਦੀ ਸੀ। ਬਾਅਦ ਵਿਚ ਪਤਾ ਲੱਗਾ ਕਿ ਉਹ ਸ਼ਰਾਬ ਦੇ ਪ੍ਰਾਚੀਨ ਦੇਵਤੇ ਲਿਬਰ-ਪੇਟਰ ਨਾਲ ਸਬੰਧਿਤ ਹੈ। ਡਾਇਉਨੀਸਸ ਨਾਲ ਸਬੰਧਿਤ ਕਈ ਕਥਾਵਾਂ ਬੈਕਸ ਸੰਪਰਦਾਇ ਵਿਚ ਵੀ ਪ੍ਰਚਲਿਤ ਹਨ। ਬੈਕਸ ਥੀਏਟਰ ਦਾ ਦੇਵਤਾ ਵੀ ਸੀ। ਇਸੇ ਕਾਰਨ ਯੂਨਾਨ ਵਿਚ ਲਿਖੇ ਗਏ ਪਹਿਲੇ ਨਾਟਕ ਇਸ ਦੇਵਤੇ ਦੇ ਸਨਮਾਨ ਵਿਚ ਖੇਡੇ ਗਏ ਸਨ। ਉਸ ਦੀ ਯਾਦ ਵਿਚ ਹਰ ਸਾਲ 16, 17 ਮਾਰਚ ਨੂੰ ਤਿਉਹਾਰ ਮਨਾਇਆ ਜਾਂਦਾ ਹੈ।

****

**ਭਾਗ ਛੇਵਾਂ**

# ਚਿਤਰਕਾਰ ਤੇ ਕਲਾਕਾਰ

ਅੰਮ੍ਰਿਤਸਰ ਨਾਲ ਕਲਾ ਦਾ ਗੂੜ੍ਹਾ ਤੇ ਲੰਮਾ ਸਬੰਧ ਰਿਹਾ ਹੈ। ਇਹ ਸ਼ਹਿਰ ਕਲਾਤਮਿਕ ਪੇਸ਼ਕਾਰੀ ਦਾ ਘਰ ਹੈ। ਕੋਮਲ ਕਲਾ ਹੋਵੇ ਜਾਂ ਕੰਧ-ਚਿਤਰਕਾਰੀ ਜਾਂ ਅਦਾਕਾਰੀ; ਅੰਮ੍ਰਿਤਸਰੀ ਸੱਭਿਆਚਾਰ ਨੇ ਵੰਨ-ਸਵੰਨੀਆਂ ਕਲਾਵਾਂ ਦੀ ਪਰਵਰਿਸ਼ ਕੀਤੀ ਹੈ।

- ਇਹ ਕੁਦਰਤ ਦੀ ਦੇਣ ਸੀ, ਜਿਸ ਨੇ ਮੁਹੰਮਦ ਰਫ਼ੀ ਨੂੰ ਕਲਾਤਮਿਕ ਬੁਲੰਦੀਆਂ ਤਕ ਪਹੁੰਚਾਇਆ। ਇਹ ਇਕ ਅਨੋਖਾ ਇਤਫ਼ਾਕ ਸੀ ਕਿ ਰਫ਼ੀ ਦਾ ਇਕ ਐਸੇ ਇਨਸਾਨ ਨਾਲ ਮੇਲ ਹੋਇਆ ਜੋ ਉਸ ਨੂੰ ਪਿੰਡ ਦੀਆਂ ਗਲੀਆਂ ਵਿਚੋਂ ਕੱਢ ਕੇ ਬਾਲੀਵੁੱਡ ਦੇ ਚਮਕ-ਦਮਕ ਵਾਲੇ ਵਾਤਾਵਰਨ ਵਿਚ ਸੰਗੀਤ ਦੀ ਸਿਖ਼ਰ ਉਤੇ ਲੈ ਗਿਆ। (ਸੁਰ ਸਿਰਮੌਰ ਮੁਹੰਮਦ ਰਫ਼ੀ; ਪੰਨਾ-250)
- ਦੁਨੀਆ ਦੀ ਨਜ਼ਰ ਵਿਚ ਭਾਵੇਂ ਉਹ ਗ਼ਰੀਬ ਸਨ ਪਰ ਆਪਣੇ ਅਨੋਖੇ ਤੇ ਅਨੂਠੇ ਹੁਨਰ ਨਾਲ ਉਹ ਕਲਾ ਦੀ ਦੁਨੀਆ ਵਿਚ ਸ਼ਹਿਜ਼ਾਦੇ ਬਣ ਗਏ। ਉਹ ਗੁਰੂ ਦੀ ਕਲਾ ਵਿਚ ਪੂਰਨ ਵਿਸ਼ਵਾਸ ਰੱਖਦੇ ਸਨ ਅਤੇ ਉਨ੍ਹਾਂ ਦੀ ਕਲਾ ਮੁਕੰਮਲ ਤੌਰ 'ਤੇ ਗੁਰੂ ਨੂੰ ਸਮਰਪਿਤ ਹੈ। ਕਲਾਕਾਰ ਦੀ ਕੇਵਲ ਇਕੋ ਸਰਬੋਤਮ ਕਲਾ-ਕ੍ਰਿਤ ਉਸ ਨੂੰ ਸਦੀਆਂ ਤਕ ਅਮਰ ਬਣਾ ਦਿੰਦੀ ਹੈ। (ਗ਼ਰੀਬ ਕਲਾਕਾਰ ਦੀ ਅਮੀਰ ਕਲਾ; ਪੰਨਾ-255)
- ਪ੍ਰਾਚੀਨ ਸਮਿਆਂ ਤੋਂ ਚਿਤਰ ਕਲਾ ਦ੍ਰਿਸ਼ਮਾਨ ਹੈ। ਇਹ ਕਲਾ ਮਨੁੱਖੀ ਮਨ ਦੇ ਅਹਿਸਾਸ ਨੂੰ ਰੂਪਮਾਨ ਕਰਨ ਦਾ ਇਕ ਸਾਧਨ ਹੈ। ਅਮੂਰਤ ਨੂੰ ਮੂਰਤ ਕਰਨ ਦੀ ਇਹ ਕਲਾ ਨਿਰੰਤਰ ਪ੍ਰੇਰਨਾ ਅਤੇ ਅਥਾਹ ਧੀਰਜ ਦੀ ਮੰਗ ਕਰਦੀ ਹੈ। (ਫੁਲਾਂ ਰਾਣੀ :ਜੀਵਨ ਤੇ ਕਲਾ; ਪੰਨਾ-258)
- ਅੰਮ੍ਰਿਤਸਰੀਏ ਦਲੇਰ ਸੁਭਾ ਅਤੇ ਬਹੁਪੱਖੀ ਪ੍ਰਤਿਭਾ ਦੇ ਮਾਲਕ ਹਨ। ਮੁੰਬਈ ਦੇ ਬਾਲੀਵੁੱਡ ਵਿਚ ਉਨ੍ਹਾਂ ਦਾ ਵਿਸ਼ੇਸ਼ ਸਥਾਨ ਹੈ। (ਚਲ-ਚਿਤਰਾਂ ਦੀ ਚਹਿਲ-ਪਹਿਲ; ਪੰਨਾ-261)
- ਅੰਮ੍ਰਿਤਸਰ ਦੇ ਕਲਾਕਾਰ, ਖ਼ਾਸ ਤੌਰ 'ਤੇ ਅੱਜ ਕੱਲ੍ਹ ਦੇ ਆਰਟਿਸਟ, ਸਟੇਜ ਉਤੇ ਬਾਲੀਵੁੱਡ ਦੇ ਐਕਟਰਾਂ ਨੂੰ ਮਾਤ ਪਾਉਂਦੇ ਹਨ। ਰਾਮਾਇਣ ਅਤੇ ਮਹਾਭਾਰਤ ਦੇ ਪਰਸਾਰਨ ਤੋਂ ਪ੍ਰੇਰਿਤ ਹੋ ਕੇ ਕੁਝ ਨੌਜੁਆਨ ਕਲਾਕਾਰ ਕੁਝ ਇਤਿਹਾਸਕ ਸਿੱਖ ਸ਼ਖ਼ਸੀਅਤਾਂ ਨੂੰ ਜ਼ਿੰਦਾ ਪਾਤਰਾਂ ਦੇ ਰੂਪ ਵਿਚ ਸਟੇਜ 'ਤੇ ਪੇਸ਼ ਕਰਨਾ ਚਾਹੁੰਦੇ ਹਨ। ਪਰ ਇਸ ਸਬੰਧ ਵਿਚ ਕੁਝ ਪਾਬੰਦੀਆਂ ਦਾ ਪਾਲਣ ਕਰਨਾ ਜ਼ਰੂਰੀ ਹੈ। (ਬਾਬਾ ਦੀਪ ਸਿੰਘ ਬਾਰੇ ਫਿਲਮ ਵਿਚ ਅੰਮ੍ਰਿਤਸਰੀ ਐਕਟਰਾਂ ਦੀ ਪੇਸ਼ਕਾਰੀ; ਪੰਨਾ-265)



- ਗੁਰਿੰਦਰ ਚੱਢਾ ਨੇ ਆਪਣੀ ਫਿਲਮ 'ਬੱਲੇ ਬੱਲੇ ਫਰਾਮ ਅੰਮ੍ਰਿਤਸਰ ਟੂ ਲਾਸ ਐਂਜਲਜ਼' ਵਿਚ ਵੱਖ-ਵੱਖ ਸੱਭਿਆਚਾਰਾਂ ਦੇ ਸੁਮੇਲ ਨੂੰ ਬੜੀ ਸਫ਼ਲਤਾ ਨਾਲ ਪੇਸ਼ ਕੀਤਾ ਹੈ। ਦੂਰ-ਦੁਰਾਡੀਆਂ ਮੰਜ਼ਿਲਾਂ ਦੀ ਖਿੱਚ ਨੇ ਅੰਮ੍ਰਿਤਸਰੀਆਂ ਨੂੰ ਇਸ ਕਾਬਲ ਬਣਾ ਦਿੱਤਾ ਹੈ ਕਿ ਹੁਣ ਉਨ੍ਹਾਂ ਦੇ ਹਵਾਈ ਜਹਾਜ਼ ਅੰਮ੍ਰਿਤਸਰ ਵਿਚ ਉਤਰਦੇ ਹਨ। (ਬੱਲੇ ਬੱਲੇ ਫਰਾਮ ਅੰਮ੍ਰਿਤਸਰ ਟੂ ਲਾਸ ਐਂਜਲਜ਼, ਪੰਨਾ-269)
- ਸਿਆਸਤਦਾਨ ਭਾਰਤੀ ਤੇ ਪਾਕਿਸਤਾਨੀ ਪੰਜਾਬੀਆਂ ਦੀ ਖਾਣ-ਪੀਣ, ਗਾਉਣ ਵਜਾਉਣ, ਰੋਣ-ਧੋਣ ਅਤੇ ਇੱਥੋਂ ਤਕ ਕਿ ਵੈਣ-ਕੀਰਨੇ ਪਾਉਣ ਦੀ ਸਾਂਝ ਨੂੰ ਕਿਵੇਂ ਤੋੜ ਸਕਦੇ ਹਨ? ਸੱਭਿਆਚਾਰਕ ਏਕਤਾ ਦੇ ਜ਼ਰੀਏ ਸਾਡੀਆਂ ਇਕ ਦੂਜੇ ਨਾਲ ਜੁੜੇ ਰਹਿਣ ਦੀਆਂ ਕੋਸ਼ਿਸ਼ਾਂ ਜਾਰੀ ਹਨ। (ਵੰਡ ਦੇ ਵਖਰੇਵੇਂ ਮੇਟਣ ਦੀ ਕਲਾ; ਪੰਨਾ-272)

ਕਲਾ ਜ਼ਿੰਦਗੀ ਦੀ ਰੂਹ ਤੇ ਸੂਝ ਹੈ।

****

# ਸੁਰ ਸਿਰਮੌਰ ਮੁਹੰਮਦ ਰਫ਼ੀ

ਰਫ਼ੀ ਦੀ ਕਹਾਣੀ ਇਕ ਪਰੀ ਕਹਾਣੀ ਲਗਦੀ ਹੈ। ਫ਼ੀਕੂ ਨਾਂ ਦਾ ਇਕ ਗ਼ਰੀਬ ਨਾਈ ਦਾ ਪੁੱਤਰ ਸੀ। ਉਸ ਦੇ ਪੰਜ ਵੱਡੇ ਭਰਾ ਸਨ। ਇਹ ਪਰਿਵਾਰ ਅੰਮ੍ਰਿਤਸਰ ਦੇ ਨੇੜੇ ਇਕ ਪਿੰਡ ਕੋਟਲਾ ਸੁਲਤਾਨ ਸਿੰਘ ਵਿਚ ਰਹਿੰਦਾ ਸੀ। ਫ਼ੀਕੂ ਦਾ ਪੜ੍ਹਾਈ ਵਿਚ ਦਿਲ ਨਹੀਂ ਲਗਦਾ ਸੀ।

ਉਸ ਦੇ ਬਾਪ ਦਾ ਨਾਂ ਹਾਜੀ ਅਲੀ ਮੁਹੰਮਦ ਸੀ। ਹਾਜੀ ਦੀ ਆਪਣੀ ਬਰਾਦਰੀ ਵਿਚ ਚੰਗੀ ਇੱਜ਼ਤ ਸੀ। ਤਿਉਹਾਰਾਂ ਤੇ ਸ਼ਾਦੀਆਂ ’ਤੇ ਉਹ ਸੱਤਾਂ ਰੰਗਾਂ ਦੇ ਚੌਲ ਬਣਾਉਣ ਵਿਚ ਮਸ਼ਹੂਰ ਸੀ। 1935-36 ਵਿਚ ਉਹ ਪਿੰਡ ਛੱਡ ਕੇ ਲਾਹੌਰ ਚਲਾ ਗਿਆ। ਕੁਝ ਮਹੀਨਿਆਂ ਬਾਅਦ ਉਸ ਦਾ ਟੱਬਰ ਵੀ ਲਾਹੌਰ ਪਹੁੰਚ ਗਿਆ।

ਪਿੰਡ ਵਿਚ ਇਕ ਫ਼ਕੀਰ ਹੁੰਦਾ ਸੀ, ਜੋ ਹਰ ਰੋਜ਼ ਅੱਲਾ ਦੇ ਨਾਂ ’ਤੇ ਭੀਖ ਮੰਗਦਾ ਹੋਇਆ ਪਿੰਡ ਵਿਚ ਗੇੜੇ ਕੱਢਦਾ ਰਹਿੰਦਾ ਸੀ। ਉਸ ਦੀ ਆਵਾਜ਼ ਬੜੀ ਸੁਰੀਲੀ ਸੀ। ਆਮ ਤੌਰ ’ਤੇ ਉਹ ‘ਖੇਡਣ ਦੇ ਦਿਨ ਚਾਰ ਨੀ ਮਾਏ, ਖੇਡਣ ਦੇ ਦਿਨ ਚਾਰ’ ਵਾਲਾ ਗੀਤ ਗਾਉਂਦਾ ਸੀ। ਫ਼ੀਕੂ ਉਸ ਦੀ ਨਕਲ ਲਾਉਣ ਲਗ ਪਿਆ। ਬੱਸ ਇੱਥੋਂ ਹੀ ਉਸ ਦਾ ਗਾਇਕੀ ਦਾ ਸਫ਼ਰ ਸ਼ੁਰੂ ਹੋ ਗਿਆ। ਲੱਖਾਂ ਲੋਕ ਉਸ ਦੇ ਗੀਤਾਂ ਦੇ ਦੀਵਾਨੇ ਹੋ ਗਏ।

## ਕਾਇਆ-ਕਲਪ ਕਿਵੇਂ ਹੋਇਆ

ਆਮ ਲੋਕਾਂ ਦੇ ਦਿਲਾਂ ਵਿਚ ਪਿੰਡ ਕੋਟਲਾ ਸੁਲਤਾਨ ਸਿੰਘ ਕੋਈ ਅਹਿਮੀਅਤ ਨਹੀਂ ਰੱਖਦਾ। ਪਰ ਗਾਇਕੀ ਦੇ ਸ਼ੌਕੀਨਾਂ ਲਈ ਜੋ 1940 ਤੋਂ ਪਿਛੋਂ ਫ਼ਿਲਮੀ ਗਾਣੇ ਸੁਣ ਸੁਣ ਕੇ ਵੱਡੇ ਹੋਏ ਹਨ, ਉਨ੍ਹਾਂ ਲਈ ਇਹ ਪਿੰਡ ਜ਼ਿਆਰਤ ਦਾ ਸਥਾਨ ਹੈ। ਮੁਹੰਮਦ ਰਫ਼ੀ ਉਰਦੂ, ਹਿੰਦੀ ਤੇ ਪੰਜਾਬੀ ਫਿਲਮਾਂ ਦੇ ਮਹਾਨ ਗਾਇਕਾਂ ਵਿਚੋਂ ਇਕ ਸੀ। ਉਸ ਦਾ ਜਨਮ ਇਸ ਅਣਜਾਣ ਜਿਹੇ ਪਿੰਡ ਵਿਚ 24 ਦਸੰਬਰ 1924 ਨੂੰ ਹੋਇਆ। ਉਸ ਦੇ ਪਿਤਾ ਨੇ ਰਫ਼ੀ ਨੂੰ ਲਾਹੌਰ ਵਿਚ ਉਸ ਦੇ ਤਾਏ ਦੀ ਦੁਕਾਨ ਵਿਚ ਹਜਾਮਤ ਕਰਨ ਦਾ ਕੰਮ ਸਿੱਖਣ ਲਈ ਰਖਵਾ ਦਿੱਤਾ। ਦੇਸ਼-ਵੰਡ ਤੋਂ ਪਹਿਲਾਂ ਲਾਹੌਰ ਫਿਲਮਾਂ ਬਣਾਉਣ ਦਾ ਮਸ਼ਹੂਰ ਕੇਂਦਰ ਸੀ।

ਫ਼ੀਕੂ ਦੀ ਚੰਗੀ ਕਿਸਮਤ ਨੂੰ ਇਕ ਦਿਨ ਇਕ ਮਸ਼ਹੂਰ ਮਿਊਜ਼ਕ ਡਾਇਰੈਕਟਰ ਦੁਕਾਨ ਵਿਚ ਆ ਗਿਆ। ਡਾਇਰੈਕਟਰ ਨੇ ਫ਼ੀਕੂ ਨੂੰ ਹੌਲੀ-ਹੌਲੀ ਗੁਣ-ਗੁਣਾਉਂਦਿਆਂ ਸੁਣ ਲਿਆ। ਉਸ ਨੂੰ ਲਗਾ ਕਿ ਫ਼ੀਕੂ ਦੀ ਆਵਾਜ਼ ਇਕ ਰੱਬੀ-ਰਹਿਮਤ ਦਾ ਤੋਹਫ਼ਾ ਹੈ। ਉਸ ਨੇ ਫ਼ੀਕੂ ਨੂੰ ਆਪਣੇ ਸਟੂਡੀਓ ਵਿਚ ਆਉਣ ਦਾ ਸੱਦਾ ਦਿੱਤਾ।

ਹਮੀਦ ਰਫ਼ੀ, ਮੁਹੰਮਦ ਰਫ਼ੀ ਦਾ ਵੱਡਾ ਭਰਾ ਸੀ। ਉਸ ਨੇ ਮੁਹੰਮਦ ਰਫ਼ੀ ਨੂੰ



ਸੰਗੀਤ ਦੀ ਦੁਨੀਆ ਵਿਚ ਇਕ ਵੱਡਾ ਨਾਂ ਬਣਾਉਣ ਦਾ ਫ਼ੈਸਲਾ ਕੀਤਾ। ਮੁਹੰਮਦ ਰਫ਼ੀ ਨੇ ਛੋਟੀ ਉਮਰ ਵਿਚ ਹੀ ਮਸ਼ਹੂਰ ਉਸਤਾਦ ਬੜੇ ਗੁਲਾਮ ਅਲੀ ਖਾਂ ਅਤੇ ਵਹੀਦਾ ਖਾਂ ਦੀ ਰਹਿਨੁਮਾਈ ਵਿਚ ਕਲਾਸੀਕਲ ਸੰਗੀਤ ਦੀ ਸਿਖਲਾਈ ਲਈ।

ਰਫ਼ੀ ਨੇ ਹਜ਼ਾਰਾਂ ਹੀ ਸੁਪਰ-ਹਿੱਟ ਗਾਣੇ ਗਾਏ। ਉਸ ਨੇ 20 ਸਾਲ ਦੀ ਉਮਰ ਵਿਚ ਕੰਮ ਕਰਨਾ ਸ਼ੁਰੂ ਕੀਤਾ। ਉਸ ਦਾ ਪਹਿਲਾ ਗਾਣਾ ਪੰਜਾਬੀ ਵਿਚ ਸੀ ‘ਸੋਹਣੀਏ ਹੀਰੀਏ ਤੇਰੀ ਯਾਦ ਨੇ ਬਹੁਤ ਸਤਾਇਆ।’ ਇਹ ਗਾਣਾ ਉਸ ਨੇ ਫਿਲਮ ‘ਗੁਲ ਬਲੋਚ’ ਵਿਚ ਗਾਇਆ ਜੋ 28 ਫਰਵਰੀ 1944 ਨੂੰ ਰਿਲੀਜ਼ ਹੋਈ ਸੀ। ਤਕਰੀਬਨ 1948 ਵਿਚ ਉਸ ਦੀ ਗਾਇਕੀ ਦੀ ਮੰਗ ਬਹੁਤ ਵਧ ਗਈ।

ਜਦੋਂ ਮਹਾਤਮਾ ਗਾਂਧੀ ਜੀ ਨੂੰ ਕਤਲ ਕਰ ਦਿੱਤਾ ਗਿਆ ਤਾਂ ਮੁਹੰਮਦ ਰਫ਼ੀ ਨੇ ਇਹ ਗਾਣਾ ਗਾਇਆ : ‘ਸੁਣੋ ਸੁਣੋ ਐ ਦੁਨੀਆ ਵਾਲੋ, ਬਾਪੂ ਕੀ ਯਿਹ ਅਮਰ ਕਹਾਨੀ’। ਇਹ ਗਾਣਾ ਰਾਜਿੰਦਰ ਕ੍ਰਿਸ਼ਨ ਨੇ ਲਿਖਿਆ ਸੀ। ਇਸ ਨੂੰ ਹੁਸਨ ਲਾਲ ਭਗਤ ਰਾਮ ਨੇ ਸੁਰ-ਬੱਧ ਕੀਤਾ ਸੀ। ਇਹ ਗੀਤ ਬੇਹੱਦ ਮਕਬੂਲ ਹੋਇਆ।

## ਧੁੰਦਲੀਆਂ ਪੈ ਰਹੀਆਂ ਯਾਦਾਂ

ਜਾਪਦਾ ਹੈ ਕਿ ਮਸ਼ਹੂਰ ਗਾਇਕ ਰਫ਼ੀ ਦੇ ਪਿੰਡ ਵਿਚ ਉਸ ਦੀਆਂ ਯਾਦਾਂ ਧੁੰਦਲੀਆਂ ਪੈ ਰਹੀਆਂ ਹਨ ਕਿਉਂਕਿ ਪਿੰਡ ਵਿਚ ਮੁਹੰਮਦ ਰਫ਼ੀ ਦੀ ਕੋਈ ਵੀ ਚੀਜ਼ ਸੰਭਾਲ ਕੇ ਨਹੀਂ ਰੱਖੀ ਗਈ। ਉਸ ਦਾ ਜੱਦੀ ਘਰ ਵੀ ਕਿਸੇ ਨੇ ਨਹੀਂ ਸਾਂਭਿਆ।

ਇਕ ਕਿਸਾਨ ਨੇ ਆਪਣਾ ਘਰ ਬਣਾਉਣ ਲਈ ਰਫ਼ੀ ਦਾ ਕੱਚਾ ਘਰ ਢਾਹ ਦਿੱਤਾ। ਇਕ ਯਾਦਗਾਰੀ ਸੰਸਥਾ ਨੇ ਰਫ਼ੀ ਦੀ ਯਾਦ ਵਿਚ ਇਕ ਕਮਰੇ ਵਾਲੀ ਯਾਦਗਾਰ ਬਣਾਈ ਸੀ। ਉਹ ਯਾਦਗਾਰ ਵੀ ਹੁਣ ਪਸ਼ੂਆਂ ਦਾ ਢਾਰਾ ਬਣ ਗਈ ਹੈ। ਰਫ਼ੀ ਦੇ ਪ੍ਰਸੰਸਕ ਆਮ ਤੌਰ ’ਤੇ ਪਿੰਡ ਵਿਚ ਆਉਂਦੇ ਰਹਿੰਦੇ ਹਨ। ਸਰਹੱਦੋਂ ਪਾਰ ਤੋਂ ਵੀ ਕਈ ਲੋਕ ਆਉਂਦੇ ਹਨ। ਉਹ ਉਸ ਜਗ੍ਹਾ ਨੂੰ ਨਮਸਕਾਰ ਕਰਦੇ ਹਨ ਜਿੱਥੇ ਰਫ਼ੀ ਦਾ ਘਰ ਹੁੰਦਾ ਸੀ। ਕਈ ਪ੍ਰਸੰਸਕ ਨਿਸ਼ਾਨੀ ਵਜੋਂ ਉਸ ਦੇ ਘਰ ਵਾਲੀ ਥਾਂ ਦੀ ਮਿੱਟੀ ਆਪਣੇ ਨਾਲ ਲੈ ਜਾਂਦੇ ਹਨ। ਰਫ਼ੀ ਦੇ ਪ੍ਰੇਮੀਆ ਨੂੰ ਇਹ ਵੇਖ ਕੇ ਵੱਡਾ ਝਟਕਾ ਲਗਦਾ ਹੈ ਕਿ ਰਫ਼ੀ ਦਾ ਪੁਰਾਣਾ ਘਰ ਵੀ ਹੁਣ ਨਹੀਂ ਰਿਹਾ।

ਕੋਟਲਾ ਸੁਲਤਾਨ ਸਿੰਘ ਅੰਮ੍ਰਿਤਸਰ ਤੋਂ 25 ਕਿਲੋਮੀਟਰ ਦੂਰ ਹੈ ਅਤੇ ਮਜੀਠੇ ਦੇ ਪੁਲੀਸ ਜ਼ਿਲ੍ਹੇ ਵਿਚ ਪੈਂਦਾ ਹੈ। ਸ਼ਹਿਰ ਤੋਂ ਪਿੰਡ ਦੇ ਰਾਹ ਵਿਚ ਕੋਈ ਅਜਿਹੀ ਚੀਜ਼ ਨਜ਼ਰ ਨਹੀਂ ਆਉਂਦੀ, ਜਿਸ ਤੋਂ ਪਤਾ ਲੱਗੇ ਕਿ ਇਹ ਰਫ਼ੀ ਦੇ ਪਿੰਡ ਨੂੰ ਜਾਂਦਾ ਰਾਹ ਹੈ। ਕੇਵਲ ਪਿੰਡ ਦੇ ਨੇੜੇ ਜਾ ਕੇ ਇਕ ਬੋਰਡ ਦਿਖਾਈ ਦਿੰਦਾ ਹੈ ਜਿਸ ’ਤੇ ‘ਮੁਹੰਮਦ ਰਫ਼ੀ ਮਾਰਗ’ ਲਿਖਿਆ ਹੋਇਆ ਹੈ। ਇਹ ਬੋਰਡ ਵੀ ਬੜੀ ਕੋਸ਼ਿਸ਼ ਨਾਲ ਲੁਆਇਆ ਗਿਆ ਸੀ।

ਜਦੋਂ ਕੋਈ ਪ੍ਰਸੰਸਕ ਪਿੰਡ ਵਿਚ ਆ ਕੇ ਰਫ਼ੀ ਦੇ ਘਰ ਬਾਰੇ ਪੁੱਛਦਾ ਹੈ ਤਾਂ ਪਿੰਡ ਵਾਲਿਆਂ ਦੇ ਮੂੰਹ ਲਟਕ ਜਾਂਦੇ ਹਨ, ਕੀ ਦੱਸਣ? ਇਸ ਸਾਰੀ ਨਿਰਾਸ਼ਾ-ਜਨਕ ਹਾਲਤ ਦੇ ਬਾਵਜੂਦ, ਅਨੀਤਾ ਦੇਵਗਨ ਅਤੇ ਉਸ ਦੇ ਐਕਟਰ ਪਤੀ

ਹਰਦੀਪ ਗਿੱਲ ਨੇ, ਜੋ ਆਪ ਵੀ ਇਸ ਪਿੰਡ ਦੇ ਹੀ ਹਨ, ਪਿੰਡ ਵਿਚ ਮੁਹੰਮਦ ਰਫ਼ੀ ਦੀ ਯਾਦ ਵਿਚ ਇਕ ਮੇਲਾ ਲਾਉਣ ਦੀ ਸ਼ੁਰੂਆਤ ਕੀਤੀ ਸੀ। ਅਨੀਤਾ ਰਫ਼ੀ ਦੇ ਜੀਵਨ 'ਤੇ ਇਕ ਦਸਤਾਵੇਜ਼ੀ ਫਿਲਮ ਵੀ ਬਣਾ ਰਹੀ ਹੈ।

## ਪੱਕੀ ਦੋਸਤੀ

ਬੜੀ ਦਿਲਚਸਪ ਗੱਲ ਹੈ ਕਿ ਮੁਹੰਮਦ ਰਫ਼ੀ ਜਦੋਂ ਛੋਟਾ ਹੁੰਦਾ ਸੀ ਉਦੋਂ ਉਸ ਨੇ ਆਪਣੇ ਪਿੰਡ ਦੇ ਇਕ ਅੰਬ ਦੇ ਰੁੱਖ ਦੇ ਤਣੇ ਉਤੇ ਆਪਣਾ ਨਾਂ ਖੁਣਿਆ ਸੀ। ਜਦੋਂ 1935-36 ਵਿਚ ਉਨ੍ਹਾਂ ਦਾ ਸਾਰਾ ਟੱਬਰ ਲਾਹੌਰ ਚਲਾ ਗਿਆ; ਤਾਂ ਰਫ਼ੀ ਨੇ ਆਪਣੇ ਪਿੰਡ-ਵਾਸੀਆਂ ਨੂੰ ਕਿਹਾ, ਇਸ ਅੰਬ ਨੂੰ ਕੱਟਿਓ ਨਾ, ਤਾਂ ਜੋ ਇਹ ਰੁੱਖ ਤੁਹਾਨੂੰ ਮੇਰੀ ਯਾਦ ਦੁਆਉਂਦਾ ਰਹੇ।

ਦੁੱਖ ਦੀ ਗੱਲ ਹੈ ਕਿ ਉਹ ਦਰੱਖਤ ਕੱਟ ਦਿੱਤਾ ਗਿਆ। ਉਸ ਦਾ ਬੜਾ ਕਰੀਬੀ ਦੋਸਤ ਲੁੱਡਨ (ਜਿਸ ਨੂੰ ਹੁਣ ਕੁੰਦਨ ਸਿੰਘ ਸਮਰਾ ਕਹਿੰਦੇ ਹਨ) ਜੋ ਉਸ ਨਾਲ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਚੌਥੀ ਤਕ ਪੜ੍ਹਿਆ, ਉਹ ਦਸਦਾ ਹੈ ਕਿ ਰਫ਼ੀ ਦੀਆਂ ਯਾਦਾਂ ਅੱਜ ਵੀ ਮੇਰੇ ਦਿਮਾਗ਼ ਵਿਚ ਹੂ-ਬ-ਹੂ ਤਾਜ਼ਾ ਹਨ। 'ਮੈਂ ਇਕੱਠਿਆਂ ਬਿਤਾਏ ਉਨ੍ਹਾਂ ਦਿਨਾਂ ਨੂੰ ਕਿਵੇਂ ਭੁੱਲ ਸਕਦਾ ਹਾਂ। ਮੈਨੂੰ ਅਜੇ ਵੀ ਯਾਦ ਹੈ ਕਿ ਉਹ ਛੋਟਾ ਹੁੰਦਿਆਂ ਵੀ ਕਿੰਨਾ ਸੋਹਣਾ ਤੇ ਸੁਰ 'ਚ ਗਾਉਂਦਾ ਸੀ।' ਉਹ ਕਹਿੰਦਾ ਹੈ ਕਿ ਰਫ਼ੀ ਦਾ ਘਰ ਉਨ੍ਹਾਂ ਦੇ ਘਰ ਦੇ ਨਾਲ ਲਗਦਾ ਸੀ ਅਤੇ ਦੋਹਾਂ ਪਰਿਵਾਰਾਂ ਦਾ ਗੂੜ੍ਹਾ ਰਿਸ਼ਤਾ ਸੀ। ਰਫ਼ੀ ਦਾ ਪਰਿਵਾਰ ਆਰਥਿਕ ਤੌਰ 'ਤੇ ਬਹੁਤਾ ਚੰਗਾ ਨਹੀਂ ਸੀ। ਉਸ ਦੇ ਬਾਪ ਨੇ ਲਾਹੌਰ ਵਿਚ ਕੋਈ ਕਾਰੋਬਾਰ ਸ਼ੁਰੂ ਕਰ ਲਿਆ ਤੇ ਸਾਰੇ ਟੱਬਰ ਨੂੰ ਆਪਣੇ ਕੋਲ ਉੱਥੇ ਲੈ ਗਿਆ।

ਪਿੰਡੋਂ ਜਾਣ ਤੋਂ ਬਾਅਦ ਰਫ਼ੀ ਦਾ ਪਰਿਵਾਰ ਸਿਰਫ਼ ਇਕ ਵਾਰੀ 1945 ਵਿਚ ਰਫ਼ੀ ਦੇ ਵਿਆਹ 'ਤੇ ਪਿੰਡ ਆਇਆ ਸੀ। ਰਫ਼ੀ ਦਾ ਵਿਆਹ ਉਸ ਦੇ ਤਾਏ ਦੀ ਧੀ ਬਸ਼ੀਰਾਂ ਨਾਲ ਹੋਇਆ ਸੀ। ਬਸ਼ੀਰਾਂ ਜਦੋਂ ਨਿੱਕੀ ਸੀ ਤਾਂ ਸਾਰੇ ਉਸ ਨੂੰ 'ਮਾਝੀ' ਕਹਿੰਦੇ ਸਨ।

ਉਪ ਮਹਾਂਦੀਪ ਦੇ ਸੰਗੀਤ ਪ੍ਰੇਮੀਆਂ ਦੇ ਸਾਹਮਣੇ ਜੋ ਦੋਹਾਂ ਦੇਸ਼ਾਂ ਅਤੇ ਭਾਈਚਾਰਿਆਂ ਦੀਆਂ ਸਾਂਝੀਆਂ ਜੜ੍ਹਾਂ ਨੂੰ ਹਰਾ ਰੱਖਣਾ ਚਾਹੁੰਦੇ ਹਨ, ਹੁਣ ਇਹ ਕੰਮ ਹੈ ਕਿ ਕੋਟਲਾ ਸੁਲਤਾਨ ਸਿੰਘ ਵਿਚ ਮੁਹੰਮਦ ਰਫ਼ੀ ਦੀ ਯਾਦਗਾਰ ਬਣਾਈ ਜਾਵੇ।

ਸ੍ਰੀ ਸਮਰਾ ਕਹਿੰਦੇ ਹਨ ਕਿ ਉਹ 1954 ਵਿਚ ਮੁਹੰਮਦ ਰਫ਼ੀ ਨੂੰ ਮਿਲੇ ਸਨ ਜਦੋਂ ਉਹ ਅਟਾਰੀ ਆਇਆ ਸੀ। 'ਉਹ ਸਾਨੂੰ ਆਪਣੀ ਕਾਰ ਵਿਚ ਬਿਠਾ ਕੇ ਆਪਣਾ ਪ੍ਰੋਗਰਾਮ ਦਿਖਾਉਣ ਲਈ ਅਟਾਰੀ ਲੈ ਗਿਆ ਸੀ। ਆਪਣੇ ਪ੍ਰੋਗਰਾਮ ਦੇ ਦੌਰਾਨ ਉਹ ਸਾਰੀ ਰਾਤ ਵਾਰ ਵਾਰ ਕਹਿੰਦਾ ਰਿਹਾ ਕਿ ਮੇਰਾ ਪਿੰਡ ਕੋਟਲਾ ਸੁਲਤਾਨ ਸਿੰਘ ਹੈ। 1956 ਵਿਚ ਰਫ਼ੀ ਇਕ ਪ੍ਰੋਗਰਾਮ 'ਤੇ ਅੰਮ੍ਰਿਤਸਰ ਆਇਆ। ਪਿੰਡ ਦੇ ਕੁਝ ਬੰਦੇ ਉੱਥੇ ਜਾ ਕੇ ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾ ਉਸ ਨੂੰ ਮਿਲੇ। ਉਹ ਉਨ੍ਹਾਂ ਨੂੰ



ਬੜੇ ਮੋਹ ਨਾਲ ਮਿਲਿਆ। ਜਦੋਂ ਕਦੀ ਸਾਡੇ ਪਿੰਡ ਦਾ ਕੋਈ ਬੰਦਾ ਮੁੰਬਈ ਜਾਂਦਾ ਤਾਂ ਰਫ਼ੀ ਉਸ ਦੀ ਜਿੰਨੀ ਹੋ ਸਕੇ, ਜ਼ਰੂਰ ਕਰਦਾ।'

ਰਫ਼ੀ ਦੇ ਬਚਪਨ ਦੇ ਦੋਸਤ ਪੁਰਾਣੀਆਂ ਯਾਦਾਂ ਨੂੰ ਚੇਤੇ ਕਰ ਕੇ ਦਸਦੇ ਹਨ ਕਿ ਉਹ ਸ਼ਾਮ ਨੂੰ ਬੜੀ ਦੇਰ ਨਾਲ ਘਰ ਪਰਤਦੇ ਸਨ। ਫ਼ੀਕੂ ਦਾ ਤਾਇਆ ਦੀਨ ਮਹੁੰਮਦ, ਰਫ਼ੀ ਦੀ 'ਅਵਾਰਾਗਰਦੀ' ਕਾਰਨ ਉਸ ਦੀ ਚੰਗੀ ਕੁਟਾਈ ਕਰਦਾ। ਰਫ਼ੀ ਦੇ ਬਚਪਨ ਦੇ ਦੋਸਤ ਗੁਰਬਖ਼ਸ਼ ਸਿੰਘ ਗਿੱਲ (ਉਮਰ 85 ਸਾਲ) ਨੇ ਦੱਸਿਆ ਕਿ ਫ਼ੀਕੂ ਬੜਾ ਮਨ-ਮੌਜੀ ਬੰਦਾ ਸੀ। ਉਹ ਪਿੰਡ ਦੀਆਂ ਗਲੀਆਂ ਵਿਚ ਫਿਰਦਾ ਰਹਿੰਦਾ ਸੀ।

ਰਫ਼ੀ ਦੇ ਇਕ ਪੁਰਾਣੇ ਦੋਸਤ ਨੇ ਦੱਸਿਆ, 'ਦੇਸ਼-ਵੰਡ ਤੋਂ ਪਹਿਲਾਂ ਪਿੰਡ ਦੀ ਅੱਧੀ ਆਬਾਦੀ ਮੁਸਲਮਾਨਾਂ ਦੀ ਸੀ। ਪਿੰਡ ਦੇ ਸਾਰੇ ਲੋਕ ਇਕਮਿਕ ਸਨ। ਸਾਰੇ ਇਕ ਦੂਜੇ ਦੇ ਦੁੱਖ ਸੁੱਖ ਵਿਚ ਸ਼ਾਮਲ ਹੁੰਦੇ ਸਨ। ਇਕ ਦੂਜੇ ਦੇ ਧਾਰਮਕ ਤਿਉਹਾਰ ਵੀ ਮਿਲ-ਜੁਲ ਕੇ ਮਨਾਏ ਜਾਂਦੇ ਸਨ।'

ਪਰ ਮੁਹੰਮਦ ਰਫ਼ੀ ਆਪਣੇ ਵਿਆਹ ਤੋਂ ਬਾਅਦ ਕਦੀ ਆਪਣੇ ਜਨਮ-ਪਿੰਡ ਵਿਚ ਨਹੀਂ ਆਇਆ। ਖ਼ਿਆਲ ਕੀਤਾ ਜਾਂਦਾ ਹੈ ਕਿ ਸ਼ਾਇਦ ਦੇਸ਼ ਦੀ ਵੰਡ ਸਮੇਂ ਪਿੰਡ ਵਿਚ ਫੈਲੇ ਫਿਰਕੂ ਜਨੂੰਨ ਨੇ ਉਸ ਦਾ ਦਿਲ ਖੱਟਾ ਕਰ ਦਿੱਤਾ ਸੀ।

## ਲਾਲੀਵੁੱਡ ਦਾ ਗਾਇਕ

ਪਾਕਿਸਤਾਨ ਦੀ ਫਿਲਮੀ ਸਨਅਤ ਦੀ ਰਾਜਧਾਨੀ ਲਾਹੌਰ ਹੈ। ਇਸ ਨੂੰ ਲਾਲੀਵੁੱਡ ਕਹਿੰਦੇ ਹਨ। ਮੁਹੰਮਦ ਰਫ਼ੀ ਦਾ ਗਾਇਕੀ ਵਿਕਾਸ ਇਸ ਸ਼ਹਿਰ ਵਿਚ ਹੋਇਆ।

ਪਾਕਿਸਤਾਨ ਬਣਨ ਤੋਂ ਪਹਿਲਾਂ, ਲਾਹੌਰ ਫਿਲਮੀ ਸਨਅਤ ਦਾ ਮੁੱਖ ਕੇਂਦਰ ਸੀ। ਬਹੁਤ ਚਿਰ ਪਹਿਲਾਂ 1920 ਦੇ ਆਸ-ਪਾਸ ਇੱਥੇ ਮੂਕ ਫਿਲਮਾਂ ਬਣਨੀਆਂ ਸ਼ੁਰੂ ਹੋਈਆਂ। ਲਾਹੌਰ ਦੀ ਫਿਲਮੀ ਸਨਅਤ ਦਾ ਵਿਕਾਸ-ਕਰਤਾ ਸ੍ਰੀ ਡੀ.ਐੱਮ. ਪੰਚੋਲੀ ਸੀ। ਪੰਚੋਲੀ ਦੇ ਸਟੂਡੀਉ ਦਾ ਪ੍ਰਬੰਧਕ ਦੀਵਾਨ ਸਰਦਾਰੀ ਲਾਲ ਸੀ। ਫੇਰ ਉੱਨੀ ਸੌ ਚਾਲੀਵਿਆਂ ਦੇ ਅਖ਼ੀਰ ਵਿਚ ਪੰਚੋਲੀ ਬੰਬਈ (ਅੱਜਕੱਲ੍ਹ ਮੁੰਬਈ) ਚਲਾ ਗਿਆ।

## ਦਿਲਕਸ਼ ਸੰਗੀਤ

ਰਫ਼ੀ ਦੇ ਗਾਣੇ ਅੱਜ ਵੀ ਉੱਨੇ ਹੀ ਹਰਮਨ ਪਿਆਰੇ ਹਨ ਜਿੰਨੇ ਉਹ ਰਫ਼ੀ ਦੇ ਸਮੇਂ ਵਿਚ ਹੁੰਦੇ ਸੀ। ਉਸ ਦੀ ਆਵਾਜ਼ ਵਿਚ ਇੰਨੀ ਲਚਕ ਸੀ ਕਿ ਉਹ ਖ਼ੁਸ਼ੀ ਤੋਂ ਲੈ ਕੇ ਗਮੀ ਤਕ ਹਰ ਮਾਹੌਲ ਵਿਚ ਢਲ ਜਾਂਦੀ ਸੀ। ਰਫ਼ੀ ਦੀ ਖ਼ੂਬਸੂਰਤ ਆਵਾਜ਼ ਸੰਗੀਤ ਪ੍ਰੇਮੀਆਂ ਦੀ ਰੂਹ ਵਿਚ ਅੱਜ ਵੀ ਵਸੀ ਹੋਈ ਹੈ।

ਮੁਹੰਮਦ ਰਫ਼ੀ ਨੇ ਕਈ ਸੰਗੀਤ ਡਾਇਰੈਕਟਰਾਂ ਨਾਲ ਕੰਮ ਕੀਤਾ, ਪਰ ਇਕ ਡਾਇਰੈਕਟਰ ਜਿਸ ਨੂੰ ਰਫ਼ੀ ਦੀ ਪ੍ਰਤਿਭਾ ਦੀ ਪੂਰੀ ਪਛਾਣ ਸੀ ਅਤੇ ਜਿਸ ਨੇ ਰਫ਼ੀ ਦੀ ਆਵਾਜ਼ ਦਾ ਸਭ ਤੋਂ ਵਧ ਲਾਭ ਉਠਾਇਆ, ਉਹ ਨੌਸ਼ਾਦ ਸੀ। ਉਸ ਨੇ

ਨੌਸ਼ਾਦ ਲਈ ਪਹਿਲਾ ਗਾਣਾ ਗਾਇਆ : 'ਹਿੰਦੁਸਤਾਨ ਕੇ ਹਮ ਹੈਂ ਹਿੰਦੁਸਤਾਨ ਹੈ ਹਮਾਰਾ।' ਇਹ ਫਿਲਮ 'ਪਹਿਲੇ ਆਪ' ਦਾ ਗਾਣਾ ਸੀ। ਇਸ ਜੋੜੀ ਨੇ ਬੈਜੂ ਬਾਵਰਾ ਅਤੇ ਮੇਰੇ ਮਹਿਬੂਬ ਵਰਗੀਆਂ ਕਾਮਯਾਬ ਫਿਲਮਾਂ ਬਣਾਈਆਂ। ਰਫ਼ੀ ਦਾ ਦੂਜਾ ਸਫਲ ਜੋੜੀਦਾਰ ਐੱਸ.ਡੀ.ਬਰਮਨ ਸੀ। ਕਾਗਜ਼ ਕੇ ਫੂਲ, ਗਾਈਡ, ਤੇਰੇ ਘਰ ਕੇ ਸਾਮਨੇ ਅਤੇ ਪਿਆਸਾ, ਉਨ੍ਹਾਂ ਦੀਆਂ ਕੁਝ ਸਫ਼ਲ ਫਿਲਮਾਂ ਹਨ।

ਮੁਹੰਮਦ ਰਫ਼ੀ ਨੇ ਕੁਝ ਗਾਣੇ ਸ਼ਰਾਬੀ ਹੀਰੋਆਂ ਦੀ ਆਵਾਜ਼ ਵਿਚ ਬਿਨਾਂ ਸ਼ਰਾਬ ਪੀਤੇ ਗਾਏ; ਜਿਵੇਂ ਗਾਈਡ (1965) ਵਿਚ 'ਦਿਨ ਢਲ ਜਾਏ' ਅਤੇ ਕਾਜਲ (1965) ਵਿਚ 'ਛੂਹ ਲੇਨੇ ਦੋ ਨਾਜ਼ਕ ਹੋਂਠੋਂ ਕੋ'।

ਉਹ ਆਪਣੇ ਪਿੱਛੇ ਗੀਤਾਂ ਦੀ ਇਕ ਅਮੀਰ ਵਿਰਾਸਤ ਛੱਡ ਗਿਆ ਹੈ। ਉਹ ਭਾਰਤੀ ਸਿਨਮੇ ਦਾ ਸੁਨਹਿਰੀ ਯੁੱਗ ਸੀ, ਜਦੋਂ ਮੁਹੰਮਦ ਰਫ਼ੀ ਨੇ ਕਈ ਜ਼ਬਾਨਾਂ ਵਿਚ 40000 ਗਾਣੇ ਰਿਕਾਰਡ ਕਰਾਏ।

ਉਸ ਦੇ ਪੰਜਾਬ-ਪਿਆਰ ਅਤੇ ਪੰਜਾਬੀ ਫਿਲਮਾਂ ਵਿਚ ਪਾਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਉਸ ਨੇ ਆਪਣੇ ਗਾਣਿਆਂ ਨਾਲ ਆਪਣੇ ਲੱਖਾਂ ਪ੍ਰਸ਼ੰਸਕਾਂ ਦੇ ਚਿਹਰਿਆਂ ਉਤੇ ਖ਼ੁਸ਼ੀ ਤੇ ਮੁਸਕਾਨ ਲਿਆਂਦੀ। 'ਮੈਂ ਜ਼ਿੰਦਗੀ ਕਾ ਸਾਥ ਨਿਭਾਤਾ ਚਲਾ ਗਿਆ' ਵਰਗੇ ਗਾਣਿਆਂ ਨਾਲ ਉਸ ਨੇ ਉਨ੍ਹਾਂ ਲੋਕਾਂ ਨੂੰ ਜਿਊਣ ਲਈ ਪ੍ਰੇਰਿਤ ਕੀਤਾ, ਜਿਨ੍ਹਾਂ ਦਾ ਰੱਬ ਅਤੇ ਜੀਵਨ ਤੋਂ ਵਿਸ਼ਵਾਸ ਉੱਠ ਗਿਆ ਸੀ।

31 ਜੁਲਾਈ 1980 ਨੂੰ ਵਾਪਰੇ ਦਿਲ ਦੇ ਇਕ ਗੰਭੀਰ ਦੌਰੇ ਨੇ ਇਸ ਲਾਸਾਨੀ ਗਾਇਕ ਦੀ ਲਹਿਰਾਉਂਦੀ ਆਵਾਜ਼ ਨੂੰ ਸਦਾ ਲਈ ਚੁੱਪ ਕਰਾ ਦਿੱਤਾ। ਫਿਰ ਵੀ ਉਸ ਦੀ ਅਮਰ ਆਵਾਜ਼ ਇਸ ਧਰਤੀ ਤੋਂ ਕਦੀ ਗੁੰਮ ਨਹੀਂ ਹੋਵੇਗੀ।

ਮਰਹੂਮ ਫੋਟੋ-ਪੱਤਰਕਾਰ ਜਸਪਾਲ ਸਿੰਘ ਰਾਣਾ, ਮੁਹੰਮਦ ਰਫ਼ੀ ਦਾ ਬੇਹੱਦ ਪ੍ਰਸ਼ੰਸਕ ਸੀ। ਉਸ ਨੇ ਰਫ਼ੀ ਦੀ ਯਾਦ ਵਿਚ ਰਫ਼ੀ ਮੈਮੋਰੀਅਲ ਸੁਸਾਇਟੀ ਬਣਾਈ ਸੀ। ਇਹ ਸੁਸਾਇਟੀ ਹਰ ਸਾਲ ਰਫ਼ੀ ਦੀ ਯਾਦ ਵਿਚ ਅੰਮ੍ਰਿਤਸਰ ਵਿਚ ਇਕ ਸੰਗੀਤ ਸਮਾਰੋਹ ਕਰਾਉਂਦੀ ਹੈ।

****



## ਗ਼ਰੀਬ ਕਲਾਕਾਰ ਦੀ ਅਮੀਰ ਕਲਾ

ਇਕ ਆਦਰਯੋਗ ਸਿੱਖ ਨੱਕਾਸ਼ ਨੂੰ ਯਾਦ ਕਰੋ, ਜਿਸ ਨੇ ਦੇਸੀ ਢੰਗ ਨਾਲ ਤਿਆਰ ਕੀਤੇ ਰੰਗਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਗੁੰਬਦ ਅਤੇ ਦੀਵਾਰਾਂ ਉਤੇ ਕੰਧ-ਚਿਤਰ ਬਣਾਏ। ਤੀਹ ਸਾਲਾਂ ਤੋਂ ਵੀ ਵੱਧ ਸਮੇਂ ਤਕ ਇਹ ਸੇਵਾ ਨਿਭਾ ਕੇ ਉਹ ਗ਼ਰੀਬੀ ਦੀ ਹਾਲਤ ਵਿਚ 1953 ਵਿਚ 70 ਸਾਲ ਉਮਰ ਭੋਗ ਕੇ ਸਵਰਗ ਸਿਧਾਰ ਗਏ। ਉਸ ਸਮੇਂ ਉਹ ਉਸੇ ਬੁਰਸ਼ ਨਾਲ ਮਿੱਟੀ ਦੇ ਖਿਡੌਣਿਆਂ ਨੂੰ ਰੰਗ ਕਰ ਕੇ ਵੇਚਿਆ ਕਰਦੇ ਸਨ।

ਇਸ ਅਣਗੌਲੇ ਕਲਾਕਾਰ ਦਾ ਨਾਂ ਗਿਆਨ ਸਿੰਘ ਸੀ ਜੋ ਆਪਣੇ ਜ਼ਮਾਨੇ ਦੇ ਪ੍ਰਸਿੱਧ ਨੱਕਾਸ਼ ਸਨ। ਉਹ ਮੁਹਰਾਕਸ਼ੀ ਦੇ ਮਾਹਿਰ ਕਲਾਕਾਰ ਸਨ। ਇਸ ਕਲਾ ਅਨੁਸਾਰ ਗਿੱਲੇ ਪਲਾਸਟਰ ਉਤੇ ਇਕ ਡਿਜ਼ਾਈਨ ਦੀ ਨਕਲ ਉਤਾਰ ਕੇ, ਪਲਾਸਟਰ ਦੇ ਸੁੱਕਣ ਤੋਂ ਪਹਿਲਾਂ ਪਹਿਲਾਂ ਉਸ ਵਿਚ ਰੰਗ ਭਰੇ ਜਾਂਦੇ ਹਨ। ਸ਼ੁਰੂ 'ਚ ਕਿਸੇ ਵੀ ਸਿੱਖ ਸੰਸਥਾਂ ਨੇ ਜਿਊਂਦੇ-ਜੀ ਇਸ ਨਾਮਵਰ ਕਲਾਕਾਰ ਦੀ ਕੋਈ ਮਦਦ ਨਹੀਂ ਕੀਤੀ। ਆਖਰ 1949 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗਿਆਨ ਸਿੰਘ ਨੱਕਾਸ਼ ਨੂੰ ਸਨਮਾਨਿਤ ਜ਼ਰੂਰ ਕੀਤਾ ਪਰ ਮੌਤ ਦੇ ਦਿਨ ਤਕ ਕਿਸੇ ਵੀ ਪਾਸਿਉਂ ਉਸ ਨੂੰ ਕੋਈ ਆਰਥਿਕ ਸਹਾਇਤਾ ਨਹੀਂ ਮਿਲੀ।

ਗਿਆਨ ਸਿੰਘ ਨੱਕਾਸ਼ ਨੂੰ ਸਿੱਖ ਕਲਾ ਵਿਚ ਮੌਲਿਕਤਾ ਲਿਆਉਣ ਲਈ ਯਾਦ ਕੀਤਾ ਜਾਂਦਾ ਹੈ। ਉਸ ਨੇ ਮੁਹਰਾਕਸ਼ੀ ਵਿਚ ਦਹਿਨ ਵਰਗੇ ਕਈ ਨਵੇਂ ਪ੍ਰਯੋਗ ਕੀਤੇ। ਦਹਿਨ ਨੂੰ ਮੁਹਰਾਕਸ਼ੀ ਦੀ ਇਕ ਦਿਲਕਸ਼ ਵੰਨਗੀ ਮੰਨਿਆ ਜਾਂਦਾ ਹੈ। ਗਿਆਨ ਸਿੰਘ ਨੇ ਸ਼੍ਰੀ ਹਰਿਮੰਦਰ ਸਾਹਿਬ ਵਿਚ ਹਰਿ ਕੀ ਪਉੜੀ ਦੇ ਉਪਰਲੇ ਪਾਸੇ ਦਹਿਨ ਦੀ ਵਰਤੋਂ ਕੀਤੀ ਹੈ। ਇਹ ਉਸਤਾਦ ਕਲਾਕਾਰ ਦੀ ਲਾਜਵਾਬ ਕਲਾਕਾਰੀ ਦਾ ਪ੍ਰਤੱਖ ਨਮੂਨਾ ਹੈ।

ਜਿੱਥੇ ਕੁਝ ਸਿੱਖ ਸੰਸਥਾਵਾਂ ਕਾਰ ਸੇਵਾ ਦੇ ਨਾਂ 'ਤੇ ਬਹੁਮੁੱਲੇ ਸਿੱਖ ਵਿਰਸੇ ਨੂੰ ਬਰਬਾਦ ਕਰਨ ਲਈ ਦੋਸ਼ੀ ਹਨ, ਉਥੇ ਸਿੱਖ ਕਲਾ ਦਾ ਵਿਕਾਸ ਕਰਨ ਵਿਚ ਗਿਆਨ ਸਿੰਘ ਨੱਕਾਸ਼ ਦੇ ਪਰਿਵਾਰ ਦੀ ਬਹੁਤ ਵੱਡੀ ਸੇਵਾ ਹੈ। ਉਸ ਦੇ ਪੁੱਤਰ ਜੀ.ਐੱਸ. ਸੋਹਣ ਸਿੰਘ, ਪੋਤਰੇ ਸਤਪਾਲ ਸਿੰਘ ਦਾਨਿਸ਼ ਅਤੇ ਸੁਰਿੰਦਰ ਸਿੰਘ ਅਤੇ ਪੜਪੋਤੇ ਹਰਦੀਪ ਸਿੰਘ ਨੇ ਸਿੱਖ ਕਲਾ ਦੇ ਖੇਤਰ ਵਿਚ ਬਹੁਤ ਕੰਮ ਕੀਤਾ ਹੈ। ਸ਼ਾਇਦ ਹੀ ਹੋਰ ਕੋਈ ਪਰਿਵਾਰ ਅਜਿਹਾ ਹੋਵੇ ਜਿਸ ਨੇ ਪੰਜ ਪੀੜ੍ਹੀਆਂ ਤਕ ਸਿੱਖ ਕਲਾ ਨੂੰ ਪ੍ਰਫੁਲਿਤ ਕਰਨ ਵਿਚ ਐਨਾ ਯੋਗਦਾਨ ਪਾਇਆ ਹੋਵੇ। ਸਿੱਖ ਆਰਟ ਦਾ ਵਿਕਾਸ ਕਰਨ ਵਿਚ ਅਜੇ ਵੀ ਨੱਕਾਸ਼ ਪਰਿਵਾਰ ਪੂਰੀ ਤਰ੍ਹਾਂ ਸਰਗਰਮ ਹੈ, ਭਾਵੇਂ ਸਿੱਖ ਸੰਸਥਾਵਾਂ ਨੇ ਉਨ੍ਹਾਂ ਦੀ ਸੇਵਾ ਦਾ ਪੂਰਾ ਮੁੱਲ ਨਹੀਂ ਪਾਇਆ।

ਗਿਆਨ ਸਿੰਘ ਨੱਕਾਸ਼ ਦਾ ਸਯੋਗ ਪੜਪੋਤਾ ਹਰਦੀਪ ਸਿੰਘ ਅੱਜਕੱਲ੍ਹ ਆਪਣੇ ਪਿਤਾ, ਦਾਦਾ ਅਤੇ ਪੜਦਾਦਾ ਦੀਆਂ ਅਮੁੱਲ ਕਲਾ ਕ੍ਰਿਤਾਂ ਨੂੰ ਡਿਜ਼ਿਟਲ ਰੂਪ ਵਿਚ ਸੰਭਾਲਣ ਵਿਚ ਰੁੱਝਾ ਹੋਇਆ ਹੈ। ਉਸ ਨੇ ਇਕ ਵੈੱਬਸਾਈਟ ਵੀ ਬਣਾਈ ਹੈ, ਜਿਸ ਵਿਚ ਉਸ ਨੇ ਕਲਾ ਦੇ ਖੇਤਰ ਵਿਚ ਆਪਣੇ ਪਰਿਵਾਰ ਦੇ ਯੋਗਦਾਨ ਨੂੰ ਲੜੀ-ਬੱਧ ਕੀਤਾ ਹੈ। ਗਿਆਨ ਸਿੰਘ ਨੇ ਗੱਚ, ਜੜਤਕਾਰੀ ਅਤੇ ਟੁਕੜੀ ਦੇ ਕੰਮ ਉਤੇ ਹੱਥ ਅਜ਼ਮਾਇਆ। ਮੁਗਲ ਰਾਜ ਸਮੇਂ ਟੁਕੜੀ ਦਾ ਬਹੁਤ ਰਿਵਾਜ ਸੀ। ਟੁਕੜੀ ਕਲਾ ਵਿਚ ਸ਼ੀਸ਼ੇ ਦੇ ਟੁਕੜਿਆਂ, ਸੋਨੇ ਦੇ ਪੱਤਰਿਆਂ ਅਤੇ ਕੀਮਤੀ ਪੱਥਰਾਂ ਨੂੰ ਪਲਾਸਟਰ (ਗੱਚ) ਵਿਚ ਜੜ ਕੇ ਸੁੰਦਰ ਚਿਤਰ ਬਣਾਏ ਜਾਂਦੇ ਹਨ।

ਨੱਕਾਸ਼ ਦੀਆਂ ਬਹੁਤ ਸਾਰੀਆਂ ਕਲਾ-ਕ੍ਰਿਤਾਂ, ਖ਼ੂਬਸੂਰਤ ਚਿਤਰ ਅਤੇ ਕੰਧ-ਚਿਤਰ ਸਮੇਂ ਦੀ ਮਾਰ ਹੇਠ ਆ ਕੇ ਖ਼ਰਾਬ ਹੋ ਗਏ ਹਨ।

ਗਿਆਨ ਸਿੰਘ ਦਾ ਪੁੱਤਰ ਜੀ.ਐੱਸ. ਸੋਹਣ ਸਿੰਘ ਕਲਾ ਦੇ ਖੇਤਰ ਵਿਚ ਆਪਣੀ ਮਿਸਾਲ ਆਪ ਸੀ। ਉਨ੍ਹਾਂ ਦਾ ਜਨਮ ਅਗਸਤ 1914 ਵਿਚ ਹੋਇਆ। ਉਨ੍ਹਾਂ ਨੇ ਸਰਕਾਰੀ ਹਾਈ ਸਕੂਲ ਅੰਮ੍ਰਿਤਸਰ ਤੋਂ ਅੱਠਵੀਂ ਪਾਸ ਕੀਤੀ। ਆਪਣੀ ਕਲਾ ਦੀ ਹਰਮਨ-ਪਿਆਰਤਾ ਤੋਂ ਉਤਸ਼ਾਹਿਤ ਹੋ ਕੇ ਉਹ ਹਰ ਸਾਲ ਤਕਰੀਬਨ ਤਿੰਨ ਨਵੇਂ ਡਿਜ਼ਾਈਨ ਤਿਆਰ ਕਰਦੇ ਸਨ। ਲਾਹੌਰ ਤੋਂ ਉਨ੍ਹਾਂ ਦੇ ਬਲਾਕ ਬਣਵਾ ਕੇ ਛਪਵਾਉਂਦੇ ਸਨ ਅਤੇ ਵਿਕਰੀ ਲਈ ਬਾਜ਼ਾਰ ਵਿਚ ਭੇਜਦੇ ਸਨ। ਉਨ੍ਹਾਂ ਨੂੰ ਕਲਾ ਦੇ ਕੰਮ ਵਿਚ ਉਨ੍ਹਾਂ ਦੇ ਪਿਤਾ ਨੇ ਪਾਇਆ ਅਤੇ ਬਦਲੇ ਵਿਚ ਉਨ੍ਹਾਂ ਨੇ ਆਪਣੇ ਪਿਤਾ ਦੀ ਤਰ੍ਹਾਂ ਸਿੱਖ ਧਰਮ ਦੇ ਇਤਿਹਾਸ ਨੂੰ ਸੁੰਦਰ ਚਿਤਰਾਂ ਵਿਚ ਰੂਪਮਾਨ ਕੀਤਾ। ਸੰਸਾਰ ਦੇ ਵੱਖ-ਵੱਖ ਦੇਸ਼ਾਂ ਵਿਚ ਬਣਾਏ ਗਏ ਸਿੱਖ ਅਜਾਇਬ ਘਰਾਂ ਦੀਆਂ ਦੀਵਾਰਾਂ ਉਤੇ ਨੱਕਾਸ਼ ਪਰਿਵਾਰ ਦੇ ਬਣਾਏ ਚਿਤਰ ਅਵੱਸ਼ ਦਿਖਾਈ ਦਿੰਦੇ ਹਨ। 1931 ਤੋਂ ਲੈ ਕੇ 1946 ਤਕ ਸੋਹਣ ਸਿੰਘ ਆਰਟਿਸਟ ਨੇ ਬਹੁਤ ਸਾਰੇ ਚਿਤਰ ਬਣਾਏ। ਉਹ ਤਸਵੀਰਾਂ ਫਰੇਮ ਕਰਦਾ ਸੀ ਅਤੇ ਸ਼ੀਸ਼ੇ ਦਾ ਸਜਾਵਟੀ ਸਾਮਾਨ ਅਤੇ ਭਾਰਤੀ ਤੇ ਵਿਦੇਸ਼ੀ ਉਤਾਰੇ (ਰੀਪ੍ਰਿੰਟ) ਪਰਚੂਨ ਅਤੇ ਥੋਕ ਦੇ ਭਾਅ ਵੇਚਦਾ ਸੀ।

ਸੋਹਣ ਸਿੰਘ ਨੇ 1932 ਵਿਚ ਪਹਿਲੀ ਵਾਰ ਬੰਦਾ ਸਿੰਘ ਬਹਾਦਰ ਦਾ ਬਹੁਰੰਗਾ ਚਿਤਰ ਬਣਾਇਆ, ਛਪਵਾਇਆ ਅਤੇ ਬਾਜ਼ਾਰ ਵਿਚ ਭੇਜਿਆ। ਉਸ ਤੋਂ ਬਾਅਦ ਉਸ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਉਸ ਨੇ ਲੌਕਿਕ ਅਤੇ ਅਲੌਕਿਕ ਅਨੁਭਵਾਂ ਨੂੰ ਚਿੰਨ੍ਹਾਂ, ਸ਼ਬਦਾਂ ਅਤੇ ਚਿਤਰਾਂ ਰਾਹੀਂ ਗੂੜ੍ਹੇ ਰੰਗਾਂ ਵਿਚ ਪੇਸ਼ ਕਰਨ ਦਾ ਯਤਨ ਕੀਤਾ। ਉਸ ਦੇ ਕੁਝ ਚਿਤਰ ਸੱਚ-ਮੁੱਚ ਹੀ ਕੈਨਵਸ ਉਤੇ ਦਿਲਕਸ਼ ਰੰਗਾਂ ਵਿਚ ਲਿਖੀਆਂ ਨਜ਼ਮਾਂ ਜਾਪਦੇ ਹਨ। ਇਹ ਅਸਚਰਜ ਚਿਤਰ ਕਲਾਕਾਰ ਦੇ ਅਨੁਭਵ ਦੀ ਗਹਿਰਾਈ ਅਤੇ ਉਸ ਦੇ ਕਲਾਤਮਿਕ ਗੁਣਾਂ ਨੂੰ ਪ੍ਰਗਟ ਕਰਦੇ ਹਨ। ਉਸ ਦਾ ਇਹ ਹੁਨਰ ਅੱਗੇ ਉਸ ਦੇ ਪੁੱਤਰਾਂ ਸਤਪਲ ਦਾਨਿਸ਼ ਅਤੇ ਸੁਰਿੰਦਰ ਸਿੰਘ ਵਿਚ ਪ੍ਰਵੇਸ਼ ਕਰ ਗਿਆ ਹੈ ਜੋ ਲਾਈਨ ਬਲਾਕ, ਇਕ ਰੰਗੇ ਤੇ ਤਿੰਨ-ਰੰਗੇ ਹਾਫ਼ਟੋਨ ਬਲਾਕ ਬਣਾਉਣ ਵਿਚ ਅਤੇ ਫੋਟੋਗਰਾਫ਼ੀ ਅਤੇ ਪੇਂਟਿੰਗ ਵਿਚ ਮਾਹਿਰ ਹਨ।



## ਅਜੀਬ ਇਕਰਾਰਨਾਮੇ

ਇਸ ਗੱਲ ਦਾ ਇਤਬਾਰ ਤਾਂ ਨਹੀਂ ਆਉਂਦਾ ਪਰ ਬਦਕਿਸਮਤੀ ਨਾਲ ਹੈ ਇਹ ਸੱਚੀ। ਇਕ ਵਾਰ 1911 ਵਿਚ ਗਿਆਨ ਸਿੰਘ ਨੱਕਾਸ਼ ਨੇ ਆਪਣੇ ਪਿਤਾ ਤਾਬਾ ਸਿੰਘ ਦਾ ਸਸਕਾਰ ਕਰਨ ਲਈ ਅੰਮ੍ਰਿਤਸਰ ਦੇ ਇਕ ਮਸ਼ਹੂਰ ਪ੍ਰਕਾਸ਼ਕ ਤੋਂ 100 ਰੁਪਏ ਉਧਾਰ ਲਏ। ਉਹ ਥੋੜ੍ਹੀ ਬਹੁਤ ਆਮਦਨ ਵਧਾਉਣ ਲਈ ਪ੍ਰਕਾਸ਼ਕ ਕੋਲ ਕੰਮ ਕਰਦਾ ਸੀ। ਪ੍ਰਕਾਸ਼ਕ ਨੇ ਗਿਆਨ ਸਿੰਘ ਤੋਂ ਅਸ਼ਟਾਮ ਪੇਪਰ ’ਤੇ ਇਕ ਇਹੋ ਜਿਹਾ ਇਕਰਾਰਨਾਮਾ ਲਿਖਵਾਇਆ ਜੋ ਕਿਸੇ ਘਟੀਆ ਤੋਂ ਘਟੀਆਂ ਕਰਜ਼-ਸ਼ਾਹ ਲਈ ਵੀ ਸ਼ਰਮ ਦੀ ਗੱਲ ਹੋਵੇਗੀ।

ਇਕਰਾਰਨਾਮੇ ਵਿਚ ਲਿਖਿਆ ਸੀ ‘ਗਿਆਨ ਸਿੰਘ ਨੱਕਾਸ਼ ਦਾ ਪੁੱਤਰ ਜੀ.ਐੱਸ.ਸੋਹਣ ਸਿੰਘ ਹਰ ਸ਼ਾਮ ਪ੍ਰਕਾਸ਼ਕ ਦੇ ਘਰ ਪਾਣੀ ਦੀਆਂ ਦੋ ਗਾਗਰਾਂ ਦੇ ਕੇ ਜਾਇਆ ਕਰੇਗਾ। ਇਸ ਤੋਂ ਇਲਾਵਾ ਜਿੰਨਾ ਚਿਰ ਕਰਜ਼ ਚੁਕਤਾ ਨਹੀਂ ਕੀਤਾ ਜਾਂਦਾ, 25 ਪ੍ਰਤੀਸ਼ਤ ਵਿਆਜ ਵੱਖਰਾ ਲੱਗੇਗਾ। ਇਕ ਸਾਲ ਬਾਅਦ ਗਿਆਨ ਸਿੰਘ ਨੇ ਇਹ ਕਰਜ਼ਾ ਮੋੜ ਦਿੱਤਾ।

ਸੱਤ ਸਾਲਾਂ ਦੇ ਅਰਸੇ ਬਾਅਦ ਨੱਕਾਸ਼ ਨੇ ਇਕ ਵਾਰ ਫੇਰ 75 ਪ੍ਰਤੀਸ਼ਤ ਵਿਆਜ ’ਤੇ 150 ਰੁਪਏ ਉਧਾਰੇ ਲਏ। ਆਪਣੇ ਸਵੈਜੀਵਨੀ-ਲੇਖ ਵਿਚ ਨੱਕਾਸ਼ ਭਰੇ ਹੋਏ ਦਿਲ ਨਾਲ ਲਿਖਦਾ ਹੈ ਕਿ ਇਹ ਕਰਜ਼ਾ ਉਹ ਉਦੋਂ ਹੀ ਮੋੜ ਸਕਿਆ ਜਦੋਂ 1919 ਦੇ ਜੱਲਿਆਂਵਾਲੇ ਬਾਗ ਦੇ ਕਤਲੇਆਮ ਵਿਚ ਮਾਰੇ ਗਏ ਉਸ ਦੇ ਪੁੱਤਰ ਸੁੰਦਰ ਸਿੰਘ ਦੀ ਮੌਤ ਬਦਲੇ ਸਰਕਾਰ ਵੱਲੋਂ ਉਸ ਨੂੰ 3716 ਰੁਪਏ ਮਿਲੇ। ਆਪਣੀ ਮੌਤ ਤਕ ਵਿਚਾਰਾ ਗਿਆਨ ਸਿੰਘ ਕਰਜ਼ੇ ਹੇਠ ਹੀ ਰਿਹਾ ਕਿਉਂਕਿ ਆਪਣੀ ਭੈਣ ਤੇ ਹੋਰ ਰਿਸ਼ਤੇਦਾਰਾਂ ਦੇ ਵਿਆਹਾਂ ਲਈ ਉਸ ਨੂੰ ਹੋਰ ਕਰਜ਼ਾ ਲੈਣਾ ਪੈ ਗਿਆ ਸੀ।

ਇਸ ਸਭ ਕੁੱਝ ਦੇ ਬਾਵਜੂਦ ਗਿਆਨ ਸਿੰਘ ਨੱਕਾਸ਼ ਆਪਣੀ ਜ਼ਿੰਦਗੀ ਵਿਚ ਜੋ ਮਹਾਨ ਚਿਤਰਕਾਰੀ ਕਰ ਗਿਆ, ਉਸ ਨੂੰ ਬਾਅਦ ਵਿਚ ਸਾਰੀ ਦੁਨੀਆ ਨੇ ਸਲਾਹਿਆ। ਸ੍ਰੀ ਹਰਿਮੰਦਰ ਸਾਹਿਬ ਨੂੰ ਵਿਸ਼ਵ ਵਿਰਾਸਤ ਦਾ ਦਰਜਾ ਦੁਆਉਣ ਲਈ ਹਰਿਮੰਦਰ ਸਾਹਿਬ ਬਾਰੇ ਜੋ ਵੇਰਵਾ ਯੂਨੈੱਸਕੋ ਨੂੰ ਭੇਜਿਆ ਗਿਆ ਸੀ, ਉਸ ਵਿਚ ਹਰਿਮੰਦਰ ਸਾਹਿਬ ਦੇ ਅੰਦਰ ਗਿਆਨ ਸਿੰਘ ਵਲੋਂ ਕੀਤੇ ਗਏ ਮੁਹਰਾਕਸ਼ੀ ਦੇ ਮਹਾਨ ਕੰਮ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਸੀ।(ਬਾਅਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਵੇਂ ਆਪਣਾ ਇਹ ਦਾਅਵਾ ਵਾਪਸ ਲੈ ਲਿਆ ਸੀ।)

ਭਾਈ ਗਿਆਨ ਸਿੰਘ ਨੱਕਾਸ਼ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਨੂੰ ਲਿਖੀ ਆਪਣੀ ਇਕ ਚਿੱਠੀ ਵਿਚ ਹਰਿਮੰਦਰ ਸਾਹਿਬ ਦੀ ਖ਼ਰਾਬ ਹੋ ਰਹੀ ਚਿਤਰਕਾਰੀ ਉਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਸੀ ਕਿ ਇਸ ਨੂੰ ਤੁਰੰਤ ਮੁਰੰਮਤ ਕਰਾਉਣ ਦੀ ਲੋੜ ਹੈ।

****

# ਫੂਲਾਂ ਰਾਣੀ : ਜੀਵਨ ਤੇ ਕਲਾ

ਐੱਸ.ਜੀ.ਠਾਕਰ ਸਿੰਘ ਨੇ ਮਾਸਕ ਪੱਤਰ 'ਕਿਰਤੀ' ਦੇ ਮੁੱਖ ਪੰਨੇ ਲਈ ਇਕ ਚਿਤਰ ਬਣਾਇਆ ਜਿਸ ਵਿਚ ਭਾਰਤ ਵਿਚੋਂ ਅੰਗਰੇਜ਼ਾਂ ਦਾ ਗੁਲਾਮੀ ਰਾਜ ਖ਼ਤਮ ਹੁੰਦਾ ਵਿਖਾਇਆ ਗਿਆ ਸੀ। ਇਸ ਰਸਾਲੇ ਦੇ ਸੰਪਾਦਕ ਸ਼ਹੀਦ ਭਗਤ ਸਿੰਘ ਅਤੇ ਕਾਮਰੇਡ ਸੋਹਣ ਸਿੰਘ ਜੋਸ਼ ਸਨ। ਕਲਾ ਬਾਰੇ ਇਸ ਤਰ੍ਹਾਂ ਦੀ ਹੋਰ ਬਹੁਮੁੱਲੀ ਰੋਚਕ ਜਾਣਕਾਰੀ ਅੱਸੀ ਸਾਲਾਂ ਨੂੰ ਢੁੱਕੀ ਚਿਤਰਕਾਰ ਬੀਬੀ ਫੂਲਾਂ ਰਾਣੀ ਤੋਂ ਮਿਲ ਸਕਦੀ ਹੈ। ਉਹ ਕਲਾਕਾਰਾਂ ਬਾਰੇ ਜਿਉਂਦਾ-ਜਾਗਦਾ ਵਿਸ਼ਵ ਕੋਸ਼ ਹੈ।

ਫੂਲਾਂ ਰਾਣੀ ਦੀ ਕਲਾ ਦੇ ਪ੍ਰਸੰਸਕ ਐੱਸ. ਜੀ. ਠਾਕਰ ਸਿੰਘ ਨੇ 18 ਦਸੰਬਰ 1960 ਦੇ ਅੰਗਰੇਜ਼ੀ 'ਟ੍ਰਿਬਿਊਨ' ਵਿਚ ਲਿਖਿਆ "ਫੂਲਾਂ ਰਾਣੀ ਪੰਜਾਬ ਦੀ ਪ੍ਰਸਿੱਧ ਇਸਤਰੀ ਚਿਤਰਕਾਰ ਹੈ।" ਉਸ ਨੇ 1945 ਵਿਚ ਪੈਨਸਿਲ ਨਾਲ ਚਿਤਰ ਬਣਾਉਣੇ ਸ਼ੁਰੂ ਕੀਤੇ। ਉਸ ਨੇ ਮਨੁੱਖੀ ਸਰੀਰ ਦੀ ਸੂਖਮ ਤੇ ਅਨੂਠੀ ਬਣਤਰ ਨੂੰ ਰੇਖਾਵਾਂ ਦੁਆਰਾ ਪ੍ਰਗਟ ਕਰਨ ਦਾ ਯਤਨ ਕੀਤਾ। ਉਸ ਦੀਆਂ ਅਣਗਿਣਤ ਕਲਾ-ਕ੍ਰਿਤਾਂ ਨੇ ਉਸ ਨੂੰ ਕਲਾ ਦੀ ਦੁਨੀਆ ਵਿਚ ਬੜੇ ਉੱਚੇ ਸਥਾਨ 'ਤੇ ਪਹੁੰਚਾ ਦਿੱਤਾ ਹੈ।

ਇਕ ਸੀਨੀਅਰ ਆਈ.ਆਰ.ਐੱਸ. ਅਫ਼ਸਰ ਫੂਲਾਂ ਰਾਣੀ ਦੀਆਂ ਕਲਾ-ਕ੍ਰਿਤਾਂ ਦੀ ਪ੍ਰਸੰਸਾ ਕਰਦੇ ਹੋਏ ਲਿਖਦੇ ਹਨ, 'ਫੂਲਾਂ ਰਾਣੀ ਦੇ ਬੁਰਸ਼ ਦੀ ਸੂਖਮ ਤੇ ਰਹੱਸਮਈ ਛੋਹ ਨੇ ਮਹਾਨ ਸਿੱਖ ਗੁਰੂ ਸਾਹਿਬਾਨ ਨਾਲ ਸਬੰਧਿਤ ਕਈ ਘਟਨਾਵਾਂ, ਕਥਾਵਾਂ ਤੇ ਸਾਖੀਆਂ ਦੇ ਭਾਵਾਰਥ ਨੂੰ ਬੜੀ ਸਫ਼ਲਤਾ ਨਾਲ ਚਿਤਰਿਆ ਹੈ।'

ਫੂਲਾਂ ਰਾਣੀ ਦਾ ਜਨਮ ਬੰਬੇ ਵਾਲਾ ਖੂਹ ਅੰਮ੍ਰਿਤਸਰ ਦੇ ਇਕ ਚੰਗੇ ਗੁਜ਼ਾਰੇ ਵਾਲੇ ਮੱਧ ਵਰਗੀ ਪਰਿਵਾਰ ਵਿਚ 12 ਦਸੰਬਰ 1923 ਨੂੰ ਹੋਇਆ। ਉਸ ਦਾ ਪਿਤਾ ਇਕ ਡਾਕਟਰ ਸੀ ਅਤੇ ਸ਼ਹਿਰ ਵਿਚ ਉਸ ਦੀ ਚੰਗੀ ਕਦਰ ਸੀ। ਉਹ ਬੱਚਿਆਂ ਨੂੰ ਬੇਹੱਦ ਪਿਆਰ ਕਰਦਾ ਸੀ ਅਤੇ ਆਪਣੇ ਬੱਚਿਆਂ ਦੀ ਹਰ ਖਾਹਿਸ਼ ਨੂੰ ਪੂਰਾ ਕਰਨ ਲਈ ਸਦਾ ਤਤਪਰ ਰਹਿੰਦਾ ਸੀ। ਜਦੋਂ ਉਸ ਨੇ ਦੇਖਿਆ ਕਿ ਉਸ ਦੀ ਧੀ ਵਿਚ ਕੋਮਲ ਕਲਾਵਾਂ, ਖ਼ਾਸ ਕਰ ਕੇ ਚਿਤਰਕਾਰੀ ਵਿਚ ਡੂੰਘੀ ਦਿਲਚਸਪੀ ਹੈ, ਤਾਂ ਉਹ ਹਰ ਸਮੇਂ ਉਸ ਦੀ ਮਦਦ ਕਰਨ ਲਈ ਤਿਆਰ ਰਹਿੰਦਾ ਸੀ। ਖੁਸ਼ਕਿਸਮਤੀ ਨਾਲ ਫੂਲਾਂ ਰਾਣੀ ਦਾ ਪਤੀ ਸ. ਸ਼ਮਸ਼ੇਰ ਸਿੰਘ ਵੀ ਸਾਹਿਤਕ ਰੁਚੀਆਂ ਵਾਲਾ ਇਨਸਾਨ ਸੀ ਅਤੇ ਉਹ ਕੋਮਲ ਕਲਾਵਾਂ ਨੂੰ ਵਿਸ਼ੇਸ਼ ਤੌਰ 'ਤੇ ਪਿਆਰ ਕਰਦਾ ਸੀ। ਉਸ ਨੇ ਆਪਣੀ ਪਤਨੀ ਦੀ ਚਿਤਰ ਕਲਾ ਦਾ ਵਿਕਾਸ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਦਿੱਤੀ।

ਉਸ ਦੇ ਸਹੁਰਾ ਸਾਹਿਬ ਸ. ਕਰਤਾਰ ਸਿੰਘ ਬਮਰਾ ਨੂੰ ਵੀ ਚਿਤਰਕਾਰੀ ਵਿਚ ਦਿਲਚਸਪੀ ਸੀ। ਵਿਆਹ ਤੋਂ ਬਾਅਦ ਜਦੋਂ ਸਰਦਾਰਨੀ ਫੂਲਾਂ ਰਾਣੀ ਨੇ ਇਕ ਚਿਤਰ ਬਣਾਇਆ ਤਾਂ ਕਰਤਾਰ ਸਿੰਘ ਬਮਰਾ ਨੂੰ ਉਹ ਬਹੁਤ ਚੰਗਾ ਲੱਗਾ। ਉਨ੍ਹਾਂ ਨੇ ਇਕ ਸੌ ਰੁਪਿਆ ਦੇ ਕੇ ਫੂਲਾਂ ਰਾਣੀ ਨੂੰ ਹੋਰ ਉਤਸ਼ਾਹਿਤ ਕੀਤਾ ਸੀ। ਉਨ੍ਹਾਂ ਨੇ



ਫੂਲਾਂ ਰਾਣੀ ਨੂੰ ਇਕ ਪੁਸਤਕ ਵੀ ਭੇਟ ਕੀਤੀ। ਫੂਲਾਂ ਦੇ ਇਕ ਚਿਤਰ 'ਨਰਤਕੀ' ਨੂੰ ਅਕੈਡਮੀ ਆਫ਼ ਫਾਈਨ ਆਰਟਸ ਨੇ ਪਹਿਲਾ ਇਨਾਮ ਦਿੱਤਾ। ਮਹਾਨ ਚਿੱਤਰਕਾਰ ਸੋਭਾ ਸਿੰਘ ਨੇ ਫੂਲਾਂ ਰਾਣੀ ਨੂੰ ਖ਼ੂਬਸੂਰਤ ਕਾਂਗੜਾ ਵਾਦੀ ਵਿਚ ਆਉਣ ਦਾ ਸੱਦਾ ਦਿੱਤਾ ਅਤੇ ਉਸ ਦੀ ਹੌਸਲਾ-ਅਫ਼ਜ਼ਾਈ ਕੀਤੀ।

ਸਤੰਬਰ 1970 ਵਿਚ ਉਹ ਯੂਰਪੀਅਨ ਦੇਸ਼ਾਂ ਦੇ ਦੌਰੇ 'ਤੇ ਗਈ ਅਤੇ ਉੱਥੇ 'ਸੰਗੀਤ ਤੇ ਚਿਤਰਾਂ ਦੁਆਰਾ ਭਾਰਤੀ ਰਾਗ ਰਾਗਣੀਆਂ' ਦੇ ਨਾਂ ਹੇਠ ਸਮਾਰੋਹ ਆਯੋਜਿਤ ਕੀਤੇ। ਇਹ ਸਮਾਰੋਹ ਭਾਰਤੀ ਸੱਭਿਆਚਾਰ ਦੀ ਸੁੰਦਰਤਾ ਨੂੰ ਪ੍ਰਦਰਸ਼ਿਤ ਕਰਦੇ ਸਨ, ਜਿਨ੍ਹਾਂ ਨੂੰ ਵਿਦੇਸ਼ ਵਿਚ ਬਹੁਤ ਸਲਾਹਿਆ ਗਿਆ। ਇਹ ਇਕ ਅਨੂਠਾ ਤਜਰਬਾ ਸੀ ਜਿਸ ਨੂੰ ਪੱਛਮ ਵਿਚ ਬੇਹੱਦ ਪ੍ਰਸੰਸਾ ਮਿਲੀ। ਇਕ 'ਮੁੰਦਾਵਨੀ' ਨਾਂ ਦਾ ਚਿਤਰ ਸੀ। ਸੰਧਿਆ ਦੇ ਰਾਗ ਨੂੰ 'ਮੁੰਦਾਵਨੀ' ਕਹਿੰਦੇ ਹਨ। ਇਸ ਚਿਤਰ ਵਿਚ ਵਿਛੋੜੇ ਦੇ ਦਰਦ ਅਤੇ ਗ਼ਮ ਨੂੰ ਦਰਸਾਇਆ ਗਿਆ ਸੀ, ਜੋ ਪ੍ਰੇਮਿਕਾ ਦੇ ਦਿਲ ਨੂੰ ਰੇਜ਼ਾ ਰੇਜ਼ਾ ਕਰ ਦਿੰਦਾ ਹੈ। ਇਕ ਹੋਰ ਚਿਤਰ ਸੀ 'ਬਾਗੇਸ਼ਵਰੀ'। 'ਬਾਗੇਸ਼ਵਰੀ' ਰਾਤ ਦਾ ਰਾਗ ਹੈ। ਇਹ ਚਿਤਰ ਆਤਮਾ ਦੀ ਸਦੀਵੀ ਤਾਂਘ ਨੂੰ ਪ੍ਰਗਟ ਕਰਦਾ ਹੈ ਜੋ ਆਪਣੇ ਸਦੀਵੀਂ ਪਿਆਰੇ ਨੂੰ ਮਿਲਣ ਲਈ ਉਸੇ ਤਰ੍ਹਾਂ ਬਿਹਬਲ ਹੈ, ਜਿਵੇਂ ਇਕ ਨਦੀ ਆਪਣੇ ਸ਼ਹੁ-ਸਮੁੰਦਰ ਵਿਚ ਮਿਲਣ ਲਈ ਉਤੇਜਿਤ ਹੁੰਦੀ ਹੈ।

ਫੂਲਾਂ ਰਾਣੀ ਨੇ ਆਪਣੀ ਆਰਟ ਗੈਲਰੀ ਰਣਜੀਤ ਐਵਿਨਿਊ ਅੰਮ੍ਰਿਤਸਰ ਵਿਚ ਆਪਣੀ ਆਲੀਸ਼ਾਨ ਕੋਠੀ ਵਿਚ ਬਣਾਈ ਹੈ, ਜੋ ਦੋ ਏਕੜਾਂ ਵਿਚ ਫੈਲੀ ਹੋਈ ਹੈ। ਫੂਲਾਂ ਰਾਣੀ ਨੂੰ ਜ਼ਮੀਨ ਬੇਅੰਤ ਸਿੰਘ ਸਰਕਾਰ ਨੇ ਉਸ ਵਲੋਂ ਕਲਾ ਦੇ ਖੇਤਰ ਵਿਚ ਪਾਏ ਯੋਗਦਾਨ ਦੀ ਪ੍ਰਸੰਸਾ ਵਜੋਂ ਭੇਟ ਕੀਤੀ ਸੀ।

ਜਦੋਂ ਤੁਸੀਂ ਆਰਟ ਗੈਲਰੀ ਦੇ ਹਾਲ ਵਿਚ ਪ੍ਰਵੇਸ਼ ਕਰਦੇ ਹੋ ਤਾਂ ਤੁਹਾਨੂੰ ਜਲ-ਰੰਗਾਂ ਵਿਚ ਚਿਤਰੀ ਕਾਂਗੜਾ ਵਾਦੀ ਦੀ ਸੁੰਦਰਤਾ, ਪੰਜਾਬ ਦਾ ਲੋਕ-ਜੀਵਨ, ਸੋਹਣੀ, ਮਿਰਜ਼ਾ ਸਾਹਿਬਾਂ, ਸ਼ੀਰੀਂ ਫਰਹਾਦ, ਲੈਲਾ ਮਜਨੂੰ ਅਤੇ ਹੀਰ ਰਾਂਝਾ ਦੇ ਚਿਤਰ ਦਿਖਾਈ ਦਿੰਦੇ ਹਨ। ਇਸ ਘਰ ਵਿਚ ਆਰਟ ਗੈਲਰੀ ਇਕੋ ਇਕ ਅਜਿਹਾ ਅਜਾਇਬ ਘਰ ਹੈ ਜਿਸ ਵਿਚ ਭਾਈ ਵੀਰ ਸਿੰਘ ਵਰਗੇ ਮਹਾਨ ਸਾਹਿਤਕਾਰਾਂ, ਪ੍ਰੋ. ਮੋਹਨ ਸਿੰਘ ਵਰਗੇ ਕਵੀਆਂ ਅਤੇ ਅੰਮ੍ਰਿਤਾ ਸ਼ੇਰਗਿੱਲ ਵਰਗੇ ਪ੍ਰਸਿੱਧ ਚਿਤਰਕਾਰਾਂ ਦੇ ਚਿਤਰ ਸਭ ਤੋਂ ਵਧ ਗਿਣਤੀ ਵਿਚ ਮੌਜੂਦ ਹਨ। ਇਸ ਅਜਾਇਬ ਘਰ ਨੂੰ ਭਾਰਤ ਦੇ ਇਕੋ-ਇਕ ਅਜਿਹੇ ਨਿੱਜੀ ਸੰਗ੍ਰਹਿ ਹੋਣ ਦਾ ਮਾਨ ਪ੍ਰਾਪਤ ਹੈ ਜਿਸ ਵਿਚ ਕਲਾ ਦੀਆਂ ਪਹਾੜੀ, ਮੁਗਲ, ਚਗਤਾਈ, ਬੰਗਾਲ ਸਕੂਲ ਆਫ਼ ਆਰਟ ਅਤੇ ਸਿੱਖ ਆਰਟ ਵਰਗੀਆਂ ਮੁੱਖ ਵੰਨਗੀਆਂ ਦੇ ਤਕਰੀਬਨ 500 ਲਘੂ-ਚਿਤਰ ਸ਼ੋਭਤ ਹਨ।

ਐੱਸ.ਜੀ. ਠਾਕਰ ਸਿੰਘ ਆਪਣੇ ਘਰੇਲੂ ਹਾਲਾਤ ਕਾਰਨ ਭਾਵੇਂ ਸਕੂਲੀ ਵਿੱਦਿਆ ਹਾਸਲ ਨਹੀਂ ਕਰ ਸਕੇ ਪਰ ਫੂਲਾਂ ਰਾਣੀ ਨੇ ਅੰਗਰੇਜ਼ੀ ਸਾਹਿਤ ਵਿਚ ਐੱਮ.ਏ. ਕੀਤੀ ਅਤੇ ਆਪਣੇ ਪਤੀ ਸ. ਸ਼ਮਸ਼ੇਰ ਸਿੰਘ ਦੇ ਸਹਿਯੋਗ ਨਾਲ ਜੋ ਆਪ ਚੰਗੇ ਕਵੀ ਸਨ, 200 ਤੋਂ ਵੀ ਵਧ ਪੁਸਤਕਾਂ ਲਿਖੀਆਂ ਜਿਨ੍ਹਾਂ ਵਿਚੋਂ ਬਹੁਤੀਆਂ ਬੱਚਿਆਂ ਨਾਲ ਸਬੰਧਿਤ ਸਨ। ਫੂਲਾਂ ਰਾਣੀ ਕਹਿੰਦੇ ਹਨ ਕਿ ਐੱਸ.ਜੀ. ਠਾਕਰ ਸਿੰਘ ਆਮ ਤੌਰ 'ਤੇ ਉਨ੍ਹਾਂ ਦੇ ਘਰ ਆਉਂਦੇ ਰਹਿੰਦੇ ਸਨ। ਉਹ ਠਾਕਰ ਸਿੰਘ ਹੁਰਾਂ

ਨੂੰ 'ਇਕ ਦਰਵੇਸ਼' ਅਤੇ ਸੋਭਾ ਸਿੰਘ ਨੂੰ 'ਰੰਗਾਂ ਦਾ ਬਾਦਸ਼ਾਹ' ਕਹਿੰਦੇ ਹਨ।

ਐੱਸ.ਜੀ. ਠਾਕਰ ਸਿੰਘ ਅਤੇ ਫੂਲਾਂ ਰਾਣੀ ਨੇ ਅੰਮ੍ਰਿਤਸਰ ਨੂੰ ਕਲਾ ਦੇ ਅੰਤਰਰਾਸ਼ਟਰੀ ਨਕਸ਼ੇ ਉਤੇ ਲੈ ਆਂਦਾ ਹੈ। ਐੱਸ.ਜੀ. ਠਾਕਰ ਸਿੰਘ ਦੀ 2 ਫਰਵਰੀ 1976 ਨੂੰ ਮੌਤ ਤੋਂ ਬਾਅਦ ਫੂਲਾਂ ਰਾਣੀ 89 ਸਾਲ ਦੀ ਉਮਰ ਵਿਚ ਕਲਾ ਦੀ ਮਸ਼ਾਲ ਨੂੰ ਪ੍ਰਜਵਲਤ ਰੱਖ ਰਹੀ ਹੈ। ਉਨ੍ਹਾਂ ਵਿਚ ਜ਼ਿੰਦਗੀ ਲਈ ਅਥਾਹ ਜਜ਼ਬਾ ਹੈ। ਉਹ ਇਕ ਘੰਟੇ ਤੋਂ ਵਧ ਸਮਾਂ ਕਸਰਤ ਕਰਦੇ ਹਨ ਜਿਸ ਨਾਲ ਉਨ੍ਹਾਂ ਨੂੰ ਊਰਜਾ ਪ੍ਰਾਪਤ ਹੁੰਦੀ ਹੈ। ਅਨੋਖੀ ਗੱਲ ਇਹ ਕਿ ਉਹ ਆਪਣੇ ਪੋਤਰੇ ਗੁਰਕੀਰਤ ਸਿੰਘ ਨਾਲ ਹਰ ਸਵੇਰੇ ਬਿਲੀਅਰਡ ਖੇਲ੍ਹਣਾ ਨਹੀਂ ਭੁੱਲਦੇ।

ਭਾਰਤ ਦੇ ਰਾਸ਼ਟਰਪਤੀ ਸ੍ਰੀ ਵੀ.ਵੀ. ਗਿਰੀ ਨੇ 23 ਅਕਤੂਬਰ 1970 ਨੂੰ ਗੁਰੂ ਨਾਨਕ ਸਾਹਿਬ ਬਾਰੇ ਵਧੀਆ ਕੰਮ ਕਰਨ 'ਤੇ ਫੂਲਾਂ ਰਾਣੀ ਨੂੰ 'ਸ. ਮੋਹਨ ਸਿੰਘ ਪੁਸਤਕ ਐਵਾਰਡ' ਨਾਲ ਸਨਮਾਨਿਤ ਕੀਤਾ ਸੀ। ਉਨ੍ਹਾਂ ਦੀ ਚਿਤਰਾਂ ਦੀ ਪੁਸਤਕ 'ਲਾਈਫ਼ ਆਫ਼ ਗੁਰੂ ਨਾਨਕ ਥਰੂ ਪਿਕਚਰਜ਼' ਨੂੰ ਪਹਿਲੇ ਗੁਰੂ ਜੀ ਬਾਰੇ ਸਰਬੋਤਮ ਪੁਤਸਕਾਂ ਵਿਚ ਗਿਣਿਆ ਜਾਂਦਾ ਹੈ। ਇਸ ਕਿਤਾਬ ਦਾ ਅੰਗਰੇਜ਼ੀ ਬਰੇਲ ਵਿਚ ਵੀ ਅਨੁਵਾਦ ਕੀਤਾ ਗਿਆ ਹੈ, ਤਾਂ ਕਿ ਨੇਤਰਹੀਣ ਪਾਠਕ ਵੀ ਇਸ ਦਾ ਆਨੰਦ ਮਾਣ ਸਕਣ। ਇਹ ਪੁਸਤਕ ਦੁਨੀਆ ਭਰ ਵਿਚ ਮੁਫ਼ਤ ਵੰਡੀ ਗਈ ਹੈ।

'ਦੀ ਨਾਰਦਰਨ ਵਿਰਜੀਨੀਆ ਰਿਵਿਊ' ਦੇ ਇਕ ਤਾਜ਼ਾ ਅੰਕ ਵਿਚ ਕੌਂਸਟਾਂਸ ਐਲਜ਼ ਬਰਗ ਨੇ ਫੂਲਾਂ ਰਾਣੀ ਨੂੰ 'ਅੰਤਰਰਾਸ਼ਟਰੀ ਪ੍ਰਸਿੱਧ ਇਸਤਰੀ ਚਿਤਰਕਾਰ' ਲਿਖਿਆ ਹੈ। 'ਪੰਜਾਬੀ ਚਿਤਰਕਾਰ ਫੂਲਾਂ ਰਾਣੀ ਦੀ ਕਲਾ ਦਾ ਸੱਚ' ਲੇਖ ਵਿਚ ਉਹ ਲਿਖਦੇ ਹਨ 'ਮੈਂ ਵੇਖਦਾ ਹਾਂ ਕਿ ਉਨ੍ਹਾਂ ਨੇ ਆਪਣੇ ਜੀਵਨ ਦੀਆਂ ਨਿੱਕੀਆਂ-ਨਿੱਕੀਆਂ ਘਟਨਾਵਾਂ ਨੂੰ ਸੰਮਿਲਤ ਕਰ ਦਿੱਤਾ ਹੈ। ਉਨ੍ਹਾਂ ਨੇ ਆਪਣੀ ਬੇਟੀ ਦੇ ਸੰਗੀਤ ਤੋਂ ਪ੍ਰੇਰਿਤ ਹੋ ਕੇ ਉਨ੍ਹਾਂ ਰਾਗਾਂ ਦੇ ਚਿਤਰ ਬਣਾਏ ਹਨ, ਜਿਨ੍ਹਾਂ ਨੂੰ ਉਹ ਆਪਣੇ ਸਾਜ਼ਾਂ ਉਤੇ ਸੁਰ-ਬੱਧ ਕਰਦੇ ਹਨ। ਉਨ੍ਹਾਂ ਨੇ ਆਪਣੀ ਸਿਖਾਉਣ ਦੀ ਭਾਵਨਾ ਤੋਂ ਪ੍ਰੇਰਿਤ ਹੋ ਕੇ ਬੱਚਿਆਂ ਦੀਆਂ ਪੁਸਤਕਾਂ ਸਚਿਤਰ ਕੀਤੀਆਂ ਹਨ। ਉਨ੍ਹਾਂ ਦੇ ਕਹਾਣੀ-ਪ੍ਰੇਮ ਨੇ ਉਨ੍ਹਾਂ ਤੋਂ ਪੰਜਾਬ ਦੀਆਂ ਪ੍ਰੀਤ-ਕਹਾਣੀਆਂ ਦੇ ਚਿਤਰ ਬਣਵਾਏ ਹਨ ਅਤੇ ਬੱਚਿਆਂ ਦੀਆਂ ਕਿਤਾਬਾਂ ਦੇ ਅਨੁਵਾਦ ਵੀ ਕਰਵਾਏ ਹਨ। ਉਹ ਇਹ ਮੰਨਦੇ ਹਨ ਅਤੇ ਕਹਿੰਦੇ ਹਨ ਕਿ 'ਜੋ ਕੁਝ ਵੀ ਉਹ ਕਰਦੇ ਹਨ, ਉਹ ਉਨ੍ਹਾਂ ਦੀ ਚਿਤਰਕਾਰੀ ਦਾ ਸਰੋਤ ਬਣ ਜਾਂਦਾ ਹੈ, ਕਿਉਂਕਿ ਕਲਾ ਉਨ੍ਹਾਂ ਲਈ ਕਈ ਚੀਜ਼ਾਂ ਦਾ ਇਕ ਸੰਮਿਲਤ ਰੂਪ ਹੁੰਦੀ ਹੈ, ਜੋ ਅਸੀਂ ਮਹਿਸੂਸ ਕਰਦੇ ਹਾਂ ਜਾਂ ਆਪਣੇ ਆਲੇ-ਦੁਆਲੇ ਦੇਖਦੇ ਹਾਂ।'

ਜਦੋਂ ਫੂਲਾਂ ਰਾਣੀ ਨੇ ਸ਼ਾਂਤੀ ਨਿਕੇਤਨ ਦੀ ਯਾਤਰਾ ਕੀਤੀ, ਉਦੋਂ ਉਹ ਦਿਨ ਸਨ ਜਦੋਂ ਉਹ ਅਤੇ ਉਨ੍ਹਾਂ ਦੇ ਪਤੀ ਦੇਸ਼-ਵੰਡ ਦੀ ਕੱਟ-ਵੱਢ ਤੋਂ ਜਾਨ ਬਚਾ ਕੇ ਕੋਇਟੇ ਤੋਂ ਨੱਸ ਆਏ ਸਨ। ਫੂਲਾਂ ਨੂੰ ਦੇਸ਼-ਵੰਡ ਦੀਆਂ ਦੁੱਖ-ਮੁਸੀਬਤਾਂ ਦਾ ਤਾਂ ਸਭ ਪਤਾ ਸੀ ਪਰ ਉਨ੍ਹਾਂ ਨੇ ਇਸ ਹਿੰਸਾ ਨੂੰ ਆਪਣੀ ਚਿੱਤਰਕਾਰੀ ਦਾ ਵਿਸ਼ਾ ਨਹੀਂ ਬਣਾਇਆ।

****



# ਚਲ-ਚਿਤਰਾਂ ਦੀ ਚਹਿਲ-ਪਹਿਲ

ਜੇ ਅਸੀਂ 'ਅੰਮ੍ਰਿਤਸਰ ਵਿਚ ਬਾਲੀਵੁੱਡ' ਕਹੀਏ ਤਾਂ ਸ਼ਾਇਦ ਕਈਆਂ ਨੂੰ ਇਹ ਅਟਪਟਾ ਲੱਗੇਗਾ। ਪਰ ਜਿਹੜੇ ਲੋਕ ਅੰਮ੍ਰਿਤਸਰ ਨੂੰ ਚੰਗੀ ਤਰ੍ਹਾਂ ਜਾਣਦੇ ਹਨ, ਉਹ ਬਾਲੀਵੁੱਡ ਨੂੰ ਇਸ ਸ਼ਹਿਰ ਦੇ ਯੋਗਦਾਨ ਤੋਂ ਭਲੀ ਭਾਂਤ ਜਾਣੂ ਹਨ। ਅਸਲ ਵਿਚ ਇਹ ਸ਼ਹਿਰ 'ਮਿੰਨੀ ਬਾਲੀਵੁੱਡ' ਵਜੋਂ ਵਿਕਸਤ ਹੋਇਆ ਹੈ। ਇੱਥੇ ਕਈ ਪੰਜਾਬੀ ਤੇ ਹਿੰਦੀ ਫਿਲਮਾਂ ਦੀ ਸ਼ੂਟਿੰਗ ਕੀਤੀ ਗਈ ਹੈ। ਇਸ ਤੋਂ ਇਲਾਵਾ ਇਹ ਸ਼ਹਿਰ ਕਈ ਫਿਲਮੀ ਸਿਤਾਰਿਆਂ ਦੀ ਜਨਮ ਭੋਇੰ ਵਜੋਂ ਵੀ ਮਸ਼ਹੂਰ ਹੈ। ਇਨ੍ਹਾਂ ਸਿਤਾਰਿਆਂ ਨੇ ਫਿਲਮੀ ਸਨਅਤ ਉਤੇ ਆਪਣੇ ਅਮਿੱਟ ਨਿਸ਼ਾਨ ਛੱਡੇ ਹਨ।

ਫਿਲਮਾਂ ਬਣਾਉਣ ਵਿਚ, ਦੁਨੀਆ ਵਿਚ ਭਾਰਤ ਦੀ ਮੋਹਰੀ ਭੂਮਿਕਾ ਹੈ। ਇਕ ਸਾਲ ਵਿਚ 800 ਤੋਂ ਵਧ ਫਿਲਮਾਂ ਮੁੰਬਈ ਅਤੇ ਭਾਰਤ ਦੇ ਹੋਰ ਮਸ਼ਹੂਰ ਸ਼ਹਿਰਾਂ ਵਿਚੋਂ ਬਣ ਕੇ ਨਿਕਲਦੀਆਂ ਹਨ। ਸ਼ਾਇਦ ਹੀ ਮੁੰਬਈ ਵਿਚ ਬਣੀ ਕੋਈ ਐਸੀ ਫਿਲਮ ਹੋਵੇ ਜਿਸ ਵਿਚ ਪੰਜਾਬੀਆਂ ਦਾ ਯੋਗਦਾਨ ਨਾ ਹੋਵੇ। ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਰਾਜੇਸ਼ ਖੰਨਾ ਦਾ ਜਨਮ 29 ਦਸੰਬਰ 1942 ਨੂੰ ਅੰਮ੍ਰਿਤਸਰ ਵਿਚ ਹੋਇਆ ਸੀ। ਐਕਟਰ ਖੰਨਾ, ਜਤਿੰਦਰ ਅਤੇ ਵਿਨੋਦ ਮਹਿਰਾ ਡੀ.ਏ.ਵੀ. ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀ ਸਨ। ਫਿਲਮੀ ਦੁਨੀਆ ਦਾ ਬਲਵਾਨ ਐਕਟਰ ਤੇ ਰਾਜ ਸਭਾ ਮੈਂਬਰ ਦਾਰਾ ਸਿੰਘ, ਉਸ ਦਾ ਛੋਟਾ ਭਰਾ ਰੰਧਾਵਾ ਅਤੇ ਉਨ੍ਹਾਂ ਦਾ ਸਾਲਾ ਗੁਰਰਤਨ ਸਿੰਘ ਔਲਖ ਜਿਸ ਦਾ ਪੰਜਾਬੀ ਫਿਲਮਾਂ ਵਿਚ ਬੜਾ ਨਾਂ ਹੈ, ਇਹ ਸਾਰੇ ਅੰਮ੍ਰਿਤਸਰ ਜ਼ਿਲ੍ਹੇ ਦੇ ਹੀ ਹਨ।

ਪ੍ਰਸਿੱਧ ਫਿਲਮ ਐਕਟਰ ਰਾਜਿੰਦਰ ਕੁਮਾਰ ਦਾ ਵਿਆਹ ਅੰਮ੍ਰਿਤਸਰ ਵਿਚ ਹੋਇਆ ਸੀ। ਪਰਵੀਨ ਕੁਮਾਰ ਜਿਸ ਨੇ 'ਮਹਾਂਭਾਰਤ' ਵਿਚ ਭੀਮ ਦਾ ਰੋਲ ਕੀਤਾ ਸੀ, ਦੀਪਤੀ ਨਵਲ, ਅਜੈ ਦੇਵਗਨ ਦਾ ਪਿਤਾ ਵੀਰੂ ਦੇਵਗਨ, ਅਕਸ਼ੈ ਕੁਮਾਰ (ਚੌਕ ਪਾਸੀਆਂ) ਜੋਗਿੰਦਰ ਟਾਈਗਰ, ਅੰਜੂ ਮਹਿੰਦਰੂ, 'ਉਡਾਨ' ਦੀ ਪ੍ਰਸਿੱਧੀ ਵਾਲੀ ਕਵਿਤਾ ਚੌਧਰੀ, ਮਸ਼ਹੂਰ ਖਲਨਾਇਕ ਰਣਜੀਤ, ਫਿਲਮ ਪ੍ਰਡਿਊਸਰ ਠਾਕਰ ਤਪਸਵੀ, ਗੁਰ ਸ਼ਰਨ ਸਿੰਘ, 'ਮਨ ਜੀਤੇ ਜਗਜੀਤ' ਵਾਲਾ ਸੁਖਬੀਰ ਦੀਪ ਢਿੱਲੋਂ, ਹਰਜੀਤ ਵਾਲੀਆ, ਮਹਾਂਵੀਰ ਭੁੱਲਰ, ਵਾਸਤਵ, ਸੁਦਰਸ਼ਨ ਸ਼ਰਮਾ, ਕਪਿਲ ਸ਼ਰਮਾ, ਭਾਰਤੀ, ਅਨੀਤਾ ਦੇਵਗਨ, ਹਰਦੀਪ ਗਿੱਲ, ਅੰਮ੍ਰਿਤ ਪਾਲ (ਹਿੰਦੀ ਫਿਲਮ 'ਜਾਲ' ਦਾ ਖਲਨਾਇਕ) ਨੀਤਾ ਮਹਿੰਦਰਾ, ਦਲਜੀਤ ਕੌਰ, ਵੇਦ ਸ਼ਰਮਾ, ਅਜਿਹੇ ਪ੍ਰਤਿਭਾਸ਼ੀਲ ਐਕਟਰਾਂ, ਐਕਟ੍ਰੈਸਾਂ ਦੀ ਸੂਚੀ ਬਹੁਤ ਲੰਮੀ ਹੈ। ਇਹ ਸਾਰੇ ਅੰਮ੍ਰਿਤਸਰ ਨਾਲ ਸਬੰਧਿਤ ਹਨ।

ਹਿੰਦੀ ਫਿਲਮਾਂ ਦਾ ਦਾਅਵਾ ਹੈ ਕਿ ਇਕੱਲੇ ਭਾਰਤੀ ਮਹਾਂਦੀਪ ਵਿਚ ਉਨ੍ਹਾਂ ਦੇ ਇਕ ਅਰਬ ਤੋਂ ਵੱਧ ਦਰਸ਼ਕ ਹਨ। ਹਿੰਦੀ ਅਤੇ ਪੰਜਾਬੀ ਫਿਲਮਾਂ ਵਿਚ ਕੰਮ ਕਰਨ

ਵਾਲੇ ਪੱਤਰਕਾਰ ਜਸਵੰਤ ਸਿੰਘ 'ਜਸ' ਦਾ ਕਹਿਣਾ ਹੈ ਕਿ ਅੰਮ੍ਰਿਤਸਰ ਦਾ ਓਪਨ ਏਅਰ ਥੀਏਟਰ ਕਦੀ ਥੀਏਟਰ ਸਰਗਰਮੀਆਂ ਦਾ ਕੇਂਦਰ ਸੀ, ਜਿਥੇ ਪ੍ਰਿਥਵੀ ਰਾਜ ਕਪੂਰ ਅਤੇ ਬਲਰਾਜ ਸਾਹਨੀ ਵਰਗੀਆਂ ਮਸ਼ਹੂਰ ਹਸਤੀਆਂ ਨਾਟਕ ਖੇਡਿਆ ਕਰਦੀਆਂ ਸਨ। ਬਲਰਾਜ ਸਾਹਨੀ ਅੰਮ੍ਰਿਤਸਰ ਨੂੰ ਇੰਨਾ ਪਿਆਰ ਕਰਦਾ ਸੀ ਕਿ ਅੰਮ੍ਰਿਤਸਰ ਤੋਂ ਕੁਝ ਕਿਲੋਮੀਟਰ ਦੂਰ ਪ੍ਰੀਤ ਨਗਰ ਵਿਚ ਉਸ ਨੇ ਆਪਣਾ ਘਰ ਬਣਾ ਲਿਆ ਸੀ।

ਪਾਕਿਸਤਾਨ ਦੀ ਮਸ਼ਹੂਰ ਐਕਟ੍ਰੈਸ ਅਜ਼ਰਾ ਬੱਟ (92) ਜਦੋਂ ਅੰਮ੍ਰਿਤਸਰ ਆਈ ਤਾਂ ਪੁਰਾਣੀਆਂ ਯਾਦਾਂ ਵਿਚ ਗੁਆਚ ਗਈ। ਅੰਮ੍ਰਿਤਸਰ ਵਿਚ ਬਿਤਾਏ 'ਸੁਨਹਿਰੀ ਦਿਨਾਂ' ਨੂੰ ਯਾਦ ਕਰ ਕੇ ਉਸ ਨੇ ਆਖਿਆ ਕਿ ਦੇਸ਼-ਵੰਡ ਤੋਂ ਪਹਿਲਾਂ ਉਹ ਤੇ ਉਸ ਦੀ ਭੈਣ ਜ਼ੁਹਰਾ ਸਹਿਗਲ ਆਮ ਤੌਰ 'ਤੇ ਸ਼ਹਿਰ ਵਿਚ ਪ੍ਰਿਥਵੀ ਥੀਏਟਰ ਅਤੇ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ ਵਿਚ ਆਇਆ ਕਰਦੀਆਂ ਸਾਂ। ਫੇਰ ਅਜ਼ਰਾ ਬੱਟ ਤਾਂ ਪਾਕਿਸਤਾਨ ਨੂੰ ਪਰਤ ਗਈ ਪਰ ਜ਼ੁਹਰਾ ਸਹਿਗਲ ਇੱਥੇ ਹੀ ਰਹਿ ਪਈ। ਬਾਅਦ ਵਿਚ ਦੋਹਾਂ ਭੈਣਾਂ ਨੇ ਇਕ ਵਾਰਾਤਾਲਾਪ ਲਿਖਿਆ ਤੇ ਖੇਡਿਆ-ਏਕ ਥੀ ਨਾਨੀ। ਭਾਰਤ ਪਾਕਿਸਤਾਨ ਵਿਚ ਇਸ 'ਵਾਰਤਾਲਾਪ' ਨੂੰ ਦੇਖਣ ਤੇ ਸੁਣਨ ਲਈ ਥੀਏਟਰ ਹਾਲ ਨੱਕੋ-ਨੱਕ ਭਰ ਗਏ।

ਕੇਵਲ ਇੱਥੇ ਹੀ ਬੱਸ ਨਹੀਂ, ਅੰਮ੍ਰਿਤਸਰੀ ਗਾਇਕਾਂ ਨੇ ਮੁੰਬਈ ਦੀ ਸੰਗੀਤ ਦੀ ਦੁਨੀਆ ਵਿਚ ਇਕ ਰਸ਼ਕਯੋਗ ਜਗ੍ਹਾ ਹਾਸਲ ਕੀਤੀ। ਬੇਹੱਦ ਮਸ਼ਹੂਰ ਪਿਠ-ਵਰਤੀ ਗਾਇਕ ਮੁਹੰਮਦ ਰਫ਼ੀ ਤੋਂ ਲੈ ਕੇ ਜਿਸ ਦਾ ਜਨਮ ਅੰਮ੍ਰਿਤਸਰ ਦੇ ਨੇੜੇ ਇਕ ਪਿੰਡ ਕੋਟਲਾ ਸੁਲਤਾਨ ਸਿੰਘ ਵਿਚ ਹੋਇਆ ਸੀ, ਨਰਿੰਦਰ ਚੰਚਲ, ਮਹਿੰਦਰ ਕਪੂਰ, ਸੁਖਵਿੰਦਰ, ਮਸ਼ਹੂਰ ਉਰਦੂ ਗ਼ਜ਼ਲ ਗਾਇਕ ਭੁਪਿੰਦਰ ਤੇ ਜਸਪਾਲ ਸਿੰਘ ਤਕ ਸਾਰੇ ਹੀ ਅੰਮ੍ਰਿਤਸਰ ਨਾਲ ਸਬੰਧਿਤ ਹਨ।

ਦਿਲਚਸਪ ਗੱਲ ਇਹ ਕਿ ਸਥਾਨਕ ਕਾਲਜਾਂ ਦੇ ਕਈ ਵਿਦਿਆਰਥੀਆਂ ਨੇ ਕਈ ਪੰਜਾਬੀ ਤੇ ਹਿੰਦੀ ਫਿਲਮਾਂ ਵਿਚ ਭੰਗੜੇ ਅਤੇ ਗਿੱਧੇ ਦੀਆਂ ਧੁਮਾਲਾਂ ਪਾਈਆਂ। ਐਕਟਰਾਂ ਅਤੇ ਗਾਇਕਾਂ ਤੋਂ ਇਲਾਵਾ ਕਈ ਸੰਗੀਤ-ਨਿਰਮਾਤਾ ਵੀ ਅੰਮ੍ਰਿਤਸਰ ਦੇ ਹੀ ਜੰਮੇ-ਜਾਏ ਹਨ।

ਗੁਰਸ਼ਰਨ ਸਿੰਘ (ਜਿਨ੍ਹਾਂ ਨੇ ਕਈ ਫੀਚਰ ਫਿਲਮਾਂ ਵਿਚ ਆਪ ਕੰਮ ਕੀਤਾ) ਦੇ ਥੀਏਟਰ ਗਰੁੱਪ-ਅੰਮ੍ਰਿਤਸਰ ਨਾਟਕ ਕਲਾ ਕੇਂਦਰ, ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਦਾ ਮੰਚ-ਰੰਗ ਮੰਚ, ਹਰਜੀਤ ਗਿੱਲ ਤੇ ਜਗਦੀਸ਼ ਸਚਦੇਵਾ ਦੇ ਗਰੁੱਪਾਂ ਨੇ ਕਈ ਐਕਟਰ ਪੈਦਾ ਕੀਤੇ ਹਨ ਜਿਨ੍ਹਾਂ ਨੇ ਫਿਲਮੀ ਸਨਅਤ ਵਿਚ ਆਪਣੇ ਨਿਸ਼ਾਨ ਛੱਡੇ ਹਨ।

ਆਤਮਜੀਤ-ਨਾਟਕਕਾਰ ਐਕਟਰ ਅਤੇ ਡਾਇਰੈਕਟਰ ਵੀ ਅੰਮ੍ਰਿਤਸਰ ਤੋਂ ਹੀ ਹਨ ਜੋ ਸਾਹਿਤਕ ਦੁਨੀਆ ਦੇ ਇਕ ਥੰਮ੍ਹ ਐੱਸ.ਐੱਸ.ਅਮੋਲ ਦੇ ਨਾਮੀ ਸਪੁੱਤਰ ਹਨ।

ਗੁਰਿੰਦਰ ਮਕਾਨਾ (34) ਜਗਜੀਤ ਕੌਰ ਅਤੇ ਜਸਵੰਤ ਸਿਘ ਜਸ ਨਵੀਂ



ਪੀੜ੍ਹੀ ਦੇ ਮਸ਼ਹੂਰ ਐਕਟਰ ਹਨ। ਹਿੰਦੀ ਫੀਚਰ ਫਿਲਮ 'ਹਵਾਏਂ' ਵਿਚ ਮਕਾਨਾ ਦੇ ਖਲਨਾਇਕ ਰੋਲ ਨੂੰ ਦੇਖ ਕੇ ਮਕਾਨਾ ਕਈ ਫਿਲਮ ਨਿਰਮਾਤਾਵਾਂ ਦੀਆਂ ਨਜ਼ਰਾਂ ਵਿਚ ਚੜ੍ਹ ਗਿਆ। ਫਿਲਮ 'ਅਬ ਤੁਮਾਰੇ ਹਵਾਲੇ ਵਤਨ ਸਾਥੀਓ' ਵਿਚ ਐਕਟਿੰਗ ਕਰ ਕੇ ਮਕਾਨਾ ਹੋਰ ਵੀ ਪ੍ਰਸਿੱਧ ਹੋ ਗਿਆ। ਉਸ ਨੇ 'ਟਰੇਨ ਟੂ ਪਾਕਿਸਤਾਨ' (ਪਾਮੇਲਾ ਰੂਕਸ) ਜੰਗਲ (ਰਾਮ ਗੋਪਾਲ ਵਰਮਾ) ਮੁੰਨਾ ਭਾਈ ਐੱਮ.ਬੀ.ਬੀ.ਐੱਸ.,ਅਨਰਥ, ਮੁਝੇ ਕੁਝ ਕਹਿਨਾ ਹੈ ਅਤੇ ਲਵ ਕੇ ਲੀਏ ਕੁਝ ਭੀ ਕਰੇਗਾ ਆਦਿ ਫਿਲਮਾਂ ਵਿਚ ਵੀ ਕੰਮ ਕੀਤਾ। ਫਿਲਮ ਆਲੋਚਕਾਂ ਅਤੇ ਵਿਸ਼ਲੇਸ਼ਨਕਾਰਾਂ ਨੇ ਉਸ ਦੇ ਕੰਮ ਦੀ ਸਰਾਹੁਣਾ ਕੀਤੀ।

ਅੰਮ੍ਰਿਤਸਰ ਨੇ ਉਸ ਸਮੇਂ ਫਿਲਮੀ ਦੁਨੀਆ ਵਿਚ ਇਕ ਨਵਾਂ ਇਤਿਹਾਸ ਸਿਰਜਿਆ, ਜਦੋਂ ਇੱਥੇ 'ਅੱਡੀ ਟੱਪਾ' ਨਾਂ ਦੀ ਫਿਲਮ ਦਾ ਨਿਰਮਾਣ ਕੀਤਾ ਗਿਆ। ਇਸ ਫਿਲਮ ਦੇ ਸਾਰੇ ਐਕਟਰ ਇਸਤਰੀਆਂ ਸਨ। ਇਹ ਸਾਰੇ ਕਲਾਕਾਰ ਸਥਾਨਕ ਕਾਲਜ ਬੀ.ਬੀ.ਕੇ.ਡੀ.ਏ.ਵੀ ਕਾਲਜ ਦੇ ਵਿਦਿਆਰਥੀ ਸਨ। ਇਸ ਕਾਲਜ ਦੀ ਇਕ ਸੀਨੀਅਰ ਲੈਕਚਰਰ ਮਿਸ ਜਗਜੀਤ ਕੌਰ ਨੇ ਕਈ ਪੰਜਾਬੀ ਫਿਲਮਾਂ ਵਿਚ ਕੰਮ ਕੀਤਾ।

ਅੰਮ੍ਰਿਤਸਰ ਦਾ ਇਕ ਕਲਾਕਾਰ ਹਰਭਜਨ ਸਿੰਘ ਜੱਬਲ (63) ਸੀ, ਜੋ ਹੁਣ ਇਸ ਦੁਨੀਆ ਵਿਚ ਨਹੀਂ ਹੈ। ਉਹ ਪਹਿਲਾ 'ਗੁਰਸਿੱਖ' ਐਕਟਰ' ਸੀ ਜਿਸ ਨੇ ਸੱਠਵਿਆਂ ਵਿਚ ਫਿਲਮ 'ਮਾਹੀ ਮੁੰਡਾ' ਵਿਚ ਇਕ ਪੁਲਿਸ ਵਾਲੇ ਦਾ ਰੋਲ ਅਦਾ ਕੀਤਾ ਸੀ। ਗੁਰਸ਼ਰਨ ਸਿੰਘ, ਇੰਦਰਜੀਤ ਸਹਾਰਨ ਅਤੇ ਜਸਵੰਤ ਸਿੰਘ ਜੱਸ ਨੇ ਕੇਸਧਾਰੀ ਰਹਿੰਦੇ ਹੋਏ ਕਈ ਫੀਚਰ ਫਿਲਮਾਂ ਵਿਚ ਪ੍ਰਭਾਵਸ਼ਾਲੀ ਅਦਾਕਾਰੀ ਕੀਤੀ। ਅੰਮ੍ਰਿਤਸਰ ਦੇ ਇਨ੍ਹਾਂ ਚਹੁੰਆਂ ਕਲਾਕਾਰਾਂ ਨੇ ਇਹ ਮਿੱਥ ਤੋੜ ਦਿੱਤੀ ਕਿ ਬਾਲੀਵੁੱਡ ਵਿਚ ਕੇਵਲ ਕਲੀਨ-ਸ਼ੇਵਨ ਕਲਾਕਾਰ ਹੀ ਕੰਮ ਕਰ ਸਕਦੇ ਹਨ।

ਬਹੁਤ ਸਾਰੇ ਅੰਮ੍ਰਿਤਸਰੀ ਐਕਟਰ ਫਿਲਮਾਂ ਵਿਚ ਕੰਮ ਕਰਨ ਨੂੰ ਇਕ ਸ਼ੌਕ ਜਾਂ 'ਹਾਬੀ' ਹੀ ਸਮਝਦੇ ਸਨ। ਹਰਭਜਨ ਜੱਬਲ ਨੇ ਇਕ ਵਾਰ ਕਿਹਾ 'ਫਿਲਮਾਂ ਨੇ ਮੈਨੂੰ ਪ੍ਰਸਿੱਧੀ ਤਾਂ ਦਿੱਤੀ ਪਰ ਪੈਸਾ ਨਹੀਂ ਦਿੱਤਾ।'

## ਅੰਮ੍ਰਿਤਸਰ ਦਾ ਇਕ ਐਕਟਰ: 'ਹੀਰੋ' ਯੱਸ਼ ਸ਼ਰਮਾ

ਸ਼ਹਿਰ ਦੇ ਇਕ ਮਸ਼ਹੂਰ ਐਕਟਰ ਮਰਹੂਮ ਯੱਸ਼ ਸ਼ਰਮਾ ਨੇ ਕੁਝ ਹਿੰਦੀ ਫਿਲਮਾਂ ਵਿਚ ਕੰਮ ਕਰਨ ਤੋਂ ਇਲਾਵਾ 100 ਤੋਂ ਵੱਧ ਪੰਜਾਬੀ ਫਿਲਮਾਂ ਵਿਚ ਮੁੱਖ ਭੂਮਿਕਾ ਨਿਭਾਈ। ਬਾਲੀਵੁੱਡ ਨਾਲ ਸ਼ਰਮਾ ਦਾ ਚਾਰ ਦਹਾਕੇ ਲੰਮਾ ਸਾਥ ਇਸ ਗੱਲ ਤੋਂ ਦੇਖਿਆ ਜਾ ਸਕਦਾ ਹੈ ਕਿ ਉਨ੍ਹਾਂ ਨੇ ਆਪਣਾ ਫਿਲਮੀ ਜੀਵਨ 1966 ਵਿਚ ਕਾਲੀ-ਚਿੱਟੀ ਫਿਲਮ 'ਖੇਡ ਪ੍ਰੀਤਾਂ ਦੀ' ਵਿਚ ਕੰਮ ਕਰ ਕੇ ਸ਼ੁਰੂ ਕੀਤਾ। ਸ਼ਰਮਾ ਦੀਆਂ ਮਕਬੂਲ ਫਿਲਮਾਂ ਵਿਚ ਮੇਰੇ ਅਪਨੇ, ਸ਼ਹਿਨਸ਼ਾਹ (ਦੋਵੇਂ ਹਿੰਦੀ ਫਿਲਮਾਂ) ਅਤੇ ਸਰਪੰਚ, ਮੇਲੇ ਮਿੱਤਰਾਂ ਦੇ ਤੇ ਮਿੱਤਰ ਪਿਆਰੇ ਨੂੰ ਪੰਜਾਬੀ ਫਿਲਮਾਂ ਸ਼ਾਮਲ ਹਨ। ਤਿੰਨ

ਦਹਾਕਿਆਂ ਦੇ ਸਮੇਂ ਤਕ ਉੱਨਾ ਚਿਰ ਕੋਈ ਪੰਜਾਬੀ ਫਿਲਮ ਮੁਕੰਮਲ ਨਹੀਂ ਸੀ ਸਮਝੀ ਜਾਂਦੀ ਜੇ ਉਸ ਵਿਚ ਯੱਸ਼ ਸ਼ਰਮਾ ਨਾ ਹੋਵੇ। ਅਫ਼ਸੋਸ ਕਿ ਉਹ ਹੁਣ ਸਾਡੇ ਵਿਚ ਨਹੀਂ ਹਨ!

ਬੀਤੇ ਸਾਲਾਂ ਦਾ ਹੀਰੋ ਅਧਰੰਗ ਦਾ ਹਮਲਾ ਹੋ ਜਾਣ ਕਾਰਨ ਲੰਮੇ ਸਮੇਂ ਤਕ ਮੰਜੇ 'ਤੇ ਪਿਆ ਰਿਹਾ। ਨਾ ਹੀ ਸੂਬਾ ਸਰਕਾਰ ਨੇ ਅਤੇ ਨਾ ਹੀ ਸਥਾਨਕ ਕਲਾਕਾਰਾਂ ਨੇ ਯੱਸ਼ ਸ਼ਰਮਾ ਵੱਲ ਕੋਈ ਧਿਆਨ ਦਿੱਤਾ। ਉਨ੍ਹਾਂ ਨੇ ਇਕ ਵਾਰ ਕਿਹਾ ਕਿ ਜਿੰਨਾ ਚਿਰ ਪੰਜਾਬ ਸਰਕਾਰ ਪੰਜਾਬੀ ਫਿਲਮਾਂ ਦਾ ਮਨੋਰੰਜਨ ਟੈਕਸ ਮੁਆਫ਼ ਨਹੀਂ ਕਰਦੀ, ਉੱਨਾ ਚਿਰ ਪੰਜਾਬੀ ਫਿਲਮਾਂ ਦਾ ਕੋਈ ਭਵਿੱਖ ਨਹੀਂ।

### ਉਲਟਾ-ਪੁਲਟਾ ਵਾਲਾ ਜਸਪਾਲ ਭੱਟੀ

'ਦਿ ਟ੍ਰਿਬਿਊਨ' ਵਿਚ ਕਾਰਟੂਨ ਬਣਾਉਣ ਵਾਲਾ ਜਸਪਾਲ ਭੱਟੀ ਜਦੋਂ ਬਾਲੀਵੁੱਡ ਵਿਚ ਪਹੁੰਚਿਆ ਤਾਂ ਉਹ ਵੇਖਦਿਆਂ-ਵੇਖਦਿਆਂ ਸਿਤਾਰਾ ਬਣ ਗਿਆ। ਭੱਟੀ ਦਾ ਜਨਮ 3 ਮਾਰਚ 1955 ਨੂੰ ਗੁਰੂ ਨਗਰੀ ਵਿਖੇ ਹੋਇਆ ਸੀ। ਪਰ ਲਹੂ-ਪੀਣੀਆਂ ਸੜਕਾਂ ਨੇ ਉਸ ਨੂੰ 25 ਅਕਤੂਬਰ, 2012 ਵਿਚ ਲੀਲ੍ਹ ਲਿਆ। ਅੰਬਰੋਂ ਟੁੱਟੇ ਇਸ ਤਾਰੇ ਦੀ ਮਨਹੂਸ ਖ਼ਬਰ ਸੁਣ ਕੇ ਹਰ ਅੱਖ ਰੋਈ ਸੀ। ਉਨ੍ਹਾਂ ਦਾ ਰਿਸ਼ਤੇਦਾਰ ਅਰਵਿੰਦਰ ਭੱਟੀ ਇਕ ਹੋਰ ਦਸਤਾਰਧਾਰੀ ਸਿੱਖ ਐਕਟਰ ਹੈ ਜਿਸ 'ਤੇ ਅੰਮ੍ਰਿਤਸਰੀਏ ਮਾਣ ਕਰਦੇ ਹਨ।

****



## ਬਾਬਾ ਦੀਪ ਸਿੰਘ ਬਾਰੇ ਫਿਲਮ ਵਿਚ ਅੰਮ੍ਰਿਤਸਰੀ ਐਕਟਰਾਂ ਦੀ ਪੇਸ਼ਕਾਰੀ

ਅੰਮ੍ਰਿਤਸਰ ਵਿਚ ਬਣੀ ਪੰਜਾਬੀ ਫਿਲਮ 'ਅੱਡੀ ਟੱਪਾ' ਨੂੰ ਕਈ ਪਹਿਲਾਂ ਕਰਨ ਦਾ ਮਾਣ ਹਾਸਲ ਹੈ। ਬੀ.ਬੀ.ਕੇ; ਡੀ.ਏ.ਵੀ. ਕਾਲਜ ਅੰਮ੍ਰਿਤਸਰ ਦੇ 60 ਵਿਦਿਆਰਥੀ ਕਲਾਕਾਰਾਂ ਨੇ ਇਸ ਫਿਲਮ ਵਿਚ ਕੰਮ ਕੀਤਾ ਹੈ। ਇਸ ਫਿਲਮ ਦੇ ਐਕਟਰ ਇਸਤਰੀਆਂ ਹਨ। ਇਕ ਹੋਰ ਫਿਲਮ ਮਹਾਨ ਸਿੱਖ ਯੋਧੇ ਬਾਬਾ ਦੀਪ ਸਿੰਘ ਦੇ ਜੀਵਨ ਉਤੇ ਆਧਾਰਿਤ ਹੈ ਜਿਨ੍ਹਾਂ ਨੇ ਪਠਾਣ ਫ਼ੌਜਾਂ ਦੇ ਹਮਲੇ ਤੋਂ ਸ੍ਰੀ ਹਰਿਮੰਦਰ ਸਾਹਿਬ ਦੀ ਰਾਖੀ ਕਰਦਿਆਂ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ। ਫਿਲਮ 'ਅਨੋਖੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ' ਦੇ ਸਾਰੇ ਐਕਟਰ ਕੇਸਾਧਾਰੀ ਸਿੱਖ ਸਨ। ਖਾਲਸਾ ਫ਼ੌਜ ਦੇ ਸਾਰੇ ਐਕਟਰ ਬੀਰ ਖਾਲਸਾ ਗਤਕਾ ਦਲ ਤਰਨ ਤਾਰਨ ਤੇ ਅੰਮ੍ਰਿਤਸਰ ਤੋਂ ਲਏ ਗਏ ਸਨ। ਇੱਥੋਂ ਤਕ ਕਿ ਜਿਨ੍ਹਾਂ ਸਿੱਖ ਬੀਬੀਆਂ ਨੇ ਜ਼ਾਲਮ ਦੁਸ਼ਮਣਾਂ ਤੋਂ ਬਦਲਾ ਲਿਆ, ਉਨ੍ਹਾਂ ਦੇ ਰੋਲ ਵੀ ਸਿੱਖ ਇਸਤਰੀ ਕਲਾਕਾਰਾਂ ਨੇ ਹੀ ਕੀਤੇ ਸਨ। ਸਿੱਖ ਇਤਿਹਾਸ 'ਤੇ ਆਧਾਰਿਤ ਇਸ ਪਹਿਲੀ ਸਿਨਮਾਸਕੋਪ ਪੰਜਾਬੀ ਫੀਚਰ ਫਿਲਮ ਦੇ ਨਿਰਮਾਣ ਉਤੇ ਢਾਈ ਕਰੋੜ ਰੁਪਏ ਖ਼ਰਚ ਆਏ ਸਨ।

ਇਹ ਫਿਲਮ ਬਾਬਾ ਦੀਪ ਸਿੰਘ ਦੀਆਂ ਦੋ ਮੁੱਖ ਲੜਾਈਆਂ ਨੂੰ ਪੇਸ਼ ਕਰਦੀ ਹੈ। ਜਿਨ੍ਹਾਂ ਨੇ ਆਪਣੇ ਸਿੱਖ ਯੋਧਿਆਂ ਨੂੰ ਨਾਲ ਲੈ ਕੇ ਅਹਿਮਦ ਸ਼ਾਹ ਅਬਦਾਲੀ ਨੂੰ ਪੰਜਾਬ ਵਿਚੋਂ ਖਦੇੜ ਦਿੱਤਾ ਜੋ ਲੁੱਟ ਦੇ ਬੇਸ਼ੁਮਾਰ ਗਹਿਣੇ ਅਤੇ 33000 ਹਿੰਦੂ ਮੁਸਲਮਾਨ ਔਰਤਾਂ ਨੂੰ ਆਪਣੇ ਦੇਸ਼ ਲਿਜਾਣ ਦੀ ਕੋਸ਼ਿਸ਼ ਕਰ ਰਿਹਾ ਸੀ।

ਬਾਬਾ ਦੀਪ ਸਿੰਘ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਇਕ ਪਿੰਡ ਪੋਹੂਵਿੰਡ ਵਿਚ 26 ਜਨਵਰੀ 1682 ਨੂੰ ਹੋਇਆ। ਉਹ ਸੰਨ 1700 ਵਿਚ ਵਿਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਗਏ। ਉਥੇ ਉਨ੍ਹਾਂ ਨੇ ਅੰਮ੍ਰਿਤ ਛਕ ਲਿਆ ਅਤੇ ਘੋੜਸਵਾਰੀ ਅਤੇ ਹਥਿਆਰ ਚਲਾਉਣ ਦੀ ਸਿੱਖਿਆ ਲਈ। ਭਾਈ ਮਨੀ ਸਿੰਘ ਜੀ ਤੋਂ ਉਨ੍ਹਾਂ ਨੇ ਗੁਰਮੁਖੀ ਪੜ੍ਹਨੀ ਲਿਖਣੀ ਅਤੇ ਗੁਰੂ-ਸ਼ਬਦ ਦੀ ਕਥਾ ਕਰਨੀ ਸਿੱਖੀ।

1705 ਈ. ਵਿਚ ਉਹ ਤਲਵੰਡੀ ਸਾਬੋ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਪਾਸ ਗਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਲਿਖਣ ਵਿਚ ਭਾਈ ਮਨੀ ਸਿੰਘ ਜੀ ਦੀ ਸਹਾਇਤਾ ਕੀਤੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਦੱਖਣ ਨੂੰ ਚਲੇ ਗਏ ਤਾਂ ਬਾਬਾ ਦੀਪ ਸਿੰਘ ਨੇ ਗੁਰਦੁਆਰਾ ਦਮਦਮਾ ਸਾਹਿਬ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ।

ਜਦੋਂ ਬਾਬਾ ਦੀਪ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਹੁੰਦੀ ਬੇਅਦਬੀ ਬਾਰੇ ਸੁਣਿਆ ਤਾਂ ਉਨ੍ਹਾਂ ਨੇ ਸਾਰੀ ਵਾਰਤਾ ਇਕ ਦੀਵਾਨ ਵਿਚ ਸੁਣਾ ਕੇ ਸੰਗਤ ਨੂੰ

ਕਿਹਾ ਕਿ 'ਇਸ ਸਾਲ ਦੀਵਾਲੀ ਅਸੀਂ ਸ੍ਰੀ ਅੰਮ੍ਰਿਤਸਰ ਜਾ ਕੇ ਮਨਾਵਾਂਗੇ।' ਪੰਜ ਸੌ ਸਿੱਖ ਉਨ੍ਹਾਂ ਦੇ ਨਾਲ ਜਾਣ ਨੂੰ ਤਿਆਰ ਹੋ ਗਏ। ਅੰਮ੍ਰਿਤਸਰ ਨੂੰ ਚਾਲੇ ਪਾਉਣ ਤੋਂ ਪਹਿਲਾਂ ਉਨ੍ਹਾਂ ਨੇ ਸਿੱਖਾਂ ਨੂੰ ਆਖਿਆ 'ਅਸੀਂ ਗੁਰੂ-ਘਰ ਦੀ ਰਾਖੀ ਕਰਾਂਗੇ, ਭਾਵੇਂ ਸਾਡਾ ਸਿਰ ਵੀ ਚਲਾ ਜਾਏ।' ਜਦੋਂ ਉਹ ਤਰਨ ਤਾਰਨ ਦੇ ਨੇੜੇ ਪਹੁੰਚੇ ਤਾਂ ਸਿੱਖ ਸੂਰਮਿਆਂ ਦੀ ਗਿਣਤੀ 5000 ਤਕ ਪਹੁੰਚ ਗਈ।

ਸਿੱਖਾਂ ਨੇ ਬਹਾਦਰੀ ਨਾਲ ਲੜਦਿਆਂ ਪਠਾਣੀ ਫ਼ੌਜ ਨੂੰ ਪਿੱਛੇ ਧੱਕ ਦਿੱਤਾ ਅਤੇ ਪਿੰਡ ਚੱਬੇ ਤਕ ਪਹੁੰਚ ਗਏ। ਇਸ ਅਸਥਾਨ 'ਤੇ ਪਠਾਣ ਜਰਨੈਲ ਅਟੱਲ ਖ਼ਾਨ ਨੇ ਬਾਬਾ ਦੀਪ ਸਿੰਘ ਦੀ ਗਰਦਨ 'ਤੇ ਡੂੰਘਾ ਘਾਉ ਕਰ ਦਿੱਤਾ। ਇਕ ਸਿੱਖ ਨੇ ਸੂਰਬੀਰ ਬਾਬਾ ਜੀ ਨੂੰ ਯਾਦ ਕਰਾਇਆ ਕਿ ਤੁਸੀਂ ਤਾਂ ਸਰੋਵਰ ਦੀ ਪਰਿਕਰਮਾ ਵਿਚ ਪੁਹੰਚਣ ਦਾ ਪ੍ਰਣ ਕੀਤਾ ਸੀ। ਬਾਬਾ ਜੀ ਨੇ ਖੱਬੇ ਹੱਥ ਨਾਲ ਆਪਣੇ ਸਿਰ ਨੂੰ ਸਹਾਰਾ ਦਿੱਤਾ ਅਤੇ ਆਪਣੇ ਦੋਧਾਰੇ ਖੰਡੇ ਨਾਲ ਵੈਰੀਆਂ ਦੇ ਆਹੂ ਲਾਹੁੰਦੇ ਹੋਏ ਹਰਿਮੰਦਰ ਸਾਹਿਬ ਦੀ ਪਰਕਰਮਾ ਵਿਚ ਪਹੁੰਚ ਗਏ। ਪਰਕਰਮਾ ਵਿਚ ਪਹੁੰਚ ਕੇ ਬਾਬਾ ਜੀ ਨੇ ਪ੍ਰਾਣ ਤਿਆਗ ਦਿੱਤੇ।

ਇਹ ਫਿਲਮ ਫਿਲਮ ਸਿਟੀ ਮੁੰਬਈ, ਗੁਜਰਾਤ ਦੇ ਸ਼ਹਿਰ ਉਮਰਗਾਉਂ ਅਤੇ ਪ੍ਰਦੇਸ਼ ਦੇ ਹੋਰ ਹਿੱਸਿਆਂ ਵਿਚ ਫਿਲਮਾਈ ਗਈ, ਪਰ ਇਸ ਦਾ ਵੱਡਾ ਹਿੱਸਾ ਅੰਮ੍ਰਿਤਸਰ ਦੇ ਆਲੇ-ਦੁਆਲੇ ਫਿਲਮਾਇਆ ਗਿਆ।

ਡਾਇਰੈਕਟਰ ਨੂੰ ਪੰਜਾਬ ਵਿਚ ਕੁਝ ਕੱਚੇ ਘਰ ਲੱਭਣ ਵਿਚ ਕੁਝ ਮੁਸ਼ਕਲ ਪੇਸ਼ ਆਈ। ਆਖਰਕਾਰ ਫਿਲਮੀ ਟੀਮ ਨੂੰ ਖੇਮ ਕਰਨ ਦੇ ਨੇੜੇ ਪਿੰਡ ਦਰਕੋਨੇ ਵਿਚ ਅਤੇ ਗੋਇੰਦਵਾਲ ਸਾਹਿਬ ਦੇ ਨੇੜੇ ਦਰਿਆ ਬਿਆਸ ਦੇ ਕਿਨਾਰਿਆਂ ਉਤੇ ਕੁਝ ਢੁੱਕਵੀਆਂ ਥਾਵਾਂ ਲਭ ਗਈਆਂ। ਫਿਲਮ ਦੀ ਸ਼ੂਟਿੰਗ ਹੁਸ਼ਿਆਰਪੁਰ, ਤਲਵੰਡੀ ਸਾਬੋ, ਹਰਿਮੰਦਰ ਸਾਹਿਬ, ਗੁਰਦੁਆਰਾ ਬਾਬਾ ਦੀਪ ਸਿੰਘ ਅਤੇ ਤਰਨ ਤਾਰਨ ਦੇ ਨੇੜੇ ਪੋਹੂਵਿੰਡ ਵਿਚ ਵੀ ਕੀਤੀ ਗਈ।

ਸ. ਪ੍ਰੀਤਮ ਸਿੰਘ, ਜਿਨ੍ਹਾਂ ਨੇ ਕਈ ਕਿਤਾਬਾਂ ਪੜ੍ਹ ਕੇ ਅਤੇ ਇਸ ਵਿਸ਼ੇ ਨਾਲ ਸਬੰਧਿਤ ਕੁਝ ਮਾਹਿਰਾਂ ਦੀ ਸਲਾਹ ਲੈ ਕੇ ਫਿਲਮ ਦੀ ਕਹਾਣੀ ਲਿਖੀ, ਉਹ ਵੀ ਅੰਮ੍ਰਿਤਸਰ ਦੇ ਸਨ। ਫਿਲਮ ਦੇ ਡਾਇਰੈਕਟਰ ਸ. ਜਸਵਿੰਦਰ ਸਿੰਘ ਚਾਹਲ ਸਨ। ਉਹ ਵੀ ਤਰਨ ਤਾਰਨ ਦੇ ਹੀ ਹਨ ਪਰ ਹੁਣ ਮੁੰਬਈ ਵਿਚ ਰਹਿੰਦੇ ਹਨ। ਉਨ੍ਹਾਂ ਨੇ ਕਈ ਫਿਲਮਾਂ ਵਿਚ ਸਹਾਇਕ ਡਾਇਰੈਕਟਰ ਵਜੋਂ ਕੰਮ ਕੀਤਾ ਹੈ।

ਡਾਇਰੈਕਟਰ ਵਜੋਂ ਇਹ ਉਨ੍ਹਾਂ ਦੀ ਪਹਿਲੀ ਫਿਲਮ ਸੀ। ਇਸ ਫਿਲਮ ਵਿਚ ਦਾਰਾ ਸਿੰਘ ਦੇ ਪੁੱਤਰ ਵਿੰਦੂ ਸਿੰਘ ਨੇ ਅਬਦਾਲੀ ਦੇ ਪੁੱਤਰ ਤੈਮੂਰ ਦਾ ਰੋਲ ਅਦਾ ਕੀਤਾ।

ਇਸ ਫਿਲਮ ਦਾ ਸੰਗੀਤ ਸ੍ਰੀ ਉੱਤਮ ਸਿੰਘ ਨੇ ਦਿੱਤਾ। ਐਸਾ ਸੰਗੀਤ ਜੋ ਸ਼ਰਧਾਲੂਆਂ ਨੂੰ ਰੂਹਾਨੀਅਤ ਦੀ ਸਿਖ਼ਰ 'ਤੇ ਪੁਚਾ ਦਿੰਦਾ ਹੈ। ਸ. ਉੱਤਮ ਸਿੰਘ ਦੀ ਬੇਟੀ ਪ੍ਰੀਤੀ ਉੱਤਮ ਨੇ ਵੀ ਫਿਲਮ ਵਿਚ ਇਕ ਸ਼ਬਦ ਗਾਇਆ ਹੈ। ਇਨ੍ਹਾਂ ਤੋਂ



ਇਲਾਵਾ ਜਗਜੀਤ ਸਿੰਘ, ਦਲੇਰ ਮਹਿੰਦੀ, ਉਦਿੱਤ ਨਰਾਇਨ, ਸੋਨੂੰ ਨਿਗਮ, ਉੱਤਮ ਸਿੰਘ ਅਤੇ ਹੰਸ ਰਾਜ ਹੰਸ ਵਰਗੇ ਚੋਟੀ ਦੇ ਪਿੱਠਵਰਤੀ ਗਾਇਕਾਂ ਨੇ ਇਸ ਫਿਲਮ ਦੇ ਗੀਤ ਗਾਏ ਹਨ।

ਬਹੁਤ ਸਾਰੇ ਫਿਲਮੀ ਕਲਾਕਾਰਾਂ, ਸੰਗੀਤ ਡਾਇਰੈਕਟਰਾਂ, ਗੀਤਕਾਰਾਂ, ਕੈਮਰਾਮੈਨਾਂ ਅਤੇ ਟੈਕਨੀਸ਼ਨਾਂ ਨੇ ਇਸ ਫਿਲਮ ਨੂੰ ਆਪਣੀਆਂ ਸੇਵਾਵਾਂ ਮੁਫ਼ਤ ਭੇਟ ਕੀਤੀਆਂ। 700 ਤੋਂ ਵਧ ਕਲਾਕਾਰਾਂ ਅਤੇ 250 ਘੋੜਿਆਂ ਨੇ ਇਸ ਫਿਲਮ ਵਿਚ ਕੰਮ ਕੀਤਾ।

ਗੁਰਸੇਵਕ ਸਿੰਘ ਨੇ ਗਿਆਰਾਂ ਸਾਲ ਦੀ ਉਮਰ ਦੇ ਇਕ ਲੜਕੇ ਦਾ ਰੋਲ ਨਿਭਾਇਆ, ਜੋ ਰਣਭੂਮੀ ਵਿਚ ਸ਼ਹੀਦ ਹੋ ਗਿਆ।

ਬਾਬਾ ਦੀਪ ਸਿੰਘ ਦੇ ਹੁਕਮ ਦੀ ਪਾਲਣਾ ਕਰਦਿਆਂ ਜਿਹੜਾ ਜਥੇਦਾਰ ਹਰਿਮੰਦਰ ਸਾਹਿਬ ਨੂੰ ਪਠਾਣ ਫ਼ੌਜ ਤੋਂ ਆਜ਼ਾਦ ਕਰਾਉਣ ਲਈ ਅੱਗੇ ਵਧਿਆ, ਉਸ ਦਾ ਰੋਲ ਇਕ ਸਥਾਨਕ ਪੱਤਰਕਾਰ ਤੇ ਕਲਾਕਾਰ ਜਸਵੰਤ ਸਿੰਘ ਜਸ ਨੇ ਕੀਤਾ। ਜਦ ਕਿ ਸ. ਬਘੇਲ ਸਿੰਘ ਦਾ ਰੋਲ ਗੁਰਪ੍ਰੀਤ ਸਿੰਘ ਨੇ ਨਿਭਾਇਆ। ਇਸ ਫਿਲਮ ਦੇ ਕੁਝ ਹੋਰ ਵਰਨਣਯੋਗ ਕਲਾਕਾਰ ਹਨ: ਐੱਚ.ਆਰ.ਡੀ. ਸਿੰਘ, ਗੁਰਚਰਨ ਸਿੰਘ ਸੋਢੀ ਅਤੇ ਅੰਮ੍ਰਿਤਪਾਲ ਸਿੰਘ। ਸੰਦੀਪ ਸਿੰਘ ਨੇ ਗੜਗੱਜ ਸਿੰਘ ਦਾ ਰੋਲ ਅਦਾ ਕੀਤਾ।

ਬਾਲੀਵੁੱਡ ਐਕਟਰ ਗੁਰਿੰਦਰ ਮਕਾਨਾ ਨੇ ਇਕ ਮੁਸਲਮਾਨ ਪਾਤਰ ਦਾ ਰੋਲ ਨਿਭਾਇਆ। ਸੁਦੇਸ਼ ਲਹਿਰੀ ਨੇ ਇਕ ਭੰਡ ਦਾ ਰੋਲ ਕੀਤਾ ਅਤੇ ਅਬਦਾਲੀ ਦੀਆਂ ਬੇਵਕੂਫ਼ੀਆਂ ਦਾ ਮਜ਼ਾਕ ਉਡਾਇਆ। ਅਬਦਾਲੀ ਨੇ ਗੁੱਸੇ ਵਿਚ ਆ ਕੇ ਉਸ ਦਾ ਸਿਰ ਕਲਮ ਕਰ ਦਿੱਤਾ। ਡੌਲੀ ਸਾਂਡਲ ਨੇ ਇਕ ਸਿੱਖ ਔਰਤ ਦਾ ਰੋਲ ਨਿਭਾਇਆ ਜਿਸ ਨੂੰ ਇਕ ਪਠਾਣ ਫ਼ੌਜੀ ਨੇ ਕੋਠੇ ਦੀ ਛੱਤ ਤੋਂ ਹੇਠਾਂ ਸੁੱਟ ਦਿੱਤਾ। ਇਕ ਹਾਸ-ਕਲਾਕਾਰ ਭੋਲੂ ਅੰਬਰਸਰੀਆ ਨੇ ਵੀ ਇਸ ਫਿਲਮ ਵਿਚ ਕੰਮ ਕੀਤਾ।

ਸਿੱਖ ਕਲਾਕਾਰਾਂ ਦੀ ਅਦਾਕਾਰੀ ਨੂੰ ਵੇਖ ਕੇ ਉਨ੍ਹਾਂ ਨੂੰ ਬਾਲੀਵੁੱਡ ਤੋਂ ਸੱਦੇ ਆਉਣ ਲਗ ਪਏ। ਜਿਸ ਦਾ ਸਬੂਤ ਇਹ ਹੈ ਕਿ ਇਕ ਗੁਰਸਿੱਖ ਐਕਟਰ ਜਸਵੰਤ ਸਿੰਘ ਨੇ ਹਿੰਦੀ ਫਿਲਮ 'ਹਵਾਏਂ' ਵਿਚ ਕੰਮ ਕੀਤਾ। ਉਸ ਨੇ ਫਿਲਮ 'ਕਾਫ਼ਿਲਾ' ਵਿਚ ਵੀ ਸੰਨੀ ਦਿਉਲ ਨਾਲ ਮੁੱਖ ਭੂਮਿਕਾ ਨਿਭਾਈ ਅਤੇ ਇਕ ਹੋਰ ਪੇਸ਼ਕਸ਼ ਉਸ ਦੀ ਜੇਬ ਵਿਚ ਹੈ। ਇਕ ਵਧੀਆ ਐਕਟਰ ਕਸ਼ਿਸ਼ ਨੇ ਅਬਦਾਲੀ ਦੇ ਪੁੱਤਰ ਤੈਮੂਰ ਦੀ ਪਤਨੀ ਦਾ ਰੋਲ ਅਦਾ ਕੀਤਾ।

ਚਾਹਲ ਕਹਿੰਦੇ ਹਨ ਕਿ ਅਜੇ ਤਕ ਸਿੱਖ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਅਨੁਆਈਆਂ ਦੀਆਂ ਬੇਮਿਸਾਲ ਕੁਰਬਾਨੀਆਂ ਨੂੰ ਪਰਦੇ 'ਤੇ ਪੇਸ਼ ਕਰਨ ਦਾ ਕੋਈ ਉੱਦਮ ਨਹੀਂ ਕੀਤਾ ਗਿਆ। ਮਾਤਾ ਕੌਲਾਂ ਭਲਾਈ ਕੇਂਦਰ ਦੇ ਸੰਚਾਲਕ ਪ੍ਰਸਿੱਧ ਰਾਗੀ ਭਾਈ ਗੁਰਇਕਬਾਲ ਸਿੰਘ ਨੇ ਚਾਹਲ ਦੇ ਵਿਚਾਰ ਦੀ ਪ੍ਰੋੜ੍ਹਤਾ ਕੀਤੀ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਫਿਲਮ ਦਿਖਾਉਣ ਦੀ ਆਗਿਆ ਲਈ ਹੋਈ ਹੈ।

'ਜੋ ਬੋਲੇ ਸੋ ਨਿਹਾਲ' ਨਾਂ ਦੀ ਇਕ ਫਿਲਮ ਪਹਿਲਾਂ ਬਣਾਈ ਗਈ ਸੀ। ਉਸ ਦੀ ਕਾਫ਼ੀ ਮੁਖਾਲਫ਼ਤ ਹੋਈ ਸੀ ਅਤੇ ਕਈ ਥਾਈਂ ਹਿੰਸਕ ਘਟਨਾਵਾਂ ਵੀ ਹੋਈਆਂ ਸਨ।

ਸਿੱਖ ਲੀਡਰ ਸ. ਜਗਮੋਹਨ ਸਿੰਘ ਟੋਨੀ ਨੇ ਸੈਂਟਰਲ ਬੋਰਡ ਆਫ਼ ਫਿਲਮ ਸਰਟੀਫਿਕੇਸ਼ਨ ਮੁੰਬਈ ਨੂੰ ਇਕ ਚਿੱਠੀ ਲਿਖ ਕੇ ਦੱਸਿਆ ਕਿ ਸਿੱਖ ਧਰਮ ਬਾਰੇ ਕੋਈ ਫਿਲਮ ਬਣਾਉਣ ਵਿਚ ਕੀ ਕੀ ਜੋਖ਼ਮ ਹੋ ਸਕਦੇ ਹਨ। ਉਸ ਚਿੱਠੀ ਦੇ ਕੁਝ ਹਵਾਲੇ ਇਸ ਤਰ੍ਹਾਂ ਹਨ–

'ਮੈਂ ਇਸ ਚਿੱਠੀ ਵਿਚ ਫਿਲਮ 'ਜੋ ਬੋਲੇ ਸੋ ਨਿਹਾਲ' ਬਾਰੇ ਆਪਣੇ ਕੁਝ ਵਿਚਾਰ ਪ੍ਰਗਟ ਕਰ ਰਿਹਾ ਹਾਂ। ਜਿਵੇਂ ਕਿ ਤੁਹਾਨੂੰ ਪਤਾ ਹੀ ਹੋਵੇਗਾ ਕਿ ਫਿਲਮ ਦੇ ਕੁਝ ਅੰਸ਼ਾਂ ਬਾਰੇ ਸਾਰੀ ਦੁਨੀਆ ਦੇ ਸਿੱਖ ਰੋਹ ਪ੍ਰਗਟ ਕਰ ਰਹੇ ਹਨ। ਉਨ੍ਹਾਂ ਨੂੰ ਇਹ ਵੀ ਇਤਰਾਜ਼ ਹੈ ਕਿ ਸਿੱਖਾਂ ਦੇ ਜੰਗੀ ਜੈਕਾਰੇ 'ਬੋਲੇ ਸੋ ਨਿਹਾਲ' ਦੀ ਜਾਣ–ਬੁੱਝ ਕੇ ਬੜੀ ਬੇਪਰਵਾਹੀ ਨਾਲ ਦੁਰਵਰਤੋਂ ਕੀਤੀ ਗਈ ਹੈ। ਸਾਰੀ ਦੁਨੀਆ ਦੀਆਂ ਸਿੱਖ ਸੰਸਥਾਵਾਂ ਨੇ ਫਿਲਮ ਵਿਰੁੱਧ ਅਤੇ ਸਿੱਖ ਜੈਕਾਰੇ ਦੀ ਅਢੁੱਕਵੀਂ ਵਰਤੋਂ ਵਿਰੁੱਧ ਰੋਸ ਜ਼ਾਹਿਰ ਕੀਤਾ ਹੈ। ਫਿਲਮ ਦੇ ਨਿਰਮਾਤਾਵਾਂ ਅਤੇ ਨਿਰਦੇਸ਼ਕਾਂ ਨੇ ਸਿੱਖ ਜਜ਼ਬਾਤ ਦੇ ਸਤਿਕਾਰ ਦਾ ਖ਼ਿਆਲ ਨਹੀਂ ਰੱਖਿਆ।'

****



# ਬੱਲੇ ਬੱਲੇ ਫਰਾਮ ਅੰਮ੍ਰਿਤਸਰ ਟੂ ਲਾਸ ਐਂਜਲਜ਼

ਨਾ ਕੋਈ ਤੋਹਫ਼ੇ! ਨਾ ਕੋਈ ਨਿਸਚਤ ਪ੍ਰੋਗਰਾਮ! ਬੱਸ ਇਕ ਤਮੰਨਾ ਵਿਦੇਸ਼ ਘੁੰਮਣ ਦੀ! ਇਸ ਸ਼ਹਿਰ ਦੇ ਲੋਕਾਂ ਨੂੰ ਵਿਦੇਸ਼ੀ ਧਰਤੀਆਂ ਪੁਕਾਰਦੀਆਂ ਹਨ। ਰੁਪਿੰਦਰ ਸਿੰਘ ਬੇਦੀ ਇਕ ਵਪਾਰੀ ਹੈ। ਉਹ ਕਈ ਵਾਰ ਪਰਿਵਾਰ ਸਮੇਤ ਵਿਦੇਸ਼ ਗਿਆ ਹੈ। ਬੱਸ ਟਿਕਟਾਂ ਉਤੇ ਪੈਸੇ ਖਰਚਦਾ ਹੈ। ਬਾਕੀ ਸਭ ਕੁੱਝ ਪੰਜਾਬੀ ਪ੍ਰਾਹੁਣਾਚਾਰੀ ਦੇ ਜ਼ਿੰਮੇ! ਉਸ ਦੀ ਹਰ ਵਿਦੇਸ਼ ਫੇਰੀ ਆਨੰਦਮਈ ਹੁੰਦੀ ਹੈ।

ਪੰਜਾਬੀ ਪ੍ਰਾਹੁਣਚਾਰੀ ਨੇ ਉਸ ਦੀ ਹਰ ਇੱਛਾ ਪੂਰੀ ਕੀਤੀ ਹੈ। ਸੋਹਣੀਆਂ ਅਦਭੁੱਤ ਥਾਵਾਂ ਦੀ ਯਾਤਰਾ। ਪੈਰਿਸ ਸ਼ਹਿਰ ਦੇ ਧੁਰ ਅੰਦਰ ਪੰਜਾਬੀ ਖਾਣਿਆਂ ਦਾ ਮਜ਼ਾ। ਰੱਜ ਕੇ ਖਾਓ ਅਤੇ ਸੁੰਦਰ ਸਜੇ ਕਮਰਿਆਂ ਵਿਚ ਆਰਾਮ ਕਰੋ।

ਮਜ਼ੇ ਦੀ ਗੱਲ ਹੈ ਕਿ ਉਸ ਦੇ ਸਾਰੇ ਮਿੱਤਰ ਰੈਸਟੋਰੈਂਟਾਂ ਦੇ ਮਾਲਕ ਹਨ। ਇਸ ਲਈ ਵਿਦੇਸ਼ ਵਿਚ ਉਸ ਨੂੰ ਖਾਣ–ਪੀਣ ਦੀ ਕੋਈ ਸਮੱਸਿਆ ਨਹੀਂ। ਯੂਰਪੀਅਨ ਦੇਸ਼ਾਂ ਵਿਚ ਬੋਲੀ ਦੀ ਵੀ ਕੋਈ ਸਮੱਸਿਆ ਨਹੀਂ। ਕਦੀ ਰੂਸ, ਕਦੀ ਇੰਗਲੈਂਡ, ਕਦੀ ਦੁਬਈ ਤੇ ਕਦੀ ਸਿੰਗਾਪੁਰ। ਰੁਪਿੰਦਰ ਸਿੰਘ ਆਪਣੀ ਪਤਨੀ ਜਗਦੀਸ਼ ਕੌਰ ਅਤੇ ਪੁੱਤਰ ਤਨਵੀਰ ਤੇ ਧੀ ਅਨੂ ਨਾਲ ਹਰ ਸਾਲ ਛੁੱਟੀ ਲੈ ਕੇ ਕਿਸੇ ਨਵੇਂ ਦੇਸ਼ ਵਿਚ ਜਾਂਦਾ ਹੈ। ਹਾਲੈਂਡ ਦਾ ਸ਼ਹਿਰ ਐਮਸਟਰਡਮ ਉਸ ਨੂੰ ਬੜੀ ਖਿੱਚ ਪਾਉਂਦਾ ਹੈ ਕਿਉਂਕਿ ਉਥੇ ਪ੍ਰਤੀ ਘਟਾ 200 ਮੀਲ ਗੱਡੀ ਚਲਾਉਣ ਦੀ ਆਗਿਆ ਹੈ। ਐਮਸਟਰਡਮ ਦੀਆਂ ਸੜਕਾਂ ਉਤੇ ਪਾਲਤੂ ਜਾਨਵਰਾਂ ਜਿਵੇਂ ਕੁੱਤਿਆਂ ਨੂੰ ਲਿਜਾਣ ਵਾਲੀਆਂ ਗੱਡੀਆਂ ਬਹੁਤ ਤੇਜ਼ ਦੌੜਦੀਆਂ ਹਨ। ਪਾਲਤੂ ਜਾਨਵਰਾਂ ਨੂੰ ਬਾਕਾਇਦਾ ਸੀਟ–ਪੇਟੀਆਂ ਤੇ ਗਾਗਲ ਲਾਏ ਹੁੰਦੇ ਹਨ। ਰੁਪਿੰਦਰ ਸਿੰਘ ਦਸਦਾ ਹੈ 'ਤੇਜ਼ ਗੱਡੀ ਚਲਾਉਣ ਲਈ ਕੇਵਲ ਡੀ.ਟੀ.ਓ. ਦੀ ਮਨਜ਼ੂਰੀ ਚਾਹੀਦੀ ਹੈ, ਜਿਸ ਉਤੇ ਉਸ ਦੀ ਮੋਹਰ ਲੱਗੀ ਹੋਵੇ।'

ਰੁਪਿੰਦਰ ਸਿੰਘ ਪਿਛਲੇ ਦਸਾਂ ਸਾਲਾਂ ਤੋਂ ਵਿਦੇਸ਼ ਵਿਚ ਛੁੱਟੀਆਂ ਮਨਾ ਰਿਹਾ ਹੈ ਪਰ ਸ਼ਾਇਦ ਹੀ ਕਦੀ ਉਹ ਕਿਸੇ ਹੋਟਲ ਵਿਚ ਰਿਹਾ ਹੋਵੇ। ਉਹ ਕਹਿੰਦਾ ਹੈ ਕਿ 'ਮੈਂ ਸਿਰਫ਼ ਇੰਨਾ ਕਰਦਾ ਹਾਂ ਕਿ ਜਦੋਂ ਮੇਰੇ ਦੋਸਤ ਸਾਲ ਬਾਅਦ ਭਾਰਤ ਆਉਂਦੇ ਹਨ ਤਾਂ ਮੈਂ ਉਨ੍ਹਾਂ ਦੀ ਪ੍ਰਾਹੁਣਾਚਾਰੀ ਕਰਨ ਵਿਚ ਕੋਈ ਕਸਰ ਨਹੀਂ ਛੱਡਦਾ।'

ਐੱਮ.ਕੇ. ਹੋਟਲ ਦੇ ਮਾਲਕ ਸੰਜੇ ਗਲਹੋਤਰਾ ਦਾ ਪਿਛਲੇ ਦੋ ਦਹਾਕਿਆਂ ਤੋਂ ਵਿਦੇਸ਼ ਵਿਚ ਛੁੱਟੀਆਂ ਮਨਾਉਣ ਤੋਂ ਦਿਲ ਨਹੀਂ ਭਰਿਆ। ਪਹਿਲਾਂ ਉਸ ਦਾ ਪਰਿਵਾਰ (ਉਸ ਦੀ ਪਤਨੀ ਸ਼ੈਲੀ, ਤਿੰਨ ਬੱਚੇ ਤੇ ਮਾਤਾ ਪਿਤਾ) ਵਿਦੇਸ਼ੀ ਧਰਤੀ 'ਤੇ

ਪੈਰ ਰੱਖਣ ਤੋਂ ਡਰਦੇ ਸਨ। ਉਹ ਕਸ਼ਮੀਰ ਜਾਣਾ ਹੀ ਬਿਹਤਰ ਸਮਝਦੇ ਸਨ ਪਰ ਹੁਣ ਇਸ ਤਰ੍ਹਾਂ ਨਹੀਂ ਹੈ।

ਇਨ੍ਹਾਂ ਸਫ਼ਰ-ਸ਼ੌਕੀਨਾਂ ਦਾ ਇਕ ਘਰੇਲੂ ਨੁਸਖ਼ਾ ਹੈ ਕਿ ਹਲਕਾ ਸਫ਼ਰ ਕਰੋ ਭਾਵ ਬਹੁਤਾ ਸਾਮਾਨ ਨਾਲ ਨਾ ਚੁੱਕੋ। ਸੰਜੇ ਕਹਿੰਦਾ ਹੈ ਕਿ ਵਿਦੇਸ਼ੀ ਸਫ਼ਰ ਵਿਚ ਬੰਦਾ ਸਮੇਂ ਦੀ ਕਦਰ ਕਰਨੀ ਅਤੇ ਅਗਾਊਂ ਵਿਉਂਤਬੰਦੀ ਦੇ ਸਬਕ ਸਿੱਖਦਾ ਹੈ। ਬੱਚੇ ਪਾਣੀ ਦੀਆਂ ਖੇਡਾਂ ਖੇਡਦੇ ਹਨ, ਚੁੱਭੀਆਂ ਮਾਰਦੇ ਹਨ ਅਤੇ ਕੁਝ ਜੋਖ਼ਮ ਵਾਲੇ ਕਰਤੱਬ ਵੀ ਕਰਦੇ ਹਨ। ਨਾਲ ਦੀ ਨਾਲ ਜਿਨ੍ਹਾਂ ਇਤਿਹਾਸਕ ਥਾਵਾਂ ਅਤੇ ਘਟਨਾਵਾਂ ਬਾਰੇ ਉਨ੍ਹਾਂ ਨੇ ਪੜ੍ਹਿਆ ਹੁੰਦਾ ਹੈ, ਉਨ੍ਹਾਂ ਨੂੰ ਅੱਖੀਂ ਵੇਖਣ ਦਾ ਮੌਕਾ ਮਿਲਦਾ ਹੈ।'

'ਦੁਬਈ ਵਿਚ ਰੇਗਿਸਤਾਨ ਦਾ ਸਫ਼ਰ' ਉਨ੍ਹਾਂ ਦਾ ਬੇਹੱਦ ਮਜ਼ੇਦਾਰ ਤਜਰਬਾ ਸੀ। ਮੋਮਬੱਤੀਆਂ ਦੀ ਰੌਸ਼ਨੀ ਵਿਚ ਉਨ੍ਹਾਂ ਨੇ ਰਾਤ ਦਾ ਖਾਣਾ ਖਾਧਾ ਅਤੇ ਨਾਲ ਹੀ ਅਰਬੀ ਗੀਤ-ਸੰਗੀਤ ਅਤੇ ਨਾਚ ਦਾ ਅਨੰਦ ਮਾਣਿਆ। ਸ਼ੈਲੀ ਕਹਿੰਦੀ ਹੈ 'ਇੰਗਲੈਂਡ ਵਿਚ ਸਟੈਟਫੋਰਡ-ਆਨ-ਐਵਨ ਵਿਖੇ ਵਿਲੀਅਮ ਸ਼ੈਕਸ਼ਪੀਅਰ ਦਾ ਘਰ ਦੇਖਣਾ ਸੱਚ-ਮੁੱਚ ਇਕ ਅਦਭੁੱਤ ਤਜਰਬਾ ਸੀ।' ਸ਼ੈਲੀ ਹੋਰ ਕਹਿੰਦੀ ਹੈ ਕਿ ਪਹਿਲੀ ਵਾਰ ਸਫ਼ਰ ਕਰਨ ਵਾਲਿਆਂ ਲਈ ਕੁਝ ਯਾਦ ਰੱਖਣ ਵਾਲੀਆਂ ਗੱਲਾਂ ਹਨ: ਇੰਟਰਨੈੱਟ 'ਤੇ ਹੋਟਲ ਬੁੱਕ ਕਰ ਲਓ ਅਤੇ ਚਿਕਿਤਸਾ ਤੇ ਸਿਹਤ ਬੀਮਾ ਕਾਰਡ ਨਾਲ ਰੱਖੋ।

ਸਪਰਿੰਗਡੇਲ ਵਿਦਿਅਕ ਸੰਸਥਾਵਾਂ ਦੀ ਪ੍ਰਿੰਸੀਪਲ ਮਿਸ ਮਨਵੀਨ ਸੰਧੂ ਕਹਿੰਦੇ ਸਨ ਕਿ ਸਾਰੇ ਦੇਸ਼ਾਂ ਦੇ ਵਿਦਿਅਕ ਤਜਰਬਿਆਂ ਤੋਂ ਬਹੁਤ ਕੁਝ ਸਿੱਖਿਆ ਜਾ ਸਕਦਾ ਹੈ। (ਅਫ਼ਸੋਸ ਕਿ ਉਹ ਹੁਣ ਸਾਡੇ ਵਿਚ ਨਹੀਂ ਹਨ।) 'ਸਫ਼ਰ ਕਰਨ ਵਾਲੇ ਵਿਅਕਤੀ ਨੂੰ ਆਪਣੇ ਦੇਸ਼ ਬਾਰੇ ਕਾਫ਼ੀ ਜਾਣਕਾਰੀ ਹੋਣੀ ਚਾਹੀਦੀ ਹੈ। ਜਿੱਥੇ ਵੀ ਜਾਓ, ਸਾਡੀ ਸਲਵਾਰ ਤੇ ਸਾੜ੍ਹੀ ਦੀ ਬਹੁਤ ਤਾਰੀਫ਼ ਹੁੰਦੀ ਹੈ।'

ਮਨਵੀਨ ਕਹਿੰਦੇ ਸਨ ਕਿ ਉਨ੍ਹਾਂ ਨੂੰ ਸਫ਼ਰ ਕਰਨ ਦਾ ਸ਼ੌਕ ਉਦੋਂ ਪਿਆ ਜਦੋਂ ਉਨ੍ਹਾਂ ਦੇ ਪਤੀ ਡਾ. ਸ਼ਵਿੰਦਰ ਸਿੰਘ ਬਾਹਰਲੇ ਦੇਸ਼ਾਂ ਵਿਚ ਕਾਨਫਰੰਸਾਂ ਤੇ ਸੈਮੀਨਾਰਾਂ 'ਤੇ ਜਾਂਦੇ ਸਨ। ਬਾਅਦ ਵਿਚ ਸਾਰਾ ਪਰਿਵਾਰ ਆਇਰਲੈਂਡ, ਇੰਗਲੈਂਡ, ਕੈਨੇਡਾ ਅਤੇ ਆਸਟਰੇਲੀਆ ਵਿਚ ਜਾ ਕੇ ਛੁੱਟੀਆਂ ਮਨਾਉਣ ਲਗ ਪਿਆ। (ਸਾਡੀ ਅਰਦਾਸ ਹੈ ਕਿ ਈਸ਼ਵਰ ਉਨ੍ਹਾਂ ਨੂੰ ਸਵਰਗ ਵਿਚ ਵਾਸਾ ਦੇਵੇ!)

ਉਨ੍ਹਾਂ ਦੀ ਬੇਟੀ ਕੀਰਤ ਦਸਦੀ ਹੈ 'ਟੋਬਾਗਨ ਵਿਚ ਬਰਫ਼ ਤੇ ਪਾਣੀ ਦੀਆਂ ਖੇਡਾਂ ਖੇਡ ਕੇ ਹੁਣ ਅਸੀਂ ਇਸ ਵਾਰ ਹਵਾਈ ਨੂੰ ਜਾ ਰਹੇ ਹਾਂ। ਭਾਰਤੀ ਸਫ਼ਾਰਤਖਾਨਿਆਂ ਦੇ ਸੰਪਰਕ ਨੰਬਰ ਹਮੇਸ਼ਾ ਆਪਣੇ ਪਾਸ ਰੱਖੋ। ਉਡਾਣ ਤੋਂ 72 ਘੰਟੇ ਪਹਿਲਾਂ ਚੈੱਕ ਕਰ ਲਓ ਕਿ ਤੁਹਾਡੀ ਉਡਾਣ ਤੇ ਟਿਕਟਾਂ ਸਹੀ ਹਨ।' ਸਫ਼ਰ ਕਰਨ ਵਾਲੇ ਪਰਿਵਾਰਾਂ ਨੂੰ ਇਹ ਗੱਲਾਂ ਯਾਦ ਰੱਖਣੀਆਂ ਚਾਹੀਦੀਆਂ ਹਨ।

ਮਨਵੀਨ ਨੇ ਇਕ ਵਾਰ ਦਸਿਆ ਕਿ ਕਈ ਵਾਰੀ ਵਿਦੇਸ਼ ਦੇ ਸਫ਼ਰ ਵਿਚ ਕੋਈ ਇਤਿਹਾਸਕ ਘਟਨਾ ਸਾਹਮਣੇ ਆ ਜਾਂਦੀ ਹੈ। 'ਵਿੰਡਸਰ ਕੈਸਲ ਵਿਚ ਟੀਪੂ ਸੁਲਤਾਨ ਦੀ ਤਲਵਾਰ ਨੂੰ ਵੇਖ ਕੇ ਦਰਸ਼ਕ ਦੇ ਦਿਲ ਵਿਚ ਅੰਗਰੇਜ਼-ਵਿਰੋਧੀ ਭਾਵਨਾਵਾਂ ਜਾਗ੍ਰਿਤ ਹੋ ਜਾਂਦੀਆਂ ਹਨ।'



ਰਵਿੰਦਰਪਾਲ ਸਿੰਘ ਚੱਠਾ ਅਤੇ ਉਨ੍ਹਾਂ ਦੀ ਪਤਨੀ ਚਾਂਦ ਐੱਨ.ਚੱਠਾ (ਦੋਵੇਂ ਨਿਰਯਾਤ ਦਾ ਕਾਰੋਬਾਰ ਕਰਦੇ ਸਨ) ਸਭ ਤੋਂ ਉੱਚੀਆਂ ਉਡਾਣਾਂ ਭਰਨ ਵਾਲੇ ਜੋੜੇ ਦੇ ਖ਼ਿਤਾਬ ਦੇ ਸਭ ਤੋਂ ਵੱਡੇ ਦਾਅਵੇਦਾਰ ਆਖੇ ਜਾ ਸਕਦੇ ਹਨ। ਜਦੋਂ ਉਨ੍ਹਾਂ ਦੀ ਉਮਰ 60 ਸਾਲ ਦੇ ਕਰੀਬ ਸੀ ਤਾਂ ਉਦੋਂ ਤਕ ਉਹ ਕਈ ਦੇਸ਼ਾਂ ਵਿਚ ਕਈ ਕਈ ਸਾਲ ਰਹਿ ਚੁੱਕੇ ਸਨ। ਛੋਟੀਆਂ ਮੋਟੀਆਂ ਉਡਾਣਾਂ ਤੋਂ ਇਲਾਵਾ ਉਹ ਇਕ ਸਾਲ ਵਿਚ ਘੱਟੋ-ਘੱਟ ਦੋ ਵਾਰ ਛੁੱਟੀਆਂ ਮਨਾਉਣ ਲਈ ਵਿਦੇਸ਼ ਜਾਂਦੇ ਸਨ। ਅਮਰੀਕਾ-ਇੰਗਲੈਂਡ-ਕੈਨੇਡਾ ਦੀ ਤਿੱਕੜੀ ਤੋਂ ਇਲਾਵਾ ਬਰਾਜ਼ੀਲ, ਮਿਸਰ, ਅਰਜਨਟਾਈਨਾ, ਯੂਨਾਨ, ਯੂਰਪ, ਤੁਰਕੀ ਅਤੇ ਆਸਟ੍ਰੇਲੀਆ ਦੀ ਸੈਰ ਕਰਨ ਪਿੱਛੋਂ, ਉਹ ਆਪਣੇ ਵਿਆਹ ਦੀ ਪੈਂਤੀਵੀਂ ਵਰ੍ਹੇਗੰਢ ਮਨਾਉਣ ਲਈ ਅਲਾਸਕਾ ਅਤੇ ਫੁੱਲਾਂ-ਲੱਦੇ ਦੇਸ਼ ਹਵਾਈ ਦੀ ਯਾਤਰਾ 'ਤੇ ਗਏ।

ਸਾਰਾ ਪਰਿਵਾਰ ਛੁੱਟੀਆਂ ਮਨਾਉਣ ਲਈ ਜਾਂ ਕੋਈ ਜਸ਼ਨ ਮਨਾਉਣ ਲਈ ਕਿਸੇ ਇਕ ਦੇਸ਼ ਦੀ ਚੋਣ ਕਰਦਾ ਹੈ। ਉਨ੍ਹਾਂ ਨੂੰ ਇਸ ਗੱਲ ਦਾ ਵੀ ਫ਼ਾਇਦਾ ਹੈ ਕਿ ਉਨ੍ਹਾਂ ਦੀਆਂ ਦੋ ਧੀਆਂ ਅਮਰੀਕਾ ਵਿਚ ਰਹਿੰਦੀਆਂ ਹਨ। ਸਾਰਾ ਪਰਿਵਾਰ ਆਪਣੀ ਨਿੱਜਤਾ (ਪ੍ਰਾਈਵੇਸੀ) ਨੂੰ ਕਾਇਮ ਰੱਖਣ ਵਿਚ ਵਿਸ਼ਵਾਸ ਰੱਖਦਾ ਹੈ ਅਤੇ ਆਪਣੀਆਂ ਪਰਿਵਾਰਕ ਖ਼ੁਸ਼ੀਆਂ ਨੂੰ ਬਿਨਾਂ ਕਿਸੇ ਬਾਹਰੀ ਦਖ਼ਲ ਤੋਂ, ਪਰਿਵਾਰ ਤਕ ਹੀ ਸੀਮਤ ਰੱਖਣਾ ਚਾਹੁੰਦਾ ਹੈ। ਇਸ ਲਈ ਉਹ ਵਿਦੇਸ਼ ਵਿਚ ਕਿਸੇ ਦੇ ਘਰ ਵਿਚ ਰਹਿਣ ਦੀ ਬਜਾਏ ਵਧੀਆ ਤੋਂ ਵਧੀਆ ਹੋਟਲਾਂ ਵਿਚ ਨਿਵਾਸ ਕਰਦਾ ਹੈ।

ਆਪਣੀ ਪਤਨੀ ਦੇ ਬੇਹੱਦ ਪ੍ਰਸ਼ੰਸਕ ਸ. ਰਵਿੰਦਰ ਪਾਲ ਸਿੰਘ ਕਹਿੰਦੇ ਹਨ ਕਿ ਮੈਂ ਚਾਹੁੰਦਾ ਹਾਂ ਕਿ ਚਾਂਦ ਨੂੰ ਹਰ ਜਗ੍ਹਾ ਆਪਣੇ ਨਾਲ ਲੈ ਕੇ ਜਾਇਆ ਕਰਾਂ। ਉਹ ਮਿਸ ਡਲਹੌਜ਼ੀ ਤੇ ਮਿਸ ਚੰਡੀਗੜ੍ਹ ਚੁਣੀ ਜਾਣ ਤੋਂ ਪਿਛੋਂ, 1968 ਵਿਚ ਮਿਸ ਟੀਨਏਜ ਇੰਡੀਆ ਪ੍ਰਿੰਸੈੱਸ ਵੀ ਚੁਣੀ ਗਈ ਸੀ। ਅਸੀਂ ਕੁਝ ਸਮਾਂ ਪਹਿਲਾਂ ਦਾਦਾ-ਦਾਦੀ ਵੀ ਬਣ ਗਏ ਹਾਂ ਪਰ ਚਾਂਦ ਦਾ ਜ਼ਿੰਦਗੀ ਲਈ ਪਿਆਰ, ਹਾਸਾ-ਮਜ਼ਾਕ ਅਤੇ ਉਤਸ਼ਾਹ ਘੱਟ ਨਹੀਂ ਹੋਇਆ। ਉਹ ਅਜੇ ਵੀ ਤੈਰਨ ਦੇ ਯੰਤਰ ਪਹਿਨ ਕੇ ਡੂੰਘੇ ਸਮੁੰਦਰ ਵਿਚ ਤਾਰੀਆਂ ਲਾਉਣ, ਲਹਿਰਾਂ ਉਤੇ ਤਰਨ ਅਤੇ ਬਰਫ਼ ਤੇ ਰੇਤ ਵਿਚ ਲਿਟਣ ਦੀ ਸ਼ੌਕੀਨ ਹੈ। ਰਾਵਿੰਦਰ ਤੇ ਚਾਂਦ ਆਪਣੇ ਪਰਿਵਾਰਕ ਬਿਜ਼ਨੈਸ ਨੂੰ ਚਲਾਉਣ ਤੋਂ ਪਹਿਲਾਂ ਚੋਟੀ ਦੀਆਂ ਅਮਰੀਕਨ ਕੰਪਨੀਆਂ ਵਿਚ ਕੰਮ ਕਰਦੇ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸਾਰੇ ਦਸਤਾਵੇਜ਼, ਪਾਸਪੋਰਟ, ਕਰੈਡਿਟ ਕਾਰਡ, ਅਤੇ ਬਟੂਏ ਆਦਿ ਸੁਰੱਖਿਅਤ ਰੱਖਣ ਲਈ ਸਮਾਰਟ ਬੈਗ ਅਤੇ ਪਾਕਟ ਬੈਲਟ ਵਧੀਆ ਚੀਜ਼ਾਂ ਹਨ। ਚਾਂਦ ਸਲਾਹ ਦਿੰਦੀ ਹੈ ਕਿ ਉਡਾਣ ਲਈ ਜਹਾਜ਼ ਵਿਚ ਸਵਾਰ ਹੋਣ ਤੋਂ ਪਹਿਲਾਂ ਕੰਪਿਊਟਰ ਦੁਆਰਾ ਇਹ ਚੈੱਕ ਕਰ ਲਓ ਕਿ ਤੁਹਾਡਾ ਸਾਮਾਨ ਆਦਿ ਤੁਹਾਡੀ ਉਡਾਣ ਦੇ ਨਾਲ ਜਾ ਰਿਹਾ ਹੈ ਕਿ ਨਹੀਂ?

****

## ਵੰਡ ਦੇ ਵਖਰੇਵੇਂ ਮੇਟਣ ਦੀ ਕਲਾ

ਕੁਝ ਸਾਲ ਪਹਿਲਾਂ ਦੀ ਗੱਲ ਹੈ ਕਿ ਇਸਲਾਮਾਬਾਦ ਦੇ ਇਕ ਸਿਨਮੇ ਦੇ ਮਾਲਕ ਇਕ ਮੁਸ਼ਕਲ ਵਿਚ ਫਸ ਗਏ। ਉਹ ਆਪਣੇ ਸਿਨੇਮਾ ਹਾਲ ਵਿਚ ਚੋਰੀ-ਛੁਪੇ ਇਕ ਭਾਰਤੀ ਫਿਲਮ 'ਕਭੀ ਖ਼ੁਸ਼ੀ ਕਭੀ ਗਮ' ਦਿਖਾ ਰਹੇ ਸਨ। ਦਰਸ਼ਕਾਂ ਵਿਚ ਬਹੁਤੇ ਨੌਜਵਾਨ ਸਨ ਜੋ ਗਾਣਿਆਂ ਦੇ ਤਾਲ ਉਤੇ ਨਚ ਰਹੇ ਸਨ। ਗਾਣਿਆਂ ਦੀਆਂ ਟਿਊਨਾਂ ਇੰਨੀਆਂ ਦਿਲਕਸ਼ ਸਨ ਕਿ ਉਨ੍ਹਾਂ ਨੇ ਭਾਰਤੀ ਦੇਸ਼-ਭਗਤੀ ਦੇ ਗਾਣਿਆਂ ਉਤੇ ਵੀ ਨਾਚ ਜਾਰੀ ਰੱਖਿਆ। ਅਜਿਹੇ ਗਾਣਿਆਂ ਵਿਚ 'ਵੰਦੇ ਮਾਤ੍ਰਮ' ਅਤੇ 'ਸਾਰੇ ਜਹਾਂ ਸੇ ਅੱਛਾ ਹਿੰਦੁਸਤਾਂ ਹਮਾਰਾ' ਦੇ ਗਾਣੇ ਵੀ ਸ਼ਾਮਲ ਸਨ।

ਪਾਕਿਸਤਾਨ ਵਿਚ ਭਾਰਤੀ ਫਿਲਮਾਂ ਦਿਖਾਉਣ 'ਤੇ ਪਾਬੰਦੀ ਲੱਗੀ ਹੋਈ ਸੀ। ਪਰ ਇਸਲਾਮਾਬਾਦ ਦੇ ਕੇਂਦਰ ਵਿਚ 'ਮੈਲੋਡੀ' ਸਿਨਮੇ ਨੇ ਕੁਝ ਖ਼ਾਸ ਦਰਸ਼ਕਾਂ ਨੂੰ ਅੱਧੀ ਰਾਤ ਵੇਲੇ ਭਾਰਤੀ ਫਿਲਮਾਂ ਦਿਖਾ ਕੇ ਲੱਗੀ ਹੋਈ ਪਾਬੰਦੀ ਦਾ ਉਲੰਘਣ ਕੀਤਾ ਅਤੇ ਕਾਨੂੰਨੀ ਸ਼ਿਕੰਜੇ ਵਿਚ ਫਸ ਗਏ। ਪਰ ਹੁਣ ਪਿਛਲੇ 60 ਸਾਲ ਦੀ ਦੁਸ਼ਮਣੀ ਅਤੇ 'ਅਣਚਾਹੀਆਂ' ਪਾਬੰਦੀਆਂ ਬੀਤੇ ਸਮੇਂ ਦੀ ਗੱਲ ਹੋ ਗਈਆਂ ਹਨ। ਵਾਹਗੇ ਦੀ ਸਰਹੱਦ ਹੁਣ ਦੋਹਾਂ ਦੇਸ਼ਾਂ ਦੀਆਂ ਇਕੋ ਜਿਹੀਆਂ ਸਰਗਰਮੀਆਂ ਦੇ ਸੁਰ-ਤਾਲ ਨਾਲ ਗੂੰਜਦੀ ਰਹਿੰਦੀ ਹੈ। ਲੋਕਾਂ ਦਾ ਆਪਸੀ ਮੇਲ ਮਿਲਾਪ ਵੱਧ ਰਿਹਾ ਹੈ। ਖ਼ਾਸ ਤੌਰ 'ਤੇ ਭਾਰਤੀ ਅਤੇ ਪਾਕਿਸਤਾਨੀ ਕਲਾਕਾਰ ਜਿਨ੍ਹਾਂ ਨੇ ਦੋਹਾਂ ਦੇਸ਼ਾਂ ਦੇ ਕੌਮੀ ਝੰਡੇ ਆਪਣੇ ਹੱਥਾਂ ਵਿਚ ਫੜੇ ਹੁੰਦੇ ਹਨ, ਅੰਤਰਰਾਸ਼ਟਰੀ ਸਰਹੱਦ ਉਤੇ ਢੋਲ ਦੇ ਡਗੇ 'ਤੇ ਨਚਦੇ ਦਿਖਾਈ ਦਿੰਦੇ ਹਨ।

ਉਤਸ਼ਾਹਜਨਕ ਗੱਲ ਇਹ ਹੈ ਕਿ ਅੰਮ੍ਰਿਤਸਰ ਦੇ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਦੇ ਮੰਚ-ਰੰਗ-ਮੰਚ ਅਤੇ ਮਰਹੂਮ ਮਦੀਹਾ ਗੌਹਰ ਦੇ ਅਜੋਕਾ ਥੀਏਟਰ ਲਾਹੌਰ ਨੇ ਦੋਹਾਂ ਦੇਸ਼ਾਂ ਦੇ ਕਲਾਕਾਰਾਂ ਨੂੰ ਆਲ ਪੰਜਾਬ ਪਰਫਾਰਮਿੰਗ ਆਰਟਿਸਟਸ ਨੈੱਟਵਰਕ (APPAN) ਦੇ ਝੰਡੇ ਹੇਠ ਇਕੱਠਾ ਕਰਨ ਦਾ ਇਕ ਬੇਮਿਸਾਲ ਉੱਦਮ ਕੀਤਾ ਸੀ। ਪੰਜਾਬੀ ਸ਼ਬਦ 'ਅੱਪਨ' (APPAN) ਦਾ ਅੰਗਰੇਜ਼ੀ ਤਰਜਮਾ 'WE' ਹੈ ਭਾਵ 'ਅਸੀਂ'। 'ਅੱਪਨ' ਦੀਆਂ ਸਰਗਰਮੀਆਂ ਵਿਚ ਸਾਂਝੇ ਨਾਟਕ ਤਿਆਰ ਕਰਨੇ, ਨਾਟਕ ਵਰਕਸ਼ਾਪਾਂ ਆਯੋਜਿਤ ਕਰਨੀਆਂ ਅਤੇ ਲਾਹੌਰ ਤੇ ਅੰਮ੍ਰਿਤਸਰ ਵਿਚ ਯਾਦਗਾਰੀ ਦਿਨ ਮਨਾਉਣੇ ਸ਼ਾਮਲ ਹਨ। ਆਮ ਤੌਰ 'ਤੇ ਪੰਜਾਬ ਦੇ ਨਾਇਕਾਂ, ਸੂਫ਼ੀ ਕਵੀਆਂ ਦੇ ਦਿਨ ਅਤੇ ਬਸੰਤ ਤੇ ਵਿਸਾਖੀ ਦੇ ਮੇਲੇ ਮਨਾਏ ਜਾਂਦੇ ਹਨ।

'ਨੈੱਟਵਰਕ' ਦੀ ਨੀਂਹ ਰੱਖਣ ਵਾਲੇ ਦੋਹਾਂ ਗਰੁੱਪਾਂ 'ਮੰਚ ਰੰਗ ਮੰਚ' ਅੰਮ੍ਰਿਤਸਰ ਅਤੇ ਅਜੋਕਾ ਥੀਏਟਰ ਲਾਹੌਰ ਨੇ ਪਿਛਲੇ ਸਾਲ ਸਾਂਝੇ ਯਤਨ ਨਾਲ ਇਕ ਨਾਟਕ, ਤਿਆਰ ਕੀਤਾ-ਪੀਰੋ ਪ੍ਰੇਮਣ। ਇਸ ਨਾਟਕ ਦੇ ਨਿਰਮਾਤਾ ਅਜੋਕਾ ਥੀਏਟਰ ਲਾਹੌਰ



ਅਤੇ ਨਿਰਦੇਸ਼ਕ ਕੇਵਲ ਧਾਲੀਵਾਲ ਅੰਮ੍ਰਿਤਸਰ ਸਨ। ਦੋਹਾਂ ਗਰੁੱਪਾਂ ਦੇ ਇਸ ਸਾਂਝੇ ਯਤਨ ਨੇ ਦੋਹਾਂ ਪੰਜਾਬਾਂ ਦੇ ਸੱਭਿਆਚਾਰਕ ਸਬੰਧਾਂ ਨੂੰ ਹੋਰ ਮਜ਼ਬੂਤ ਕੀਤਾ। ਪੀਰੋ ਪੰਜਾਬੀ ਦੀ ਪਹਿਲੀ ਕਵਿਤਰੀ ਸੀ ਜੋ ਬਾਅਦ ਵਿਚ ਸਾਂਝੇ ਪੰਜਾਬੀ ਸੱਭਿਆਚਾਰ ਦਾ ਇਕ ਚਿੰਨ੍ਹ ਬਣ ਗਈ।

'ਅੱਪਨ' ਦਾ ਇਕ ਹੋਰ ਵਧੀਆ ਕਾਰਜ ਹੈ ਪਾਕਿਸਤਾਨੀ ਲੇਖਕ ਸ਼ਾਹਿਦ ਨਦੀਮ ਦੇ ਨਾਟਕ 'ਬੁੱਲ੍ਹਾ' ਨੂੰ ਗੁਰਮੁਖੀ ਵਿਚ ਪ੍ਰਕਾਸ਼ਿਤ ਕਰਨਾ। ਗੁਰਮੁਖੀ ਵਿਚ ਲਿੱਪੀਅੰਤਰ ਅਰਵਿੰਦਰ ਕੌਰ ਧਾਲੀਵਾਲ ਨੇ ਕੀਤਾ। ਸੱਭਿਆਚਾਰਕ ਆਦਾਨ-ਪ੍ਰਦਾਨ ਦਾ ਇਹ ਇਕ ਹੋਰ ਮੀਲ ਪੱਥਰ ਸੀ, ਲਾਹੌਰ ਵਿਚ 'ਪੰਜ ਪਾਣੀ' ਨਾਂ ਦਾ ਇਕ ਸਮਾਰੋਹ ਆਯੋਜਿਤ ਕਰਨਾ। ਪੂਰਬੀ ਤੇ ਪੱਛਮੀ ਪੰਜਾਬ ਵਿਚ ਅੱਜ ਤਕ ਕਈ ਸਾਂਝੇ ਪ੍ਰੋਗਰਾਮ ਹੋਏ ਹਨ ਅਤੇ ਕਲਾਕਾਰਾਂ ਦਾ ਆਉਣਾ ਜਾਣਾ ਲੱਗਿਆ ਰਹਿੰਦਾ ਹੈ।

'ਮੰਚ ਰੰਗ ਮੰਚ' ਅੰਮ੍ਰਿਤਸਰ ਦੀ ਇਕ ਸਾਹਿਤਕ ਕ੍ਰਿਤ ਹੈ- ਪੰਜਾਬੀ ਨਾਟਕ ਲੂਣਾਂ। ਸ਼ਿਵ ਬਟਾਲਵੀ ਦੇ ਕਾਵਿ-ਨਾਟਿ ਰਚਨਾ ਦਾ ਲਾਹੌਰ ਵਿਚ ਦਰਸ਼ਕਾਂ ਨੇ ਖੜ੍ਹੇ ਹੋ ਕੇ ਸਨਮਾਨ ਕੀਤਾ। ਪਾਕਿਸਤਾਨੀ ਕਲਾਕਾਰਾਂ ਨੇ ਅਗਲੇ ਦਿਨ, ਫੇਰ 'ਲੂਣਾਂ' ਦੇਖਣ ਲਈ ਆਪਣਾ ਨਾਟਕ ਖੇਡਣਾ ਕੈਂਸਲ ਕਰ ਦਿੱਤਾ।

'ਮੰਚ ਰੰਗ ਮੰਚ' ਅੰਮ੍ਰਿਤਸਰ ਨੇ 'ਭਾਰਤ ਪਾਕਿਸਤਾਨ ਦੇ ਬਰਫ਼ਾਨੀ ਸਬੰਧਾਂ ਨੂੰ ਪਿਘਲਾਉਣ ਵਿਚ ਸਾਹਿਤ ਤੇ ਥੀਏਟਰ ਦਾ ਯੋਗਦਾਨ ਦੇ ਵਿਸ਼ੇ ਉਤੇ ਇਕ ਸੈਮੀਨਾਰ ਕਰਵਾਇਆ, ਜਿਸ ਵਿਚ ਲਾਹੌਰ ਤੇ ਅੰਮ੍ਰਿਤਸਰ ਦੇ ਪ੍ਰਸਿੱਧ ਕਲਾਕਾਰਾਂ ਨੇ ਭਾਗ ਲਿਆ।

'ਮੰਚ ਰੰਗ ਮੰਚ' ਅਤੇ ਅਜੋਕਾ ਥੀਏਟਰ ਲਾਹੌਰ ਹੁਣ ਨਵੰਬਰ ਵਿਚ ਲਾਹੌਰ ਤੇ ਅੰਮ੍ਰਿਤਸਰ ਵਿਚ 'ਮੰਟੋ ਥੀਏਟਰ ਸਮਾਰੋਹ' ਕਰਵਾਉਣ ਬਾਰੇ ਸੋਚ ਰਹੇ ਹਨ। ਵੰਡ ਸਮੇਂ ਲਾਹੌਰ ਨੂੰ ਹਿਜਰਤ ਕਰਨ ਤੋਂ ਪਹਿਲਾਂ ਨਾਮਵਰ ਉਰਦੂ ਲੇਖਕ ਮੰਟੋ ਲੰਮੇ ਸਮੇਂ ਤਕ ਅੰਮ੍ਰਿਤਸਰ ਵਿਚ ਰਹੇ ਸਨ। ਦੋਨੋਂ ਥੀਏਟਰ ਗਰੁੱਪ ਹੁਣ ਪ੍ਰੀਤ ਨਗਰ ਦੀ ਪੁਰਾਣੀ ਸ਼ਾਨ ਨੂੰ ਮੁੜ ਕੇ ਬਹਾਲ ਕਰਨ ਦੀ ਯੋਜਨਾ ਵੀ ਬਣਾ ਰਹੇ ਹਨ, ਜੋ ਦੇਸ਼-ਵੰਡ ਤੋਂ ਪਹਿਲਾਂ ਸੱਭਿਆਚਾਰਕ ਸਰਗਰਮੀਆਂ ਦਾ ਵੱਡਾ ਕੇਂਦਰ ਹੁੰਦਾ ਸੀ।

ਰੈੱਡਕਲਿਫ਼ ਰੇਖਾ ਦੇ ਦੋਵੇਂ ਪਾਸੇ ਜੋ ਮੇਲ-ਮਿਲਾਪ ਦੀ ਲਹਿਰ ਚਲ ਰਹੀ ਹੈ। ਇਸ ਦਾ ਸਿਹਰਾ ਦੋਹਾਂ ਦੇਸ਼ਾਂ ਦੇ ਲੇਖਕਾਂ ਅਤੇ ਕਲਾਕਾਰਾਂ ਦੀਆਂ ਅਣਥੱਕ ਕੋਸ਼ਿਸ਼ਾਂ ਦੇ ਸਿਰ ਬੱਝਦਾ ਹੈ, ਜੋ ਕੁਝ ਸੂਝਵਾਨ ਸਿਆਸਤਦਾਨਾਂ ਦੀ ਮਦਦ ਨਾਲ ਪੂਰਬੀ ਤੇ ਪੱਛਮੀ ਪੰਜਾਬ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਲਈ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। ਕਲਾਕਾਰਾਂ ਨੇ ਦੋਹਾਂ ਦੇਸ਼ਾਂ ਦੇ ਲੋਕਾਂ ਦੇ ਦਿਲਾਂ ਵਿਚ ਇਹ ਗੱਲ ਪਾ ਦਿੱਤੀ ਹੈ ਕਿ ਬੀਤੇ ਸਮੇਂ ਦੀਆਂ ਤਲਖ਼ ਘਟਨਾਵਾਂ ਨੂੰ ਸਾਡਾ ਭਵਿੱਖ ਵਿਗਾੜਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ ਅਤੇ ਭਾਰਤ ਦੇ ਵਿਚਾਲੇ ਸਾਈਰਿਲ ਰੈੱਡਕਲਿਫ਼ ਨੇ ਜੋ ਲਕੀਰ ਖਿੱਚੀ ਹੈ, ਉਹ ਹਮੇਸ਼ਾ ਵਾਸਤੇ ਸਾਡੇ ਵਿਚਾਲੇ ਇਕ ਕੰਧ ਨਹੀਂ ਬਣ

ਸਕਦੀ। ਕਲਾਕਾਰਾਂ ਨੇ ਇਹ ਪ੍ਰਣ ਕੀਤਾ ਹੈ ਕਿ ਅਸੀਂ ਆਉਣ ਵਾਲੇ ਸਾਲਾਂ ਨੂੰ ਕੇਵਲ ਇਸ ਲਈ ਵਿਅਰਥ ਨਹੀਂ ਗੁਆ ਸਕਦੇ ਕਿਉਂਕਿ ਅਸੀਂ ਪਿਛਲੇ 60 ਸਾਲ ਇਕ ਦੂਜੇ ਨੂੰ ਨਰਫ਼ਤ ਕਰਨ ਵਿਚ ਬਿਤਾ ਦਿੱਤੇ ਹਨ। ਸਰਹੱਦ ਦੇ ਇਸ ਪਾਸੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬ ਨਾਟਸ਼ਾਲਾ, ਬੀ.ਬੀ.ਕੇ., ਡੀ.ਏ.ਵੀ. ਕਾਲਜ (ਲੜਕੀਆਂ) ਅਤੇ ਸਪਰਿੰਗਡੇਲ ਸਕੂਲ, ਵੱਖ-ਵੱਖ ਕਲਾਵਾਂ ਦਾ ਪ੍ਰਦਰਸ਼ਨ ਕਰਨ ਵਾਲੇ ਕੇਂਦਰਾਂ ਵਜੋਂ ਉਭਰ ਕੇ ਸਾਹਮਣੇ ਆਏ ਹਨ। ਇਨ੍ਹਾਂ ਸੰਸਥਾਵਾ ਨੇ ਪਾਕਿਸਤਾਨ ਦੇ ਅਜੋਕਾ ਥੀਏਟਰ ਗਰੁੱਪ ਅਤੇ ਭਾਰਤ ਦੇ ਮੰਚ-ਰੰਗ-ਮੰਚ ਗਰੁੱਪ ਨਾਲ ਮਿਲ ਕੇ ਸਫ਼ੋਕਲੀਜ਼ ਦੇ ਪ੍ਰਸਿੱਧ ਨਾਟਕ 'ਓਡੀਪਸ' ਨੂੰ ਖੇਡਣ ਦਾ ਉੱਦਮ ਕੀਤਾ। ਸਫ਼ੋਕਲੀਜ਼ ਪ੍ਰਾਚੀਨ ਯੂਨਾਨੀ ਨਾਟਕਕਾਰਾਂ ਵਿਚੋਂ ਇਕ ਪ੍ਰਸਿੱਧ ਨਾਟਕਕਾਰ ਸਨ। ਇਹ ਨਾਟਕ ਭਾਰਤ ਤੇ ਪਾਕਿਸਤਾਨ ਦੇ ਮਹਾਨ ਤਿੰਨ ਥੀਏਟਰ ਗਰੁੱਪਾਂ ਵਲੋਂ ਲਗਾਈ ਗਈ ਇਕ ਵਰਕਸ਼ਾਪ ਦਾ ਨਤੀਜਾ ਸੀ ਜਿਨ੍ਹਾਂ ਵਿਚ ਕੋਲਕਾਤੇ ਦੇ ਪਾਰਥੋ ਬੈਨਰਜੀ ਅਤੇ ਅੰਮ੍ਰਿਤਸਰ ਦੇ ਕੇਵਲ ਧਾਲੀਵਾਲ ਵੀ ਸ਼ਾਮਲ ਸਨ। ਭਾਰਤ ਅਤੇ ਪਾਕਿਸਤਾਨ ਦੇ ਲਗਪਗ 60 ਕਲਾਕਾਰਾਂ ਨੇ ਇਸ ਨਾਟਕ ਵਿਚ ਕੰਮ ਕੀਤਾ। ਨਾਟਕ ਰਵਾਇਤੀ ਨਕਾਬਪੋਸ਼ ਕਲਾਕਾਰਾਂ ਦੀ ਅਦਾਕਾਰੀ ਨਾਲ ਸ਼ੁਰੂ ਹੋਇਆ। ਇਹ ਨਾਟਕ ਮਸ਼ਹੂਰ ਯੂਨਾਨੀ ਦੁਖਾਂਤ ਉਤੇ ਆਧਾਰਿਤ ਹੈ ਜਿਸ ਦੀ ਪ੍ਰੇਰਨਾ ਓਡੀਪਸ ਕੰਪਲੈਕਸ ਦੀ ਫਰਾਇਡੀਅਨ ਫ਼ਿਲਾਸਫ਼ੀ ਤੋਂ ਲਈ ਗਈ ਹੈ।

ਥੀਏਟਰ ਸਬੰਧੀ ਲਗਾਈਆਂ ਵਰਕਸ਼ਾਪਾਂ ਨੇ ਨੌਜੁਆਨ ਕਲਾਕਾਰਾਂ ਲਈ ਥੀਏਟਰ ਸੱਭਿਆਚਾਰ ਦੀ ਇਕ ਨਵੀਂ ਵੰਨਗੀ ਸਿਰਜ ਦਿੱਤੀ ਹੈ ਜੋ ਭਾਰਤੀ ਤੇ ਪਾਕਿਸਤਾਨੀ ਕਲਾਕਾਰਾਂ ਵਿਚਾਲੇ ਇਕ ਸੱਭਿਆਚਾਰਕ ਸਾਂਝ ਦੀ ਪ੍ਰਤੀਕ ਹੈ। ਪਿਛਲੇ ਸਾਲ ਦੇ ਅੰਤ ਵਿਚ ਹਿੰਦ-ਪਾਕਿ ਥੀਏਟਰ ਬਾਰੇ ਲਾਈਆਂ ਸਾਂਝੀਆਂ ਵਰਕਸ਼ਾਪਾਂ ਦੇ ਫਲਸਰੂਪ ਅੰਮ੍ਰਿਤਸਰ ਵਿਚ ਦੇਸ਼ ਭਰ 'ਚੋਂ ਕਈ ਨਵੇਂ ਅਤੇ ਪੁਰਾਣੇ ਨਾਟਕ ਖੇਡੇ ਗਏ ਅਤੇ ਥੀਏਟਰ ਦੇ ਸਿਧਾਂਤ ਅਤੇ ਅਭਿਆਸ ਬਾਰੇ ਕਈ ਵਿਚਾਰ-ਵਟਾਂਦਰੇ ਹੋਏ।

ਹਿੰਦ-ਪਾਕਿ ਥੀਏਟਰ ਵਰਕਸ਼ਾਪਾਂ ਨੇ ਕਈ ਖ਼ਾਸ ਤਜਰਬੇ ਸਾਹਮਣੇ ਲਿਆਂਦੇ, ਜਿਵੇਂ ਪ੍ਰਿਥਵੀ ਥੀਏਟਰ ਦੀਆਂ ਪੁਰਾਣੀਆਂ ਐਕਟ੍ਰੈਸਾਂ ਜ਼ੁਹਰਾ ਸਹਿਗਲ ਅਤੇ ਅਜ਼ਰਾ ਬੱਟ ਵਾਪਸ ਆ ਗਈਆਂ ਅਤੇ ਉਨ੍ਹਾਂ ਨੇ ਹਿੰਦ-ਪਾਕਿ ਦੀ ਇਕ ਸਾਂਝੀ ਕ੍ਰਿਤ 'ਏਕ ਥੀ ਨਾਨੀ' ਵਿਚ ਕੰਮ ਕੀਤਾ। ਇਹ ਨਾਟਕ ਭਾਰਤ ਵਿਚ ਜਨਮੇ ਸ਼ਾਹਿਦ ਨਦੀਮ ਨੇ ਲਿਖਿਆ ਸੀ, ਜੋ ਬਾਅਦ ਵਿਚ ਪਾਕਿਸਤਾਨ ਚਲੇ ਗਏ ਅਤੇ ਇਕ ਨਾਟਕਕਾਰ ਬਣ ਗਏ। ਉਨ੍ਹਾਂ ਨੇ ਮਸ਼ਹੂਰ ਥੀਏਟਰ ਗਰੁੱਪ 'ਅਜੋਕਾ' ਦੀ ਨੀਂਹ ਰੱਖੀ। ਸ਼ਾਹਿਦ ਨਦੀਮ ਉਪਰੋਕਤ ਦੋਹਾਂ ਭੈਣਾਂ ਦੀ ਜ਼ਿੰਦਗੀ ਤੋਂ ਬਹੁਤ ਪ੍ਰਭਾਵਿਤ ਹੋਏ ਜੋ 'ਟੁੱਟੇ ਹੋਏ ਦੇਸ਼ ਦੀ ਇਕ ਸਾਂਝੀ ਕੜੀ' ਸਾਬਤ ਹੋਈਆਂ।

ਜ਼ੁਹਰਾ ਸਹਿਗਲ ਨੇ ਭਾਰਤੀ ਫਿਲਮਾਂ ਵਿਚ, ਟੈਲੀਵਿਜ਼ਨ ਅਤੇ ਸਟੇਜ਼ ਉਤੇ ਕੰਮ ਕੀਤਾ ਪਰ ਉਸ ਦੀ ਭੈਣ ਅਜ਼ਰਾ ਬੱਟ 1960 ਵਿਚ ਪਾਕਿਸਤਾਨ ਚਲੀ ਗਈ



ਸੀ ਅਤੇ ਉਸ ਨੇ ਫਿਲਮਾਂ ਵਿਚ ਕੰਮ ਕਰਨਾ ਛੱਡ ਦਿੱਤਾ ਸੀ। ਇਸ ਦੇ ਬਾਵਜੂਦ ਉਹ ਪਾਕਿਸਤਾਨ ਦੇ 'ਅਜੋਕਾ ਥੀਏਟਰ ਗਰੁੱਪ' ਦੀ ਸਥਾਈ ਮੈਂਬਰ ਹੈ। 1999 ਵਿਚ ਬਣੀ ਫਿਲਮ 'ਏਕ ਥੀ ਨਾਨੀ' ਨੇ ਦੋਹਾਂ ਭੈਣਾਂ ਨੂੰ ਇਕ ਵਾਰ ਫੇਰ ਮਿਲਾ ਦਿੱਤਾ, ਜਿਨ੍ਹਾਂ ਨੂੰ ਹਿੰਦ-ਪਾਕਿ ਦੀ ਸਰਹੱਦ ਨੇ ਵਿਛੋੜ ਦਿੱਤਾ ਸੀ। ਇਹ ਨਾਟਕ ਸ਼ਾਇਦ ਇੰਨਾ ਪ੍ਰਭਾਵਸ਼ਾਲੀ ਨਾ ਬਣਦਾ ਪਰ ਜ਼ੁਹਰਾ ਸਹਿਗਲ ਦੀ ਅਦਾਕਾਰੀ ਨੇ ਇਸ ਨਾਟਕ ਨੂੰ ਇਕ ਅਭੁੱਲ ਰਚਨਾ ਬਣਾ ਦਿੱਤਾ।

ਜ਼ੁਹਰਾ ਸਹਿਗਲ ਸੌ ਸਾਲ ਨੂੰ ਢੁੱਕਣ ਵਾਲੀ ਹੈ। ਉਹ ਸੱਚ-ਮੁੱਚ ਥੀਏਟਰ ਦੀ ਪ੍ਰਤਿਭਾਸ਼ਾਲੀ ਮਹਾਰਾਣੀ ਹੈ। ਇਹ ਨਾਟਕ ਦੋ ਭੈਣਾਂ ਦੀ ਕਹਾਣੀ ਨੂੰ ਦਰਸਾਉਂਦਾ ਹੈ, ਜਿਨ੍ਹਾਂ ਵਿਚੋਂ ਇਕ ਤਾਂ ਪਾਕਿਸਤਾਨ ਚਲੀ ਗਈ ਸੀ ਅਤੇ ਦੂਜੀ ਆਪਣੀ ਜ਼ਿੰਦਗੀ ਨਾਚ ਅਤੇ ਅਦਾਕਾਰੀ ਨੂੰ ਸਮਰਪਿਤ ਕਰਨ ਲਈ ਭਾਰਤ ਵਿਚ ਠਹਿਰ ਗਈ ਸੀ। ਇਹ ਨਾਟਕ ਕਾਫ਼ੀ ਹੱਦ ਤਕ ਦੋਹਾਂ ਭੈਣਾਂ ਦੀ ਅਸਲੀ ਜ਼ਿੰਦਗੀ ਉਤੇ ਹੀ ਆਧਾਰਿਤ ਹੈ ਪਰ ਕੁਝ ਹੱਦ ਤਕ ਦੋ ਦੇਸ਼ਾਂ ਦੀ ਹੋਣੀ ਨੂੰ ਵੀ ਪੇਸ਼ ਕਰਦਾ ਹੈ।

ਉੱਤਰ ਪ੍ਰਦੇਸ਼ ਦੇ ਸ਼ਹਿਰ ਸਹਾਰਨਪੁਰ ਵਿਚ 1912 ਵਿਚ ਪੈਦਾ ਹੋਈ ਜ਼ੁਹਰਾ ਸਹਿਗਲ ਨੇ ਆਪਣੀ ਜ਼ਿੰਦਗੀ ਦੀ ਪੂਰੀ ਸਦੀ ਸਟੇਜ ਅਤੇ ਫਿਲਮੀ ਪਰਦੇ ਉਤੇ ਹੀ ਬਿਤਾ ਦਿੱਤੀ। ਜਦੋਂ 1993 ਵਿਚ ਲਾਹੌਰ ਵਿਚ ਸਹਿਗਲ ਤੇ ਬੱਟ ਨੇ ਨਾਟਕ 'ਏਕ ਥੀ ਨਾਨੀ' ਵਿਚ ਕੰਮ ਕੀਤਾ ਤਾਂ ਇਹ ਪਹਿਲੀ ਵਾਰ ਸੀ ਕਿ 40 ਸਾਲ ਬਾਅਦ ਦੋਹਾਂ ਭੈਣਾਂ ਨੇ ਇਕੱਠਿਆਂ ਇਕ ਸਟੇਜ ਉਤੇ ਅਦਾਕਾਰੀ ਕੀਤੀ।

****

(ਅਫਸੋਸ ਕਿ ਜ਼ੁਹਰਾ ਸਹਿਗਲ ਹੁਣ ਸਾਡੇ ਵਿਚ ਨਹੀਂ ਹਨ। ਜੁਲਾਈ 2014 ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ।)

## ਕੁੱਝ ਵਿਸ਼ੇਸ਼ ਘਟਗਿਣਤੀਆਂ

ਘਟਗਿਣਤੀਆਂ ਇਕ ਸ਼ਹਿਰ ਦੀ ਇਕਸਾਰਤਾ ਵਿਚ ਵੱਖਰੇ ਰੰਗ ਭਰਦੀਆਂ ਹਨ। ਅੰਮ੍ਰਿਤਸਰ ਵਿਚ ਵੀ ਕੁਝ ਘਟਗਿਣਤੀਆਂ ਵਸਦੀਆਂ ਹਨ, ਜਿਨ੍ਹਾਂ ਨੇ ਸ਼ਹਿਰ ਦੀ ਸੱਭਿਆਚਾਰਕ ਦਿੱਖ ਨੂੰ ਹੋਰ ਸੁੰਦਰ ਬਣਾ ਦਿੱਤਾ ਹੈ।

- ਸਰਹੱਦ ਦੇ ਨਾਲ ਲਗਦੇ ਇਲਾਕੇ ਦੇ ਵਸਨੀਕਾਂ ਨੂੰ ਹਰ ਰੋਜ਼ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਬਾਵਜੂਦ ਉਹ ਨਿੱਤ ਦੀਆਂ ਸਮੱਸਿਆਵਾਂ ਨਾਲ ਜੂਝ ਜੂਝ ਕੇ ਉੱਨੇ ਹੀ ਦਲੇਰ ਤੇ ਸ਼ਕਤੀਸ਼ਾਲੀ ਬਣ ਗਏ ਹਨ। ਕੋਈ ਵੀ ਸਮੱਸਿਆ ਜਾਂ ਚੁਣੌਤੀ ਐਸੀ ਨਹੀਂ ਜੋ ਉਨ੍ਹਾਂ ਨੂੰ ਉਨ੍ਹਾਂ ਦੀਆਂ ਪੁਸ਼ਤੈਨੀ ਜੜ੍ਹਾਂ ਤੋਂ ਅਲੱਗ ਕਰ ਸਕੇ। (ਸਰਹੱਦੀ ਖੇਤਰ ਦੇ ਸੂਰਮੇ: ਰਾਏ ਸਿੱਖ; ਪੰਨਾ-277)
- ਪਾਰਸੀ ਚਾਹੇ ਗਿਣਤੀ ਵਿਚ ਥੋੜ੍ਹੇ ਹਨ ਪਰ ਸ਼ਹਿਰ ਦੀ ਦਿੱਖ ਵਿਚ ਉਹ ਇਕ ਵੱਖਰਾ ਰੰਗ ਭਰਦੇ ਹਨ। ਉਨ੍ਹਾਂ ਦੀ ਪਛਾਣ, ਰਸਮ ਰਿਵਾਜ, ਬੋਲੀ ਅਤੇ ਧਾਰਮਕ ਵਿਸ਼ਵਾਸ ਭਾਵੇਂ ਵੱਖਰੇ ਹਨ ਪਰ ਉਨ੍ਹਾਂ ਨੇ ਅੰਮ੍ਰਿਤਸਰ ਨੂੰ ਆਪਣਾ ਘਰ ਬਣਾ ਲਿਆ ਹੈ। ਉਹ ਪੰਜਾਬ ਦੇ ਸੱਭਿਆਚਾਰ ਨਾਲ ਇਕਮਿਕ ਹੋ ਗਏ ਹਨ ਅਤੇ 1947 ਵਿਚ ਦੇਸ਼-ਵੰਡ ਸਮੇਂ ਉਨ੍ਹਾਂ ਨੇ ਪ੍ਰਦੇਸ਼ ਵਿਚ ਅਮਨ-ਸ਼ਾਂਤੀ ਕਾਇਮ ਕਰਨ ਵਿਚ ਚੰਗੀ ਭੂਮਿਕਾ ਨਿਭਾਈ। (ਪਵਿੱਤਰ ਜੋਤ ਨੂੰ ਜਗਦੀ ਰੱਖਣ ਲਈ ਸੰਘਰਸ਼ਸ਼ੀਲ ਪਾਰਸੀ ਲੋਕ; ਪੰਨਾ-280)
- ਕੁਝ ਸਮਾਨ ਵਿਚਾਰਾਂ ਵਾਲੇ ਲੋਕ ਗੁਪਤ ਰੂਪ ਵਿਚ ਅਤੇ ਇਕ ਵਿਸ਼ੇਸ਼ ਢੰਗ ਨਾਲ ਬੜੇ ਸਿਆਣਪ-ਭਰੇ ਕਾਰਜ ਨੇਪਰੇ ਚਾੜ੍ਹ ਰਹੇ ਹਨ। ਇਹ ਬੜੇ ਚੋਣਵੇਂ ਵਿਅਕਤੀਆਂ ਨੂੰ ਭਾਵੇਂ ਉਹ ਥੋੜ੍ਹੇ ਹੀ ਹੋਣ, ਆਪਣਾ ਮੈਂਬਰ ਬਣਾਉਂਦੇ ਹਨ। ਸਖੀ ਤੇ ਮਾਨਵ-ਹਿਤਕਾਰੀ ਹੋਣ ਤੇ ਗਿਆਨਵਾਨ ਹੋਣ ਦੇ ਬਾਵਜੂਦ ਨਿਰਮਾਨ ਹੋਣਾ ਇਸ ਭਾਈਚਾਰੇ ਦੇ ਕੁਝ ਵਿਸ਼ੇਸ਼ ਗੁਣ ਹਨ। ਅਜਿਹੇ ਵਿਸ਼ੇਸ਼ ਗੁਣਾਂ ਦੇ ਆਧਾਰ 'ਤੇ ਉਹ ਸ਼ੁੱਭ ਕਾਰਜਾਂ ਲਈ ਤਤਪਰ ਰਹਿੰਦੇ ਹਨ। (ਫਰੀਮੈਸਨ ਭਾਈਚਾਰੇ ਦੀ ਗੁਪਤ ਨਿਯਮਾਵਲੀ, ਪੰਨਾ-285)

ਮੋਤੀ ਬੇਸ਼ਕੀਮਤੀ ਹਨ ਅਤੇ ਮੁਸ਼ਕਲ ਨਾਲ ਲਭਦੇ ਹਨ।

****



## ਸਰਹੱਦੀ ਖੇਤਰ ਦੇ ਸੂਰਮੇ : ਰਾਏ ਸਿੱਖ

ਰਾਏ ਸਿੱਖਾਂ ਨੂੰ 'ਸਰਹੱਦੀ ਖੇਤਰ ਦੇ ਸ਼ੇਰ' ਕਿਹਾ ਜਾਂਦਾ ਹੈ। ਇਹ ਖ਼ਤਾਬ ਉਨ੍ਹਾਂ ਨੂੰ ਇਸ ਲਈ ਦਿੱਤਾ ਗਿਆ ਹੈ ਕਿਉਂਕਿ ਉਹ ਸਰਹੱਦ ਪਾਰ ਤੋਂ ਵਰ੍ਹਦੀਆ ਗੋਲੀਆਂ ਦੌਰਾਨ ਵੀ ਆਪਣੇ ਘਰ-ਗਰਾਂ ਛੱਡ ਕੇ ਕਿਤੇ ਨਹੀਂ ਜਾਂਦੇ।

ਉਨ੍ਹਾਂ ਦੀ ਗਿਣਤੀ ਤਕਰੀਬਨ 20 ਲੱਖ ਹੈ ਅਤੇ ਉਹ ਭਾਰਤ-ਪਾਕਿ ਦੀ 533 ਕਿਲੋਮੀਟਰ ਸੀਮਾ-ਰੇਖਾ ਦੇ ਨਾਲ-ਨਾਲ ਗੁਰਦਾਸਪੁਰ, ਅੰਮ੍ਰਿਤਸਰ ਅਤੇ ਫ਼ਿਰੋਜ਼ਪੁਰ ਦੇ ਜ਼ਿਲ੍ਹਿਆਂ ਵਿਚ ਵਸੇ ਹੋਏ ਹਨ। ਦੇਸ਼-ਵੰਡ ਤੋਂ ਬਾਅਦ ਅੱਜਕੱਲ੍ਹ ਰਾਏ ਸਿੱਖਾਂ ਦੀ ਦੂਜੀ ਪੀੜ੍ਹੀ ਸਰਹੱਦ ਦੀ ਰਾਖੀ ਕਰ ਰਹੀ ਹੈ। ਸਰਹੱਦ ਦੇ ਨੇੜੇ ਦਾਗ ਪਿੰਡ ਦੇ ਵਸਨੀਕ ਹਰਨਾਮ ਸਿੰਘ, ਸ਼ੇਰ ਸਿੰਘ ਅਤੇ ਕੇਸਰ ਸਿੰਘ (ਜਿਨ੍ਹਾਂ ਦੀ ਉਮਰ ਅੱਸੀਆਂ ਨੂੰ ਟਪ ਚੁੱਕੀ ਹੈ) ਕਹਿੰਦੇ ਹਨ, 'ਅਸੀਂ 1947 ਅਤੇ 1965 ਤੇ 1971 ਦੀਆਂ ਲੜਾਈਆਂ ਦੀ ਤਬਾਹੀ ਆਪਣੀਆਂ ਅੱਖਾਂ ਨਾਲ ਵੇਖੀ ਹੈ। ਅਸੀਂ ਵਰ੍ਹਦੇ ਬੰਬਾਂ ਵਿਚ ਜ਼ਮੀਨ 'ਤੇ ਘਿਸੜ-ਘਿਸੜ ਕੇ ਸਰਹੱਦ 'ਤੇ ਲੜਦੇ ਜਵਾਨਾਂ ਨੂੰ ਰਾਸ਼ਨ ਤੇ ਦੁੱਧ ਪਹੁੰਚਾਉਂਦੇ ਰਹੇ ਹਾਂ।

ਉਸੇ ਪਿੰਡ ਦੇ ਕਿਹਰ ਸਿੰਘ ਦਾ ਪੁੱਤਰ ਸਰਦਾਰੀ ਲਾਲ ਕਹਿੰਦਾ ਹੈ 'ਰਾਏ ਸਿੱਖ ਹੋਰ ਕਿਤੇ ਜਾ ਹੀ ਨਹੀਂ ਸਕਦੇ ਕਿਉਂਕਿ ਪੰਜਾਬ ਦੇ ਹੋਰ ਇਲਾਕਿਆਂ ਵਿਚ ਉਨ੍ਹਾਂ ਦਾ ਕੋਈ ਰਿਸ਼ਤੇਦਾਰ ਨਹੀਂ ਰਹਿੰਦਾ। ਦੇਸ਼-ਵੰਡ ਵੇਲੇ ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖੂਪੁਰੇ ਵਿਚੋਂ ਹਿਜਰਤ ਕਰ ਕੇ ਰਾਏ ਸਿੱਖ ਇੱਧਰ ਆ ਗਏ ਸਨ।'

1971 ਦੀ ਹਿੰਦ-ਪਾਕਿ ਜੰਗ ਨੂੰ ਯਾਦ ਕਰ ਕੇ ਸ਼ਿਵ ਕੁਮਾਰ ਕਹਿੰਦਾ ਹੈ ਕਿ 'ਪਾਕਿਸਤਾਨ ਨੇ ਫ਼ਤਿਹਪੁਰ ਦੀ ਭਾਰਤੀ ਬੀ.ਐਸ.ਐਫ. ਚੌਕੀ ਉਤੇ ਕਬਜ਼ਾ ਕਰ ਲਿਆ ਸੀ ਪਰ ਸਿੱਖ-8 ਅਤੇ ਰਾਜਪੂਤਾਂ ਦੀਆਂ ਰਜਮੈਂਟਾਂ ਨੇ 17 ਦਸੰਬਰ 1971 ਨੂੰ ਇਸ ਚੌਕੀ ਨੂੰ ਫੇਰ ਜਿੱਤ ਲਿਆ। 2002 ਦੇ 'ਆਪਰੇਸ਼ਨ ਪਰਾਕਰਮ' ਦੌਰਾਨ ਫ਼ੌਜ ਨੇ ਸਾਡੇ ਨੌਜਵਾਨਾਂ ਨੂੰ ਮਾਈਨਾਂ ਫਿਟ ਕਰਨ ਦੀ ਸਿਖਲਾਈ ਦਿੱਤੀ। 1971 ਵਿਚ ਪਾਕਿਸਤਾਨ ਨੇ ਬੁਰਜ, ਤੁੜ ਅਤੇ ਦਾਗ ਟੂੱਟ ਨਾਂ ਦੇ ਭਾਰਤੀ ਪਿੰਡ ਜਿੱਤ ਲਏ। ਇਸ ਜੰਗ ਵਿਚ ਸਾਡੇ ਇਲਾਕੇ ਦਾ ਬਹੁਤ ਨੁਕਸਾਨ ਹੋਇਆ।'

ਰਾਏ ਸਿੱਖਾਂ ਨੇ ਭਾਰਤੀ ਫ਼ੌਜ ਦਾ ਹੌਸਲਾ ਬੁਲੰਦ ਰੱਖਣ ਲਈ ਬੜੀ ਅਹਿਮ ਭੂਮਿਕਾ ਨਿਭਾਈ।

ਅੱਜਕਲ੍ਹ ਰਾਏ ਸਿੱਖ ਆਮ ਤੌਰ 'ਤੇ ਦਰੀਆਂ ਬੁਣਨ ਤੇ ਸਬਜ਼ੀਆਂ ਉਗਾਉਣ ਦੇ ਕੰਮ ਕਰਦੇ ਹਨ। ਇਹ ਤਬਦੀਲੀ ਪਿਛਲੇ ਕੁਝ ਸਾਲਾਂ ਵਿਚ ਹੀ ਆਈ ਹੈ। ਇਸ ਤਬਦੀਲੀ ਦਾ ਵੱਡਾ ਕਾਰਨ ਇਹ ਹੈ ਕਿ ਬਹੁਤ ਸਾਰੇ ਰਾਏ ਸਿੱਖ ਰਾਧਾ ਸੁਆਮੀ ਬਣ ਗਏ ਹਨ ਅਤੇ ਬਹੁਤਿਆਂ ਨੇ ਸ਼ਰਾਬ ਕੱਢਣੀ ਬੰਦ ਕਰ ਦਿੱਤੀ ਹੈ। ਉਨ੍ਹਾਂ ਦਾ ਖ਼ਿਆਲ

ਹੈ ਕਿ ਵਿੱਦਿਆ, ਸਾਡੇ ਉਤੇ ਲੱਗਾ ਸ਼ਰਾਬ ਦਾ ਧੱਬਾ ਧੋ ਦੇਵੇਗੀ। ਵੱਡੀ ਗਿਣਤੀ ਵਿਚ ਲੋਕ ਡੇਰਾ ਸੱਚਾ ਸੌਦਾ ਸਿਰਸਾ ਦੇ ਭਗਤ ਬਣ ਗਏ ਹਨ। ਇਸ ਕਰ ਕੇ ਉਨ੍ਹਾਂ ਨੇ ਸ਼ਰਾਬ ਕੱਢਣ ਦਾ ਧੰਦਾ ਛੱਡ ਦਿੱਤਾ ਹੈ। ਅੱਜ ਰਾਏ ਸਿੱਖਾਂ ਨੇ ਮਿਹਨਤ-ਮੁਸ਼ਕਤ ਨਾਲ ਵਿਧਾਨ ਸਭਾ ਤੇ ਲੋਕ ਸਭਾ ਦੀਆਂ ਸੀਟਾਂ ਵੀ ਸੰਭਾਲ ਲਈਆਂ ਹਨ

ਇਸ ਭਾਈਚਾਰੇ ਉਤੇ ਜਰਾਇਮ-ਪੇਸ਼ਾ ਹੋਣ ਦਾ ਦਾਗ਼ ਲੱਗਾ ਹੋਇਆ ਸੀ। 1952 ਵਿਚ ਇਹ ਦਾਗ ਵੀ ਲੱਥ ਗਿਆ। ਰਾਏ ਸਿੱਖਾਂ ਦੇ ਲੀਡਰ ਕਹਿੰਦੇ ਹਨ ਕਿ ਪੁਲੀਸ ਅਜੇ ਵੀ ਸਾਡੇ ਉਤੇ ਸ਼ੱਕ ਕਰਦੀ ਹੈ। ਉਨ੍ਹਾਂ ਦੇ ਲੀਡਰਾਂ ਦੀ ਮੰਗ ਹੈ ਕਿ ਉਨ੍ਹਾਂ ਨੂੰ ਅਨੁਸੂਚਿਤ ਜਾਤੀ ਕਰਾਰ ਦਿੱਤਾ ਜਾਵੇ।

ਦੂਜੇ ਪਾਸੇ ਨਾਗ ਪਿੰਡ ਦਾ ਪੰਚ ਸ਼ਿਵ ਕੁਮਾਰ ਕਹਿੰਦਾ ਹੈ ਕਿ ਉਸ ਦੇ ਸਾਂਝੇ ਪਰਿਵਾਰ ਦੇ 50 ਮੈਂਬਰ ਹਨ। (ਉਸ ਦੇ ਵੱਡੇ ਪਰਿਵਾਰ ਵਿਚ ਉਸ ਦੇ ਤਿੰਨ ਭਰਾ ਅਤੇ ਉਨ੍ਹਾਂ ਦੇ ਪਰਿਵਾਰ ਸ਼ਾਮਲ ਹਨ) ਸਰਹੱਦ ਉਤੇ ਜੰਗ ਦਾ ਖ਼ਤਰਾ ਹੋਣ ਵੇਲੇ ਵੀ ਉਸ ਦੇ ਪਰਿਵਾਰ ਦਾ ਇਕ ਮੈਂਬਰ ਵੀ ਆਪਣਾ ਘਰ ਛੱਡ ਕੇ ਕਿਸੇ ਸੁਰੱਖਿਅਤ ਥਾਂ ’ਤੇ ਨਹੀਂ ਗਿਆ। ਉਹ ਕਹਿੰਦਾ ਹੈ ਕਿ ਉਸ ਦਾ ਸਾਰਾ ਜੀਵਨ ਸਰਹੱਦ ਉਤੇ ਹੀ ਬੀਤਿਆ ਹੈ। ਉਹ ਚਾਹੁੰਦਾ ਹੈ ਕਿ ਉਹ ਦੇਸ਼ ਦੀ ਰਾਖੀ ਕਰਦਿਆਂ ਕਿਸੇ ਸਰਹੱਦੀ ਜੰਗ ਵਿਚ ਆਪਣੀ ਜਾਨ ਨਿਛਾਵਰ ਕਰ ਦੇਵੇ।

ਉਨ੍ਹਾਂ ਨੂੰ ਆਪਣੀ ਜ਼ਮੀਨ ਸੰਵਾਰਨ ਲਈ ਬੜੀ ਸਖ਼ਤ ਮਿਹਨਤ ਕਰਨੀ ਪੈਂਦੀ ਹੈ ਕਿਉਂਕਿ ਰਾਵੀ ਨਦੀ ਦਾ ਵਹਾਅ ਹਮੇਸ਼ਾ ਬਦਲਦਾ ਰਹਿੰਦਾ ਹੈ ਅਤੇ ਉਨ੍ਹਾਂ ਦੀ ਜ਼ਮੀਨ ਵਾਰ-ਵਾਰ ਵਿਰਾਨ ਹੋ ਜਾਂਦੀ ਹੈ। ਰਾਵੀ ਦਰਿਆ ਪਾਕਿਸਤਾਨ ਵਿਚ ਦਾਖਲ ਹੋਣ ਤੋਂ ਪਹਿਲਾਂ ਸਰਹੱਦ ਦੇ ਇਲਾਕੇ ਵਿਚ ਕਈ ਘੁੰਮਣ-ਘੇਰੀਆਂ ਖਾਂਦਾ ਹੈ। ਇਹ ਰਾਏ ਸਿੱਖ ਹੀ ਹਨ ਜਿਨ੍ਹਾਂ ਨੇ ਸਰਹੱਦੀ ਪੱਟੀ ਦੀ ਜ਼ਮੀਨ ਨੂੰ ਖੇਤੀਯੋਗ ਬਣਾਇਆ ਹੈ। ਕਾਨੂੰਨੀ ਤੌਰ ’ਤੇ ਇਹ ਜ਼ਮੀਨ ਕੇਂਦਰ ਸਰਕਾਰ, ਵਣ ਵਿਭਾਗ ਅਤੇ ਪ੍ਰਦੇਸ਼ ਸਰਕਾਰ ਦੇ ਅਧੀਨ ਹੈ। ਕੇਂਦਰ ਸਰਕਾਰ, ਰਾਜ ਸਰਕਾਰ ਅਤੇ ਵਣ ਵਿਭਾਗ ਇਸ ਜ਼ਮੀਨ ਦਾ ਲਾਭ ਉਠਾਉਣ ਲਈ ਕੋਈ ਗੰਭੀਰ ਉੱਦਮ ਨਹੀਂ ਕਰਦਾ। ਇਸ ਲਈ ਕਈ ਗਲਤ ਲੋਕਾਂ ਨੇ ਧੋਖੇ ਨਾਲ ਇਸ ਜ਼ਮੀਨ ਦੀਆਂ ਗਿਰਦਾਵਰੀਆਂ ਆਪਣੇ ਨਾਂ ਕਰਾ ਲਈਆਂ ਸਨ। ਕੁਝ ਨੀਮ ਫ਼ੌਜੀ ਬਲਾਂ ਦੇ ਅਫ਼ਸਰਾਂ ਨੇ ਵੀ ਗਿਰਦਾਵਰੀਆਂ ਆਪਣੇ ਨਾਂ ਕਰਾ ਲਈਆਂ ਹਨ, ਜਿਸ ਤੋਂ ਸਬੰਧਿਤ ਵਿਭਾਗਾਂ ਦੀ ਲਾਪਰਵਾਹੀ ਦਾ ਪਤਾ ਲਗਦਾ ਹੈ।

ਹੈਰਾਨੀ ਦੀ ਗੱਲ ਹੈ ਕਿ ਵਣ ਵਿਭਾਗ ਨੇ ਵੀ ਇਸ ਜ਼ਮੀਨ ਨੂੰ ਵਾਹਨ-ਬੀਜਣ ਦਾ ਕੋਈ ਉੱਦਮ ਨਹੀਂ ਕੀਤਾ। ਉਹੀ ਜਾਣਦੇ ਹਨ ਕਿ ਇਸ ਲਾਪਰਵਾਹੀ ਦਾ ਕੀ ਕਾਰਨ ਹੈ। ਇਕੱਲੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਸਰਹੱਦੀ ਵਾੜ ਦੇ ਪਾਰ ਰਾਏ ਸਿੱਖਾਂ ਨੇ 4700 ਏਕੜ ਜ਼ਮੀਨ ਹਲ ਹੇਠ ਲਿਆਂਦੀ ਹੈ।

ਖ਼ਾਲਸਾ ਕਾਲਜ ਦੇ ਪੰਜਾਬੀ ਵਿਭਾਗ ਦਾ ਸਾਬਕਾ ਮੁਖੀ ਪ੍ਰੋ. ਸੁਖਬੀਰ ਸਿੰਘ ਸਰਹੱਦੀ ਪੱਟੀ ਦਾ ਹੀ ਰਹਿਣ ਵਾਲਾ ਹੈ। ਉਸ ਦਾ ਕਹਿਣਾ ਹੈ ਕਿ ਰਾਏ ਸਿੱਖ ਸਹੀ



ਅਰਥਾਂ ਵਿਚ ਦੇਸ਼ ਦੀ ਖੜਗ-ਭੁਜਾ ਹਨ ਕਿਉਂਕਿ ਗ਼ਰੀਬ ਹੁੰਦਿਆਂ ਵੀ ਉਨ੍ਹਾਂ ਨੇ ਜੰਗਾਂ ਦੌਰਾਨ ਦੇਸ਼ ਦੀ ਮਹਾਨ ਸੇਵਾ ਕੀਤੀ ਹੈ। ਉਹ ਕਹਿੰਦੇ ਹਨ ਕਿ ਉਨ੍ਹਾ ਨੇ ਕਦੀ ਨਹੀਂ ਦੇਖਿਆ ਕਿ ਕੋਈ ਰਾਏ ਸਿੱਖ ਜੰਗ ਤੋਂ ਡਰ ਕੇ ਕਿਸੇ ਸੁਰੱਖਿਅਤ ਥਾਂ ’ਤੇ ਚਲਾ ਗਿਆ ਹੋਵੇ।

ਦਿਲਚਸਪ ਗੱਲ ਇਹ ਹੈ ਕਿ ਰਾਏ ਸਿੱਖਾਂ ਨੇ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਵੀ ਅਹਿਮ ਰੋਲ ਅਦਾ ਕੀਤਾ ਕਿਉਂਕਿ ਤਿੰਨਾਂ ਹੀ ਸਰਹੱਦੀ ਜ਼ਿਲ੍ਹਿਆਂ ਵਿਚ ਉਨ੍ਹਾਂ ਦਾ ਚੰਗਾ ਅਸਰ-ਰਸੂਖ ਹੈ।

****

# ਪਵਿੱਤਰ ਜੋਤ ਨੂੰ ਜਗਦੀ ਰੱਖਣ ਲਈ ਸੰਘਰਸ਼ਸ਼ੀਲ : ਪਾਰਸੀ ਲੋਕ

ਪਾਰਸੀ ਈਰਾਨ ਦੇ ਇਕ ਇਲਾਕੇ ਪਾਰਸ ਨਾਲ ਸਬੰਧ ਰੱਖਦੇ ਹਨ ਜਿਨ੍ਹਾਂ ਨੂੰ ਜ਼ੋਰਾਸ਼ਟਰੀਅਨ ਵੀ ਕਿਹਾ ਜਾਂਦਾ ਹੈ। ਪਾਰਸੀਆਂ ਨੇ ਭਾਰਤ ਨੂੰ ਵਿੱਦਿਅਕ, ਆਰਥਕ, ਸੱਭਿਆਚਾਰਕ ਅਤੇ ਸਨਅਤੀ ਤੌਰ 'ਤੇ ਅਮੀਰ ਬਣਾਇਆ ਹੈ। ਜਮਸ਼ੇਦ ਜੀ ਟਾਟਾ, ਗੋਦਰੇਜ, ਵਾਡੀਆ, ਡਾ. ਹੋਮੀ ਭਾਬਾ, ਜ਼ੁਬਿਨ ਮਹਿਤਾ, ਫੀਲਡ ਮਾਰਸ਼ਲ ਸੈਮ ਮਾਨਕਸ਼ਾਅ, ਐਡਮੀਰਲ ਜਲ ਕੁਰਸਤਜੀ, ਏਅਰ ਮਾਰਸ਼ਲ ਇੰਜੀਨੀਅਰ ਆਦਿ ਇਹ ਸਾਰੀਆਂ ਸ਼ਖ਼ਸੀਅਤਾਂ ਇਸੇ ਨਾਮਵਰ ਭਾਈਚਾਰੇ ਨਾਲ ਸਬੰਧ ਰੱਖਦੀਆਂ ਹਨ।

ਸੂਨੀ ਤਾਰਾਪੋਰੇਵਾਲਾ ਨੇ ਆਪਣੀ ਪੁਸਤਕ 'ਦੀ ਜ਼ੋਰਾਸ਼ਟਰੀਅਨਜ਼ ਆਫ਼ ਇੰਡੀਆ' ਵਿਚ ਜ਼ਿਕਰ ਕੀਤਾ ਹੈ ਕਿ ਇੰਦਰਾ ਗਾਂਧੀ ਨੇ ਇਕ ਪਾਰਸੀ ਪਰਿਵਾਰ ਵਿਚ ਵਿਆਹ ਕਰਵਾਇਆ ਅਤੇ ਇਸੇ ਤਰ੍ਹਾਂ ਮੁਹੰਮਦ ਅਲੀ ਜਿਨਾਹ ਦੀ ਲੜਕੀ ਦੀਨਾ ਵਾਡੀਆ ਨੇ ਵੀ। ਪਰ ਇਹ ਪ੍ਰਗਤੀਸ਼ੀਲ ਭਾਈਚਾਰਾ ਹੁਣ ਖ਼ਤਮ ਹੁੰਦਾ ਜਾ ਰਿਹਾ ਹੈ। ਪਾਰਸੀਆਂ ਦੀ ਜਨਮ-ਦਰ ਬਹੁਤ ਥੋੜ੍ਹੀ ਹੈ। ਸ਼ਹਿਰ ਵਿਚ ਵੀ ਹੁਣ ਬਹੁਤ ਥੋੜ੍ਹੇ ਪਾਰਸੀ ਰਹਿ ਗਏ ਹਨ।

ਜ਼ੋਰਾਸ਼ਟਰੀਅਨ ਜਾਂ ਸੂਰਜ-ਪੂਜ ਲੋਕ ਪਿਛਲੀ ਸਦੀ ਦੇ ਸ਼ੁਰੂ ਵਿਚ ਈਰਾਨ ਤੋਂ ਪਲਾਇਨ ਕਰ ਕੇ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿਚ ਆ ਗਏ ਸਨ। (ਅਗਨੀ ਮੰਦਰ ਵਿਚ ਜਗਦੀ ਪਵਿੱਤਰ ਜੋਤ ਉਨ੍ਹਾਂ ਲਈ ਬਹੁਤ ਮਹੱਤਵ ਰੱਖਦੀ ਹੈ।) ਅੱਜਕਲ੍ਹ ਉਨ੍ਹਾਂ ਦੀ ਗਿਣਤੀ ਇਸ ਹੱਦ ਤਕ ਘਟ ਗਈ ਹੈ ਕਿ ਉਨ੍ਹਾਂ ਨੂੰ ਦਿਨੋ-ਦਿਨ ਸੁੰਗੜਦਾ ਜਾ ਰਿਹਾ ਭਾਈਚਾਰਾ ਸਮਝਿਆ ਜਾਣ ਲਗ ਪਿਆ ਹੈ।

ਪਾਰਸੀਆਂ ਦੇ ਥੋੜ੍ਹੇ ਜਿਹੇ ਪਰਿਵਾਰ ਪੰਜਾਬ ਆਏ ਅਤੇ ਉਨ੍ਹਾਂ ਵਿਚੋਂ ਵੀ ਬਹੁਤ ਥੋੜ੍ਹੇ ਪਰਿਵਾਰਾਂ ਨੇ ਅੰਮ੍ਰਿਤਸਰ ਨੂੰ ਆਪਣਾ ਘਰ ਬਣਾਇਆ। ਫੇਰ ਵੀ ਇਸ ਸ਼ਹਿਰ ਵਿਚ ਉਨ੍ਹਾਂ ਨੇ ਚੰਗੀ ਥਾਂ ਬਣਾ ਲਈ ਜਿਵੇਂ ਕਿ ਭਾਰਤ ਦੇ ਹੋਰ ਇਲਾਕਿਆਂ ਵਿਚ ਉਨ੍ਹਾਂ ਨੇ ਪੱਕੇ ਤੌਰ 'ਤੇ ਪੈਰ ਜਮਾ ਲਏ ਸਨ।

ਭਾਰਤ ਦੇ ਪਹਿਲੇ ਫੀਲਡ ਮਾਰਸ਼ਲ ਅਤੇ 1971 ਦੀ ਭਾਰਤ-ਪਾਕਿ ਜੰਗ ਦੇ ਨਾਇਕ ਫੀਲਡ ਮਾਰਸ਼ਲ ਹੋਰਮਸਜੀ ਫਰਾਮਜੀ ਜਮਸ਼ੇਦਜੀ ਸੈਮ ਮਾਨਕਸ਼ਾਅ ਅਤੇ ਟਿੰਮੀ ਭੰਡਾਰੀ, ਅੰਮ੍ਰਿਤਸਰ ਵਿਚ ਜਨਮੇ ਆਖ਼ਰੀ ਖਾਲਸ ਪਾਰਸੀਆਂ ਵਿਚੋਂ ਸਨ। ਉਹ 100 ਸਾਲ ਤੋਂ ਵੱਧ ਉਮਰ ਹੰਢਾ ਕੇ ਪਰਲੋਕ ਸਿਧਾਰੇ ਹਨ।

ਫੀਲਡ ਮਾਰਸ਼ਲ ਸੈਮ ਮਾਨਕਸ਼ਾਅ ਅੰਮ੍ਰਿਤਸਰ ਵਿਚ 1914 ਵਿਚ ਡਾ. ਐਚ.ਐਫ.ਐਸ. ਮਾਨਕਸ਼ਾਅ ਦੇ ਘਰ ਪੈਦਾ ਹੋਏ। ਬਾਅਦ ਵਿਚ ਉਨ੍ਹਾਂ ਨੇ ਦਿੱਲੀ ਨੂੰ ਆਪਣਾ ਘਰ ਬਣਾ ਲਿਆ। ਸੈਮ ਮਾਨਕਸ਼ਾਅ ਨੇ ਹਿੰਦੂ ਸਭਾ ਕਾਲਜ ਅੰਮ੍ਰਿਤਸਰ



ਤੋਂ ਐੱਫ਼.ਏ. (ਸੈਕੰਡ ਈਅਰ) ਪਾਸ ਕੀਤੀ। (ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੀ ਇਸੇ ਕਾਲਜ ਦੇ ਵਿਦਿਆਰਥੀ ਸਨ।) ਕਾਲਜ ਦੇ ਰਿਕਾਰਡ ਅਨੁਸਾਰ ਸੈਮ ਮਾਨਕਸ਼ਾਅ ਇਸ ਕਾਲਜ ਵਿਚ 3 ਮਾਰਚ 1934 ਨੂੰ ਦਾਖ਼ਲ ਹੋਏ ਅਤੇ ਆਈ.ਐਮ.ਏ. ਵਿਚ ਨਿਯੁਕਤ ਹੋਣ ਤਕ ਜਨਵਰੀ 1935 ਤਕ ਇੱਥੇ ਰਹੇ। ਇਸ ਤੋਂ ਪਹਿਲਾਂ ਸਕੂਲ ਦੀ ਪੜ੍ਹਾਈ ਉਨ੍ਹਾਂ ਨੇ ਪੀ.ਬੀ.ਐੱਨ. ਸਕੂਲ ਅੰਮ੍ਰਿਤਸਰ ਤੋਂ ਕੀਤੀ। ਸੈਮ ਮਾਨਕਸ਼ਾਅ ਦੀ ਜਨਮ ਤਰੀਕ ਭਾਵੇਂ 3 ਅਪ੍ਰੈਲ 1914 ਹੈ ਪਰ ਹਿੰਦੂ ਕਾਲਜ ਦੇ ਰਿਕਾਰਡ ਵਿਚ ਉਨ੍ਹਾਂ ਦੀ ਜਨਮ ਤਰੀਕ 28 ਅਕਤੂਬਰ 1916 ਦਰਜ ਹੈ।

1971 ਦੀ ਜੰਗ ਤੋਂ ਬਾਅਦ ਜਦੋਂ ਫੀਲਡ ਮਾਰਸ਼ਲ ਇਤਿਹਾਸਕ ਰਾਮ ਬਾਗ਼ ਵਿਚ ਆਏ ਤਾਂ ਉਨ੍ਹਾਂ ਦੇ ਸੁਆਗਤ ਵਿਚ ਇਕ ਯਾਦਗਾਰੀ ਸਮਾਰੋਹ ਕੀਤਾ ਗਿਆ। ਉਸ ਸਮੇਂ ਉਹ ਕਟੜਾ ਆਹਲੂਵਾਲੀਆ ਵਿਚ 'ਸੂਰ ਬਾਬੂ ਐਂਡ ਕੰਪਨੀ' ਨੂੰ ਦੇਖਣ ਵੀ ਗਏ। ਦਵਾਈਆਂ ਦੀ ਇਹ ਦੁਕਾਨ ਕਦੀ ਉਨ੍ਹਾਂ ਦੇ ਪਿਤਾ ਦੀ ਹੁੰਦੀ ਸੀ ਜੋ ਕਿ ਇਕ ਡਾਕਟਰ ਸਨ।

'ਸੂਰ ਬਾਬੂ ਐਂਡ ਕੰਪਨੀ' ਦੇ ਸਾਬਕਾ ਸਹਾਇਕ ਮੈਨੇਜਰ 80-ਸਾਲਾ ਓਮ ਪ੍ਰਕਾਸ਼ ਸ਼ਰਮਾ ਨੇ ਇਸ ਕੰਪਨੀ ਵਿਚ 25 ਸਾਲ ਸੇਵਾ ਕੀਤੀ। ਉਨ੍ਹਾਂ ਨੇ ਦਸਿਆ ਕਿ ਡਾ. ਮਾਨਕਸ਼ਾਅ ਵਾਅਦੇ ਦੇ ਪੱਕੇ ਸਨ। ਡਾਕਟਰ ਸਾਹਿਬ ਨੇ ਆਪਣਾ ਵਾਅਦਾ ਪੂਰਾ ਕੀਤਾ ਅਤੇ ਮਾਲ ਰੋਡ 'ਤੇ ਆਪਣਾ ਸ਼ਾਨਦਾਰ ਬੰਗਲਾ ਮਹਿਜ਼ ਇਕ ਲੱਖ ਰੁਪਏ ਵਿਚ ਵੇਚ ਦਿੱਤਾ। ਇਸ ਸੌਦੇ ਨੂੰ ਯਾਦ ਕਰ ਕੇ ਸ੍ਰੀ ਸ਼ਰਮਾ ਨੇ ਕਿਹਾ ਕਿ ਇਕ ਘੀ ਵਾਲੇ ਨੇ ਬੰਗਲੇ ਦੀ ਬਹੁਤ ਤਾਰੀਫ਼ ਕੀਤੀ ਅਤੇ ਆਖਿਆ ਕਿ ਉਹ ਕਿਸੇ ਵੀ ਕੀਮਤ 'ਤੇ ਇਹ ਬੰਗਲਾ ਖ਼ਰੀਦਣਾ ਚਾਹੁੰਦਾ ਹੈ। ਡਾ. ਮਾਨਕਸ਼ਾਅ ਨੇ ਇਹ ਸੋਚ ਕੇ ਕਿ ਇਸ ਘੀ-ਵਾਲੇ ਕੋਲ ਇਕ ਲੱਖ ਰੁਪਿਆ ਕਿੱਥੇ ਹੋਣਾ ਹੈ, ਬੰਗਲਾ ਇਕ ਲੱਖ ਰੁਪਏ ਵਿਚ ਵੇਚਣ ਦੀ ਪੇਸ਼ਕਸ਼ ਕਰ ਦਿੱਤੀ। ਭਾਵੇਂ ਡਾਕਟਰ ਸਾਹਿਬ ਦੀ ਪਤਨੀ ਬਾਈ ਜੀ ਇਸ ਸੌਦੇ ਬਾਰੇ ਜਾਣ ਕੇ ਬਹੁਤ ਨਾਰਾਜ਼ ਹੋਈ, ਪਰ ਡਾਕਟਰ ਸਾਹਿਬ ਨੇ ਕਿਹਾ ਹੈ ਮੈਂ ਘੀ ਵਾਲੇ ਨੂੰ ਇਕ ਲੱਖ ਵਿਚ ਬੰਗਲਾ ਵੇਚ ਦੇਣ ਦੀ ਹਾਂ, ਕਰ ਬੈਠਾ ਹਾਂ ਇਸ ਲਈ ਆਪਣੇ ਵਾਅਦੇ ਤੋਂ ਪਿੱਛੇ ਨਹੀਂ ਹਟਾਂਗਾ।

ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਡਾ. ਮਾਨਕਸ਼ਾਅ ਦੇ ਸਪੁੱਤਰ ਫੀਲਡ ਮਾਰਸ਼ਲ ਮਾਨਕਸ਼ਾਅ ਨੂੰ ਇਸ ਸ਼ਹਿਰ ਨਾਲ ਬੇਹੱਦ ਪਿਆਰ ਸੀ। ਇਕ ਵਾਰ ਅੰਮ੍ਰਿਤਸਰ ਦੇ ਮਸ਼ਹੂਰ ਪੱਤਰਕਾਰ ਮਰਹੂਮ ਜੀ.ਆਰ.ਸੇਠੀ, ਬਿਨਾਂ ਸਮਾਂ ਲਏ, ਫੀਲਡ ਮਾਰਸ਼ਲ ਨੂੰ ਮਿਲਣ ਲਈ ਆਰਮੀ ਹੈਡਕੁਆਰਟਰ ਵਿਚ ਪਹੁੰਚ ਗਏ। ਆਰਮੀ ਸਟਾਫ਼ ਨੇ ਸੇਠੀ ਜੀ ਨੂੰ ਅੰਦਰ ਜਾਣ ਤੋਂ ਮਨ੍ਹਾ ਕਰ ਦਿੱਤਾ। ਪਰ ਜਦੋਂ ਜਨਰਲ ਮਾਨਕਸ਼ਾਅ ਨੇ ਸੇਠੀ ਜੀ ਦਾ ਕਾਰਡ ਵੇਖਿਆ ਤਾਂ ਆਪਣੇ ਸ਼ਹਿਰ ਅੰਮ੍ਰਿਤਸਰ ਦੇ ਪੱਤਰਕਾਰ ਨੂੰ ਮਿਲਣ ਲਈ ਆਪ ਦਰਵਾਜ਼ੇ 'ਤੇ ਆ ਗਏ ਅਤੇ ਸੇਠੀ ਜੀ ਦਾ ਗਰਮਜੋਸ਼ੀ ਨਾਲ ਸੁਆਗਤ ਕੀਤਾ।

ਸ਼ਹਿਰ ਵਿਚ ਇਕ ਹੋਰ ਪਾਰਸੀ ਸ਼ਖ਼ਸੀਅਤ ਜਨਰਲ ਮਾਨਕਸ਼ਾਅ ਦੀ ਬਚਪਨ

ਦੀ ਦੋਸਤ, ਤਹਿਮੀ ਬੋਗਾ ਭੰਡਾਰੀ ਰਹਿੰਦੀ ਸੀ, ਜਿਸ ਦਾ ਸੌ ਸਾਲ ਤੋਂ ਵੱਧ ਉਮਰ ਭੋਗ ਕੇ ਦੇਹਾਂਤ ਹੋਇਆ ਹੈ ।ਆਜ਼ਾਦ ਭਾਰਤ ਦੇ ਪਹਿਲੇ ਵਾਇਸਰਾਏ ਸਰ ਐਡਵਰਡ ਮਾਊਂਟਬੈਟਨ ਦੀ ਪਤਨੀ ਲੇਡੀ ਐਡਵਿਨਾ ਮਾਊਂਟਬੈਟਨ ਨੇ ਦੇਸ਼-ਵੰਡ ਤੋਂ ਕੁਝ ਮਹੀਨੇ ਬਾਅਦ 19 ਜਨਵਰੀ 1948 ਨੂੰ ਤਹਿਮੀ ਬੋਗਾ ਨੂੰ ਇਕ ਚਿੱਠੀ ਲਿਖੀ ਜਿਸ ਵਿਚ ਲੇਡੀ ਮਾਊਂਟਬੈਟਨ ਨੇ ਵੰਡ ਦੇ ਉਜਾੜੇ ਸ਼ਰਨਾਰਥੀਆਂ ਦੀ ਸੇਵਾ ਕਰਨ ਲਈ ਉਸ ਦੀ ਤਾਰੀਫ਼ ਕੀਤੀ ਸੀ। ਤਹਿਮੀ ਬੋਗਾ ਦੀ ਬੇਟੀ ਰਤਨ ਦੇ ਕਹਿਣ ਅਨੁਸਾਰ ਲੇਡੀ ਮਾਊਂਟਬੈਟਨ ਨੇ ਬਾਅਦ ਵਿਚ ਤਹਿਮੀ ਨੂੰ ਸ਼ਿਮਲੇ ਆਉਣ ਦਾ ਸੱਦਾ ਵੀ ਦਿੱਤਾ ਸੀ।

ਤਹਿਮੀ ਬੋਗਾ ਨੇ 1947 ਦੀ ਦੇਸ਼-ਵੰਡ ਸਮੇਂ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਦੀ ਸਾਂਭ-ਸੰਭਾਲ ਦੀ ਚੁਣੌਤੀ ਨੂੰ ਸਵੀਕਾਰ ਕੀਤਾ। ਉਸ ਨੇ ਅੰਮ੍ਰਿਤਸਰ ਵਿਚ ਆਏ ਸ਼ਰਨਾਰਥੀਆਂ ਨੂੰ ਕਪੜੇ ਮੁਹੱਈਆ ਕੀਤੇ ਅਤੇ ਉਨ੍ਹਾਂ ਨੂੰ ਕਿਲ੍ਹਾ ਗੋਬਿੰਦਗੜ੍ਹ ਦੇ ਸ਼ਰਨਾਰਥੀ ਕੈਂਪ ਵਿਚ ਅਤੇ ਸ਼ਹਿਰ ਦੇ ਹੋਰ ਸ਼ਰਨਾਰਥੀ ਕੈਂਪਾਂ ਵਿਚ ਪਨਾਹ ਦੇਣ ਦਾ ਪ੍ਰਬੰਧ ਕੀਤਾ। ਸ਼ਰਨਾਰਥੀਆਂ ਲਈ ਕਪੜੇ ਸਰਕਾਰ ਅਤੇ ਸਰਬ-ਹਿੰਦ ਇਸਤਰੀ ਕਾਨਫਰੰਸ ਮੁਹੱਈਆ ਕਰਦੀ ਸੀ।

ਸ੍ਰੀਮਤੀ ਤਹਿਮੀ ਇਕ ਕਮਜ਼ੋਰ ਜਿਹੀ ਅਤੇ ਖਾਮੋਸ਼ ਸੁਭਾ ਇਸਤਰੀ ਸਨ। ਜਨਵਰੀ 2006 ਵਿਚ ਉਨ੍ਹਾਂ ਨੇ ਆਪਣੀ ਉਮਰ ਦੇ 100 ਸਾਲ ਪੂਰੇ ਕਰ ਲਏ ਸਨ। ਉਨ੍ਹਾਂ ਦੀ ਚਹੇਤੀ ਪੋਤੀ ਸ਼ੀਰੀਂ ਤਹਿਮੀਨਾ ਭੰਡਾਰੀ ਕਹਿੰਦੇ ਹਨ ਕਿ ਸ੍ਰੀਮਤੀ ਤਹਿਮੀ ਦੁਆਈਆਂ ਲੈਣ ਤੋਂ ਪ੍ਰਹੇਜ਼ ਹੀ ਕਰਦੇ ਸਨ।

ਤਹਿਮੀ ਭੰਡਾਰੀ ਦਾ ਜਨਮ 1906 ਵਿਚ ਇਕ ਅਮੀਰ ਤੇ ਪਰੰਪਰਾਵਾਦੀ ਪਾਰਸੀ ਪਰਿਵਾਰ ਵਿਚ ਹੋਇਆ। ਉਸ ਦੇ ਬੱਚੇ ਚਾਹੇ ਵਿਦੇਸ਼ ਵਿਚ ਰਹਿੰਦੇ ਹਨ ਪਰ ਉਹ ਆਪ ਅੰਮ੍ਰਿਤਸਰ ਦੀ ਹੀ ਵਸਨੀਕ ਸਨ। ਉਹ ਪੰਜ ਭੈਣਾਂ ਤੇ ਇਕ ਭਰਾ ਵਾਲੇ ਪਰਿਵਾਰ ਵਿਚ ਦੂਜਾ ਬੱਚਾ ਹਨ। ਉਸ ਦੇ ਪਿਤਾ ਆਦੇਸ਼ਵਰ ਬੋਗਾ ਅੰਮ੍ਰਿਤਸਰ ਤੇ ਲੁਧਿਆਣਾ ਵਿਚ ਬਰਫ਼ ਦੇ ਕਾਰਖਾਨਿਆਂ ਦੇ ਮਾਲਕ ਸਨ। ਉਸ ਨੇ ਉਨ੍ਹਾਂ ਦਿਨਾਂ ਵਿਚ ਸਮਾਜਕ ਮਨਾਹੀਆਂ ਤੋਂ ਬਗਾਵਤ ਕੀਤੀ ਜਦੋਂ ਕੋਈ ਸੋਚ ਵੀ ਨਹੀਂ ਸਕਦਾ ਸੀ ਕਿ ਕੋਈ ਕੁੜੀ ਇਸ ਤਰ੍ਹਾਂ ਦੀ ਬਗਾਵਤ ਕਰ ਸਕਦੀ ਹੈ। ਉਹ ਆਪਣੇ ਸਮੇਂ ਤੋਂ ਅਗਲੇਰੇ ਯੁੱਗ ਦੀ ਔਰਤ ਸੀ। ਸ਼ਾਇਦ ਉਹ ਪਹਿਲੀ ਇਸਤਰੀ ਸੀ ਜਿਸ ਕੋਲ ਆਪਣੀ ਕਾਰ ਸੀ ਜਿਸ ਨੂੰ ਉਹ ਖ਼ੁਦ ਚਲਾਉਂਦੀ ਸੀ। ਉਹ ਖ਼ੁਦ ਕਾਰ ਚਲਾ ਕੇ ਲਾਹੌਰ ਜਾਂਦੀ ਤੇ ਵਾਪਸ ਅੰਮ੍ਰਿਤਸਰ ਨੂੰ ਮੁੜ ਆਉਂਦੀ ਸੀ। ਉਸ ਦਾ ਅੰਕਲ ਰੁਸਤਮਜੀ ਮੁਲਹਾਫਰੋਤ ਹਮੇਸ਼ਾ ਉਸ ਦੀ ਦੇਖ-ਭਾਲ ਲਈ ਨਾਲ ਜਾਂਦਾ ਸੀ। ਰੁਸਤਮਜੀ ਦੀ ਨਿਰਸੰਤਾਨ ਮ੍ਰਿਤੂ ਹੋ ਗਈ। ਉਸ ਨੇ ਛਾਉਣੀ ਦੇ ਇਲਾਕੇ ਵਿਚ ਆਪਣੀ ਵਿਸ਼ਾਲ ਕੋਠੀ ਦੀ ਵਸੀਅਤ ਤਹਿਮੀ ਬੋਗਾ ਦੇ ਨਾਂ ਕਰ ਦਿੱਤੀ।

ਉੱਨੀ ਸੌ ਤੀਹਵਿਆਂ ਦੇ ਅੱਧ ਵਿਚ ਤਹਿਮੀ ਬੋਗਾ ਕੋਲ ਲਿੰਕਨ 12 ਸਲਿੰਡਰ ਕਾਰ ਹੁੰਦੀ ਸੀ। ਉਹ ਖੁੱਲ੍ਹੀ ਕਾਰ ਚਲਾ ਕੇ ਲਾਹੌਰ ਜਾਇਆ ਕਰਦੀ ਸੀ ਅਤੇ ਲਾਹੌਰ



ਦੇ ਅਨਾਰਕਲੀ ਬਾਜ਼ਾਰ ਵਿਚ ਖਰੀਦਾ-ਖਰਾਦੀ ਕਰ ਕੇ, ਮੂਕ ਫਿਲਮ ਦੇਖ ਕੇ ਅਤੇ ਫਾਲਟੀਜ਼ ਰੈਸਟੋਰੈਂਟ ਵਿਚ ਕਾਫ਼ੀ ਪੀ ਕੇ, ਹਨੇਰਾ ਹੋਣ ਤੋਂ ਪਹਿਲਾਂ ਅੰਮ੍ਰਿਤਸਰ ਮੁੜ ਆਉਂਦੀ ਸੀ। ਫਾਲਟੀਜ਼ ਰੈਸਟੋਰੈਂਟ ਅੱਜ ਵੀ ਲਾਹੌਰ ਵਿਚ ਚਲ ਰਿਹਾ ਹੈ।

ਉਸ ਨੂੰ ਉਸ ਦੇ ਦੋਸਤ ਅਤੇ ਪ੍ਰਸੰਸਕ ਪਿਆਰ ਨਾਲ 'ਗੁਲਦਸਤਾ' ਕਹਿੰਦੇ ਸਨ। ਉਸ ਦੇ ਪ੍ਰਸੰਸਕਾਂ ਵਿਚ ਪ੍ਰਸਿੱਧ ਲੇਖਕ ਮੁਲਕ ਰਾਜ ਅਨੰਦ ਅਤੇ ਸੁਰਜੀਤ ਸਿੰਘ ਮਜੀਠੀਆ ਸ਼ਾਮਲ ਸਨ। ਸੁਰਜੀਤ ਸਿੰਘ ਮਜੀਠੀਆ 1958 ਵਿਚ ਭਾਰਤ ਦੇ ਉਪ ਰੱਖਿਆ ਮੰਤਰੀ ਨਿਯੁਕਤ ਹੋਏ।

ਤਹਿਮੀ ਬੋਗਾ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਜਦੋਂ ਅੰਗਰੇਜ਼ੀ ਦੀ ਐੱਮ.ਏ. ਕਰ ਰਹੀ ਸੀ ਤਾਂ ਇਕ ਹਿੰਦੂ ਪਰਿਵਾਰ ਦੇ ਮੈਂਬਰ ਪਦਮ ਚੰਦ ਭੰਡਾਰੀ ਨਾਲ ਉਸ ਨੂੰ ਪਿਆਰ ਹੋ ਗਿਆ। ਉਸ ਨੇ ਪਦਮ ਚੰਦ ਨਾਲ ਵਿਆਹ ਕਰਵਾ ਲਿਆ। ਉਹ ਨਗਰ ਸੁਧਾਰ ਟਰੱਸਟ ਵਿਚ ਇਕ ਸਹਾਇਕ ਅਫ਼ਸਰ ਸੀ। ਤਹਿਮੀ ਬੋਗਾ ਫ਼ਖ਼ਰ ਨਾਲ ਕਹਿੰਦੀ ਸੀ ਕਿ 'ਅੰਮ੍ਰਿਤਸਰ ਦੇ ਮਸ਼ਹੂਰ ਭੰਡਾਰੀ ਪੁਲ ਦਾ ਨਾਂ 1954 ਵਿਚ ਉਸ ਦੇ ਪਤੀ ਦੇ ਨਾਂ 'ਤੇ ਰੱਖਿਆ ਗਿਆ ਸੀ। ਉਸ ਨੇ ਬਹੁ-ਸੜਕੀ ਪੁਲ ਦੇ ਸੁਪਨੇ ਨੂੰ ਸਾਕਾਰ ਕਰ ਦਿੱਤਾ ਸੀ। ਜੋ ਅਜੋਕੇ ਫਲਾਈ ਓਵਰਾਂ ਦੀ ਇਕ ਪੂਰਵ-ਕਲਪਨਾ ਸੀ। ਇਹ ਪੁਲ ਅੰਦਰੂਨੀ ਪੁਰਾਣੇ ਸ਼ਹਿਰ ਨੂੰ ਸਿਵਲ ਲਾਈਨ ਨਾਲ ਜੋੜਦਾ ਹੈ।'

ਤਹਿਮੀ ਬੋਗਾ ਨੇ ਆਪਣੀ ਬਰਾਦਰੀ ਤੋਂ ਬਾਹਰ ਇਕ ਹੋਰ ਜਾਤ ਦੇ ਬੰਦੇ ਨਾਲ ਪਿਆਰ-ਵਿਆਹ ਕਰਵਾ ਲਿਆ ਸੀ। ਇਸ ਲਈ ਉਸ ਦੇ ਪਰਿਵਾਰ ਤੇ ਦੋਸਤਾਂ ਸਮੇਤ ਕਈ ਲੋਕਾਂ ਨੇ ਉਸ ਨਾਲ ਮਿਲਣਾ-ਵਰਤਨਾ ਛੱਡ ਦਿੱਤਾ ਸੀ। ਆਪਣੇ ਪਤੀ ਦੀ ਮੌਤ ਤੋਂ ਬਾਅਦ ਉਸ ਨੂੰ ਆਪਣੀ ਤੇ ਆਪਣੇ ਪਰਿਵਾਰ ਦੀ ਦੇਖ-ਭਾਲ ਆਪ ਕਰਨੀ ਪਈ ਜਦ ਕਿ ਉਸ ਦੀ ਉਮਰ ਅਜੇ ਸਿਰਫ਼ 48 ਸਾਲ ਸੀ। ਉਸ ਦੀਆਂ ਤਿੰਨ ਧੀਆਂ ਤੇ ਇਕ ਪੁੱਤਰ ਸੀ। ਉਸ ਨੇ ਜ਼ਿੰਦਗੀ ਦੀ ਇਸ ਚੁਣੌਤੀ ਨੂੰ ਬਹਾਦਰੀ ਨਾਲ ਸਵੀਕਾਰ ਕੀਤਾ। ਉਸ ਨੇ ਇਕ ਇੰਜੀਨੀਅਰ ਡੀ.ਡੀ. ਕੈਲਾ ਦੀ ਮਦਦ ਨਾਲ ਆਪਣੇ ਸੂਹੇ ਬੋਗਨਵੇਲੀਆ ਵਾਲੇ ਵਿਸ਼ਾਲ ਘਰ ਨੂੰ ਇਕ ਗੈੱਸਟ ਹਾਊਸ ਵਿਚ ਤਬਦੀਲ ਕਰ ਦਿੱਤਾ।

ਤਹਿਮੀ ਬੋਗਾ ਇਸ ਇਲਾਕੇ ਵਿਚ ਕਾਰੋਬਾਰ ਚਲਾਉਣ ਵਾਲੀ ਪਹਿਲੀ ਔਰਤ ਸੀ। ਆਪਣੇ-ਆਪ ਨੂੰ ਲੋਕਾਂ ਦੀਆਂ ਵਹਿਸ਼ੀ ਨਜ਼ਰਾ ਤੋਂ ਬਚਾਉਣ ਲਈ ਉਸ ਨੇ ਡਾਢਾ ਦਬੰਗ ਸੁਭਾਅ ਅਖ਼ਤਿਆਰ ਕਰ ਲਿਆ ਸੀ। ਉਸ ਦਾ ਕਹਿਣਾ ਸੀ ਕਿ ਆਪਣੀ ਤੇ ਆਪਣੇ ਬੱਚਿਆਂ ਦੀ ਸੁਰੱਖਿਆ ਲਈ ਉਹ ਕਈ ਵਾਰੀ ਗਾਲੀ-ਗਲੋਚ 'ਤੇ ਵੀ ਉਤਰ ਆਉਂਦੀ ਸੀ।

ਆਪਣੇ ਪਹਿਲੇ ਪਤੀ ਦੀ ਮੌਤ ਤੋਂ ਚਾਰ ਸਾਲ ਬਾਅਦ ਉਸ ਨੇ ਦੂਜਾ ਵਿਆਹ ਕਰਵਾ ਲਿਆ, ਜਦੋਂ ਕਿ ਵਿਧਵਾ-ਵਿਆਹ ਬਾਰੇ ਉਦੋਂ ਕਦੀ ਕਿਸੇ ਨੂੰ ਖ਼ਿਆਲ ਵੀ ਨਹੀਂ ਆ ਸਕਦਾ ਸੀ। ਉਸ ਨੇ ਇੰਜੀਨੀਅਰ ਡੀ.ਡੀ.ਕੈਲਾ ਨਾਲ ਵਿਆਹ ਕੀਤਾ। ਜਿਸ ਨੇ ਉਸ ਦੇ ਗੈਸਟ-ਹਾਊਸ ਲਈ ਟਰਾਂਸਪੋਰਟ ਤੇ ਆਵਾਜਾਈ ਦੇ ਹੋਰ ਸਾਧਨ

ਮੁਹੱਈਆ ਕੀਤੇ। 1962 ਵਿਚ ਚੀਨ ਦੇ ਹਮਲੇ ਕਾਰਨ ਟੂਰਿਸਟਾਂ ਦਾ ਆਉਣਾ-ਜਾਣਾ ਘਟ ਹੋ ਗਿਆ ਤੇ ਤਹਿਮੀ ਬੋਗਾ ਦੇ ਕਾਰੋਬਾਰ ਨੂੰ ਕਾਫ਼ੀ ਧੱਕਾ ਲੱਗਾ। 1965 ਦੀ ਹਿੰਦ-ਪਾਕਿ ਜੰਗ ਨੇ ਵੀ ਉਸ ਨੂੰ ਘਾਟਾ ਪਾਇਆ। 1971 ਦੀ ਹਿੰਦ-ਪਾਕਿ ਜੰਗ ਤੋਂ ਕੁਝ ਸਮਾਂ ਪਹਿਲਾਂ ਉਸ ਦੇ ਦੂਜੇ ਪਤੀ ਦੀ ਵੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਸ ਦੇ ਪਰਿਵਾਰ ਤੇ ਦੋਸਤਾਂ ਨੇ ਉਸ ਉਤੇ ਜ਼ੋਰ ਪਾਇਆ ਕਿ ਉਹ ਕਿਤੇ ਵਧੇਰੇ ਸੁਰੱਖਿਅਤ ਥਾਂ ’ਤੇ ਚਲੀ ਜਾਵੇ ਪਰ ਉਸ ਨੇ ਆਪਣਾ ਤਰਨ-ਤਲਾਅ ਮੁਕੰਮਲ ਕਰਨ ਨੂੰ ਤਰਜੀਹ ਦਿੱਤੀ।

ਉੱਨੀ ਸੌ ਅੱਸੀਵਿਆਂ ਵਿਚ ਦਹਾਕਾ ਭਰ ਚੱਲੇ ਖਾੜਕੂਵਾਦ ਨੇ ਉਸ ਦੇ ਕਾਰੋਬਾਰ ਨੂੰ ਬਹੁਤ ਘਾਟਾ ਪਾਇਆ। ਉਸ ਨੇ ਗੈਸਟ-ਹਾਊਸ ਨੂੰ ਚਲਦਾ ਰੱਖਣ ਲਈ ਕਈ ਸਾਲ ਬੜੀ ਮਿਹਨਤ ਕੀਤੀ।

ਅੰਮ੍ਰਿਤਸਰ ਵਿਚ ਇਕ ਹੋਰ ਪਾਰਸੀ ਪਰਿਵਾਰ ਵੀ ਰਹਿੰਦਾ ਹੈ। ਕੇਕੀ ਕਵਾਸਜੀ ਦੇ ਪਰਿਵਾਰ ਦਾ ਸਿਰਫ਼ ਇਕ ਮੈਂਬਰ ਹੁਣ ਇਸ ਸ਼ਹਿਰ ਵਿਚ ਰਹਿੰਦਾ ਹੈ। ਇਸ ਪਰਿਵਾਰ ਦੀ ਇਕੋ-ਇਕ ਧੀ ਸ਼ੀਰੀਂ ਅਮਰੀਕਾ ਚਲੀ ਗਈ ਹੈ।

ਡਿਸਕਸ ਤੇ ਗੋਲਾ ਸੁੱਟਣ ਵਾਲੀ ਇਕ ਅੰਤਰ-ਰਾਸ਼ਟਰੀ ਪੱਧਰ ਦੀ ਖਿਡਾਰਨ ਬਖਤਾਵਰ ਭੁੱਲਰ ਖਮਬਾਟਾ ਵੀ ਜਨਮ ਤੋਂ ਪਾਰਸੀ ਹੈ। ਉਹ ਕਈ ਸਾਲਾਂ ਤੋਂ ਅੰਮ੍ਰਿਤਸਰ ਵਿਚ ਰਹਿ ਰਹੀ ਹੈ। ਉਹ ਅੰਮ੍ਰਿਤਸਰ ਵਿਚ ਇੱਥੇ ਆਪਣੀ ਬਦਲੀ ਹੋ ਜਾਣ ਕਰ ਕੇ ਰਹਿੰਦੀ ਹੈ। ਉਹ ਰੇਲ ਵਿਭਾਗ ਵਿਚ ਵੱਡੀ ਅਫ਼ਸਰ ਹੈ। ਉਸ ਨੇ ਅੰਤਰਰਾਸ਼ਟਰੀ ਪੱਧਰ ਦੇ ਇਕ ਹਾਕੀ ਖਿਡਾਰੀ ਮਨਜੀਤ ਭੁੱਲਰ ਨਾਲ ਵਿਆਹ ਕਰਾ ਲਿਆ ਸੀ।

ਦਿਲਚਸਪ ਗੱਲ ਇਹ ਹੈ ਕਿ ਇਹ ਸਾਰੇ ਪਾਰਸੀ ਫਰਾਟੇਦਾਰ ਪੰਜਾਬੀ ਬੋਲਦੇ ਹਨ।

****



## ਫਰੀਮੈਸਨ ਭਾਈਚਾਰੇ ਦੀ ਗੁਪਤ ਨਿਯਮਾਵਲੀ

ਪਿਛਲੇ ਕੁਝ ਸਮੇਂ ਤਕ ਫਰੀਮੈਸਨ ਭਾਈਚਾਰੇ ਦੀਆਂ ਸਰਗਰਮੀਆਂ ਬਾਰੇ ਆਮ ਲੋਕਾਂ ਨੂੰ ਕੁਝ ਪਤਾ ਨਹੀਂ ਸੀ ਕਿਉਂਕਿ ਇਨ੍ਹਾਂ ਦੀਆਂ ਮੀਟਿੰਗ-ਗਾਹਾਂ ਨੂੰ ਗੁਪਤ ਰੱਖਿਆ ਜਾਂਦਾ ਹੈ। ਕੁਝ ਸਮੇਂ ਤੋਂ ਇਹ ਜਥੇਬੰਦੀ ਕੁਝ ਖੁੱਲ੍ਹ ਕੇ ਵਿਚਰਨ ਲੱਗੀ ਹੈ ਤਾਂ ਜੋ ਇਸ ਸੰਸਥਾ ਬਾਰੇ ਸ਼ੱਕ-ਸ਼ੁਬ੍ਹੇ ਦੂਰ ਕਰ ਕੇ ਲੋਕਾਂ ਨੂੰ ਆਪਣੇ ਨਾਲ ਜੋੜਿਆ ਜਾਵੇ।

ਫਰੀਮੈਸਨ ਸੰਸਥਾ ਇਹ ਦਾਅਵਾ ਕਰਦੀ ਹੈ ਕਿ ਉਹ ਮਾਨਵ ਏਕਤਾ ਬਾਰੇ ਦੁਨੀਆ ਦੀਆਂ ਸਭ ਤੋਂ ਪੁਰਾਣੀਆਂ ਧਰਮ-ਨਿਰਪੱਖ ਸੰਸਥਾਵਾਂ ਵਿਚੋਂ ਇਕ ਹੈ। ਇਹ ਅੰਤਰਰਾਸ਼ਟਰੀ ਸੰਸਥਾ ‘ਇਕ ਪਿਤਾ ਪਰਮਾਤਮਾ ਅਤੇ ਸਮੂਹ ਮਾਨਵ ਜਾਤੀ ਭਰਾ ਭਰਾ’ ਦੇ ਅਸੂਲ ਉਤੇ ਆਧਾਰਿਤ ਹੈ। ਇਹ ਸੰਸਥਾ ਕੇਵਲ ਉਨ੍ਹਾਂ ਵਿਅਕਤੀਆਂ ਨਾਲ ਸਬੰਧਿਤ ਹੈ ਜਿਹੜੇ ਨੈਤਿਕ ਤੇ ਰੂਹਾਨੀ ਕਦਰਾਂ-ਕੀਮਤਾਂ ਨੂੰ ਸਮਰਪਿਤ ਹਨ। ਇਸ ਦੇ ਮੈਂਬਰਾਂ ਨੂੰ ਲੜੀਵਾਰ ਰਹੁ-ਰੀਤਾਂ ਦੁਆਰਾ ਇਸ ਦੇ ਸਿਧਾਂਤ ਤੇ ਉਦੇਸ਼ ਸਮਝਾਏ ਜਾਂਦੇ ਹਨ ਜੋ ਪ੍ਰਾਚੀਨ ਰਸਮਾਂ-ਰੀਤਾਂ ਉਤੇ ਆਧਾਰਿਤ ਹਨ।

ਫਰੀਮੈਸਨ ਸੰਸਥਾ ਆਪਣੇ ਮੈਂਬਰਾਂ ਨੂੰ ਨਾ ਤਾਂ ਇਹ ਸਿਖਾਉਂਦੀ ਹੈ ਕਿ ਉਨ੍ਹਾਂ ਦਾ ਧਰਮ -ਵਿਸ਼ਵਾਸ ਕੀ ਹੋਵੇ ਅਤੇ ਨਾ ਹੀ ਇਹ ਦਸਦੀ ਹੈ ਕਿ ਫਰੀਮੈਸਨ ਸੰਸਥਾ ਉਨ੍ਹਾਂ ਦੇ ਧਰਮ ਦਾ ਬਦਲ ਹੈ।

ਕਿਸੇ ਵੀ ਹੋਰ ਕਲੱਬ ਵਾਂਗ ਫਰੀਮੈਸਨ ਸੰਸਥਾ ਦੀ ਵੀ ਇਕ ਖ਼ਾਸ ਪੁਸ਼ਾਕ ਹੈ, ਜੋ ਫਰੀਮੈਸਨ ਮੈਂਬਰ ਮੀਟਿੰਗ ਵਿਚ ਹਜ਼ਾਰ ਹੋਣ ਸਮੇਂ ਪਹਿਨਦੇ ਹਨ। ਉਹ ਇਕ ਐਪ੍ਰਨ ਦੇ ਉਪਰ ਸੰਸਥਾ ਦਾ ਪਛਾਣ-ਚਿੰਨ੍ਹ ਪਹਿਨਦੇ ਹਨ, ਜੋ ਉਨ੍ਹਾਂ ਦੀ ਸੰਸਥਾ-ਗਤ ਪਰੰਪਰਾ ਅਤੇ ਭਰੱਪਣ ਦਾ ਨਿਸ਼ਾਨ ਹੈ।

ਫਰੀਮੈਸਨ ਸੰਸਥਾ ਆਪਣੇ ਮੈਂਬਰਾਂ ਨੂੰ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਅਤੇ ਸਹਿਣਸ਼ੀਲਤਾ ਧਾਰਨ ਕਰਨਾ ਸਿਖਾਉਂਦੀ ਹੈ ਅਤੇ ਧਰਮ ਨਿਰਪੇਖਤਾ ਉਤੇ ਜ਼ੋਰ ਦਿੰਦੀ ਹੈ। ਇਸ ਸੰਸਥਾ ਵਿਚ ਕਈ ਈਸਾਈ, ਹਿੰਦੂ ਅਤੇ ਸਿੱਖ ਸ਼ਾਮਲ ਹਨ, ਜੋ ਇਹ ਮਹਿਸੂਸ ਕਰਦੇ ਹਨ ਕਿ ਉਹ ਇਸ ਸੰਸਥਾ ਦੇ ਸਰਗਰਮ ਮੈਂਬਰ ਹੁੰਦੇ ਹੋਏ ਵੀ ਆਪਣੇ ਧਰਮ ਦਾ ਪਾਲਣ ਕਰ ਸਕਦੇ ਹਨ। ਫਰੀਮੈਸਨ ਸਮਾਜ ਦੀਆਂ ਧਰਮ ਪੁਸਤਕਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ, ਕੁਰਾਨ ਸ਼ਰੀਫ਼, ਭਗਵਤ ਗੀਤਾ, ਬਾਈਬਲ, ਅਤੇ ਪਾਰਸੀਆਂ ਦੀ ਪਵਿੱਤਰ ਪੁਸਤਕ ਜ਼ੰਦ ਅਵਿਸਤਾ ਦੀ ਚੋਣਵੀਂ ਬਾਣੀ ਦਰਜ ਹੈ। ਜਥੇਬੰਦੀ ਦੀਆਂ ਮੀਟਿੰਗਾਂ ਵਿਚ ਆਪਣੀਆਂ ਪਵਿੱਤਰ ਪੁਸਤਕਾਂ ਵਿਚ ਰੱਖੇ ਹੋਏ ਉਸਾਰੀ ਦੇ ਸੰਦਾਂ ਦੇ ਦਰਸ਼ਨ ਕਰਾਏ ਜਾਂਦੇ ਹਨ।

ਅੰਮ੍ਰਿਤਸਰ ਵਿਚ ਫਰੀਮੈਸਨ ਜਥੇਬੰਦੀ ਦੀ ਸਥਾਪਨਾ, ਸ਼੍ਰੋਮਣੀ ਗੁਰਦੁਆਰਾ

ਪ੍ਰਬੰਧਕ ਕਮੇਟੀ ਦੇ ਗਠਨ ਤੋਂ ਤਿੰਨ ਸਾਲ ਪਹਿਲਾਂ 1922 ਵਿਚ ਹੋਈ ਸੀ। ਇਸ ਦੇ ਪਹਿਲੇ ਪ੍ਰਧਾਨ (ਜਿਸ ਨੂੰ ਮਾਸਟਰ ਕਹਿੰਦੇ ਹਨ) ਸ. ਗੁਰਦਿੱਤ ਸਿੰਘ ਅਰੋੜਾ ਸਨ, ਜੋ ਇਸ ਪਵਿੱਤਰ ਸ਼ਹਿਰ ਦੇ ਇਕ ਪ੍ਰਸਿੱਧ ਵਪਾਰੀ ਸਨ।

ਇਸ ਜਥੇਬੰਦੀ ਨੂੰ ਸਥਾਪਿਤ ਹੋਇਆਂ 97 ਸਾਲ ਹੋ ਗਏ ਹਨ ਪਰ ਇਸ ਦੇ ਮੈਂਬਰਾਂ ਦੀ ਗਿਣਤੀ ਸਿਰਫ਼ 40 ਕੁ ਹੈ, ਜੋ ਸ਼ਹਿਰ ਦੇ ਪਤਵੰਤੇ ਸੱਜਣ ਹਨ। ਘੱਟ ਗਿਣਤੀ ਹੋਣ ਦਾ ਕਾਰਨ ਇਹ ਹੈ ਕਿ ਕਿਸੇ ਵਿਅਕਤੀ ਨੂੰ ਜਥੇਬੰਦੀ ਦਾ ਮੈਂਬਰ ਤਾਂ ਹੀ ਬਣਾਇਆ ਜਾਂਦਾ ਹੈ ਜੇ ਇਕ ਮੈਸਨ ਉਸ ਦੇ ਨਾਂ ਦੀ ਸਿਫ਼ਾਰਸ਼ ਕਰੇ। ਮੈਂਬਰ ਬਣਾਉਣ ਲਈ ਗੁਪਤ ਵੋਟ ਦਾ ਤਰੀਕਾ ਵਰਤਿਆ ਜਾਂਦਾ ਹੈ। ਮੈਂਬਰਸ਼ਿਪ ਦੀ ਪ੍ਰਵਾਨਗੀ ਜਾਂ ਅਪ੍ਰਵਾਨਗੀ ਲਈ ਚਿੱਟੀਆਂ ਤੇ ਕਾਲੀਆਂ ਗੇਂਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਦੋ ਕਾਲੀਆਂ ਗੇਂਦਾਂ ਕਿਸੇ ਵਿਅਕਤੀ ਨੂੰ ਅਯੋਗ ਕਰਾਰ ਦੇਣ ਲਈ ਕਾਫ਼ੀ ਹਨ।

ਅੰਮ੍ਰਿਤਸਰ ਸ਼ਹਿਰ ਦੇ ਕਈ ਪ੍ਰਸਿੱਧ ਡਾਕਟਰ, ਗੌਰਮਿੰਟ ਮੈਡੀਕਲ ਕਾਲਜ ਦੇ ਕਈ ਸਾਬਕਾ ਪ੍ਰਿੰਸੀਪਲ, ਕਈ ਪ੍ਰਸਿੱਧ ਵਕੀਲ ਅਤੇ ਅਮੀਰ ਵਪਾਰੀ ਫਰੀਮੈਸਨ ਜਥੇਬੰਦੀ ਦੇ ਮੈਂਬਰ ਹਨ।

ਫਰੀਮੈਸਨ ਜਥੇਬੰਦੀ ਅੰਮ੍ਰਿਤਸਰ ਦੇ ਵੱਡੀ ਉਮਰ ਦੇ ਜੀਵਤ ਸਾਬਕ ਪ੍ਰਧਾਨਾਂ (ਮਾਸਟਰਜ਼) ਵਿਚ ਡਾ. ਰਣਬੀਰ ਸਿੰਘ, ਸ੍ਰੀ ਕੇ.ਜੇ. ਅਰੋੜਾ, ਸ੍ਰੀ ਓ.ਪੀ. ਮਹਿਰਾ, ਉਨ੍ਹਾਂ ਦੇ ਸਪੁੱਤਰ ਸ੍ਰੀ ਨਵਲ ਮਹਿਰਾ, ਡਾ. ਐੱਮ.ਐੱਸ. ਖੰਨਾ ਅਤੇ ਡਾ. ਪੀ.ਐੱਸ. ਗਰੇਵਾਲ ਸ਼ਾਮਲ ਹਨ।

ਦਿਲਸਚਪ ਗੱਲ ਇਹ ਹੈ ਕਿ ਪੁਰਾਣੀ ਸਿੱਖ ਸੰਸਥਾ ਚੀਫ਼ ਖਾਲਸਾ ਦੀਵਾਨ ਦੇ ਇਕ ਸਾਬਕ ਪ੍ਰਧਾਨ ਵੀ ਇਸ ਜਥੇਬੰਦੀ ਦੇ ਪ੍ਰਧਾਨ (ਮਾਸਟਰ) ਰਹੇ ਹਨ।

ਸ਼ੁਰੂ-ਸ਼ੁਰੂ ਵਿਚ ਅੰਮ੍ਰਿਤਸਰ ਦੇ ਲੋਕ ਫਰੀਮੈਸਨਾਂ ਨੂੰ 'ਜਾਦੂਗਰ' ਕਹਿੰਦੇ ਸਨ। ਅਰੰਭ ਵਿਚ ਜਥੇਬੰਦੀ ਦੇ ਮੁੰਬਈ ਲਾਜ (Mumbai Lodge) ਨੂੰ 'ਭੂਤ ਬੰਗਲਾ' ਕਿਹਾ ਜਾਂਦਾ ਸੀ। ਪਰ ਅੱਜ ਕੱਲ੍ਹ ਲੋਕਾਂ ਨੇ ਇੰਜ ਕਹਿਣਾ ਛੱਡ ਦਿੱਤਾ ਹੈ। ਪਰ ਮੈਸਨ ਲੋਕ ਬੜੇ ਨਿਰਾਲੇ ਹਨ। ਉਨ੍ਹਾਂ ਦਾ ਹੱਥ ਮਿਲਾਉਣ ਦਾ ਤਰੀਕਾ ਬਹੁਤ ਵੱਖਰਾ ਹੈ। ਆਪਣੇ ਵੱਖਰੇ ਰੀਤੀ-ਰਿਵਾਜਾਂ ਕਾਰਨ ਉਨ੍ਹਾਂ ਨੇ ਆਪਣੀ ਵੱਖਰੀ ਪਛਾਣ ਕਾਇਮ ਰੱਖੀ ਹੋਈ ਹੈ।

ਅੰਮ੍ਰਿਤਸਰ ਦੀ ਫਰੀਮੈਸਨ ਜਥੇਬੰਦੀ ਦੇ ਬਹੁਤ ਪੁਰਾਣੇ ਮੈਂਬਰਾਂ ਵਿਚੋਂ ਇਕ ਸ੍ਰੀ ਇੰਦਰਜੀਤ ਸੂਦ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਚਾਰ ਦਹਾਕਿਆਂ ਤੋਂ ਇਸ ਜਥੇਬੰਦੀ ਨਾਲ ਜੁੜੇ ਹੋਏ ਹਨ। ਜਥੇਬੰਦੀ ਦੇ ਗੁਪਤ ਨਿਯਮਾਂ ਦੇ ਸਹਾਰੇ ਉਨ੍ਹਾਂ ਨੇ ਅਮਰੀਕਾ ਦੇ ਕਈ ਫਰੀਮੈਸਨ-ਘਰਾਂ ਵਿਚ ਪ੍ਰਵੇਸ਼ ਕੀਤਾ ਹੈ। ਅਮਰੀਕਾ ਦੇ ਹਰ ਫਰੀਮੈਸਨ-ਘਰ ਵਿਚ ਦਾਖਲ ਹੋਣ ਲਈ ਉਨ੍ਹਾਂ ਨੂੰ ਹਰ ਵਾਰ ਇਕ ਪ੍ਰੀਖਿਆ ਪਾਸ ਕਰਨੀ ਪੈਂਦੀ ਸੀ। ਇਹ ਸੰਕੇਤ-ਸ਼ਬਦ ਹੀ ਸਨ ਜਿਨ੍ਹਾਂ ਤੋਂ ਮੇਰੇ ਮੈਸਨ ਹੋਣ ਦਾ ਪਤਾ ਲੱਗਦਾ ਸੀ। ਸ੍ਰੀ ਸੂਦ ਕਹਿੰਦੇ ਹਨ ਕਿ ਇਹ ਸੰਕੇਤ-ਸ਼ਬਦ ਪ੍ਰਾਚੀਨ ਸਮਿਆਂ ਵਿਚ



ਮੈਸਨਾਂ ਨੇ ਈਜਾਦ ਕੀਤੇ ਸਨ। "ਉਨ੍ਹਾਂ ਨੇ ਅਨ-ਅਧਿਕਾਰੀ ਪ੍ਰਵੇਸ਼ਕਾਂ ਨੂੰ ਰੋਕਣ ਲਈ ਵੱਡੇ ਵੱਡੇ ਮੰਦਰਾਂ ਅਤੇ ਅਦਭੁਤ ਭਵਨਾਂ ਦਾ ਨਿਰਮਾਣ ਕੀਤਾ।"

ਇਕ ਹੋਰ ਸਾਬਕਾ ਪ੍ਰਧਾਨ (ਮਾਸਟਰ) ਡਾ. ਸੰਤੋਖ ਸਿੰਘ (ਚੀਫ਼ ਖ਼ਾਲਸਾ ਦੇ ਸਾਬਕਾ ਪ੍ਰਧਾਨ) ਨੇ ਆਖਿਆ ਕਿ ਕੁਝ ਸਮੇਂ ਤੋਂ ਫਰੀਮੈਸਨ ਜਥੇਬੰਦੀ ਨੇ ਲੋਕ-ਭਲਾਈ ਦੇ ਕੰਮ ਸ਼ੁਰੂ ਕੀਤੇ ਹਨ। ਅਜਿਹੇ ਕਾਰਜਾਂ ਵਿਚੋਂ ਇਕ ਕਾਰਜ ਹੈ: ਰੋਕੋ ਕੈਂਸਰ। ਇਸ ਕੰਮ ਨੂੰ ਸੁਚਾਰੂ ਢੰਗ ਨਾਲ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਇਕ ਮੋਬਾਈਲ ਵੈਨ ਦਾ ਉਦਘਾਟਨ ਕੀਤਾ ਸੀ।

ਫਰੀਮੈਸਨ ਸੰਸਥਾ ਦਾ ਅਰੰਭ ਕਿਵੇਂ ਹੋਇਆ? ਇਸ ਰਹੱਸ ਤੋਂ ਅਜੇ ਤਕ ਪਰਦਾ ਨਹੀਂ ਉੱਠਿਆ। ਕਾਰਨ ਇਹ ਹੈ ਕਿ ਸੰਸਥਾ ਦੇ ਮੈਂਬਰਾਂ ਨੇ ਇਸ ਭੇਤ ਨੂੰ ਗੁਪਤ ਹੀ ਰੱਖਿਆ ਹੈ। ਭਾਰਤ ਵਿਚ ਫਰੀਮੈਸਨ ਸੰਸਥਾ ਨਾਲ ਜਾਣ-ਪਛਾਣ ਕਰਾਉਂਦੇ ਇਕ ਲੇਖ ਵਿਚ ਲਿਖਿਆ ਹੈ, 'ਸ਼ਾਇਦ ਇਹ ਕਿਹਾ ਜਾ ਸਕਦਾ ਹੈ ਕਿ ਫਰੀਮੈਸਨ ਸੰਸਥਾ ਦੇ ਸਾਰੇ ਭੇਤਾਂ ਵਿਚੋਂ, ਇਸ ਦੇ ਜਨਮ ਦਾ ਭੇਤ ਸਭ ਤੋਂ ਡੂੰਘਾ ਹੈ।' ਫੇਰ ਵੀ ਇਹ ਕਿਹਾ ਜਾਂਦਾ ਹੈ ਕਿ ਫਰੀਮੈਸਨ ਸੰਸਥਾ ਦਾ ਗਠਣ 1717 ਈ. ਵਿਚ ਸ਼ੁਰੂ ਹੋਇਆ। ਪਰ ਇਸ ਸੰਸਥਾ ਦੇ ਜਨਮ ਦਾ ਅਸਲ ਭੇਤ ਸਮੇਂ ਦੀ ਧੂੜ ਵਿਚ ਕਿਤੇ ਗੁਆਚ ਗਿਆ ਹੈ।

ਭਾਵੇਂ ਇਸ ਸੰਸਥਾ ਦੇ ਜਨਮ ਬਾਰੇ ਯਕੀਨ ਨਾਲ ਕੁਝ ਕਹਿਣਾ ਮੁਸ਼ਕਿਲ ਹੈ, ਪਰ ਆਮ ਧਾਰਨਾ ਇਹ ਹੈ ਕਿ ਇਸ ਸੰਸਥਾ ਦਾ ਜਨਮ ਉਸ ਵੇਲੇ ਹੋਇਆ, ਜਦੋਂ ਰਾਜਾ ਸੁਲੇਮਾਨ (King Solomon) ਦਾ ਮੰਦਰ ਜੇਰੋਸ਼ਲਮ ਵਿਚ ਬਣਾਇਆ ਗਿਆ ਸੀ। ਫਰੀਮੈਸਨ ਇਸ ਰਵਾਇਤ ਉਤੇ ਵਿਸ਼ਵਾਸ ਕਰਦੇ ਹਨ ਅਤੇ ਉਹ ਰਾਜਾ ਸੁਲੇਮਾਨ ਨੂੰ ਆਪਣਾ ਪਹਿਲਾ ਮੁਖੀ (ਮਾਸਟਰ) ਮੰਨਦੇ ਹਨ।

ਫਰੀਮੈਸਨਾਂ ਦੇ ਅਲੰਕਾਰਕ ਚਿੰਨ੍ਹ ਉਨ੍ਹਾਂ ਦੀ ਪੱਕੀ ਪਛਾਣ ਨੂੰ ਦਰਸਾਉਂਦੇ ਹਨ। ਆਪਣੀਆਂ ਮੀਟਿੰਗਾਂ ਵਿਚ ਉਹ ਇਹ ਅਲੰਕਾਰਕ ਚਿੰਨ੍ਹ ਪਹਿਨ ਕੇ ਆਉਂਦੇ ਹਨ। ਇਨ੍ਹਾਂ ਚਿੰਨ੍ਹਾਂ ਵਿਚ ਬੈਨ, ਤਗਮੇ, ਐਪਰਨ, ਵਰਦੀ, ਕਮਰਬੰਦ, ਦਸਤਾਨੇ, ਹੈਟ ਮੈਡਲ ਤੇ ਤਲਵਾਰਾਂ ਸ਼ਾਮਲ ਹਨ। ਇਨ੍ਹਾਂ ਚਿੰਨ੍ਹਾਂ-ਪ੍ਰਤੀਕਾਂ ਦੀ ਸਜਾਵਟ ਬਹੁਤ ਸੁੰਦਰ ਲਗਦੀ ਹੈ।

ਨਵੇਂ ਮੈਂਬਰ ਭਰਤੀ ਕਰਨ ਵੇਲੇ ਵਰਤੇ ਜਾਂਦੇ ਫਰਸ਼ੀ ਵਸਤਰ ਅਤੇ ਚਾਰਟ, ਇਸ ਸੰਸਥਾ ਦੇ ਸੱਭਿਆਚਾਰ ਦੀ ਖੋਜ ਕਰਨ ਲਈ ਚੰਗੇ ਸਾਧਨ ਹਨ। ਇਕ ਚੌਰਸ ਦੰਦੇਦਾਰ ਬਾਰਡਰ ਵਿਚਾਲੇ ਇਕ ਅੱਖ, ਪਹਿਲੀ ਤਰੀਕ ਦੇ ਪਤਲੇ ਚੰਦ ਅਤੇ ਸੱਤਾਂ ਤਾਰਿਆਂ ਦੇ ਨਿਸ਼ਾਨ ਦੇਖੇ ਜਾ ਸਕਦੇ ਹਨ। ਚਿੱਟਾ ਤੇ ਕਾਲਾ ਖਾਨੇਦਾਰ ਫਰਸ਼, ਰਾਜਾ ਸੁਲੇਮਾਨ ਦੇ ਮੰਦਰ ਦੇ ਫਰਸ਼ ਦੀ ਪ੍ਰਤੀਨਿਧਤਾ ਕਰਦਾ ਹੈ। ਇਸ ਦਾ ਪਹਿਲਾ, ਦੂਜਾ ਤੇ ਤੀਜਾ ਪੌਡਾ ਵੱਖ ਵੱਖ ਪੱਧਰਾਂ ਨੂੰ ਦਰਸਾਉਂਦੇ ਹਨ। ਰਾਜ-ਮਿਸਤਰੀਆਂ ਦੇ ਸੰਦ ਜਿਵੇਂ ਗੁਣੀਆ, ਕੰਪਾਸ, ਫੁੱਟਾ, ਗਰਮਾਲਾ, ਛੈਣੀ, ਲਾਟੂ ਅਤੇ ਕਾਂਡੀ ਆਦਿ

ਚਾਰ-ਚੁਫੇਰੇ ਟਿਕਾਏ ਜਾਂਦੇ ਹਨ। ਕੁਝ ਹੋਰ ਚਿੰਨ੍ਹ ਵੀ ਰੱਖੇ ਜਾਂਦੇ ਹਨ ਜੋ ਦਰਜਾਬੰਦੀ ਦੇ ਪ੍ਰਤੀਕ ਹਨ।

ਅੰਮ੍ਰਿਤਸਰ ਦੇ ਫਰੀਮੈਸਨ -ਘਰ (Lodge) ਦੇ ਇਤਿਹਾਸ ਬਾਰੇ ਦਸਦੇ ਹੋਏ, ਅੰਮ੍ਰਿਤਸਰ-ਸੰਸਥਾ ਦੇ ਸਾਬਕ ਸਕੱਤਰ ਤੇ ਮੁਖੀ ਡਾ. ਪਰਮਜੀਤ ਸਿੰਘ ਗਰੇਵਾਲ ਕਹਿੰਦੇ ਹਨ, "ਸ਼ੁਰੂ ਵਿਚ ਫਰੀਮੈਸਨ ਸੰਸਥਾ ਦੀਆਂ ਮੀਟਿੰਗਾਂ ਮਹਾਰਾਜਾ ਰਣਜੀਤ ਸਿੰਘ ਦੇ ਗਰਮੀਆਂ ਦੇ ਮਹਿਲ ਰਾਮ ਬਾਗ ਵਿਚ ਕੁਝ ਸਾਲ, ਮਹੀਨੇ ਵਿਚ ਇਕ ਵਾਰ ਹੁੰਦੀਆਂ ਰਹੀਆਂ। ਤਕਰੀਬਨ 45 ਸਾਲਾਂ ਬਾਅਦ ਸਰਕਾਰ ਨੇ ਮੀਟਿੰਗ-ਹਾਲ ਖਾਲੀ ਕਰਵਾ ਲਿਆ ਤੇ ਇੱਥੇ ਅਜਾਇਬ ਘਰ ਬਣਾ ਦਿੱਤਾ। ਇਸ ਤਰ੍ਹਾਂ ਫਰੀਮੈਸਨ ਸੰਸਥਾ ਬੇਘਰ ਹੋ ਗਈ। ਉਸ ਤੋਂ ਬਾਅਦ ਸੰਸਥਾ ਦੀਆਂ ਮੀਟਿੰਗਾਂ ਕਦੀ ਕਿਸੇ ਦੇ ਘਰ ਅਤੇ ਕਦੀ ਕਿਸੇ ਸਕੂਲ ਵਿਚ ਹੁੰਦੀਆਂ ਰਹੀਆਂ।" ਸੰਨ 2000 ਵਿਚ ਡਾ. ਸੰਤੋਖ ਸਿੰਘ ਨੇ ਅਜਨਾਲਾ ਰੋਡ ਉਤੇ ਆਪਣੇ ਫਾਰਮ-ਹਾਊਸ ਵਿਚ 500 ਵਰਗ ਗਜ਼ ਜ਼ਮੀਨ, ਫਰੀਮੈਸਨਜ਼ ਹਾਲ ਦੀ ਉਸਾਰੀ ਲਈ ਦਾਨ ਦਿੱਤੀ।

ਫਰੀਮੈਸਨਜ਼ ਹਾਲ ਦੀ ਉਸਾਰੀ ਭਾਰਤ ਦੇ ਗਰੈਂਡ ਲਾਜ, ਉੱਤਰੀ ਭਾਰਤ ਦੇ ਖੇਤਰੀ ਗਰੈਂਡ ਲਾਜ ਅਤੇ ਅੰਮ੍ਰਿਤਸਰ ਲਾਜ ਦੇ ਮੈਂਬਰਾਂ ਤੋਂ ਕੀਤੀ ਉਗਰਾਹੀ ਨਾਲ ਕੀਤੀ ਗਈ। ਸੰਨ 2002 ਵਿਚ ਭਾਰਤ ਦੇ ਗਰੈਂਡ ਮਾਸਟਰ ਵੱਲੋਂ ਇਹ ਹਾਲ ਸਰਬ-ਸੰਸਾਰ ਦੇ ਮਹਾਨ ਕਰਤਾ ਈਸ਼ਵਰ ਨੂੰ ਸਮਰਪਿਤ ਕੀਤਾ ਗਿਆ। ਅੰਮ੍ਰਿਤਸਰ ਲਾਜ ਦੀਆਂ ਸਾਰੀਆਂ ਮੀਟਿੰਗਾ ਉਦੋਂ ਤੋਂ ਇਸ ਹਾਲ ਵਿਚ ਹੁੰਦੀਆਂ ਹਨ। ਅੰਮ੍ਰਿਤਸਰ ਦੀ ਫਰੀਮੈਸਨ ਸੰਸਥਾ ਵਿਚ ਸ਼ਹਿਰ ਦੇ ਕੁਝ ਪ੍ਰਸਿੱਧ ਅਤੇ ਸਮਰਪਿਤ ਵਿਅਕਤੀ ਸ਼ਾਮਲ ਹਨ। ਕੁਝ ਪ੍ਰਤਿਸ਼ਟ ਮੈਂਬਰਾਂ ਦੇ ਨਾਂ ਇਸ ਤਰ੍ਹਾਂ ਹਨ : ਆਪਣੇ ਸਮੇਂ ਦੇ ਅੱਖਾਂ ਦੇ ਪ੍ਰਸਿੱਧ ਡਾਕਟਰ ਡਾ. ਸੋਹਣ ਸਿੰਘ, ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਮੋਤੀਏ ਦੇ ਸਭ ਤੋਂ ਵਧ ਅਪ੍ਰੇਸ਼ਨ ਕੀਤੇ; ਡਾ. ਗੁਰਾਂਦਿੱਤਾ ਕਪੂਰ (ਰਾਏ ਸਾਹਿਬ), ਡਾ. ਗੁਰਮੁਖ ਸਿੰਘ ਚਾਵਲਾ, ਚੀਫ਼ ਖਾਲਸਾ ਦੀਵਾਨ ਦੇ ਸਾਬਕਾ ਪ੍ਰਧਾਨ ਸ. ਸੰਤ ਸਿੰਘ, ਸ. ਗੁਰਚਰਨ ਸਿੰਘ, ਡਾ. ਕੇ. ਐੱਸ. ਗਰੇਵਾਲ, ਡਾ. ਪ੍ਰੀਤਮ ਸਿੰਘ, ਸ. ਹਰਦਿੱਤ ਸਿੰਘ ਮੱਖਣੀ, ਠਾਕਰ ਦਾਸ ਮਹਿਰਾ, ਸ. ਬੇਅੰਤ ਸਿੰਘ, ਡਾ. ਐੱਮ.ਐੱਸ. ਖੰਨਾ, ਸਨਅਤਕਾਰ ਤੇ ਸਮਾਜ ਸੇਵਕ ਸ੍ਰੀ ਆਰ.ਏ. ਬੋਗਾ, ਵਿਕਲਾਂਗ ਸੋਧਕ ਡਾ. ਕਰਮ ਸਿੰਘ ਗਰੇਵਾਲ, ਪੱਤਰਕਾਰ ਸ੍ਰੀ ਜੀ.ਆਰ. ਸੇਠੀ, ਮੈਡੀਕਲ ਕਾਲਜ ਦੇ ਸਾਬਕ ਪ੍ਰਿੰਸੀਪਲ ਡਾ. ਪ੍ਰੀਤਮ ਸਿੰਘ, ਬੱਚਿਆਂ ਦੇ ਪ੍ਰਸਿੱਧ ਡਾਕਟਰ ਡਾ. ਐੱਸ. ਐੱਸ. ਮਨਚੰਦਾ ਪ੍ਰਸਿੱਧ ਸਰਜਨ ਡਾ. ਡੀ.ਪੀ. ਸਾਵਨ, ਨਾਰੀ-ਰੋਗਾਂ ਦੇ ਮਾਹਿਰ ਡਾ. ਅਵਤਾਰ ਸਿੰਘ, ਸ੍ਰੀ ਲਾਲ ਚੰਦ ਮਹਿਰਾ ਤੇ ਸ੍ਰੀ ਲਾਭ ਚੰਦ ਮਹਿਰਾ।

## ਇਕ ਸੱਚਾ ਫਰੀਮੈਸਨ

ਫਰੀਮੈਸਨ ਸੰਸਥਾ ਅੰਮ੍ਰਿਤਸਰ ਦੇ ਮੌਜੂਦਾ ਪ੍ਰਧਾਨ (ਮਾਸਟਰ) ਸ. ਕੰਵਲਜੀਤ ਸਿੰਘ ਪਾਹਵਾ ਇਕ ਫਰੀਮੈਸਨ ਦੀ ਪਰਿਭਾਸ਼ਾ ਇਸ ਤਰ੍ਹਾਂ ਕਰਦੇ ਹਨ-



'ਫਰੀ ਦਾ ਅਰਥ ਹੈ ਸਾਰੇ ਧਰਮਾਂ ਤੋਂ ਆਜ਼ਾਦ। ਰਾਜ-ਮਿਸਤਰੀ (Mason) ਇਮਾਰਤਾਂ ਬਣਾਉਂਦਾ ਹੈ; ਅਸੀਂ ਫਰੀਮੈਸਨ ਨੈਤਿਕ ਆਚਰਨ ਦੀ ਉਸਾਰੀ ਕਰਦੇ ਹਾਂ।'

## ਨੈਤਿਕ ਨਿਯਮਾਵਲੀ

ਕੋਈ ਨਾਸਤਕ ਮੈਸਨ ਨਹੀਂ ਬਣ ਸਕਦਾ। ਕੋਈ ਵੀ ਵਿਅਕਤੀ ਜਿਸ ਦਾ ਆਚਰਨ ਸਦਾਚਾਰੀ ਹੈ, ਜੋ ਸਰਬਸ਼ਕਤੀਮਾਨ ਪਰਮਾਤਮਾ ਦੀ ਹੋਂਦ ਨੂੰ ਮੰਨਦਾ ਹੈ, ਚਾਹੇ ਉਹ ਪਰਮਾਤਮਾ ਨੂੰ ਕਿਸੇ ਵੀ ਨਾਂ ਨਾਲ ਬੁਲਾਉਂਦਾ ਹੈ ਅਤੇ ਚਾਹੇ ਉਹ ਕਿਸੇ ਵੀ ਧਰਮ ਨਾਲ ਸਬੰਧਿਤ ਹੈ, ਮੈਸਨ ਬਣਨ ਦੇ ਯੋਗ ਹੈ। ਰੀਤੀ-ਰਿਵਾਜ ਮੈਸਨੀ ਪਰੰਪਰਾ ਦੇ ਵਿਲੱਖਣ ਤੇ ਜ਼ਰੂਰੀ ਅੰਗ ਹਨ। ਫਰੀਮੈਸਨ ਸੰਸਥਾ ਦਾ ਮੈਂਬਰ ਬਣਨ ਦੇ ਚਾਹਵਾਨ ਵਿਅਕਤੀ ਨੂੰ ਕਾਰੀਗਰਾਂ ਦੇ ਸੰਦਾਂ ਦੀ ਸਹਾਇਤਾ ਨਾਲ ਫਰੀਮੈਸਨ ਫ਼ਿਲਾਸਫ਼ੀ ਸਮਝਾਈ ਜਾਂਦੀ ਹੈ।

## ਇਸਤਰੀਆਂ ਮੈਂਬਰ ਨਹੀਂ ਬਣ ਸਕਦੀਆਂ

ਇਸਤਰੀਆਂ ਫਰੀਮੈਸਨ ਸੰਸਥਾ ਦੀਆਂ ਮੈਂਬਰ ਕਿਉਂ ਨਹੀਂ ਬਣ ਸਕਦੀਆਂ? ਫਰੀਮੈਸਨ ਜਥੇਬੰਦੀ ਸਿਰਫ਼ ਪੁਰਸ਼ਾਂ ਦੀ ਹੀ ਸੰਸਥਾ ਹੈ, ਜੋ ਪਰਉਪਕਾਰੀ ਸਮਾਜ ਦੇ ਆਧਾਰ 'ਤੇ ਮਨੁੱਖਾਂ ਨੂੰ ਸੰਗਠਿਤ ਕਰਦੀ ਹੈ ਅਤੇ ਹਰ ਤਰ੍ਹਾਂ ਦੇ ਲੋੜਵੰਦਾਂ ਦੀ ਆਰਥਿਕ ਸਹਾਇਤਾ ਕਰਦੀ ਹੈ। ਰਵਾਇਤ ਅਨੁਸਾਰ ਫਰੀਮੈਸਨ ਸੰਸਥਾ ਕੇਵਲ ਪੁਰਸ਼ਾਂ ਉਤੇ ਹੀ ਆਧਾਰਿਤ ਹੈ। ਇਸ ਦੇ ਬਾਵਜੂਦ ਮੈਸਨ ਪਰਿਵਾਰ ਦੀਆਂ ਕਈ ਤਰ੍ਹਾਂ ਦੀਆਂ ਸਮਾਜਕ ਅਤੇ ਪਰਉਪਕਾਰੀ ਗਤੀਵਿਧੀਆਂ ਹਨ। ਜੋ ਇਕ ਪਰਿਵਾਰ ਦੇ ਸਾਰੇ ਮੈਂਬਰਾਂ ਦੀਆਂ ਲੋੜਾਂ ਪੂਰੀਆਂ ਕਰਦੀਆਂ ਹਨ, ਸਾਬਕਾ ਪ੍ਰਧਾਨ ਡਾ. ਸੰਤੋਖ ਸਿੰਘ ਕਹਿੰਦੇ ਹਨ ਕਿ ਸੰਸਥਾ ਦਾ ਮੈਂਬਰ ਬਣਨ ਦੀ ਪ੍ਰਕਿਰਿਆ ਕੁਝ ਜਟਿਲ ਹੈ, ਜੋ ਇਸਤਰੀਆਂ ਨਹੀਂ ਨਿਭਾ ਸਕਦੀਆਂ। ਉਨ੍ਹਾਂ ਨੇ ਕੁਝ ਪਾਟੇ ਹੋਏ ਕਪੜੇ ਦਿਖਾ ਕੇ ਕਿਹਾ ਕਿ ਇਕ ਨਵੇਂ ਵਿਅਕਤੀ ਨੂੰ ਮੈਂਬਰ ਬਣਨ ਤੋਂ ਪਹਿਲਾਂ ਕੁਝ ਸਮੇਂ ਲਈ ਇਸ ਤਰ੍ਹਾਂ ਦੇ ਕਪੜੇ ਪਹਿਨਣੇ ਪੈਂਦੇ ਹਨ (ਇਹ ਕੰਮ ਇਸਤਰੀਆਂ ਨਹੀਂ ਕਰ ਸਕਦੀਆਂ।)

****

ਭਾਗ ਅੱਠਵਾਂ

# ਵਿਰਸੇ ਦੀ ਸੰਭਾਲ

ਵਿਰਸੇ ਦਾ ਭਾਵ-ਅਰਥ ਹੈ, ਬੀਤੇ ਸਮੇਂ ਦੀਆਂ ਯਾਦਗਾਰਾਂ ਦਾ ਸਤਿਕਾਰ ਕਰਨਾ; ਭਾਵੇਂ ਉਹ ਇਮਾਰਤਾਂ ਹੋਣ, ਪੁਰਾਤਨ ਲਿਖਤਾਂ ਹੋਣ ਜਾਂ ਸਦੀਵੀ ਮਹੱਤਵ ਵਾਲੇ ਸਿਮਰਤੀ ਚਿੰਨ੍ਹ। ਬੀਤੇ ਸਮੇਂ ਦੀਆਂ ਅਜਿਹੀਆਂ ਵਸਤਾਂ ਬਾਰੇ ਲਾਪਰਵਾਹੀ ਵਰਤਨਾ, ਸਾਡੇ ਵਰਤਮਾਨ ਉਤੇ ਵੀ ਅਸਰ ਪਾਉਂਦਾ ਹੈ ਅਤੇ ਬਿਨਾਂ-ਸ਼ੱਕ ਸਾਡੇ ਭਵਿੱਖ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ।

- ਵਿਰਸਾ-ਪ੍ਰੇਮੀ ਪੁਰਾਣੀਆਂ ਇਮਾਰਤਾਂ, ਯਾਦਗਾਰਾਂ ਅਤੇ ਹੋਰ ਭਵਨਾਂ ਨੂੰ ਸੁਰੱਖਿਅਤ ਕਰਨ ਦਾ ਦਾਅਵਾ ਕਰਦੇ ਹਨ। ਇਸ ਤਰ੍ਹਾਂ ਕਰ ਕੇ ਉਹ ਆਪਣੇ ਪੁਰਖਿਆਂ ਪ੍ਰਤੀ ਆਪਣਾ ਸਤਿਕਾਰ ਪ੍ਰਗਟ ਕਰਦੇ ਹਨ। ਬਹੁਤ ਸਾਰੀਆਂ ਏਜੰਸੀਆਂ ਪੁਰਾਤਨ ਸਮੇਂ ਦੀਆਂ ਯਾਦਗਾਰਾਂ ਨੂੰ ਗੁਜ਼ਰੇ ਜ਼ਮਾਨੇ ਦੀਆਂ ਨਿਸ਼ਾਨੀਆਂ ਵਜੋਂ ਸੰਭਾਲਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਪਰ ਸਮਾਂ ਅਜਿਹੀ ਸੰਵੇਦਨਸ਼ੀਲਤਾ ਨੂੰ ਮਿੱਟੀ ਵਿਚ ਮਿਲਾ ਦਿੰਦਾ ਹੈ। ਫੇਰ ਵੀ ਸਾਨੂੰ ਬਦਲਦੇ ਸਮੇਂ ਨਾਲ ਕਦਮ ਮਿਲਾ ਕੇ ਚਲਦੇ ਰਹਿਣਾ ਚਾਹੀਦਾ ਹੈ। (ਕਿਧਰ ਗਿਆ ਵਿਰਸੇ ਦਾ ਪਿਆਰ? ਪੰਨਾ-292)
- ਕਾਰ ਸੇਵਾ ਦੇ ਨਾਂ 'ਤੇ ਅਸੀਂ ਆਪਣੀਆਂ ਪੁਰਾਣੀਆਂ ਯਾਦਗਾਰਾਂ ਨੂੰ ਆਧੁਨਿਕ ਦਿੱਖ ਦੇ ਕੇ ਉਨ੍ਹਾਂ ਦੇ ਪੁਰਾਣੇ ਸਰੂਪ ਨੂੰ ਵਿਗਾੜ ਰਹੇ ਹਾਂ। ਅਸੀਂ ਭੁੱਲ ਗਏ ਹਾਂ ਕਿ ਸਾਡੇ ਮਹਾਨ ਗੁਰੂ ਸਾਹਿਬਾਨ ਉੱਚ ਕੋਟੀ ਦੇ ਉਸਰਈਏ ਸਨ, ਨਾ ਕੇਵਲ ਮਹਾਨ ਸੰਸਥਾਵਾਂ ਦੇ ਸਗੋਂ ਉਨ੍ਹਾਂ ਸ਼ਹਿਰਾਂ ਅਤੇ ਇਮਾਰਤਾਂ ਦੇ ਵੀ, ਜਿੱਥੇ ਉਹ ਨਿਵਾਸ ਕਰਦੇ ਸਨ। ਅਜਿਹੇ ਭਵਨਾਂ ਦੀ ਮੁੜ-ਉਸਾਰੀ ਉਸ ਵਿਰਸੇ ਦੀ ਤਬਾਹੀ ਹੈ, ਜਿਸ ਨੂੰ ਅਸੀਂ ਸੁਰੱਖਿਅਤ ਕਰਨਾ ਚਾਹੁੰਦੇ ਹਾਂ। (ਇਤਿਹਾਸਕ ਯਾਦਗਾਰਾਂ ਦੀ ਭਿਅੰਨਕ ਬਰਬਾਦੀ; ਪੰਨਾ-298)
- ਤਰੱਕੀ ਅਤੇ ਆਧੁਨਿਕੀਕਰਨ ਦੇ ਨਾਂ 'ਤੇ ਵਪਾਰੀਕਰਨ ਦੇ ਹਮਲੇ ਨੇ ਸ਼ਹਿਰ ਦੀ ਸ਼ਕਲ ਵਿਗਾੜ ਦਿੱਤੀ ਹੈ। ਜਿਊਣ ਲਈ ਖ਼ੁਸ਼ ਤੇ ਸ਼ਾਂਤਮਈ ਵਾਤਾਵਰਨ ਪੈਦਾ ਕਰਨ ਦੀ ਬਜਾਏ ਸ਼ਹਿਰ ਭੱਦਾ ਤੇ ਬੇਸ਼ਕਲ ਹੋ ਗਿਆ ਹੈ। (ਸਿਫ਼ਤੀ ਦੇ ਘਰ ਦੀ ਦੁਰਦਸ਼ਾ; ਪੰਨਾ-307)
- ਪੁਤਸਕਾਂ ਇਕ ਕੌਮ ਦਾ ਅਮੁੱਲ ਖ਼ਜ਼ਾਨਾ ਹੁੰਦੀਆਂ ਹਨ। ਪਰ ਸਾਂਭ-ਸੰਭਾਲ ਦੇ ਅਨੇਕਾਂ ਨਵੇਂ ਤਰੀਕਿਆਂ ਦੇ ਬਾਵਜੂਦ ਅਸੀਂ ਸ਼ਬਦਾਂ ਦੇ ਇਸ ਬਹੁਮੁੱਲੇ ਵਿਰਸੇ ਪ੍ਰਤੀ ਅਣਗਹਿਲੀ ਵਰਤ ਰਹੇ ਹਾਂ। (ਇਤਿਹਾਸਕ ਗ੍ਰੰਥਾਂ ਦੀ ਲੁੱਟ; ਪੰਨਾ-311)
- ਅੰਮ੍ਰਿਤਸਰ ਸ਼ਹਿਰ ਦੇ ਪੁਰਾਣੇ ਇਤਿਹਾਸਕ ਦਰਵਾਜ਼ੇ ਕਦੀ ਸਾਡੇ ਅਮੀਰ ਵਿਰਸੇ ਦਾ ਇਕ ਫ਼ਖ਼ਰਯੋਗ ਹਿੱਸਾ ਸਨ। ਅੰਗਰੇਜ਼ਾਂ ਨੇ ਜਦੋਂ ਪੰਜਾਬ ਉਤੇ ਕਬਜ਼ਾ ਕੀਤਾ ਤਾਂ ਉਨ੍ਹਾਂ ਨੇ ਇਨ੍ਹਾਂ ਇਤਿਹਾਸਕ ਦਰਵਾਜ਼ਿਆਂ ਨੂੰ ਢਹਿ-ਢੇਰੀ ਕਰ ਦਿੱਤਾ। ਦੋ ਦਰਵਾਜ਼ੇ ਸੂਰਬੀਰ ਸਿੰਘ ਜਰਨੈਲਾਂ ਸ. ਜੱਸਾ ਸਿੰਘ ਰਾਮਗੜ੍ਹੀਆ ਤੇ ਸ. ਜੱਸਾ ਸਿੰਘ ਆਹਲੂਵਾਲੀਆ ਦੇ ਨਾਂ 'ਤੇ ਸਨ। ਇਹ ਦੋਵੇਂ ਦਰਵਾਜ਼ੇ ਕਿਵੇਂ ਲੋਪ ਹੋ ਗਏ? ਇਸ ਦਾ ਅਜੇ ਤਕ ਪਤਾ ਨਹੀਂ ਲੱਗਾ। (ਅੰਮ੍ਰਿਤਸਰ ਸ਼ਹਿਰ ਦੇ ਇਤਿਹਾਸਕ ਦਰਵਾਜ਼ੇ; ਪੰਨਾ-315)
- ਜ਼ਿੰਦਗੀ ਚਿੱਟੇ ਕਾਲੇ ਪਰਛਾਵਿਆਂ ਦਾ ਇਕ ਮਿਲਗੋਭਾ ਹੈ। ਵਿਰਸੇ ਦੀ ਸਾਂਭ-ਸੰਭਾਲ ਦੇ ਨਾਂ 'ਤੇ ਕਈ ਤਰ੍ਹਾਂ ਦੀਆਂ ਸਰਗਰਮੀਆਂ ਜਾਰੀ ਹਨ। ਆਮ ਲੋਕਾਂ ਨੂੰ ਚੰਗੇ ਮਾੜੇ ਦੀ ਪਰਖ ਕਰਨ ਵਿਚ ਕੋਈ ਦਿਲਸਪੀ ਨਹੀਂ। ਉਹ ਤਾਂ ਕੇਵਲ ਸ਼ਰਧਾ ਤੇ ਵਿਸ਼ਵਾਸ ਨਾਲ ਹੀ ਓਤ-ਪੋਤ ਹਨ। (ਕਾਰ ਸੇਵਾ ਵਾਲੇ ਬਾਬੇ; ਪੰਨਾ-318)
- ਪਾਣੀ ਸਾਨੂੰ ਵਿਰਸੇ ਵਿਚ ਮਿਲੀ ਅਮੁੱਲ ਵਸਤੂ ਹੈ। ਇਸ ਧਰਤੀ ਉਤੇ ਜੇ ਅਸੀਂ ਜੀਵਨ ਨੂੰ ਸੁਰੱਖਿਅਤ ਰੱਖਣਾ ਚਾਹੁੰਦੇ ਹਾਂ ਤਾਂ ਇਸ ਦੀ ਸਾਂਭ-ਸੰਭਾਲ ਕਰਨੀ ਬੇਹੱਦ ਜ਼ਰੂਰੀ ਹੈ। ਪਰ ਮਨੁੱਖ ਨੇ ਇਸ ਆਬ-ਇ-ਹਯਾਤ ਦੀ ਸਾਂਭ-ਸੰਭਾਲ ਕਰਨ ਤੋਂ ਅੱਖਾਂ ਮੀਟੀਆਂ ਹੋਈਆਂ ਹਨ। ਉਹ ਭਵਿੱਖ ਵਿਚ ਵਾਪਰ ਸਕਦੀ ਆਫ਼ਤ ਤੋਂ ਬੇਖ਼ਬਰ ਹੈ। (ਅਤੀਤ ਦੀਆਂ ਨਿਸ਼ਾਨੀਆਂ: ਸਾਡੇ ਟੋਭੇ ਤੇ ਤਲਾਅ; ਪੰਨਾ-323)

****

ਸਾਡਾ ਵਿਰਸਾ ਅਤੀਤ ਦੀ ਬਾਤ ਪਾਉਂਦਾ ਹੈ,
ਜਿਸ ਵਿਚੋਂ ਸਾਡਾ ਵਰਤਮਾਨ ਜਨਮ ਲੈਂਦਾ ਹੈ।

# ਕਿਧਰ ਗਿਆ ਵਿਰਸੇ ਦਾ ਪਿਆਰ?

ਪੁਰਾਤੱਤਵ ਵਿਗਿਆਨੀਆਂ ਦਾ ਇਹ ਮੰਨਣਾ ਹੈ ਕਿ ਅੰਮ੍ਰਿਤਸਰ ਦਾ ਇਲਾਕਾ ਇਤਿਹਾਸ ਦੇ ਅਰੰਭਿਕ ਕਾਲ ਵਿਚ ਸਿੰਧ ਘਾਟੀ ਦੀ ਸੱਭਿਅਤਾ ਦੇ ਵਿਸ਼ਾਲ ਖੇਤਰ ਦਾ ਇਕ ਹਿੱਸਾ ਸੀ। ਇਸ ਪ੍ਰਾਚੀਨ ਸੱਭਿਅਤਾ ਦੀਆਂ ਅੱਜ ਤਕ ਜੋ ਨਿਸ਼ਾਨੀਆਂ ਲੱਭੀਆਂ ਹਨ, ਉਹ ਇਸ ਗੱਲ ਵੱਲ ਇਸ਼ਾਰਾ ਕਰਦੀਆਂ ਹਨ ਕਿ ਇਹ ਸੱਭਿਅਤਾ ਆਰੀਆ ਸੱਭਿਅਤਾ ਤੋਂ ਢੇਰ ਚਿਰ ਪਹਿਲਾਂ ਕਾਫ਼ੀ ਵਿਕਾਸ ਕਰ ਚੁੱਕੀ ਸੀ।

ਇਸ ਜ਼ਿਲ੍ਹੇ ਦੇ ਗਜ਼ਟੀਅਰ ਵਿਚ ਇਹ ਗੱਲ ਦਰਜ ਹੈ ਕਿ ਅੰਮ੍ਰਿਤਸਰ ਦੇ ਪ੍ਰਾਚੀਨ ਇਲਾਕੇ ਵਿਚ ਕਈ ਰਿਸ਼ੀ ਮੁਨੀ ਨਿਵਾਸ ਕਰਦੇ ਸਨ। ਬਿਨਾਂ-ਸ਼ੱਕ ਅੰਮ੍ਰਿਤਸਰ ਕੁਝ ਸਮੇਂ ਲਈ ਯੂਨਾਨੀਆਂ ਦੇ ਪ੍ਰਭਾਵ ਵਿਚ ਵੀ ਰਿਹਾ, ਪਰ ਇਸ ਇਲਾਕੇ ਵਿਚ ਮੌਰੀਆ, ਤੁਰਕ, ਗੁਲਾਮ, ਖਿਲਜੀ, ਲੋਧੀ ਅਤੇ ਮੁਗਲ ਬਾਦਸ਼ਾਹੀਆਂ ਦੇ ਨਿਸ਼ਾਨ ਵੀ ਮਿਲਦੇ ਹਨ।

ਇਹ ਗੱਲ ਭਲੀ-ਭਾਂਤ ਸਮਝ ਆਉਣ ਵਾਲੀ ਹੈ ਕਿ ਮੁੱਢਲੇ ਸਰੋਤਾਂ ਦੇ ਅਭਾਵ ਕਾਰਨ ਪ੍ਰਾਚੀਨ ਇਤਿਹਾਸ ਨੂੰ ਖੋਜਣਾ ਅਤੇ ਜਾਣਨਾ ਬਹੁਤ ਮੁਸ਼ਕਿਲ ਹੈ। ਇਸ ਦਾ ਕਾਰਨ ਇਹ ਹੈ ਕਿ ਪੁਰਾਤਨ ਸਮੇਂ ਦੇ ਲੋਕ ਜੋ 712 ਈ. ਤੋਂ ਵਿਦੇਸ਼ੀ ਹਮਲਿਆਂ ਦਾ ਸਾਹਮਣਾ ਕਰ ਰਹੇ ਸਨ, ਉਨ੍ਹਾਂ ਲਈ ਆਪਣੇ ਇਤਿਹਾਸ ਨੂੰ ਸੰਭਾਲਣਾ ਬਹੁਤ ਮੁਸ਼ਕਿਲ ਸੀ। ਇਸ ਦੇ ਬਾਵਜੂਦ ਨਵੀਂ ਪੀੜ੍ਹੀ ਇਸ ਦੋਸ਼ ਤੋਂ ਬਰੀ ਨਹੀਂ ਹੋ ਸਕਦੀ ਕਿ ਉਨ੍ਹਾਂ ਨੇ ਪਿਛਲੀਆਂ ਸਦੀਆਂ ਦੀਆਂ ਵਿਰਾਸਤੀ ਨਿਸ਼ਾਨੀਆਂ ਨੂੰ ਤਬਾਹ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਸੋਲ੍ਹਵੀਂ ਸਦੀ ਵਿਚ ਖਡੂਰ ਸਾਹਿਬ (ਅੰਮ੍ਰਿਤਸਰ) ਦੇ ਇਕ ਸਿੱਖ, ਭਾਈ ਲਹਿਣਾ ਜਦੋਂ ਗੁਰੂ ਨਾਨਕ ਸਾਹਿਬ ਦੇ ਸ਼ਰਧਾਲੂ ਬਣ ਕੇ ਸਿੱਖ ਧਰਮ ਦੇ ਦੂਜੇ ਗੁਰੂ ਬਣ ਗਏ, ਉਨ੍ਹਾਂ ਦੇ ਇਤਿਹਾਸ ਨੂੰ ਸੰਭਾਲਣਾ ਤਾਂ ਰਿਹਾ ਇਕ ਪਾਸੇ, ਸਾਡੇ ਸਮਾਜ ਤੇ ਸਰਕਾਰ ਦੇ ਕਰਤਾ-ਧਰਤਾ ਤਾਂ ਡੇਢ ਸੌ ਸਾਲ ਪੁਰਾਣੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ ਸਿੱਖ ਆਰਟ ਨੂੰ ਵੀ ਨਹੀਂ ਸੰਭਾਲ ਸਕੇ।

ਪਹਿਲਾਂ ਤਾਂ ਅੰਗਰੇਜ਼ਾਂ ਨੇ ਨਾ ਕੇਵਲ ਕਈ ਪੁਰਾਣੀਆਂ ਇਮਾਰਤਾਂ ਦੇ ਨਾਂ ਬਦਲ ਦਿੱਤੇ, ਸਗੋਂ ਆਧੁਨਿਕਤਾ ਤੇ ਵਿਕਾਸ ਦੇ ਨਾਂ ਉਤੇ ਕਈ ਇਤਿਹਾਸਕ ਨਿਸ਼ਾਨੀਆਂ ਵੀ ਢਹਿ-ਢੇਰੀ ਕਰ ਦਿੱਤੀਆਂ। ਹੁਣ ਸਾਡੇ ਸਥਾਨਕ ਪ੍ਰਬੰਧਕ ਵੀ ਇਹੀ ਕੰਮ ਕਰ ਰਹੇ ਹਨ।

ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ-ਕਾਲ ਵਿਚ ਅੰਮ੍ਰਿਤਸਰ ਦਾ ਵਿਕਾਸ ਕਰਨ ਅਤੇ ਇਸ ਨੂੰ ਸੁੰਦਰ ਬਣਾਉਣ ਵਿਚ ਬਹੁਤ ਦਿਲਚਸਪੀ ਲਈ। ਉਸ ਨੇ ਮੁਗਲ ਕਲਾ ਦੇ ਨਮੂਨੇ 'ਤੇ ਕਈ ਸੁੰਦਰ ਬਾਗ ਅਤੇ ਇਮਾਰਤਾਂ ਬਣਾਈਆਂ



ਜਿਨ੍ਹਾਂ ਵਿਚ ਕਈ ਕਿਲੇ ਵੀ ਸ਼ਾਮਲ ਹਨ, ਜੋ ਹੁਣ ਖ਼ਤਮ ਹੋਣ ਦੇ ਕਿਨਾਰੇ ਹਨ। ਉਸ ਨੇ ਸ੍ਰੀ ਹਰਿਮੰਦਰ ਸਾਹਿਬ ਉਤੇ ਸੋਨੇ ਦੇ ਪੱਤਰੇ ਲਗਵਾਏ। ਇਸੇ ਕਾਰਨ ਇਸ ਨੂੰ ਗੋਲਡਨ ਟੈਂਪਲ ਕਹਿੰਦੇ ਹਨ। ਉਸ ਦੇ ਰਾਜ ਵਿਚ ਸਿੱਖ ਕਲਾ ਨੂੰ ਪੂਰੀ ਰਾਜਸੀ ਸਰਪ੍ਰਸਤੀ ਮਿਲੀ।

ਬਾਅਦ ਵਿਚ ਆਉਣ ਵਾਲੀਆਂ ਸਰਕਾਰਾਂ ਨੇ ਜਿਨ੍ਹਾਂ ਵਿਚ ਬਾਦਲ ਸਰਕਾਰ ਵੀ ਸ਼ਾਮਲ ਹੈ, ਵਾਅਦਾ ਕੀਤਾ ਸੀ ਕਿ ਉਹ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਰਗਾ ਰਾਜ ਸਥਾਪਿਤ ਕਰਨਗੀਆਂ, ਪਰ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੋਵੇਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀਆਂ ਅਮੁੱਲ ਕਲਾ-ਕ੍ਰਿਤਾਂ ਨੂੰ ਸੰਭਾਲਣ ਵਿਚ ਨਾਕਾਮ ਰਹੀਆਂ ਹਨ। ਮਹਾਰਾਜੇ ਦੇ ਸਮੇਂ ਵਿਚ ਅੰਮ੍ਰਿਤਸਰ ਸ਼ਹਿਰ ਦੀ ਮੁਕੰਮਲ ਕਿਲੇਬੰਦੀ ਕੀਤੀ ਗਈ ਸੀ। ਸ਼ਹਿਰ ਦੇ ਦੁਆਲੇ ਮਿੱਟੀ ਦੀ ਚਾਰਦੀਵਾਰੀ ਬਣਾਈ ਗਈ ਜਿਸ ਦੇ ਨਾਲ-ਨਾਲ ਇਕ ਡੂੰਘੀ ਖਾਈ ਵੀ ਪੁੱਟੀ ਗਈ। ਵਿਦੇਸ਼ੀ ਹਮਲਾਵਰਾਂ ਤੋਂ ਸ਼ਹਿਰ ਨੂੰ ਬਚਾਉਣ ਲਈ ਚਾਰਦੀਵਾਰੀ ਵਿਚ 12 ਦਰਵਾਜ਼ੇ ਵੀ ਬਣਾਏ ਗਏ। ਹੁਣ ਕਈ ਦਰਵਾਜ਼ੇ ਕਿਤੇ ਨਜ਼ਰ ਨਹੀਂ ਆਉਂਦੇ ਅਤੇ ਨਾ ਹੀ ਡੂੰਘੀ ਖਾਈ ਦੀ ਕੋਈ ਨਿਸ਼ਾਨੀ ਬਾਕੀ ਹੈ। ਸ਼ਹਿਰ ਦੇ ਰੱਖਿਅਕ ਦਰਵਾਜ਼ਿਆਂ ਦੀ ਇਤਿਹਾਸਕ ਮਹੱਤਤਾ ਨੂੰ ਨਜ਼ਰਅੰਦਾਜ਼ ਕਰ ਕੇ ਕਈ ਦਰਵਾਜ਼ੇ ਢਾਹ ਦਿੱਤੇ ਗਏ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਕਈ ਪੁਰਾਣੀਆਂ ਇਮਾਰਤਾਂ ਨੂੰ ਢਾਹ ਕੇ ਉਨ੍ਹਾਂ ਦੀ ਥਾਂ ਨਵੀਆਂ ਬਿਲਡਿੰਗਾਂ ਉਸਾਰ ਦਿੱਤੀਆਂ।

ਇੰਡੀਅਨ ਨੈਸ਼ਨਲ ਟਰੱਸਟ ਫਾਰ ਆਰਟ ਐਂਡ ਕਲਚਰ (INTACH) ਦੇ ਅੰਮ੍ਰਿਤਸਰ ਯੂਨਿਟ ਨੇ ਪੁਰਾਣੇ ਸ਼ਹਿਰ ਵਿਚ ਸਥਿਤ 300 ਪੁਰਾਣੀਆਂ ਇਮਾਰਤਾਂ ਦੀ ਸੂਚੀ ਬਣਾਈ ਹੈ। ਇਨ੍ਹਾਂ ਵਿਚੋਂ ਬਹੁਤੀਆਂ ਇਮਾਰਤਾਂ ਸਬੰਧਿਤ ਅਧਿਕਾਰੀਆਂ ਦੀ ਅਣਗਹਿਲੀ ਕਾਰਨ ਹੌਲੀ-ਹੌਲੀ ਢਹਿੰਦੀਆਂ ਜਾ ਰਹੀਆਂ ਹਨ। ਇਨਟੈੱਕ (INTACH) ਦੇ ਸੂਬਾਈ ਕਨਵੀਨਰ ਨੇ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਜੇ ਪੰਜਾਬ ਸਰਕਾਰ ਨੇ ਵਿਰਸਈ ਸਥਾਨਾਂ ਨੂੰ ਸੁਰੱਖਿਅਤ ਕਰਨ ਦੇ ਕਾਨੂੰਨ ਵਿਚ ਸੋਧ ਨਾ ਕੀਤੀ ਤਾਂ ਇਹ ਇਮਾਰਤਾਂ ਲੋਪ ਹੋ ਜਾਣਗੀਆਂ।

ਇਨਟੈੱਕ ਵਲੋਂ ਇਤਿਹਾਸਕ ਇਮਾਰਤਾਂ ਦੀ ਬਣਾਈ ਗਈ ਸੂਚੀ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਦੀ ਸਾਂਭ-ਸੰਭਾਲ ਪ੍ਰਤੀ ਸਬੰਧਿਤ ਅਧਿਕਾਰੀ ਕਿੰਨੀ ਲਾਪ੍ਰਵਾਹੀ ਵਰਤ ਰਹੇ ਹਨ। ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਵਿਦੇਸ਼ੀ ਹਮਲਾਵਰਾਂ ਤੋਂ ਸ਼ਹਿਰ ਦੀ ਰੱਖਿਆ ਕਰਨ ਲਈ ਕਿਲ੍ਹਾ ਲੋਹਗੜ੍ਹ ਬਣਾਇਆ ਸੀ। ਇਸ ਕਿਲੇ ਵਿਚ 250 ਸਾਲ ਪੁਰਾਣਾ ਗੁਰਦੁਆਰਾ ਲੋਹਗੜ੍ਹ ਸਾਹਿਬ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਹੈ। 1997 ਵਿਚ ਕਾਰ ਸੇਵਾ ਦੁਆਰਾ ਇਸ ਗੁਰਦੁਆਰੇ ਦੀ ਕੀਤੀ ਗਈ ਉਘੜ-ਦੁਘੜੀ ਮੁਰੰਮਤ ਕਾਰਨ, ਕੰਕਰੀਟ ਨਾਲ ਇਸ ਦੀ ਮੁੜ-ਉਸਾਰੀ ਕੀਤੀ ਗਈ। ਇਸ ਦੀ ਅਸਲ ਬਣਤਰ ਨੂੰ ਕਾਇਮ ਰੱਖਿਆ ਗਿਆ। 350 ਸਾਲ ਪੁਰਾਣੇ

ਗੁਰਦੁਆਰਾ, ਗੁਰੂ ਕੇ ਮਹਿਲ ਨੂੰ, ਜਿੱਥੇ ਗੁਰੂ ਤੇਗ ਬਹਾਦਰ ਜੀ ਦਾ ਜਨਮ ਹੋਇਆ ਸੀ, ਆਧੁਨਿਕ ਸਮਗਰੀ ਦੀ ਵਰਤੋਂ ਕਰ ਕੇ 1995 ਵਿਚ ਨਵਾਂ ਰੂਪ ਦਿੱਤਾ ਗਿਆ ਸੀ ਪਰ ਘਿਉ ਮੰਡੀ ਨੇੜੇ ਇਕ ਪੁਰਾਤਨ ਸ਼ਿਵਾਲੇ ਵਿਚ ਬਣੇ ਸੁੰਦਰ ਕੰਧ-ਚਿਤਰਾਂ ਨੂੰ ਸੰਭਾਲਣ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦਾ ਇਕ ਹੋਰ ਸ਼ਿਵਾਲਾ, ਸ਼ਿਵਾਲਾ ਨੂਰਮਹਿਲੀਆਂ ਦਾ ਹੈ। ਇਸ ਦੇ ਗੁੰਬਦਾਂ ਉਤੇ ਫੁੱਲ-ਬੂਟਿਆਂ ਦੇ ਡਿਜ਼ਾਈਨ ਬਣੇ ਹੋਏ ਹਨ। ਇਸ ਦਾ ਪ੍ਰਬੰਧ ਕੁਝ ਸਥਾਨਕ ਲੋਕ ਕਰਦੇ ਹਨ। ਪੁਰਾਣੇ ਸ਼ਹਿਰ ਵਿਚ ਕੁਝ ਮਸਜਿਦਾਂ ਵੀ ਹਨ। ਯੋਗ ਸਾਂਭ-ਸੰਭਾਲ ਨਾ ਹੋਣ ਕਰ ਕੇ ਉਨ੍ਹਾਂ ਦੀ ਹਾਲਤ ਖਸਤਾ ਹੈ। ਚਿੱਟਾ ਅਖਾੜਾ ਵਰਗੀਆਂ ਪੁਰਾਣੀਆਂ ਇਮਾਰਤਾਂ ਨੂੰ ਸੰਭਾਲਣਾ ਬੇਹੱਦ ਜ਼ਰੂਰੀ ਹੈ, ਜਿਸ ਵਿਚ ਬਣੇ ਹੋਏ ਕੰਧ-ਚਿਤਰ ਅਜੇ ਵੀ ਚੰਗੀ ਹਾਲਤ ਵਿਚ ਹਨ।

ਅਜਿਹੀ ਹਾਲਤ ਵਿਚ ਵਿਰਸੇ ਨਾਲ ਸਬੰਧਿਤ ਤਿਉਹਾਰ ਮਨਾਉਣਾ ਸੁਆਗਤਯੋਗ ਕਦਮ ਹੈ। ਪਰ ਪਿੱਛੇ ਜਿਹੇ ਮਨਾਏ ਗਏ ਇਕ ਤਿਉਹਾਰ ਦਾ ਤਜਰਬਾ ਇਹ ਦਸਦਾ ਹੈ ਕਿ ਅਜਿਹਾ ਸਮਾਰੋਹ ਮਨਾਉਣ ਦੇ ਬਾਵਜੂਦ ਪੰਜਾਬ ਸਰਕਾਰ ਅਤੇ ਜ਼ਿਲ੍ਹੇ ਦੇ ਅਧਿਕਾਰੀਆਂ ਨੇ ਵਿਰਸੇ ਨਾਲ ਸਬੰਧਿਤ ਅਸਥਾਨਾਂ ਦੀ ਸੁਰੱਖਿਆ ਲਈ ਕੋਈ ਕਾਰਵਾਈ ਨਹੀਂ ਕੀਤੀ। ਹੈਰੀਟੇਜ ਵਾਕ (Heritage Walk) ਵਿਚ ਭਾਵੇਂ ਬਹੁਤ ਘਟ ਲੋਕਾਂ ਨੇ ਹਿੱਸਾ ਲਿਆ ਫੇਰ ਵੀ ਇਸ ਨੂੰ ਵੇਖ ਕੇ ਵਿਰਸੇ ਦੀ ਸੰਭਾਲ ਕਰਨ ਵਿਚ ਦਿਲਚਸਪੀ ਰੱਖਣ ਵਾਲੇ ਵਿਅਕਤੀਆਂ ਦੀਆਂ ਅੱਖਾਂ ਖੁੱਲ੍ਹ ਜਾਣੀਆਂ ਚਾਹੀਦੀਆਂ ਸਨ।

ਅੰਮ੍ਰਿਤਸਰ ਵਿਕਾਸ ਮੰਚ ਦੇ ਸਾਬਕਾ ਪ੍ਰਧਾਨ ਸ. ਚਰਨਜੀਤ ਸਿੰਘ ਗੁਮਟਾਲਾ ਡਿਪਟੀ ਕਮਿਸ਼ਨਰ ’ਤੇ ਇਹ ਦੋਸ਼ ਲਾਉਂਦੇ ਹਨ ਕਿ ਉਨ੍ਹਾਂ ਨੇ ਪਿਛਲੇ ਵਿਰਸਾ ਮੇਲੇ ਵਿਚ ਕਿਹਾ ਸੀ ਕਿ ਸ਼ਹਿਰ ਵਿਚ 100 ਸਾਲ ਤੋਂ ਵਧ ਪੁਰਾਣੀ ਕਿਸੇ ਇਮਾਰਤ ਨੂੰ ਛੇੜਿਆ ਨਹੀਂ ਜਾਏਗਾ। ਪਰ ਉਨ੍ਹਾਂ ਨੇ ਗੋਲਡਨ ਟੈਂਪਲ ਸੁੰਦਰੀਕਰਨ ਪ੍ਰਾਜੈਕਟ ਦੇ ਪ੍ਰਾਜੈਕਟ ਡਾਇਰੈਕਟਰ ਹੋਣ ਦੀ ਹੈਸੀਅਤ ਵਿਚ 150 ਸਾਲ ਪੁਰਾਣੇ ਸਾਰਾਗੜ੍ਹੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂੰ ਢਾਹੁਣ ਦੀ ਸਿਫ਼ਾਰਸ਼ ਕੀਤੀ। ਇਸ ਸਕੂਲ ਦੀ ਥਾਂ ਉਤੇ ਬਹੁ-ਕਰੋੜੀ ਪਾਰਕਿੰਗ ਕੰਪਲੈਕਸ ਬਣਾ ਦਿੱਤਾ ਗਿਆ

ਪ੍ਰਸਿੱਧ ਕਲਾਕਾਰ ਮਿਸ ਨੀਟਾ ਮੁਹਿੰਦਰਾ ਕਹਿੰਦੇ ਹਨ ਕਿ ਵਿਰਸੇ ਨਾਲ ਸਬੰਧਿਤ ਸਮਾਰੋਹ ਕਰਨੇ ਬਹੁਤ ਚੰਗੀ ਗੱਲ ਹੈ, ਪਰ ਪਿਛਲੇ ਸਮਾਰੋਹ ਵਿਚ ਨਾਵਲਕਾਰ ਨਾਨਕ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ ਅਤੇ ਪ੍ਰਸਿੱਧ ਚਿੱਤਰਕਾਰ ਐੱਸ.ਜੀ. ਠਾਕਰ ਸਿੰਘ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ, ਜਦ ਕਿ ਉਹ ਇਸ ਸ਼ਹਿਰ ਦੇ ਬਾਸ਼ਿੰਦੇ ਰਹੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਹੋਰ ਕਿਹਾ ਕਿ ਵਿਰਸਈ ਤਿਉਹਾਰ ਮਨਾਉਣ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ, ਜੇ ਸਥਾਨਕ ਕਲਾਕਾਰਾਂ ਨੂੰ ਆਪਣੀ ਕਲਾ ਦਿਖਾਉਣ ਦਾ ਮੌਕਾ ਮਿਲੇ।

ਕੁਝ ਸਮਾਂ ਪਹਿਲਾਂ ਇਤਿਹਾਸਕ ਇਮਾਰਤਾਂ ਦੀ ਸਾਂਭ-ਸੰਭਾਲ ਲਈ ਲੋੜੀਂਦੀਆਂ ਸਹੂਲਤਾਂ ਤੇ ਸਾਧਨ ਉਪਲਬਧ ਨਹੀਂ ਸਨ। ਇਸ ਲਈ ਟੈਂਪਰਸ ਹਾਲ ਵਰਗੀਆਂ



ਕਈ ਇਮਾਰਤਾਂ ਜਿੱਥੇ ਸ਼ਹੀਦ ਭਗਤ ਸਿੰਘ ਅਤੇ ਹੋਰ ਆਜ਼ਾਦੀ ਸੰਗਰਾਮੀਏ ਮੀਟਿੰਗ ਕਰਿਆ ਕਰਦੇ ਸਨ, ਦੀ ਥਾਂ ਹੁਣ ਪਿੰਕ ਪਲਾਜ਼ਾ ਬਣ ਗਿਆ ਹੈ।

ਤਹਿਸੀਲ ਦੀ ਇਮਾਰਤ ਜੋ 1856 ਵਿਚ ਬਣੀ ਸੀ, ਢਾਹ ਦਿੱਤੀ ਗਈ ਹੈ। 1876 ਵਿਚ ਬਣੀ ਜ਼ਿਲ੍ਹਾ ਕਚਹਿਰੀ ਦਾ ਕੁਝ ਹਿੱਸਾ ਢਾਹ ਦਿੱਤਾ ਗਿਆ ਹੈ ਅਤੇ ਬਾਕੀ ਬਚੀ ਇਮਾਰਤ ਦੀ ਹਾਲਤ ਵੀ ਬੜੀ ਖਸਤਾ ਹੈ।

ਵਿਕਟੋਰੀਆ ਜੁਬਲੀ ਹਸਪਤਾਲ, ਜਿਸ ਨੂੰ ਹੁਣ ਗੁਰੂ ਤੇਗ਼ ਬਹਾਦਰ ਹਸਪਤਾਲ ਕਹਿੰਦੇ ਹਨ, ਵੀ ਪੂਡਾ (Puda) ਦੀ ਢਾਹੀਆਂ ਜਾਣ ਵਾਲੀਆਂ ਇਮਾਰਤਾਂ ਦੀ ਸੂਚੀ ਵਿਚ ਸ਼ਾਮਲ ਹੈ। ਪੂਡਾ ਨੇ ਇਸ ਥਾਂ ਸ਼ਾਪਿੰਗ ਪਲਾਜ਼ਾ ਬਣਾਉਣ ਦੀ ਯੋਜਨਾ ਬਣਾਈ ਹੈ। ਪੂਡਾ ਦੀ ਇਹ ਯੋਜਨਾ ਕਾਨੂੰਨ ਦੀ ਘੋਰ ਉਲੰਘਨਾ ਹੈ ਕਿਉਂਕਿ ਇਹ ਹਸਪਤਾਲ ਸੁਰੱਖਿਅਤ ਰਾਮ ਬਾਗ ਤੋਂ 100 ਮੀਟਰ ਤੋਂ ਵੀ ਘਟ ਦੂਰੀ ’ਤੇ ਸਥਿਤ ਹੈ। ਪੁਰਾਣੇ ਸੰਤ ਰਾਮ ਹਸਪਤਾਲ ਨੂੰ ਜਿਸ ਦੀ ਉਸਾਰੀ 1904 ਵਿਚ ਹੋਈ ਸੀ ਪਹਿਲਾਂ ਹੀ ਢਾਹ-ਢੇਰੀ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਕੋਤਵਾਲੀ ਦੀ ਪੁਰਾਣੀ ਇਮਾਰਤ ਨੂੰ ਢਾਹ ਕੇ ਉਸ ਥਾਂ ਫੂਡ ਕਾਰਨਰ (Food Corner) ਬਣਾਉਣ ਦੀ ਯੋਜਨਾ ਵਿਚਾਰ-ਅਧੀਨ ਹੈ। ਕੋਤਵਾਲੀ ਦੀ ਥਾਂ ’ਤੇ ਇਕ ਹੋਟਲ ਜਾਂ ਸ਼ਾਪਿੰਗ ਕੰਪਲੈਕਸ ਬਣਾਉਣ ਦੀ ਵੀ ਤਜਵੀਜ਼ ਹੈ, ਭਾਵੇਂ ਇਸ ਯੋਜਨਾ ਦੀ ਸਰਕਾਰੀ ਮਨਜ਼ੂਰੀ ਮਿਲਣ ਦੀ ਅਜੇ ਉਡੀਕ ਹੈ।

158 ਸਾਲ ਪੁਰਾਣੇ ਟਾਊਨ ਹਾਲ ਸਕੂਲ ਦੀ ਇਮਾਰਤ ਦਾ ਕੋਈ ਨਾਂ-ਨਿਸ਼ਾਨ ਬਾਕੀ ਨਹੀਂ ਹੈ। ਪੰਜਾਬੀ ਸਾਹਿਤ ਵਿਚ ਠੰਢੀ ਖੂਹੀ ਦਾ ਜ਼ਿਕਰ ਆਮ ਮਿਲਦਾ ਹੈ। ਉਸ ਨੂੰ ਵੀ ਉਪਰੋਂ ਢੱਕ ਕੇ ਉਥੇ ਦੁਕਾਨਾਂ ਬਣਾ ਦਿੱਤੀਆਂ ਗਈਆਂ ਹਨ।

ਇਤਿਹਾਸਕ ਦਰਵਾਜ਼ੇ, ਜਿਵੇਂ ਆਹਲੂਵਾਲੀਆ ਦਰਵਾਜ਼ਾ, ਲੋਹਗੜ੍ਹ ਦਰਵਾਜ਼ਾ, ਗਿੱਲਵਾਲੀ ਦਰਵਾਜ਼ਾ ਢਾਹ-ਢੇਰੀ ਕਰ ਦਿੱਤੇ ਗਏ ਹਨ। ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦੀ ਇਕ ਹਵੇਲੀ ਕੁਝ ਸਮਾਂ ਪਹਿਲਾਂ ਹੀ ਢਾਹੀ ਗਈ ਹੈ। ਖ਼ਬਰ ਹੈ ਕਿ ਉਥੇ ਵੀ ਸ਼ਾਪਿੰਗ ਕੰਪਲੈਕਸ ਬਣੇਗਾ। ਇਹ ਹਵੇਲੀ ਹਿੰਦੂ ਕਾਲਜ ਦੇ ਸਾਹਮਣੇ ਹੈ। ਪਿਛਲੇ ਕੁਝ ਮਹੀਨਿਆਂ ਵਿਚ ਢਾਹੀ ਗਈ ਇਹ ਦੂਜੀ ਹਵੇਲੀ ਹੈ। ਇਸ ਤੋਂ ਪਹਿਲਾਂ ਪੁਰਾਣੇ ਸ਼ਹਿਰ ਵਿਚ ਚਾਟੀਆਂ ਵਾਲੇ ਬਾਜ਼ਾਰ ਦੇ ਨੇੜੇ ਸਥਿਤ ਜੈਨੀਆਂ ਦੀ ਹਵੇਲੀ ਵੀ ਢਾਹ ਦਿੱਤੀ ਗਈ ਸੀ।

ਇਕ ਪੁਰਾਣੀ ਵਿਰਾਸਤੀ ਹਵੇਲੀ ਜਿਸ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੇ ਕੰਧ-ਚਿਤਰ ਬਣੇ ਹੋਏ ਸਨ, ਜਿਸ ਵਿਚ ਫੁੱਲਾਂ ਦੇ ਅਨੋਖੇ ਡਿਜ਼ਾਈਨ ਤੇ ਚਿਤਰ ਅੰਕਿਤ ਸਨ, ਜਿਸ ਦੇ ਫਰਸ਼ਾਂ ਦੇ ਡਿਜ਼ਾਈਨ ਵੇਖਣਯੋਗ ਸਨ, ਜਿਸ ਦੇ ਲੱਕੜ ਦੇ ਦਰਵਾਜ਼ਿਆਂ ਅਤੇ ਤਾਕੀਆਂ ਉਤੇ ਖੁਦਾਈ ਦਾ ਆਲ੍ਹਾ ਕੰਮ ਹੋਇਆ ਹੋਇਆ ਸੀ, ਇਹ ਸਾਰਾ ਕੀਮਤੀ ਵਿਰਸਾ ਨਸ਼ਟ ਹੋ ਗਿਆ ਹੈ। ਹਵੇਲੀ ਦੀਆਂ ਕੰਧਾਂ ਉਤੇ ਬਹੁਤ ਹੀ ਖ਼ੂਬਸੂਰਤ ਕੰਧ-ਚਿਤਰ ਬਣੇ ਹੋਏ ਸਨ, ਜਿਨ੍ਹਾਂ ਉਤੇ ਬੜੀ ਬੇਸਮਝੀ ਨਾਲ ਕਲੀ ਦਾ ਪੋਚਾ ਫੇਰ ਦਿੱਤਾ ਗਿਆ। ਇਸ ਹਵੇਲੀ ਵਿਚ ਜਾਪਾਨੀ ਟਾਈਲਾਂ ਦੀ ਵਰਤੋਂ ਕੀਤੀ ਗਈ ਸੀ। ਇਸ ਹਵੇਲੀ ਦੇ ਮੋਹਰਾਕਸ਼ੀ ਕਲਾ ਦੇ ਚਿਤਰ, ਰੰਗੀਨ

ਸ਼ੀਸ਼ੇ ਦਾ ਕੰਮ, ਖੁਦਾਈ-ਦਾਰ ਖਿੜਕੀਆਂ ਤੇ ਸੁੰਦਰ ਫਰਸ਼ਾਂ ਨੂੰ ਵੇਖ ਕੇ ਪਤਾ ਲਗਦਾ ਸੀ ਕਿ ਇਹ ਇਮਾਰਤ ਅੰਗਰੇਜ਼ੀ ਰਾਜ ਵੇਲੇ ਦੀ ਇਕ ਵਧੀਆ ਵਿਰਾਸਤ ਸੀ।

'ਅੰਮ੍ਰਿਤਸਰੀ ਵਿਰਸੇ ਦੀ ਖੋਜ: ਏਜੰਡਾ ਤੇ ਕਾਰਵਾਈ' ਨਾਂ ਦੀ ਆਪਣੀ ਰਿਪੋਰਟ ਵਿਚ ਮਸ਼ਹੂਰ ਵਿਰਸਾ ਮਾਹਿਰ ਸ੍ਰੀ ਜੇ.ਕੇ.ਗੁਪਤਾ ਲਿਖਦੇ ਹਨ ਕਿ ਸ਼ਹਿਰ ਦਾ ਯੋਜਨਾ-ਰਹਿਤ ਅਤੇ ਬੇਤਰਤੀਬਾ ਵਿਕਾਸ ਸ਼ਹਿਰ ਦੇ ਵਿਰਸੇ ਲਈ ਇਕ ਖ਼ਤਰਾ ਬਣ ਗਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅੰਮ੍ਰਿਤਸਰ ਇਕ ਛੋਟੇ ਜਿਹੇ ਪਿੰਡ ਤੋਂ ਵਿਕਾਸ ਕਰ ਕੇ ਇਕ ਜਲੌਅ-ਦਾਰ ਮਹਾਂ-ਨਗਰ ਬਣ ਗਿਆ ਹੈ। ਇਸ ਵਿਚ ਵਿਰਾਸਤੀ ਵਸਤਾਂ ਦੀ ਬੇਸ਼ੁਮਾਰ ਦੌਲਤ ਵਿਦਮਾਨ ਸੀ।

ਅੰਮ੍ਰਿਤਸਰ ਨੇ ਜੋ ਵਿਰਾਸਤੀ ਸਿਖਰਾਂ ਛੋਹੀਆਂ ਹਨ, ਉਸ ਨੂੰ ਕੇਵਲ ਪੰਜਾਬ ਰਾਜ ਵਿਚ ਹੀ ਨਹੀਂ, ਸਗੋਂ ਸਾਰੀ ਦੁਨੀਆ ਵਿਚ ਮਾਨਤਾ ਪ੍ਰਾਪਤ ਹੈ। ਪਰ ਸ਼ਹਿਰ ਦੇ ਤੇਜ਼ੀ ਨਾਲ ਬਦਲ ਰਹੇ ਦ੍ਰਿਸ਼, ਇਮਾਰਤਾਂ ਦੀ ਦੁਰਵਰਤੋਂ, ਗੈਰ-ਕਾਨੂੰਨੀ ਭਵਨਾ ਦੀ ਉਸਾਰੀ ਅਤੇ ਬੇਕਾਬੂ ਭੀੜ-ਭੜੱਕੇ ਨੇ ਸ਼ਹਿਰ ਦੇ ਵਿਰਸੇ ਨੂੰ ਬੇਹਦ ਨੁਕਸਾਨ ਪਹੁੰਚਾਇਆ ਹੈ।

ਸ. ਗੁਮਟਾਲਾ ਜ਼ਿਲ੍ਹਾ ਪ੍ਰਸ਼ਾਸਨ ਅਤੇ ਮਿਉਂਸਿਪਲ ਕਾਰਪੋਰੇਸ਼ਨ ਉਤੇ ਇਹ ਦੋਸ ਲਾਉਂਦੇ ਹਨ ਕਿ ਉਨ੍ਹਾਂ ਨੇ ਇਤਿਹਾਸਕ ਇਮਾਰਤਾ ਦੀ ਸਾਂਭ-ਸੰਭਾਲ ਬਾਰੇ ਕਾਨੂੰਨ ਦੀ ਉਲੰਘਨਾ ਕੀਤੀ ਹੈ। ਆਪਣੇ ਇਤਰਾਜ਼ ਨੂੰ ਸਿੱਧ ਕਰਨ ਲਈ ਉਹ ਡਾਇਰੈਕਟਰ ਸੱਭਿਆਚਾਰਕ ਤੇ ਇਤਿਹਾਸਕ ਮਾਮਲੇ ਅਤੇ ਅਜਾਇਬਘਰ ਵਿਭਾਗ ਵਲੋਂ 8 ਜੁਲਾਈ 1999 ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਲਿਖੇ ਗਏ ਇਕ ਪੱਤਰ ਦਾ ਹਵਾਲਾ ਦਿੰਦੇ ਹਨ। ਜਿਸ ਵਿਚ ਲਿਖਿਆ ਗਿਆ ਸੀ ਕਿ 'ਆਪ ਨੂੰ ਭਲੀ-ਭਾਂਤ ਪਤਾ ਹੈ ਕਿ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ: 1/14/97 ਟੀ.ਐੱਸ./2051 ਮਿਤੀ 10 ਅਕਤੂਬਰ 1997 ਅਨੁਸਾਰ ਸਮੁੱਚੇ ਰਾਮ ਬਾਗ ਨੂੰ ਸੁਰੱਖਿਅਤ ਯਾਦਗਾਰੀ ਬਾਗ ਕਰਾਰ ਦਿੱਤਾ ਗਿਆ ਹੈ। ਹੁਣ ਇਸ ਬਾਗ ਦਾ ਵਿਭਾਗ ਵਲੋਂ ਇਤਿਹਾਸਕ ਇਮਾਰਤਾਂ ਨਾਲ ਸਬੰਧਿਤ ਨਿਯਮਾਂ ਅਨੁਸਾਰ ਵਿਕਾਸ ਕੀਤਾ ਜਾ ਰਿਹਾ ਹੈ।...'

ਇਸ ਪੱਤਰ ਵਿਚ ਅੱਗੇ ਲਿਖਿਆ ਗਿਆ ਹੈ ਕਿ ਕੀਤੇ ਗਏ ਫ਼ੈਸਲੇ ਅਨੁਸਾਰ ਇਸ ਬਾਗ ਵਿਚ ਕੋਈ ਵਿਆਹ-ਸਮਾਰੋਹ ਜਾਂ ਸਿਆਸੀ ਪ੍ਰੋਗਰਾਮ ਨਹੀਂ ਕੀਤੇ ਜਾਣਗੇ ਅਤੇ ਨਾ ਹੀ ਕਿਸੇ ਸੰਸਥਾ ਨੂੰ ਕੋਈ ਜਗ੍ਹਾ ਦਿੱਤੀ ਜਾਏਗੀ। ਇਸ ਤੋਂ ਇਲਾਵਾ ਇਹ ਫ਼ੈਸਲਾ ਵੀ ਕੀਤਾ ਗਿਆ ਸੀ ਕਿ ਬਾਗ ਵਿਚ ਚਲ ਰਹੀਆਂ ਕਲੱਬਾਂ ਬੰਦ ਕਰ ਦਿੱਤੀਆਂ ਜਾਣਗੀਆਂ ਅਤੇ ਉਹ ਆਪਣੀਆਂ ਗਤੀਵਿਧੀਆਂ ਕਿਸੇ ਹੋਰ ਸਥਾਨ 'ਤੇ ਕਰਨਗੀਆਂ। ਪਰ ਇਨ੍ਹਾਂ ਹੁਕਮਾਂ ਦੇ ਬਾਵਜੂਦ ਬਾਗ ਵਿਚ ਵਿਆਹ-ਸਮਾਰੋਹ, ਰਾਜਨੀਤਕ ਰੈਲੀਆਂ ਅਤੇ ਹੋਰ ਪ੍ਰੋਗਰਾਮ ਬਿਨਾਂ ਕਿਸੇ ਰੋਕ-ਟੋਕ ਦੇ ਹੋ ਰਹੇ ਹਨ। ਦਿਲਚਸਪ ਗੱਲ ਇਹ ਕਿ ਵਿਰਾਸਤੀ ਮੇਲਾ ਵੀ ਇਸੇ ਬਾਗ ਵਿਚ ਲਾਇਆ ਜਾ ਰਿਹਾ ਹੈ।



ਰਾਮ ਬਾਗ ਵਿਚ ਕਈ ਪੁਰਾਤਨ ਇਮਾਰਤਾਂ ਅਤੇ ਪੁਰਾਤਨ ਸ਼ੈਲੀ ਦੀਆਂ ਮਮਟੀਆਂ ਹਨ। ਪਰ ਆਧੁਨਿਕੀਕਰਨ ਦੀ ਤੇਜ਼ ਚਾਲ ਕਾਰਨ ਰਾਮ ਬਾਗ ਆਪਣੀ ਪੁਰਾਣੀ ਪਛਾਣ ਗੁਆਉਂਦਾ ਜਾ ਰਿਹਾ ਹੈ। ਹੁਣ ਇੱਥੇ ਮਹਾਰਾਜਾ ਰਣਜੀਤ ਸਿੰਘ ਦੇ ਨਾਂ 'ਤੇ ਇਕ ਪੈਨਾਰਮਾ ਬਣਾਇਆ ਜਾ ਰਿਹਾ ਹੈ, ਹਾਲਾਂਕਿ ਇਹ ਬਾਗ ਸੁਰੱਖਿਅਤ ਖੇਤਰ ਐਲਾਨ ਕੀਤਾ ਜਾ ਚੁੱਕਾ ਹੈ। ਇਹ ਕਾਨੂੰਨ ਦੀ ਘੋਰ ਉਲੰਘਣਾ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਸਭ ਕੁਝ ਉਸ ਸਮੇਂ ਹੋ ਰਿਹਾ ਹੈ, ਜਦੋਂ ਕੇਸ ਅਦਾਲਤ ਦੇ ਵਿਚਾਰ-ਅਧੀਨ ਹੈ।

ਰਾਜੀਵ ਮਾਨਕੋਟੀਆ ਬਨਾਮ ਸਕੱਤਰ ਰਾਸ਼ਟਰਪਤੀ ਦੇ ਕੇਸ ਬਾਰੇ ਸੁਪਰੀਮ ਕੋਟਰ ਨੇ 27 ਮਾਰਚ 1997 ਨੂੰ ਨਿਰਣਾ ਦਿੱਤਾ ਸੀ ਕਿ 'ਅਦਾਲਤ ਭਾਰਤ ਸਰਕਾਰ ਨੂੰ ਇਹ ਨਿਰਦੇਸ਼ ਦਿੰਦੀ ਹੈ ਕਿ ਪੁਰਾਣੀਆਂ ਰਾਸ਼ਟਰੀ ਯਾਦਗਾਰਾਂ ਦੀ ਮੁਕੰਮਲ ਰੂਪ ਵਿਚ ਸਾਂਭ-ਸੰਭਾਲ ਕੀਤੀ ਜਾਏ ਅਤੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਅਜਿਹੀਆਂ ਇਮਾਰਤਾਂ ਦੀ ਸਾਂਭ-ਸੰਭਾਲ ਸਹੀ ਤਰੀਕੇ ਨਾਲ ਹੋ ਰਹੀ ਹੈ ਤਾਂ ਜੋ ਭਾਰਤ ਦੇ ਸੱਭਿਆਚਾਰਕ ਤੇ ਇਤਿਹਾਸਕ ਵਿਰਸੇ ਨੂੰ ਅਤੇ ਪੁਰਾਤਨ ਇਮਾਰਤਾਂ ਦੀ ਸੁੰਦਰਤਾ ਅਤੇ ਸ਼ਾਨ ਨੂੰ ਕਾਇਮ ਰੱਖਿਆ ਜਾ ਸਕੇ। ਇਨ੍ਹਾਂ ਯਾਦਗਾਰੀ ਭਵਨਾਂ ਵਿਚ ਭਾਰਤ ਦੀ ਪੁਰਾਤਨ ਇਮਾਰਤਸਾਜ਼ੀ ਅਤੇ ਮੂਰਤੀ ਕਲਾ ਦੇ ਅਦਭੁਤ ਨਮੂਨੇ ਵਿਦਮਾਨ ਹਨ। ਪੁਰਾਤਨ ਰਾਜਗੀਰਾਂ, ਕਲਾਕਾਰਾਂ ਅਤੇ ਕਾਰੀਗਰਾਂ ਦੀ ਇਸ ਪੁਰਾਤਨ ਕਾਰੀਗਰੀ ਨੂੰ ਸੁਰੱਖਿਅਤ ਰੱਖਣਾ ਜ਼ਰੂਰੀ ਹੈ। ਇਹ ਯਾਦਗਾਰੀ ਭਵਨ ਭਾਰਤੀਆਂ ਦੇ ਗੌਰਵ ਦੀਆਂ ਨਿਸ਼ਾਨੀਆਂ ਹਨ। ਹਰ ਰੋਜ਼ ਅਨੇਕਾਂ ਲੋਕ ਇਨ੍ਹਾਂ ਨੂੰ ਵੇਖਣ ਆਉਦੇ ਹਨ।' ਪਰ ਸਵਾਲ ਪੈਦਾ ਹੁੰਦਾ ਹੈ ਕਿ ਕੀ ਕੋਈ ਅਜਿਹਾ ਵਿਅਕਤੀ ਹੈ ਜੋ ਸਰਬ-ਉੱਚ ਅਦਾਲਤ ਦੇ ਇਨ੍ਹਾਂ ਹੁਕਮਾਂ ਨੂੰ ਅੰਮ੍ਰਿਤਸਰ ਸ਼ਹਿਰ ਉਤੇ ਲਾਗੂ ਕਰ ਸਕੇ।

ਅੰਮ੍ਰਿਤਸਰ ਦੇ ਵਿਰਾਸਤੀ ਸਥਾਨਾਂ ਦੀ ਮਹੱਤਤਾ ਦਾ ਅੰਦਾਜ਼ਾ, ਸਕੱਤਰ ਸਥਾਨਕ ਸਰਕਾਰਾਂ ਅਤੇ ਪੁਰਾਤੱਤਵ ਵਿਭਾਗ ਦੇ 17 ਨਵੰਬਰ 1925 ਦੇ ਨੋਟੀਫਿਕੇਸ਼ਨ ਤੋਂ ਲਾਇਆ ਜਾ ਸਕਦਾ ਹੈ। ਨੋਟੀਫਿਕੇਸ਼ਨ ਵਿਚ ਦਰਜ ਹੈ। 'ਗਵਰਨਰ-ਇਨ-ਕੌਂਸਲ ਨੂੰ ਇਹ ਐਲਾਨ ਕਰ ਕੇ ਖ਼ੁਸ਼ੀ ਹੁੰਦੀ ਹੈ ਕਿ ਹੇਠ ਲਿਖੀਆਂ ਪੁਰਾਣੀਆਂ ਯਾਦਗਾਰਾਂ ਸੁਰੱਖਿਅਤ ਯਾਦਗਾਰਾਂ ਹਨ। ਇਨ੍ਹਾਂ ਦੀ ਸਾਂਭ-ਸੰਭਾਲ ਸਰਕਾਰੀ ਖ਼ਰਚੇ 'ਤੇ ਕੀਤੀ ਜਾਵੇ। ਇਨ੍ਹਾਂ ਅੱਠਾਂ ਯਾਦਗਾਰਾਂ ਵਿਚੋਂ ਦੋ ਯਾਦਗਾਰਾਂ ਅੰਮ੍ਰਿਤਸਰ ਵਿਚ ਹਨ: ਕਿਲ੍ਹਾ ਗੋਬਿੰਦਗੜ੍ਹ ਅਤੇ ਰਾਮ ਬਾਗ ਗੇਟ। ਬਾਕੀ ਪੰਜ ਯਾਦਗਾਰਾਂ ਹਿਸਾਰ ਤੇ ਗੁੜਗਾਉਂ ਵਿਚ ਹਨ।'

ਅੱਜਕਲ੍ਹ ਰਾਮ ਬਾਗ ਗੇਟ ਤਾਂ ਕਿਤੇ ਦਿਖਾਈ ਨਹੀਂ ਦਿੰਦਾ ਅਤੇ ਕਿਲ੍ਹਾ ਗੋਬਿੰਦਗੜ੍ਹ ਦੀ ਹਾਲਤ ਵੀ ਬੜੀ ਖਸਤਾ ਹੈ। ਇਹ ਕਿਲ੍ਹਾ ਭਾਰਤੀ ਫ਼ੌਜ ਦੇ ਕਬਜ਼ੇ ਵਿਚ ਹੈ। ਇਸ ਕਾਰਨ ਸ਼ਹਿਰ ਦੇ ਲੋਕ ਵੀ ਕਿਲੇ ਵਿਚ ਪੈਰ ਨਹੀਂ ਰੱਖ ਸਕਦੇ।

****

# ਇਤਿਹਾਸਕ ਯਾਦਗਾਰਾਂ ਦੀ ਭਿਅੰਕਰ ਬਰਬਾਦੀ

ਅੰਮ੍ਰਿਤਸਰ ਦੀ ਯਾਤਰਾ ਕਰਨ ਆਉਣ ਵਾਲੇ ਬਹੁਤ ਸਾਰੇ ਯਾਤਰੀਆਂ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਹੁੰਦਾ ਕਿ ਸ਼ਹਿਰ ਦੇ ਇਮਾਰਤਸਾਜ਼ੀ ਦੇ ਕਈ ਅਦਭੁੱਤ ਨਮੂਨਿਆਂ ਅਤੇ ਧਾਰਮਕ ਅਸਥਾਨਾਂ ਦਾ ਰੂਪ ਵਿਗੜਦਾ ਜਾ ਰਿਹਾ ਹੈ। ਅੰਮ੍ਰਿਤਸਰ ਸ਼ਹਿਰ, ਕਈ ਇਤਿਹਾਸਕ, ਧਾਰਮਕ, ਅਤੇ ਪੁਰਾਣੇ ਯਾਦਗਾਰੀ ਅਸਥਾਨਾਂ ਨਾਲ ਭਰਿਆ ਪਿਆ ਹੈ। ਪਰ ਉਨ੍ਹਾਂ ਦੇ ਰੱਖ-ਰਖਾਵ ਵੱਲ ਉਚਿਤ ਧਿਆਨ ਨਹੀਂ ਦਿੱਤਾ ਜਾ ਰਿਹਾ।

ਬਹੁਤ ਸਾਰੀਆਂ ਵਿਰਾਸਤੀ ਇਮਾਰਤਾਂ, ਕਾਰ ਸੇਵਾ ਕਾਰਨ ਆਪਣਾ ਵਿਰਸਈ ਮਹੱਤਵ ਗੁਆ ਚੁੱਕੀਆਂ ਹਨ। ਇਹ ਜਾਣ ਕੇ ਬਹੁਤ ਦੁੱਖ ਹੁੰਦਾ ਹੈ ਕਿ ਕੁਝ ਸਮਾਂ ਪਹਿਲਾਂ ਪੰਜਾਬ ਵਿਚ ਜੋ ਅਦਭੁੱਤ ਯਾਦਗਾਰਾਂ ਹੁੰਦੀਆਂ ਸਨ, ਹੁਣ ਉਹ ਲੋਪ ਹੋ ਗਈਆਂ ਹਨ। ਇਹੋ ਜਿਹਾ ਇਕ ਅਸਚਰਜ ਭਵਨ ਅੰਮ੍ਰਿਤਸਰ-ਤਰਨਤਾਰਨ ਸੜਕ ਉਤੇ ਗੁਰਦੁਆਰਾ ਝੂਲਣਾ ਮਹਿਲ ਹੁੰਦਾ ਸੀ। ਇਹ ਗੁਰਦੁਆਰਾ ਤਰਨਤਾਰਨ ਤੋਂ ਛੇ ਕਿਲੋਮੀਟਰ ਦੂਰ, ਦਬੁਰਜੀ ਦੇ ਨੇੜੇ ਇਕ ਪੁਰਾਣੇ ਪਿੰਡ ਠੱਠੀ ਖਾਰਾ ਵਿਚ ਹੁੰਦਾ ਸੀ। ਇੱਥੇ ਖੜ੍ਹੀ ਇਕ ਝੂਲਦੀ ਦੀਵਾਰ ਨੂੰ 'ਝੂਲਣਾ ਮਹਿਲ' ਕਿਹਾ ਜਾਂਦਾ ਸੀ। ਇਹ ਝੂਲਣਾ ਮਹਿਲ ਇਸ ਪਿੰਡ ਵਿਚ ਗੁਰੂ ਅਰਜਨ ਦੇਵ ਜੀ ਦੇ ਆਗਮਨ ਨਾਲ ਸਬੰਧਿਤ ਹੈ। ਹੁਣ ਇਸ ਦੀਵਾਰ ਦੀ ਇਤਿਹਾਸਕ ਮਹੱਤਤਾ ਨੂੰ ਅਣਗੌਲਿਆ ਕਰ ਕੇ ਇਸ ਯਾਦਗਾਰ ਉਤੇ ਚਿੱਟੀ ਕਲੀ ਫੇਰ ਦਿੱਤੀ ਗਈ ਹੈ।

ਇਹ ਦੀਵਾਰ ਮੱਧ-ਕਾਲ ਦੀ ਇਕ ਅਹਿਮ ਯਾਦਗਾਰ ਹੈ ਜਿਸ ਦੇ ਅਸਲ ਰੂਪ ਨੂੰ ਕਾਇਮ ਨਹੀਂ ਰੱਖਿਆ ਜਾ ਸਕਿਆ। ਕਾਰ ਸੇਵਾ ਵਾਲੇ ਬਾਬਿਆਂ ਨੇ ਇਸ ਗੁਰਦੁਆਰੇ ਦੇ ਨੇੜੇ ਇਕ ਨਵੀਂ ਇਮਾਰਤ ਬਣਾ ਦਿੱਤੀ ਹੈ। ਇਹ ਕਾਰ ਸੇਵਾ ਬਾਬਾ ਹੀਰਾ ਸਿੰਘ ਨੇ ਕਰਵਾਈ ਹੈ।

ਆਮ ਤੌਰ 'ਤੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜਦੋਂ ਮਾਝੇ ਦੇ ਇਲਾਕੇ ਵਿਚ ਇਕ ਨਵੇਂ ਸ਼ਹਿਰ ਦੀ ਉਸਾਰੀ ਲਈ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਸਾਹਿਬ ਉਸਾਰਿਆ ਜਾ ਰਿਹਾ ਸੀ ਤਾਂ ਗੁਰੂ ਅਰਜਨ ਦੇਵ ਜੀ ਇਸ ਅਸਥਾਨ 'ਤੇ ਠਹਿਰਿਆ ਕਰਦੇ ਸਨ।

ਬਦਕਿਸਮਤੀ ਦੀ ਗੱਲ ਹੈ ਕਿ ਹੁਣ ਇਸ ਅਸਥਾਨ ਪ੍ਰਤੀ ਅਣਗਹਿਲੀ ਵਰਤੀ ਜਾ ਰਹੀ ਹੈ। ਕਾਰ ਸੇਵਾ ਵਾਲੇ ਬਾਬਿਆਂ ਨੇ ਦੋ ਮੀਨਾਰਾਂ ਦੇ ਚੁਫ਼ੇਰੇ ਇਕ ਨਵਾਂ ਗੁਰਦੁਆਰਾ ਉਸਾਰ ਦਿੱਤਾ ਹੈ। ਦੋ ਮੀਨਾਰ ਇਸ ਗੱਲ ਦਾ ਪ੍ਰਤੀਕ ਹਨ ਕਿ ਇੱਥੇ ਗੁਰੂ ਅਰਜਨ ਦੇਵ ਜੀ ਤੇ ਗੁਰੂ ਹਰਿਗੋਬਿੰਦ ਸਾਹਿਬ ਦਾ ਮੇਲ ਹੋਇਆ ਸੀ। ਹੈਰਾਨੀ ਦੀ ਗੱਲ ਹੈ ਕਿ ਦੋਵੇਂ ਮੀਨਾਰ ਕੇਸਰੀ ਰੰਗ ਦੇ ਕੱਪੜੇ ਨਾਲ ਢੱਕੇ ਹੋਏ ਹਨ ਅਤੇ ਸੰਗਤਾਂ ਉਨ੍ਹਾਂ ਦੇ ਦਰਸ਼ਨ ਨਹੀਂ ਕਰ ਸਕਦੀਆਂ।



ਗੁਰਦੁਆਰਾ ਝੂਲਣਾ ਮਹਿਲ ਦੇ ਨੇੜੇ ਚਲ ਰਹੇ ਉਸਾਰੀ ਦੇ ਕੰਮ ਨਾਲ ਗੁਰਦੁਆਰਾ ਸਾਹਿਬ ਦੀ ਵਿਲੱਖਣ ਇਮਾਰਤੀ ਨੁਹਾਰ ਨੂੰ ਨੁਕਸਾਨ ਪਹੁੰਚਿਆ ਹੈ। ਛੋਟੀਆਂ ਨਾਨਕਸ਼ਾਹੀ ਇੱਟਾਂ ਨਾਲ ਬਣੇ ਪੁਰਾਣੇ ਖੂਹ ਨੂੰ ਚੌੜਾ ਕਰ ਦਿੱਤਾ ਗਿਆ ਹੈ। ਨਤੀਜੇ ਵਜੋਂ ਇਸ ਦੀ ਪੁਰਾਣੀ ਸ਼ਾਨ ਖ਼ਤਮ ਹੋ ਗਈ ਹੈ। ਪੁਰਾਣੇ ਖੂਹ ਦੇ ਆਲੇ-ਦੁਆਲੇ ਬਣੀ ਨਵੀਂ ਇਮਾਰਤ ਵਿਚ ਮਿਊਂਸਪਲ ਕਮੇਟੀ ਨੇ ਟੂਟੀਆਂ ਲਾ ਦਿੱਤੀਆਂ ਹਨ।

ਇਹ ਗੁਰੂ ਜੀ ਅਤੇ ਉਸ ਸਮੇਂ ਦੇ ਰਾਜ ਮਿਸਤਰੀਆਂ ਦੀ ਅਦਭੁੱਤ ਕਲਪਨਾ ਸੀ ਕਿ ਉਨ੍ਹਾਂ ਨੇ ਇਮਾਤਰਸਾਜ਼ੀ ਦੀਆਂ ਵੱਖ-ਵੱਖ ਵਿਸ਼ੇਸ਼ਤਾਈਆਂ ਨੂੰ ਇਕ ਥਾਂ ਕਰ ਕੇ ਇਕ ਵਿਲੱਖਣ ਭਵਨ ਦੀ ਉਸਾਰੀ ਕੀਤੀ ਸੀ। ਦੂਰ ਦੂਰ ਤੋਂ ਸ਼ਰਧਾਲੂ ਅਤੇ ਯਾਤਰੀ ਇਸ ਅਸਥਾਨ ਨੂੰ ਦੇਖਣ ਆਉਂਦੇ ਸਨ। ਇਮਾਰਤੀ ਮਾਹਿਰਾਂ ਦੀ ਸਲਾਹ ਲੈ ਕੇ ਪੁਰਾਣੀਆਂ ਇਮਾਰਤਾਂ ਦੀ ਮੁਰੰਮਤ ਕਰਨ ਦੀ ਬਜਾਏ, ਯਾਦਗਾਰੀ ਇਮਾਰਤਾਂ ਨੂੰ ਨਵੀਂ ਦਿੱਖ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਨੂੰ ਆਪਣੀ ਗੁਰਿਆਈ ਦਾ ਕੇਂਦਰ ਬਣਾਇਆ। ਉਨ੍ਹਾਂ ਨੇ ਸਰੋਵਰ ਦੀ ਖੁਦਾਈ ਪੂਰਨ ਕੀਤੀ ਅਤੇ ਇਸ ਪਵਿੱਤਰ ਸਰੋਵਰ ਦੇ ਆਲੇ-ਦੁਆਲੇ ਇਕ ਨਵਾਂ ਸ਼ਹਿਰ ਵਸਣ ਲਗ ਪਿਆ। ਸਰੋਵਰ ਦੇ ਵਿਚਕਾਰ ਉਨ੍ਹਾਂ ਨੇ ਹਰਿਮੰਦਰ ਸਾਹਿਬ ਦੀ ਉਸਾਰੀ ਕੀਤੀ। 1590 ਵਿਚ ਉਨ੍ਹਾਂ ਨੇ ਤਰਨਤਾਰਨ ਸਾਹਿਬ ਵਿਚ ਇਕ ਹੋਰ ਸਿੱਖ ਗੁਰਦੁਆਰੇ ਦਾ ਨਿਰਮਾਣ ਕੀਤਾ। ਗੁਰੂ ਜੀ ਦੀ ਧਨ-ਸਮਰਥਾ ਅਤੇ ਪ੍ਰਸਿੱਧੀ ਦੂਰ-ਦੂਰ ਤਕ ਫੈਲ ਗਈ। ਹਿੰਦੂਆਂ ਅਤੇ ਮੁਸਲਮਾਨਾਂ ਉਤੇ ਉਨ੍ਹਾਂ ਦਾ ਪ੍ਰਭਾਵ ਇਸ ਹੱਦ ਤਕ ਵੱਧ ਗਿਆ ਕਿ ਉਨ੍ਹਾਂ ਨੂੰ ਮੁਗ਼ਲ ਬਾਦਸ਼ਾਹ ਜਹਾਂਗੀਰ ਦੀ ਕਰੋਪੀ ਦਾ ਸਾਹਮਣਾ ਕਰਨਾ ਪਿਆ। ਬਾਦਸ਼ਾਹ ਨੂੰ ਜਦੋਂ ਪਤਾ ਲੱਗਾ ਕਿ ਗੁਰੂ ਜੀ ਨੇ ਬਾਦਸ਼ਾਹ ਦੇ ਬਾਗੀ ਪੁੱਤਰ ਖੁਸਰੋ ਨਾਲ ਹਮਦਰਦੀ ਪ੍ਰਗਟ ਕੀਤੀ ਹੈ ਤਾਂ ਉਸ ਨੇ ਗੁਰੂ ਜੀ ਨੂੰ ਕੈਦ ਕਰਨ ਦਾ ਹੁਕਮ ਦਿੱਤਾ। ਤੁਜ਼ਕ-ਇ-ਜਹਾਂਗੀਰੀ ਦੀ ਲਿਖਤ ਅਨੁਸਾਰ ਬਾਦਸ਼ਾਹ ਦੇ ਹੁਕਮ ਮੁਤਾਬਿਕ ਗੁਰੂ ਜੀ ਨੂੰ 1606 ਵਿਚ ਸ਼ਹੀਦ ਕਰ ਦਿੱਤਾ ਗਿਆ।

ਗੁਰਦੁਆਰਾ ਝੂਲਣਾ ਮਹਿਲ ਦੇ ਇਕ ਸੇਵਾਦਾਰ ਨੇ ਦੱਸਿਆ ਕਿ ਜਦੋਂ ਬਾਦਸ਼ਾਹ ਜਹਾਂਗੀਰ ਨੇੜੇ ਦੀ ਇਕ ਸੜਕ ਉਤੇ ਸ਼ਿੰਗਾਰੇ ਹੋਏ ਅਤੇ ਝੂਲਦੇ ਜਾਂਦੇ ਹਾਥੀ ਉਤੇ ਸਫ਼ਰ ਕਰ ਰਿਹਾ ਸੀ ਤਾਂ ਸਿੱਖ ਸੰਗਤ ਬਾਦਸ਼ਾਹ ਦੇ ਸ਼ਾਹੀ ਜਲੂਸ ਨੂੰ ਵੇਖਣ ਲਈ ਸੜਕ ਦੇ ਕਿਨਾਰੇ ਇਕੱਤਰ ਹੋ ਗਈ। ਕਿਹਾ ਜਾਂਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਵਰ ਨਾਲ ਗੁਰਦੁਆਰੇ ਦੀ ਇਮਾਰਤ 'ਹਾਥੀ ਵਾਂਗ ਝੂਲਣ' ਲਗ ਪਈ।

ਇਕ ਹੋਰ ਝੂਲਣਾ ਮਹਿਲ ਨਾਲ ਲਗਦੇ ਜ਼ਿਲ੍ਹੇ ਗੁਰਦਾਸਪੁਰ ਵਿਚ ਸਥਿਤ ਹੈ। ਇਸ ਝੂਲਣੇ ਮਹਿਲ ਨੂੰ ਮੁਰੰਮਤ ਕਰਨ ਦੀ ਵੀ ਬੇਹੱਦ ਲੋੜ ਹੈ। ਇਹ ਝੂਲਣਾ ਮਹਿਲ ਗੁਰਦਾਸਪੁਰ ਦੇ ਮੱਧ-ਕਾਲੀ ਇਤਿਹਾਸ ਦੀ ਇਕ ਅਹਿਮ ਯਾਦਗਾਰ ਹੈ। ਇਸ ਸ਼ਹਿਰ ਦਾ ਨਾਂ ਗੁਰੀਆ ਜੀ ਦੇ ਨਾਂ 'ਤੇ ਰੱਖਿਆ ਗਿਆ। ਗੁਰੀਆ ਜੀ ਨੇ ਇਸ ਪਿੰਡ ਨੂੰ ਖਰੀਦ ਕੇ ਇਸ ਦਾ ਨਾਂ ਆਪਣੇ ਨਾਂ 'ਤੇ ਰੱਖਿਆ।

ਗੁਰਦਾਸਪੁਰ ਦੇ ਝੂਲਣਾ ਮਹਿਲ ਦੀ ਉਸਾਰੀ ਅਠਾਰ੍ਹਵੀਂ ਸਦੀ ਦੇ ਅੱਧ ਵਿਚ ਕੀਤੀ ਗਈ। ਇਸ ਇਮਾਰਤ ਦੀ ਉਸਾਰੀ ਨਰਾਇਣ ਦਾਸ ਦੀ ਰਿਹਾਇਸ਼ ਵਜੋਂ ਕੀਤੀ ਗਈ ਸੀ। ਜੋ ਗੁਰੀਆ ਜੀ ਦਾ ਪੋਤਰਾ ਸੀ। ਪਰ ਇਮਾਰਤ ਦੀ ਉਸਾਰੀ ਡਾਟਾਂ ਵਾਲੀ ਇਕ ਚੌੜੀ ਕੰਧ ਤੋਂ ਅੱਗੇ ਨਾ ਤੁਰ ਸਕੀ। ਇਸ ਕੰਧ ਨੂੰ ਝੂਲਣਾ ਮਹਿਲ ਕਹਿਣ ਲਗ ਪਏ ਕਿਉਂਕਿ ਹੱਥ ਲਾਉਣ 'ਤੇ ਇਹ ਹਿੱਲਣ ਲਗ ਪੈਂਦੀ ਸੀ।

ਇਕ ਮਹੰਤ ਦੀ 1839 ਦੀ ਇਕ ਲਿਖਤ ਦੱਸਦੀ ਹੈ ਕਿ ਨਰਾਇਣ ਦਾਸ ਦੇ ਭਰਾ ਸਰਨ ਦਾਸ ਦੀ ਰਿਹਾਇਸ਼ ਰੰਗ ਮਹਿਲ ਦੀ ਉਸਾਰੀ 1737 ਵਿਚ ਕੀਤੀ ਗਈ ਸੀ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਝੂਲਣਾ ਮਹਿਲ ਉਸੇ ਸਮੇਂ ਦੀ ਇਕ ਇਮਾਰਤ ਹੈ। ਕੁਝ ਲੋਕਾਂ ਦਾ ਕਹਿਣਾ ਹੈ ਕਿ ਇਹ ਦੀਵਾਰ ਗੈਬੀ ਸ਼ਕਤੀਆਂ ਦੇ ਪ੍ਰਭਾਵ ਨਾਲ ਹਿਲਦੀ ਹੈ।

ਸਰਹੱਦ ਦੇ ਇਲਾਕੇ ਵਿਚ ਵਿਰਾਸਤੀ ਇਮਾਰਤਾਂ ਦੀ ਜੋ ਦੁਰਗਤੀ ਹੋਈ ਹੈ, ਕਲਾ ਪ੍ਰੇਮੀ ਉਸ ਦੀ ਘੋਰ ਨਿੰਦਿਆਂ ਕਰਦੇ ਹਨ। 2003 ਵਿਚ ਸ੍ਰੀ ਦਰਬਾਰ ਸਾਹਿਬ ਦੀ ਹੋਈ ਕਾਰਸੇਵਾ ਦੀ ਵੀ ਸਖ਼ਤ ਨੁਕਤਾਚੀਨੀ ਕੀਤੀ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਫ਼ਤਰ ਲੋਕਾਂ ਦੀਆਂ ਸ਼ਿਕਾਇਤਾਂ ਨਾਲ ਭਰ ਗਏ, ਜਿਨ੍ਹਾਂ ਵਿਚ ਅਤੀਤ ਕਾਲ ਦੀਆਂ ਸ਼ਾਨਦਾਰ ਯਾਦਗਾਰਾਂ ਨੂੰ ਪਹੁੰਚਾਏ ਗਏ ਨੁਕਸਾਨ ਦੀ ਆਲੋਚਨਾ ਕੀਤੀ ਗਈ ਸੀ ਪਰ ਵਿਰਸੇ ਦੀ ਬਰਬਾਦੀ ਅਜੇ ਵੀ ਜਾਰੀ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸ ਵੇਲੇ ਦੇ ਤਤਕਾਲੀ ਪ੍ਰਧਾਨ ਸ. ਕ੍ਰਿਪਾਲ ਸਿੰਘ ਬਡੂੰਗਰ ਨੂੰ ਇਕ ਚਿੱਠੀ ਵਿਚ ਲਿਖਿਆ ਕਿ 'ਅਸੀਂ ਸਿੱਖ ਜਾਂ ਤਾਂ ਬਹੁਤ ਭੋਲੇ ਹਾਂ ਜਾਂ ਅਸੀਂ ਆਪਣੇ ਵਿਰਸੇ ਦੀ ਸਾਂਭ-ਸੰਭਾਲ ਤੋਂ ਬਹੁਤ ਲਾਪ੍ਰਵਾਹ ਹਾਂ।' ਉਨ੍ਹਾਂ ਲਿਖਿਆ, 'ਸਾਨੂੰ ਜਾਪਦਾ ਹੈ ਕਿ ਇਕ ਸਾਜ਼ਿਸ਼ ਅਧੀਨ ਕਾਰ ਸੇਵਾ ਵਾਲੇ ਬਾਬਿਆਂ ਦੁਆਰਾ ਸਿੱਖ ਵਿਰਸੇ ਨੂੰ ਖ਼ਤਮ ਕੀਤਾ ਜਾ ਰਿਹਾ ਹੈ।' ਉਨ੍ਹਾਂ ਨੇ ਇਸ ਬਰਬਾਦੀ ਲਈ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਦੋਸ਼ੀ ਠਹਿਰਾਇਆ ਜੋ 25 ਸਾਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹੇ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੀ ਸਾਬਕਾ ਜਨਰਲ ਸਕੱਤਰ ਬੀਬੀ ਕਿਰਨਜੋਤ ਕੌਰ ਨੇ ਵੀ ਸ਼੍ਰੋਮਣੀ ਕਮੇਟੀ ਨੂੰ ਲਿਖਿਆ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸੋਨੇ ਦੀ ਝਾਲ ਫਿਰਾਉਣੀ ਬੰਦ ਕੀਤੀ ਜਾਵੇ ਕਿਉਂਕਿ ਇਹ ਮਾਹਿਰਾਂ ਦੀਆਂ ਹਦਾਇਤਾਂ ਅਨੁਸਾਰ ਨਹੀਂ ਹੋ ਰਹੀ।

ਅੰਮ੍ਰਿਤਸਰ ਜ਼ਿਲ੍ਹੇ ਵਿਚ ਬਹੁਤ ਸਾਰੀਆਂ ਅਜਿਹੀਆਂ ਥਾਵਾਂ ਹਨ ਜੋ ਪ੍ਰਾਚੀਨ ਇਤਿਹਾਸ ਨਾਲ ਸਬੰਧਿਤ ਹਨ। ਪਰ ਉਨ੍ਹਾਂ ਨੂੰ ਨਾ ਤਾਂ ਸੈਰ-ਸਪਾਟਾ ਸੂਚੀ ਵਿਚ ਦਰਜ ਕੀਤਾ ਗਿਆ ਹੈ ਅਤੇ ਨਾ ਹੀ ਸੈਰ-ਸਪਾਟਾ ਸਾਹਿਤ ਵਿਚ ਉਨ੍ਹਾਂ ਬਾਰੇ ਲੋੜੀਂਦੀ ਜਾਣਕਾਰੀ ਦਿੱਤੀ ਗਈ ਹੈ।



## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕਾਰ ਸੇਵਾ ਵਾਲੇ ਬਾਬੇ

ਅਚਾਨਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਜਕਾਰਨੀ ਨੇ ਬਾਬਾ ਜਗਤਾਰ ਸਿੰਘ ਅਤੇ ਬਾਬਾ ਲੱਖਾ ਸਿੰਘ ਤੋਂ ਕਾਰ ਸੇਵਾ ਵਾਪਸ ਲੈ ਲਈ ਸੀ। ਕਾਰਨ ਇਹ ਦੱਸਿਆ ਗਿਆ ਕਿ ਬਾਬੇ ਸ਼੍ਰੋਮਣੀ ਕਮੇਟੀ ਵਿਰੁੱਧ ਕਾਰਵਾਈਆਂ ਕਰਦੇ ਹਨ। ਬਾਬਾ ਜਗਤਾਰ ਸਿੰਘ ਨੂੰ 'ਸਜ਼ਾ' ਦੇਣ ਦਾ ਫੌਰੀ ਕਾਰਨ ਇਹ ਸੀ ਕਿ ਉਨ੍ਹਾਂ ਨੇ ਤਰਨਤਾਰਨ ਵਿਖੇ ਕਾਂਗਰਸ ਦੀ ਸਟੇਜ ਤੋਂ ਸਿਰੋਪਾ ਲੈ ਲਿਆ ਸੀ। ਪਰ ਚੌਵੀ ਘੰਟਿਆਂ ਦੇ ਅੰਦਰ-ਅੰਦਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਆਪਣਾ ਬਿਆਨ ਬਦਲ ਲਿਆ। ਉਨ੍ਹਾਂ ਨੇ ਕਾਰਜਕਾਰਨੀ ਦੀ ਇਕ ਹੰਗਾਮੀ ਮੀਟਿੰਗ ਬੁਲਾ ਕੇ ਬਾਬਾ ਜਗਤਾਰ ਸਿੰਘ ਨੂੰ ਕਾਰ ਸੇਵਾ ਮੁੜ ਸੌਂਪ ਦਿੱਤੀ; ਨਾਲੇ ਕਾਰ ਸੇਵਾ ਦੇ ਖੇਤਰ ਵਿਚ ਉਨ੍ਹਾਂ ਦੀਆਂ ਸੇਵਾਵਾਂ ਦੀ ਤਾਰੀਫ਼ ਕੀਤੀ।

ਇਸ ਦੇ ਬਾਵਜੂਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਨੇ ਇਕ ਬਾ-ਅਸੂਲ ਫ਼ੈਸਲਾ ਲੈ ਕੇ, ਕਾਰ ਸੇਵਾ ਵਾਲੇ ਬਾਬਿਆਂ ਨੂੰ ਸਿੱਖ ਵਿਰਸਾ ਬਰਬਾਦ ਕਰਨ ਤੋਂ ਮਨ੍ਹਾ ਕਰ ਦਿੱਤਾ। ਅੱਗੋਂ ਲਈ ਕਾਰ ਸੇਵਾ ਵਿਰਸਾ ਮਾਹਿਰਾਂ ਦੀਆਂ ਸਿਫ਼ਾਰਸ਼ਾਂ ਅਨੁਸਾਰ ਅਤੇ ਸ਼੍ਰੋਮਣੀ ਕਮੇਟੀ ਦੀ ਪ੍ਰਵਾਨਗੀ ਮੁਤਾਬਿਕ ਹੀ ਕੀਤੀ ਜਾਏਗੀ; ਤਾਂ ਜੋ ਅਮੀਰ ਸਿੱਖ ਵਿਰਸੇ ਨੂੰ ਤਬਾਹ ਹੋਣ ਤੋਂ ਬਚਾਇਆ ਜਾ ਸਕੇ। ਜੇ ਅਜਿਹਾ ਫੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਣਨ ਤੋਂ ਇਕ ਦਮ ਪਿਛੋਂ ਲੈ ਲਿਆ ਜਾਂਦਾ ਤਾਂ ਅਮੀਰ ਵਿਰਸੇ ਨੂੰ ਤਬਾਹੀ ਤੋਂ ਬਚਾਇਆ ਜਾ ਸਕਦਾ ਸੀ।

ਜਦੋਂ ਸੈਂਕੜੇ ਹੀ ਸ਼ਰਧਾਲੂ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਚਾਰ-ਸੌ-ਸਾਲਾ ਦਿਵਸ ਉਤੇ ਆਪਣੀ ਸ਼ਰਧਾ ਦੇ ਫੁੱਲ ਅਰਪਨ ਕਰਨ ਲਈ ਤਰਨ ਤਾਰਨ ਸ਼ਹਿਰ ਵਿਚ ਪ੍ਰਵੇਸ਼ ਕਰ ਰਹੇ ਸਨ, ਤਾਂ ਕਈ ਪੁਰਾਣੀਆਂ ਇਤਿਹਾਸਕ ਯਾਦਗਾਰਾਂ ਸ਼ਰਧਾ ਤੇ ਸੰਵੇਦਲਸ਼ੀਲਤਾ ਦੇ ਮੂਕ ਪ੍ਰਤੀਕ ਬਣ ਕੇ ਖੜ੍ਹੀਆਂ ਹਨ। ਸੰਗਤਾਂ ਦੇ ਸਿਰ ਸ਼ਰਧਾ ਤੇ ਸਤਿਕਾਰ ਨਾਲ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਅਤੇ ਪੰਚਮ ਪਾਤਸ਼ਾਹ ਦੇ ਚਰਨਾਂ ਵਿਚ ਝੁਕਦੇ ਹਨ। ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਤੇ ਅਸੂਲਾਂ ਅਨੁਸਾਰ ਇਸ ਸ਼ਹਿਰ ਦਾ ਨਿਰਮਾਣ ਕੀਤਾ ਸੀ।

ਸ਼ਾਇਦ ਹੀ ਕਿਸੇ ਸ਼ਰਧਾਲੂ ਦਾ ਧਿਆਨ ਉਸ ਤਬਾਹੀ ਵੱਲ ਜਾਂਦਾ ਹੋਵੇ, ਜੋ ਇਸ ਪੁਰਾਤਨ ਸ਼ਹਿਰ ਦੇ ਵਿਰਸੇ ਦੀ ਕੀਤੀ ਗਈ ਹੈ। 1596 ਈਸਵੀ ਵਿਚ ਵਸਾਏ ਗਏ ਇਸ ਸ਼ਹਿਰ ਦੀਆਂ ਕਈ ਪੁਰਾਣੀਆਂ ਯਾਦਗਾਰਾਂ ਖ਼ਤਮ ਹੋ ਗਈਆਂ ਹਨ।

ਵੱਡੀ ਗਿਣਤੀ ਵਿਚ ਸਜਾਏ ਜਾਂਦੇ ਨਗਰ ਕੀਰਤਨ, ਕੀਰਤਨ ਦਰਬਾਰ ਅਤੇ ਲੰਗਰ ਸਿੱਖ ਸ਼ਰਧਾਲੂਆਂ ਦੀ ਸ਼ਰਧਾ ਦੀ ਮੂੰਹ-ਬੋਲਦੀ ਤਸਵੀਰ ਹਨ ਪਰ ਗੁਰੂ

ਸਾਹਿਬਾਨ ਨਾਲ ਸਬੰਧਿਤ ਵਿਰਸੇ ਨੂੰ ਮੁੜ-ਸੁਰਜੀਤ ਕਰਨ ਦੀ ਭਾਵਨਾ ਦਾ ਅਭਾਵ ਹੈ।

ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ 105 ਬੁੰਗੇ ਸਨ ਜੋ ਸਿੱਖ ਰਾਜ ਸਮੇਂ ਉਸਾਰੇ ਗਏ ਸਨ। ਇਨ੍ਹਾਂ ਵਿਚੋਂ 85 ਬੁੰਗੇ ਵਿਰਸੇ ਦੀ ਮਹਾਨਤਾ ਤੋਂ ਅਣਜਾਣ ਸ਼ਹਿਰੀਆਂ ਦੇ ਲਾਲਚ ਦਾ ਸ਼ਿਕਾਰ ਹੋ ਚੁੱਕੇ ਹਨ। ਕਈ ਬੁੰਗੇ ਭਾਵਨਾ-ਹੀਣ ਲੋਕਾਂ ਨੇ ਆਪਣੇ ਨਵੇਂ ਘਰ ਬਣਾਉਣ ਲਈ ਢਾਹ ਦਿੱਤੇ ਹਨ। ਬਾਕੀ ਬਚਦੇ ਬੁੰਗਿਆਂ ਵੱਲ ਨਾ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਧਿਆਨ ਦਿੰਦੀ ਹੈ ਅਤੇ ਨਾ ਹੀ ਕੋਈ ਹੋਰ ਸਿੱਖ ਜਥੇਬੰਦੀਆਂ। ਜਿਹੜੀਆਂ ਸਿਆਸੀ ਲਾਹਾ ਖੱਟਣ ਲਈ, ਧਾਰਮਕ ਸਮਾਰੋਹ ਮਨਾਉਣ ਲਈ ਹਮੇਸ਼ਾ ਤੱਤਪਰ ਰਹਿੰਦੀਆਂ ਹਨ।

ਸਬੰਧਿਤ ਸੰਸਥਾਵਾਂ ਦੀ ਘੋਰ ਅਣਗਹਿਲੀ ਕਾਰਨ ਦਰਬਾਰ ਸਾਹਿਬ ਦਾ ਚੁਫੇਰਾ ਇਕ ਸੱਭਿਆਚਾਰਕ ਉਜਾੜ ਵਿਚ ਬਦਲਦਾ ਜਾ ਰਿਹਾ ਹੈ। ਵਿਰਸੇ ਦੀ ਬੇਰਹਿਮ ਤਬਾਹੀ ਇਸ ਹੱਦ ਤਕ ਪਹੁੰਚ ਗਈ ਹੈ ਕਿ ਕੁਝ ਬੁੰਗੇ ਵਿਕਰੀ ’ਤੇ ਲਾਏ ਹੋਏ ਹਨ। ‘ਟ੍ਰਿਬਿਊਨ’ ਅਖ਼ਬਾਰ ਦੇ ਬਾਨੀ ਸ. ਦਿਆਲ ਸਿੰਘ ਮਜੀਠੀਆ ਦਾ ਬੁੰਗਾ ਅਤੇ ਮਜੀਠੀਆ ਸ਼ਹਿਰ ਦੇ ਕਈ ਹੋਰ ਬੁੰਗਿਆਂ ਦਾ ਨਾਂ-ਨਿਸ਼ਾਨ ਮਿਟ ਚੁੱਕਾ ਹੈ।

ਸ. ਸ਼ਮੇਸ਼ਰ ਸਿੰਘ ਅਸ਼ੋਕ ਦੇ ਲਿਖੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਕਿਤਾਬਚੇ ‘ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦਾ ਇਤਿਹਾਸ’ ਵਿਚ ਇਹ ਗੱਲ ਭਲੀ-ਭਾਂਤ ਮੰਨੀ ਗਈ ਹੈ ਕਿ ਸਿੱਖਾਂ ਦੀ ਲਾਪ੍ਰਵਾਹੀ ਕਾਰਨ ਸ. ਹਰੀ ਸਿੰਘ ਨਲਵਾ ਦੇ ਇਤਿਹਾਸਕ ਬੁੰਗੇ ਅਤੇ ਉਸ ਦੇ ਨਾਂ 32 ਏਕੜ ਜ਼ਮੀਨ ਨੂੰ ਸੁਰੱਖਿਅਤ ਨਹੀਂ ਰੱਖਿਆ ਜਾ ਸਕਿਆ। ਹਰੀ ਸਿੰਘ ਨਲਵਾ ਸਿੱਖ ਫ਼ੌਜ ਦਾ ਇਕ ਮਹਾਨ ਕਮਾਂਡਰ ਸੀ। ਉਸ ਦੀ ਸੈਨਿਕ ਸੂਝ-ਬੂਝ ਦੀ ਅੰਗਰੇਜ਼ ਲਿਖਾਰੀਆਂ ਨੇ ਵੀ ਤਾਰੀਫ਼ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸ. ਨਲਵਾ ਸਭ ਤੋਂ ਮਹਾਨ ਤੇ ਬਹਾਦਰ ਜਰਨੈਲ ਸੀ।

ਦੋ ਬੁੰਗੇ ਭਾਈ ਸਾਹਿਬ ਸਿੰਘ ਤੇ ਭਾਈ ਹਿੰਮਤ ਸਿੰਘ ਦੇ ਨਾਂ ’ਤੇ ਸਨ। ਇਹ ਦੋਵੇਂ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੇ ਪੰਜਾਂ ਪਿਆਰਿਆਂ ਵਿੱਚੋਂ ਸਨ। ਇਨ੍ਹਾਂ ਦੀ ਹਾਲਤ ਵੀ ਬੇਹੱਦ ਖ਼ਸਤਾ ਹੈ। ਪ੍ਰਸੰਗਿਕ ਸਵਾਲ ਹੈ ਕਿ : ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਕਾਰ ਸੇਵਾ ਵਾਲੇ ਬਾਬੇ ਅਜਿਹੀਆਂ ਇਤਿਹਾਸਕ ਥਾਵਾਂ ਨੂੰ ਖ਼ਰੀਦ ਕੇ ਇਨ੍ਹਾਂ ਨੂੰ ਦੁਬਾਰਾ ਬਹਾਲ ਨਹੀਂ ਕਰ ਸਕਦੇ?

ਕਾਰ ਸੇਵਾ ਵਾਲੇ ਬਾਬੇ ਯਾਦਗਾਰੀ ਗੇਟ ਬਣਾਉਣ ਵੇਲੇ ਵੀ ਤਰਨ-ਤਾਰਨ ਦੀਆਂ ਵਿਰਾਸਤੀ ਥਾਵਾਂ ਦੀ ਮਹੱਤਤਾ ਦਾ ਖ਼ਿਆਲ ਨਹੀਂ ਰੱਖਦੇ। ਜਿਸ ਕਾਰਨ ਉਹ ਅਸਥਾਨ ਖ਼ਤਰੇ ਵਿਚ ਹਨ। ਮਹਾਰਾਜਾ ਰਣਜੀਤ ਸਿੰਘ 1802 ਅਤੇ 1837 ਈ. ਦੇ ਦਰਮਿਆਨ ਕਈ ਵਾਰੀ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਦੇ ਦਰਸ਼ਨ ਕਰਨ ਆਏ। ਦਰਬਾਰ ਸਾਹਿਬ ਵਿਚ ਸੋਨ-ਪੱਤਰੇ ਲਾਉਣ ਅਤੇ ਕੰਧ-ਚਿਤਰ ਬਣਾਉਣ ਦਾ ਕੰਮ ਮਹਾਰਾਜੇ ਦੇ ਹੁਕਮ ਨਾਲ ਹੋਇਆ। ਇਤਿਹਾਸਕਾਰ ਸੋਹਣ



ਲਾਲ ਸੂਰੀ ਦੇ ਲਿਖਣ ਅਨੁਸਾਰ ਤਰਨ ਤਾਰਨ ਸਾਹਿਬ ਦੀ ਵਿਦੇਸ਼ੀ ਹਮਲਿਆਂ ਤੋਂ ਸੁਰੱਖਿਆ ਲਈ ਮਹਾਰਾਜਾ ਰਣਜੀਤ ਸਿੰਘ ਨੇ 1836 ਈ. ਵਿਚ ਸ਼ਹਿਰ ਦੇ ਆਲੇ-ਦੁਆਲੇ ਚਾਰਦੀਵਾਰੀ ਬਣਵਾਈ। ਚਾਰਦੀਵਾਰੀ ਵਿਚ ਵੱਡੇ-ਵੱਡੇ 14 ਦਰਵਾਜ਼ੇ ਬਣਵਾਏ ਤਾਂ ਜੋ  ਸਵਾਰ ਸਮੇਤ ਹਾਥੀ ਉਨ੍ਹਾਂ ਦਰਵਾਜ਼ਿਆਂ ਵਿਚੋਂ ਆਰਾਮ ਨਾਲ ਲੰਘ ਸਕਣ।

ਪਰ ਸਮੇਂ ਦੇ ਬੀਤਣ ਨਾਲ ਇਹ ਚਾਰਦੀਵਾਰੀ ਅਤੇ ਦਰਵਾਜ਼ੇ ਨਸ਼ਟ ਹੋ ਗਏ ਹਨ। ਮਹਾਰਾਜਾ ਸਾਹਿਬ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਨੇ ਵੀ ਤਰਨ ਤਾਰਨ ਨੂੰ ਨਵੀਂ ਦਿੱਖ ਦੇਣ ਲਈ ਬਹੁਤ ਦਿਲਚਸਪੀ ਲਈ। ਕੰਵਰ ਨੌਨਿਹਾਲ ਸਿੰਘ ਨੇ 1839 ਈ. ਵਿਚ ਗੁਰਦੁਆਰਾ ਸਾਹਿਬ ਦੇ ਅਹਾਤੇ ਵਿਚ ਇਕ ਤਿੰਨ-ਮੰਜ਼ਲਾ ਮੀਨਾਰ ਬਣਾਉਣ ਦਾ ਹੁਕਮ ਦਿੱਤਾ। ਖ਼ੁਸ਼ਕਿਸਮਤੀ ਨਾਲ ਇਹ ਮੀਨਾਰ ਚੰਗੀ ਹਾਲਤ ਵਿਚ ਹੈ। ਸਿੱਖ ਰਾਜ ਦੇ ਪਤਨ ਕਾਰਨ ਹੋਰ ਮੀਨਾਰ ਮੁਕੰਮਲ ਨਹੀਂ ਹੋ ਸਕੇ।

ਹਰ ਥਾਂ ਇਹੋ ਹਾਲ ਹੈ। ਗੁਰਦੁਆਰਾ ਪਿਪਲੀ ਸਾਹਿਬ (ਪੁਤਲੀਘਰ) ਅੰਮ੍ਰਿਤਸਰ ਵਿਚ ਜਿੱਥੇ ਭਾਈ ਗੁਰਦਾਸ ਜੀ ਨੇ ਸਿੱਖ ਸੰਗਤਾਂ ਨੂੰ ਵਿਆਖਿਆਨ ਦਿੱਤਾ ਸੀ, ਉਹ ਜਗ੍ਹਾ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਹੀਂ ਸੰਭਾਲੀ। ਗੁਰਦੁਆਰਾ ਪਿਪਲੀ ਸਾਹਿਬ ਉਸ ਅਸਥਾਨ ’ਤੇ ਇਕ ਪਵਿੱਤਰ ਯਾਦਗਾਰ ਵਜੋਂ ਵਿਦਮਾਨ ਹੈ, ਜਿੱਥੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰੋਵਰ ਦੀ ਖ਼ੁਦਾਈ ਕਰਨ ਲਈ ਅਫ਼ਗਾਨਿਸਤਾਨ ਤੇ ਪੰਜਾਬ ਦੇ ਉੱਤਰ-ਪੱਛਮੀ ਇਲਾਕਿਆਂ ਤੋਂ ਆਈ ਸੰਗਤ ਦਾ ਗੁਰੂ ਅਰਜਨ ਦੇਵ ਜੀ ਨੇ ਸਵਾਗਤ ਕੀਤਾ ਸੀ। ਸੰਗਮਰਮਰੀ ਇਮਾਰਤ ਦੇ ਆਲੇ-ਦੁਆਲਿਉਂ ਕੱਟੇ ਗਏ ਬਿਰਛਾਂ ਨੂੰ ਦੇਖ ਕੇ ਸਿੱਖ ਸੰਗਤਾਂ ਨੂੰ ਬਹੁਤ ਝਟਕਾ ਲੱਗਾ।

ਗੁਰੂ ਅਰਜਨ ਦੇਵ ਜੀ ਨੇ ਕੁਝ ਹੋਰ ਸ਼ਹਿਰ ਵੀ ਵਸਾਏ, ਜਿਵੇਂ ਜਲੰਧਰ ਜ਼ਿਲ੍ਹੇ ਵਿਚ ਕਰਤਾਰਪੁਰ। ਸੈਂਕੜੇ ਹੀ ਪੁਰਾਣੇ ਰੁੱਖ ਜੋ ਸਾਡੇ ਇਤਿਹਾਸ ਦੇ ਗਵਾਹ ਸਨ, ਗੁਰਦੁਆਰਾ ਗੁਰੂ ਕੇ ਬਾਗ ਵਿਚੋਂ ਕਾਰ ਸੇਵਾ ਦੇ ਨਾਂ ’ਤੇ ਕੱਟ ਦਿੱਤੇ ਗਏ ਹਨ। ਵਾਤਾਵਰਨ-ਵਿਗਿਆਨੀਆਂ ਅਤੇ ਸਿੱਖ ਸੰਗਤਾਂ ਨੂੰ ਇਸ ਤਬਾਹੀ ਦਾ ਬਹੁਤ ਅਫ਼ਸੋਸ ਹੈ। ਗੁਰਦੁਆਰਾ ਸਾਹਿਬ ਦੇ ਅਹਾਤੇ ਤੋਂ ਬਾਹਰ ਕੱਟੇ ਹੋਏ ਦਰੱਖਤਾਂ ਦੇ ਮੁੱਢ ਦਿਖਾਈ ਦਿੰਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੀਤ ਪ੍ਰਧਾਨ ਜਥੇਦਾਰ ਦਲੀਪ ਸਿੰਘ ਕਹਿੰਦੇ ਹਨ ਕਿ ਸ਼੍ਰੋਮਣੀ ਕਮੇਟੀ ਬਾਰੇ ਇਹ ਬੜੇ ਦੁੱਖ ਦੀ ਗੱਲ ਹੈ ਕਿ ਉਸ ਨੇ ਕਾਰ ਸੇਵਾ ਵਾਲੇ ਬਾਬਿਆਂ ਵੱਲੋਂ ਪੁਰਾਣੇ ਰੁੱਖਾਂ ਦੀ ਹੁੰਦੀ ਤਬਾਹੀ ਵੱਲ ਅੱਖ ਪੁੱਟ ਕੇ ਨਹੀਂ ਵੇਖਿਆ।

ਗੁਰੂ ਅਰਜਨ ਦੇਵ ਜੀ ਦੇ ਆਗਮਨ ਦੀ ਯਾਦ ਵਿਚ ਬਣਿਆ ਗੁਰਦੁਆਰਾ ਗੁਰੂ ਕਾ ਬਾਗ ਅੰਮ੍ਰਿਤਸਰ ਸਾਹਿਬ ਤੋਂ 20 ਕਿਲੋਮੀਟਰ ਹੈ। ਇਹ ਗੁਰਦੁਆਰਾ ਪਿਛਲੀ ਸਦੀ ਵਿਚ ਵਾਪਰੀਆਂ ਕਈ ਮਹੱਤਵਪੂਰਨ ਘਟਨਾਵਾਂ ਦਾ ਗਵਾਹ ਹੈ। ਆਜ਼ਾਦੀ ਦੀ ਲਹਿਰ ਸਮੇਂ ਇਸ ਗੁਰਦੁਆਰੇ ਵਿਚੋਂ ਭ੍ਰਿਸ਼ਟ ਮਹੰਤ ਦੇ ਖ਼ਿਲਾਫ਼ ਮੋਰਚਾ ਲਾਇਆ ਗਿਆ ਸੀ। ਜਦੋਂ ਅੰਗਰੇਜ਼ ਸਰਕਾਰ ਨੂੰ ਸਿੱਖਾਂ ਦੇ ਸ਼ਾਂਤਮਈ ਅੰਦੋਲਨ

ਮੋਹਰੇ ਝੁਕਣਾ ਪਿਆ ਤਾਂ ਮਹਾਤਮਾ ਗਾਂਧੀ ਨੇ ਸਿੱਖਾਂ ਨੂੰ ਵਧਾਈ ਦਿੰਦੇ ਹੋਏ ਇਕ-ਸਤਰੀ ਤਾਰ ਭੇਜੀ 'ਭਾਰਤ ਦੀ ਆਜ਼ਾਦੀ ਦੀ ਜੰਗ ਦੀ ਪਹਿਲੀ ਲੜਾਈ ਜਿੱਤੀ ਗਈ ਹੈ।'

ਗੁਰੂ ਕੇ ਬਾਗ ਦੇ ਕਤਲੇਆਮ ਨੂੰ ਭਾਰਤ ਦੇ ਆਜ਼ਾਦੀ ਅੰਦੋਲਨ ਦਾ ਇਕ ਅਹਿਮ ਮੋੜ ਮੰਨਿਆ ਗਿਆ ਹੈ। ਸਿੰਘਾਂ ਦੀ ਇਸ ਕੁਰਬਾਨੀ ਨੂੰ ਸਾਰੇ ਭਾਰਤ ਨੇ ਪ੍ਰਣਾਮ ਕੀਤਾ।

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ ਦੇ ਪਿਤਾ ਸ੍ਰੀ ਮੋਤੀ ਲਾਲ ਨਹਿਰੂ ਨੇ ਕਿਹਾ "ਸਿੱਖਾਂ ਨੂੰ ਪ੍ਰਣਾਮ ਕਰਦਾ ਹਾਂ, ਜੋ ਭਾਰਤ ਦੀ ਆਜ਼ਾਦੀ ਲਈ ਲੜ ਰਹੇ ਹਨ।" ਡਾ. ਸੈਫ਼-ਉ-ਦੀਨ ਕਿਚਲੂ ਨੇ ਆਖਿਆ, "ਸਿੱਖ ਭਰਾਵਾਂ ਨੇ ਸਾਨੂੰ ਭਾਰਤ ਨੂੰ ਆਜ਼ਾਦ ਕਰਾਉਣ ਦਾ ਰਾਹ ਵਿਖਾਇਆ ਹੈ। ਹੁਣ ਦੁਨੀਆ ਦੀ ਕੋਈ ਤਾਕਤ ਸਾਨੂੰ ਆਜ਼ਾਦ ਹੋਣ ਤੋਂ ਨਹੀਂ ਰੋਕ ਸਕਦੀ।"

ਭਾਵੇਂ ਗੁਰੂ ਕਾ ਬਾਗ ਦੇ ਦੋਵੇਂ ਗੁਰਦੁਆਰੇ ਸਿੱਧੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਹਨ, ਪਰ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ 400 ਸਾਲਾਂ ਸ਼ਹੀਦੀ ਦਿਵਸ ਨੂੰ ਇੱਥੇ ਮਨਾਉਣ ਦਾ ਕੋਈ ਪ੍ਰੋਗਰਾਮ ਨਹੀਂ ਬਣਾਇਆ ਗਿਆ। ਇਸੇ ਤਰ੍ਹਾਂ ਮਾਲੂਨੰਗਲ ਵਿਚ ਵੀ ਕੋਈ ਸਮਾਰੋਹ ਨਹੀਂ ਕੀਤਾ ਗਿਆ। ਮਾਲੂਨੰਗਲ ਅੰਮ੍ਰਿਤਸਰ ਦੇ ਨੇੜੇ ਪਠਾਣਾਂ ਦੀ ਬਹੁ-ਗਿਣਤੀ ਵਾਲਾ ਇਕ ਪਿੰਡ ਸੀ। ਗੁਰੂ ਅਰਜਨ ਦੇਵ ਜੀ ਇਕ ਵਾਰ ਇਸ ਪਿੰਡ ਵਿਚ ਆਏ ਸਨ।

ਗੁਰੂ ਅਰਜਨ ਦੇਵ ਜੀ ਵੱਲੋਂ ਬਣਾਇਆ ਗੁਰਦੁਆਰਾ, ਤਰਨਤਾਰਨ ਸ਼ਹਿਰ ਦੇ ਕੇਂਦਰ ਵਿਚ ਹੈ। ਗੁਰੂ ਜੀ ਨੇ ਨਾਲ ਹੀ ਇਕ ਸਰੋਵਰ ਬਣਾਉਣ ਦਾ ਵੀ ਪ੍ਰਬੰਧ ਕੀਤਾ। ਗੁਰਦੁਆਰਾ ਅਤੇ ਸਰੋਵਰ ਦੀ ਉਸਾਰੀ ਉਸ ਸਮੇਂ ਇਕ ਖੁੱਲ੍ਹੇ ਮੈਦਾਨ ਵਿਚ ਕੀਤੀ ਗਈ ਸੀ। ਗੁਰਦੁਆਰਾ ਸਾਹਿਬ ਦੀ ਮੁੱਖ ਇਮਾਰਤ ਨੂੰ ਬਾਅਦ ਵਿਚ ਕੁਝ ਬਦਲ ਦਿੱਤਾ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਸੋਨੇ ਦੇ ਪੱਤਰੇ ਲਾ ਕੇ ਗੁਰਦੁਆਰੇ ਨੂੰ ਨਵੀਂ ਦਿੱਖ ਦਿੱਤੀ। ਉਨ੍ਹਾਂ ਨੇ ਗੁਰਦੁਆਰੇ ਦੇ ਚੁਫ਼ੇਰੇ ਪਰਕਰਮਾ ਵੀ ਬਣਾਈ। ਗੁਰਦੁਆਰਾ, ਸਰੋਵਰ ਦੇ ਇਕ ਕੋਨੇ 'ਤੇ ਸੁਭਾਇਮਾਨ ਹੈ। ਸਰੋਵਰ ਦੇ ਉੱਤਰੀ ਕਿਨਾਰੇ ਕੋਲ, ਗੁਰਦੁਆਰੇ ਤੋਂ ਕੁਝ ਹਟਵਾਂ, ਇਕ ਉੱਚਾ ਮੀਨਾਰ ਖੜ੍ਹਾ ਹੈ। ਇਸ ਮੀਨਾਰ ਦੀ ਚੋਟੀ ਚਿੱਟੇ ਸੰਗਮਰਮਰ ਦੇ ਚੂਨੇ ਨਾਲ ਬਣਾਈ ਗਈ ਹੈ। ਮੀਨਾਰ ਦੇ ਅੰਦਰ ਉਪਰ ਜਾਣ ਲਈ ਇਕ ਚੱਕਰਦਾਰ ਪੌੜੀ ਵੀ ਬਣੀ ਹੋਈ ਹੈ।

ਇਕ ਹੋਰ ਇਤਿਹਾਸਕ ਖੂਹ ਹੈ ਜਿਸ ਨੂੰ ਗੁਰੂ ਕਾ ਖੂਹ ਕਹਿੰਦੇ ਹਨ। ਇਸ ਖੂਹ ਨੂੰ ਸੰਗਮਰਮਰ ਦੀਆਂ ਸਿੱਲਾਂ ਨਾਲ ਢਕ ਦਿੱਤਾ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਖੂਹ ਦੇ ਨੇੜੇ ਟੂਟੀਆਂ ਲਾ ਦਿੱਤੀਆਂ ਹਨ।

ਤਰਨਤਾਰਨ ਸ਼ਹਿਰ ਦੇ ਪੱਛਮ ਦੇ ਪਾਸੇ ਬੀਬੀ ਭਾਨੀ ਦਾ ਖੂਹ ਹੈ। ਇਸ ਦੀ ਵੀ ਸਾਂਭ-ਸੰਭਾਲ ਨਹੀਂ ਕੀਤੀ ਗਈ।

ਗੁਰੂ ਅਰਜਨ ਦੇਵ ਜੀ ਦੇ ਜਨਮ-ਸ਼ਹਿਰ ਗੋਇੰਦਵਾਲ ਸਾਹਿਬ ਵਿਖੇ ਇਕ



ਬਉਲੀ ਹੈ। ਜਿਸ ਦੀਆਂ 84 ਪੌੜੀਆਂ ਉਤਰ ਕੇ ਪਾਣੀ ਦਾ ਤਲ ਆ ਜਾਂਦਾ ਹੈ। ਪਰ ਬਉਲੀ ਦੀਆਂ ਪੁਰਾਣੀਆਂ ਨਾਨਕਸ਼ਾਹੀ ਨਿੱਕੀਆਂ ਇੱਟਾਂ ਨੂੰ ਸਜਾਵਟੀ ਸੰਗਮਰਮਰ ਲਾ ਕੇ ਢੱਕ ਦਿੱਤਾ ਗਿਆ ਹੈ।

ਦਰਬਾਰ ਸਾਹਿਬ ਉਤੇ ਸੋਨੇ ਦੇ ਪੱਤਰੇ ਲਾਉਣ ਲਈ ਅਤੇ ਸੋਨੇ ਦੀ ਪਾਲਕੀ ਬਣਾਉਣ ਵਾਸਤੇ 55 ਕਿਲੋ ਸੋਨਾ ਚਾਹੀਦਾ ਸੀ। ਗੁਰੂ ਅਰਜਨ ਦੇਵ ਜੀ ਦੇ 400 ਸਾਲਾਂ ਸ਼ਹੀਦੀ ਦਿਵਸ ਨੂੰ ਮਨਾਉਣ ਲਈ 400 ਕਰੋੜ ਰੁਪਏ ਤੋਂ ਵੀ ਵਧ ਦਾ ਇਹ ਪ੍ਰਾਜੈਕਟ ਬਣਾਇਆ ਸੀ। ਇਸ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨੇ ਇਸ ਗੁਰਦੁਆਰਾ ਸਾਹਿਬ ਉਤੇ ਸੋਨੇ ਦੇ ਪੱਤਰੇ ਲਾਉਣ ਦੀ ਸੇਵਾ ਕੀਤੀ ਸੀ।

ਫੇਰ ਵੀ ਵਿਰਸਾ-ਪ੍ਰੇਮੀ ਇਹ ਦੋਸ਼ ਲਾਉਂਦੇ ਹਨ ਕਿ ਕਾਰ ਸੇਵਾ ਨਾਲ ਦਰਬਾਰ ਸਾਹਿਬ ਦੀਆਂ ਸੁੰਦਰ ਇਮਾਰਤਾਂ ਅਤੇ ਕੰਧ-ਚਿਤਰਾਂ ਦਾ ਬਹੁਤ ਨੁਕਸਾਨ ਹੋਇਆ। ਦਰਬਾਰ ਸਾਹਿਬ ਦੀ ਉਪਰਲੀ ਮੰਜ਼ਲ ਵਿਚ ਹਿੰਦੂ ਦੇਵੀ-ਦੇਵਤਿਆਂ ਦੇ ਕਈ ਕੰਧ ਚਿਤਰ ਸਨ ਜਿਨ੍ਹਾਂ ਵਿਚ ਭਗਵਾਨ ਰਾਮ ਤੇ ਭਗਵਾਨ ਕ੍ਰਿਸ਼ਨ ਦੇ ਚਿੱਤਰ ਵੀ ਸ਼ਾਮਲ ਸਨ, ਜੋ ਸਿੱਖ ਚਿਤਰ ਕਲਾ ਦੇ ਸੁੰਦਰ ਨਮੂਨੇ ਸਨ। ਹੁਣ ਉਨ੍ਹਾਂ ਕੰਧ-ਚਿਤਰਾਂ ਦਾ ਨਾਂ-ਨਿਸ਼ਾਨ ਮਿਟ ਗਿਆ ਹੈ। ਇਹ ਕੰਧ-ਚਿਤਰ 1824 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਵਿਚ ਮੁਕੰਮਲ ਕੀਤੇ ਗਏ ਸਨ।

ਪਰ ਕਾਰ ਸੇਵਾ ਵਾਲੇ ਬਾਬੇ ਇਸ ਗੱਲ ਤੋਂ ਇਨਕਾਰ ਕਰਦੇ ਹਨ ਕਿ ਉਨ੍ਹਾਂ ਨੇ ਪੁਰਾਣੇ ਕੰਧ-ਚਿਤਰ ਮਿਟਾ ਦਿੱਤੇ ਹਨ। ਉਹ ਕਹਿੰਦੇ ਹਨ ਕਿ ਕੰਧ-ਚਿੱਤਰ ਉੱਨੀ-ਸੌ-ਅੱਸੀਵਿਆਂ ਵਿਚ ਵਿਗਾੜੇ ਗਏ ਸਨ ਅਤੇ ਉਨ੍ਹਾਂ ਵਿਚੋਂ ਕੁਝ ਕੰਧ-ਚਿਤਰ ਐਨੇ ਬੇਪਛਾਣ ਹੋ ਚੁੱਕੇ ਸਨ ਕਿ ਉਨ੍ਹਾਂ ਨੂੰ ਮੁੜ-ਉਘਾੜਨਾ ਮੁਸ਼ਕਿਲ ਸੀ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੁਰੂ ਰਾਮਦਾਸ ਸਕੂਲ ਆਫ਼ ਪਲਾਨਿੰਗ ਦੇ ਪ੍ਰੋਫ਼ੈਸਰ ਬਲਵਿੰਦਰ ਸਿੰਘ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਗੁਰੂ ਅਰਜਨ ਦੇਵ ਜੀ ਦੇ ਜੀਵਨ ਨਾਲ ਸਬੰਧਿਤ ਅਧਿਆਤਮਕ ਸਿਮਰਤੀ ਚਿੰਨ੍ਹਾਂ ਦੀ ਪਛਾਣ ਕਰਨ ਦੀ ਲੋੜ ਹੈ।

ਉਨ੍ਹਾਂ ਨੇ ਗੁਰੂ ਜੀ ਨਾਲ ਸਬੰਧਿਤ ਅਸਥਾਨਾਂ ਦਾ ਸਰਵੇਖਣ ਕੀਤਾ ਅਤੇ ਉਨ੍ਹਾਂ ਥਾਵਾਂ 'ਤੇ ਕੁਝ ਸਮਾਂ ਗੁਜ਼ਾਰਿਆ। ਗੁਰੂ ਅਰਜਨ ਦੇਵ ਜੀ ਨਾਲ ਸਬੰਧਿਤ ਅਸਥਾਨਾਂ ਦੇ ਵੇਰਵਾ ਇਸ ਤਰ੍ਹਾਂ ਹੈ-

ਗੁਰੂ ਜੀ ਦਾ ਜਨਮ-ਅਸਥਾਨ-ਸ੍ਰੀ ਗੋਇੰਦਵਾਲ ਸਾਹਿਬ, ਜਲੰਧਰ ਜ਼ਿਲ੍ਹੇ ਵਿਚ ਕਰਤਾਰਪੁਰ, ਰਾਮਸਰ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸੰਪਾਦਿਤ ਕੀਤੀ ਗਈ। ਗੁਰੂ ਕੇ ਮਹਿਲ ਜਿੱਥੇ ਗੁਰੂ ਅਰਜਨ ਦੇਵ ਜੀ ਨੇ ਕਾਫ਼ੀ ਸਮਾਂ ਬਤੀਤ ਕੀਤਾ ਅਤੇ ਇੱਥੇ ਹੀ ਗੁਰੂ ਤੇਗ਼ ਬਹਾਦਰ ਜੀ ਦਾ ਜਨਮ ਹੋਇਆ, ਗੁਰਦੁਆਰਾ ਵਡਾਲੀ ਸਾਹਿਬ, ਜਿੱਥੇ ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਹੋਇਆ ਅਤੇ ਅੰਤਿਮ ਅਸਥਾਨ ਗੁਰਦੁਆਰਾ ਡੇਰਾ ਸਾਹਿਬ ਲਾਹੌਰ (ਪਾਕਿਸਤਾਨ) ਜਿੱਥੇ ਬਾਦਸ਼ਾਹ ਜਹਾਂਗੀਰ ਦੇ ਹੁਕਮ ਅਨੁਸਾਰ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ। ਪ੍ਰੋ. ਬਲਵਿੰਦਰ ਸਿੰਘ ਦਾ

ਕਹਿਣਾ ਹੈ ਕਿ ਗੁਰੂ ਜੀ ਨਾਲ ਸਬੰਧਿਤ ਅਸਥਾਨਾਂ ਨੂੰ ਸੁਰੱਖਿਅਤ ਕਰਨਾ, ਗੁਰੂ ਜੀ ਨੂੰ ਸੱਚੀ ਸ਼ਰਾਧਾਂਜਲੀ ਭੇਟ ਕਰਨਾ ਹੈ।

ਪਾਕਿਸਤਾਨ ਵਕਫ਼ ਬੋਰਡ ਵੀ ਪਾਕਿਸਤਾਨ ਵਿਚ ਗੁਰੂ ਅਰਜਨ ਦੇਵ ਜੀ ਨਾਲ ਸਬੰਧਿਤ ਥਾਵਾਂ ਦੀ ਸੰਭਾਲ ਕਰਨ ਵਿਚ ਅਸਫ਼ਲ ਰਿਹਾ ਹੈ। ਗੁਰਦੁਆਰਾ ਡੇਰਾ ਸਾਹਿਬ ਲਾਹੌਰ ਵਿਚ ਕੀਤੇ ਗਏ ਮੋਹਰਾਕਸ਼ੀ ਦੇ ਕੰਮ ਦੀ ਹਾਲਤ ਬਹੁਤ ਖ਼ਰਾਬ ਹੈ ਜਿਸ ਵੱਲ ਤੁਰੰਤ ਧਿਆਨ ਦੇਣ ਦੀ ਲੋੜ ਹੈ।

ਬਹੁਤ ਸਾਰੇ ਕੰਧ-ਚਿਤਰ ਨਸ਼ਟ ਹੁੰਦੇ ਜਾ ਰਹੇ ਹਨ। ਪਹਿਲਾਂ ਅਜਿਹੇ ਅਸਥਾਨਾਂ ਨੂੰ ਨਵੀਨ ਵਿਗਿਆਨਕ ਤਕਨੀਕ ਦੁਆਰਾ ਸੂਚੀਬੱਧ ਕਰਨਾ ਚਾਹੀਦਾ ਹੈ ਤੇ ਫੇਰ ਉਨ੍ਹਾਂ ਨੂੰ ਨਸ਼ਟ ਹੋਣ ਤੋਂ ਬਚਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ।

ਇਸ ਤੋਂ ਇਲਾਵਾ, ਇਤਿਹਾਸਕ ਅਸਥਾਨਾਂ ਬਾਰੇ ਰਵਾਇਤੀ ਢੰਗ ਨਾਲ ਜਾਣਕਾਰੀ ਮੁਹੱਈਆ ਕਰਨੀ ਚਾਹੀਦੀ ਹੈ, ਤਾਂ ਜੋ ਸ਼ਰਧਾਵਾਨ ਯਾਤਰੀ ਪੰਚਮ ਪਾਤਸ਼ਾਹ ਦੀ ਸ਼ਹੀਦੀ ਦੇ ਅੰਤਿਮ ਰੂਹਾਨੀ ਪਲਾਂ ਦੇ ਅਹਿਸਾਸ ਨੂੰ ਮਹਿਸੂਸ ਕਰ ਸਕਣ।

****



## ਸਿਫ਼ਤੀ ਦੇ ਘਰ ਦੀ ਦੁਰਦਸ਼ਾ

ਗੁਰਬਾਣੀ ਵਿਚ ਅੰਮ੍ਰਿਤਸਰ ਨੂੰ 'ਸਿਫ਼ਤਾਂ ਦਾ ਘਰ' ਕਿਹਾ ਗਿਆ ਹੈ। ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਲਾਹੌਰ ਦੇ ਬਰਾਬਰ-ਦਾ ਸ਼ਹਿਰ ਬਣਾਉਣ ਦੇ ਯਤਨ ਕੀਤੇ। ਪਰ ਸਬੰਧਿਤ ਵਿਅਕਤੀਆਂ ਅਤੇ ਸੰਸਥਾਵਾਂ ਦੀ ਅਣਗਹਿਲੀ ਕਾਰਨ ਅੱਜ ਕੱਲ੍ਹ ਇਸ ਸ਼ਹਿਰ ਦੀ ਹਾਲਤ ਬਹੁਤ ਮਾੜੀ ਹੈ। ਗੁਰਬਾਣੀ ਵਿਚ ਲਾਹੌਰ ਨੂੰ 'ਕਹਿਰ ਦਾ ਸ਼ਹਿਰ' ਪਰ ਅੰਮ੍ਰਿਤਸਰ ਨੂੰ 'ਸਿਫ਼ਤਾਂ ਦਾ ਘਰ' ਆਖਿਆ ਗਿਆ ਹੈ।

ਬੀਤੇ ਸਮਿਆਂ ਵਿਚ ਅੰਮ੍ਰਿਤਸਰ ਨੂੰ ਢਾਬਾਂ ਤੇ ਬਾਗਾਂ ਦਾ ਸ਼ਹਿਰ ਕਿਹਾ ਜਾਂਦਾ ਸੀ। ਸ਼ਹਿਰ ਦੇ ਕਈ ਮਹੁੱਲਿਆਂ ਅਤੇ ਬਾਜ਼ਾਰਾਂ ਦੇ ਨਾਂ ਦੇ ਅੱਗੇ ਜਾਂ ਪਿੱਛੇ ਅੱਜ ਵੀ ਸ਼ਬਦ 'ਬਾਗ' ਲੱਗਾ ਹੋਇਆ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਕਦੀ ਇਸ ਸ਼ਹਿਰ ਵਿਚ ਕਈ ਢਾਬਾਂ ਤੇ ਬਾਗ ਹੁੰਦੇ ਸਨ। ਪਰ ਸ਼ਹਿਰ ਦੇ ਅੰਨ੍ਹੇਵਾਹ ਕੀਤੇ ਵਿਕਾਸ ਨੇ ਇਨ੍ਹਾਂ ਬਾਗਾਂ ਨੂੰ ਖਾ ਲਿਆ ਹੈ। ਬਾਗ ਝੰਡਾ ਸਿੰਘ, ਬਾਗ ਅਕਾਲੀਆਂ, ਕੇਸਰੀ ਬਾਗ, ਸਕੱਤਰੀ ਬਾਗ, ਜਾਮਨੂੰ ਵਾਲੀ ਸੜਕ, ਜੱਲਿਆਂਵਾਲਾ ਬਾਗ, ਰਾਮਾਨੰਦ ਬਾਗ ਅਤੇ ਰਾਣੀ ਕਾ ਬਾਗ ਆਦਿ ਇਸ ਸ਼ਹਿਰ ਦੀ ਪੁਰਾਣੀ ਸੁੰਦਰਤਾ ਵੱਲ ਇਸ਼ਾਰਾ ਕਰਦੇ ਹਨ। ਬਿਨਾਂ-ਵਿਉਂਤ ਬਣਾਏ ਗਏ ਮਹੱਲਿਆਂ ਦੀ ਬਹੁਤਾਤ ਨੇ ਸੁੰਦਰ ਬਾਗਾਂ ਅਤੇ ਢਾਬਾਂ ਨੂੰ ਹੜੱਪ ਕਰ ਲਿਆ ਹੈ। ਵੱਡੀਆਂ ਆਬਾਦੀਆਂ ਅਤੇ ਪਾਰਕਾਂ ਨੂੰ ਪਾਣੀ ਦੇਣ ਲਈ ਸ਼ਹਿਰ ਵਿਚ ਪਾਣੀ ਦੇ ਕਈ ਖਾਲ ਚਲਦੇ ਸਨ। ਸਮੇਂ ਦੇ ਬੀਤਣ ਨਾਲ ਇਸ ਸ਼ਹਿਰ ਦੀ ਖ਼ੂਬਸੂਰਤ ਹਰਿਆਲੀ ਵੀ ਖ਼ਤਮ ਹੋ ਗਈ।

'ਦੀ ਮਾਲ' ਦਾ ਅਰਥ ਹੈ, ਛਾਂਦਾਰ ਦਰੱਖਤਾਂ ਵਾਲੀ ਠੰਢੀ ਸੜਕ। ਇਹ ਸੜਕ, ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਪਿੱਛੋਂ 1880 ਵਿਚ ਅੰਗਰੇਜ਼ਾਂ ਨੇ ਬਣਾਈ ਸੀ। ਇਸ ਸੜਕ ਦੀ ਪੁਰਾਣੀ ਸ਼ਾਨ ਵੀ ਹੁਣ ਨਹੀਂ ਰਹੀ। ਮਾਲ ਰੋਡ ਨਾਲ ਕਈ ਇਤਿਹਾਸਕ ਯਾਦਾਂ ਜੁੜੀਆਂ ਹੋਈਆਂ ਹਨ। ਇਸ ਦੀ ਸ਼ੋਭਾ ਇਸ ਗੱਲ ਤੋਂ ਪ੍ਰਗਟ ਹੁੰਦੀ ਹੈ ਕਿ ਫੀਲਡ ਮਾਰਸ਼ਲ ਸੈਮ ਮਾਣਕਸ਼ਾਅ ਵਰਗੀ ਮਹਾਨ ਹਸਤੀ ਦਾ ਜਨਮ ਇਸ ਸੜਕ ਦੇ ਕਿਨਾਰੇ ਇਕ ਮਹਿਲ-ਨੁਮਾ ਘਰ ਵਿਚ ਹੋਇਆ ਸੀ। ਮਾਲ ਰੋਡ 'ਤੇ ਪਹਿਲਾਂ ਸਿਰਫ਼ ਪੱਚੀ ਤੀਹ ਘਰ ਹੁੰਦੇ ਸਨ ਪਰ ਹੁਣ ਇੱਥੇ ਪੱਕੀਆਂ ਸੀਮੈਂਟੀ ਇਮਾਰਤਾਂ ਦਾ ਜੰਗਲ ਉੱਗ ਪਿਆ ਹੈ। ਮਾਲ ਰੋਡ ਦੇ ਵਪਾਰੀਕਰਨ ਦਾ ਪਹਿਲਾ ਕਦਮ ਇਕ ਸਾਬਕਾ ਅਕਾਲੀ ਮੰਤਰੀ ਨੇ ਚੁੱਕਿਆ। ਉਸ ਨੇ ਖਾੜਕੂਵਾਦ ਦੇ ਦਿਨਾਂ ਵਿਚ ਆਪਣੇ ਸਿਆਸੀ ਰਸੂਖ਼ ਦੇ ਸਹਾਰੇ ਆਪਣੀ ਵੱਡੀ ਹਵੇਲੀ ਨੂੰ ਇਕ ਦਫ਼ਤਰ ਅਤੇ ਦੁਕਾਨਾਂ ਵਿਚ ਬਦਲ ਦਿੱਤਾ। ਉਸ ਤੋਂ ਪਿੱਛੋਂ ਇਸ ਸੜਕ 'ਤੇ ਦੋ ਵੱਡੇ ਹੋਟਲ, ਰਿਟਜ਼ ਤੇ ਬਲੂ ਮੂਨ ਉਸਰ ਗਏ। ਕਈ ਦੁਕਾਨਾਂ ਤੇ ਖੋਖਿਆਂ ਤੋਂ ਇਲਾਵਾ ਇੱਥੇ ਦੋ ਹਸਪਤਾਲ ਤੇ ਦੋ ਰੈਸਟੋਰੈਂਟ ਵੀ ਬਣ ਗਏ, ਜਿਨ੍ਹਾਂ ਨੇ ਮਾਲ ਰੋਡ ਦੀ ਖ਼ੂਬਸੂਰਤੀ ਨੂੰ ਦਾਗ਼ਦਾਰ ਕਰ ਦਿੱਤਾ।

ਸਥਾਨਕ ਮਿਊਂਸਪਲ ਕਾਰਪੋਰੇਸ਼ਨ ਦੀ ਮਿਹਰਬਾਨੀ ਨਾਲ ਕਈ ਹੋਰ ਵਪਾਰੀ-ਕੇਂਦਰ ਖੁੱਲ੍ਹਣ ਵਾਲੇ ਹਨ। ਕਾਰਪੋਰੇਸ਼ਨ ਵੱਲੋਂ ਮਕਾਨਾਂ ਦੀ ਤਰਤੀਬ ਵਿਚ ਕੀਤੀ ਤਬਦੀਲੀ ਨੇ ਪਾਰਕਿੰਗ ਤੇ ਟ੍ਰੈਫਿਕ ਦੀਆਂ ਸਮੱਸਿਆਵਾਂ ਵਿਚ ਵਾਧਾ ਕਰ ਦਿੱਤਾ ਹੈ। ਫੁੱਟਪਾਥ ਪਾਰਕਿੰਗ ਸਥਾਨ ਬਣ ਗਏ ਹਨ। ਪੈਦਲ ਤੁਰਨ ਵਾਲਿਆਂ ਲਈ ਥਾਂ ਤੰਗ ਹੋ ਗਈ ਹੈ। ਮਾਲ ਰੋਡ ਦੀ ਇਕ ਪੁਰਾਣੀ ਵਸਨੀਕ ਸ੍ਰੀਮਤੀ ਕੁਸਮ ਵਧਵਾ ਇਸ ਗੱਲ 'ਤੇ ਬਹੁਤ ਦੁਖੀ ਹੈ ਕਿ ਮਾਲ ਰੋਡ ਦੀ ਸੁੰਦਰਤਾ ਨਸ਼ਟ ਕਰ ਦਿੱਤੀ ਗਈ ਹੈ। ਆਪਣੇ ਬਚਪਨ ਦੇ ਦਿਨਾਂ ਨੂੰ ਯਾਦ ਕਰ ਕੇ ਉਹ ਕਹਿੰਦੀ ਹੈ ਕਿ ਮੈਂ ਛਾਂਦਾਰ ਦਰਖਤਾਂ ਦੀ ਛਾਵੇਂ ਸਾਈਕਲ ਚਲਾ ਕੇ ਆਪਣੀਆਂ ਸਹੇਲੀਆਂ ਤੇ ਰਿਸ਼ਤੇਦਾਰਾਂ ਨੂੰ ਮਿਲਣ ਜਾਂਦੀ ਹੁੰਦੀ ਸਾਂ ਪਰ ਇਸ ਸਾਰੇ ਇਲਾਕੇ ਦੇ ਵਪਾਰੀਕਰਨ ਨੇ ਮੈਨੂੰ ਉਦਾਸ ਕਰ ਦਿੱਤਾ ਹੈ। ਸਬੰਧਿਤ ਅਧਿਕਾਰੀਆਂ ਨੇ ਇਲਾਕੇ ਦੇ ਵਸਨੀਕਾਂ ਦੀ ਸਲਾਹ ਲਏ ਬਿਨਾਂ ਇਲਾਕੇ ਦੀ ਜ਼ਮੀਨ ਦੀ ਦੁਰਵਰਤੋਂ ਕਰਨ ਦੀ ਆਗਿਆ ਦੇ ਦਿੱਤੀ।

ਪਾਕਿਸਤਾਨ ਨੇ ਆਪਣੀ ਮਾਲ ਰੋਡ ਦੀ ਅਸਲ ਸ਼ਾਨ-ਸ਼ੌਕਤ ਨੂੰ ਕਾਇਮ ਰੱਖਿਆ ਹੋਇਆ ਹੈ। ਪਰ ਅੰਤਰਰਾਸ਼ਟਰੀ ਸਰਹੱਦ ਦੇ ਇਸ ਪਾਸੇ ਦੇ ਅਧਿਕਾਰੀਆਂ ਨੇ ਆਪਣੀ ਮਾਲ ਰੋਡ ਨੂੰ ਤਜਾਰਤੀ ਸਰਗਰਮੀਆਂ ਦਾ ਕੇਂਦਰ ਬਣਾ ਦਿੱਤਾ ਹੈ। ਇਸ ਇਲਾਕੇ ਦਾ ਰਿਹਾਇਸ਼ੀ ਖੇਤਰ ਕਦੀ ਬਹੁਤ ਖ਼ੂਬਸੂਰਤ ਹੁੰਦਾ ਸੀ ਪਰ ਹੁਣ ਇਸ ਵਿਚ ਯੋਜਨਾ-ਰਹਿਤ ਉੱਚੀਆਂ ਉੱਚੀਆਂ ਇਮਾਰਤਾਂ ਬਣ ਗਈਆਂ ਹਨ। ਜੋ ਅੱਖਾਂ ਨੂੰ ਚੁੱਭਦੀਆਂ ਹਨ। ਕਦੀ ਸਮਾਂ ਸੀ ਕਿ ਸਬੰਧਿਤ ਅਫ਼ਸਰ ਇਸ ਖੇਤਰ ਵਿਚ 5000 ਵਰਗ ਗਜ਼ ਤੋਂ ਘਟ ਦੇ ਪਲਾਟ ਉਤੇ ਮਕਾਨ ਬਣਾਉਣ ਦੀ ਆਗਿਆ ਨਹੀਂ ਦਿੰਦੇ ਸਨ।

ਜਿੱਥੇ ਹੁਣ ਇਮਪਰੂਵਮੈਂਟ ਟਰੱਸਟ ਨੇ ਨਹਿਰੂ ਸ਼ਾਪਿੰਗ ਕੰਪਲੈਕਸ ਬਣਾਇਆ ਹੈ। ਇੱਥੇ ਕਦੀ ਬ੍ਰਿਟਿਸ਼ ਗਰਿੰਡਲੇ ਬੈਂਕ ਦੇ ਮੈਨੇਜਰ ਦੀ 21000 ਵਰਗ ਗਜ਼ ਵਿਚ ਬਣੀ ਰਿਹਾਇਸ਼ ਹੁੰਦੀ ਸੀ। ਮਾਲ ਰੋਡ 'ਤੇ ਚਾਰਟਰਡ ਬੈਂਕ ਦੇ ਮੈਨੇਜਰਾਂ ਦੇ ਰਿਹਾਇਸ਼ੀ ਬੰਗਲੇ ਵੀ ਹੁੰਦੇ ਸਨ। ਚਾਰਟਰਡ ਬੈਂਕ ਦੇ ਮੈਨੇਜਰ ਦੇ ਬੰਗਲੇ ਨੂੰ ਹੁਣ ਰਿਟਜ਼ ਹੋਟਲ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਮਾਲ ਰੋਡ 'ਤੇ ਬਹੁਤ ਸਾਰੀ ਜ਼ਮੀਨ ਰਤਨ ਚੰਦ ਮਹਿਰਾ ਦੇ ਪਰਿਵਾਰ ਦੀ ਹੁੰਦੀ ਸੀ। ਰਤਨ ਚੰਦ ਚਾਹ ਦੇ ਵਪਾਰੀ ਸਨ।

ਦੇਸ਼-ਵੰਡ ਤੋਂ ਬਾਅਦ ਇੱਥੋਂ ਦੇ ਕਈ ਵਪਾਰੀ ਪਰਿਵਾਰ ਦਿੱਲੀ ਨੂੰ ਜਾਂ ਹੋਰ ਵੱਡੇ ਸ਼ਹਿਰਾਂ ਨੂੰ ਚਲੇ ਗਏ। ਉਸ ਤੋਂ ਪਿੱਛੋਂ ਖਾੜਕੂਵਾਦ ਦੇ ਲੰਮੇ ਦੌਰ ਦਾ ਵੀ ਅਸਰ ਹੋਇਆ। ਬਹੁਤ ਸਾਰੇ ਅਮੀਰ ਪਰਿਵਾਰਾਂ ਨੇ ਆਪਣੀਆਂ ਜਾਇਦਾਦਾਂ ਵੇਚ ਦਿੱਤੀਆਂ। ਇਸ ਦੌਰ ਵਿਚ ਮਾਲ ਰੋਡ ਦੀ ਸ਼ਾਨ ਹੋਰ ਵੀ ਘਟ ਗਈ। ਅਧਿਕਾਰੀ ਅਤੇ ਸੁਆਰਥੀ ਲੋਕ ਆਪਣੇ ਹਿੱਤਾਂ ਦੀ ਪੂਰਤੀ ਲਈ ਨਿਯਮਾਂ ਨੂੰ ਵਾਰ-ਵਾਰ ਬਦਲਦੇ ਰਹਿੰਦੇ ਹਨ। ਉਨ੍ਹਾਂ ਨੇ 5000 ਵਰਗ ਗਜ਼ ਦੇ ਪਲਾਟ ਦੀ ਸ਼ਰਤ ਨੂੰ ਘਟਾ ਕੇ 2000 ਵਰਗ ਗਜ਼ ਕਰ ਦਿੱਤਾ ਅਤੇ ਫੇਰ 2000 ਵਰਗ ਗਜ਼ ਤੋਂ ਵੀ ਘਟਾ ਕੇ 500 ਵਰਗ ਗਜ਼ ਤਕ ਲੈ ਆਂਦਾ। ਮਾਲ ਰੋਡ ਦੇ ਇਕ ਵਸਨੀਕ ਸ੍ਰੀ ਹਰਮੀਤ ਸਿੰਘ (ਰਾਜਾ ਬਤਰਾ) ਕਹਿੰਦੇ



ਹਨ ਕਿ ਬੇਤਰਤੀਬੇ ਵਪਾਰੀਕਰਨ ਨੇ ਖ਼ੂਬਸੂਰਤ ਮਾਲ ਰੋਡ ਨੂੰ ਉੱਘੜ-ਦੁਗੜੀ ਬਸਤੀ ਬਣਾ ਦਿੱਤਾ ਹੈ।

ਪੰਜਾਬ ਸਰਕਾਰ ਨੇ ਸ਼ਹਿਰ ਦਾ 400-ਸਾਲਾ ਸਥਾਪਨਾ ਦਿਵਸ ਮਨਾਉਣ ਦੇ ਸਬੰਧ ਵਿਚ ਐਲਾਨ ਕੀਤਾ ਸੀ ਕਿ ਅੰਮ੍ਰਿਤਸਰ ਵਿਕਾਸ ਬੋਰਡ ਬਣਾਇਆ ਜਾਏਗਾ। ਪਰ ਇਸ ਐਲਾਨ ਨੂੰ ਅੱਜ ਤਕ ਅਮਲ ਵਿਚ ਨਹੀਂ ਲਿਆਂਦਾ ਗਿਆ, ਜਦ ਕਿ ਪੁਰਾਣੇ ਰਾਜਾਸ਼ਾਹੀ ਸ਼ਹਿਰ ਪਟਿਆਲਾ ਦੇ ਸਰਬ-ਪੱਖੀ ਵਿਕਾਸ ਲਈ ਪਟਿਆਲਾ ਵਿਕਾਸ ਬੋਰਡ ਬਣਾ ਦਿੱਤਾ ਗਿਆ ਸੀ। ਏ.ਵੀ. ਐੱਮ. ਦਾ ਵਿਚਾਰ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿੱਛੋਂ ਪੰਜਾਬ ਵਿਚ ਆਈਆਂ ਸਾਰੀਆਂ ਸਰਕਾਰਾਂ ਇਸ ਪਵਿੱਤਰ ਸ਼ਹਿਰ ਦੇ ਪੁਰਾਣੇ ਅਸਲ ਡਿਜ਼ਾਈਨ ਨੂੰ ਕਾਇਮ ਨਹੀਂ ਰੱਖ ਸਕੀਆਂ। ਇਕ ਸਮਾਂ ਸੀ ਜਦੋਂ ਮਹਾਰਾਜਾ ਰਣਜੀਤ ਸਿੰਘ ਆਪਣੇ ਗਰਮੀਆਂ ਦੇ ਮਹਿਲ (ਰਾਮ ਬਾਗ) ਵਿਚ ਬੈਠਾ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰ ਸਕਦਾ ਸੀ। ਪਰ ਸਮੇਂ ਦੇ ਬੀਤਣ ਨਾਲ ਸ਼ਹਿਰ ਵਿਚ ਹੋਈਆਂ ਉੱਚੀਆਂ-ਉੱਚੀਆਂ ਉਸਾਰੀਆਂ ਨੇ ਪਵਿੱਤਰ ਸ੍ਰੀ ਹਰਿਮੰਦਰ ਸਾਹਿਬ ਦੇ ਦ੍ਰਿਸ਼ ਨੂੰ ਅੱਖੋਂ ਓਹਲੇ ਕਰ ਦਿੱਤਾ ਹੈ।

ਅੰਮ੍ਰਿਤਸਰ ਕਦੀ ਆਪਣੇ ਇਲਾਕੇ ਦੀ ਸਨਅਤੀ ਅਤੇ ਵਪਾਰਕ ਰਾਜਧਾਨੀ ਸੀ ਜੋ ਗ਼ਲਤ ਯੋਜਨਾਬੰਦੀ ਕਾਰਨ ਬੁਰੇ ਦਿਨਾਂ ਦਾ ਸ਼ਿਕਾਰ ਹੋ ਗਈ। ਗੁਰੂ ਅਰਜਨ ਦੇਵ ਜੀ ਨੇ ਆਪਣੇ ਸਮੇਂ ਵਿਚ ਸ਼ਹਿਰ ਵਿਚ ਵੱਖ-ਵੱਖ ਕਿੱਤਿਆਂ ਦੇ 52 ਕਾਰੀਗਰਾਂ ਨੂੰ ਵਸਾਇਆ ਸੀ। ਉਨ੍ਹਾਂ ਨੇ ਸ਼ਹਿਰ ਦੀ ਵਿਉਂਤ ਇਸ ਤਰ੍ਹਾਂ ਬਣਾਈ ਕਿ ਰਿਹਾਇਸ਼ੀ ਇਲਾਕੇ ਨੂੰ ਵਪਾਰਕ ਖੇਤਰ ਤੋਂ ਵੱਖ ਰੱਖਿਆ। ਪਰ ਬਾਅਦ ਵਿਚ ਇਸ ਸੂਝਵਾਨ ਯੋਜਨਾ ਨੂੰ ਵਿਸਾਰ ਦਿੱਤਾ ਗਿਆ।

ਅੰਮ੍ਰਿਤਸਰ ਨੂੰ ਕਈ ਪਹਿਲਾਂ ਕਰਨ ਦਾ ਮਾਣ ਹਾਸਲ ਹੈ। ਇਲਾਕੇ ਦਾ ਇਹ ਪਹਿਲਾ ਵਿਦਿਅਕ ਕੇਂਦਰ ਸੀ। ਪਹਿਲੀ ਸਿੱਖ-ਮੁਗਲ ਜੰਗ ਇੱਥੇ ਲੜੀ ਗਈ। ਗੁਰੂ ਹਰਿਗੋਬਿੰਦ ਸਾਹਿਬ ਦੀਆਂ ਹਦਾਇਤਾਂ ਅਨੁਸਾਰ ਇੱਥੇ ਸਿੱਖਾਂ ਦਾ ਪਹਿਲਾ ਕਿਲ੍ਹਾ, ਕਿਲ੍ਹਾ ਲੋਹਗੜ੍ਹ ਬਣਾਇਆ ਗਿਆ। ਇਸ ਸ਼ਹਿਰ ਨੂੰ ਛੇ ਗੁਰੂ ਸਾਹਿਬਾਨ ਦੀ ਚਰਨ-ਛੁਹ ਪ੍ਰਾਪਤ ਹੈ।

ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਅੰਮ੍ਰਿਤਸਰ ਲਾਹੌਰ ਨਾਲੋਂ ਵਧੇਰੇ ਵਿਕਸਤ ਸ਼ਹਿਰ ਸੀ। ਜੇ ਉਸ ਸਮੇਂ ਲਾਹੌਰ ਪੰਜਾਬ ਦੀ ਰਾਜਧਾਨੀ ਸੀ ਤਾਂ ਅੰਮ੍ਰਿਤਸਰ ਉਸ ਸਮੇਂ ਮੱਧ ਏਸ਼ੀਆ ਦੀ ਸਨਅਤੀ ਰਾਜਧਾਨੀ ਸੀ। ਏ.ਵੀ.ਐੱਮ. ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਜਦੋਂ 1855 ਵਿਚ ਮਰਦਮ ਸ਼ੁਮਾਰੀ ਕਰਾਈ ਗਈ, ਤਾਂ ਜ਼ਿਲ੍ਹਾ ਅੰਮ੍ਰਿਤਸਰ ਦੀ ਆਬਾਦੀ, ਜ਼ਿਲ੍ਹਾ ਲਾਹੌਰ ਨਾਲੋਂ ਜ਼ਿਆਦਾ ਸੀ। ਉਸ ਸਮੇਂ ਅੰਮ੍ਰਿਤਸਰ ਸ਼ਹਿਰ ਦੀ ਆਬਾਦੀ 112186 ਸੀ, ਜਦ ਕਿ ਲਾਹੌਰ ਘਟ-ਵਿਕਸਤ ਸੀ ਅਤੇ ਉਸ ਦੀ ਆਬਾਦੀ 94143 ਸੀ। 1868 ਈ. ਵਿਚ ਅੰਮ੍ਰਿਤਸਰ ਦੀ ਆਬਾਦੀ 135813 ਤਕ ਪਹੁੰਚ ਗਈ ਜਦ ਕਿ ਲਾਹੌਰ ਦੀ ਆਬਾਦੀ ਮਹਿਜ਼ 98924 ਹੀ ਸੀ।

1868 ਈ. ਵਿਚ ਅੰਮ੍ਰਿਤਸਰ ਵਿਚ 690284 ਰੁਪਏ ਦਾ ਕਾਰੋਬਾਰ ਹੋਇਆ। ਜਦ ਕਿ ਲਾਹੌਰ ਦਾ ਇਹ ਅੰਕੜਾ 245445 ਰੁਪਏ ਤਕ ਹੀ ਸੀਮਤ ਰਿਹਾ। ਇਸੇ ਸਾਲ ਵਿਚ ਅੰਮ੍ਰਿਤਸਰ ਤੋਂ 4761454 ਰੁਪਏ ਦਾ ਮਾਲ ਬਰਾਮਦ ਹੋਇਆ ਜਦ ਕਿ ਲਾਹੌਰ ਦੀ ਬਰਾਮਦ ਕੇਵਲ 2646017 ਰੁਪਏ ਸੀ।

ਅੰਗਰੇਜ਼ ਸਰਕਾਰ ਨੇ ਲਾਹੌਰ ਦਾ ਵਿਕਾਸ ਅੰਮ੍ਰਿਤਸਰ ਦੀ ਕੀਮਤ 'ਤੇ ਕੀਤਾ। ਉਨ੍ਹਾਂ ਨੇ ਅੰਮ੍ਰਿਤਸਰ ਦੇ ਮੁਕਾਬਲੇ ਵਿਚ ਲਾਹੌਰ ਵਿਚ ਕਈ ਨਵੇਂ ਆਰਥਿਕ ਅਦਾਰੇ ਖੋਲ੍ਹੇ। ਭਾਰਤ ਦੀ ਵਰਤਮਾਨ ਸਰਕਾਰ ਵੀ ਆਰਥਿਕ ਪੱਖੋਂ ਪੰਜਾਬ ਨਾਲ ਵਿਤਕਰਾ ਕਰ ਰਹੀ ਹੈ। ਉਸ ਨੇ ਹਿਮਾਚਲ ਤੇ ਜੰਮੂ-ਕਸ਼ਮੀਰ ਵਿਚ ਸਥਾਪਤ ਹੋਣ ਵਾਲੇ ਸਨਅਤੀ ਕਾਰੋਬਾਰ ਦਾ ਟੈਕਸ ਮੁਆਫ਼ ਕਰ ਦਿੱਤਾ ਹੈ, ਜਦ ਕਿ ਪੰਜਾਬ ਨੂੰ ਐਸੀ ਕੋਈ ਸਹੂਲਤ ਨਹੀਂ ਦਿੱਤੀ ਗਈ। ਸਾਬਕ ਪ੍ਰਧਾਨ ਮੰਤਰੀ ਆਈ.ਕੇ.ਗੁਜਰਾਲ ਨੇ ਅੰਮ੍ਰਿਤਸਰ ਸਮੇਤ ਸਰਹੱਦੀ ਜ਼ਿਲ੍ਹਿਆਂ ਨੂੰ ਆਰਥਿਕ ਪੈਕੇਜ ਦੀ ਪੇਸ਼ਕਸ਼ ਕੀਤੀ ਪਰ ਇਹ ਪੇਸ਼ਕਸ਼ ਅਮਲ ਵਿਚ ਨਹੀਂ ਆਈ। ਸਿਰਫ਼ ਇੰਨਾ ਹੀ ਹੋਇਆ ਕਿ ਰਾਜਾਸਾਂਸੀ ਹਵਾਈ ਅੱਡੇ ਨੂੰ ਅੰਤਰਰਾਸ਼ਟਰੀ ਹਵਾਈ ਅੱਡਾ ਬਣਾ ਦਿੱਤਾ ਗਿਆ।

ਰਾਸ਼ਟਰੀ ਲੋਕਤੰਤਰੀ ਗੱਠਜੋੜ ਦੀ ਸਰਕਾਰ ਨੇ ਸ੍ਰੀ ਗੁਜਰਾਲ ਦੇ ਐਲਾਨਾਂ ਨੂੰ ਰੱਦ ਕਰ ਦਿੱਤਾ ਅਤੇ ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਨੂੰ ਸਹੂਲਤਾਂ ਦਾ ਐਲਾਨ ਕਰ ਦਿੱਤਾ। ਬਹੁਤ ਸਾਰੇ ਸਨਅਤੀ ਅਦਾਰੇ ਪੰਜਾਬ ਵਿਚੋਂ ਉੱਠ ਕੇ ਬੱਦੀ (ਹਿਮਾਚਲ) ਅਤੇ ਜੰਮੂ ਵਿਚ ਚਲੇ ਗਏ। ਅੰਮ੍ਰਿਤਸਰ ਵਿਕਾਸ ਮੰਚ ਦੇ ਸ. ਚਰਨਜੀਤ ਸਿੰਘ ਗੁਮਟਾਲਾ ਕਹਿੰਦੇ ਹਨ ਕਿ ਆਜ਼ਾਦੀ ਤੋਂ ਬਾਅਦ ਅੰਮ੍ਰਿਤਸਰ ਦਾ ਵਿਕਾਸ ਪੱਛਮੀ ਪੰਜਾਬ ਦੀ ਰਾਜਧਾਨੀ ਲਾਹੌਰ ਵਾਂਗ, ਇਕ ਰਾਜਧਾਨੀ ਦੇ ਸ਼ਹਿਰ ਵਜੋਂ ਹੋਣਾ ਚਾਹੀਦਾ ਸੀ।

ਅੰਮ੍ਰਿਤਸਰ ਦੀ ਕੁਈਨਜ਼ ਰੋਡ, ਲਾਰੰਸ ਰੋਡ. ਅਲਬਰਟ ਰੋਡ ਅਤੇ ਕੋਰਟ ਰੋਡ ਕਦੀ ਸ਼ਹਿਰ ਦੇ ਆਕਰਸ਼ਨ-ਕੇਂਦਰ ਹੁੰਦੀਆਂ ਸਨ ਪਰ ਹੁਣ ਇਨ੍ਹਾਂ ਨੂੰ ਵਪਾਰ ਦੇ ਅੱਡੇ ਬਣਾ ਦਿੱਤਾ ਗਿਆ ਹੈ। ਸ਼ਹਿਰ ਦੇ ਵਸਨੀਕ ਬੜੇ ਦੁੱਖ ਨਾਲ ਕਹਿੰਦੇ ਹਨ ਕਿ 'ਨਵੇਂ ਵਪਾਰਕ ਕੇਂਦਰਾਂ ਵਿਚ ਗੱਡੀਆਂ ਖੜ੍ਹੀਆਂ ਕਰਨ ਲਈ ਕੋਈ ਥਾਂ ਨਹੀਂ ਹੈ। ਹਰ ਤਰ੍ਹਾਂ ਦੇ ਵਾਹਨ ਪੈਦਲ ਚੱਲਣ ਵਾਲੇ ਰਸਤਿਆਂ ਵਿਚ ਖੜ੍ਹੇ ਕੀਤੇ ਜਾਂਦੇ ਹਨ। ਸ਼ਹਿਰ ਦੇ ਵਿਰਸੇ ਦੀ ਸੰਭਾਲ ਕਰਨ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਪਹਿਲਾਂ ਦੇ ਮੁਕਾਬਲੇ ਵਿਚ ਹਰਿਆਲੀ ਵੀ ਬਹੁਤ ਘਟ ਰਹਿ ਗਈ ਹੈ। ਕਈ ਸਰਕਾਰੀ ਤੇ ਕਾਰਪੋਰੇਸ਼ਨ ਦੇ ਦਫ਼ਤਰ ਇਤਿਹਾਸ-ਪ੍ਰਸਿੱਧ ਰਾਮ ਬਾਗ ਵਿਚ ਖੋਲ੍ਹ ਦਿੱਤੇ ਗਏ ਹਨ, ਜਿਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਗਰਮੀਆਂ ਦੇ ਮਹਿਲ ਦੀ ਸੁੰਦਰਤਾ ਨੂੰ ਭੰਗ ਕਰ ਦਿੱਤਾ ਹੈ।" ਇਹ ਹੈ, ਅੰਮ੍ਰਿਤਸਰ ਸ਼ਹਿਰ ਦੀ ਕਰਣ-ਕਥਾ ਜੋ ਕਦੀ ਆਪਣੀ ਇਮਾਰਤਸਾਜ਼ੀ ਅਤੇ ਵਿਉਂਤਬੰਦੀ ਲਈ ਮਸ਼ਹੂਰ ਸੀ।

****



# ਇਤਿਹਾਸਕ ਗ੍ਰੰਥਾਂ ਦੀ ਲੁੱਟ

ਸਾਕਾ ਨੀਲਾ ਤਾਰਾ ਨੂੰ ਵਾਪਰਿਆਂ 24 ਸਾਲ ਹੋ ਗਏ ਹਨ ਪਰ ਸ੍ਰੀ ਦਰਬਾਰ ਸਾਹਿਬ ਵਿਚ ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਲੱਗੀ ਅੱਗ ਦਾ ਧੂੰਆਂ ਅਜੇ ਤਕ ਸਾਫ਼ ਨਹੀਂ ਹੋਇਆ। ਇਸ ਦੇ ਬਾਵਜੂਦ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸਿੱਖ ਇਤਿਹਾਸ ਖੋਜ ਵਿਭਾਗ ਵਿਚ ਇਕੱਤਰ ਕੀਤੇ ਗ੍ਰੰਥਾਂ ਨੂੰ ਉਸ ਦੇ 'ਆਪਣੇ ਲੋਕ' ਹੀ ਲੁੱਟ ਰਹੇ ਹਨ ਅਤੇ ਸਿੱਖ ਕੌਮ ਆਪਣੇ ਇਸ ਕੀਮਤੀ ਸਰਮਾਏ ਦੀ ਲੁੱਟ ਤੋਂ ਬੇਖ਼ਬਰ ਬੈਠੀ ਹੈ।

ਸਿੱਖ ਕੌਮ ਆਪਣੇ 'ਬੌਧਿਕ ਖ਼ਜ਼ਾਨੇ' ਨੂੰ ਵਾਪਸ ਲੈਣ ਲਈ ਕਈ ਸਾਲਾਂ ਤੋਂ ਸੀ.ਬੀ.ਆਈ. ਨਾਲ ਲੜ ਰਹੀ ਹੈ ਪਰ ਸਿੱਖ ਇਤਿਹਾਸ ਖੋਜ ਵਿਭਾਗ ਦੇ ਖ਼ਜ਼ਾਨੇ ਨੂੰ 1984 ਤਕ ਇਸ ਦੇ ਰਾਖੇ ਹੀ ਲੁੱਟਦੇ ਰਹੇ ਹਨ। ਇਸ ਵੱਲ ਕੌਮ ਨੇ ਅਜੇ ਤਕ ਕੋਈ ਧਿਆਨ ਨਹੀਂ ਦਿੱਤਾ।

ਇਤਿਹਾਸ ਵਿਭਾਗ ਦੀ ਲਾਇਬ੍ਰੇਰੀ ਵਿਚੋਂ ਆਪਣੇ ਲੋਕ ਹੀ ਚੋਰੀ-ਛੁਪੇ ਪੁਸਤਕਾਂ ਲੈ ਜਾਂਦੇ ਹਨ ਅਤੇ ਬਾਅਦ ਵਿਚ ਉਨ੍ਹਾਂ ਕਿਤਾਬਾਂ ਨੂੰ 'ਖਸਤਾ ਹਾਲ' ਲਿਖ ਕੇ ਰਿਕਾਰਡ ਵਿਚੋਂ ਕੱਟ ਦਿੱਤਾ ਗਿਆ।

ਸਿੱਖ ਇਤਿਹਾਸ ਖੋਜ ਵਿਭਾਗ ਸਥਾਪਿਤ ਕਰਨ ਦਾ ਮੁੱਖ ਮਨੋਰਥ ਇਹ ਸੀ ਕਿ ਗੁਰੂ ਨਾਨਕ ਦੇਵ ਜੀ ਦੇ ਜਨਮ 1469 ਈ. ਤੋਂ ਲੈ ਕੇ ਅੱਜ ਤਕ ਪੰਜਾਬ ਦੇ ਇਤਿਹਾਸ ਬਾਰੇ ਜੋ ਲਿਖਤਾਂ ਹਨ, ਉਨ੍ਹਾਂ ਨੂੰ ਇਕੱਤਰ ਕੀਤਾ ਜਾਵੇ। ਬਹੁਤ ਸਾਰਾ ਪੈਸਾ ਖ਼ਰਚ ਕੇ ਭਾਰਤ ਅਤੇ ਵਿਦੇਸ਼ ਤੋਂ ਬਹੁਤ ਸਾਰੀ ਇਤਿਹਾਸਕ ਸਮਗਰੀ ਇਕੱਤਰ ਕੀਤੀ ਗਈ। ਇਸ ਵਿਭਾਗ ਨੂੰ ਸਥਾਪਿਤ ਕਰਨ ਵਾਲੇ ਵਿਦਵਾਨਾਂ ਦੇ ਮਨ ਵਿਚ ਇਤਿਹਾਸਕ ਖੋਜ ਦੀ ਜੋਤ ਲਟ-ਲਟ ਬਲ ਰਹੀ ਸੀ। ਇਸ ਲਈ ਉਨ੍ਹਾਂ ਨੇ ਇਸ ਯੋਜਨਾ ਨੂੰ ਅਮਲੀ ਰੂਪ ਦੇਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਉਸ ਵੇਲੇ ਖਾਲਸਾ ਕਾਲਜ ਅੰਮ੍ਰਿਤਸਰ ਦਾ ਇਹ ਖੋਜ ਵਿਭਾਗ ਇਕੋ ਇਕ ਅਜਿਹੀ ਸੰਸਥਾ ਸੀ ਜਿੱਥੇ ਸਿੱਖ ਇਤਿਹਾਸ ਦੀ ਸੰਭਾਲ ਕੀਤੀ ਜਾਂਦੀ ਸੀ। ਡਾ. ਗੰਡਾ ਸਿੰਘ ਅਤੇ ਡਾ. ਕਿਰਪਾਲ ਸਿੰਘ ਵਰਗੇ ਮਹਾਂਰਥੀਆਂ ਦੀਆਂ ਅਣਥੱਕ ਕੋਸ਼ਿਸ਼ਾਂ ਨੇ ਇਸ ਵਿਭਾਗ ਨੂੰ ਇਤਿਹਾਸਕ ਖੋਜ ਦਾ ਇਕ ਅਮੀਰ ਖ਼ਜ਼ਾਨਾ ਬਣਾ ਦਿੱਤਾ।

ਇਸ ਵਿਭਾਗ ਦੀ ਸਥਾਪਨਾ ਤੋਂ ਇਕ ਸਾਲ ਪਹਿਲਾਂ 22 ਦਸੰਬਰ 1929 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਕ ਮੀਟਿੰਗ ਬੁਲਾਈ ਗਈ। ਇਸ ਮੀਟਿੰਗ ਵਿਚ ਇਸ ਇਤਿਹਾਸਕ ਸੰਸਥਾ ਦੀ ਨੀਂਹ ਰੱਖੀ ਗਈ। ਪ੍ਰਸਿੱਧ ਇਤਿਹਾਸਕਾਰ ਸ.ਕਰਮ ਸਿੰਘ ਨੂੰ ਇਸ ਸੰਸਥਾ ਦਾ ਪਹਿਲਾ ਸਕੱਤਰ ਨਿਯੁਕਤ ਕੀਤਾ ਗਿਆ। ਇਸ ਵਿਭਾਗ ਦੇ ਮੁਖੀ ਡਾ. ਕੇ.ਐੱਸ.ਬਾਜਵਾ ਦਸਦੇ ਹਨ ਕਿ ਭਾਵੇਂ 30 ਸਤੰਬਰ 1930 ਨੂੰ ਸ. ਕਰਮ ਸਿੰਘ ਸੁਰਗਵਾਸ ਹੋ ਗਏ ਪਰ ਖ਼ਾਲਸਾ ਕਾਲਜ ਨੇ ਇਸ ਸੰਸਥਾ ਨੂੰ

ਕਾਇਮ ਕਰਨ ਦੀ ਯੋਜਨਾ ਨੂੰ ਤਿਆਗਿਆ ਨਹੀਂ। ਸ੍ਰੀ ਦਰਬਾਰ ਸਾਹਿਬ ਵਿਖੇ ਗੁਰੂ ਕੇ ਬਾਗ ਵਿਚ ਸ. ਕਰਮ ਸਿੰਘ ਦਾ ਸ਼ਰਧਾਂਜਲੀ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਸਮਾਰੋਹ ਵਿਚ ਇਸ ਵਿਭਾਗ ਨੂੰ ਸਥਾਪਿਤ ਕਰਨ ਦਾ ਐਲਾਨ ਕਰ ਦਿੱਤਾ ਗਿਆ।

ਸ. ਰਣਜੀਤ ਸਿੰਘ ਨੰਦਾ, ਜੋ ਹੁਣ ਸਾਡੇ ਵਿਚ ਨਹੀਂ ਰਹੇ, ਉਹ ਸੀ.ਬੀ.ਆਈ. ਦੇ ਸਾਬਕ ਇੰਸਪੈਕਟਰ ਸਨ। ਉਨ੍ਹਾਂ ਨੇ ਹੈਰਾਨੀ-ਭਰਿਆ ਇਹ ਇੰਕਸ਼ਾਫ਼ ਕੀਤਾ ਕਿ ਸਾਕਾ ਨੀਲਾ ਤਾਰਾ ਤੋਂ ਬਾਅਦ ਸਿੱਖ ਰੈਫਰੈਂਸ ਲਾਇਬ੍ਰੇਰੀ ਦੀਆਂ ਦੁਰਲਭ ਹੱਥ-ਲਿਖਤਾਂ, ਹੁਕਮਨਾਮੇ, ਪੁਸਤਕਾਂ ਅਤੇ ਹੋਰ ਸਮੱਗਰੀ ਬੋਰੀਆਂ ਅਤੇ ਟਰੰਕਾਂ ਵਿਚ ਭਰ ਕੇ ਕਿਤੇ ਅਣ-ਦੱਸੀ ਥਾਂ 'ਤੇ ਲੈ ਗਏ ਸਨ। ਪਰ ਸਿੱਖ ਇਤਿਹਾਸ ਖੋਜ ਵਿਭਾਗ ਵਿਚੋਂ ਚੋਰੀ ਕੀਤੇ ਗਏ ਸਾਮਾਨ ਬਾਰੇ ਕਿਸੇ ਗੱਲ ਦਾ ਪਤਾ ਨਹੀਂ ਲੱਗਾ। ਜਾਪਦਾ ਹੈ ਕਿ ਖੋਜ ਵਿਭਾਗ ਦੀਆਂ ਪੁਸਤਕਾਂ ਆਪਣੇ ਹੀ ਲੋਕ ਕਈ ਸਾਲ ਹੌਲੀ-ਹੌਲੀ ਥੈਲਿਆਂ ਵਿਚ ਪਾ ਕੇ ਲੈ ਜਾਂਦੇ ਰਹੇ। ਪਰ ਉਨ੍ਹਾਂ ਉਤੇ ਕਿਸੇ ਨੇ ਸ਼ੱਕ ਨਹੀਂ ਕੀਤਾ ਅਤੇ ਨਾ ਹੀ ਕਿਸੇ ਨੇ ਉਨ੍ਹਾਂ ਦੇ ਥੈਲਿਆਂ ਦੀ ਤਲਾਸ਼ੀ ਲਈ ਪਰ ਡਾ. ਬਾਜਵਾ ਨੇ ਜਦੋਂ 1996 ਵਿਚ ਖੋਜ ਵਿਭਾਗ ਦਾ ਚਾਰਜ ਲਿਆ, ਉਨ੍ਹਾਂ ਕਈ ਪੁਸਤਕਾਂ ਖਾਰਜ ਹੋਣ ਤੋਂ ਬਚਾ ਲਈਆਂ।

ਖਸਤਾ ਹਾਲ ਹੋਣ ਦੇ ਬਹਾਨੇ ਨਾਲ ਖਾਰਜ ਕੀਤੀਆਂ ਗਈਆਂ ਪੁਸਤਕਾਂ (ਅਸਲ ਵਿਚ ਚੁਰਾਈਆਂ ਗਈਆਂ ਪੁਸਤਕਾਂ) ਵਿਚ ਬੜੀਆਂ ਅਹਿਮ ਪੁਸਤਕਾਂ ਸ਼ਾਮਲ ਸਨ ਜਿਵੇਂ-

ਪੰਜਾਬ ਹੱਦਬੰਦੀ ਕਮਿਸ਼ਨ ਨੂੰ ਦਿੱਤਾ ਗਿਆ ਸਿੱਖ ਮੈਮੋਰੰਡਮ (ਅਸਲ ਕਾਪੀ), ਜਨਮ ਸਾਖੀ ਸ੍ਰੀ ਗੁਰੂ ਅਮਰ ਦਾਸ ਜੀ, ਸ਼ੇਰ-ਇ-ਪੰਜਾਬ (ਉਰਦੂ), ਸਿੱਖਇਜ਼ਮ ਐਂਡ ਇਟਸ ਰੀਲੇਸ਼ਨ ਟੂ ਹਿੰਦੂਇਜ਼ਮ, ਸਕੈਚਿਜ਼ ਆਫ਼ ਦੀ ਸਿੱਖਜ਼, ਹਿੰਦੂ ਸੁਪੀਰੀਉਰਿਟੀ, ਕਾਂਗਰਸ ਐਂਡ ਲੇਬਰ ਮੂਵਮੈਂਟ ਇਨ ਇੰਡੀਆ, ਡਾਈਸਰਟੇਸ਼ਨ ਆਫ਼ ਪਰਾਪਰ ਨੇਮਜ਼ ਆਫ਼ ਪੰਜਾਬੀਜ਼, ਓਰੀਐਂਟਲ ਰਿਕਾਰਡਜ਼ (ਲੇਖਕ: ਆਰ. ਡਬਲਿਊ.ਹੈਰੀਜ਼), ਰਿਪੋਰਟ ਔਨ ਦੀ ਸੈਟਲਮੈਂਟ ਇਨ ਡਿਸਟ੍ਰਿਕਟ ਆਫ਼ ਕਾਂਗੜਾ (ਲੇਖਕ: ਜੀ.ਸੀ. ਬਾਰਨੇਜ਼), ਹਿਸਟਰੀ ਆਫ਼ ਹਿੰਦੁਸਤਾਨ (ਲੇਖਕ: ਡਉ ਅਲੈਗਜ਼ੈਂਡਰ), ਹਿਸਟਰੀ ਆਫ਼ ਦੀ ਵਾਰ ਇਨ ਅਫ਼ਗਾਨਿਸਤਾਨ (ਲੇਖਕ: ਐੱਨ.ਚਾਰਲਸ), ਬ੍ਰਿਟਿਸ਼ ਪੀਰੀਅਡ ਗਜ਼ਟੀਅਰਜ਼ ਆਫ਼ ਦਹਿਲੀ, ਹਿਸਾਰ, ਜਲੰਧਰ, ਲਾਹੌਰ ਐਂਡ ਲੁਧਿਆਣਾ। ਇਕ ਹੋਰ ਬਹੁਮੁੱਲੀ ਕਿਤਾਬ ਜੋ ਖਾਰਜ ਕਰ ਦਿੱਤੀ ਗਈ ਉਹ 'ਇਸਲਾਮਿਕ ਕਲਚਰ' ਸੀ। ਇਨ੍ਹਾਂ ਮਹੱਤਵਪੂਰਨ ਪੁਸਤਕਾਂ ਤੋਂ ਇਲਾਵਾ ਮੈਪਸ ਆਫ਼ ਓਲਡ ਪੰਜਾਬ, ਬਹਾਵਲਪੁਰ, ਰਿਪੋਰਟ ਔਨ ਦੀ ਰਿਜ਼ਰਵ ਲੈਂਡ ਰੈਵਿਨਿਊ, ਸਪੀਚਿਜ਼ ਐਂਡ ਰਾਈਟਿੰਗਜ਼ ਆਫ਼ ਮਿਸਟਰ ਜਿਨਾਹ, ਆਦਿ ਪੁਸਤਕਾਂ ਵੀ ਗੁੰਮ ਹਨ।

ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਸਿੱਖ ਇਤਿਹਾਸ ਖੋਜ ਵਿਭਾਗ 1930



ਵਿਚ ਸਥਾਪਿਤ ਕੀਤਾ ਗਿਆ ਸੀ। ਇਸ ਵਿਚ ਸਿੱਖ ਰਾਜ ਅਤੇ ਅੰਗਰੇਜ਼ੀ ਰਾਜ ਦੇ ਸਮੇਂ ਦੇ ਦੁਰਲੱਭ ਚਿਤਰ ਇਕੱਤਰ ਕੀਤੇ ਗਏ ਹਨ। ਅਜਾਇਬਘਰ ਵਿਚ ਪੁਰਾਣੀਆਂ ਅਖ਼ਬਾਰਾਂ ਤੇ ਰਸਾਲੇ ਬਹੁਤ ਸੁਚੱਜੇ ਢੰਗ ਨਾਲ ਪ੍ਰਦਰਸ਼ਿਤ ਕੀਤੇ ਗਏ ਹਨ। ਇਸ ਵਿਭਾਗ ਵਿਚ ਦੁਰਲੱਭ ਸਿੱਕੇ ਅਤੇ ਸਤਾਰ੍ਹਵੀਂ ਅਠਾਰ੍ਹਵੀਂ ਸਦੀ ਦੇ ਹਥਿਆਰ ਵੀ ਸੁਰੱਖਿਅਤ ਹਨ ਜਿਵੇਂ ਤੋੜੇਦਾਰ ਬੰਦੂਕਾਂ, ਢਾਲਾਂ, ਕਟਾਰ, ਚੱਕਰ, ਕਮਾਨਾਂ ਅਤੇ ਕਿਰਪਾਨਾਂ।

ਇਤਿਹਾਸ ਵਿਭਾਗ ਵਿਚ ਫਾਰਸੀ, ਗੁਰਮੁਖੀ ਅਤੇ ਹਿੰਦੀ ਦੀਆਂ ਕੁਝ ਅਜਿਹੀਆਂ ਹੱਥ ਲਿਖਤਾਂ ਸੁਰੱਖਿਅਤ ਹਨ, ਜੋ ਕੇਵਲ ਖ਼ਾਲਸਾ ਕਾਲਜ ਦੀ 80 ਸਾਲ ਪੁਰਾਣੀ ਲਾਇਬ੍ਰੇਰੀ ਵਿਚ ਹੀ ਉਪਲਬੱਧ ਹਨ। ਲਾਇਬ੍ਰੇਰੀ ਦੀਆਂ ਛੇ ਹਜ਼ਾਰ ਤੋਂ ਵੀ ਵਧ ਕਿਤਾਬਾਂ ਵਿਚ 500 ਕਿਤਾਬਾਂ ਅਜਿਹੀਆਂ ਹਨ ਜੋ ਸੌ ਸਾਲ ਪੁਰਾਣੀਆਂ ਹਨ। ਪੁਰਾਣੀਆਂ ਵਸਤਾਂ ਦੇ ਇਸ ਭੰਡਾਰ ਵਿਚ ਉਨ੍ਹਾਂ ਬੀਬੀਆਂ ਦੀਆਂ ਕੁਝ ਤਸਵੀਰਾਂ ਵੀ ਹਨ, ਜਿਨ੍ਹਾਂ ਨੇ ਦੇਸ਼-ਵੰਡ ਦੇ ਭਿਆਨਕ ਸਮੇਂ ਵਿਚ ਆਪਣੀ ਇੱਜ਼ਤ ਬਚਾਉਣ ਲਈ ਖੂਹਾਂ ਵਿਚ ਛਾਲਾਂ ਮਾਰ ਦਿੱਤੀਆਂ। ਇਸ ਭੰਡਾਰ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਣੀਆਂ ਬੀੜਾਂ, ਸਾਕਾ ਨਨਕਾਣਾ ਸਾਹਿਬ ਦੇ ਚਿਤਰ ਅਤੇ ਸੁੰਦਰ ਤੇ ਚਮਕੀਲੇ ਰੰਗਾਂ ਵਿਚ ਰਾਗਮਾਲਾ ਦੇ ਚਿੱਤਰ ਵੀ ਮੌਜੂਦ ਹਨ।

ਸਿੱਖ ਰਾਜ ਦੇ ਵੇਲੇ ਦੀ ਇਕ ਛੋਟੀ ਤੋਪ ਉਤੇ ਕੀਤੇ ਗਏ ਤਾਜ਼ਾ ਰੰਗ ਨੂੰ ਵੇਖ ਕੇ ਹੈਰਾਨ ਹੁੰਦਿਆਂ ਡਾ. ਬਾਜਵਾ ਨੇ ਕਿਹਾ ਕਿ ਪੁਰਾਣੇ ਹਥਿਆਰਾਂ ਨੂੰ ਉਨ੍ਹਾਂ ਦੇ ਅਸਲ ਰੂਪ ਵਿਚ ਹੀ ਸੰਭਾਲਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਆਖਿਆ ਕਿ ਜਿਨ੍ਹਾਂ ਪੁਰਾਣੀਆਂ ਹੱਥ-ਲਿਖਤਾਂ ਦਾ ਕਾਗਜ਼, ਬਹੁਤ ਪੁਰਾਣਾ ਹੋਣ ਕੇ ਭੁਰਨ ਲਗ ਪਿਆ ਸੀ, ਉਨ੍ਹਾਂ ਦੀਆਂ ਮਾਈਕਰੋ ਫਿਲਮਾਂ ਬਣਾਈਆਂ ਗਈਆਂ ਹਨ। ਇਸ ਵੇਲੇ ਇਸ ਲਾਇਬ੍ਰੇਰੀ ਵਿਚ ਵੱਖ-ਵੱਖ ਭਾਸ਼ਾਵਾਂ ਦੀਆਂ 590 ਹੱਥ-ਲਿਖਤਾਂ ਮੌਜੂਦ ਹਨ। ਜਿਨ੍ਹਾਂ ਦੀ ਭਾਸ਼ਾਵਾਰ ਗਿਣਤੀ ਇਸ ਤਰ੍ਹਾਂ ਹੈ-

ਪੰਜਾਬੀ 287, ਉਰਦੂ 42, ਸੰਸਕ੍ਰਿਤ 9, ਫਾਰਸੀ 207 ਅਤੇ ਅੰਗਰੇਜ਼ੀ 45; ਇਸ ਵਿਭਾਗ ਵਿਚ ਅਖ਼ਬਾਰਾਂ ਤੇ ਰਸਾਲਿਆਂ ਦੀਆਂ ਪੁਰਾਣੀਆਂ ਫਾਈਲਾਂ, ਫੋਟੋਗਰਾਫ਼, ਪੇਂਟਿੰਗਜ਼, ਸ਼ਸਤਰ, ਸਿੱਕੇ ਅਤੇ ਇਸ ਵਿਭਾਗ ਵਲੋਂ ਛਾਪੀਆਂ ਪੁਸਤਕਾਂ ਮੌਜੂਦ ਹਨ।

ਪੰਦਰ੍ਹਵੀਂ ਸਦੀ ਦੇ ਅੱਧ ਵਿਚ ਪ੍ਰਿੰਟਿੰਗ ਪ੍ਰੈਸ ਦੇ ਆਉਣ ਨਾਲ ਕਈ ਕੁਝ ਬਦਲ ਗਿਆ। 1452 ਈ. ਵਿਚ ਗੁਟਨਬਰਗ (ਜਰਮਨੀ) ਨੂੰ ਚਕਵੇਂ ਟਾਈਪ ਦਾ ਖ਼ਿਆਲ ਆਇਆ।

ਪ੍ਰਿੰਟਿੰਗ ਪ੍ਰੈੱਸਾਂ ਦੀਆਂ ਪਹਿਲੋਂ-ਪਹਿਲ ਦੀਆਂ ਪ੍ਰਕਾਸ਼ਨਾਵਾਂ ਵਿਦਵਾਨ ਖੋਜਕਾਰਾਂ ਲਈ ਬੜੀਆਂ ਹੀ ਵਚਿੱਤਰ ਵਸਤਾਂ ਸਨ। ਇਸ ਵਿਭਾਗ ਵਿਚ ਛਾਪੇ ਦੀਆਂ ਦੁਰਲੱਭ ਪੁਸਤਕਾਂ ਨੂੰ ਦੇਖ ਕੇ ਇਕ ਖੋਜੀ ਚਕ੍ਰਿਤ ਰਹਿ ਜਾਏਗਾ। 1682 ਈ. ਦਾ ਛਪਿਆ 'ਫ਼ਿਜ਼ੀਸ਼ੀਅਨ ਗਾਈਡ' ਅਤੇ ਮੱਧ-ਕਾਲ ਦੀਆਂ ਕਈ ਨਾਯਾਬ ਪ੍ਰਕਾਸ਼ਨਾਵਾਂ ਇਸ ਵਿਭਾਗ ਵਿਚ ਅਸਲ ਰੂਪ ਵਿਚ ਸੁਰੱਖਿਅਤ ਹਨ।

## ਖੋਜਕਾਰਾਂ ਦਾ ਮੱਕਾ

ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਇਹ ਸਿੱਖ ਇਤਿਹਾਸ ਖੋਜ ਵਿਭਾਗ ਆਪਣੀ ਪਲਾਟੀਨਮ ਜੁਬਲੀ ਮਨਾ ਚੁੱਕਾ ਹੈ। ਭਾਵੇਂ ਇਹ ਵਿਭਾਗ ਦੁਨੀਆ ਭਰ ਵਿਚ ਸਿੱਖ ਚਿੰਤਨ ਦਾ ਮੱਕਾ ਮੰਨਿਆ ਜਾਂਦਾ ਹੈ ਪਰ ਸ਼ਹਿਰ ਦੇ ਸਥਾਨਕ ਬੁੱਧੀਜੀਵੀ ਇੱਥੇ ਘੱਟ-ਵੱਧ ਹੀ ਆਉਂਦੇ ਹਨ। ਤੁਸੀਂ ਯਕੀਨ ਨਹੀਂ ਕਰੋਗੇ ਕਿ ਅੱਜ ਤਕ ਕੇਵਲ 577 ਖੋਜਕਾਰ ਹੀ ਇਸ ਵਿਭਾਗ ਵਿਚ ਆਏ ਹਨ। (ਭਾਵ ਕਿ ਸਾਲ ਵਿਚ ਔਸਤ ਸੱਤ ਖੋਜੀ ਹੀ) ਇਨ੍ਹਾਂ ਵਿਚੋਂ ਵੀ ਬਹੁਤੇ ਵਿਦੇਸ਼ੀ ਵਿਦਵਾਨ ਹੀ ਸਨ। ਪਤਾ ਲੱਗਾ ਹੈ ਕਿ ਇਸ ਕਾਲਜ ਦੇ ਬਹੁਤ ਸਾਰੇ ਅਧਿਆਪਕ ਇਸ ਦੁਰਲੱਭ ਖ਼ਜ਼ਾਨੇ ਦਾ ਲਾਭ ਨਹੀਂ ਉਠਾ ਸਕੇ। ਜਦ ਕਿ 1996 ਤਕ 274 ਬਾਹਰਲੇ ਖੋਜਕਾਰਾਂ ਨੇ ਇਸ ਵਿਭਾਗ ਤੋਂ ਲਾਭ ਉਠਾਇਆ ਹੈ। ਜਦੋਂ ਤੋਂ ਡਾ. ਬਾਜਵਾ ਇਸ ਵਿਭਾਗ ਦੇ ਮੁਖੀ ਬਣੇ ਸਨ, ਉਦੋਂ ਤੋਂ ਪਿਛਲੇ ਦਸ ਸਾਲਾਂ ਵਿਚ ਸਭ ਤੋਂ ਵੱਧ (303) ਖੋਜਕਾਰ ਇਸ ਵਿਭਾਗ ਵਿਚ ਖੋਜ ਕਰਨ ਆਏ ਹਨ।

1997-98 ਦੇ ਵਿਦਿਅਕ ਸਾਲ ਵਿਚ 30 ਤੋਂ ਵਧ ਵਿਦਵਾਨਾਂ ਨੇ ਸਿੱਖ ਇਤਿਹਾਸ ਖੋਜ ਵਿਭਾਗ ਵਿਚ ਆ ਕੇ ਇਸ ਵਿਭਾਗ ਦੀ ਸਹਾਇਤਾ ਨਾਲ ਖੋਜ ਕੀਤੀ। ਇਹ ਵਿਦਵਾਨ ਦੁਨੀਆ ਦੇ ਵੱਖ-ਵੱਖ ਦੇਸ਼ਾਂ ਨਾਲ ਸਬੰਧਿਤ ਸਨ। ਮਿਸਾਲ ਵਜੋਂ ਅਮਰੀਕਾ ਤੋਂ ਲੂਇਸ ਈ.ਫ਼ੈਨੈੱਕ, ਕੈਨੇਡਾ ਤੋਂ ਕੋਲਿਨ ਮਿਟੀਹੈੱਲ, ਫਰਾਂਸ ਤੋਂ ਜੇ.ਐੱਮ.ਲਾਫ਼ੋਂ, ਸੋਵੀਅਤ ਰੂਸ ਤੋਂ ਆਈਗੋਰ ਡੀ. ਸਰਬਰੀਆਕੋਵ, ਨਾਰਵੇ ਤੋਂ ਐੱਚ.ਐੱਸ. ਦਿਲਗੀਰ ਅਤੇ ਯੂ.ਕੇ ਤੋਂ ਅਵਤਾਰ ਸਿੰਘ ਤੇ ਰਾਜਿੰਦਰ ਸਿੰਘ ਵਰਗੀਆਂ ਸ਼ਖ਼ਸੀਅਤਾਂ ਇਸ ਵਿਭਾਗ ਵਿਚ ਪਧਾਰੀਆਂ।

## ਮਹਾਭਾਰਤ ਦੀ ਦੁਰਲੱਭ ਹੱਥ-ਲਿਖਤ ਸੈਂਚੀ

ਸਾਡੇ ਵਿਚੋਂ ਕਈਆਂ ਨੂੰ ਇਹ ਜਾਣ ਕੇ ਸ਼ਾਇਦ ਹੈਰਾਨੀ ਹੋਵੇਗੀ ਕਿ ਸਿੱਖ ਗੁਰੂ ਸਾਹਿਬਾਨ ਹੋਰ ਧਰਮਾਂ ਦੇ ਪਵਿੱਤਰ ਗ੍ਰੰਥਾਂ ਦਾ ਤੁਲਨਾਤਮਿਕ ਅਧਿਐਨ ਕਰਨ ਵਿਚ ਬਹੁਤ ਦਿਲਚਸਪੀ ਰੱਖਦੇ ਸਨ। ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਖੋਜ ਵਿਭਾਗ ਵਿਚ ਇਕ ਸ਼ੀਸ਼ੇ ਦੇ ਬਕਸੇ ਵਿਚ ਮਹਾਭਾਰਤ ਦੇ ਪੰਜਾਬੀ ਅਨੁਵਾਦ ਦਾ ਇਕ ਖਰੜਾ ਸੁਰੱਖਿਅਤ ਹੈ। ਸੰਸਕ੍ਰਿਤ ਤੋਂ ਪੰਜਾਬੀ ਕਵਿਤਾ ਵਿਚ ਕੀਤਾ ਗਿਆ ਇਹ ਅਨੁਵਾਦ ਭਾਈ ਗੋਪਾਲ ਸਿੰਘ ਨਾਂ ਦੇ ਕਿਸੇ ਵਿਅਕਤੀ ਵਲੋਂ ਕੀਤਾ ਗਿਆ ਮੰਨਿਆ ਜਾਂਦਾ ਹੈ। ਇਸ ਸੰਸਕ੍ਰਿਤ ਮਹਾਂਕਾਵਿ ਦੇ ਲੇਖਕ ਕੇਸ਼ਵ ਲਾਲ ਸਨ।

****



# ਅੰਮ੍ਰਿਤਸਰ ਸ਼ਹਿਰ ਦੇ ਇਤਿਹਾਸਕ ਦਰਵਾਜ਼ੇ

ਅੰਮ੍ਰਿਤਸਰ ਕਾਰਪੋਰੇਸ਼ਨ ਦੇ 1849 ਅਤੇ 1947 ਦੇ ਦੋ ਪੁਰਾਣੇ ਨਕਸ਼ਿਆਂ ਦੇ ਆਧਾਰ 'ਤੇ ਮਰਹੂਮ ਉਂਕਾਰ ਸਿੰਘ ਸੰਧੂ ਨੇ ਸ਼ਹਿਰ ਦੇ ਮੇਅਰ ਨੂੰ ਇਹ ਸਬੂਤ ਪੇਸ਼ ਕੀਤਾ ਸੀ ਕਿ ਦੇਸ਼-ਵੰਡ ਤੋਂ ਪਹਿਲਾਂ ਸ਼ਹਿਰ ਦੇ ਇਤਿਹਾਸਕ ਦਰਵਾਜ਼ਿਆਂ ਦੀ ਹਾਲਤ ਕਾਫ਼ੀ ਅੱਛੀ ਸੀ। ਇਸ ਤੋਂ ਇਲਾਵਾ ਕੁਝ ਇਤਿਹਾਸਕ ਪੁਸਤਕਾਂ ਇਹ ਦੱਸਦੀਆਂ ਹਨ ਕਿ ਚਾਟੀਵਿੰਡ ਦਰਵਾਜ਼ੇ ਅਤੇ ਘੀ ਮੰਡੀ ਦਰਵਾਜ਼ੇ ਦੇ ਪੁਰਾਣੇ ਨਾਂ ਕ੍ਰਮਵਾਰ ਸ. ਜੱਸਾ ਸਿੰਘ ਰਾਮਗੜ੍ਹੀਆ ਅਤੇ ਸ. ਜੱਸਾ ਸਿੰਘ ਆਹਲੂਵਾਲੀਆ ਦੇ ਨਾਂ 'ਤੇ ਰੱਖੇ ਗਏ ਸਨ।

ਸੰਧੂ ਇਸ ਸਬੰਧ ਵਿਚ ਸ਼ਹਿਰ ਦੀ ਮਿਉਂਸਪਲ ਕਾਰਪੋਰੇਸ਼ਨ ਦੇ ਮੇਅਰ, ਡਿਪਟੀ ਮੇਅਰ ਅਤੇ ਹੋਰ ਕਰਮਚਾਰੀਆਂ ਨੂੰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨੂੰ ਮਿਲੇ। ਆਖਿਆ ਕਿ ਇਹ ਦਰਵਾਜ਼ੇ ਦੁਬਾਰਾ ਬਣਨੇ ਚਾਹੀਦੇ ਹਨ ਅਤੇ ਇਨ੍ਹਾਂ ਦੇ ਪਹਿਲਾਂ ਵਾਲੇ ਨਾਂ ਰੱਖਣੇ ਚਾਹੀਦੇ ਹਨ। ਉਨ੍ਹਾਂ ਆਖਿਆ ਕਿ ਇਨ੍ਹਾਂ ਦਰਵਾਜ਼ਿਆਂ ਦੇ ਨਾਂ ਮਹਾਨ ਸਿੱਖ ਯੋਧਿਆਂ ਦੇ ਨਾਂ 'ਤੇ ਹੀ ਰੱਖਣੇ ਚਾਹੀਦੇ ਹਨ, ਤਾਂ ਜੋ ਆਪਣੇ ਪੁਰਾਣੇ ਅਮੀਰ ਵਿਰਸੇ ਨੂੰ ਜ਼ਿੰਦਾ ਰੱਖਿਆ ਜਾ ਸਕੇ। ਅਫ਼ਸੋਸ ! ਮਰਦੇ ਦਮ ਤਕ ਸ੍ਰੀ ਸੰਧੂ ਦਾ ਇਹ ਸੁਪਨਾ ਸਾਕਾਰ ਨਾ ਹੋ ਸਕਿਆ।

ਸ੍ਰੀ ਅਨੰਦ ਗਾਬਾ ਦੀ ਪੁਸਤਕ 'ਅੰਮ੍ਰਿਤਸਰ ਏ ਸਟਡੀ ਇਨ ਅਰਬਨ ਹਿਸਟਰੀ' ਅਤੇ ਗਿ.ਗਿਆਨ ਸਿੰਘ ਤਹਿਰੀਕ ਦੀ ਲਿਖੀ ਪੁਸਤਕ 'ਸ੍ਰੀ ਅੰਮ੍ਰਿਤਸਰ' ਵਿਚ ਸਾਫ਼ ਲਿਖਿਆ ਹੈ ਕਿ ਚਾਟੀਵਿੰਡ ਦਰਵਾਜ਼ੇ ਅਤੇ ਘੀ ਮੰਡੀ ਦਰਵਾਜ਼ੇ ਨੂੰ ਪਹਿਲਾਂ ਰਾਮਗੜ੍ਹੀਆ ਦਰਵਾਜ਼ਾ ਅਤੇ ਆਹਲੂਵਾਲੀਆ ਦਰਵਾਜ਼ਾ ਕਿਹਾ ਜਾਂਦਾ ਸੀ।

ਰਾਮਗੜ੍ਹੀਆ ਫੈਡਰੇਸ਼ਨ ਦਾ ਕਹਿਣਾ ਹੈ ਕਿ ਦੋਹਾਂ ਦਰਵਾਜ਼ਿਆਂ ਦੇ ਪਹਿਲਾਂ ਵਾਲੇ ਨਾਂ ਰੱਖਣ ਦੀ ਸਾਡੀ ਮੰਗ ਬਿਲਕੁਲ ਜਾਇਜ਼ ਹੈ ਕਿਉਂਕਿ ਇਹ ਇਤਿਹਾਸਕ ਖੋਜ ਉਤੇ ਆਧਾਰਿਤ ਹੈ। ਫੈਡਰੇਸ਼ਨ ਨੇ ਇਹ ਮੰਗ ਵੀ ਕੀਤੀ ਕਿ ਕੱਟੜਾ ਰਾਮਗੜ੍ਹੀਆ ਦਾ ਵੀ ਪਹਿਲਾ ਨਾਂ ਰੱਖਿਆ ਜਾਵੇ, ਜੋ 1760 ਵਿਚ ਵਸਾਇਆ ਗਿਆ ਸੀ ਅਤੇ ਗਿੱਲਵਾਲੀ ਦਰਵਾਜ਼ੇ ਅਤੇ ਦਬੁਰਜੀ ਦਰਵਾਜ਼ੇ (ਸੁਲਤਾਨਵਿੰਡ ਦਰਵਾਜ਼ੇ) ਦੇ ਵਿਚਾਲੇ ਸਥਿਤ ਸੀ। ਇਸ ਦੇ ਆਲੇ-ਦੁਆਲੇ ਕੱਟੜਾ ਦਲ ਸਿੰਘ, ਕੱਟੜਾ ਮਿਤ ਸਿੰਘ ਅਤੇ ਕੱਟੜਾ ਗਰਬਾ ਸਿੰਘ ਬਣੇ ਹੋਏ ਹਨ। ਇਹ ਸਾਰੀ ਜਾਣਕਾਰੀ ਪੁਰਾਣੇ ਰਿਕਾਰਡ ਅਨੁਸਾਰ ਹੈ।

ਸ੍ਰੀ ਸੰਧੂ ਦਾ ਇਹ ਵੀ ਕਹਿਣਾ ਸੀ ਕਿ 'ਜਦੋਂ ਮੈਂ ਸਕੂਲ ਵਿਚ ਪੜ੍ਹਦਾ ਸਾਂ ਤਾਂ ਮੈਂ ਕੱਟੜਾ ਰਾਮਗੜ੍ਹੀਆ ਬਾਰੇ ਆਪਣੇ ਬਜ਼ੁਰਗਾਂ ਤੋਂ ਸੁਣਿਆ ਸੀ। ਜਾਣਨ ਦੀ ਉਤਸੁਕਤਾ-ਵੱਸ ਮੈਂ ਕਈ ਲਾਇਬ੍ਰੇਰੀਆਂ ਵਿਚ ਗਿਆ। ਸਾਰੀਆਂ ਕਿਤਾਬਾਂ ਦੱਸਦੀਆਂ

ਹਨ ਕਿ ਰਾਮਗੜ੍ਹੀਆ ਕੱਟੜਾ ਸਭ ਤੋਂ ਵੱਡਾ ਕੱਟੜਾ ਸੀ। ਫੇਰ ਮੈਨੂੰ ਅਨੰਦ ਗਾਬਾ ਦੀ ਪੁਸਤਕ 'ਏ ਸਟਡੀ ਇਨ ਅਰਬਨ ਹਿਸਟਰੀ' ਵਿਚ ਅੰਮ੍ਰਿਤਸਰ ਦਾ 1849 ਦਾ ਇਕ ਪੁਰਾਣਾ ਨਕਸ਼ਾ ਲਭ ਗਿਆ। ਇਸ ਪੁਸਤਕ ਵਿਚ ਸ਼ਹਿਰ ਦੇ ਕਈ ਇਤਿਹਾਸਕ ਦਰਵਾਜ਼ਿਆਂ ਬਾਰੇ ਲਿਖਿਆ ਹੋਇਆ ਹੈ; ਜਿਵੇਂ ਦਬੁਰਜੀ ਦਰਵਾਜ਼ਾ (ਸੁਲਤਾਨਵਿੰਡ ਗੇਟ) ਰਾਮਗੜ੍ਹੀਆ ਦਰਵਾਜ਼ਾ (ਚਾਟੀਵਿੰਡ ਗੇਟ) ਗਿੱਲਵਾਲੀ ਦਰਵਾਜ਼ਾ ਅਤੇ ਕੱਟੜਾ ਰਾਮਗੜ੍ਹੀਆ ਆਦਿ।'

ਮਾਤਾ ਸਾਹਿਬ ਕੌਰ ਨਰਸਿੰਗ ਕਾਲਜ ਦੇ ਚੇਅਰਮੈਨ ਸ. ਚਰਨਜੀਤ ਸਿੰਘ ਵਾਲੀਆ ਦਾ ਵਿਸ਼ਵਾਸ ਹੈ ਕਿ ਇਹ ਦਰਵਾਜ਼ੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਪਿਛੋਂ ਢਾਹ ਦਿੱਤੇ ਗਏ ਸਨ। ਘਿਉ ਮੰਡੀ ਦਰਵਾਜ਼ਾ ਪਹਿਲਾਂ ਆਹਲੂਵਾਲੀਆ ਦਰਵਾਜ਼ਾ ਹੁੰਦਾ ਸੀ ਜਿਸ ਤੋਂ ਆਹਲੂਵਾਲੀਆ ਕਿਲੇ ਵੱਲ ਸਿੱਧਾ ਰਾਹ ਜਾਂਦਾ ਸੀ। ਪਰ ਸਮੇਂ ਦੇ ਗੁਜ਼ਰਨ ਪਿਛੋਂ ਇੱਥੇ ਘੀ ਮੰਡੀ ਬਣ ਗਈ ਅਤੇ ਇਸ ਦਰਵਾਜ਼ੇ ਨੂੰ ਵੀ ਲੋਕ ਘੀ ਮੰਡੀ ਦਰਵਾਜ਼ਾ ਹੀ ਕਹਿਣ ਲੱਗ ਪਏ ਅਤੇ ਇਸ ਦਾ ਪੁਰਾਣਾ ਇਤਿਹਾਸਕ ਨਾਂ ਲੋਕਾਂ ਨੂੰ ਭੁੱਲ ਗਿਆ।

ਅੰਮ੍ਰਿਤਸਰ ਦੀ ਮਿਊਂਸਪਲ ਕਾਰਪੋਰੇਸ਼ਨ ਨੇ 15 ਜਨਵਰੀ 2003 ਨੂੰ ਮਤਾ ਪਾਸ ਕਰ ਦਿੱਤਾ ਸੀ ਪਰ ਦਰਵਾਜ਼ਿਆਂ ਨੂੰ ਅਮਲੀ ਰੂਪ ਦੇਣ ਲਈ ਕੋਈ ਕਦਮ ਨਹੀਂ ਪੁੱਟਿਆ ਗਿਆ। ਪਾਸ ਕੀਤੇ ਗਏ ਮਤੇ 'ਤੇ ਸਮੇਂ ਦੀ ਧੂੜ ਜੰਮ ਗਈ ਹੈ। ਕਾਪੋਰੇਸ਼ਨ ਨੇ ਸੁਲਤਾਨਵਿੰਡ ਗੇਟ ਦਾ ਪਹਿਲਾ ਪੁਰਾਣਾ ਨਾਂ ਰੱਖਣਾ ਮੰਨ ਲਿਆ ਹੈ। ਚਰਨਜੀਤ ਸਿੰਘ ਵਾਲੀਆ ਕਹਿੰਦੇ ਹਨ ਕਿ ਸ਼ੁਰੂ-ਸ਼ੁਰੂ ਵਿਚ ਕੋਈ ਵੀ ਮੇਰੀ ਗੱਲ ਮੰਨਣ ਲਈ ਤਿਆਰ ਨਹੀਂ ਸੀ ਕਿ ਕਦੀ ਆਹਲੂਵਾਲੀਆ ਗੇਟ ਅਤੇ ਰਾਮਗੜ੍ਹੀਆ ਗੇਟ ਹੁੰਦੇ ਸਨ।

ਸ੍ਰੀ ਵਾਲੀਆ ਨੇ ਦੱਸਿਆ ਕਿ "ਅਸੀਂ ਆਪਣੇ ਦਾਅਵੇ ਨੂੰ ਸਹੀ ਸਿੱਧ ਕਰਨ ਲਈ ਮੁਖੀ ਅਧਿਕਾਰੀਆਂ ਤੇ ਕਈ ਸਿਆਸਤਦਾਨਾਂ ਨੂੰ ਪੁਰਾਣੇ ਨਕਸ਼ਿਆਂ ਦੀਆਂ ਨਕਲਾਂ ਵੰਡੀਆਂ। ਆਖ਼ਰਕਾਰ ਸਾਡੀਆਂ ਕੋਸ਼ਿਸ਼ਾਂ ਸਫ਼ਲ ਹੋ ਗਈਆਂ" ਸ੍ਰੀ ਵਾਲੀਆ ਕਹਿੰਦੇ ਹਨ ਕਿ ਜਦੋਂ ਆਲੂਵਾਲੀਆ ਫੈਡਰੇਸ਼ਨ ਦਾ ਵਫ਼ਦ ਉਸ ਸਮੇਂ ਦੇ ਕਾਂਗਰਸੀ ਮੇਅਰ ਸ੍ਰੀ ਸੁਨੀਲ ਦੱਤੀ, ਡਿਪਟੀ ਮੇਅਰ ਸ੍ਰੀ ਓਮ ਪ੍ਰਕਾਸ਼ ਗੱਬਰ ਅਤੇ ਕੁਝ ਹੋਰ ਸੀਨੀਅਰ ਕੌਂਸਲਰਾਂ ਨੂੰ ਮਿਲਿਆ ਤਾਂ ਉਨ੍ਹਾਂ ਨੇ ਉਸੇ ਵੇਲੇ ਇਸ ਸਬੰਧ ਵਿਚ ਇਕ ਮਤਾ ਪਾਸ ਕਰਨ ਦਾ ਭਰੋਸਾ ਦੁਆਇਆ ਸੀ। ਇਸ ਤੋਂ ਪਹਿਲਾਂ ਘੱਟੋ-ਘੱਟ ਤਿੰਨ ਵਿਧਾਇਕਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕੇਮਟੀ ਦੇ ਕੁਝ ਸੀਨੀਅਰ ਮੈਂਬਰਾਂ ਨੇ ਸਾਡੇ ਕੇਸ ਦੀ ਪੁਰਜ਼ੋਰ ਸਿਫ਼ਾਰਸ਼ ਕੀਤੀ ਸੀ।

ਆਹਲੂਵਾਲੀਆ ਗੇਟ ਦਾ ਡਿਜ਼ਾਈਨ ਆਹਲੂਵਾਲੀਏ ਕਿਲੇ ਤੋਂ ਲਿਆ ਗਿਆ ਹੈ, ਜਦ ਕਿ ਰਾਮਗੜ੍ਹੀਆ ਕਿਲੇ ਦਾ ਡਿਜ਼ਾਈਨ ਕਿਲ੍ਹਾ ਰਾਮ-ਰੌਣੀ ਦੀ ਇਕ ਪੁਰਾਣੀ ਤਸਵੀਰ ਤੋਂ ਨਕਲ ਕੀਤਾ ਹੈ। ਕਹਿੰਦੇ ਹਨ, ਰਾਮ-ਰੌਣੀ ਦਾ ਕਿਲ੍ਹਾ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਢਾਹ ਦਿੱਤਾ ਗਿਆ ਸੀ।



ਮਿਊਂਸਪਲ ਕਾਰਪੋਰੇਸ਼ਨ ਵੱਲੋਂ ਇਤਿਹਾਸਕ ਦਰਵਾਜ਼ਿਆ ਨੂੰ ਮੁੜ ਉਸਾਰਨ ਦਾ ਮਤਾ ਪਾਸ ਹੋਏ ਨੂੰ ਦੋ ਸਾਲ ਬੀਤ ਗਏ ਹਨ। ਪੁਰਾਣੇ ਇਤਿਹਾਸਕ ਵਿਰਸੇ ਨੂੰ ਕਾਇਮ ਕਰਨ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੜੀ ਲਾਪ੍ਰਵਾਹੀ ਦਿਖਾਈ ਹੈ। ਰਾਮਗੜ੍ਹੀਆ ਫੈਡਰੇਸ਼ਨ ਗਿਲਾ ਕਰਦੀ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਇਸ ਸਬੰਧ ਵਿਚ ਕਈ ਪੱਤਰ ਲਿਖੇ ਗਏ ਪਰ ਕਿਸੇ ਪੱਤਰ ਦਾ ਜਵਾਬ ਨਹੀਂ ਆਇਆ। ਸ੍ਰੀ ਵਾਲੀਆ ਕਹਿੰਦੇ ਹਨ ਕਿ ਜਾਂ ਤਾਂ ਸ਼੍ਰੋਮਣੀ ਕਮੇਟੀ ਇਹ ਦਰਵਾਜ਼ੇ ਆਪ ਬਣਾਏ ਜਾਂ ਲੋੜੀਂਦਾ ਇਮਾਰਤੀ ਸਾਮਾਨ ਆਹਲੂਵਾਲੀਆ ਫੈਡਰੇਸ਼ਨ ਨੂੰ ਦਿੱਤਾ ਜਾਵੇ ਤਾਂ ਜੋ ਇਹ ਦਰਵਾਜ਼ੇ ਬਿਨਾਂ ਹੋਰ ਦੇਰੀ ਤੋਂ ਮੁੜ ਉਸਾਰੇ ਜਾ ਸਕਣ। ਬੜੀ ਅਜੀਬ ਗੱਲ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਈ ਸੀਨੀਅਰ ਮੈਂਬਰਾਂ ਵੱਲੋਂ ਸਿਫ਼ਾਰਸ਼ ਕਰਨ ਦੇ ਬਾਵਜੂਦ, ਪਤਾ ਲੱਗਾ ਹੈ ਕਿ ਧਰਮ ਪ੍ਰਚਾਰ ਕਮੇਟੀ ਨੇ ਬਿਨਾਂ ਕੋਈ ਕਾਰਨ ਦੱਸੇ ਇਹ ਇਤਿਹਾਸਕ ਦਰਵਾਜ਼ੇ ਮੁੜ ਬਣਾਉਣ ਦਾ ਫ਼ੈਸਲਾ ਰੱਦ ਕਰ ਦਿੱਤਾ ਹੈ।

****

# ਕਾਰ ਸੇਵਾ ਵਾਲੇ ਬਾਬੇ

ਸਿੱਖ ਧਰਮ ਦੇ ਇਤਿਹਾਸਕ ਅਤੇ ਹੋਰ ਧਰਮ ਅਸਥਾਨਾਂ ਦੀ ਉਸਾਰੀ ਆਮ ਤੌਰ 'ਤੇ ਸੰਗਤਾਂ ਦੇ ਦਾਨ ਅਤੇ ਹੱਥੀਂ ਸੇਵਾ ਕਰਨ ਨਾਲ ਕੀਤੀ ਜਾਂਦੀ ਹੈ। ਕਾਰ ਸੇਵਾ ਦਾ ਸੰਕਲਪ ਮਹਾਨ ਗੁਰੂ ਸਾਹਿਬਾਨ ਦੇ ਸਮੇਂ ਤੋਂ ਤੁਰਿਆ ਆ ਰਿਹਾ ਹੈ, ਜਿਨ੍ਹਾਂ ਨੇ ਨਵੇਂ ਸ਼ਹਿਰ ਵਸਾਉਣ ਤੇ ਕਈ ਹੋਰ ਤਰ੍ਹਾਂ ਦੀਆਂ ਉਸਾਰੀਆਂ ਕਰਨ ਵਿਚ ਡੂੰਘੀ ਦਿਲਚਸਪੀ ਲਈ।

ਪਹਿਲੇ ਸਿੱਖ ਗੁਰੂ, ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਦਾ ਸ਼ਹਿਰ ਵਸਾਇਆ। ਉਸ ਤੋਂ ਬਾਅਦ ਗੁਰੂ ਅੰਗਦ ਦੇਵ ਜੀ, ਗੁਰੂ ਅਮਰ ਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਤੇਗ਼ ਬਹਾਦਰ ਜੀ ਨੇ ਕ੍ਰਮਵਾਰ ਖਡੂਰ ਸਾਹਿਬ, ਗੋਇੰਦਵਾਲ, ਅੰਮ੍ਰਿਤਸਰ, ਤਰਨਤਾਰਨ, ਹਰਿਗੋਬਿੰਦਪੁਰ, ਕੀਰਤਪੁਰ ਸਾਹਿਬ ਅਤੇ ਅਨੰਦਪੁਰ ਸਾਹਿਬ ਦੀ ਉਸਾਰੀ ਕੀਤੀ। ਇਸ ਪਰੰਪਰਾ ਨੂੰ ਸਿੱਖ ਸੰਤ ਸਾਹਿਬਾਨ ਨੇ ਸਮੇਂ ਸਮੇਂ ਜਾਰੀ ਰੱਖਿਆ।

ਵੀਹਵੀਂ ਸਦੀ ਵਿਚ ਸਿੱਖ ਸੰਤਾਂ ਨੇ ਕਾਰ ਸੇਵਾ ਦਾ ਆਧੁਨਿਕ ਯੁੱਗ ਆਰੰਭ ਕੀਤਾ। ਐਸੇ ਸੰਤ ਸਾਹਿਬਾਨ ਵਿਚ ਬਾਬਾ ਗੁਰਮੁਖ ਸਿੰਘ, ਬਾਬਾ ਜੀਵਨ ਸਿੰਘ, ਬਾਬਾ ਹਰਬੰਸ ਸਿੰਘ, ਬਾਬਾ ਝੰਡਾ ਸਿੰਘ, ਬਾਬਾ ਦਲੀਪ ਸਿੰਘ, ਬਾਬਾ ਉੱਤਮ ਸਿੰਘ, ਬਾਬਾ ਖੜਕ ਸਿੰਘ, ਬਾਬਾ ਜਗਤਾਰ ਸਿੰਘ ਅਤੇ ਬਾਬਾ ਸਾਧੂ ਸਿੰਘ ਸ਼ਾਮਲ ਹਨ। ਇਸ ਕਾਰਜ ਦਾ ਮੁੱਖ ਮਨੋਰਥ, ਬਿਨਾਂ ਕਿਸੇ ਨਿੱਜੀ ਹਿੱਤ ਦੇ ਸਿੱਖ ਕੌਮ ਦੇ ਵਿਰਸੇ ਨੂੰ ਸੁਰੱਖਿਅਤ ਕਰਨਾ ਹੈ।

ਸਿੱਖ ਧਰਮ ਵਿਚ ਕਾਰ ਸੇਵਾ ਦਾ ਸੰਕਲਪ ਬਹੁਤ ਹੀ ਨਿਵੇਕਲਾ ਹੈ ਪਰ ਇਸ ਕਾਰਜ ਨੂੰ ਮਾਹਿਰ ਸੱਜਣਾਂ ਦੀ ਰਹਿਨੁਮਾਈ ਵਿਚ ਹੀ ਕਰਨਾ ਚਾਹੀਦਾ ਹੈ। ਅਤੀਤ ਵਿਚ ਕਾਰ ਸੇਵਾ ਵਾਲੇ ਸਾਰੇ ਬਾਬੇ ਬੜਾ ਸਾਦਾ ਤੇ ਸੱਚਾ-ਸੁੱਚਾ ਧਾਰਮਕ ਜੀਵਨ ਬਤੀਤ ਕਰਦੇ ਸਨ। ਉਨ੍ਹਾਂ ਦੇ ਕੋਈ ਨਿੱਜੀ ਹਿੱਤ ਨਹੀਂ ਹੁੰਦੇ ਸਨ। ਵਾਸਤਵ ਵਿਚ ਉਹ ਸਾਰੇ ਕਾਰ ਸੇਵਾ ਨੂੰ ਪੂਰਨ ਰੂਪ ਵਿਚ ਸਮਰਪਿਤ ਹੁੰਦੇ ਸਨ ਅਤੇ ਉਨ੍ਹਾਂ ਨੇ ਆਪਣੇ ਜੀਵਨ ਕਾਰ ਸੇਵਾ ਦੇ ਪਵਿੱਤਰ ਕਾਰਜ ਨੂੰ ਅਰਪਨ ਕੀਤੇ ਹੋਏ ਸਨ। ਉਹ ਪਿਆਰ, ਹਮਦਰਦੀ ਅਤੇ ਮਹਾਨ ਸਮਰਪਨ ਦੀ ਮੂਰਤ ਸਨ।

ਪਰ ਕਾਰ ਸੇਵਾ ਦੇ ਨਾਂ 'ਤੇ ਸਿੱਖ ਵਿਰਸੇ ਦੀ ਅੰਨ੍ਹੇਵਾਹ ਤਬਾਹੀ ਅਜੋਕਾ ਵਰਤਾਰਾ ਹੈ। ਪਰ ਕੁਝ ਨਾਮ-ਧਰੀਕ ਬਾਬਿਆਂ ਨੇ ਕਾਰ ਸੇਵਾ ਦੀ ਮਹਾਨ ਸੰਸਥਾ ਨੂੰ ਇਕ ਵਪਾਰ ਦੀ ਚੀਜ਼ ਬਣਾ ਦਿੱਤਾ ਹੈ। ਜਿਸ ਕਾਰਨ ਸਿੱਖ ਸੰਗਤਾਂ ਬਹੁਤ ਨਾਰਾਜ਼ ਹਨ। ਅਜਿਹੇ ਅਖੌਤੀ ਬਾਬਿਆਂ ਨੂੰ ਮਹਿੰਗੀਆਂ ਏਅਰ-ਕੰਡੀਸ਼ੰਡ ਕਾਰਾਂ ਵਿਚ ਸਫ਼ਰ ਕਰਨ ਦਾ ਸੁਆਦ ਪੈ ਗਿਆ ਹੈ, ਜਿਹੜੀਆਂ ਸ਼ਰਧਾਲੂਆਂ ਦੇ ਚੜ੍ਹਾਵੇ ਦੇ ਤਾਣ ਉਪਰ ਹੀ ਚਲਦੀਆਂ ਹਨ।



ਬਾਬਾ ਜਗਤਾਰ ਸਿੰਘ ਦੇ ਚੇਲੇ ਅਮਰੀਕ ਸਿੰਘ ਵਿਰੁੱਧ ਕਈ ਅਪਰਾਧਸ਼ੀਲ ਕੇਸ ਦਰਜ ਹੋਏ ਹਨ ਜਿਸ ਨੇ ਕਾਰ ਸੇਵਾ ਦੀ ਸੰਸਥਾ ਨੂੰ ਬਦਨਾਮ ਕਰ ਦਿੱਤਾ ਹੈ। ਇਸ ਬਾਬੇ ਦੇ ਰਈਸੀ ਰਹਿਣ-ਸਹਿਣ ਨੇ ਉਨ੍ਹਾਂ ਸ਼ਰਧਾਲੂਆਂ ਦੇ ਦਿਲ ਨੂੰ ਠੇਸ ਪਹੁੰਚਾਈ ਹੈ ਜਿਹੜੇ ਇਸ ਪੁਰਾਤਨ ਸਿੱਖ ਸੰਸਥਾ ਉਤੇ ਪੂਰਨ ਵਿਸ਼ਵਾਸ ਰੱਖਦੇ ਹਨ। ਇਸ ਖ਼ਬਰ ਨਾਲ ਕਿ ਅਮਰੀਕ ਸਿੰਘ, ਤਰਨਤਾਰਨ ਸਾਹਿਬ ਵਾਲੇ ਬਾਬਾ ਜਗਤਾਰ ਸਿੰਘ ਦੇ ਡੇਰੇ ਪੈਸੇ ਦਾ ਹੇਰ ਫੇਰ ਕੀਤਾ, ਸਿੱਖ ਸੰਗਤਾਂ ਨੂੰ ਬਹੁਤ ਵੱਡਾ ਝਟਕਾ ਲੱਗਾ ਹੈ।

ਅਮਰੀਕ ਸਿੰਘ ਦੀਆਂ ਮੁਸ਼ਕਿਲਾਂ ਉਸ ਸਮੇਂ ਹੋਰ ਵਧ ਗਈਆਂ, ਜਦੋਂ ਕੁਝ ਸਨਸਨੀਖੇਜ਼ ਦਸਤਾਵੇਜ਼ ਪਟਿਆਲਾ ਪੁਲੀਸ ਦੇ ਹੱਥ ਆ ਗਏ। ਇਹ ਦਸਤਾਵੇਜ਼ ਪੰਜਾਬ ਦੇ ਕਈ ਹਿੱਸਿਆਂ ਵਿਚ ਜ਼ਮੀਨਾਂ ਖਰੀਦਣ ਅਤੇ ਕਥਿਤ ਦੋਸ਼ੀਆਂ ਦੇ ਬੈਂਕ ਖਾਤਿਆਂ ਨਾਲ ਸਬੰਧਿਤ ਸਨ। ਅਮਰੀਕ ਸਿੰਘ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰੋਵਰ ਦੀ ਕਾਰ-ਸੇਵਾ, ਤਰਨਤਾਰਨ ਵਿਖੇ ਸ੍ਰੀ ਦਰਬਾਰ ਸਾਹਿਬ ਉਤੇ ਸੋਨੇ ਦੇ ਪੱਤਰੇ ਚੜ੍ਹਾਉਣ ਦੀ ਸੇਵਾ ਅਤੇ ਪਾਕਿਸਤਾਨ ਵਿਚ ਗੁਰਦੁਆਰਿਆਂ ਦੀ ਕਾਰ ਸੇਵਾ ਦੀ ਦੇਖ-ਭਾਲ ਕਰਦਾ ਸੀ। ਇਨ੍ਹਾਂ ਪਵਿੱਤਰ ਕਾਰਜਾਂ ਲਈ ਉਸਨੇ ਸਿੱਖ ਸੰਗਤਾਂ ਤੋਂ ਵੱਡੀਆਂ-ਵੱਡੀਆਂ ਰਕਮਾਂ ਦਾਨ ਵਜੋਂ ਲਈਆਂ ਸਨ। ਅਮਰੀਕ ਸਿੰਘ ਨੂੰ ਕਈ ਦਿਨ ਡੇਰੇ ਵਿਚ ਨਜ਼ਰਬੰਦ ਰੱਖਿਆ ਗਿਆ। ਪਰ ਇਕ ਦਿਨ ਉਹ ਅੰਮ੍ਰਿਤਸਰ ਤੋਂ ਦੁਆਈਆਂ ਖ਼ਰੀਦਣ ਦੇ ਬਹਾਨੇ ਕਿਤੇ ਖਿਸਕ ਗਿਆ।

ਪਟਿਆਲਾ ਪੁਲੀਸ ਨੇ ਡਾਇਰੈਕਟਰ ਜਨਰਲ ਪੁਲੀਸ ਦੇ ਦਖ਼ਲ ਦੇਣ 'ਤੇ ਬਾਬਾ ਅਮਰੀਕ ਸਿੰਘ ਖ਼ਿਲਾਫ਼ ਇਕ ਨਵਾਂ ਕੇਸ ਦਰਜ ਕਰ ਲਿਆ ਜਦੋਂ ਬਾਬਾ ਗੁਰਮੀਤ ਸਿੰਘ ਨੇ ਜ਼ਮੀਨ ਖਰੀਦਣ ਦੇ ਸਬੰਧ ਵਿਚ ਕੁਝ ਦਸਤਾਵੇਜ਼ ਪੇਸ਼ ਕੀਤੇ।

ਬਾਬਾ ਅਮਰੀਕ ਸਿੰਘ ਖ਼ਿਲਾਫ਼ ਦਰਜ ਹੋਈ ਐੱਫ.ਆਈ.ਆਰ ਤੋਂ ਪਤਾ ਲੱਗਾ ਕਿ ਸੈਨਚੂਰੀਅਨ ਬੈਂਕ ਆਫ਼ ਪੰਜਾਬ ਪਟਿਆਲਾ ਵਿਚ ਬਾਬੇ ਦੇ ਕਈ ਖਾਤੇ ਸਨ। ਇਨ੍ਹਾਂ ਬੈਂਕ ਖਾਤਿਆਂ ਦੀਆਂ ਸੂਚੀਆਂ ਪੜ੍ਹ ਕੇ ਪਤਾ ਲੱਗਾ ਕਿ ਅਮਰੀਕ ਸਿੰਘ ਤੇ ਉਸ ਦੇ ਸਾਥੀ ਗੁਰਇਕਬਾਲ ਸਿੰਘ ਅਤੇ ਅਮਨਦੀਪ ਸਿੰਘ ਕਥਿਤ ਤੌਰ 'ਤੇ ਕਿਵੇਂ ਫੰਡਾਂ ਦਾ ਗਬਨ ਕਰਦੇ ਸਨ। ਅਮਰੀਕ ਸਿੰਘ ਨੇ ਪਟਿਆਲੇ ਦੇ ਨੇੜੇ, ਬਹਾਦਰਗੜ੍ਹ ਦੇ ਕੋਲ ਇਕ ਪਿੰਡ ਵਿਚ 27 ਕਨਾਲ ਪੰਜ ਮਰਲੇ ਜ਼ਮੀਨ ਖਰੀਦੀ ਹੋਈ ਸੀ। ਬਾਬਾ ਅਮਰੀਕ ਸਿੰਘ ਅਤੇ ਉਸ ਦੇ ਸਾਥੀਆਂ ਦੇ ਖ਼ਿਲਾਫ਼ ਧਾਰਾ 420, 406, 409, 465, 468, 470, 471 ਅਤੇ 120 ਬੀ ਦੇ ਆਧਾਰ 'ਤੇ ਇਕ ਨਵੀਂ ਐਫ਼.ਆਈ.ਆਰ ਦਰਜ ਕੀਤੀ ਗਈ ਸੀ। ਬਾਅਦ ਵਿਚ ਕੋਈ ਠੋਸ ਸਬੂਤ ਨਾ ਮਿਲਣ 'ਤੇ ਕਥਿਤ ਦੋਸ਼ੀ ਜ਼ਮਾਨਤਾਂ 'ਤੇ ਰਿਹਾ ਹੋ ਗਏ।

ਅਮਰੀਕ ਸਿੰਘ ਤੇ ਉਸ ਦੇ ਸਾਥੀਆਂ ਖ਼ਿਲਾਫ਼ ਕੂਮ ਕਲਾਂ (ਲੁਧਿਆਣਾ) ਵਿਚ ਵੀ ਇਕ ਹੋਰ ਐੱਫ.ਆਈ.ਆਰ. ਦਰਜ ਹੋਈ ਸੀ ਜੋ ਬਾਬੇ ਦੇ ਸਾਬਕਾ ਡਰਾਈਵਰ ਕੁਲਦੀਪ ਸਿੰਘ ਨੇ ਦਰਜ ਕਰਾਈ ਸੀ। ਇਸ ਰਿਪੋਰਟ ਵਿਚ ਕੁਲਦੀਪ

ਸਿੰਘ ਨੇ ਇਲਜ਼ਾਮ ਲਾਇਆ ਸੀ ਕਿ ਅਮਰੀਕ ਸਿੰਘ ਤੇ ਉਸ ਦੇ ਹਮਾਇਤੀਆਂ ਨੇ ਬਾਬਾ ਜਗਤਾਰ ਸਿੰਘ ਅਤੇ ਉਸ ਦੇ ਅਨੁਯਾਈਆਂ ਦੀ ਕੁੱਟ-ਮਾਰ ਕੀਤੀ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਕ ਮੈਨੇਜਰ, ਜੋ ਅਮਰੀਕ ਸਿੰਘ ਨੂੰ ਪਨਾਹ ਦਿੰਦਾ ਸੀ, ਉਸ ਨੂੰ ਵੀ ਪੁਲੀਸ ਨੇ ਗ੍ਰਿਫਤਾਰ ਕਰ ਲਿਆ ਸੀ। ਅਮਰੀਕ ਸਿੰਘ ਜਦੋਂ ਭਗੌੜਾ ਹੋ ਗਿਆ ਤਾਂ ਡੇਰੇ ਦੇ ਮੁਖੀ ਬਾਬਾ ਜਗਤਾਰ ਸਿੰਘ ਨੇ ਅਮਰੀਕ ਸਿੰਘ ਨੂੰ ਦਿੱਤਾ ਹੋਇਆ ਮੁਖ਼ਤਿਆਰ-ਨਾਮਾ ਰੱਦ ਕਰਵਾ ਦਿੱਤਾ। ਡੇਰਾ ਮੁਖੀ ਨੇ ਜਨਤਕ ਇਸ਼ਤਿਹਾਰਾਂ ਰਾਹੀਂ ਸਿੱਖ ਸੰਗਤਾਂ ਨੂੰ ਸੂਚਿਤ ਕੀਤਾ ਕਿ ਉਹ ਅਮਰੀਕ ਸਿੰਘ ਦੀਆਂ ਸਰਗਰਮੀਆਂ ਤੋਂ ਖ਼ਬਰਦਾਰ ਰਹਿਣ।

ਅਮਰੀਕ ਸਿੰਘ ਪਾਕਿਸਤਾਨ ਵਿਚਲੇ ਗੁਰਦੁਆਰਿਆਂ ਦੀ ਕਾਰ ਸੇਵਾ ਕਰਨ ਲਈ ਪਾਕਿਸਤਾਨ ਦਾ ਬਹੁ-ਭਾਗੀ ਵੀਜ਼ਾ ਹਾਸਲ ਕਰਨ ਵਿਚ ਕਾਮਯਾਬ ਹੋ ਗਿਆ ਸੀ। ਸੋਨੇ ਦੀ ਉਹ ਪਾਲਕੀ ਅਮਰੀਕ ਸਿੰਘ ਦੀ ਦੇਖ-ਰੇਖ ਵਿਚ ਬਣੀ ਸੀ, ਜਿਸ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਕਿਸਤਾਨ ਲੈ ਕੇ ਗਈ ਸੀ।

ਅਮਰੀਕ ਸਿੰਘ ਜਿਸ ਦੀ ਉਮਰ ਹੁਣ ਤਕਰੀਬਨ 50 ਕੁ ਸਾਲ ਹੈ, 17 ਸਾਲ ਦੀ ਉਮਰ ਵਿਚ ਹੀ ਬਾਬਾ ਜਗਤਾਰ ਸਿੰਘ ਦੇ ਡੇਰੇ ਵਿਚ ਸ਼ਾਮਲ ਹੋ ਗਿਆ ਸੀ। ਉਹ ਕਾਰ ਸੇਵਾ ਕਰਨ ਲਈ ਮਾਇਆ ਇਕੱਤਰ ਕਰਨ ਵਾਸਤੇ ਅਮਰੀਕਾ ਸਮੇਤ ਕਈ ਅਮੀਰ ਦੇਸ਼ਾਂ ਵਿਚ ਗਿਆ ਸੀ।

ਬਾਬਾ ਅਮਰੀਕ ਸਿੰਘ ਨੇ ਜਿਸ ਨੂੰ ਬਾਬਾ ਜਗਤਾਰ ਸਿੰਘ ਕਾਰ ਸੇਵਾ ਵਾਲੇ ਤਰਨਤਾਰਨ ਦੇ ਡੇਰੇ ਵਿਚੋਂ ਕੱਢ ਦਿੱਤਾ ਗਿਆ ਸੀ, ਡੇਰਾ ਮੁਖੀ ਤੇ ਉਸ ਦੇ ਅਨੁਯਾਈਆਂ ਖ਼ਿਲਾਫ਼ ਇਹ ਇਲਜ਼ਾਮ ਲਾਇਆ ਕਿ ਉਨ੍ਹਾਂ ਨੇ ਉਸ ਨੂੰ ਕੈਦ ਕਰ ਕੇ ਕਈ ਦਿਨ 'ਮਾਨਸਕ ਤਸੀਹੇ' ਦਿੱਤੇ ਅਤੇ ਉਨ੍ਹਾਂ ਨੇ ਗਬਨ ਦੇ ਉਹ ਸਾਰੇ ਸਬੂਤ ਨਸ਼ਟ ਕਰਨ ਦੀ ਯੋਜਨਾ ਬਣਾਈ ਜਿਹੜੇ ਉਸ ਨੇ ਇਕੱਠੇ ਕੀਤੇ ਹੋਏ ਸਨ।

ਅਮਰੀਕ ਸਿੰਘ ਨੇ ਇਹ ਇਲਜ਼ਾਮ ਵੀ ਲਾਇਆ ਕਿ ਬਾਬਾ ਜਗਤਾਰ ਸਿੰਘ ਦੇ ਚੇਲੇ ਉਸ ਨੂੰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਚਤਰ-ਸ਼ਤਾਬਦੀ ਸਮੇਂ ਚੁੱਕ ਕੇ ਲੈ ਗਏ ਅਤੇ ਉਸ ਨੂੰ ਡੇਰੇ ਵਿਚ ਗੈਰ-ਕਾਨੂੰਨੀ ਹਿਰਾਸਤ ਵਿਚ ਰੱਖਿਆ, ਜਦੋਂ ਕਿ ਉਹ ਸਖ਼ਤ ਬਿਮਾਰ ਸੀ। ਬਾਅਦ ਵਿਚ ਅਮਰੀਕ ਸਿੰਘ ਨੂੰ ਜ਼ਮਾਨਤ 'ਤੇ ਰਿਹਾ ਕਰ ਦਿੱਤਾ ਗਿਆ ਸੀ।

ਬਾਬਾ ਅਮਰੀਕ ਸਿੰਘ ਦੀ ਸਿੱਧੀ ਨਿਗਰਾਨੀ ਹੇਠ ਇਤਿਹਾਸਕ ਇਮਾਰਤਾਂ ਦੀ ਜੋ ਕਾਰ ਸੇਵਾ ਹੋਈ, ਉਸ ਉਤੇ ਸਵਾਲੀਆ ਨਿਸ਼ਾਨ ਲੱਗ ਜਾਂਦਾ ਹੈ। ਬਾਬਾ ਅਟੱਲ ਜੀ ਦੇ ਨੇੜੇ ਇਕ ਪੁਰਾਣੀ ਇਮਾਰਤ ਸੀ ਜੋ ਸਾਕਾ ਨੀਲਾ ਤਾਰਾ ਦੌਰਾਨ ਹੋਈ ਭਾਰੀ ਗੋਲਾਬਾਰੀ ਵਿਚ ਤਾਂ ਬਚ ਗਈ ਪਰ ਜੁਲਾਈ 2000 ਵਿਚ ਬਾਬਾ ਜਗਤਾਰ ਸਿੰਘ ਕਾਰ ਸੇਵਾ ਵਾਲਿਆਂ ਨੇ ਉਸ ਨੂੰ ਢਾਹ ਦਿੱਤਾ ਸੀ। ਬਾਬਾ ਜਗਤਾਰ ਸਿੰਘ ਨੂੰ ਇਕ ਕਾਰ ਸੇਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੌਂਪੀ ਸੀ। ਇਸ ਇਮਾਰਤ ਦੀ ਇਕ ਕੰਧ ਕੁਝ ਸ਼ਹਿਰ ਵਾਸੀਆਂ ਦੇ ਦਖ਼ਲ ਦੇਣ 'ਤੇ ਬਚ ਗਈ ਸੀ। ਇਹ ਪੁਰਾਤਨ



ਇਮਾਰਤ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਨਾਲ ਸਬੰਧਿਤ ਹੈ। ਗੁਰੂ ਜੀ ਨੇ ਅੱਠ-ਕੋਨਾ ਮੀਨਾਰ ਇਸ ਜਗ੍ਹਾ ਤੋਂ ਬਣਾਉਣਾ ਸ਼ੁਰੂ ਕੀਤਾ ਸੀ। ਤਕਰੀਬਨ ਦੋ ਸਦੀਆਂ ਪਹਿਲਾਂ ਰਣਜੀਤ ਸਿੰਘ ਨੇ ਇਸ ਥਾਂ ਇਕ ਬਾਰਾਂਦਰੀ ਬਣਵਾਈ ਸੀ। ਇਹ ਬਾਰਾਂਦਾਰੀ ਦਰਬਾਰ ਸਾਹਿਬ ਦੇ ਦੱਖਣ ਵਿਚ ਸਥਿਤ ਹੈ ਅਤੇ ਗੁਰੂ ਰਾਮਦਾਸ ਸਰਾਂ ਤੋਂ ਤਕਰੀਬਨ 135 ਮੀਟਰ ਦੂਰ ਹੈ।

ਇਸ ਇਮਾਰਤ ਨੂੰ ਢਾਹੁਣ ਸਮੇਂ ਇਸ ਉਤੇ ਬਣੇ ਕੰਧ ਚਿਤਰ ਅਤੇ ਕਲਾਕਾਰੀ ਦੇ ਹੋਰ ਨਮੂਨੇ ਵੀ ਮਿਟ ਗਏ। ਇਮਾਰਤ ਨੂੰ ਇਹ ਕਹਿ ਕੇ ਢਾਹਿਆ ਗਿਆ ਕਿ ਇਹ ਅਣ-ਸੁਰੱਖਿਅਤ ਹੈ। ਕੁਝ ਸਮੇਂ ਬਾਅਦ ਢਾਹੀ ਗਈ ਇਮਾਰਤ ਦੀਆਂ ਫੋਟੋਆਂ ਦੀ ਮਦਦ ਨਾਲ ਇਸ ਇਮਾਰਤ ਨੂੰ ਪੁਰਾਣੀਆਂ ਨਾਨਕਸ਼ਾਹੀ ਇੱਟਾਂ ਲਾ ਕੇ ਮੁੜ ਉਸਾਰਿਆ ਗਿਆ। ਇਸ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਦੇ ਚੌਗਿਰਦੇ ਨੂੰ ਸੁੰਦਰ ਬਣਾਉਣ ਸਮੇਂ ਕੁਝ ਸ਼ਹਿਰੀਆਂ ਨੇ ਇਸ ਇਮਾਰਤ ਨੂੰ ਢਾਹੁਣ ਤੋਂ ਬਚਾ ਲਿਆ ਸੀ।

ਅਮਰੀਕ ਸਿੰਘ ਦੁਆਰਾ ਸਿੱਖ ਵਿਰਸੇ ਨਾਲ ਸਬੰਧਿਤ ਇਮਾਰਤਾਂ ਨੂੰ ਢਾਹੁਣ ਵਿਰੁਧ ਵਿਰਸਾ-ਮਾਹਿਰਾਂ ਦੀ ਗੱਲ ਸਹੀ ਸਾਬਤ ਹੋ ਗਈ ਹੈ। ਅਮਰੀਕ ਸਿੰਘ, ਸੁਲਤਾਨਪੁਰ ਲੋਧੀ ਵਿਖੇ ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ ਬੇਬੇ ਨਾਨਕੀ ਜੀ ਦੇ ਘਰ ਨੂੰ ਢਾਹੁਣ ਲਈ ਵੀ ਜ਼ਿੰਮੇਵਾਰ ਸੀ। ਉਸ ਨੇ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਦੀ ਛੱਤ 'ਤੇ ਬਣੇ ਹਿੰਦੂ ਦੇਵੀ ਦੇਵਤਿਆਂ ਦੇ ਕੰਧ-ਚਿਤਰ ਵੀ ਬਦਲ ਦਿੱਤੇ ਸਨ। ਸ. ਬਲਵਿੰਦਰ ਸਿੰਘ ਕਹਿੰਦੇ ਹਨ ਕਿ ਪੁਰਾਣੇ ਰਵਾਇਤੀ ਰੰਗਾਂ ਦੀ ਥਾਂ ਐਕਰੀਲਿਕ ਪੇਂਟ ਦੀ ਵਰਤੋਂ ਕੀਤੀ ਗਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਨਵੇਂ ਰੰਗ ਅੱਖਾਂ ਨੂੰ ਸੁਖਾਵੇਂ ਨਹੀਂ ਲਗਦੇ। "ਸਾਨੂੰ ਆਪਣੀਆਂ ਗਲਤੀਆਂ ਤੋਂ ਕੁਝ ਸਿੱਖਣਾ ਚਾਹੀਦਾ ਹੈ। ਲਾਸ ਐਂਜਲਜ਼ (ਅਮਰੀਕਾ) ਦੇ ਗੈਟੀ ਕਨਜ਼ਰਵੇਸ਼ਨ ਇੰਸਟੀਚਿਊਟ ਨੂੰ ਪੁਰਾਣੇ ਕੁਦਰਤੀ ਰੰਗ ਬਣਾਉਣ ਦੀ ਮੁਹਾਰਤ ਹਾਸਲ ਹੈ।"

ਭਾਈ ਅਮਰੀਕ ਸਿੰਘ ਨੇ ਪਾਕਿਸਤਾਨ ਵਿਚ ਵੀ ਗੁਰਦੁਆਰਿਆਂ ਦੀ ਜੋ ਕਾਰ ਸੇਵਾ ਕਰਾਈ ਹੈ, ਉਹ ਵੀ ਉਸੇ ਤਰ੍ਹਾਂ ਗੈਰ-ਪੇਸ਼ਾਵਰਾਨਾ ਢੰਗ ਨਾਲ ਕਰਾਈ ਗਈ ਹੈ। ਇਹ ਗੱਲ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਦੇ ਕੰਧ-ਚਿਤਰਾਂ ਦੀ ਹਾਲਤ ਤੋਂ ਜ਼ਾਹਿਰ ਹੁੰਦੀ ਹੈ ਅਤੇ ਜਾਪਦਾ ਹੈ ਕਿ ਚੂਨਾ ਮੰਡੀ ਲਾਹੌਰ ਵਿਚ ਗੁਰੂ ਰਾਮਦਾਸ ਜੀ ਦੇ ਜਨਮ-ਅਸਥਾਨ ਦਾ ਵੀ, ਕੰਧ-ਚਿਤਰਾਂ ਉਤੇ ਸੰਗਰਮਰ ਦੀਆਂ ਸਲੈਬਾਂ ਲਾ ਕੇ, ਇਹੀ ਹਾਲ ਕੀਤਾ ਗਿਆ।

25 ਮਾਰਚ 2004 ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਦੇ ਪਹਿਲੇ ਦਿਨ ਸ਼ਰਧਾਲੂਆਂ ਦੀ ਬੇਮਿਸਾਲ ਭੀੜ ਇਕੱਤਰ ਹੋ ਗਈ ਸੀ। ਕੀ ਅਮੀਰ ਤੇ ਕੀ ਗਰੀਬ ਸਭ ਆਪਣੇ ਸਿਰਾਂ ਉਤੇ ਗਾਰ ਢੋ ਰਹੇ ਸਨ। ਜਿਨ੍ਹਾਂ ਨੂੰ ਗਾਰ ਚੁੱਕਣ ਲਈ ਲੋਹੇ ਦੇ ਤਸਲੇ ਨਹੀਂ ਮਿਲੇ ਉਹ ਆਪਣੇ ਹੱਥਾਂ ਨਾਲ ਹੀ ਗਾਰ ਚੁੱਕ ਰਹੇ ਸਨ। ਚਾਂਦੀ ਦੀਆਂ ਤਿੰਨ ਕੜਾਹੀਆਂ ਤੇ ਸੋਨੇ ਦੀ ਇਕ ਕਹੀ ਗੁੰਮ ਹੋ ਗਈਆਂ ਸਨ। ਇਹ ਚਾਰੇ ਵਸਤਾਂ ਬੈਂਕ ਆਫ਼ ਪੰਜਾਬ ਨੇ ਭੇਟਾ ਕੀਤੀਆਂ ਸਨ। ਜਦੋਂ ਇਹ

ਖ਼ਬਰ 'ਅੰਗਰੇਜ਼ੀ ਟ੍ਰਿਬਿਊਨ' ਵਿਚ ਛਪੀ ਤਾਂ ਅਮਰੀਕ ਸਿੰਘ ਨੇ ਕਿਹਾ ਕਿ ਸੋਨੇ ਦੀ ਕਹੀ ਸ਼ਾਇਦ ਕਾਰ ਸੇਵਾ ਵਿਚ ਵਰਤੀਆਂ ਜਾਂਦੀਆਂ ਲੋਹੇ ਦੀਆਂ ਕੜਾਹੀਆਂ ਹੇਠ ਕਿਤੇ ਦੱਬੀ ਗਈ ਹੋਵੇਗੀ ਜੋ ਛੇਤੀ ਹੀ ਲੱਭ ਲਈ ਜਾਏਗੀ। ਜਦੋਂ ਇਹ ਮਾਮਲਾ ਜ਼ਿਆਦਾ ਭੱਖ ਗਿਆ ਤਾਂ ਅਮਰੀਕ ਸਿੰਘ ਨੇ ਉਹ ਕਹੀ ਲਿਆ ਕੇ ਹਾਜ਼ਰ ਕਰ ਦਿੱਤੀ। ਬੈਂਕ ਦੇ ਚੇਅਰਮੈਨ ਨੇ ਸੋਨੇ ਦੇ ਪਤਰਿਆਂ ਵਾਲੀਆਂ ਪੰਜ ਕਹੀਆਂ ਅਤੇ ਪੰਜ ਹੀ ਚਾਂਦੀ ਦੀਆਂ ਕੜਾਹੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੇਣ ਦੀ ਬਜਾਏ ਬਾਬਾ ਜਗਤਾਰ ਸਿੰਘ ਨੂੰ ਭੇਟਾ ਕਰ ਦਿੱਤੀਆਂ ਸਨ। ਇਸ ਲਈ ਸ਼੍ਰੋਮਣੀ ਕਮੇਟੀ ਸੋਨੇ ਦੀਆਂ ਕਹੀਆਂ ਤੇ ਚਾਂਦੀ ਦੀਆਂ ਕੜਾਹੀਆਂ ਨੂੰ ਆਪਣੇ ਰਿਕਾਰਡ ਵਿਚ ਦਰਜ ਨਹੀਂ ਕਰ ਸਕੀ ਸੀ।

****



# ਅਤੀਤ ਦੀਆਂ ਨਿਸ਼ਾਨੀਆਂ ਸਾਡੇ ਟੋਭੇ ਤੇ ਤਲਾਅ

ਪਾਣੀ ਦੇ ਤਲਾਅ, ਖਾਸ ਕਰ ਕੇ ਉਹ ਜੋ ਧਾਰਮਕ ਅਸਥਾਨਾਂ ਨਾਲ ਸਬੰਧਿਤ ਹਨ, ਇੰਨੇ ਬੇਕਾਰ ਹੋ ਚੁੱਕੇ ਹਨ ਕਿ ਇੰਜ ਲਗਦਾ ਹੈ ਜਿਵੇਂ ਉਹ ਗੁਜ਼ਰੇ ਹੋਏ ਜ਼ਮਾਨੇ ਦੀਆਂ ਮਹਿਜ਼ ਨਿਸ਼ਾਨੀਆਂ ਹਨ। ਇਹੀ ਕਹਾਣੀ ਸਰਹੱਦ ਨਾਲ ਲਗਦੇ ਇਸ ਇਲਾਕੇ ਦੀ ਹੈ। ਜਿਸ ਦੇ ਸਾਰੇ ਤਲਾਅ ਸੁੱਕ ਗਏ ਹਨ।

ਅੰਮ੍ਰਿਤਸਰ ਪੰਜਾਬ ਦੇ ਬੇਹੱਦ ਪੁਰਾਣੇ ਅਤੇ ਪ੍ਰਸਿੱਧ ਅਸਥਾਨਾਂ ਵਿਚੋਂ ਇਕ ਹੈ। ਇਸ ਦੇ ਇਲਾਕੇ ਵਿਚ, ਪਾਕਿਸਤਾਨ ਦੀ ਸਰਹੱਦ ਦੇ ਨੇੜੇ ਜਿੰਨੇ ਵੀ ਤਲਾਬ ਸਨ, ਉਹ ਸੂਬੇ ਦੀ ਸਰਕਾਰ ਤੇ ਇਲਾਕੇ ਦੇ ਵਸਨੀਕਾਂ ਦੀ ਲਾਪ੍ਰਵਾਹੀ ਕਾਰਨ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਸਾਰੇ ਸੁੱਕ ਗਏ ਹਨ।

ਇਹ ਗੱਲ ਹੁਣ ਸਾਬਤ ਹੋ ਚੁੱਕੀ ਹੈ ਕਿ ਅੰਮ੍ਰਿਤਸਰ ਦਾ ਸਾਰਾ ਜ਼ਿਲ੍ਹਾ ਪੁਰਾਣੇ ਸਮਿਆ ਵਿਚ ਸਿੰਧ ਵਾਦੀ ਦੀ ਸੱਭਿਅਤਾ ਦਾ ਹਿਸਾ ਸੀ। ਇਸ ਇਲਾਕੇ ਵਿਚ ਇਹ ਸੱਭਿਅਤਾ, ਆਰੀਅਨ ਸੱਭਿਅਤਾ ਤੋਂ ਪਹਿਲਾਂ ਪ੍ਰਫੁੱਲਿਤ ਹੋਈ ਸੀ। ਇਕ ਅਧਿਐਨ ਅਨੁਸਾਰ, ਅੰਮ੍ਰਿਤਸਰ (ਜਿਸ ਦਾ ਅਰਥ ਹੈ ਅੰਮ੍ਰਿਤ ਸਰੋਵਰ) ਦੇ ਵਸਣ ਤੋਂ ਪਹਿਲਾਂ ਇਸ ਇਲਾਕੇ ਵਿਚ ਕਈ ਧਾਰਮਕ ਸਰੋਵਰ ਸਨ। ਇਨ੍ਹਾਂ ਸਰੋਵਰਾਂ ਵਿਚੋਂ ਹੁਣ ਥੋੜ੍ਹੇ ਜਿਹੇ ਸਰੋਵਰਾਂ ਵਿਚ ਪਾਣੀ ਹੈ। ਇਨ੍ਹਾਂ ਸਰੋਵਰਾਂ ਤੋਂ ਉਹ ਲੱਖਾਂ ਲੋਕ ਲਾਭ ਉਠਾਉਂਦੇ ਸਨ ਜਿਹੜੇ ਲਾਹੌਰ ਤੋਂ ਫਤਿਹਆਬਾਦ ਅਤੇ ਤਰਨ ਤਾਰਨ ਵਿਚੀਂ ਪੁਰਾਣੀ ਦਿੱਲੀ ਨੂੰ ਸਫ਼ਰ ਕਰਦੇ ਸਨ।

ਇਸ ਤਲਾਬ-ਪ੍ਰਥਾ ਤੋਂ ਪਤਾ ਲਗਦਾ ਹੈ ਕਿ ਵੀਹਵੀਂ ਸਦੀ ਦੀਆਂ ਬੰਨ੍ਹ-ਉਸਾਰੂ ਯੋਜਨਾਵਾਂ ਤੋਂ ਪਹਿਲਾਂ ਭਾਰਤ ਦੇ ਇਸ ਇਲਾਕੇ ਦੇ ਲੋਕ ਪਾਣੀ ਤੋਂ ਕਈ ਤਰ੍ਹਾਂ ਦੇ ਲਾਭ ਲੈਣ ਦੀਆਂ ਵਿਉਂਤਾ ਤੋਂ ਜਾਣੂ ਸਨ ਅਤੇ ਇਹ ਜਲ-ਪ੍ਰਬੰਧ ਅੱਜ ਕੱਲ੍ਹ ਦੇ ਵੱਡੇ ਵੱਡੇ ਡੈਮਾਂ ਦੇ ਉਲਟ ਵਾਤਾਵਰਨ ਨਾਲ ਇਕ-ਸੁਰ ਹੁੰਦੇ ਸਨ। ਇਨ੍ਹਾਂ ਤਲਾਬਾਂ ਦੇ ਕਿਨਾਰੇ ਪੈਲੀਕਨ, ਸਾਰਸ ਤੇ ਬਗਲਿਆਂ ਵਰਗੇ ਪੰਛੀ ਅਤੇ ਹਰਨ, ਜੰਗਲੀ ਸੂਰ ਅਤੇ ਕਈ ਵਾਰੀ ਚੀਤੇ ਵੀ ਆਪਣੇ ਘਰ ਬਣਾ ਲੈਂਦੇ ਸਨ।

ਪਾਕਿਸਤਾਨ ਦੀ ਸਰਹੱਦ ਦੇ ਨੇੜੇ ਕੋਟਲਾ ਵਸਾਵਾ ਸਿੰਘ ਦੇ ਪੁਰਾਤਨ ਸਰੋਵਰ ਵਿਚੋਂ ਜੈਨ ਧਰਮ ਦੇ ਚੌਵੀਵੇਂ ਤੇ ਅੰਤਿਮ ਤੀਰਥੰਕਰ ਭਗਵਾਨ ਮਹਾਂਵੀਰ ਦੀਆਂ ਤਿੰਨ ਮੂਰਤੀਆਂ ਦਾ ਨਿਕਲਣਾ, ਇਸ ਅਸਥਾਨ ਦੀ ਪੁਰਾਤਨਤਾ ਨੂੰ ਸਿੱਧ ਕਰਦਾ ਹੈ। ਇਨ੍ਹਾਂ ਮੂਰਤੀਆਂ ਵਿਚੋਂ ਦੋ ਤਾਂ ਗੁਆਚ ਗਈਆਂ ਹਨ ਅਤੇ ਤੀਜੀ ਮੂਰਤੀ ਧਾਰਮਕ ਅਸਥਾਨ ਦੇ ਬਾਹਰ ਬਿਨਾਂ ਕਿਸੇ ਸੁਰੱਖਿਆ-ਪ੍ਰਬੰਧ ਦੇ ਰੱਖ ਦਿੱਤੀ ਗਈ ਸੀ। ਇਹ ਤਲਾਅ ਇਕ ਟਿੱਬੇ ਦੇ ਨੇੜੇ ਹੈ ਜਿਸ ਵਿਚੋਂ ਪੁਰਾਤਤਵ-

ਵਿਗਿਆਨੀਆਂ ਨੂੰ ਕਈ ਪੁਰਾਣੀਆਂ ਸੱਭਿਅਤਾਵਾਂ ਦੀਆਂ ਨਿਸ਼ਾਨੀਆਂ ਮਿਲੀਆਂ ਹਨ। ਪਰ ਇਸ ਪੁਰਾਤਨ ਤਲਾਅ ਤੇ ਇਸ ਦੇ ਨੇੜੇ ਬਣੀ ਇਕ ਬਾਉਲੀ ਦੀ ਮੌਜੂਦਾ ਹਾਲਤ ਬੜੀ ਖਸਤਾ ਹੈ।

ਲੋਕ ਕਲਿਆਣ ਸੰਮਤੀ ਨੇ ਹਿੰਦ-ਪਾਕਿ ਸਰਹੱਦ ਦੇ ਨੇੜੇ ਵੀਹ ਸ਼ਾਨਦਾਰ ਤਲਾਬਾਂ ਦੀ ਖੋਜ ਕੀਤੀ ਹੈ। ਸੰਮਤੀ ਦੇ ਪ੍ਰਧਾਨ ਸ. ਜਗਮੋਹਨ ਸਿੰਘ ਨੇ ਦੱਸਿਆ ਕਿ ਇਹ ਤਲਾਬ ਸਰਾਏ ਅਮਾਨਤ ਖ਼ਾਨ, ਕੋਟਲਾ ਵਸਾਵਾ ਸਿੰਘ, ਅਟਾਰੀ, ਬੋਪਾਰਾਏ ਕਲਾਂ, ਰਾਜਾਤਲ, ਢੰਡ ਕਸੇਲ, ਚਵਿੰਡਾ ਦੇਵੀ, ਭਕਨਾ ਕਲਾਂ, ਵਣੀਏ ਕੇ, ਪ੍ਰੀਤ ਨਗਰ, ਪੁਲ ਕੰਜਰੀ, ਫ਼ਤਿਹ-ਆਬਾਦ, ਗੰਡੀਵਿੰਡ, ਨੌਰੰਗਾਬਾਦ, ਰਾਮ ਤੀਰਥ ਅਤੇ ਚਮਿਆਰੀ ਆਦਿ ਪਿੰਡਾਂ ਵਿਚ ਬਣੇ ਹੋਏ ਸਨ। ਇਨ੍ਹਾਂ ਵਿਚੋਂ ਸਭ ਤੋਂ ਵੱਡਾ ਤਲਾਅ ਰਾਜਾਤਾਲ ਸੀ, ਜਿਹੜਾ ਨੌਂ ਏਕੜਾਂ ਵਿਚ ਫੈਲਿਆ ਹੋਇਆ ਸੀ। ਉਨ੍ਹਾਂ ਨੇ ਦੱਸਿਆ ਕਿ ਤਕਰੀਬਨ ਹਰ ਤਲਾਬ ਦੇ ਕਿਨਾਰੇ ਇਕ ਮੰਦਰ ਬਨਿਆ ਹੋਇਆ ਸੀ। ਮਿਸਾਲ ਵਜੋਂ, ਢੰਡ ਕਸੇਲ ਦੇ ਤਲਾਬ ਦੇ ਕਿਨਾਰੇ ਇਕ ਮੰਦਰ ਸੀ। ਕਹਿੰਦੇ ਹਨ ਕਿ ਇਹ ਪਿੰਡ ਸ੍ਰੀ ਰਾਮ ਚੰਦਰ ਜੀ ਦੀ ਮਾਤਾ, ਮਾਤਾ ਕੌਸ਼ੱਲਿਆ ਦਾ ਜਨਮ ਅਸਥਾਨ ਸੀ।

ਸਰਾਏ ਅਮਾਨਤ ਖ਼ਾਨ ਆਪਣੇ ਸ਼ਾਨਦਾਰ ਦਰਵਾਜ਼ੇ ਅਤੇ ਗਲੇਜ਼ਡ ਟਾਈਲਾਂ ਦੀ ਸਜਾਵਟ ਕਾਰਨ ਮਸ਼ਹੂਰ ਸੀ। ਇਥੇ ਇਕ ਸੁੰਦਰ ਬਾਉਲੀ ਹੁੰਦੀ ਸੀ, ਜਿਸ ਦੇ ਨੇੜੇ ਇਕ ਖੂਹ ਵੀ ਬਨਿਆ ਹੋਇਆ ਸੀ ਪਰ ਹੁਣ ਇਹ ਦੋਵੇਂ ਚੀਜ਼ਾਂ ਢਹਿ-ਢੇਰੀ ਹੋ ਗਈਆਂ ਹਨ। ਅੰਮ੍ਰਿਤਸਰ ਦੇ ਦੱਖਣ-ਪੱਛਮ ਵਿਚ ਇਕ ਛੋਟੇ ਜਿਹੇ ਪਿੰਡ ਵਿਚ ਵੀ ਇਸ ਤਰ੍ਹਾਂ ਦਾ ਇਕ ਸੁੰਦਰ ਢਾਂਚਾ ਬਨਿਆ ਹੋਇਆ ਸੀ। ਹੁਣ ਉਹ ਤਬਾਹ ਹੋ ਚੁੱਕਾ ਹੈ। ਸਰਾਂ ਦਾ ਮੁਗ਼ਲ ਇਮਾਰਤਸਾਜ਼ੀ ਦੇ ਨਮੂਨੇ ਦਾ ਇਕ ਸ਼ਾਨਦਾਰ ਦਰਵਾਜ਼ਾ ਸੀ। ਅਮਾਨਤ ਖ਼ਾਨ ਦੇ ਮਕਬਰੇ ਦੇ ਆਲੇ-ਦੁਆਲੇ ਚਾਰ ਮੀਨਾਰ ਬਣੇ ਹੋਏ ਸਨ। ਮਕਬਰੇ ਦੇ ਨੇੜੇ ਮਸਜਿਦ ਦੀ ਇਮਾਰਤ ਨੂੰ ਫਾਰਸੀ ਦੇ ਸ਼ਿਅਰ ਉੱਕਰ ਕੇ ਸਜਾਇਆ ਗਿਆ ਸੀ।

ਮੁਗ਼ਲਾਂ ਦੇ ਸਮੇਂ ਵਿਚ ਅਟਾਰੀ ਗੋਇੰਦਵਾਲ ਨੂੰ ਜਾਂਦੀ ਬਾਦਸ਼ਾਹੀ ਸੜਕ, ਤਰਨ ਤਾਰਨ ਜ਼ਿਲ੍ਹੇ ਦੀਆਂ ਸਰਾਵਾਂ ਅਮਾਨਤ ਖ਼ਾਨ, ਨੂਰਦੀਨ, ਨੌਰੰਗਬਾਦ ਅਤੇ ਫ਼ਤਿਹਆਬਾਦ ਵਿਚੀਂ ਲੰਘਦੀ ਸੀ। ਇਹ ਸਰਾਵਾਂ ਇਕੋ ਜਿਹੀ ਬਣਤਰ ਅਤੇ ਨਾਪ ਦੀਆਂ ਬਣੀਆਂ ਹੋਈਆਂ ਸਨ ਜਿਨ੍ਹਾਂ ਦੇ ਨੇੜੇ ਤਲਾਅ ਬਣੇ ਹੋਏ ਸਨ। ਇਨ੍ਹਾਂ ਥਾਵਾਂ ਦੀ ਵਸੋਂ ਦੁਆਲੇ ਚਾਰਦੀਵਾਰੀ ਬਣੀ ਹੁੰਦੀ ਸੀ ਅਤੇ ਸਾਰੇ ਲੋਕ ਸਰਾਵਾਂ ਦੇ ਅੰਦਰ ਰਹਿੰਦੇ ਸਨ। ਇਕ ਸੌ ਗਜ਼ ਲੰਮੀ ਤੇ ਇੰਨੀ ਹੀ ਚੌੜੀ ਸਰਾਏ ਅਮਾਨਤ ਖ਼ਾਨ, ਅੰਮ੍ਰਿਤਸਰ ਤੋਂ 29 ਕਿਲੋਮੀਟਰ ਅਤੇ ਅਟਾਰੀ ਤੋਂ ਚਾਰ ਕਿਲੋਮੀਟਰ ਦੂਰ ਹੈ। ਸਰਾਏ ਅਮਾਨਤ ਖ਼ਾਨ ਤੋਂ 12 ਕਿਲੋਮੀਟਰ ਦੂਰ, ਤਰਨ ਤਾਰਨ ਦੀ ਸੜਕ 'ਤੇ ਇਕ ਹੋਰ ਸਰਾਂ ਹੈ ਜਿਸ ਨੂੰ ਨੂਰਦੀਨ ਦੀ ਸਰਾਂ ਕਹਿੰਦੇ ਹਨ। ਨੂਰਦੀਨ ਤੋਂ ਗੋਇੰਦਵਾਲ ਵਾਲੇ ਪਾਸੇ ਤਕਰੀਬਨ 11 ਕਿਲੋਮੀਟਰ ਦੂਰ ਨੌਰੰਗਾਬਾਦ ਦੀ ਸਰਾਂ ਹੈ। ਇਹ ਸਰਾਂ ਵੀ ਹੁਣ ਉੱਜੜ-ਪੁੱਜੜ ਚੁੱਕੀ ਹੈ।



ਜੇ ਤੁਸੀਂ ਸਫ਼ਰ ਕਰਦੇ ਜਾਓ, ਤਾਂ ਅੰਮ੍ਰਿਤਸਰ ਤੋਂ 30 ਕਿਲੋਮੀਟਰ ਦੂਰ, ਗੋਇੰਦਵਾਲ ਸਾਹਿਬ ਇਕ ਹੋਰ ਦਰਸ਼ਨ ਕਰਨ-ਯੋਗ ਥਾਂ ਹੈ। ਇੱਥੇ ਬਣੀ ਸੁੰਦਰ ਬਾਉਲੀ ਨੂੰ ਸੰਗਮਰਮਰ ਲਾ ਕੇ ਸਜਾਇਆ ਗਿਆ ਹੈ। ਪਰ ਕਾਰ ਸੇਵਾ ਦੌਰਾਨ ਇਸ ਦੀ ਪੁਰਾਤਨਤਾ ਨੂੰ ਵੀ ਸੁਰੱਖਿਅਤ ਨਹੀਂ ਕੀਤਾ ਜਾ ਸਕਿਆ।

ਇਕ ਪੁਰਾਤੱਤਵ-ਵਿਗਿਆਨੀ ਸ੍ਰੀ ਦੇਵ ਦਰਦ ਕਹਿੰਦੇ ਹਨ ਕਿ ਉਨ੍ਹਾਂ ਦਿਨਾਂ ਵਿਚ ਪਿੰਡਾਂ ਦੇ ਲੋਕ ਕਈ ਤਰੀਕਿਆਂ ਨਾਲ ਪਾਣੀ ਦੀ ਸੰਭਾਲ ਕਰਦੇ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਪੁਰਾਣੇ ਸਮਿਆਂ ਵਿਚ ਮੰਦਰਾਂ ਦੇ ਤਲਾਬ ਜਲ-ਪ੍ਰਬੰਧ ਦਾ ਮਹੱਤਵਪੂਰਨ ਹਿੱਸਾ ਹੁੰਦੇ ਸਨ। ਦੇਸ਼ ਵੀ ਵੰਡ ਨੇ ਮੰਦਰਾਂ ਨਾਲ ਬਣੇ ਜਲ-ਸਰੋਵਰਾਂ ਦਾ ਬਹੁਤ ਭਾਰੀ ਨੁਕਸਾਨ ਕੀਤਾ ਹੈ।

## ਟੋਭਿਆਂ ਉਤੇ ਨਾਜਾਇਜ਼ ਕਬਜ਼ੇ

ਭੋਂ-ਲੋਟੂਆਂ ਨੇ ਪਿੰਡਾਂ ਦੇ ਪੁਰਾਣੇ ਟੋਭਿਆਂ ਉਤੇ ਨਾਜਾਇਜ਼ ਕਬਜ਼ੇ ਕਰ ਲਏ ਹਨ। ਮੌਸਮ ਅਨੁਸਾਰ ਇਨ੍ਹਾਂ ਟੋਭਿਆਂ ਵਿਚ ਪਾਣੀ ਭਰਦਾ ਤੇ ਸੁੱਕਦਾ ਰਹਿੰਦਾ ਸੀ। ਇਹ ਟੋਭੇ ਮੀਂਹ ਦਾ ਪਾਣੀ ਸੰਭਾਲਣ ਦੇ ਕੰਮ ਆਉਂਦੇ ਸਨ। ਇਨ੍ਹਾਂ ਟੋਭਿਆਂ ਵਿਚ ਪਸ਼ੂ ਖੂਬ ਤਾਰੀਆਂ ਲਾਉਂਦੇ ਸਨ।

ਸਬੰਧਿਤ ਅਧਿਕਾਰੀ ਅੰਗਰੇਜ਼ੀ ਰਾਜ ਵੇਲੇ ਦੇ ਲਈਅਰ ਵੈਲੀ-ਕਮ-ਰੋਜ਼ ਗਾਰਡਨ ਦੀ ਜਲ-ਪ੍ਰਬੰਧ ਵਿਵਸਥਾ ਨੂੰ ਵੀ ਨਹੀਂ ਬਚਾ ਸਕੇ। ਜੋ 'ਚਾਲੀ ਖੂਹ' ਦੇ ਨਾਂ ਨਾਲ ਪ੍ਰਸਿੱਧ ਹੈ ਅਤੇ ਰਾਮ ਬਾਗ ਤੋਂ ਬਾਅਦ ਸ਼ਹਿਰ ਵਿਚ ਹਵਾਖੋਰੀ ਲਈ ਦੂਜਾ ਹਰਾ ਸਥਾਨ ਹੈ। ਚਾਲੀ ਏਕੜ ਵਿਚ ਫੈਲਿਆ ਇਹ ਬਾਗ, ਸੰਘਣੀ ਆਬਾਦੀ ਵਾਲੇ ਜੌੜਾ ਫਾਟਕ ਮਹੱਲੇ ਵਿਚ ਇਕ ਅਦਭੁਤ ਸੁੰਦਰ ਦ੍ਰਿਸ਼ ਪੇਸ਼ ਕਰਦਾ ਹੈ। ਇਸ ਬਾਗ ਵਿਚ ਬਣੇ 40 ਖੂਹ 70 ਸਾਲਾਂ ਤਕ ਸਾਰੇ ਸ਼ਹਿਰ ਨੂੰ ਪਾਣੀ ਮੁਹੱਈਆ ਕਰਦੇ ਰਹੇ ਹਨ। ਇਹ ਜਲ-ਪ੍ਰਬੰਧ ਸੂਬੇ ਵਿਚ ਜਲ-ਸਪਲਾਈ ਦੇ ਤਕਨੀਕੀ ਪ੍ਰਬੰਧ ਦੇ ਆਗਾਜ਼ ਨਾਲ ਸਬੰਧਿਤ ਹੈ। ਪੰਜਾਬ ਵਿਚ ਜਲ-ਸਪਲਾਈ ਦਾ ਆਧੁਨਿਕ ਪ੍ਰਬੰਧ, ਅੰਗਰੇਜ਼ੀ ਰਾਜ ਦੇ ਆਉਣ ਨਾਲ ਸ਼ੁਰੂ ਹੋਇਆ। ਜਲ-ਸਪਲਾਈ ਦੇ ਇਸ ਪ੍ਰਬੰਧ ਨੇ 1902 ਵਿਚ ਪੰਜਾਬ ਦੇ ਤਿੰਨ ਵੱਡੇ ਸ਼ਹਿਰਾਂ ਪਟਿਆਲਾ, ਲੁਧਿਆਣਾ ਤੇ ਅੰਮ੍ਰਿਤਸਰ ਨੂੰ ਪਾਣੀ ਮੁਹੱਈਆ ਕਰਨ ਦਾ ਵੱਡਾ ਕਾਰਜ ਆਪਣੇ ਜ਼ਿੰਮੇ ਲਿਆ।

ਪਟਿਆਲਾ ਸ਼ਹਿਰ ਲਈ 12 ਖੂਹ ਪੁੱਟੇ ਗਏ। ਲੁਧਿਆਣੇ ਲਈ 24 ਅਤੇ ਅੰਮ੍ਰਿਤਸਰ ਲਈ ਸਭ ਤੋਂ ਵਧ 40 ਖੂਹ ਪੁੱਟੇ ਗਏ। ਉਸ ਸਮੇਂ ਅੰਮ੍ਰਿਤਸਰ ਦੀ ਤਰੱਕੀ ਦੇ ਪੱਧਰ ਦਾ ਅੰਦਾਜ਼ਾ ਉਸ ਸਮੇਂ ਅੰਮ੍ਰਿਤਸਰ ਅਤੇ ਹੋਰ ਸ਼ਹਿਰਾਂ ਲਈ ਪੁੱਟੇ ਗਏ ਖੂਹਾਂ ਦੀ ਗਿਣਤੀ ਦੇ ਫਰਕ ਤੋਂ ਲਾਇਆ ਜਾ ਸਕਦਾ ਹੈ।

ਅੰਗਰੇਜ਼ ਇੰਜੀਨੀਅਰਾਂ ਨੇ ਇਹ ਨਿਰ-ਵਿਘਨ ਜਲ-ਸਪਲਾਈ ਪ੍ਰਬੰਧ ਬੜੀ ਵਿਉਂਤ ਨਾਲ ਸਥਾਪਿਤ ਕੀਤਾ ਸੀ ਅਤੇ ਇਸ ਦੇ ਇਰਦ-ਗਿਰਦ ਹਰੀ ਪੱਟੀ ਬਣਾਈ ਗਈ ਸੀ। ਉਨ੍ਹਾਂ ਨੇ ਜਲ-ਪ੍ਰਬੰਧ ਲਈ 125 ਹਾਰਸਪਾਵਰ ਇੰਜਨਾਂ ਦੀ

ਵਰਤੋਂ ਕੀਤੀ। ਜਲ-ਸਪਲਾਈ ਕੇਂਦਰਾਂ ਉਤੇ ਅਧਿਕਾਰੀਆਂ ਦੀ ਰਿਹਾਇਸ਼ ਲਈ ਕੁਆਰਟਰ ਤੇ ਬੰਗਲੇ ਬਣਾਏ ਗਏ। ਇਹ ਇਮਾਰਤਾਂ ਅਜੇ ਵੀ ਕਾਇਮ ਹਨ। ਅੰਮ੍ਰਿਤਸਰ ਮਿਊਂਸਪਲ ਕਾਰਪੋਰੇਸ਼ਨ ਦੇ ਕੁਝ ਮੁਲਾਜ਼ਮ ਅਜੇ ਵੀ ਇਨ੍ਹਾਂ ਕੁਆਰਟਰਾਂ ਵਿਚ ਰਹਿਣ ਲਈ ਤਿਆਰ ਹਨ, ਹਾਲਾਂਕਿ ਇਨ੍ਹਾਂ ਰਿਹਾਇਸ਼ੀ ਕੁਆਰਟਰਾਂ ਦੇ ਨੇੜੇ ਇਕ ਇਕ ਬੋਅ-ਮਾਰਦਾ ਛੱਪੜ ਹੈ। ਇਹ ਛੱਪੜ ਮੱਛਰਾਂ ਦੀ ਜਨਮ ਭੂਮੀ ਬਣ ਗਿਆ ਹੈ ਅਤੇ ਇਸ ਦੀ ਬੋਅ ਦੂਰ ਤੋਂ ਹੀ ਮਹਿਸੂਸ ਹੋਣ ਲਗ ਪੈਂਦੀ ਹੈ।

ਇੱਥੇ ਹੀ ਬਸ ਨਹੀਂ। ਇਤਿਹਾਸਕ ਰਾਮ ਬਾਗ ਦੇ ਚੌਗਿਰਦੇ ਬਣੀ ਖਾਈ ਅਤੇ 12 ਦਰਵਾਜ਼ੇ ਵੀ ਵਿਕਾਸ ਦੇ ਨਾਂ 'ਤੇ ਤਬਾਹ ਕਰ ਦਿੱਤੇ ਗਏ ਹਨ।

ਇਸ ਸਭ ਕੁਝ ਦੇ ਬਾਵਜੂਦ ਪ੍ਰਸ਼ਾਸਨ ਇਹ ਕਹਿੰਦਾ ਹੈ ਕਿ ਫੰਡਾਂ ਦੀ ਕਮੀ ਅਤੇ ਸਾਂਭ-ਸੰਭਾਲ ਦੀ ਘਾਟ ਕਾਰਨ ਰਾਮ ਬਾਗ ਦੀ ਪੁਰਾਣੀ ਆਨ-ਸ਼ਾਨ ਬਹਾਲ ਨਹੀਂ ਕੀਤੀ ਜਾ ਸਕਦੀ।

****



**ਭਾਗ ਨੌਵਾਂ**

# ਵਪਾਰ ਤੇ ਵਿਘਨਕਾਰ

ਸੋਨੇ ਤੋਂ ਲੈ ਕੇ ਖ਼ੁਸ਼ਬੂਦਾਰ ਮਹਿੰਗੇ ਮਸਾਲਿਆਂ ਤਕ, ਅੰਮ੍ਰਿਤਸਰ ਪੁਰਾਣੇ ਸਮਿਆਂ ਤੋਂ ਲੈ ਕੇ ਅੱਜ ਤਕ ਵਪਾਰ ਦਾ ਗੜ੍ਹ ਰਿਹਾ ਹੈ ਅਤੇ ਇਹ ਵਿਦੇਸ਼ਾਂ ਨੂੰ ਮਾਲ ਭੇਜਣ ਦਾ ਇਕ ਵੱਡਾ ਵਪਾਰਕ ਕੇਂਦਰ ਹੈ। ਇਸ ਸ਼ਹਿਰ ਦੇ ਵਪਾਰੀ ਆਪਣੇ-ਆਪ ਵਿਚ ਇਕ ਵੱਖਰਾ ਤੇ ਅਹਿਮ ਵਰਗ ਹਨ, ਜਿਨ੍ਹਾਂ ਨੇ ਹਿੰਦੁਸਤਾਨ ਤੇ ਪਾਕਿਸਤਾਨ ਦੇ ਸਬੰਧਾਂ ਦੇ ਸਿਆਸੀ ਉਤਰਾਵਾਂ-ਚੜ੍ਹਾਵਾਂ ਦੇ ਪ੍ਰਭਾਵਾਂ ਨੂੰ ਸਹਿਣਾ ਸਿੱਖ ਲਿਆ ਹੈ, ਜੋ ਉਨ੍ਹਾਂ ਉੱਤੇ ਸਿੱਧਾ ਅਸਰ ਪਾਉਂਦੇ ਹਨ।

- ਬਾਜ਼ਾਰ ਕੇਸਰਿਆਂ, ਬਾਜ਼ਾਰ ਮਿਸ਼ਰੀ, ਮੋਚੀ ਬਾਜ਼ਾਰ, ਕਾਠੀਆਂ ਵਾਲਾ ਬਾਜ਼ਾਰ, ਬਾਂਸਾਂਵਾਲਾ ਬਾਜ਼ਾਰ, ਸ਼ਤੀਰੀਆਂ ਵਾਲਾ ਬਾਜ਼ਾਰ, ਅਤੇ ਸਭ ਤੋਂ ਉਪਰ ਗੁਰੂ ਬਾਜ਼ਾਰ, ਜੋ ਅਸਲ ਵਿਚ ਸਰਾਫ਼ਾ ਬਾਜ਼ਾਰ ਹੈ ਅਤੇ ਨੇੜੇ ਦੇ ਹੋਰ ਬਾਜ਼ਾਰਾਂ ਵਿਚ ਵੀ ਗਾਹਕਾਂ ਦੀ ਭੀੜ ਹੁੰਦੀ ਹੈ ਜੋ ਤੰਗ ਬਾਜ਼ਾਰਾਂ ਵਿਚ ਫਿਰ ਤੁਰ ਕੇ ਆਪਣੀ ਪਸੰਦ ਦੀਆਂ ਵਧੀਆ ਚੀਜ਼ਾਂ ਖ਼ਰੀਦਦੇ ਹਨ, ਜੋ ਸ਼ਹਿਰ ਦੇ ਹੋਰ ਬਾਜ਼ਾਰਾਂ ਵਿਚ ਘਟ ਹੀ ਮਿਲਦੀਆਂ ਹਨ। (ਪਵਿੱਤਰ ਸ਼ਹਿਰ ਦੇ ਪੁਰਾਣੇ ਬਾਜ਼ਾਰ; ਪੰਨਾ-329)
- ਜ਼ਿੰਦਗੀ ਕੁਝ ਦੇਣ ਤੇ ਕੁਝ ਲੈਣ ਦੀ ਪ੍ਰਕਿਰਿਆ ਹੈ। ਇਹ ਪ੍ਰਕਿਰਿਆ ਕੰਧ-ਨਾਲ-ਲਗਦੀ-ਕੰਧ ਵਾਲੇ ਗੁਆਂਢੀਆਂ ਵਿਚ ਵੀ ਹੋ ਸਕਦੀ ਹੈ ਅਤੇ ਕੁਝ ਦੇਸ਼ਾਂ ਦੇ ਵਿਚਕਾਰ ਵੀ। ਅਜਿਹਾ ਵਰਤਾਰਾ ਭਾਰਤ ਤੇ ਪਾਕਿਸਤਾਨ ਵਿਚ ਦੁਸ਼ਮਨੀ ਦੀ ਥਾਂ ਦੋਸਤੀ ਨੂੰ ਵਧਾ ਸਕਦਾ ਹੈ ਅਤੇ ਇਹ ਪ੍ਰਕਿਰਿਆ ਅੱਗੇ ਅਫ਼ਗਾਨਿਸਤਾਨ, ਈਰਾਨ, ਇਰਾਕ ਅਤੇ ਨੇੜੇ ਦੇ ਹੋਰ ਦੇਸ਼ਾਂ ਤਕ ਵਧਾਈ ਜਾ ਸਕਦੀ ਹੈ। (ਬਰਾਮਦ ਦੀ ਉਡੀਕ ਵਿਚ ਅੰਮ੍ਰਿਤਸਰ; ਪੰਨਾ-333)
- ਸ਼ਾਲ ਬਣਾਉਣ ਦੀ ਪੁਰਾਣੀ ਕਾਰਾਗਰੀ ਬਹੁਤ ਸਮਾਂ ਲੈਂਦੀ ਸੀ ਪਰ ਹੁਣ ਕੰਪਿਊਟਰੀ ਡਿਜ਼ਾਈਨਾਂ ਅਤੇ ਖ਼ੂਬਸੂਰਤ ਮਸ਼ੀਨੀ ਸ਼ਾਲਾਂ ਨਾਲ ਬਾਜ਼ਾਰ ਭਰੇ ਹੋਏ ਹਨ। ਊਨੀ ਸਨਅਤ ਦੀ ਮੁਨਾਫ਼ਾ-ਯੋਗਤਾ ਨੇ ਉਤਪਾਦਕਾਂ ਤੇ ਵਪਾਰੀਆਂ ਨੂੰ ਇਸ ਖਾਨਦਾਨੀ ਕਿੱਤੇ ਨਾਲ ਜੋੜੀ ਰੱਖਿਆ ਹੈ। (ਸੁੰਦਰ ਊਨੀ ਵਸਤਾਂ ਦਾ ਸ਼ਹਿਰ; ਪੰਨਾ-338)
- ਕੁਝ ਸ਼ਹਿਰਾਂ ਅਤੇ ਕਸਬਿਆਂ ਨੇ ਕੁਝ ਵਿਸ਼ੇਸ਼ ਚੀਜ਼ਾਂ ਬਣਾਉਣ ਵਿਚ ਮੁਹਾਰਤ ਹਾਸਲ ਕਰ ਕੇ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਪਰ ਸਮੇਂ ਦਾ ਚੱਕਰ ਨਵੀਆਂ ਤਬਦੀਲੀਆਂ ਲਿਆਉਂਦਾ ਰਹਿੰਦਾ ਹੈ। ਜਿਸ ਚੀਜ਼ ਦੀ ਅੱਜ ਬਹੁਤ ਮੰਗ ਹੈ, ਕੱਲ੍ਹ ਨੂੰ ਉਸ ਦਾ ਕੋਈ ਨਾਂ ਵੀ ਨਹੀਂ ਲੈਂਦਾ। (ਕੜਾਹੀਆਂ ਪਤੀਲੇ ਰਸੋਈ 'ਚੋਂ ਬਾਹਰ; ਪੰਨਾ-341)

- ਕਿਰਪਾਨ, ਤਲਵਾਰ ਅਤੇ ਕੁਝ ਹੋਰ ਪੁਰਾਣੇ ਸ਼ਸਤਰਾਂ ਦੀ, ਬਹਾਦਰੀ ਦਿਖਾਉਣ ਲਈ ਅਜੇ ਵੀ ਮੰਗ ਹੈ। ਕੁਝ ਨਵੀਨ ਨਫ਼ੀਸ ਹਥਿਆਰਾਂ ਦੇ ਆਉਣ ਨਾਲ ਇਨ੍ਹਾਂ ਦੀ ਮੰਗ ਘਟ ਗਈ ਹੈ। ਪਰ ਕਿਰਪਾਨ ਦੀ ਮੰਗ ਅਜੇ ਵੀ ਕਾਇਮ ਹੈ ਕਿਉਂਕਿ ਇਹ ਹਥਿਆਰ ਹੋਣ ਦੇ ਨਾਲ-ਨਾਲ ਇਕ ਧਾਰਮਿਕ ਚਿੰਨ੍ਹ ਵੀ ਹੈ। (ਕਿਰਪਾਨ ਬਹਾਦਰ ਸ਼ਹਿਰ; ਪੰਨਾ-345)
- ਅੰਮ੍ਰਿਤਸਰ ਤੋਂ ਬਾਹਰ 'ਅੰਨਗੜ੍ਹ' ਨਾਂ ਦਾ ਇਕ ਮਹੱਲਾ ਹੈ। ਇਸ ਮਹੱਲੇ ਦੇ ਵਸਨੀਕ ਅਵਲੜੇ ਕਿਸਮ ਦੇ ਲੋਕ ਹਨ ਜੋ ਕਿਸੇ ਖ਼ਤਰੇ ਜਾਂ ਗੈਰ-ਕਾਨੂੰਨੀ ਕੰਮ ਤੋਂ ਨਹੀਂ ਡਰਦੇ। ਕਈ ਲੋਕ ਨਿਡਰ ਹੋ ਕੇ ਅੱਗ ਨਾਲ ਚੱਲਣ ਵਾਲੇ ਪਟਾਕੇ ਅਤੇ ਗੈਰ-ਕਾਨੂੰਨੀ ਨਾਜਾਇਜ਼ ਸ਼ਰਾਬ ਬਣਾਉਂਦੇ ਹਨ। (ਅੱਗ ਨਾਲ ਖੇਡਦੇ ਲੋਕ; ਪੰਨਾ-351)
- ਆਧੁਨਿਕ ਸਮਾਂ ਜੀਵਨ ਦੇ ਹਰ ਖੇਤਰ ਵਿਚ ਮੁਹਾਰਤ ਤੇ ਸਰਵ-ਉੱਤਮਤਾ ਦੀ ਆਸ ਰੱਖਦਾ ਹੈ। ਸ਼ਹਿਰ ਵਿਚ ਦਸਤਾਰ ਸਜਾਉਣ ਦੇ ਕਈ ਕੇਂਦਰ ਖੁੱਲ੍ਹ ਰਹੇ ਹਨ, ਤਾਂ ਜੋ ਸਿੱਖ ਨੌਜਵਾਨਾਂ ਦੀ ਸ਼ਾਨਾਂ-ਮੱਤੀ ਦਸਤਾਰ ਦੀ ਖੂਬਸੂਰਤੀ ਨੂੰ ਕਾਇਮ ਰੱਖਿਆ ਜਾ ਸਕੇ। (ਸ਼ਹਿਰ ਵਿਚ ਖੁੱਲ੍ਹ ਰਹੇ ਦਸਤਾਰ ਕੇਂਦਰ; ਪੰਨਾ-354)
- ਇਸ ਵਿਚ ਕੋਈ ਸ਼ਕ ਨਹੀਂ ਕਿ ਪੁਰਾਣੇ ਹਕੀਮਾਂ, ਝੱਟ-ਪੱਟ ਫੋਟੋ ਖਿੱਚਣ ਵਾਲਿਆਂ, ਆਈਸ ਕਰੀਮ ਵੇਚਣ ਵਾਲਿਆਂ ਅਤੇ ਤੰਦੂਰ ਵਾਲਿਆਂ ਦੇ ਧੰਦੇ ਖ਼ਤਮ ਹੁੰਦੇ ਜਾ ਰਹੇ ਹਨ ਪਰ ਲੋਕ ਉਨ੍ਹਾਂ ਨੂੰ ਅਜੇ ਵੀ ਯਾਦ ਕਰਦੇ ਹਨ। (ਲਾਲ ਟੋਪੀ ਵਾਲੇ; ਪੰਨਾ-357)
- ਅੰਮ੍ਰਿਤਸਰ ਨੂੰ 'ਸਿਫ਼ਤੀ ਦਾ ਘਰ' ਕਹਿੰਦੇ ਹਨ ਪਰ ਬੜੇ ਦੁੱਖ ਦੀ ਗੱਲ ਹੈ ਕਿ ਇਹ ਪਵਿੱਤਰ ਸ਼ਹਿਰ 'ਨਸ਼ੇੜੀਆਂ ਦੇ ਸ਼ਹਿਰ' ਵਜੋਂ ਬਦਨਾਮ ਹੋ ਗਿਆ ਹੈ। ਨਸ਼ੀਲੀਆਂ ਦੁਆਈਆਂ ਰਾਹੀਂ ਨੌਜਵਾਨਾਂ ਨੂੰ ਜ਼ਹਿਰ ਖੁਆਇਆ ਜਾ ਰਿਹਾ ਹੈ। ਨਸ਼ਾ ਵਪਾਰ ਕਿਸੇ ਸਰਹੱਦ ਨੂੰ ਨਹੀਂ ਮੰਨਦਾ। ਨਸ਼ੇ ਦੇ ਵਪਾਰੀ, ਦੁਨੀਆ ਦੀ ਸਭ ਤੋਂ ਹਥਿਆਰਬੰਦ ਸਰਹੱਦ ਨੂੰ ਪਾਰ ਕਰਨ ਦਾ ਜੁਗਾੜ ਵੀ ਕਰ ਲੈਂਦੇ ਹਨ। (ਸਾਰੀਆਂ ਸਰਹੱਦਾਂ ਲੰਘ ਗਿਆ ਅਫ਼ੀਮ ਦਾ ਵਪਾਰ; ਪੰਨਾ-361)
- ਨਸ਼ਾ-ਪ੍ਰਭਾਵਿਤ ਸ਼ਹਿਰ; ਪੰਨਾ-365

****



# ਪਵਿੱਤਰ ਸ਼ਹਿਰ ਦੇ ਪੁਰਾਣੇ ਬਾਜ਼ਾਰ

ਸ੍ਰੀ ਹਰਿਮੰਦਰ ਸਾਹਿਬ ਅਤੇ ਗੁਰੂ ਕੇ ਮਹਿਲ ਵਿਚਾਲੇ ਪ੍ਰਫੁੱਲਿਤ ਹੋਇਆ ਗੁਰੂ ਬਾਜ਼ਾਰ ਇਸ ਪਵਿੱਤਰ ਸ਼ਹਿਰ ਦਾ ਸਭ ਤੋਂ ਪੁਰਾਣਾ ਬਾਜ਼ਾਰ ਹੈ। ਅੱਜਕੱਲ੍ਹ ਇਹ ਸੋਨੇ ਚਾਂਦੀ ਦੀ ਮਾਰਕੀਟ ਭਾਵ ਸਰਾਫ਼ਾ ਬਾਜ਼ਾਰ ਵਜੋਂ ਮਸ਼ਹੂਰ ਹੈ, ਜੋ ਇਸ ਸ਼ਹਿਰ ਦੇ ਪੁਰਨੂਰ ਵਿਰਸੇ ਨੂੰ ਅਨੋਖੀ ਸ਼ਾਨ ਬਖਸ਼ਦਾ ਹੈ।

ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਪੁਰਾਣੇ ਸ਼ਹਿਰ ਦੀਆਂ ਵਲਵਲੇਵੇਂ ਖਾਂਦੀਆਂ ਤੰਗ ਸੜਕਾਂ ਤੇ ਗਲੀਆਂ ਹਨ। ਸਾਫ਼-ਸੁਥਰੇ ਬਾਜ਼ਾਰਾਂ ਵਿਚ ਥਾਂ ਪੁਰ ਥਾਂ ਸੋਨੇ ਚਾਂਦੀ ਦੇ ਗਹਿਣਿਆਂ ਦੀਆਂ ਦੁਕਾਨਾਂ ਹਨ। ਕੁਝ ਇਮਾਰਤਾਂ ਪੁਰਾਣੀਆਂ ਪਰ ਸੁੰਦਰ ਦਿਖਾਈ ਦਿੰਦੀਆਂ ਹਨ, ਜਿਨ੍ਹਾਂ ਉਤੇ ਪੁਰਾਣੀ ਕਿਸਮ ਦੀਆਂ ਲੱਕੜ ਜਾਂ ਲੋਹੇ ਦੀਆਂ ਬਾਲਕੋਨੀਆਂ ਬਣੀਆਂ ਹੋਈਆਂ ਹਨ। ਇਤਿਹਾਸ ਪ੍ਰੇਮੀਆਂ ਲਈ ਅੰਮ੍ਰਿਤਸਰ ਇਕ ਆਕਰਸ਼ਕ ਸਥਾਨ ਹੈ। ਸ਼ਹਿਰ ਵਿਚ ਬਹੁਤ ਸਾਰੀਆਂ ਇਤਿਹਾਸਕ ਯਾਦਗਾਰੀ ਇਮਾਰਤਾਂ ਹਨ ਜਿਨ੍ਹਾਂ ਦੀ ਲਾਸਾਨੀ ਸੁੰਦਰਤਾ ਕਲਾ-ਪਾਰਖੂਆਂ ਨੂੰ ਆਪਣੇ ਵੱਲ ਖਿੱਚ ਲੈਂਦੀ ਹੈ।

ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚੋਂ ਲੋਕ ਇੱਥੇ ਆਉਂਦੇ ਹਨ ਤੇ ਸ਼ਹਿਰ ਦੇ ਪੁਰਾਣੇ ਬਾਜ਼ਾਰਾਂ ਵਿਚੋਂ ਆਪਣੀਆਂ ਮਨ-ਪਸੰਦ ਚੀਜ਼ਾਂ ਖਰੀਦ ਕੇ ਲੈ ਜਾਂਦੇ ਹਨ। ਦੀਵਾਲੀ, ਜਿਸ ਦਾ ਅਰਥ ਹੈ 'ਜਗਦੇ ਦੀਵਿਆਂ ਦੀਆਂ ਲੰਮੀਆਂ ਕਤਾਰਾਂ,' ਅੰਮ੍ਰਿਤਸਰ ਦਾ ਸਭ ਤੋਂ ਵਧ ਜੋਸ਼-ਖਰੋਸ਼ ਨਾਲ ਮਨਾਇਆ ਜਾਣ ਵਾਲਾ ਤਿਉਹਾਰ ਹੈ। ਵਪਾਰਕ ਵਰਗ ਦਾ ਨਵਾਂ ਵਪਾਰਕ ਸਾਲ ਦੀਵਾਲੀ ਤੋਂ ਸ਼ੁਰੂ ਹੁੰਦਾ ਹੈ। ਇਸ ਦਿਨ ਖੰਡ ਦੇ ਖਿਡੌਣੇ ਤੇ ਤਰ੍ਹਾਂ ਤਰ੍ਹਾਂ ਦੀਆਂ ਹੋਰ ਮਿੱਠਿਆਈਆਂ ਅਤੇ ਅੰਮ੍ਰਿਤਸਰ ਵਿਚ ਬਣੇ ਸੋਨੇ ਚਾਂਦੀ ਦੇ ਗਹਿਣੇ, ਗਾਹਕਾਂ ਦੀ ਖਿੱਚ ਦਾ ਕੇਂਦਰ ਹੁੰਦੇ ਹਨ।

ਗ਼ਰੀਬ ਲੋਕ ਮਿੱਟੀ ਦੇ ਦੀਵੇ ਬਾਲ ਕੇ ਦੀਵਾਲੀ ਮਨਾਉਂਦੇ ਹਨ। ਪਰ ਹੁਣ ਇਹ ਮਿੱਟੀ ਦੇ ਦੀਵੇ ਵੀ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੋ ਗਏ ਹਨ ਕਿਉਂਕਿ ਸਰ੍ਹੋਂ ਦਾ ਤੇਲ ਮਹਿੰਗਾ ਹੋ ਗਿਆ ਹੈ। ਇਸ ਦੇ ਉਲਟ ਪੁਰਾਣੇ ਗੁਰੂ ਬਾਜ਼ਾਰ ਵਿਚ ਚਾਂਦੀ ਦੇ ਜਗਮਗ ਜਗਮਗ ਕਰਦੇ ਦੀਵੇ ਖਰੀਦਣ ਵਾਲਿਆਂ ਅਮੀਰ ਲੋਕਾਂ ਦੀਆਂ ਕਤਾਰਾਂ ਲੱਗੀਆਂ ਹੁੰਦੀਆਂ ਹਨ। ਰੰਗ-ਬਰੰਗੀ ਹਟਲੀ ਅਤੇ ਗਨੇਸ਼ ਤੇ ਲਕਸ਼ਮੀ ਜੀ ਦੀਆਂ ਮੂਰਤੀਆਂ ਦੀ ਬਹੁਤ ਮੰਗ ਹੁੰਦੀ ਹੈ। 'ਸਿਫ਼ਤੀ ਦੇ ਘਰ' ਦਾ ਗੁਰੂ ਬਾਜ਼ਾਰ ਗਾਹਕਾਂ ਦੀ ਖਿੱਚ ਦਾ ਵੱਡਾ ਕੇਂਦਰ ਹੁੰਦਾ ਹੈ। ਚਾਂਦੀ ਦੇ ਗਹਿਣਿਆਂ ਦੀਆਂ ਦੁਕਾਨਾਂ ਵਿਚ ਕਈ ਵਿਦੇਸ਼ੀ ਵੀ ਵੜਦੇ-ਨਿਕਲਦੇ ਦਿਖਾਈ ਦਿੰਦੇ ਹਨ।

ਗੁਰੂ ਬਾਜ਼ਾਰ ਦੀਆਂ ਦੁਕਾਨਾਂ ਤਕਰੀਬਨ ਸਾਰੇ ਉੱਤਰ ਭਾਰਤ ਨੂੰ ਸੋਨਾ ਤੇ ਚਾਂਦੀ ਮੁਹੱਈਆ ਕਰਦੀਆਂ ਹਨ। ਹਰ ਦੁਕਾਨ ਸੋਨੇ ਚਾਂਦੀ ਦੇ ਗਹਿਣਿਆਂ ਦੇ ਵੱਖ

-ਵੱਖ ਡਿਜ਼ਾਈਨਾਂ ਦਾ ਖ਼ਜ਼ਾਨਾ ਹੈ। ਕਿਸੇ ਦੁਕਾਨ ਦਾ ਇਕ ਬਹੁਤ ਵੱਡਾ ਸ਼ੋਅ-ਰੂਮ ਹੋ ਸਕਦਾ ਹੈ, ਜਦ ਕਿ ਬਾਜ਼ਾਰ ਦੇ ਇਕ ਕੋਨੇ ਵਿਚ ਇਕ ਛੋਟੀ ਜਿਹੀ ਡੱਬਾ-ਨੁਮਾ ਦੁਕਾਨ ਵੀ ਹੋ ਸਕਦੀ ਹੈ।

ਮੱਧਯੁਗੀ ਸਮਿਆਂ ਤੋਂ ਲੈ ਕੇ ਅੱਜ ਤਕ ਅੰਮ੍ਰਿਤਸਰ ਵਪਾਰ ਦਾ ਇਕ ਮਹੱਤਵਪੂਰਨ ਕੇਂਦਰ ਰਿਹਾ ਹੈ। ਪੁਰਾਣੇ ਸਮਿਆਂ ਵਿਚ ਲਾਹੌਰ ਦੇ ਨੇੜੇ ਹੋਣ ਕਰ ਕੇ ਅੰਮ੍ਰਿਤਸਰ ਪੱਛਮੀ ਤੇ ਕੇਂਦਰੀ ਏਸ਼ੀਆ ਦੇ ਗਾਹਕਾਂ ਨੂੰ ਆਪਣੇ ਵੱਲ ਖਿੱਚ ਲੈਂਦਾ ਸੀ। ਅੱਜ ਵੀ ਅੰਮ੍ਰਿਤਸਰ ਕਰ ਉਗਰਾਹੀ ਦਾ ਇਕ ਵੱਡਾ ਸੋਮਾ ਹੈ। ਗੁਰੂ ਬਾਜ਼ਾਰ ਵਿਚ ਹਰਮਨ ਪਿਆਰੇ ਬਰਾਂਡਾਂ ਦੀਆਂ ਵਧੀਆਂ ਵਸਤਾਂ ਵਾਜਬ ਮੁੱਲ 'ਤੇ ਮਿਲ ਜਾਂਦੀਆਂ ਹਨ। ਸਮੇਂ ਦੇ ਬੀਤਣ ਨਾਲ ਭਾਵੇਂ ਬਹੁਤ ਕੁਝ ਬਦਲ ਗਿਆ ਹੈ ਪਰ ਅੰਮ੍ਰਿਤਸਰ ਦੇ ਬਾਜ਼ਾਰਾਂ ਵਿਚ ਪੁਰਾਣੇ ਸਮਿਆਂ ਦੀ ਮਹਿਕ ਅਜੇ ਬਾਕੀ ਹੈ। ਹਰ ਬਾਜ਼ਾਰ ਵਿਚ ਦੂਰ ਤਕ ਦੁਕਾਨਾਂ ਹੀ ਦੁਕਾਨਾਂ ਦਿਖਾਈ ਦਿੰਦੀਆਂ ਹਨ ਜੋ ਕਈ ਤਰ੍ਹਾਂ ਦੀਆਂ ਵਿਸ਼ੇਸ਼ ਵਸਤਾਂ ਵੇਚਦੀਆਂ ਹਨ।

ਗੁਰੂ ਬਾਜ਼ਾਰ ਦਾ ਇਕ ਮੱਹਤਵਪੂਰਨ ਪੱਖ ਇਹ ਹੈ ਕਿ ਇਸ ਦੀਆਂ ਦੁਕਾਨਾਂ ਦੀਆਂ ਉਪਰਲੀਆਂ ਮੰਜ਼ਿਲਾਂ ਭਾਵੇਂ ਘਰ ਦਿਖਾਈ ਦਿੰਦੀਆਂ ਹਨ ਪਰ ਅਸਲ ਵਿਚ ਉਹ ਸੋਨੇ ਦੀਆਂ ਥੋਕ ਦੁਕਾਨਾਂ ਹਨ ਅਤੇ ਉਥੇ ਸੋਨੇ ਦੇ ਗਹਿਣੇ ਬਣਾਏ ਜਾਂਦੇ ਹਨ।

ਇਸ ਤੋਂ ਅਗਲਾ ਬਾਜ਼ਾਰ ਕਟੜਾ ਕਸੇਰਿਆਂ ਬਾਜ਼ਾਰ ਹੈ। ਇਹ ਬਾਜ਼ਾਰ ਸਟੀਲ ਤੇ ਪਿੱਤਲ ਦੇ ਭਾਂਡਿਆਂ ਲਈ ਮਸ਼ਹੂਰ ਹੈ। ਤਕਰੀਬਨ ਇਕ ਸੌ ਤੋਂ ਵੱਧ ਦੁਕਾਨਦਾਰ ਇਸ ਬਾਜ਼ਾਰ ਵਿਚ ਭਾਂਡਿਆਂ ਦਾ ਲਾਹੇਵੰਦ ਵਪਾਰ ਕਰਦੇ ਹਨ। ਬਿਜਲੀ ਦੀ ਰੌਸ਼ਨੀ ਵਿਚ ਉਨ੍ਹਾਂ ਦੇ ਬਰਤਨ ਖ਼ੂਬ ਚਮਕਦੇ ਹਨ। ਜਿੱਥੇ ਗੁਰੂ ਬਾਜ਼ਾਰ ਸੋਨੇ ਚਾਂਦੀ ਦੇ ਗਹਿਣਿਆ ਲਈ ਮਸ਼ਹੂਰ ਹੈ, ਉਥੇ ਬਾਜ਼ਾਰ ਕਸੇਰਿਆਂ ਸਟੀਲ ਤੇ ਪਿੱਤਲ ਦੇ ਭਾਂਡਿਆਂ ਲਈ ਪ੍ਰਸਿੱਧ ਹੈ। ਤਿਉਹਾਰਾਂ ਸਮੇਂ ਅਤੇ ਖ਼ਾਸ ਕਰਕੇ ਦੀਵਾਲੀ ਦੇ ਮੌਕੇ, ਇਨ੍ਹਾਂ ਬਾਜ਼ਾਰਾਂ ਵਿਚ ਬਹੁਤ ਗਹਿਮਾ-ਗਹਿਮੀ ਰਹਿੰਦੀ ਹੈ। ਨਾਲ ਦੇ ਕਟੜੇ ਵਿਚ ਵਿਆਂਹਦੜ ਕੁੜੀਆਂ ਲਈ ਕੱਚ ਦੀਆਂ ਰੰਗ-ਬਰੰਗੀਆਂ ਵੰਗਾਂ ਵਿਕਦੀਆਂ ਹਨ। ਮਜੀਠ ਮੰਡੀ ਵਿਚ ਸੁੱਕੇ ਮੇਵਿਆਂ ਦਾ ਵਪਾਰ ਹੁੰਦਾ ਹੈ। ਇਸ ਬਾਜ਼ਾਰ ਵਿਚ ਅਫ਼ਗਾਨਿਸਤਾਨ ਤੋਂ ਸੁੱਕੇ ਮੇਵੇ ਆਉਂਦੇ ਹਨ।

ਕਟੜਾ ਜੈਮਲ ਸਿੰਘ ਵਿਚ ਸਾੜ੍ਹੀਆਂ ਤੇ ਕਪੜੇ ਦੀਆਂ ਦੁਕਾਨਾਂ ਹਨ। ਸੁੰਦਰ ਲਿਬਾਸ ਪਹਿਨਣ ਦੇ ਸ਼ੈਦਾਈਆਂ ਲਈ ਇਹ ਕਟੜਾ ਸੁਪਨ-ਦੇਸ਼ ਹੈ। ਸੁੰਦਰ ਰੇਸ਼ਮੀ ਕਪੜਿਆਂ ਤੋਂ ਲੈ ਕੇ ਮੁਲਾਇਮ ਉਨੀ ਵਸਤਰਾਂ ਤਕ ਇਨ੍ਹਾਂ ਦੁਕਾਨਾਂ ਵਿਚ ਹਰ ਇਕ ਦੀ ਪਸੰਦ ਦਾ ਕਪੜਾ ਮਿਲਦਾ ਹੈ। ਇੱਥੇ ਪਸ਼ਮੀਨੇ ਦੇ ਕਪੜੇ, ਗੁੰਦਵੀਂ ਕਢਾਈ ਵਾਲੇ ਸੂਟ, ਮਰਦਾਂ ਦੇ ਵਿਆਹ ਵਾਲੇ ਸੁੰਦਰ ਸੂਟ ਅਤੇ ਡਿਜ਼ਾਈਨਰ ਨਾਵਾਂ ਵਾਲੇ ਕਮੀਜ਼ ਤੇ ਟਾਈ ਦੇ ਪੈਕਟ ਵਾਜਬ ਕੀਮਤਾਂ 'ਤੇ ਮਿਲਦੇ ਹਨ।

ਇੱਥੇ ਚਾਂਦੀ ਤੇ ਗਹਿਣਿਆਂ ਦੀ ਵੇਚ-ਵੱਟ ਤੋਂ ਹੁੰਦੀ ਆਮਦਨ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਹੈ ਕਿਉਂਕਿ ਦੁਕਾਨਦਾਰ ਇਹ ਅੰਕੜੇ ਦੱਸਣਾ ਨਹੀਂ ਚਾਹੁੰਦੇ।



ਚਾਂਦੀ ਦੇ ਕਾਰੋਬਾਰ ਵਿਚ ਹਜ਼ਾਰਾਂ ਕਾਰੀਗਰ ਰੁੱਝੇ ਹੋਏ ਹਨ। 'ਗੁਰੂ ਕੀ ਨਗਰੀ' ਦੇ ਕਈ ਪੱਖ ਹਨ। ਇੱਥੋਂ ਦੇ ਵਿਰਾਸਤੀ ਸੱਭਿਆਚਾਰ ਨਾਲ ਇਤਿਹਾਸ ਦੀਆਂ ਕਈ ਤੰਦਾਂ ਜੁੜੀਆਂ ਹੋਈਆਂ ਹਨ, ਜੋ ਇੱਥੇ ਆਉਂਦੇ ਯਾਤਰੀਆਂ ਨੂੰ ਬਿਨਾਂ-ਮੁੱਲ ਹੀ ਪ੍ਰਾਪਤ ਹੋ ਜਾਂਦੀਆਂ ਹਨ।

ਦੀਵਾਲੀ ਦੇ ਅਵਸਰ 'ਤੇ ਘਰਾਂ-ਮਕਾਨਾਂ ਦੀ ਸਫ਼ਾਈ ਕੀਤੀ ਜਾਂਦੀ ਹੈ ਅਤੇ ਤਾਕੀਆਂ ਤੇ ਦਰਵਾਜ਼ੇ ਖੁੱਲ੍ਹੇ ਛੱਡ ਦਿੱਤੇ ਜਾਂਦੇ ਹਨ ਤਾਂ ਜੋ ਧਨ ਦੀ ਦੇਵੀ ਲਕਸ਼ਮੀ ਘਰਾਂ ਦੇ ਅੰਦਰ ਪ੍ਰਵੇਸ਼ ਕਰ ਸਕੇ। ਲਕਸ਼ਮੀ ਦੇਵੀ ਦੇ ਸੁਆਗਤ ਲਈ ਦੀਵੇ ਤੇ ਮੋਮਬੱਤੀਆਂ ਜਗਾਈਆਂ ਜਾਂਦੀਆਂ ਹਨ ਅਤੇ ਘਰਾਂ ਦੁਕਾਨਾਂ ਨੂੰ ਨੰਨ੍ਹੇ ਬਲਬਾਂ ਵਾਲੀਆਂ ਬਿਜਲਈ-ਲੜੀਆਂ ਨਾਲ ਸਜਾਇਆਂ ਜਾਂਦਾ ਹੈ। ਦੀਵਾਲੀ ਇਕ ਬਹੁਤ ਹੀ ਮਹੱਤਵਪੂਰਨ ਹਿੰਦੂ ਤਿਉਹਾਰ ਹੈ। ਇਸ ਦਿਨ ਸ੍ਰੀ ਰਾਮ ਚੰਦਰ ਜੀ ਚੌਦਾਂ ਸਾਲਾਂ ਦਾ ਬਨਵਾਸ ਕੱਟ ਕੇ ਅਯੁੱਧਿਆ ਆਏ ਸਨ। ਇਸ ਤਿਉਹਾਰ ਨੂੰ ਸਿੱਖ ਇਸ ਲਈ ਮਨਾਉਂਦੇ ਹਨ ਕਿਉਂਕਿ ਇਸ ਦਿਨ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲੇ ਵਿਚੋਂ ਰਿਹਾ ਹੋ ਕੇ ਅੰਮ੍ਰਿਤਸਰ ਆਏ ਸਨ। ਕੁਦਰਤੀ ਗੁਰੂ ਜੀ ਦੇ ਰਿਹਾ ਹੋ ਕੇ ਅੰਮ੍ਰਿਤਸਰ ਆਉਣ ਦਾ ਦਿਨ ਦੀਵਾਲੀ ਨਾਲ ਮੇਲ ਖਾ ਗਿਆ। ਮੇਲ ਖਾਣ ਦੀ ਘਟਨਾ ਕਾਰਨ ਦੀਵਾਲੀ ਹਿੰਦੂਆਂ ਤੇ ਸਿੱਖਾਂ ਦਾ ਸਾਂਝਾ ਤਿਉਹਾਰ ਬਣ ਗਈ। ਸੱਭਿਆਚਾਰਕ ਸਾਂਝ ਨੂੰ ਮੁੱਖ ਰੱਖਦੇ ਹੋਏ, ਸਿੱਖਾਂ ਦੇ ਵੱਖਰੇ ਨਾਨਕਸ਼ਾਹੀ ਕਲੰਡਰ ਵਿਚ ਵੀ ਹਿੰਦੂਆਂ, ਸਿੱਖਾਂ ਤੇ ਜੈਨੀਆਂ ਨੂੰ ਮਿਲ ਕੇ ਦੀਵਾਲੀ ਮਨਾਉਣ ਦੀ ਖੁੱਲ੍ਹ ਦਿੱਤੀ ਗਈ ਹੈ।

ਸਿੱਖ ਇਸ ਦਿਨ ਨੂੰ ਬੰਦੀਛੋੜ ਦਿਵਸ ਵਜੋਂ ਵੀ ਮਨਾਉਂਦੇ ਹਨ ਕਿਉਂਕਿ ਇਸ ਦਿਨ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਨਾਲ ਗਵਾਲੀਅਰ ਦੇ ਕਿਲੇ ਵਿਚੋਂ 52 ਹਿੰਦੂ ਰਾਜਿਆਂ ਨੂੰ ਵੀ ਰਿਹਾ ਕਰਵਾਇਆ ਸੀ।

ਅੰਮ੍ਰਿਤਸਰ ਦੀ ਜੈਨ ਬਰਾਦਰੀ ਵੀ ਦੀਵਾਲੀ ਨੂੰ ਬੜੇ ਉਤਸ਼ਾਹ ਨਾਲ ਮਨਾਉਂਦੀ ਹੈ ਕਿਉਂਕਿ ਜੈਨ ਧਰਮ ਦੇ ਬਾਨੀ ਭਗਵਾਨ ਮਹਾਂਵੀਰ ਜੀ ਨੂੰ ਦੀਵਾਲੀ ਵਾਲੇ ਦਿਨ ਹੀ ਨਿਰਵਾਨ ਪ੍ਰਾਪਤ ਹੋਇਆ ਸੀ। ਪੰਜਾਬ ਵਪਾਰ ਮੰਡਲ ਦੇ ਪ੍ਰਧਾਨ ਸ੍ਰੀ ਅੰਮ੍ਰਿਤ ਲਾਲ ਜੈਨ ਦੇ ਕਹਿਣ ਅਨੁਸਾਰ ਦੀਵਾਲੀ ਤੋਂ ਅਗਲੇ ਦਿਨ ਜੈਨੀਆਂ ਲਈ ਨਵਾਂ ਸਾਲ ਸ਼ੁਰੂ ਹੁੰਦਾ ਹੈ।

ਸ਼ਹਿਰ ਦੇ ਬਹੁਤ ਸਾਰੇ ਵਸਨੀਕ ਦੀਵਾਲੀ ਦੇ ਅਵਸਰ 'ਤੇ ਧਨ-ਦੇਵੀ ਲਕਸ਼ਮੀ ਜੀ ਦੀ ਪੂਜਾ ਕਰਦੇ ਹਨ। ਵਪਾਰੀਆਂ ਦਾ ਨਵਾਂ ਸਾਲ ਦੀਵਾਲੀ ਨੂੰ ਸ਼ੁਰੂ ਹੁੰਦਾ ਹੈ। ਲਕਸ਼ਮੀ ਜੀ ਦੇ ਪ੍ਰਵੇਸ਼ ਲਈ ਤਾਕੀਆਂ ਤੇ ਦਰਵਾਜ਼ੇ ਖੁੱਲ੍ਹੇ ਰੱਖੇ ਜਾਂਦੇ ਹਨ। ਆਟਾ ਬਰੂਰ ਕੇ ਰੰਗੋਲੀ ਬਣਾਈ ਜਾਂਦੀ ਹੈ। ਰੰਗੋਲੀ ਬਣਾਉਣ ਲਈ ਕੰਵਲ ਦੇ ਫੁੱਲ ਦਾ ਡਿਜ਼ਾਈਨ ਸਭ ਤੋਂ ਵੱਧ ਹਰਮਨ-ਪਿਆਰਾ ਹੈ।

ਦੀਵਾਲੀ ਦੇ ਅਵਸਰ 'ਤੇ ਹਿਸਾਬ-ਕਿਤਾਬ ਦੇ ਪੁਰਾਣੇ ਖਾਤੇ ਬੰਦ ਕਰ ਦਿੱਤੇ ਜਾਂਦੇ ਹਨ ਅਤੇ ਨਵੇਂ ਸਾਲ ਲਈ ਨਵੇਂ ਰਜਿਸਟਰ ਲਾਏ ਜਾਂਦੇ ਹਨ।

ਹਿੰਦੂ ਪੁਜਾਰੀ ਇਕ ਵਿਸ਼ੇਸ਼ ਰੀਤੀ ਨਾਲ ਨਵੇਂ ਵਹੀ ਖਾਤਿਆਂ ਦੀ ਪੂਜਾ ਕਰਦੇ ਹਨ ਅਤੇ ਨਾਲ ਹੀ ਇਹ ਪ੍ਰਾਰਥਨਾ ਵੀ ਕਰਦੇ ਹਨ ਕਿ ਸਾਡੇ ਸਭ ਦੇ ਦਿਲਾਂ ਵਿਚੋਂ ਨਫ਼ਰਤ, ਈਰਖਾ ਅਤੇ ਕਰੋਧ ਹਮੇਸ਼ਾ ਲਈ ਦੂਰ ਹੋ ਜਾਣ।

ਦੁਕਾਨਾਂ ਵਿਚ ਚਾਂਦੀ ਦੇ ਗਹਿਣਿਆਂ ਦੇ ਵੱਖ-ਵੱਖ ਨਮੂਨੇ, ਕੰਗਣ ਅਤੇ ਦੇਵੀ-ਦੇਵਤਿਆਂ ਦੀਆਂ ਸੁੰਦਰ ਮੂਰਤੀਆਂ ਹਾਜ਼ਰ ਹੁੰਦੀਆਂ ਹਨ। ਖਾਲਸ ਚਾਂਦੀ ਦੀਆਂ ਬਣੀਆਂ ਇਹ ਵਸਤਾਂ ਆਪਣਾ ਸਾਨੀ ਨਹੀਂ ਰੱਖਦੀਆਂ।

ਚਾਂਦੀ-ਵਸਤਾਂ ਦੀ ਦੋ ਸੌ ਸਾਲ ਤੋਂ ਵੀ ਵਧ ਪੁਰਾਣੀ ਦੁਕਾਨ ਦੇ ਮਾਲਕ ਸ੍ਰੀ ਪਦਮ ਜੈਨ ਕਹਿੰਦੇ ਹਨ ਕਿ ਚਾਂਦੀ ਦੀ ਬਣੀ ਢਾਈ ਕਿਲੋਗਰਾਮ ਦੀ ਹਟਲੀ (ਜਿਸ ਨੂੰ ਦੀਵਾਲੀ ਵੀ ਕਹਿੰਦੇ ਹਨ) ਦਾ ਮੁੱਲ 1000 ਰੁਪਏ ਤੋਂ ਲੈ ਕੇ 50000 ਰੁਪਏ ਤਕ ਵੀ ਹੋ ਸਕਦਾ ਹੈ। ਵਿਦੇਸ਼ਾਂ ਵਿਚ ਰਹਿੰਦੇ ਭਾਰਤੀ ਆਰਡਰ ਦੇ ਕੇ ਹਟਲੀਆਂ ਬਣਵਾਉਂਦੇ ਹਨ।

ਸ੍ਰੀ ਪਦਮ ਦਾ ਕਹਿਣਾ ਹੈ ਕਿ ਉਹ ਪੰਜ ਪੀੜ੍ਹੀਆਂ ਤੋਂ ਚਾਂਦੀ ਦਾ ਕਾਰੋਬਾਰ ਕਰਦੇ ਹਨ। ਇਸੇ ਤਰ੍ਹਾਂ ਗੁਰੂ ਬਾਜ਼ਾਰ ਵਿਚ ਸ੍ਰੀ ਅੰਮ੍ਰਿਤ ਲਾਲ ਜੈਨ ਦੀ ਦੁਕਾਨ 100 ਸਾਲਾਂ ਤੋਂ ਚਲ ਰਹੀ ਹੈ। ਸ੍ਰੀ ਜੈਨ ਅੱਜ ਕੱਲ੍ਹ ਪਲਾਸਟਿਕ-ਵਸਤਾਂ ਦਾ ਕਾਰੋਬਾਰ ਕਰਦੇ ਹਨ। ਗੁਰੂ ਬਾਜ਼ਾਰ ਦੀਆਂ ਸਭ ਤੋਂ ਵਧ ਪੁਰਾਣੀਆਂ ਦੁਕਾਨਾਂ ਵਿਚ 'ਭਗਤਾਂ ਦੀ ਹੱਟੀ' ਅਤੇ 'ਦੁਰਗਾ ਦਾਸ ਸੇਠ' ਦੀ ਦੁਕਾਨ ਸ਼ਾਮਲ ਹਨ। ਇਨ੍ਹਾਂ ਦੋਹਾਂ ਦੁਕਾਨਾਂ ਦੇ ਮਾਲਕ ਸੋਨੇ ਚਾਂਦੀ ਦਾ ਕਾਰੋਬਾਰ ਕਰਦੇ ਹਨ।

ਕੁਝ ਘਟ ਕੀਮਤੀ ਨਗਾਂ ਨਾਲ ਜੜੇ ਹੋਏ ਸੁੰਦਰ ਗਹਿਣੇ ਉਨ੍ਹਾਂ ਵਿਸ਼ੇਸ਼ ਗਾਹਕਾਂ ਲਈ ਬਣਾਏ ਜਾਂਦੇ ਹਨ, ਜਿਨ੍ਹਾਂ ਨੂੰ ਕਲਾ ਦੀ ਕਦਰ ਹੈ। ਇਨ੍ਹਾਂ ਗਹਿਣਿਆਂ ਦੀ ਲਾਜਵਾਬ ਸੁੰਦਰਤਾ ਅਤੇ ਨਫ਼ੀਸ ਘਾੜਤ ਇੰਨੀ ਦਿਲਕਸ਼ ਹੁੰਦੀ ਹੈ ਕਿ ਉਨ੍ਹਾਂ ਨੂੰ ਤੋਹਫ਼ੇ ਵਜੋਂ ਭੇਟ ਕੀਤਾ ਜਾ ਸਕਦਾ ਹੈ।

ਚਾਂਦੀ ਦੇ ਬਣੇ ਕਾਂਟਿਆਂ ਝੁਮਕਿਆਂ ਦੇ ਕਈ ਸੁੰਦਰ ਨਮੂਨੇ ਉਪਲਬਧ ਹਨ ਜਿਨ੍ਹਾਂ ਵਿਚ ਕੁਝ ਸਸਤੇ ਨਗ ਜੜੇ ਹੋਏ ਹੁੰਦੇ ਹਨ। ਅਜਿਹੇ ਗਹਿਣੇ ਆਪਣੀ ਖ਼ੂਬਸੂਰਤੀ ਲਈ ਮਸ਼ਹੂਰ ਹਨ। ਇਹ ਦੁਕਾਨਦਾਰ ਗਾਹਕਾਂ ਦੀ ਪਸੰਦ ਅਨੁਸਾਰ ਚੀਜ਼ਾਂ ਵੀ ਬਣਾ ਸਕਦੇ ਹਨ। ਕੁਝ ਘਟ ਕੀਮਤੀ ਨਗਾਂ ਵਾਲੀਆਂ ਚਾਂਦੀ ਦੀਆਂ ਕੰਨਾਂ ਦੀਆਂ ਵਾਲੀਆਂ ਇੰਨੀਆਂ ਖ਼ੂਬਸੂਰਤ ਹੁੰਦੀਆਂ ਹਨ ਕਿ ਦੇਖਣ ਵਾਲੇ ਦਾ ਮੂੰਹ ਖੁੱਲ੍ਹਾ ਹੀ ਰਹਿ ਜਾਂਦਾ ਹੈ।

ਕੁਝ ਬੰਗਾਲੀ ਤੇ ਪੰਜਾਬੀ ਕਲਾਕਾਰਾਂ ਨੇ ਧਾਤ ਉਤੇ ਮੀਨਾਕਾਰੀ ਕਰਨ ਦੀ ਕਲਾ ਸਿੱਖ ਲਈ ਹੈ। ਉਹ ਪਿੱਤਲ ਦੇ ਲੈਂਪਾਂ, ਡੱਬਿਆਂ, ਕਟੋਰਿਆਂ ਅਤੇ ਤਸਵੀਰ-ਫਰੇਮਾਂ ਉਤੇ ਮੀਨਾਕਾਰੀ ਕਰ ਕੇ ਉਨ੍ਹਾਂ ਨੂੰ ਅਤਿਅੰਤ ਸੁੰਦਰ ਬਣਾ ਦਿੰਦੇ ਹਨ। ਅੰਮ੍ਰਿਤਸਰ ਦੀਆਂ ਸੜਕਾਂ ਕਿਨਾਰੇ ਕੁਝ ਅਜਿਹੇ ਮਾਹਿਰ ਸੁਨਿਆਰ ਵੀ ਬੈਠੇ ਹਨ ਜੋ ਪੁਰਾਣੀ ਤੇ ਨਵੀਨ ਕਲਾ ਨੂੰ ਮਿਲਾ ਕੇ ਅਦਭੁੱਤ ਵਸਤਾਂ ਬਣਾਉਂਦੇ ਹਨ। ਹੁਣ ਹਸਤ-ਕਲਾ ਦੀਆਂ ਵਸਤਾਂ ਉਤੇ ਮਸ਼ੀਨੀ ਗਹਿਣੇ ਹਾਵੀ ਹੁੰਦੇ ਜਾ ਰਹੇ ਹਨ।

****



## ਬਰਾਮਦ ਦੀ ਉਡੀਕ ਵਿਚ ਅੰਮ੍ਰਿਤਸਰ

ਜਦੋਂ ਅੰਮ੍ਰਿਤਸਰ ਦਾ ਸੁੱਕੇ ਮੇਵਿਆਂ ਦਾ ਸਭ ਤੋਂ ਵੱਡਾ ਵਪਾਰੀ ਬੀ.ਕੇ. ਬਜਾਜ, ਆਪਣੇ ਅਫ਼ਗਾਨਿਸਤਾਨੀ ਸੌਦਾਗਰ ਨਾਲ ਫ਼ੋਨ 'ਤੇ ਪਸ਼ਤੋ ਵਿਚ ਗੱਲਾਂ ਕਰ ਰਿਹਾ ਹੁੰਦਾ ਹੈ, ਤਾਂ ਕੋਈ ਕਹਿ ਨਹੀਂ ਸਕਦਾ ਕਿ ਉਹ ਅੰਮ੍ਰਿਤਸਰੀਆ ਹੈ। ਉਹ ਪਸ਼ਤੋ, ਉਰਦੂ ਤੇ ਅਪਾਣੀ ਮਾਂ-ਬੋਲੀ ਪੰਜਾਬੀ ਚੰਗੀ ਤਰ੍ਹਾਂ ਬੋਲ ਲੈਂਦਾ ਹੈ।

ਅਫ਼ਗਾਨਿਸਤਾਨ ਦੀ ਜੰਗ-ਮਾਰੀ ਰਾਜਧਾਨੀ ਕਾਬਲ (ਸਿੰਘ) ਵਰਗੇ ਕਈ ਨਾਂ ਇਸ ਇਲਾਕੇ ਵਿਚ ਆਮ ਹਨ। ਇਹ ਸਥਿਤੀ ਦੋਹਾਂ ਦੇਸ਼ਾਂ ਦੇ ਸਦੀਆਂ ਪੁਰਾਣੇ ਸਬੰਧਾਂ ਅਤੇ ਦੋਹਾਂ ਇਲਾਕਿਆਂ ਦੇ ਬਾਸ਼ਿੰਦਿਆਂ ਦੀ ਨੇੜਤਾ ਨੂੰ ਪ੍ਰਦਰਸ਼ਿਤ ਕਰਦੀ ਹੈ। ਇਸੇ ਤਰ੍ਹਾਂ ਅਲਹਿਦਗੀ ਦੇ ਕਈ ਸਾਲ ਬੀਤ ਜਾਣ ਉਪਰੰਤ ਵੀ ਲਾਹੌਰ ਤੇ ਅੰਮ੍ਰਿਤਸਰ ਨੂੰ ਅਜੇ ਵੀ ਜੌੜੇ ਸ਼ਹਿਰ ਹੀ ਸਮਝਿਆ ਜਾਂਦਾ ਹੈ। ਅੰਮ੍ਰਿਤਸਰ ਤੋਂ ਲਾਹੌਰ ਜਾਣ ਲਈ ਇਕ ਘੰਟੇ ਤੋਂ ਵੀ ਘੱਟ ਸਮਾਂ ਲਗਦਾ ਹੈ, ਜਦ ਕਿ ਅੰਮ੍ਰਿਤਸਰ ਤੋਂ ਸਭ ਤੋਂ ਨੇੜਲੇ ਭਾਰਤੀ ਸ਼ਹਿਰ ਜਲੰਧਰ ਪਹੁੰਚਣ ਲਈ ਡੇਢ ਘੰਟਾ ਲਗ ਜਾਂਦਾ ਹੈ।

ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਜਿਹੜਾ ਸਕੂਟਰ ਅੰਮ੍ਰਿਤਸਰ ਵਿਚ 25000 ਰੁਪਏ ਦਾ ਮਿਲ ਜਾਂਦਾ ਹੈ, ਰੈਡਕਲਿਫ਼ ਲਾਈਨ ਤੋਂ ਪਾਰ ਲਾਹੌਰ ਵਿਚ ਉਹੀ ਸਕੂਟਰ 70000 ਰੁਪਏ ਦਾ ਵਿਕ ਸਕਦਾ ਹੈ, ਜਦ ਕਿ ਅੰਮ੍ਰਿਤਸਰ ਤੋਂ ਲਾਹੌਰ ਕੇਵਲ 26 ਕਿਲੋਮੀਟਰ ਦੂਰ ਹੈ। ਕਾਰਾਂ ਤੇ ਇਸ ਤਰ੍ਹਾਂ ਦੀਆਂ ਹੋਰ ਚੀਜ਼ਾਂ ਵੀ ਅੰਮ੍ਰਿਤਸਰ ਵਿਚ ਲਾਹੌਰ ਨਾਲੋਂ ਸਸਤੀਆਂ ਹਨ। ਇੱਥੋਂ ਤਕ ਕਿ ਇੱਥੇ ਸਬਜ਼ੀਆਂ ਦੇ ਭਾਅ ਵੀ ਪਾਕਿਸਤਾਨ ਨਾਲੋਂ ਸਸਤੇ ਹਨ।

ਅੰਮ੍ਰਿਤਸਰ ਤੇ ਲਾਹੌਰ/ਕਾਬਲ ਵਿਚਾਲੇ ਜੇ ਖੁੱਲ੍ਹਾ ਵਪਾਰ ਹੋਵੇ ਤਾਂ ਇਸ ਖੇਤਰ ਦਾ ਆਰਥਿਕ ਕਾਇਆਕਲਪ ਹੋ ਸਕਦਾ ਹੈ ਪਰ ਇਸ ਲਾਹੇਵੰਦ ਤਜਰਬੇ ਦਾ ਅਜੇ ਤਕ ਲਾਭ ਨਹੀਂ ਉਠਾਇਆ ਗਿਆ। ਅਟਾਰੀ ਤੋਂ ਵਾਹਗੇ ਨੂੰ ਰੇਲ ਰਾਹੀਂ ਭੇਜੇ ਮਾਲ ਉੱਤੇ ਕੋਈ ਟੈਕਸ ਨਹੀਂ ਲਗਦਾ। ਹਿੰਦ-ਪਾਕਿ ਵਿਦੇਸ਼ੀ ਵਪਾਰ ਮੰਡਲ ਦੇ ਪ੍ਰਧਾਨ ਸ੍ਰੀ ਬੀ.ਕੇ.ਬਜਾਜ ਕਹਿੰਦੇ ਹਨ ਕਿ 'ਅਟਾਰੀ (ਭਾਰਤ) ਤੋਂ ਚੱਲੀ ਮਾਲ ਗੱਡੀ ਦੋ ਕਿਲੋਮੀਟਰ ਤੋਂ ਵੀ ਘੱਟ ਦੂਰ ਪਾਕਿਸਤਾਨ ਦੇ ਰੇਲਵੇ ਸਟੇਸ਼ਨ ਵਾਹਗੇ ਤਕ ਮਿੰਟਾਂ ਵਿਚ ਪਹੁੰਚ ਜਾਂਦੀ ਹੈ।'

ਅੰਮ੍ਰਿਤਸਰ ਦੀ ਮਜੀਠ ਮੰਡੀ ਦੇਸ਼-ਵੰਡ ਤੋਂ ਬਾਅਦ ਦਰਾਮਦ-ਬਰਾਮਦ ਦੀ ਸਭ ਤੋਂ ਵੱਡੀ ਮੰਡੀ ਬਣ ਗਈ ਸੀ, ਪਰ ਭਾਰਤੀ ਤੇ ਪਾਕਿਸਤਾਨੀ ਅਧਿਕਾਰੀਆਂ ਦੀ ਲਾਪ੍ਰਵਾਹੀ ਕਾਰਨ ਇਹ ਮੰਡੀ ਮੰਦੇ ਦਾ ਸ਼ਿਕਾਰ ਹੋ ਗਈ ਹੈ। ਪਿਸ਼ਾਵਰ ਵਿਚ ਜਿਨ੍ਹਾਂ ਵਪਾਰੀਆਂ ਦਾ ਕਾਰੋਵਾਰ ਬਹੁਤ ਵਧੀਆ ਚਲ ਰਿਹਾ ਸੀ, ਦੇਸ਼-ਵੰਡ ਕਾਰਨ ਉਨ੍ਹਾਂ ਨੂੰ ਅੰਮ੍ਰਿਤਸਰ ਆਉਣਾ ਪਿਆ। ਉਨ੍ਹਾਂ ਨੇ ਮਜੀਠ ਮੰਡੀ ਵਿਚ ਫੇਰ ਆਪਣਾ

ਕਾਰੋਬਾਰ ਸ਼ੁਰੂ ਕਰ ਲਿਆ। ਇਥੋਂ ਤਕ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਪਿਤਾ ਸ. ਗੁਰਮੁਖ ਸਿੰਘ ਕੋਹਲੀ ਨੇ ਵੀ ਮਜੀਠ ਮੰਡੀ ਦੇ ਨੇੜੇ ਇਕ ਬਾਜ਼ਾਰ ਵਿਚ ਸੁੱਕੇ ਮੇਵਿਆਂ ਦੀ ਦੁਕਾਲ ਖੋਲ੍ਹ ਲਈ ਸੀ ਜੋ ਦੇਸ਼ ਦੇ ਹੋਰ ਇਲਾਕਿਆਂ ਨੂੰ ਸੁੱਕੇ ਮੇਵੇ ਭੇਜਣ ਦਾ ਕੇਂਦਰ ਬਣ ਗਈ। ਹੁਣ ਮਜੀਠ ਮੰਡੀ ਦਾ 70 ਪ੍ਰਤੀਸ਼ਤ ਕਾਰੋਬਾਰ ਦਿੱਲੀ ਚਲਾ ਗਿਆ ਹੈ। 17 ਪ੍ਰਤੀਸ਼ਤ ਵਪਾਰ ਮੁੰਬਈ ਤਬਦੀਲ ਹੋ ਗਿਆ ਹੈ ਅਤੇ ਸਿਰਫ਼ 13 ਪ੍ਰਤੀਸ਼ਤ ਵਪਾਰ ਅੰਮ੍ਰਿਤਸਰ ਵਿਚ ਰਹਿ ਗਿਆ ਹੈ।

ਅਜਿਹੀ ਹਾਲਤ ਦੇ ਬਾਵਜੂਦ ਅੰਮ੍ਰਿਤਸਰ ਦੀ ਮਜੀਠ ਮੰਡੀ ਅਫ਼ਗਾਨਿਸਤਾਨ ਤੇ ਪਾਕਿਸਤਾਨ ਤੋਂ ਸੁੱਕੇ ਮੇਵੇ ਮੰਗਵਾਉਣ ਦੀ ਕੇਵਲ ਇਕੋ-ਇਕ ਸੁਭਾਵਕ ਤੇ ਵਿਹਾਰਕ ਮੰਡੀ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਅਫ਼ਗਾਨਿਸਤਾਨ ਤੋਂ ਵਾਹਗੇ ਰਾਹੀਂ ਮਾਲ ਮੰਗਵਾਇਆ ਤਾਂ ਜਾ ਸਕਦਾ ਹੈ ਪਰ ਇਸ ਰਸਤੇ ਬਾਹਰ ਨਹੀਂ ਭੇਜਿਆ ਜਾ ਸਕਦਾ।

1971 ਦੀ ਹਿੰਦ-ਪਾਕਿ ਜੰਗ ਨੇ ਵਪਾਰ ਉਤੇ ਇਕ ਹੋਰ ਸੱਟ ਮਾਰੀ। ਬਹੁਤ ਸਾਰੇ ਦਰਾਮਦਕਾਰ ਤੇ ਬਰਾਮਦਕਾਰ ਨਵੀਂ ਦਿੱਲੀ ਜਾਂ ਦੇਸ਼ ਦੇ ਹੋਰ ਸ਼ਹਿਰਾਂ ਨੂੰ ਹਿਜਰਤ ਕਰ ਗਏ। ਇਸ ਦਾ ਕਾਰਨ ਸੂਬੇ ਤੇ ਕੇਂਦਰ ਦੀਆਂ ਸਰਕਾਰਾਂ ਦੀਆਂ ਅਸਹਾਇਕ ਨੀਤੀਆਂ ਸਨ। ਇਸ ਦੇ ਬਾਵਜੂਦ ਭਾਰਤ ਕਾਫ਼ੀ ਸਾਮਾਨ ਹਵਾਈ ਜਹਾਜ਼ਾਂ ਰਾਹੀਂ ਅਫ਼ਗਾਨਿਸਤਾਨ ਆਦਿ ਦੇਸ਼ਾਂ ਨੂੰ ਭੇਜ ਰਿਹਾ ਹੈ।

ਇਹ ਪਵਿੱਤਰ ਸ਼ਹਿਰ ਉੱਤਰੀ ਸੂਬਿਆਂ ਦੀ ਖੁਸ਼ਹਾਲੀ ਦਾ ਮੁੱਖ-ਦੁਆਰ ਬਣ ਸਕਦਾ ਸੀ ਕਿਉਂਕਿ ਭਾਰਤ ਵਲੋਂ ਪਾਕਿਸਤਾਨ, ਅਫ਼ਗਾਨਿਸਤਾਨ, ਈਰਾਨ, ਇਰਾਕ ਅਤੇ ਸੋਵੀਅਤ ਰੂਸ ਤੋਂ ਆਜ਼ਾਦ ਹੋਏ ਦੇਸ਼ਾਂ ਵੱਲ ਜਾਣ ਦਾ ਇਹ ਇਕੋ-ਇਕ ਜ਼ਮੀਨੀ ਰਸਤਾ ਹੈ। ਪਾਕਿਸਤਾਨ ਦੇ ਪਾਰਲੀਮੈਂਟ ਮੈਂਬਰਾਂ ਅਤੇ ਸੈਨੇਟਰਾਂ ਦਾ ਇਕ ਵਫ਼ਦ ਕੁਝ ਸਮਾਂ ਪਹਿਲਾਂ ਅਮਨ ਦੀ ਬਹਾਲੀ ਦੇ ਮਕਸਦ ਨਾਲ ਭਾਰਤ ਆਇਆ ਸੀ। ਇਸ ਵਫ਼ਦ ਦਾ ਕਹਿਣਾ ਸੀ ਕਿ ਹਿੰਦ-ਪਾਕਿ ਸਬੰਧਾਂ ਨੂੰ ਹੋਰ ਮਜ਼ਬੂਤ ਬਣਾਇਆ ਜਾ ਸਕਦਾ ਹੈ ਬਸ਼ਰਤਿ-ਕਿ ਵਪਾਰਕ ਸਬੰਧਾਂ ਨੂੰ ਪਹਿਲ ਦਿੱਤੀ ਜਾਏ। ਉਹ ਮਹਿਸੂਸ ਕਰਦੇ ਸਨ ਕਿ ਦੋਹਾਂ ਪਾਸਿਆਂ ਦੇ ਵਪਾਰੀ ਦੋਹਾਂ ਦੇਸ਼ਾਂ ਦੇ ਵਪਾਰਕ ਸਬੰਧਾਂ ਨੂੰ ਬਹਾਲ ਕਰਨ ਲਈ ਬਹੁਤ ਆਸ਼ਾਵਾਦੀ ਸਨ, ਜੋ ਪਿਛਲੇ ਦੋ ਸਾਲਾਂ ਤੋਂ ਟੁੱਟੇ ਹੋਏ ਸਨ।

ਅੰਮ੍ਰਿਤਸਰ ਕਦੀ ਹਰੀ ਚਾਹ ਦੀ ਸਭ ਤੋਂ ਵੱਡੀ ਦੂਜੀ ਮਾਰਕੀਟ ਹੁੰਦਾ ਸੀ। ਇਸ ਕਾਰੋਬਾਰ ਨੂੰ ਵੀ ਸੂਬੇ ਤੇ ਕੇਂਦਰ ਦੀਆਂ ਸਰਕਾਰਾਂ ਦੀਆਂ ਗ਼ਲਤ ਨੀਤੀਆਂ ਕਾਰਨ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਿੰਦ-ਪਾਕਿ ਤਜਾਰਤ ਵਿਚ ਬਹੁਤ ਸਾਰੀਆਂ ਸਾਕਾਰਾਤਮਕ ਸੰਭਾਵਨਾਵਾਂ ਨਿਹਿਤ ਹਨ ਪਰ ਇਹ ਸੰਭਾਵਨਾਵਾਂ ਦੋਹਾਂ ਦੇਸ਼ਾਂ ਦੇ ਤਜਾਰਤੀ ਮਤਭੇਦਾਂ ਅਤੇ ਪਾਕਿਸਤਾਨ ਵਲੋਂ ਭਾਰਤੀ ਦਰਾਮਦਾਂ ਉਤੇ ਪਾਬੰਦੀ ਲਾ ਦੇਣ ਕਾਰਨ ਮਸਲ ਦਿੱਤੀਆਂ ਗਈਆਂ ਹਨ। ਇਸ ਪਾਬੰਦੀ ਕਾਰਨ ਦਰਾਮਦੀ ਵਸਤਾਂ ਦੀ ਗਿਣਤੀ ਕੇਵਲ 600 ਰਹਿ ਗਈ ਹੈ। ਸਥਾਨਕ



ਦਰਾਮਦਕਾਰ ਕਹਿੰਦੇ ਹਨ ਕਿ ਦੋਹਾਂ ਦੇਸ਼ਾਂ ਵਿਚ ਦੁਵੱਲੀ ਤਜਾਰਤ ਪ੍ਰਫੁੱਲਤ ਤਾਂ ਹੋ ਸਕਦੀ ਹੈ ਜੇ ਪਾਕਿਸਤਾਨ ਭਾਰਤ ਨੂੰ 'ਸਭ ਤੋਂ ਵੱਧ ਪਸੰਦੀਦਾ ਦੇਸ਼' ਐਲਾਨ ਕਰ ਦੇਵੇ। ਭਾਰਤ ਨੇ ਪਾਕਿਸਤਾਨ ਨੂੰ ਉੱਨੀ ਸੌ ਨੱਵਿਆਂ ਦੇ ਸ਼ੁਰੂ ਵਿਚ ਹੀ ਆਪਣਾ 'ਸਭ ਤੋਂ ਵਧ ਪਸੰਦੀਦਾ ਦੇਸ਼' ਐਲਾਨ ਕਰ ਦਿੱਤਾ ਸੀ। ਪਾਕਿਸਤਾਨ ਨੇ ਇਸ ਸ਼ੁੱਭ ਸ਼ੁਰੂਆਤ ਦਾ ਉੱਤਰ ਦੋ ਦਹਾਕਿਆਂ ਪਿਛੋਂ ਦਿੱਤਾ।

ਕੁਝ ਪਾਕਿਸਤਾਨੀ ਉਤਪਾਦਕ ਅਤੇ ਨਿਰਮਾਤਾ ਇਹ ਮਹਿਸੂਸ ਕਰਦੇ ਹਨ ਕਿ ਭਾਰਤੀ ਸਨਅਤ ਨੂੰ ਕੱਚੇ ਮਾਲ ਤੇ ਕੁਝ ਹੋਰ ਚੀਜ਼ਾਂ ਉਤੇ ਕਾਫ਼ੀ ਰਿਆਇਤਾਂ ਮਿਲ ਜਾਂਦੀਆਂ ਹਨ ਜਿਨ੍ਹਾਂ ਕਾਰਨ ਉਨ੍ਹਾਂ ਦੀ ਮੰਡੀ-ਮੁਕਾਬਲਾ ਕਰਨ ਦੀ ਸਮਰਥਾ ਵਧ ਜਾਂਦੀ ਹੈ। ਕੁਝ ਪਾਕਿਸਤਾਨੀ ਅਰਥ ਵਿਗਿਆਨੀ ਅਤੇ ਵਪਾਰੀ ਇਹ ਸਮਝਦੇ ਹਨ ਕਿ ਭਾਰਤੀ ਤੇ ਪਾਕਿਸਤਾਨੀ ਵਪਾਰ-ਸਬੰਧਾਂ ਦੇ ਪ੍ਰਫੁੱਲਿਤ ਹੋਣ ਦਾ ਮਤਲਬ ਹੈ ਕਿ ਪਾਕਿਸਤਾਨ ਉਤੇ ਭਾਰਤ ਦਾ ਆਰਥਿਕ ਹਮਲਾ। ਇਨ੍ਹਾਂ ਵਪਾਰੀਆਂ ਨੂੰ ਡਰ ਹੈ ਕਿ ਪਾਕਿਸਤਾਨ ਦੇ ਬਾਜ਼ਾਰ ਭਾਰਤੀ ਵਸਤਾਂ ਨਾਲ ਭਰ ਜਾਣਗੇ। ਜਿਹੜੇ ਪਾਕਿਸਤਾਨੀ ਪੂੰਜੀਪਤੀਆਂ ਦਾ ਸਿੱਕਾ ਪਾਕਿਸਤਾਨ ਦੇ ਸਿਆਸੀ ਤੇ ਸਰਕਾਰੀ ਹਲਕਿਆਂ ਵਿਚ ਚਲਦਾ ਹੈ, ਉਹ ਦਵੱਲੀ ਵਪਾਰ ਦੀ ਵਿਵਸਥਾ ਤੋਂ ਬਹੁਤਾ ਡਰਦੇ ਹਨ। ਜਿਹੜੇ ਪੂੰਜੀਪਤੀ ਪਾਕਿਸਤਾਨ ਵਿਚ ਭਾਰਤੀ ਮਾਲ ਦੇ ਆਉਣ ਦਾ ਵਿਰੋਧ ਕਰਦੇ ਹਨ, ਉਨ੍ਹਾਂ ਦਾ ਮਨਸ਼ਾ ਪਾਕਿਸਤਾਨੀ ਵਪਾਰ ਦੀ ਇਜਾਰੇਦਾਰੀ ਹਾਸਲ ਕਰਨਾ ਹੈ।

ਭਾਵੇਂ ਫ਼ੌਜ ਤੇ ਵਪਾਰੀ ਵਰਗ ਦੇ ਹਿੱਤ ਵੱਖਰੇ ਵੱਖਰੇ ਹਨ ਪਰ ਸਰਕਾਰ ਤੇ ਵਪਾਰੀ ਵਰਗ ਦੇ ਵਿਚਾਲੇ ਇਕ ਜੋ ਸਾਂਝਾ ਹਿੱਤ ਹੈ, ਉਸ ਦੇ ਕਾਰਨ ਭਾਰਤ ਨਾਲ ਪਾਕਿਸਤਾਨ ਇਕ ਬੱਧੀ-ਰੁੱਧੀ ਵਪਾਰਕ ਨੀਤੀ ਅਨੁਸਾਰ ਹੀ ਚਲਦਾ ਰਿਹਾ ਹੈ। ਇਹ ਸਥਿਤੀ ਇਸ ਗੱਲ ਦੇ ਬਾਵਜੂਦ ਜਾਰੀ ਹੈ ਕਿ ਜੇ ਦੋਹਾਂ ਦੇਸ਼ਾਂ ਵਿਚਕਾਰ ਵਪਾਰਕ ਪਾਬੰਦੀਆਂ ਹਟਾ ਦਿੱਤੀਆ ਜਾਣ ਤਾਂ ਇਸ ਦਾ ਦੋਹਾਂ ਦੇਸ਼ਾਂ ਦੇ ਲੋਕਾਂ ਨੂੰ ਬਹੁਤ ਫ਼ਾਇਦਾ ਹੋ ਸਕਦਾ ਹੈ।

ਹਿੰਦ-ਪਾਕਿ ਵਿਦੇਸ਼ੀ ਵਪਾਰ ਮੰਡਲ ਦੇ ਬੁਲਾਰੇ ਦਾ ਕਹਿਣਾ ਹੈ ਕਿ ਉਹ ਇਸ ਗੱਲੋਂ ਬਹੁਤ ਉਦਾਸ ਹੈ ਕਿ ਸਰਕਾਰ ਅੰਮ੍ਰਿਤਸਰ ਦੇ ਵਪਾਰੀਆਂ ਦੀ ਕੀਮਤ 'ਤੇ ਮੁੰਬਈ ਦੇ ਬਰਾਮਦਕਾਰਾਂ ਨੂੰ ਉਤਸ਼ਾਹਿਤ ਕਰਨਾ ਚਾਹੁੰਦੀ ਹੈ। ਅੰਮ੍ਰਿਤਸਰ ਦੇ ਵਪਾਰੀ ਕਈ ਦਹਾਕਿਆਂ ਤੋਂ ਪਾਕਿਸਤਾਨੀ ਵਪਾਰੀਆਂ ਨਾਲ ਕਾਰੋਬਾਰ ਕਰ ਰਹੇ ਹਨ। ਭਾਰਤ ਤੇ ਪਾਕਿਸਤਾਨ ਵਿਚਾਲੇ ਦਰਾਮਦਾਂ ਬਰਾਮਦਾਂ ਸਮੇਤ ਲਗਪਗ 600 ਕਰੋੜ ਰੁਪਏ ਸਾਲਾਨਾ ਦਾ ਵਪਾਰ ਹੁੰਦਾ ਸੀ। ਸਾਰੇ ਮਾਲ ਦੀ ਆਵਾ-ਜਾਈ ਰੇਲ ਰਾਹੀਂ ਹੁੰਦੀ ਸੀ। ਪਰ 13 ਦਸੰਬਰ 2001 ਨੂੰ ਭਾਰਤੀ ਪਾਰਲੀਮੈਂਟ ਉਤੇ ਹੋਏ ਹਮਲੇ ਤੋਂ ਬਾਅਦ ਅੰਮ੍ਰਿਤਸਰ ਤੇ ਪਾਕਿਸਤਾਨ ਵਿਚਾਲੇ ਸਾਰੇ ਰੇਲਵੇ ਤੇ ਸੜਕੀ ਸਬੰਧ ਤੋੜ ਦਿੱਤੇ ਗਏ। ਨਤੀਜਾ ਇਹ ਹੋਇਆ ਕਿ ਦਵੱਲੀ ਵਪਾਰ ਉਤੇ ਪੱਕੀ ਰੋਕ ਲਗ ਗਈ।

ਕਸਟਮ ਅਧਿਕਾਰੀਆਂ ਵੱਲੋਂ ਮੁਹੱਈਆ ਕੀਤੇ ਗਏ ਅੰਕੜਿਆਂ ਅਨੁਸਾਰ 1999-2000 ਦੇ ਸਾਲ ਵਿਚ ਹਿੰਦ-ਪਾਕਿ ਵਿਚਾਲੇ 300 ਕਰੋੜ ਰੁਪਏ ਦਾ ਵਪਾਰ ਹੁੰਦਾ ਸੀ। 2000-2001 ਵਿਚ ਇਹ ਦੁੱਗਣਾ ਹੋ ਕੇ 625 ਕਰੋੜ ਰੁਪਏ ਤਕ ਪਹੁੰਚ ਗਿਆ। ਇਸੇ ਤਰ੍ਹਾਂ ਕਸਟਮ ਆਮਦਨ ਵੀ 39.13 ਕਰੋੜ ਤੋਂ ਵਧ ਕੇ 43.47 ਕਰੋੜ ਰੁਪਏ ਹੋ ਗਈ। ਦੋਹਾਂ ਦੇਸ਼ਾਂ ਦੀ ਆਪਸੀ ਤਜਾਰਤ ਕਈ ਗੁਣਾ ਵਧ ਸਕਦੀ ਸੀ ਜੇ ਦੋਵੇਂ ਦੇਸ਼ ਦਰਾਮਦ-ਬਰਾਮਦ ਦਾ ਕਾਰੋਬਾਰ ਇਕ ਤੀਜੇ ਦੇਸ਼ ਰਾਹੀਂ ਕਰਨਾ ਬੰਦ ਕਰ ਦਿੰਦੇ।

ਇਸ ਖਿੱਤੇ ਦੇ ਭਵਿੱਖ ਨੂੰ ਮੱਦੇ-ਨਜ਼ਰ ਰੱਖਦੇ ਹੋਏ ਦੋਹਾਂ ਦੇਸ਼ਾਂ ਦੇ ਵਪਾਰੀ ਇਹ ਮਹਿਸੂਸ ਕਰਦੇ ਹਨ ਕਿ ਹਿੰਦੁਸਤਾਨ ਤੇ ਪਾਕਿਸਤਾਨ ਵਿਚਾਲੇ ਤਜਾਰਤ ਬਹੁਤ ਪ੍ਰਫੁੱਲਿਤ ਹੋ ਸਕਦੀ ਹੈ। ਸਰਕਾਰੀ ਅੰਕੜਿਆਂ ਅਨੁਸਾਰ ਸਾਲ 2001-2002 ਵਿਚ ਦੋਹਾਂ ਦੇਸ਼ਾਂ ਵਿਚ ਤਕਰੀਬਨ 1000 ਕਰੋੜ ਰੁਪਏ ਦਾ ਵਪਾਰ ਹੋਇਆ। ਗੈਰ-ਸਰਕਾਰੀ ਅੰਕੜਿਆਂ ਅਨੁਸਾਰ ਇਹ ਵਪਾਰ ਘੱਟੋ-ਘਟ ਪੰਜ ਗੁਣਾ ਜ਼ਿਆਦਾ ਮਾਤਰਾ ਵਿਚ ਹੋਇਆ। ਜੇ ਦੋਹਾਂ ਗੁਆਂਢੀ ਦੇਸ਼ਾਂ ਦੇ ਸਬੰਧ ਸੁਧਰ ਜਾਣ ਤਾਂ ਦੁਵੱਲੇ ਵਪਾਰ ਨੂੰ ਬਹੁਤ ਵੱਡਾ ਹੁਲਾਰਾ ਮਿਲੇਗਾ।

ਜਦੋਂ ਦੋਹਾਂ ਗੁਆਂਢੀ ਦੇਸ਼ਾਂ ਦੇ ਵਪਾਰ-ਸਬੰਧ ਬਹੁਤ ਵਧੀਆ ਸਨ ਤਾਂ ਉਸ ਵੇਲੇ ਭਾਰਤ ਨੇ ਖੰਡ ਦੀ ਆਪਣੀ ਪੈਦਾਵਾਰ ਦੀ ਕਮੀ ਨੂੰ ਪੂਰਾ ਕਰਨ ਲਈ ਪਾਕਿਸਤਾਨ ਤੋਂ ਵੱਡੀ ਮਾਤਰਾ ਵਿਚ ਖੰਡ ਦਰਾਮਦ ਕੀਤੀ। ਭਾਰਤੀ ਵਪਾਰੀਆਂ ਨੇ ਵੀ ਪਾਕਿਸਤਾਨ ਨੂੰ ਸੋਇਆਬੀਨ, ਟਾਇਰ, ਮਸ਼ੀਨਾਂ ਦੇ ਕਲ-ਪੁਰਜ਼ੇ, ਰੰਗ-ਵਸਤਾਂ, ਅਚਾਰ-ਮਸਾਲੇ, ਗਰਮ ਮਸਾਲੇ, ਹਰੀ ਚਾਹ ਅਤੇ ਖਲ ਆਦਿ ਭੇਜ ਕੇ ਚੰਗਾ ਮੁਨਾਫ਼ਾ ਕਮਾਇਆ। ਵਪਾਰ ਮੰਡਲ ਦੇ ਇਕ ਬੁਲਾਰੇ ਅਨੁਸਾਰ ਭਾਰਤੀ ਵਪਾਰੀਆਂ ਨੇ ਪਾਕਿਸਤਾਨ ਨੂੰ ਹਰੀਆਂ ਸਬਜ਼ੀਆਂ ਵੀ ਭੇਜੀਆਂ ਜਿਨ੍ਹਾਂ ਵਿਚ ਅਦਰਕ ਅਤੇ ਇਮਲੀ ਵੀ ਸ਼ਾਮਲ ਸਨ। ਭਾਰਤ ਨੇ ਪਾਕਿਸਤਾਨ ਤੋਂ ਖੰਡ, ਖਜੂਰਾਂ, ਕੱਚੀਆਂ ਦਵਾਈਆਂ ਅਤੇ ਡਲਾ-ਲੂਣ ਮੰਗਵਾਇਆ।

ਇਕ ਪਾਕਿਸਤਾਨੀ ਅਖ਼ਬਾਰ 'ਫਰਾਈਡੇ ਟਾਈਮਜ਼' ਦੇ ਸੰਪਾਦਕ ਜਨਾਬ ਨਜਮ ਸੇਠੀ ਨੇ ਸਟੇਟ ਬੈਂਕ ਆਫ਼ ਪਾਕਿਸਤਾਨ ਦੇ ਗਵਰਨਰ ਡਾ. ਇਸ਼ਰਤ ਹੁਸੈਨ ਦਾ ਹਵਾਲਾ ਦੇ ਕੇ ਲਿਖਿਆ ਕਿ 'ਜੇ ਭਾਰਤ ਤੇ ਪਾਕਿਸਤਾਨ ਵਿਚਾਲੇ ਸਿੱਧਾ ਵਪਾਰ ਕਰਨ ਦੇ ਸਬੰਧ ਕਾਇਮ ਹੋ ਜਾਣ ਤਾਂ ਪੈਦਾਵਾਰੀ ਲਾਗਤ ਘਟ ਜਾਏਗੀ, ਖਪਤਕਾਰਾਂ ਨੂੰ ਸਸਤੀਆਂ ਚੀਜ਼ਾਂ ਮਿਲਣ ਨਾਲ ਲਾਭ ਹੋਵੇਗਾ ਅਤੇ ਦੱਖਣੀ ਏਸ਼ੀਆ ਦੇ ਖਿੱਤੇ ਵਿਚ ਅਗਲੇ ਪੰਜਾਂ ਸਾਲਾਂ ਵਿਚ 10 ਤੋਂ 15 ਪ੍ਰਤੀਸ਼ਤ ਵਪਾਰ ਵਧ ਜਾਏਗਾ।'

ਪਾਕਿਸਤਾਨ ਦੇ ਇਕ ਪਾਰਲੀਮਾਨੀ ਵਫ਼ਦ ਦਾ ਖ਼ਿਆਲ ਸੀ ਕਿ ਭਾਰਤ ਤੇ ਪਾਕਿਸਤਾਨ ਵਿਚਾਲੇ ਬਹੁਤਾ ਵਪਾਰ ਦੁਬਈ ਤੇ ਸਿੰਗਾਪੁਰ ਆਦਿ ਤੀਜੇ ਦੇਸ਼ਾਂ ਰਾਹੀਂ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜੇ ਦੋਹਾਂ ਦੇਸ਼ਾਂ ਵਿਚਾਲੇ ਸੜਕ ਜਾਂ ਰੇਲ ਰਾਹੀਂ



ਵਪਾਰ ਕਰਨ ਦੀ ਖੁੱਲ੍ਹ ਹੋਵੇ ਤਾਂ ਦੋਹਾਂ ਦੇਸ਼ਾਂ ਦੇ ਲੋਕ ਸਸਤੇ ਭਾਅ ਚੀਜ਼ਾਂ ਖਰੀਦ ਸਕਣਗੇ।

ਪੰਜਾਬ ਦੇ ਇਕ ਮੁੱਖ ਸਨਅਤਕਾਰ ਨੇ ਸੁਝਾਅ ਦਿੱਤਾ ਕਿ ਸੂਬੇ ਵਿਚ ਬਿਜਲੀ-ਸੰਕਟ ਨੂੰ ਦੂਰ ਕਰਨ ਲਈ ਅਸੀਂ ਪਾਕਿਸਤਾਨ ਤੋਂ ਬਿਜਲੀ ਖਰੀਦ ਸਕਦੇ ਹਾਂ। ਇਹ ਸੌਦਾ ਗਰਮੀਆਂ ਵਿਚ ਬਿਜਲੀ ਦੀ ਕਮੀ ਨੂੰ ਦੂਰ ਕਰਨ ਲਈ ਮਦਦਗਾਰ ਹੋ ਸਕਦਾ ਹੈ। ਉਨ੍ਹਾਂ ਹੋਰ ਕਿਹਾ ਕਿ ਪਾਕਿਸਤਾਨ ਕੋਲ 3000 ਮੈਗਾਵਾਟ ਬਿਜਲੀ ਵਾਧੂ ਹੈ, ਜਿਸ ਨੂੰ ਪੰਜਾਬ ਖਰੀਦ ਸਕਦਾ ਹੈ।

****

# ਸੁੰਦਰ ਊਨੀ ਵਸਤਾਂ ਦਾ ਸ਼ਹਿਰ

ਅੰਮ੍ਰਿਤਸਰ ਦੀ ਸ਼ਾਲ-ਸਨਅਤ ਦਾ ਇਤਿਹਾਸ ਭਾਵੇਂ ਇੰਨਾ ਪ੍ਰਸਿੱਧ ਨਹੀਂ ਫਿਰ ਵੀ ਇਹ ਇਕ ਅਹਿਮ ਵਿਸ਼ਾ ਹੈ। ਅੰਮ੍ਰਿਤਸਰ ਕਸ਼ਮੀਰੀ ਸ਼ਾਲਾਂ ਲਈ ਮਸ਼ਹੂਰ ਰਿਹਾ ਹੈ। ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਸ਼ਾਲਾਂ ਨੂੰ ਜਿਨ੍ਹਾਂ ਦੀ ਕਾਰੀਗਰੀ ਅਤੇ ਸੁੰਦਰਤਾ ਕਾਰਨ ਬਹੁਤ ਕਦਰ ਕੀਤੀ ਜਾਂਦੀ ਸੀ, ਪੰਜਾਬ ਵਿਚ ਉਹ ਬੁਣਕਰ ਲੈ ਕੇ ਆਏ, ਜੋ 19ਵੀਂ ਸਦੀ ਵਿਚ ਅੰਗਰੇਜ਼ ਸਰਕਾਰ ਵਲੋਂ ਜਾਮਵਰ ਸ਼ਾਲਾਂ ਉਤੇ ਭਾਰੀ ਟੈਕਸ ਲਾਉਣ ਕਾਰਨ ਕਸ਼ਮੀਰ ਤੋਂ ਹਿਜਰਤ ਕਰ ਕੇ ਪੰਜਾਬ ਆਏ ਸਨ।

ਪਹਿਲਾਂ ਮਹਾਰਾਜਾ ਰਣਜੀਤ ਸਿੰਘ ਇਕ ਇਕਰਾਰਨਾਮੇ ਦੇ ਤਹਿਤ ਕਸ਼ਮੀਰ ਤੋਂ ਸ਼ਾਲਾਂ ਹਾਸਲ ਕਰਦਾ ਸੀ। ਮੂਰਕਰਾਫ਼ਟ (1819-25) ਨੇ ਆਪਣੀ ਪੁਸਤਕ 'ਟਰੈਵਲਜ਼ ਇਨ ਦੀ ਹਿਮਾਲਾਇਨ ਪ੍ਰਾਵਿੰਸਿਜ਼' ਵਿਚ ਇਹ ਗੱਲ ਲਿਖੀ ਹੈ। ਆਪਣੇ ਸਫ਼ਰ ਦੌਰਾਨ ਉਸ ਨੇ ਦੇਖਿਆ ਕਿ ਅੰਮ੍ਰਿਤਸਰ ਸ਼ਾਲ ਸਨਅਤ ਦਾ ਇੱਕ ਮਹੱਤਵਪੂਰਨ ਕੇਂਦਰ ਬਣ ਗਿਆ ਹੈ ਕਿਉਂਕਿ ਅਫ਼ਗਾਨਾਂ ਦੇ ਅੱਤਿਆਚਾਰਾਂ ਤੋਂ ਬਚਣ ਲਈ ਕਸ਼ਮੀਰ ਦੇ ਬਹੁਤ ਸਾਰੇ ਕਾਰੀਗਰ ਕਸ਼ਮੀਰ ਤੋਂ ਹਿਜਰਤ ਕਰ ਕੇ ਪੰਜਾਬ ਆ ਗਏ ਸਨ।

ਭਾਵੇਂ ਤਾਣੇ-ਬਾਣੇ ਦੀ ਬੁਣਤੀ ਦੀ ਕਲਾ ਨੂੰ ਦੇਖ ਕੇ ਬੰਦਾ ਚਕ੍ਰਿਤ ਰਹਿ ਜਾਂਦਾ ਹੈ, ਪਰ ਇਤਿਹਾਸ ਦਸਦਾ ਹੈ ਕਿ ਸ਼ਾਲ-ਕਾਰੋਬਾਰ ਉਸ ਇਲਾਕੇ ਵਿਚ ਖਾਸ ਤੌਰ 'ਤੇ ਪ੍ਰਫੁੱਲਿਤ ਹੋਇਆ ਜਿੱਥੇ ਇਸ ਨੂੰ ਰਾਜਨੀਤਕ ਸਰਪ੍ਰਸਤੀ ਮਿਲ ਗਈ। ਸ਼ਾਲ-ਸਨਅਤ ਦਾ ਜ਼ਿਕਰ ਮੁਗਲ ਬਾਦਸ਼ਾਹਾਂ ਅਤੇ ਅੰਗਰੇਜ਼ ਯਾਤਰੀਆਂ ਦੀਆਂ ਜੀਵਨੀਆਂ ਅਤੇ ਸਫ਼ਰਨਾਮਿਆਂ ਵਿਚ ਆਉਂਦਾ ਹੈ। ਇਹ ਪੁਸਤਕਾਂ ਦਸਦੀਆਂ ਹਨ ਕਿ ਅਮਨ-ਸ਼ਾਂਤੀ ਦੇ ਸਮਿਆਂ ਵਿਚ ਇਹ ਸਨਅਤ ਵਿਸ਼ੇਸ਼ ਤੌਰ 'ਤੇ ਪ੍ਰਫੁੱਲਿਤ ਹੋਈ।

ਅਠਾਰ੍ਹਵੀਂ ਸਦੀ ਵਿਚ ਕਸ਼ਮੀਰੀ ਸ਼ਾਲ ਬੁਣਕਰਾਂ ਤੇ ਕਢਾਈਕਾਰਾਂ ਦੇ ਅੰਮ੍ਰਿਤਸਰ ਅਤੇ ਕਾਂਗੜੇ ਦੀਆਂ ਪਹਾੜੀ ਰਿਆਸਤਾਂ ਵੱਲ ਆਉਣ ਦਾ ਕਾਰਨ ਅਫ਼ਗਾਨ ਸ਼ਾਸਕਾਂ ਦੇ ਅੱਤਿਆਚਾਰ ਸਨ। ਪੰਜ ਦਰਿਆਵਾਂ ਦੀ ਧਰਤੀ ਪੰਜਾਬ 712 ਈ. ਤੋਂ ਵਿਦੇਸ਼ੀ ਹਮਲਾਵਰਾਂ ਦੇ ਹਮਲਿਆਂ ਦਾ ਸ਼ਿਕਾਰ ਰਿਹਾ ਹੈ। ਹਿਜਰਤ ਕਰ ਕੇ ਆਉਣ ਵਾਲੇ ਲੋਕ ਨਾ ਕੇਵਲ ਮੁਸ਼ਕਿਲਾਂ ਨਾਲ ਜੂਝਣ ਵਾਲੇ ਸਨ, ਸਗੋਂ ਉਹ ਆਪਣੇ ਨਾਲ ਸਜਾਵਟਦਾਰ ਸੂਤੀ ਕਪੜੇ ਅਤੇ ਖ਼ੂਬਸੂਰਤ ਪਰਦੇ ਬੁਣਨ ਦੀ ਕਬਾਇਲੀ ਕਲਾ ਵੀ ਨਾਲ ਲੈ ਕੇ ਆਏ ਸਨ। ਇੱਥੇ ਕੇਂਦਰੀ ਏਸ਼ੀਆ ਦੇ ਲੋਕ ਵੀ ਆਏ ਜਿਨ੍ਹਾਂ ਦੀ ਆਪਣੇ ਜੱਦੀ ਦੇਸ਼ਾਂ ਵਿਚ ਜ਼ਿੰਦਗੀ ਬੜੀ ਮੁਸ਼ਕਿਲਾਂ ਭਰੀ ਸੀ। ਪੰਜਾਬ ਨੇ ਹਰ ਜਾਤੀ ਦੇ ਉਨ੍ਹਾਂ ਲੋਕਾਂ ਦੀਆਂ ਸੱਭਿਆਚਾਰਕ ਪਰੰਪਰਾਵਾਂ ਨੂੰ ਅਪਣਾਇਆ ਜਿਹੜੇ



ਕਦੀ ਪੰਜਾਬ ਵਿਚੀਂ ਲੰਘੇ। ਪੰਜਾਬੀਆਂ ਦੀ ਹਮੇਸ਼ਾ ਇਹ ਰੀਝ ਰਹੀ ਹੈ ਕਿ ਉਹ ਸ਼ਾਲਾਂ ਉਤੇ ਭੂ-ਦ੍ਰਿਸ਼, ਫੁੱਲ-ਬੂਟੇ, ਵੱਖ-ਵੱਖ ਰੁੱਤਾਂ ਦੇ ਦ੍ਰਿਸ਼ ਅਤੇ ਇਕ ਦਿਨ ਦੇ ਬਦਲਦੇ ਰੰਗਾਂ ਨੂੰ ਪ੍ਰਦਰਸ਼ਿਤ ਕਰਨ। ਨਤੀਜੇ ਵਜੋਂ ਸ਼ਾਲਾਂ ਦੇ ਵੱਖ-ਵੱਖ ਨਮੂਨਿਆਂ ਦਾ ਵਿਕਾਸ ਹੋਇਆ। ਪੰਜਾਬ ਦੀਆਂ ਲੋਕ-ਪਰੰਪਰਾਵਾਂ ਅਮੀਰ ਤੇ ਜ਼ਿੰਦਾ-ਦਿਲ ਹਨ। ਉਨ੍ਹੀਵੀਂ ਸਦੀ ਦੇ ਸ਼ੁਰੂ ਤਕ ਪੰਜਾਬ ਉਤੇ ਨਿੱਤ ਹਮਲੇ ਹੁੰਦੇ ਰਹਿੰਦੇ ਸਨ। ਇਸ ਲਈ 'ਖਾਧਾ ਪੀਤਾ ਲਾਹੇ ਦਾ ਬਾਕੀ ਅਹਿਮਦ ਸ਼ਾਹੇ ਦਾ' ਦੀ ਕਹਾਵਤ ਆਮ ਮਸ਼ਹੂਰ ਸੀ।

ਦੇਸ਼-ਵੰਡ ਤੋਂ ਪਹਿਲੇ ਦਿਨਾਂ ਵਿਚ ਅੰਮ੍ਰਿਸਤਰ ਸ਼ਾਲਾਂ ਦੀ ਇਕ ਪ੍ਰਫੁੱਲਿਤ ਮੰਡੀ ਸੀ। ਪਰ 1965 ਅਤੇ 1971 ਦੀਆਂ ਹਿੰਦ-ਪਾਕਿ ਜੰਗਾਂ ਅਤੇ ਖਾੜਕੂਵਾਦ ਦੇ ਬਾਰਾਂ ਵਰ੍ਹਿਆਂ ਨੇ ਸ਼ਾਲ-ਸਨਅਤ ਦਾ ਬਹੁਤ ਨੁਕਸਾਨ ਕੀਤਾ। ਪਰ ਅਜੋਕੇ ਸਮੇਂ ਨੂੰ ਅੰਮ੍ਰਿਤਸਰ ਦੀ ਸ਼ਾਲ-ਸਨਅਤ ਦਾ 'ਸੁਨਹਿਰੀ ਸਮਾਂ' ਕਿਹਾ ਜਾਂਦਾ ਹੈ। ਸ਼ਾਲਾਂ ਦੇ ਵਿਦੇਸ਼ੀ ਖਰੀਦਦਾਰ ਵੱਡੀ ਗਿਣਤੀ ਵਿਚ ਅੰਮ੍ਰਿਤਸਰ ਆਉਂਦੇ ਰਹਿੰਦੇ ਹਨ। ਇਕ ਅੰਦਾਜ਼ੇ ਅਨੁਸਾਰ ਹਰ ਸਾਲ ਅੰਮ੍ਰਿਤਸਰ ਤੇ ਲੁਧਿਆਣੇ ਤੋਂ 500 ਕਰੋੜ ਰੁਪਏ ਤੋਂ ਵੀ ਵਧ ਕੀਮਤ ਦੀਆਂ ਸ਼ਾਲਾਂ ਬਰਾਮਦ ਹੁੰਦੀਆਂ ਹਨ। ਹੁਣ ਆਸਟ੍ਰੇਲੀਆ, ਯੂਰਪ, ਜਾਪਾਨ, ਮੱਧ ਪੂਰਬ ਅਤੇ ਅਮਰੀਕਾ ਦੀਆਂ ਮੰਡੀਆਂ ਅੰਮ੍ਰਿਤਸਰ ਦੇ ਨਿਸ਼ਾਨੇ 'ਤੇ ਹਨ। ਇੱਥੋਂ ਤਕ ਕਿ ਹਿਮਾਚਲ ਪ੍ਰਦੇਸ਼ ਵਿਚ ਜਿਹੜੀਆਂ ਸ਼ਾਲਾਂ 'ਕੁੱਲੂ ਸ਼ਾਲਾਂ' ਦੇ ਨਾਂ 'ਤੇ ਵਿਕਦੀਆਂ ਹਨ, ਉਹ ਅੰਮ੍ਰਿਤਸਰ ਵਿਚ ਹੀ ਤਿਆਰ ਕੀਤੀਆਂ ਜਾਂਦੀਆਂ ਹਨ।

ਅੰਮ੍ਰਿਤਸਰ ਨੇ ਭਾਵੇਂ ਵਧੀਆ ਸ਼ਾਲਾਂ ਦੀ ਮੰਡੀ ਵਜੋਂ ਪ੍ਰਸਿੱਧੀ ਹਾਸਲ ਕਰ ਲਈ ਹੈ ਪਰ ਜੇ ਸਬੰਧਿਤ ਏਜੰਸੀਆਂ ਨੇ ਨਕਲੀ ਸ਼ਾਲਾਂ ਦੀ ਵਿਕਰੀ ਨੂੰ ਨੱਥ ਨਾ ਪਾਈ ਤਾਂ ਵੱਡੀ ਪੱਧਰ 'ਤੇ ਅੰਮ੍ਰਿਤਸਰ ਦੀ ਇਸ ਪ੍ਰਸਿੱਧੀ ਨੂੰ ਧੱਬਾ ਲਾ ਸਕਦੀਆਂ ਹਨ। ਅੰਮ੍ਰਿਤਸਰ ਨੇ ਵਧੀਆ ਸੂਤੀ ਵਸਤਾਂ ਤਿਆਰ ਕਰਨ ਵਿਚ ਭਾਵੇਂ ਚੰਗਾ ਨਾਮਣਾ ਖੱਟਿਆ ਹੈ, ਪਰ ਇੱਥੇ ਨਕਲੀ ਉਤਪਾਦਕਾਂ ਦੀ ਵੀ ਕਮੀ ਨਹੀਂ। ਤੁਸੀਂ ਕਿਸੇ ਮਸ਼ਹੂਰ ਬਰਾਂਡ ਦਾ ਨਾਂ ਲਓ ਤਾਂ ਉਸ ਦਾ ਨਕਲੀ ਬਰਾਂਡ ਵੀ ਅੰਮ੍ਰਿਤਸਰ ਵਿਚ ਉਪਲਬਧ ਹੈ। ਨਕਲੀ ਰੇਸ਼ਮ ਦੀਆਂ ਸ਼ਾਲਾਂ ਉਤੇ ਤਕਰੀਬਨ ਇਕ ਸੌ ਰੁਪਿਆ ਲਾਗਤ ਆਉਂਦੀ ਹੈ। ਪਰ ਉਨ੍ਹਾਂ ਨੂੰ ਖਾਲਸ ਊਨੀ ਸ਼ਾਲਾਂ ਕਹਿ ਕੇ 600 ਰੁਪਏ ਜਾਂ ਇਸ ਤੋਂ ਵੀ ਵਧ ਕੀਮਤ 'ਤੇ ਵੇਚਿਆ ਜਾਂਦਾ ਹੈ। ਭਾਰਤ/ਦੱਖਣੀ ਏਸ਼ੀਆ ਵੂਲਮਾਰਕ ਦੇ ਏਰੀਆ ਡਾਇਰੈਕਟਰ ਡਾ. ਐੱਸ.ਕੇ. ਚੌਧਰੀ ਕਹਿੰਦੇ ਹਨ 'ਇਸ ਤਰ੍ਹਾਂ ਦੀ ਜਾਅਲਸਾਜ਼ੀ, ਮਾਰਕੀਟ ਵਿਚ ਅੰਮ੍ਰਿਤਸਰੀ ਸ਼ਾਲਾਂ ਦੀ ਕਦਰ ਘਟਾ ਸਕਦੀ ਹੈ। ਪਰ ਤੁਸੀਂ ਵਿਦੇਸ਼ੀ ਖਰੀਦਦਾਰਾਂ ਨੂੰ ਬਹੁਤਾ ਚਿਰ ਧੋਖਾ ਨਹੀਂ ਦੇ ਸਕਦੇ।'

ਡਾ. ਚੌਧਰੀ ਕਹਿੰਦੇ ਹਨ ਕਿ ਭਾਰਤੀ ਸ਼ਾਲਾਂ ਅੰਤਰਰਾਸ਼ਟਰੀ ਫੈਸ਼ਨ ਦਾ ਇਕ ਜ਼ਰੂਰੀ ਅੰਗ ਬਣ ਗਈਆਂ ਹਨ। ਇਸ ਫੈਸ਼ਨਦਾਰੀ ਨੇ ਅੰਮ੍ਰਿਤਸਰ ਤੇ ਲੁਧਿਆਣੇ ਤੋਂ ਸ਼ਾਲਾਂ ਦੀ ਬਰਾਮਦ ਨੂੰ ਬਹੁਤ ਵੱਡਾ ਹੁਲਾਰਾ ਦਿੱਤਾ ਹੈ। ਪਹਿਲਾਂ ਵਿਦੇਸ਼ੀ ਖਰੀਦਦਾਰ ਭਾਰਤੀ ਸ਼ਾਲਾਂ ਬਾਰੇ ਬਹੁਤੇ ਜਾਗਰੂਕ ਨਹੀਂ ਸਨ। ਹੁਣ ਲਗਾਤਾਰ ਕੋਸ਼ਿਸ਼ਾਂ ਦੇ

ਕਾਰਨ, ਬਾਹਰਲੇ ਦੇਸ਼ਾਂ ਵਿਚ ਵੱਡੇ-ਵੱਡੇ ਸਟੋਰ ਬਣ ਗਏ ਹਨ, ਜਿੱਥੇ ਭਾਰਤੀ ਸ਼ਾਲਾਂ ਨੂੰ ਵਿਸ਼ੇਸ਼ ਥਾਵਾਂ 'ਤੇ ਪ੍ਰਦਰਸ਼ਿਤ ਕੀਤਾ ਜਾਂਦਾ ਹੈ। ਛੋਟੇ ਸਾਈਜ਼ ਦੀਆਂ ਸ਼ਾਲਾਂ ਬਾਹਰਲੇ ਦੇਸ਼ਾਂ ਦੀ ਨੌਜਵਾਨ ਪੀੜ੍ਹੀ ਨੂੰ ਬਹੁਤ ਆਕਰਸ਼ਿਤ ਕਰਦੀਆਂ ਹਨ। ਡਾ. ਚੌਧਰੀ ਚਿਤਾਵਨੀ ਦਿੰਦੇ ਹੋਏ ਕਹਿੰਦੇ ਹਨ ਕਿ ਸ਼ਾਲ-ਉਤਪਾਦਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਸ਼ਾਲਾਂ ਦੇ ਵਧੀਆ-ਪਨ (ਕੁਆਲਿਟੀ) ਨੂੰ ਕਾਇਮ ਰੱਖਣ ਤਾਂ ਜੋ ਵਿਦੇਸ਼ੀ ਖਰੀਦਦਾਰਾਂ ਦਾ ਵਿਸ਼ਵਾਸ ਬਣਿਆ ਰਹੇ।

ਕੁਝ ਸਮਾਂ ਪਹਿਲਾਂ ਵਿਦੇਸ਼ੀ ਖਰੀਦਦਾਰ ਨਿਪਾਲ ਦੀਆਂ ਦਰੀਆਂ ਨੂੰ ਬਹੁਤ ਪਸੰਦ ਕਰਦੇ ਸਨ ਪਰ ਕੁਝ ਪੈਸੇ ਦੇ ਲਾਲਚੀ ਉਤਪਾਦਕਾਂ ਨੇ ਬਹੁਤਾ ਨਫ਼ਾ ਕਮਾਉਣ ਲਈ ਘਟੀਆ ਵੰਨਗੀ ਦੀਆਂ ਦਰੀਆਂ ਬਰਾਮਦ ਕਰਨੀਆਂ ਸ਼ੁਰੂ ਕਰ ਦਿੱਤੀਆਂ। ਨਤੀਜੇ ਵਜੋਂ ਨਿਪਾਲ ਦੀ ਦਰੀ-ਸਨਅਤ ਨੂੰ ਬੁਰੇ ਦਿਨ ਦੇਖਣੇ ਪਏ। ਸ਼ਾਲ ਕਲੱਬ (ਇੰਡੀਆ) ਦੇ ਬਾਨੀ ਚੇਅਰਮੈਨ ਸ੍ਰੀ ਜੇ.ਐੱਸ. ਮਦਾਨ (ਮਰਹੂਮ) ਕਿਹਾ ਕਰਦੇ ਸਨ ਕਿ 'ਤੁਸੀਂ ਪਸ਼ਮੀਨੇ ਦੇ ਨਾਂ 'ਤੇ ਬਹੁਤਾ ਚਿਰ ਉਨ ਨਹੀਂ ਵੇਚ ਸਕਦੇ।' ਜਿਹੜੇ ਉਤਪਾਦਕ ਮਸ਼ਹੂਰ ਬਰਾਂਡਾਂ ਦੇ ਨਾਂ ਦੀ ਗੈਰ-ਕਾਨੂੰਨੀ ਵਰਤੋਂ ਕਰਦੇ ਸਨ, ਉਨ੍ਹਾਂ ਦੇ ਕਾਰਖਾਨਿਆਂ 'ਤੇ ਛਾਪੇ ਪੈਣ ਲਗ ਪਏ। ਨਕਲੀ ਸ਼ਾਲਾਂ ਦੇ ਉਤਪਾਦਨ ਨੂੰ ਨੱਥ ਪਾਉਣ ਲਈ ਤੁਰੰਤ ਕਾਨੂੰਨ ਬਣਨੇ ਚਾਹੀਦੇ ਹਨ। ਕਾਨੂੰਨ ਲਾਗੂ ਕਰਨ ਵਾਲੀਆਂ ਸਬੰਧਿਤ ਏਜੰਸੀਆਂ ਨੂੰ ਅਜਿਹੇ ਗੈਰ-ਕਾਨੂੰਨੀ ਉਤਪਾਦਕਾਂ ਵਿਰੁੱਧ ਕੇਸ ਦਰਜ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਅੰਤਰਰਾਸ਼ਟਰੀ ਮੰਗ ਨੂੰ ਪੂਰਾ ਕਰਨ ਲਈ ਉਤਪਾਦਕਾਂ ਨੂੰ ਵਧੀਆ ਮਸ਼ੀਨਰੀ ਅਤੇ ਤਕਨਾਲੋਜੀ ਦੀ ਵਰਤੋਂ ਕਰਨੀ ਚਾਹੀਦੀ ਹੈ। ਭਾਰਤੀ ਸ਼ਾਲਾਂ ਦੇ ਵਪਾਰ ਲਈ ਅਮਰੀਕਾ ਅਤੇ ਕਈ ਯੂਰਪੀ ਦੇਸ਼ਾਂ ਦੀਆਂ ਮੰਡੀਆਂ ਅਜੇ ਅਣਖੋਜੀਆਂ ਪਈਆਂ ਹਨ।

****



## ਕੜਾਹੀਆਂ ਪਤੀਲੇ ਰਸੋਈ 'ਚੋਂ ਬਾਹਰ

ਪੰਜਾਬ ਵਿਸ਼ੇਸ਼ ਤੌਰ 'ਤੇ ਕਲਾਤਮਿਕ ਪਰੰਪਰਾਵਾਦੀ ਬਰਤਨਾਂ ਦਾ ਭੰਡਾਰ ਰਿਹਾ ਹੈ ਪਰ ਇਕੀਵੀਂ ਸਦੀ ਦੇ ਆਗਾਜ਼ ਨਾਲ ਇਹ ਖ਼ਬਰ ਆਈ ਹੈ ਕਿ ਜੰਡਿਆਲਾ ਗੁਰੂ ਦੇ ਇਤਿਹਾਸਕ ਕਸਬੇ ਵਿਚ ਛੋਟੇ ਛੋਟੇ ਕਾਰਖਾਨਿਆਂ ਵਿਚ ਪੰਜਾਬ ਦੇ ਇਨ੍ਹਾਂ ਪਰੰਪਰਾਵਾਦੀ ਬਰਤਨਾਂ ਦੀ ਚਮਕ ਮੱਧਮ ਪੈਣੀ ਸ਼ੁਰੂ ਹੋ ਗਈ ਹੈ।

ਫੁੱਲਾਂ ਦੇ ਡਿਜ਼ਾਈਨ ਵਾਲੇ ਫਲ-ਕਟੋਰੇ, ਉਭਰਵੀਂ ਨਕਾਸ਼ੀ ਵਾਲੇ ਡਿਨਰ ਸੈੱਟ ਅਤੇ ਪੁਰਾਣੇ ਡਿਜ਼ਾਈਨਾਂ ਦੇ ਬਰਤਨ; ਇਹ ਸਾਰੇ ਜੰਡਿਆਲਾ ਗੁਰੂ ਦੀਆਂ ਭੱਠੀਆਂ ਦਾ ਖਾਜਾ ਬਣ ਰਹੇ ਹਨ। ਇਸ ਕਾਰਵਾਈ ਦਾ ਚਿਤਵਿਆ ਨਿਸ਼ਾਨਾ ਭਾਵੇਂ ਇਹ ਸੀ ਕਿ ਉਨ੍ਹਾਂ ਚੀਜ਼ਾਂ ਦੀ ਉਮਰ ਵਧਾਈ ਜਾਵੇ, ਜਿਹੜੀਆਂ ਕੂੜੇਦਾਨ ਵਿਚ ਨਸ਼ਟ ਹੋਣ ਜਾ ਰਹੀਆਂ ਹਨ ਪਰ ਸਚਾਈ ਇਹ ਹੈ ਕਿ ਪੁਰਾਣੇ ਫੈਸ਼ਨ ਦੇ ਬਰਤਨ ਭੱਠੀਆਂ ਵਿਚ ਗਾਲੇ ਜਾ ਰਹੇ ਹਨ।

ਕਿਸੇ ਨੂੰ ਵੀ ਇਸ ਗੱਲ ਦੀ ਪ੍ਰਵਾਹ ਨਹੀਂ ਕਿ ਇਨ੍ਹਾਂ ਬਤਰਨਾਂ ਨੂੰ ਸੁਰੱਖਿਅਤ ਰੱਖਿਆਂ ਜਾਏ ਜਾਂ ਇਨ੍ਹਾਂ ਨੂੰ ਬੀਤੇ ਸਮੇਂ ਦੀਆਂ ਨਿਸ਼ਾਨੀਆਂ ਸਮਝ ਕੇ ਇਨ੍ਹਾਂ ਦੀ ਅਜਾਇਬ-ਘਰਾਂ ਵਿਚ ਸੰਭਾਲ ਕੀਤੀ ਜਾਏ। ਵਿਦੇਸ਼ੀ ਯਾਤਰੀ ਜਿਹੜੇ ਜਥੇ ਬੰਨ੍ਹ ਬੰਨ੍ਹ ਕੇ ਪਵਿੱਤਰ ਸ਼ਹਿਰ ਨੂੰ ਦੇਖਣ ਆਉਂਦੇ ਹਨ, ਇਹ ਦੇਖ ਕੇ ਹੈਰਾਨ ਹੁੰਦੇ ਹਨ ਕਿ ਪੰਜਾਬ ਦੇ ਪੁਰਾਣੇ ਰਵਾਇਤੀ ਬਰਤਨ ਨਾ ਤਾਂ ਅਜਾਇਬ-ਘਰਾਂ ਵਿਚ ਦਿਖਾਈ ਦਿੰਦੇ ਹਨ ਅਤੇ ਨਾ ਹੀ ਬਾਜ਼ਾਰਾਂ ਵਿਚ।

ਇਕ ਬਜ਼ੁਰਗ ਅਫ਼ਸੋਸ ਨਾਲ ਕਹਿੰਦਾ ਹੈ ਕਿ ਬਰਤਨ ਬਣਾਉਣ ਦੀ ਵਧੀਆ ਕਾਰੀਗਰੀ, ਜਿਹੜੀ ਇਕ ਜੀਵਨ-ਜਾਂਚ ਅਤੇ ਸ਼ੋਭਾ ਦੀ ਪ੍ਰਤੀਕ ਸੀ, ਹੁਣ ਅੰਮ੍ਰਿਤਸਰ ਵਿਚੋਂ ਖ਼ਤਮ ਹੋ ਗਈ ਹੈ, ਜੋ ਕਦੀ ਉਤਰੀ ਭਾਰਤ ਦੀ ਬਰਤਨਾਂ ਦੀ ਸਭ ਤੋਂ ਵੱਡੀ ਮੰਡੀ ਹੁੰਦਾ ਸੀ। ਭਾਂਡੇ ਖਰੀਦਣ ਦੀ ਪਰੰਪਰਾ (ਭਾਂਡੇ ਜਿੰਨੇ ਭਾਰੇ ਹੋਣ, ਉੱਨੇ ਹੀ ਚੰਗੇ) ਇਕ ਤਰ੍ਹਾਂ ਦਾ ਪੂੰਜੀ-ਨਿਵੇਸ਼ ਹੁੰਦੀ ਸੀ। ਇਹ ਰਿਵਾਜ ਪਿਛਲੀ ਸਦੀ ਤਕ ਜਾਰੀ ਰਿਹਾ। ਪਰ ਹੁਣ ਨਵੇਂ ਫੈਸ਼ਨ ਦੇ ਬਰਤਨ ਜਾਂ ਕਰਾਕਰੀ ਖਰੀਦਣ ਦਾ ਰਿਵਾਜ ਹੋ ਗਿਆ ਹੈ।

ਸਜਾਵਟਦਾਰ ਅਤੇ ਡਿਜ਼ਾਈਨਦਾਰ ਬਰਤਨ ਬੀਤੇ ਸਮੇਂ ਦੀ ਚੀਜ਼ ਬਣ ਗਏ ਹਨ। ਰਵਾਇਤੀ ਬਰਤਨ ਬੇਹੱਦ ਸਜਾਵਟਦਾਰ ਹੁੰਦੇ ਸਨ। ਸ਼ਹਿਰੀ ਲੋਕ ਆਮ ਤੌਰ 'ਤੇ ਉਨ੍ਹਾਂ ਖ਼ੂਬਸੂਰਤ ਬਰਤਨਾਂ ਨੂੰ ਤਰਜੀਹ ਦਿੰਦੇ ਹਨ ਜਿਹੜੇ ਵਧੇਰੇ ਸੁੰਦਰ ਹੁੰਦੇ ਹਨ ਜਾਂ ਸਟੇਨਲੈੱਸ ਸਟੀਲ ਦੇ ਉਹ ਬਰਤਨ ਜਿਨ੍ਹਾਂ ਉਤੇ ਪਿੱਤਲ ਦਾ ਕੋਟ ਚੜ੍ਹਿਆ ਹੁੰਦਾ ਹੈ। ਅੱਜਕੱਲ੍ਹ ਬਰਤਨਾਂ ਨੂੰ ਵਧੇਰੇ ਸੁੰਦਰ ਬਣਾਉਣ ਲਈ ਤਾਰਕਸ਼ੀ, ਉਭਰਵੀਂ ਨੱਕਾਸ਼ੀ ਅਤੇ ਮੁਲੰਮਾਕਾਰੀ ਦੀ ਵਰਤੋਂ ਕੀਤੀ ਜਾਂਦੀ ਹੈ।

ਅੰਗਰੇਜ਼ੀ ਰਾਜ ਸਮੇਂ ਅੰਮ੍ਰਿਤਸਰ ਬਰਤਨ ਬਣਾਉਣ ਵਾਲੇ ਕਾਰਖਾਨਿਆਂ ਦਾ ਘਰ ਹੁੰਦਾ ਸੀ ਪਰ ਹੁਣ ਇਹ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚੋਂ ਮੰਗਵਾਏ ਗਏ ਰਸੋਈ-ਬਰਤਨਾਂ ਦੀ ਵਿਕਰੀ ਉਤੇ ਹੀ ਨਿਰਭਰ ਕਰਦਾ ਹੈ। ਅੰਮ੍ਰਿਤਸਰ ਦੀਆਂ ਬਰਤਨ-ਮਿੱਲਾਂ ਕਦੀ ਨਾ ਕੇਵਲ ਭਾਰਤ ਦੇ ਵੱਖ-ਵੱਖ ਹਿੱਸਿਆਂ ਨੂੰ ਬਰਤਨ ਸਪਲਾਈ ਕਰਦੀਆਂ ਸਨ, ਸਗੋਂ ਗੁਆਂਢੀ ਦੇਸ਼ਾਂ ਨੂੰ ਵੀ ਬਰਤਨ ਭੇਜਦੀਆਂ ਸਨ।

ਉਸ ਸਮੇਂ ਅੰਮ੍ਰਿਤਸਰ ਆਪਣੀ ਕਾਰਜਕਾਰੀ ਅਤੇ ਭੂਗੋਲਿਕ ਸਥਿਤੀ ਕਾਰਨ ਬਰਤਨ ਬਣਾਉਣ ਵਾਲੇ ਸਭ ਤੋਂ ਵੱਡੇ ਸ਼ਹਿਰ ਵਜੋਂ ਉਭਰਿਆ ਸੀ। 1928 ਵਿਚ ਅੰਗਰੇਜ਼ ਸਰਕਾਰ ਨੇ ਬਰਤਨ ਬਣਾਉਣ ਵਾਲੇ ਪੰਜ ਯੂਨਿਟ ਮਨਜ਼ੂਰ ਕੀਤੇ ਸਨ। ਉਨ੍ਹਾਂ ਪੰਜਾਂ ਵਿਚੋਂ ਦੋ ਯੂਨਿਟ ਇਕੱਲੇ ਅੰਮ੍ਰਿਤਸਰ ਨੂੰ ਦਿੱਤੇ ਗਏ ਸਨ ਅਤੇ ਬਾਕੀ ਦੇ ਤਿੰਨ ਯੂਨਿਟ ਜਗਾਧਰੀ, ਰੀਵਾੜੀ ਅਤੇ ਲਾਇਲਪੁਰ (ਫ਼ੈਸਲਾਬਾਦ) ਲਈ ਮਨਜ਼ੂਰ ਹੋਏ ਸਨ।

ਮਸ਼ਹੂਰ ਕਾਰਖਾਨੇਦਾਰ ਸ੍ਰੀ ਬੱਲੀ ਸਿੰਘ ਅਤੇ ਭਗਵਾਨ ਸਿੰਘ 1985 ਤਕ ਵੱਡੀ ਗਿਣਤੀ ਵਿਚ ਬਰਤਨ ਬਣਾਉਂਦੇ ਰਹੇ। ਮਰਹੂਮ ਭਗਵਾਨ ਸਿੰਘ ਦੇ ਪੋਤਰੇ ਸ੍ਰੀ ਜਯੰਤ ਸੂਦ ਨੇ ਦੱਸਿਆ ਕਿ ਉਸ ਦਾ ਪਰਿਵਾਰ ਪਿਛਲੀਆਂ ਦੋ ਸਦੀਆਂ ਤੋਂ ਬਰਤਨ ਬਣਾਉਣ ਦਾ ਕਾਰੋਬਾਰ ਕਰਦਾ ਆ ਰਿਹਾ ਹੈ। 1928 ਤਕ ਉਸ ਦੇ ਬਜ਼ੁਰਗ ਹੱਥ ਨਾਲ ਬਰਤਨ ਬਣਾਉਂਦੇ ਸਨ ਫੇਰ ਉਨ੍ਹਾਂ ਨੇ ਕਾਰਖਾਨਾ ਲਾਉਣ ਲਈ ਇੰਗਲੈਂਡ ਤੋਂ ਮਸ਼ੀਨਰੀ ਮੰਗਵਾਈ। ਉਨ੍ਹਾਂ ਹੋਰ ਦੱਸਿਆ ਕਿ ਉਸ ਦਾ ਪਰਿਵਾਰ ਕਸ਼ਮੀਰ ਰਾਹੀਂ ਯਾਰਕੰਦ ਨੂੰ ਬਰਤਨ ਬਰਾਮਦ ਕਰਦਾ ਸੀ। ਪਰ 1917 ਦੇ ਰੂਸੀ ਇਨਕਲਾਬ ਤੋਂ ਬਾਅਦ ਇਹ ਰਸਤਾ ਬੰਦ ਹੋ ਗਿਆ।

ਸ੍ਰੀ ਸੂਦ ਨੇ ਦੱਸਿਆ ਕਿ ਰਸੋਈ ਦੇ ਬਰਤਨ ਤਾਂਬੇ, ਅਲਮੀਨੀਅਮ, ਪਿੱਤਲ ਅਤੇ ਸਟੇਨਲੈੱਸ ਸਟੀਲ ਤੋਂ ਬਣਾਏ ਜਾਂਦੇ ਸਨ। ਸਟੇਨਲੈੱਸ ਸਟੀਲ ਦੇ ਬਰਤਨ ਉੱਨੀ ਸੌ ਸੱਠਵਿਆਂ ਦੇ ਸ਼ੁਰੂ ਵਿਚ ਬਣਨੇ ਸ਼ੁਰੂ ਹੋਏ। ਇਹ ਬਰਤਨ ਬਣਾਉਣ ਲਈ ਸਟੇਨਲੈੱਸ ਸਟੀਲ ਦੀਆਂ ਚਾਦਰਾਂ ਜਾਪਾਨ ਤੋਂ ਮੰਗਵਾਈਆਂ ਜਾਂਦੀਆਂ ਸਨ। ਫੇਰ ਅਸੀਂ ਇਹ ਖਾਨਦਾਨੀ ਕਾਰੋਬਾਰ ਛੱਡ ਦਿਤਾ ਅਤੇ ਕਾਰਖਾਨਾ ਬੰਦ ਕਰ ਦਿੱਤਾ ਕਿਉਂਕਿ ਸਾਡੇ ਸਾਰੇ ਭਾਈਵਾਲਾਂ ਦੇ ਬੱਚੇ ਕਾਫ਼ੀ ਪੜ੍ਹ-ਲਿਖ ਗਏ ਸਨ ਅਤੇ ਆਪਣੇ ਮਨਪਸੰਦ ਕੰਮ-ਧੰਦੇ ਕਰਨ ਲਗ ਪਏ ਸਨ।

ਬਰਤਨ ਬਣਾਉਣ ਦੇ ਛੋਟੇ ਕਾਰਖਾਨਿਆਂ ਦੀਆਂ ਨਿਸ਼ਾਨੀਆਂ ਅਜੇ ਵੀ ਕਸੇਰਿਆਂ ਵਾਲੇ ਬਾਜ਼ਾਰ ਵਿਚ ਦੇਖੀਆਂ ਜਾ ਸਕਦੀਆਂ ਹਨ। ਇਹ ਬਾਜ਼ਾਰ ਪੁਰਾਣੇ ਸ਼ਹਿਰ ਦੇ ਅੰਦਰ ਮਸ਼ਹੂਰ ਗੁਰੂ ਬਾਜ਼ਾਰ ਦੇ ਨੇੜੇ ਹੈ। ਕਾਰੀਗਰ ਪਿੱਤਲ ਤੇ ਤਾਂਬੇ ਦੇ ਪਤਰਿਆਂ ਨੂੰ ਕੁੱਟ-ਕੁੱਟ ਕੇ ਨਵੀਂ-ਨਵੀਂ ਸ਼ਕਲ ਦੇ ਬਰਤਨ ਬਣਾਉਂਦੇ ਸਨ। ਪਰ ਬਾਜ਼ਾਰਾਂ ਵਿਚ ਇਹ ਦ੍ਰਿਸ਼ ਹੁਣ ਘੱਟ ਹੀ ਦੇਖਣ ਨੂੰ ਮਿਲਦਾ ਹੈ। ਵਿਦੇਸ਼ੀ ਯਾਤਰੀ ਜਿਹੜੇ ਪੁਰਾਣੇ ਸ਼ਹਿਰ ਤੇ ਦਰਬਾਰ ਸਾਹਿਬ ਦੇ ਆਲੇ-ਦੁਆਲੇ ਦੀਆਂ ਗਤੀਵਿਧੀਆਂ ਨੂੰ ਦੇਖਣ ਆਉਂਦੇ ਹਨ, ਇਸ ਤਰ੍ਹਾਂ ਦੇ ਨਜ਼ਾਰੇ ਬੜੇ ਚਾਅ ਨਾਲ ਦੇਖਦੇ ਹਨ। ਇਕ



ਕਾਰੀਗਰ ਵਿਜੇ ਕਹਿੰਦਾ ਹੈ ਕਿ 'ਸੈਰ-ਸਪਾਟਾ ਕਰਨ ਆਏ ਵਿਦੇਸ਼ੀ ਇਕ ਦਮ ਸਾਡੀਆਂ ਫੋਟੋ ਖਿੱਚ ਲੈਂਦੇ ਹਨ ਅਤੇ ਬਣਾਏ ਜਾਂਦੇ ਬਰਤਨਾਂ ਬਾਰੇ ਕਈ ਸਵਾਲ ਪੁੱਛਦੇ ਹਨ।' ਉਹ ਦਸਦਾ ਹੈ ਕਿ ਇਹ ਪੁਰਾਣੀ ਕਲਾ ਹੁਣ ਖ਼ਤਮ ਹੋਣ ਦੇ ਨੇੜੇ ਹੈ। ਕੁਝ ਸਮਾਂ ਪਹਿਲਾਂ ਸੈਂਕੜੇ ਪਰਿਵਾਰ ਇਹ ਕੰਮ ਕਰਦੇ ਸਨ ਪਰ ਹੁਣ ਇਸ ਇਲਾਕੇ ਵਿਚ ਸਿਰਫ਼ ਪੰਦਰਾਂ ਦੁਕਾਨਾਂ ਹੀ ਰਹਿ ਗਈਆਂ ਹਨ। ਕਦੀ ਇਹ ਇਲਾਕਾ ਹਥੌੜੇ ਵੱਜਣ ਦੀਆਂ ਆਵਾਜ਼ਾਂ ਨਾਲ ਗੂੰਜਦਾ ਹੁੰਦਾ ਸੀ।

ਭਾਵੇਂ ਠਠਿਆਰਾਂ ਦੀ ਪੁਰਾਣੀ ਪੀੜ੍ਹੀ ਬੜੀ ਤੇਜ਼ੀ ਨਾਲ ਖ਼ਤਮ ਹੋ ਰਹੀ ਹੈ ਪਰ 27 ਸਾਲਾਂ ਦਾ ਇਕ ਨੌਜਵਾਨ ਠਠਿਆਰ ਸੋਨੂੰ ਆਸ ਦੀ ਇਕ ਕਿਰਨ ਹੈ ਕਿ ਨੌਜਵਾਨ ਪੀੜ੍ਹੀ ਇਸ ਪੁਰਾਣੀ ਕਲਾ ਨੂੰ ਜਿਊਂਦਾ ਰੱਖ ਸਕਦੀ ਹੈ। ਸੋਨੂੰ ਕਹਿੰਦਾ ਹੈ ਕਿ ਠਠਿਆਰੇ-ਕੰਮ ਨੂੰ ਉੱਨਾ ਚਿਰ ਜ਼ਿੰਦਾ ਨਹੀਂ ਰੱਖਿਆ ਜਾ ਸਕਦਾ ਜਿੰਨਾ ਚਿਰ ਸਰਕਾਰ ਉਨ੍ਹਾਂ ਦੀ ਮਦਦ ਨਹੀਂ ਕਰਦੀ। ਉਹ ਕਹਿੰਦਾ ਹੈ ਕਿ ਨਵੀਂ ਪੀੜ੍ਹੀ ਇਹ ਕਿੱਤਾ ਇਸ ਲਈ ਨਹੀਂ ਅਪਣਾਉਣਾ ਚਾਹੀਦੀ ਕਿਉਂਕਿ ਇਹ ਕੰਮ ਆਰਥਿਕ ਤੌਰ 'ਤੇ ਲਾਹੇਵੰਦਾ ਨਹੀਂ ਹੈ। ਸੋਨੂੰ ਦਸਦਾ ਹੈ ਕਿ ਪੁਰਾਣੀ ਕਿਸਮ ਦੇ ਬਰਤਨ ਹੁਣ ਕੇਵਲ ਲੋੜਵੰਦਾਂ ਦੇ ਆਰਡਰ 'ਤੇ ਹੀ ਬਣਾਏ ਜਾਂਦੇ ਹਨ ਕਿਉਂਕਿ ਆਮ ਲੋਕ ਉਨ੍ਹਾਂ ਨੂੰ ਖਰੀਦ ਕੇ ਰਾਜੀ ਨਹੀਂ। ਉਹ ਬੜੇ ਅਫ਼ਸੋਸ ਨਾਲ ਕਹਿੰਦਾ ਹੈ ਕਿ 'ਹੁਣ ਸਾਡਾ ਕੰਮ ਸਿਰਫ਼ ਪੁਰਾਣੇ ਬਰਤਨਾਂ ਦੀ ਮੁਰੰਮਤ ਕਰਨਾ ਹੀ ਰਹਿ ਗਿਆ ਹੈ।'

ਕਸੇਰਿਆਂ ਵਾਲੇ ਬਾਜ਼ਾਰ ਨੂੰ ਭਾਂਡਿਆਂ ਵਾਲਾ ਬਾਜ਼ਾਰ ਵੀ ਆਖਿਆ ਜਾਂਦਾ ਹੈ। ਇਸ ਬਾਜ਼ਾਰ ਦੀਆਂ ਸਾਰੀਆਂ ਦੁਕਾਨਾਂ ਹੁਣ ਸਟੇਨਲੈੱਸ ਸਟੀਲ ਅਤੇ ਨਵੀਂ ਕਿਸਮ ਦੇ ਰਸੋਈ-ਬਰਤਨ ਹੀ ਵੇਚਦੀਆਂ ਹਨ ਇੱਥੇ ਸਾਰਾ ਮਾਲ ਮੁੰਬਈ ਜਾਂ ਜਗਾਧਰੀ ਤੋਂ ਆਉਂਦਾ ਹੈ। ਮਸ਼ਹੂਰ ਮੁਰਾਦਾਬਾਦੀ ਭਾਂਡੇ ਹੁਣ ਸਿਰਫ਼ ਸਜਾਵਟੀ ਵਸਤਾਂ ਹੀ ਬਣ ਕੇ ਰਹਿ ਗਏ ਹਨ।

ਜੰਡਿਆਲਾ ਗੁਰੂ ਵਿਚ ਅਜੇ ਵੀ ਦੋ ਭੱਠੀਆਂ ਚਲਦੀਆਂ ਹਨ। ਇਹ ਭੱਠੀਆਂ ਤੇ ਕੁਝ ਦੁਕਾਨਾਂ ਭਾਂਡਿਆਂ ਵਾਲੇ ਬਾਜ਼ਾਰ ਵਿਚ ਹਨ। ਇਕ ਭੱਠੀ ਦਾ ਮਾਲਕ ਬ੍ਰਿਜ ਲਾਲ ਮਲਹੋਤਰਾ ਦਸਦਾ ਹੈ ਕਿ ਉਸ ਦਾ ਬਾਪ ਹਰਨਾਮ ਦਾਸ ਮਲਹੋਤਰਾ ਅਤੇ ਇਕ ਜਗਤ ਸਿੰਘ ਮਲਹੋਤਰਾ ਗੁਜਰਾਂਵਾਲੇ (ਪਾਕਿਸਤਾਨ) ਤੋਂ ਇੱਥੇ ਆਏ ਸਨ ਅਤੇ ਉਨ੍ਹਾਂ ਨੇ ਇੱਥੇ ਬਰਤਨ ਬਣਾਉਣ ਦੇ ਕਾਰਖਾਨੇ ਲਾਏ ਸਨ। ਇਹ ਇਲਾਕਾ ਰਸੋਈ ਦੇ ਬਰਤਨ ਬਣਾਉਣ ਲਈ ਮਸ਼ਹੂਰ ਸੀ। ਪਰ ਜਦੋਂ ਤੋਂ ਸਟੇਨਲੈੱਸ ਸਟੀਲ ਦੇ ਬਰਤਨ ਆਏ ਹਨ, ਉਦੋਂ ਤੋਂ ਤਾਂਬੇ, ਅਲਮੀਨੀਅਮ ਅਤੇ ਪਿੱਤਲ ਦੇ ਭਾਂਡੇ ਬਣਾਉਣ ਦਾ ਕੰਮ ਘਟ ਗਿਆ ਹੈ।

ਬ੍ਰਿਜ ਲਾਲ ਕਹਿੰਦਾ ਹੈ 'ਅੱਜ ਕੱਲ੍ਹ ਅਸੀਂ ਵੱਖ-ਵੱਖ ਧਾਤਾਂ ਦੇ ਟੁਕੜੇ ਜਾਂ ਚੂਰਾ ਭੱਠੀਆਂ ਵਿਚ ਢਾਲ ਕੇ ਮਿਲੇ ਆਰਡਰਾਂ ਮੁਤਾਬਕ ਉਨ੍ਹਾਂ ਦੇ ਬਰਤਨ ਬਣਾਉਂਦੇ ਹਾਂ। ਅਸੀਂ ਆਪਣੀਆਂ ਭੱਠੀਆਂ ਕੁਝ ਚੋਣਵੇਂ ਦਿਨਾਂ ਨੂੰ ਚਲਾਉਂਦੇ ਹਾਂ। ਕਈ ਵਾਰੀ ਧਾਤਾਂ ਦਾ ਰੱਦੀ ਮਾਲ ਇੰਨਾ ਥੋੜ੍ਹਾ ਹੁੰਦਾ ਹੈ ਕਿ ਮਹੀਨੇ ਵਿਚ ਇਕ ਵਾਰ ਹੀ ਭੱਠੀ

ਭਖਦੀ ਹੈ। ਬਰਤਨ ਬਣਾਉਣ ਦੇ ਬਹੁਤੇ ਕਾਰੀਗਰਾਂ ਨੇ ਰੋਜ਼ੀ ਕਮਾਉਣ ਲਈ ਹੁਣ ਹੋਰ ਕਿੱਤੇ ਆਪਣਾ ਲਏ ਹਨ।'

## ਸੱਤ ਦਰਵਾਜ਼ਿਆਂ ਵਾਲਾ ਸ਼ਹਿਰ

ਜ਼ਿਲ੍ਹਾ ਗਜ਼ਟੀਅਰ ਅਨੁਸਾਰ, ਜੰਡਿਆਲਾ ਗੁਰੂ ਨੂੰ ਜੱਟਾਂ ਨੇ ਵਸਾਇਆ ਸੀ। ਇਸ ਦਾ ਨਾਂ, ਸ਼ਹਿਰ ਦੇ ਬਾਨੀ ਦੇ ਪੁੱਤਰ ਜੰਡ ਦੇ ਨਾਂ 'ਤੇ ਰੱਖਿਆ ਗਿਆ ਸੀ। ਪਹਿਲੋਂ-ਪਹਿਲ ਇਸ ਸ਼ਹਿਰ ਦੇ ਦੁਆਲੇ ਮਿੱਟੀ ਦੀ ਇਕ ਕੰਧ ਹੁੰਦੀ ਸੀ ਜਿਸ ਵਿਚ ਸੱਤ ਦਰਵਾਜ਼ੇ ਹੁੰਦੇ ਸਨ। 1767ਈ. ਵਿਚ ਮਹਾਰਾਜਾ ਰਣਜੀਤ ਸਿੰਘ ਦੇ ਦਾਦੇ ਸ. ਚੜ੍ਹਤ ਸਿੰਘ ਨੇ ਨਿਰੰਜਨੀਏ ਗੁਰੂ ਨੂੰ ਸਜ਼ਾ ਦੇਣ ਲਈ ਸ਼ਹਿਰ ਉਤੇ ਹਮਲਾ ਕਰ ਦਿੱਤਾ। ਨਿਰੰਜਨੀਆ ਗੁਰੂ, ਅਹਿਮਦ ਸ਼ਾਹ ਅਬਦਾਲੀ ਨਾਲ ਰਲ ਗਿਆ ਸੀ। ਇਸ ਲਈ ਲੋਕ ਉਸ ਦੇ ਖ਼ਿਲਾਫ਼ ਹੋ ਗਏ ਸਨ।

ਜੰਡਿਆਲਾ ਗੁਰੂ ਵਿਚ ਬਾਬਾ ਹਿੰਦਾਲ ਦੀ ਯਾਦ ਵਿਚ ਇਕ ਗੁਰਦੁਆਰਾ ਹੈ। ਇਕ ਹੋਰ ਗੁਰਦੁਆਰਾ ਉਸ ਥਾਂ ਬਣਾਇਆ ਗਿਆ ਹੈ ਜਿੱਥੇ ਬਾਬੇ ਹਿੰਦਾਲ ਦਾ ਜਨਮ ਹੋਇਆ ਸੀ। ਬਾਬਾ ਹਿੰਦਾਲ ਇਕ ਜੱਟ ਪਰਿਵਾਰ ਵਿਚੋਂ ਸੀ। ਜਦੋਂ ਬਾਬਾ ਹਿੰਦਾਲ ਜੰਡਿਆਲਾ ਗੁਰੂ ਦੀਆਂ ਹਰੀਆਂ ਚਰਾਂਦਾਂ ਵਿਚ ਪਸ਼ੂ ਚਾਰਿਆਂ ਕਰਦਾ ਸੀ, ਤਾਂ ਉਹ ਇਕ ਨਾਥ ਜੋਗੀ ਤੋਂ ਧਾਰਮਕ ਸਿੱਖਿਆਵਾਂ ਗ੍ਰਹਿਣ ਕਰਿਆ ਕਰਦਾ ਸੀ। ਇਹ ਜੋਗੀ ਇਕ ਮੰਦਰ ਵਿਚ ਰਹਿੰਦਾ ਸੀ, ਜੋ ਬਾਬਾ ਹਿੰਦਾਲ ਦੇ ਮੌਜੂਦਾ ਗੁਰਦੁਆਰੇ ਦੇ ਨੇੜੇ ਸੀ।

ਇਕ ਦਿਨ ਸਾਰੇ ਜੋਗੀ ਉਥੋਂ ਅਚਾਨਕ ਅਲੋਪ ਹੋ ਗਏ। ਬਾਬੇ ਹਿੰਦਾਲ ਨੂੰ ਜੋਗੀਆਂ ਦੇ ਇਕ ਦਮ ਚਲੇ ਜਾਣ 'ਤੇ ਬੜਾ ਦੁੱਖ ਹੋਇਆ। ਉਹ ਅੰਮ੍ਰਿਤਸਰ ਚਲਾ ਗਿਆ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਕਿਨਾਰੇ ਬੈਠ ਕੇ ਭਗਤੀ ਕਰਨ ਲਗ ਪਿਆ। ਹਿੰਦਾਲ ਦੇ ਮਾਪਿਆਂ ਨੇ ਗੁਰੂ ਅਰਜਨ ਦੇਵ ਜੀ ਨੂੰ ਬੇਨਤੀ ਕੀਤੀ ਕਿ ਉਹ ਹਿੰਦਾਲ ਨੂੰ ਘਰ ਪਰਤ ਜਾਣ ਲਈ ਕਹਿਣ। ਗੁਰੂ ਜੀ ਦੇ ਪ੍ਰੇਰਿਤ ਕਰਨ 'ਤੇ ਹਿੰਦਾਲ ਨੇ ਆਖਿਆ ਕਿ ਉਹ ਬਾਰਾਂ ਸਾਲਾਂ ਪਿੱਛੋਂ ਘਰ ਚਲਾ ਜਾਏਗਾ। ਇਸ ਸਾਰੇ ਸਮੇਂ ਵਿਚ ਹਿੰਦਾਲ ਭਗਤੀ ਕਰਦਾ ਰਿਹਾ ਤੇ ਆਖਰ ਹਿੰਦਾਲ ਦਾ ਉਸ ਨਾਥ ਜੋਗੀ ਨਾਲ ਮਿਲਾਪ ਹੋ ਗਿਆ।

ਇਸ ਤੋਂ ਪਿੱਛੋਂ ਹਿੰਦਾਲ ਨੇ ਨਿਰੰਜਨੀਆ ਸੰਪਰਦਾਇ ਦੀ ਨੀਂਹ ਰੱਖੀ। ਇਹ ਸੰਪਰਦਾਇ ਇਕ ਪਰਮਾਤਮਾ ਉਤੇ ਵਿਸ਼ਵਾਸ ਰੱਖਦੀ ਹੈ। ਇਸ ਸੰਪਰਦਾਇ ਨੇ ਬਾਬਾ ਹਿੰਦਾਲ ਦੀ ਯਾਦ ਵਿਚ ਇਕ ਆਪਣੀ ਵੱਖਰੀ ਅਰਦਾਸ ਬਣਾਈ ਹੋਈ ਹੈ। ਨਾਥਾਂ ਦੇ ਡੇਰੇ ਨੇੜੇ ਇਕ ਗੁਰਦੁਆਰਾ ਤੇ ਸਰੋਵਰ ਬਣੇ ਹੋਏ ਹਨ। ਇਸ ਅਸਥਾਨ 'ਤੇ ਬਾਬਾ ਹਿੰਦਾਲ ਨਾਥ ਜੋਗੀ ਤੋਂ ਧਾਰਮਕ ਸਿੱਖਿਆ ਗ੍ਰਹਿਣ ਕਰਦਾ ਹੁੰਦਾ ਸੀ।

****



# ਕਿਰਪਾਨ ਬਹਾਦਰ ਸ਼ਹਿਰ

ਸ਼ਬਦ 'ਤਲਵਾਰ' ਸਾਨੂੰ ਆਪਣੇ ਯੋਧਿਆਂ ਤੋਂ ਇਲਾਵਾ ਇਤਿਹਾਸ-ਪ੍ਰਸਿੱਧ ਅੰਗਰੇਜ਼ ਨਾਇਕਾਂ, ਰੋਮਨ ਤੇਗਬਾਜ਼ਾਂ, ਜਾਪਾਨੀ ਯੋਧਿਆਂ ਅਤੇ ਵਾਈਕਿੰਗ ਸੂਰਬੀਰਾਂ ਦੀ ਯਾਦ ਦੁਆਉਂਦਾ ਹੈ। ਇਸ ਧਰਤੀ 'ਤੇ ਪ੍ਰਫੁੱਲਿਤ ਹੋਈਆਂ ਸੱਭਿਅਤਾਵਾਂ ਤੇ ਸਲਤਨਤਾਂ ਪ੍ਰਾਚੀਨ ਸਮਿਆਂ ਤੋਂ 'ਤਲਵਾਰ' ਨੂੰ ਆਪਣਾ ਪ੍ਰਤੀਨਿਧ ਚਿੰਨ੍ਹ ਸਥਾਪਿਤ ਕਰਦੀਆਂ ਆਈਆਂ ਹਨ।

ਕੋਈ ਵੀ ਹੋਰ ਸ਼ਸਤਰ ਲੋਕਾਂ ਨੂੰ ਤਲਵਾਰ ਦੀ ਤਰ੍ਹਾਂ ਆਕਰਸ਼ਿਤ ਨਹੀਂ ਕਰਦਾ। ਤਲਵਾਰ ਨੂੰ ਆਮ ਤੌਰ 'ਤੇ ਆਪਣੀ ਸ਼ਾਨ ਦਾ ਚਿੰਨ੍ਹ ਸਮਝਿਆ ਜਾਂਦਾ ਹੈ। ਕਈ ਤਲਵਾਰਾਂ ਕਲਾ ਦਾ ਅਦਭੁੱਤ ਨਮੂਨਾ ਹੁੰਦੀਆਂ ਹਨ ਜਿਨ੍ਹਾਂ ਨੂੰ ਉਸਤਾਦ ਕਾਰੀਗਰਾਂ ਨੇ ਬੜੀ ਕਾਰੀਗਰੀ ਨਾਲ ਬਣਾਇਆ ਹੁੰਦਾ ਹੈ।

ਤਲਵਾਰਾਂ ਨੇ ਪ੍ਰਮੁੱਖ ਸੱਭਿਅਤਾਵਾਂ ਵਿਚ ਬੜੀ ਅਹਿਮ ਭੂਮਿਕਾ ਨਿਭਾਈ ਹੈ। ਅਜੋਕੇ ਸਮਾਜ ਵਿਚ ਵੀ ਕਈ ਸੈਨਿਕ ਤੇ ਰਾਜ ਸਮਾਰੋਹਾਂ ਵਿਚ ਤਲਵਾਰ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ।

ਇਕ ਤਲਵਾਰ ਦੀ ਕੀਮਤ ਉਸ ਦੀ ਵੰਨਗੀ ਅਤੇ ਨਿਰਮਾਣ-ਕਲਾ ਨੂੰ ਪ੍ਰਗਟ ਕਰਦੀ ਹੈ। ਹਰ ਕਿਸਮ ਦੀਆਂ ਤਲਵਾਰਾਂ ਮਿਲਦੀਆਂ ਹਨ। ਮਸ਼ੀਨ-ਨਿਰਮਤ ਤਲਵਾਰ ਕੇਵਲ 35 ਰੁਪਿਆਂ ਵਿਚ ਮਿਲ ਸਕਦੀ ਹੈ ਅਤੇ ਹੱਥ ਨਾਲ ਬਣੀ ਹੀਰਿਆਂ-ਜੜੀ ਇਕ ਉੱਤਮ ਤਲਵਾਰ ਦੀ ਕੀਮਤ ਦੋ ਲੱਖ ਰੁਪਏ ਜਾਂ ਇਸ ਤੋਂ ਵਧ ਵੀ ਹੋ ਸਕਦੀ ਹੈ।

## ਕਿਰਪਾਨ ਅਤੇ ਸਿੱਖ ਧਰਮ

ਸਿੱਖ ਧਰਮ ਦੇ ਪੈਰੋਕਾਰਾਂ ਲਈ ਤਲਵਾਰ ਇਕ ਵੱਖਰਾ ਅਰਥ ਰੱਖਦੀ ਹੈ। ਇਹ ਪੰਜ ਕਕਾਰਾਂ ਵਿਚੋਂ ਇਕ ਹੈ, ਜਿਨ੍ਹਾਂ ਨੂੰ ਦਸਮ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਹਰ ਸਿੱਖ ਨੂੰ ਧਾਰਨ ਕਰਨ ਦਾ ਆਦੇਸ਼ ਦਿੱਤਾ ਸੀ। ਇਕ ਕੱਕੇ ਦਾ ਅਰਥ ਹੈ: ਕਿਰਪਾਨ। ਇਸ ਦਾ ਇਹ ਅਰਥ ਨਾ ਸਮਝਿਆ ਜਾਵੇ ਕਿ ਸਿੱਖ ਧਰਮ ਰਾਜ ਸੱਤਾ ਹਾਸਲ ਕਰਨ ਲਈ ਤਲਵਾਰਬਾਜ਼ੀ ਦਾ ਪ੍ਰਚਾਰ ਕਰਦਾ ਹੈ। ਇਸ ਦੇ ਉਲਟ, ਸਿੱਖ ਧਰਮ ਦੇ ਪੈਰੋਕਾਰਾਂ ਨੂੰ ਇਹ ਸਿੱਖਿਆ ਦਿੱਤੀ ਗਈ ਹੈ ਕਿ ਕਿਰਪਾਨ ਦੀ ਵਰਤੋਂ ਕੇਵਲ ਜ਼ੁਲਮ ਦੇ ਖ਼ਿਲਾਫ਼ ਅਤੇ ਮਜ਼ਲੂਮ ਦੀ ਰੱਖਿਆ ਕਰਨ ਲਈ ਕਰਨੀ ਹੈ।

ਕਿਰਪਾਨ ਦੀ ਵਰਤੋਂ, ਨਿਹੱਥਿਆਂ ਉਤੇ ਹੋ ਰਹੇ ਜ਼ੁਲਮ ਨੂੰ ਰੋਕਣ ਲਈ ਉਦੋਂ ਕਰਨੀ ਹੈ ਜਦੋਂ ਜ਼ੁਲਮ ਨੂੰ ਰੋਕਣ ਲਈ ਹੋਰ ਸਾਰੇ ਹੀਲੇ ਅਸਫਲ ਹੋ ਗਏ ਹੋਣ। ਅਸਲ ਵਿਚ ਕਿਰਪਾਨ ਸੱਤਯ ਦੀ ਸ਼ਕਤੀ ਦੀ ਪ੍ਰਤੀਕ ਹੈ, ਜੋ ਅਸੱਤਯ ਨੂੰ ਦਾਤੀ ਵਾਂਗ

ਚੀਰ ਦਿੰਦੀ ਹੈ। ਜ਼ਾਲਮ ਦੇ ਹੱਥ ਤਲਵਾਰ ਹੁੰਦੀ ਹੈ ਤੇ ਸੰਤ-ਸਿਪਾਹੀ ਦੇ ਹੱਥ ਕਿਰਪਾਨ। ਤਲਵਾਰ ਨੇ ਜ਼ੁਲਮ ਤੇ ਕਿਰਪਾਨ ਨੇ ਜ਼ਾਲਮ ਦਾ ਸਿਰ ਕਲਮ ਕਰ ਕੇ 'ਕਿਰਪਾ' ਕਰਨੀ ਹੁੰਦੀ ਹੈ।

ਜਦੋਂ ਇਕ ਸਿੱਖ, ਇਸਤਰੀ ਜਾਂ ਮਰਦ, ਅੰਮ੍ਰਿਤ ਛਕ ਲੈਂਦਾ ਹੈ ਤਾਂ ਉਹ ਸਿੱਖ ਰਹਿਤ ਮਰਯਾਦਾ ਦਾ ਪਾਲਣ ਕਰਨ ਦਾ ਪ੍ਰਣ ਕਰਦਾ ਹੈ। ਅੰਮ੍ਰਿਤਧਾਰੀ ਸਿੱਖ ਗਾਤਰੇ ਦੁਆਰਾ ਕਿਰਪਾਨ ਪਹਿਨਦਾ ਹੈ।

ਇਕ ਅੰਮ੍ਰਿਤਧਾਰੀ ਸਿੱਖ ਨੂੰ ਸੰਤ-ਸਿਪਾਹੀ ਆਖਿਆ ਜਾਂਦਾ ਹੈ। ਸੰਤ ਪਹਿਲਾਂ ਅਤੇ ਸਿਪਾਹੀ ਬਾਅਦ ਵਿੱਚ। ਕਿਰਪਾਨ ਨੂੰ ਹਮੇਸ਼ਾ ਮਿਆਨ ਵਿਚ ਰੱਖਿਆ ਜਾਂਦਾ ਹੈ। ਸਵਾਏ ਉਸ ਸਮੇਂ ਦੇ ਜਦੋਂ ਧਾਰਮਕ ਸਮਾਰੋਹਾਂ ਸਮੇਂ ਇਸ ਨੂੰ ਪਵਿੱਤਰ ਕੜਾਹ ਪ੍ਰਸ਼ਾਦ ਨੂੰ ਭੋਗ ਲਾਉਣ ਲਈ ਮਿਆਨ ਤੋਂ ਬਾਹਰ ਕੱਢਿਆ ਜਾਂਦਾ ਹੈ।

ਸਿੱਖ ਕਿਰਪਾਨ ਨੂੰ ਇਕ ਹਥਿਆਰ ਕਹਿਣ ਦਾ ਵਿਰੋਧ ਕਰਦੇ ਹਨ। ਰਵਾਇਤ ਅਨੁਸਾਰ ਇਕ ਸਿੱਖ ਗੁੱਸੇ ਵਿਚ ਆ ਕੇ ਜਾਂ ਕਿਸੇ ਬੁਰੇ ਕੰਮ ਲਈ ਕਿਰਪਾਨ ਦੀ ਵਰਤੋਂ ਕਦੇ ਨਹੀਂ ਕਰਦਾ। ਉਹ ਕਿਰਪਾਨ ਦੀ ਵਰਤੋਂ ਸਵੈ-ਰੱਖਿਆ ਲਈ ਕਰਦਾ ਹੈ ਜਾਂ ਕਿਸੇ ਲੋੜਵੰਦ ਦੀ ਰੱਖਿਆ ਲਈ। ਕੁਝ ਸਿੱਖ ਗੱਤਕਾ ਸਿੱਖ ਲੈਂਦੇ ਹਨ। ਗੱਤਕੇ ਦੀ ਸ਼ੁਰੂਆਤ ਗੁਰੂ ਸਾਹਿਬਾਨ ਦੇ ਸਮੇਂ ਵਿਚ ਹੋਈ ਸੀ। ਗੱਤਕੇ ਵਿਚ ਸਵੈ-ਰੱਖਿਆ ਲਈ ਕਿਰਪਾਨ ਨੂੰ ਬੜੀ ਤੇਜ਼ੀ ਨਾਲ ਚਾਰੇ ਪਾਸੇ ਘੁਮਾਇਆ ਜਾਂਦਾ ਹੈ।

ਸਿੱਖਾਂ ਵਿਚ ਕਿਰਪਾਨ ਪਹਿਨਣ ਦੀ ਮਰਯਾਦਾ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ (1595-1644 ਈ.) ਦੇ ਸਮੇਂ ਤੋਂ ਚਲੀ ਆਉਂਦੀ ਹੈ। ਗੁਰੂ ਹਰਿਗੋਬਿੰਦ ਸਾਹਿਬ ਹਮੇਸ਼ਾ ਦੋ ਤਲਵਾਰਾਂ ਪਹਿਨਿਆ ਕਰਦੇ ਸਨ। ਇਕ ਤਲਵਾਰ ਮੀਰੀ ਦੀ ਅਤੇ ਇਕ ਪੀਰੀ ਦੀ।

## ਸ਼ਬਦ ਸਰੋਤ

ਤਲਵਾਰ ਅਜੇ ਵੀ ਸੁਤੰਤਰ ਰਾਜਸੱਤਾ ਦਾ ਸ਼ਕਤੀਸ਼ਾਲੀ ਚਿੰਨ੍ਹ ਹੈ। ਸਤਾਰ੍ਹਵੀਂ ਸਦੀ ਵਿਚ, ਹੋਰ ਸਾਰੇ ਹਥਿਆਰਾਂ ਵਿਚੋਂ ਤਲਵਾਰ, ਸਾਰੇ ਭਾਰਤ ਦੇ ਯੋਧਿਆਂ ਲਈ ਇਕ ਮਕਬੂਲ ਸ਼ਸਤਰ ਵਜੋਂ ਉਭਰ ਕੇ ਸਾਹਮਣੇ ਆਈ। ਬਹੁਤੇ ਲੋਕਾਂ ਦਾ ਵਿਚਾਰ ਹੈ ਕਿ ਤਲਵਾਰ ਫ਼ਾਰਸੀ ਸ਼ਬਦ 'ਸ਼ਮਸ਼ੀਰ' ਜਾਂ ਤੁਰਕੀ ਲਫ਼ਜ਼ ਕੀਲਿਕ (Kilic) ਦਾ ਬਦਲਿਆ ਹੋਇਆ ਰੂਪ ਹੈ। ਤਲਵਾਰ ਨੂੰ ਸ਼ਮਸ਼ੀਰ ਜਾਂ ਕੀਲਿਕ ਦੀ ਤਰ੍ਹਾਂ ਹੀ ਵਰਤਿਆ ਜਾ ਸਕਦਾ ਹੈ।

ਪਰ ਕਿਰਪਾਨ ਦਾ ਸ਼ਾਬਦਿਕ ਅਰਥ ਹੈ: ਕਿਰਪਾ ਅਤੇ ਮਆਨ। ਇਸ ਦਾ ਸਮੁੱਚਾ ਅਰਥ ਹੈ: ਕਿਰਪਾ ਜਾਂ ਸਹਾਇਤਾ ਲਈ ਕੀਤਾ ਗਿਆ ਇਕ ਕੰਮ। ਆਨ ਦਾ ਅਰਥ ਹੈ: ਆਨ-ਸ਼ਾਨ, ਇੱਜ਼ਤ, ਸਵੈ-ਸਤਿਕਾਰ। ਇਸ ਲਈ ਕਿਰਪਾਨ ਸ਼ਬਦ ਦਾ ਸ਼ਾਬਦਿਕ ਅਰਥ ਹੈ: ਸਵੈ-ਰੱਖਿਆ ਦਾ ਸ਼ਸਤਰ। ਦਇਆ ਅਤੇ ਆਸੀਸ। ਇਸ ਦੇ ਵਿਰੁੱਧ ਤਲਵਾਰ, ਇਕ ਹਮਲੇ ਦਾ ਹਥਿਆਰ ਹੈ।



## ਤਲਵਾਰ-ਨਿਰਮਾਨ ਦਾ ਕਾਰੋਬਾਰ

ਪਵਿੱਤਰ ਸ਼ਹਿਰ ਅੰਮ੍ਰਿਤਸਰ ਕੇਵਲ ਸਿੱਖ ਧਰਮ ਦਾ ਧੁਰਾ ਹੀ ਨਹੀਂ ਹੈ, ਸਗੋਂ ਤਲਵਾਰਾਂ (ਕਿਰਪਾਨਾਂ) ਬਣਾਉਣ ਦਾ ਕੇਂਦਰ ਵੀ ਹੈ। ਅੰਮ੍ਰਿਤਸਰ ਦੀਆਂ ਬਣੀਆਂ ਕਿਰਪਾਨਾਂ ਨਾ ਕੇਵਲ ਆਪਣੇ ਦੇਸ਼ ਵਿਚ ਹੀ, ਸਗੋਂ ਦੂਰ-ਦੁਰਾਡੇ ਦੇਸ਼ਾਂ ਵਿਚ ਵੀ ਜਾਂਦੀਆਂ ਹਨ। ਅੰਮ੍ਰਿਤਸਰ ਦੀ ਕਿਰਪਾਨਾਂ ਅਤੇ ਹੋਰ ਤੇਜ਼ ਧਾਰ ਹਥਿਆਰ ਬਣਾਉਣ ਦੀ ਘਰੇਲੂ ਦਸਤਕਾਰੀ ਤਕਰੀਬਨ 50 ਕਰੋੜ ਰੁਪਏ ਤੋਂ ਵੱਧ ਦਾ ਸਾਲਾਨਾ ਵਪਾਰ ਕਰਦੀ ਹੈ। ਇਹ ਦਸਤਕਾਰੀ ਨਾ ਕੇਵਲ ਘਰੇਲੂ ਮਾਰਕੀਟ ਨੂੰ, ਸਗੋਂ ਵਿਦੇਸ਼ੀ ਮੰਡੀਆਂ ਨੂੰ ਮਾਲ ਮੁਹੱਈਆ ਕਰਦੀ ਹੈ।

ਤਕਰੀਬਨ ਇਕ ਦਰਜਨ ਵੱਡੇ-ਵੱਡੇ ਕਾਰਖਾਨੇ ਅਤੇ ਹੋਰ ਕਈ ਛੋਟੇ-ਛੋਟੇ ਯੂਨਿਟ ਕਿਰਪਾਨਾਂ ਅਤੇ ਕਈ ਹੋਰ ਰਵਾਇਤੀ ਹਥਿਆਰ ਬਣਾਉਣ ਅਤੇ ਉਨ੍ਹਾਂ ਦਾ ਵਪਾਰ ਕਰਨ ਵਿਚ ਕਾਰਜਸ਼ੀਲ ਹਨ। ਹੋਰ ਹਥਿਆਰਾਂ ਵਿਚ ਖੰਜਰ, ਗੁਪਤੀ, ਖੁਖਰੀ, ਖੰਡਾ (ਦੋ-ਧਾਰੀ ਕਿਰਪਾਨ) ਤੇਗਾ ਅਤੇ ਸਮੁਰਾਇ ਆਦਿ ਸ਼ਾਮਲ ਹਨ। ਗੁਪਤੀ ਇਕ ਤੇਜ਼ਧਾਰ ਹਥਿਆਰ ਹੁੰਦਾ ਹੈ, ਜੋ ਇਕ ਛੋਟੀ ਛੜੀ ਵਿਚ ਛੁਪਿਆ ਹੁੰਦਾ ਹੈ।

ਇਸ ਤਰ੍ਹਾਂ ਦੇ ਰਵਾਇਤੀ ਹਥਿਆਰ ਦੇਸ਼ ਭਰ ਵਿਚ ਵੱਖ-ਵੱਖ ਸ਼ਹਿਰਾਂ ਵਿਚ ਤਿਆਰ ਕੀਤੇ ਜਾਂਦੇ ਹਨ ਜੋ ਧਾਰਮਕ ਅਤੇ ਰਵਾਇਤੀ ਸਮਾਜਕ ਕਾਰਜਾਂ ਵਿਚ ਵਰਤੇ ਜਾਂਦੇ ਹਨ ਪਰ ਅੰਮ੍ਰਿਤਸਰ ਵਧੀਆ ਕਿਸਮਾਂ ਦੇ ਸ਼ਸਤਰ ਬਣਾਉਣ ਲਈ ਪ੍ਰਸਿੱਧ ਹੈ।

ਨਵੀਂ ਟੈਕਨਾਲੋਜੀ ਦੇ ਆਉਣ ਨਾਲ ਕਿਰਪਾਨਾਂ ਬਣਾਉਣ ਦੀ ਪੁਰਾਣੀ ਕਲਾ ਵਿਚ ਵੀ ਤਬਦੀਲੀ ਆ ਗਈ ਹੈ। ਦੇਸ਼-ਵੰਡ ਤੋਂ ਪਹਿਲਾਂ ਜ਼ਿਆਦਾਤਰ ਕਾਰੀਗਰ ਮੁਸਲਮਾਨ ਹੁੰਦੇ ਸਨ। ਇਕ ਕਾਰੀਗਰ ਨੂੰ ਇਕ ਕਿਰਪਾਨ ਬਣਾਉਣ ਲਈ ਤਕਰੀਬਨ ਇਕ ਦਿਨ ਲੱਗ ਜਾਂਦਾ ਸੀ। ਪਰ ਅਤਿ-ਆਧੁਨਿਕ ਬਿਜਲਈ ਕਾਢਾਂ ਕਾਰਨ ਹੁਣ ਸਮਾਂ ਵੀ ਘਟ ਲਗਦਾ ਹੈ ਤੇ ਮਿਹਨਤ ਵੀ ਘਟ ਕਰਨੀ ਪੈਂਦੀ ਹੈ।

ਘਰੇਲੂ ਦਸਤਕਾਰੀ ਨੇ ਇਸ ਪੇਸ਼ੇ ਦੇ ਨਵੇਂ ਤਰੀਕਿਆਂ ਨੂੰ ਅਪਣਾਉਣ ਵਿਚ ਬੜੀ ਮਿਹਨਤ ਕੀਤੀ ਹੈ। ਕਿਰਪਾਨਾਂ ਦੇ ਵੱਖ-ਵੱਖ ਹਿੱਸਿਆਂ ਨੂੰ ਵੱਖ ਵੱਖ ਮਾਹਿਰ ਕਾਰੀਗਰ ਬਣਾਉਂਦੇ ਹਨ। ਜਿਸ ਨਾਲ ਮਾਲ ਦੀ ਗੁਣਵੱਤਾ ਵਿਚ ਵਾਧਾ ਹੁੰਦਾ ਹੈ। ਸਾਰੇ ਵੱਡੇ ਕਾਰਖਾਨਿਆਂ ਵਿਚ 10 ਤੋਂ 12 ਤਕ ਆਦਮੀ ਕੰਮ ਕਰਦੇ ਹਨ। ਇਸ ਤਰ੍ਹਾਂ ਅੰਦਾਜ਼ਨ 10000 ਲੋਕ ਸਿੱਧੇ ਜਾਂ ਅਸਿੱਧੇ ਢੰਗ ਨਾਲ ਇਸ ਕਿੱਤੇ ਨਾਲ ਜੁੜੇ ਹੋਏ ਹਨ। ਹਰ ਯੂਨਿਟ ਤਕਰੀਬਨ 150 ਕਿਰਪਾਨਾਂ ਹਰ ਰੋਜ਼ ਬਣਾਉਂਦਾ ਹੈ। ਜਿਨ੍ਹਾਂ ਦੀ ਜ਼ਿਆਦਾਤਰ ਵਰਤੋਂ ਧਾਰਮਕ ਸਮਾਗਮਾਂ ਵਿਚ ਹੁੰਦੀ ਹੈ।

## ਕਿਰਪਾਨ ਦੀ ਭੂਮਿਕਾ ਬਦਲ ਗਈ ਹੈ

ਜਿਹੜੀ ਕਿਰਪਾਨ ਅੱਜ-ਕੱਲ੍ਹ ਬਹੁਤੀ ਵਰਤੋਂ ਵਿਚ ਆ ਰਹੀ ਹੈ, ਉਹ ਪੁਰਾਣੀਆਂ ਕਿਰਪਾਨਾਂ ਨਾਲੋਂ ਬਹੁਤ ਵੱਖਰੀ ਤਰ੍ਹਾਂ ਦੀ ਹੈ। ਇਹ ਫਰਕ ਗੁਣਵੱਤਾ ਅਤੇ ਵਜ਼ਨ ਵਿਚ ਹੈ। ਜਿਸ ਕਿਰਪਾਨ ਦਾ ਭਾਰ ਪਹਿਲਾਂ ਤਿੰਨ ਕਿਲੋਗ੍ਰਾਮ ਹੁੰਦਾ ਸੀ, ਹੁਣ ਉਸ ਦਾ ਵਜ਼ਨ ਸਿਰਫ਼ 600 ਗ੍ਰਾਮ ਹੈ। ਕਿਰਪਾਨ ਐਸੋਸੀਏਸ਼ਨ ਦੇ ਪ੍ਰਧਾਨ ਸ. ਸੋਹਣ ਸਿੰਘ ਕਹਿੰਦੇ ਹਨ, 'ਪਹਿਲਾਂ ਜਿਹੜੀ ਕਿਰਪਾਨ ਯੁੱਧ ਵਿਚ ਇਕ ਅਹਿਮ ਸ਼ਸਤਰ ਦੀ ਤਰ੍ਹਾਂ ਵਰਤੀ ਜਾਂਦੀ ਸੀ, ਹੁਣ ਕੇਵਲ ਧਾਰਮਕ ਰਸਮਾਂ ਪੂਰੀਆਂ ਕਰਨ ਲਈ ਵਰਤੀ ਜਾਂਦੀ ਹੈ ਜਾਂ ਕਿਰਪਾਨਾਂ ਨੂੰ ਹੁਣ ਦੀਵਾਰਾਂ ਉਤੇ ਇਕ ਸਜਾਵਟੀ ਚੀਜ਼ ਵਾਂਗ ਸਜਾ ਦਿੱਤਾ ਜਾਂਦਾ ਹੈ।'

ਸਿੱਖਾਂ ਤੋਂ ਇਲਾਵਾ ਮੁਸਲਮਾਨ ਮੁਹੱਰਮ ਦੇ ਤਿਉਹਾਰ ਸਮੇਂ ਤਲਵਾਰ ਦੀ ਵਰਤੋਂ ਕਰਦੇ ਹਨ। ਹਿੰਦੂ ਭਰਾ ਵੀ ਦੁਰਗਾ ਪੂਜਾ, ਦਸਹਿਰਾ ਅਤੇ ਰਾਮ-ਲੀਲ੍ਹਾ ਸਮੇਂ ਸ਼ਸਤਰਾਂ ਦੀ ਪੂਜਾ ਕਰਦੇ ਹਨ। ਤਿਉਹਾਰਾਂ ਦੇ ਨੇੜੇ ਤਲਵਾਰਾਂ ਦੀ ਮੰਗ ਵਧ ਜਾਂਦੀ ਹੈ। ਗੁਜਰਾਤ, ਰਾਜਸਥਾਨ, ਮੱਧ ਪ੍ਰਦੇਸ਼, ਕੇਰਲਾ, ਉੜੀਸਾ, ਉੱਤਰ ਪ੍ਰਦੇਸ਼, ਬਿਹਾਰ ਅਤੇ ਦੇਸ਼ ਦੇ ਹੋਰ ਹਿੱਸਿਆਂ ਦੇ ਲੋਕ ਵੀ ਅੰਮ੍ਰਿਤਸਰ ਤੋਂ ਹੀ ਕਿਰਪਾਨਾਂ ਖਰੀਦਦੇ ਹਨ।

## ਨਿਰਮਾਨ ਦੀ ਪ੍ਰਕਿਰਿਆ

ਕਿਰਪਾਨ ਬਣਾਉਣ ਦੀ ਪ੍ਰਕਿਰਿਆ ਤਕਰੀਬਨ ਤਿੰਨ ਕਿਰਿਆਵਾਂ ਵਿੱਚੀਂ ਲੰਘਦੀ ਹੈ: ਕਿਰਪਾਨ ਨੂੰ ਸ਼ਕਲ ਦੇਣਾ, ਅੱਗ ਦੇਣਾ ਅਤੇ ਅੰਤਿਮ ਤਿਆਰੀ। ਕੁਝ ਕਾਰਨਾਂ ਕਰ ਕੇ ਜਿਵੇਂ ਘਟੀਆ ਧਾਤ, ਸਮਾਂ ਤੇ ਸਥਾਨ ਆਦਿ ਕਾਰਨ ਇਹ ਕਿਰਿਆਵਾਂ ਆਪਸ ਵਿਚ ਮਿਲ ਸਕਦੀਆਂ ਹਨ, ਨਾਲੋ-ਨਾਲ ਹੋ ਸਕਦੀਆਂ ਹਨ ਜਾਂ ਇਨ੍ਹਾਂ ਤੋਂ ਬਿਨਾਂ ਵੀ ਸਰ ਸਕਦਾ ਹੈ। ਇਸ ਤਰ੍ਹਾਂ ਇਕ ਕਿਰਪਾਨ ਆਖਰੀ ਸ਼ਕਲ ਲੈਣ ਤੋਂ ਪਹਿਲਾਂ ਕਈ ਹੱਥਾਂ ਵਿਚੋਂ ਲੰਘਦੀ ਹੈ ਤੇ ਆਖ਼ਰ ਵਿਕਰੀ ਲਈ ਤਿਆਰ ਹੋ ਜਾਂਦੀ ਹੈ।

ਆਮ ਤੌਰ 'ਤੇ ਲੋਹੇ ਅਤੇ ਹੋਰ ਧਾਤਾਂ ਦੇ ਪੱਤਰੇ, ਤੇਜ਼ਧਾਰ ਹਥਿਆਰ ਬਣਾਉਣ ਵਾਲੇ ਪੁਰਾਣੇ ਤਜਰਬੇਕਾਰ ਕਾਰੀਗਰਾਂ ਨੂੰ ਦਿੱਤੇ ਜਾਂਦੇ ਹਨ, ਜੋ ਇਨ੍ਹਾਂ ਨੂੰ ਲੋੜੀਂਦੀ ਸ਼ਕਲ ਦਿੰਦੇ ਹਨ। ਫੇਰ ਇਕ ਕਿਰਪਾਨ ਸਾਣ ਚਾੜ੍ਹੀ ਜਾਂਦੀ ਹੈ, ਪਾਲਿਸ਼ ਕੀਤੀ ਜਾਂਦੀ ਹੈ, ਉਸ ਉਤੇ ਮਾਰਕਾ ਲਾਇਆ ਜਾਂਦਾ ਹੈ ਅਤੇ ਕੁਝ ਰਗੜਾਈ ਕਰ ਕੇ ਉਸ ਵਿਚ ਚਮਕ ਪੈਦਾ ਕੀਤੀ ਜਾਂਦੀ ਹੈ। ਫੇਰ ਕਿਰਪਾਨ ਦੇ ਵੱਖ-ਵੱਖ ਹਿੱਸਿਆਂ ਨੂੰ ਜਿਵੇਂ ਮੁੱਠੇ ਤੇ ਮਿਆਨ ਨੂੰ ਫਿੱਟ ਕੀਤਾ ਜਾਂਦਾ ਹੈ, ਮਿਆਨ ਉਤੇ ਮਖ਼ਮਲੀ ਕਪੜਾ ਚੜ੍ਹਾਇਆ ਜਾਂਦਾ ਹੈ ਤਾਂ ਜੋ ਉਹ ਗਾਹਕਾਂ ਦਾ ਧਿਆਨ ਖਿੱਚ ਸਕੇ।

ਅੰਮ੍ਰਿਤਸਰ ਸ਼ਹਿਰ ਤੋਂ ਬਾਹਰ ਪਿੰਡ ਢੈਪਈ ਦੇ ਲੁਹਾਰ ਸਦੀਆਂ ਤੋਂ ਕਿਰਪਾਨਾਂ ਅਤੇ ਹੋਰ ਹਥਿਆਰ ਬਣਾਉਂਦੇ ਆ ਰਹੇ ਹਨ। ਇਕ ਲੁਹਾਰ ਜਸਬੀਰ ਸਿੰਘ ਨੂੰ ਇਹ



ਨਹੀਂ ਪਤਾ ਕਿ ਉਸ ਦੇ ਬਜ਼ੁਰਗ ਕਦੋਂ ਤੋਂ ਕਿਰਪਾਨਾਂ ਬਣਾਉਂਦੇ ਆ ਰਹੇ ਹਨ। ਹਾਂ, ਇੰਨਾ ਉਹ ਜਾਣਦਾ ਹੈ ਕਿ ਉਸ ਦੇ ਖਾਨਦਾਨ ਅਤੇ ਕੁਝ ਹੋਰ ਗੁਆਂਢੀ ਪਰਿਵਾਰਾਂ ਵਿਚ ਇਹ ਕਿੱਤਾ ਇਕ ਪੀੜ੍ਹੀ ਤੋਂ ਅਗਲੀ ਦੂਜੀ ਪੀੜ੍ਹੀ ਵਿਚ ਚਲਿਆ ਆ ਰਿਹਾ ਹੈ।

ਕਿਰਪਾਨਾਂ ਬਣਾਉਣ ਦੀ ਦਸਤਕਾਰੀ ਲਈ ਕੱਚਾ ਮਾਲ ਮੰਡੀ ਗੋਬਿੰਦਗੜ੍ਹ ਤੋਂ ਖਰੀਦਿਆ ਜਾਂਦਾ ਹੈ, ਜਦ ਕਿ ਮੁੱਠਾਂ ਮੁਰਾਦਾਬਾਦ (ਯੂ.ਪੀ.) ਤੋਂ ਖਰੀਦੀਆਂ ਜਾਂਦੀਆਂ ਹਨ ਅਤੇ ਕਿਰਪਾਨਾਂ ਨਾਲ ਇਹ ਮੁੱਠਾਂ ਅੰਮ੍ਰਿਤਸਰ ਵਿਚ ਹੀ ਫਿੱਟ ਕੀਤੀਆਂ ਜਾਂਦੀਆਂ ਹਨ।

ਅੰਮ੍ਰਿਤਸਰ ਵਿਚ ਯਾਤਰੀਆਂ ਦੀ ਗਿਣਤੀ ਦਿਨੋ-ਦਿਨ ਵਧਦੀ ਜਾ ਰਹੀ ਹੈ। ਇਸ ਲਈ ਕਿਰਪਾਨਾਂ ਦੀ ਪਰਚੂਨ ਵਿਕਰੀ ਵਿਚ ਤੇਜ਼ੀ ਆ ਰਹੀ ਹੈ। ਥੋਕ ਵਪਾਰੀ ਵੀ ਚਲਦੀ ਗੰਗਾ ਵਿਚ ਹੱਥ ਧੋਣ ਲਈ ਯਤਨਸ਼ੀਲ ਰਹਿੰਦੇ ਹਨ। ਥੋਕ ਦਾ ਇਕ ਵਪਾਰੀ ਕਹਿੰਦਾ ਹੈ ਕਿ ਮੰਡੀ ਵਿਚ ਮੁਕਾਬਲੇਬਾਜ਼ੀ ਬਹੁਤ ਵਧ ਗਈ ਹੈ। ਇਸ ਲਈ ਪ੍ਰਤੀ ਕਿਰਪਾਨ ਮੁਨਾਫਾ ਕੁਝ ਰੁਪਿਆਂ ਤਕ ਹੀ ਸੀਮਤ ਹੋ ਗਿਆ ਹੈ। ਪਰ ਇਕ ਪਰਚੂਨ ਦੁਕਾਨਦਾਰ ਅਜੇ ਵੀ ਇਕ ਕਿਰਪਾਨ ਪਿੱਛੇ 40 ਤੋਂ 60 ਰੁਪਏ ਤਕ ਕਮਾ ਲੈਂਦਾ ਹੈ।

## ਇਕ ਚੰਗੀ ਕਿਰਪਾਨ ਦੇ ਗੁਣ

ਪਹਿਲੋਂ-ਪਹਿਲ ਤਲਵਾਰਾਂ ਤਾਂਬੇ ਦੀਆਂ ਬਣਾਈਆਂ ਜਾਂਦੀਆਂ ਸਨ। ਤਾਂਬਾ ਇਕ ਆਮ ਧਾਤ ਸੀ ਜੋ ਆਸਾਨੀ ਨਾਲ ਮਿਲ ਜਾਂਦੀ ਸੀ। ਤਾਂਬੇ ਦੀਆਂ ਤਲਵਾਰਾਂ ਬਹੁਤ ਨਰਮ ਹੁੰਦੀਆਂ ਸਨ ਤੇ ਛੇਤੀ ਖੁੰਢੀਆਂ ਹੋ ਜਾਂਦੀਆਂ ਸਨ। ਉਸ ਤੋਂ ਪਿੱਛੋਂ ਕਿਰਪਾਨਾਂ ਕਾਂਸੀ ਦੀਆਂ ਬਣਨ ਲੱਗੀਆਂ। ਪਰ ਵਧੀਆ ਤਲਵਾਰਾਂ ਉਦੋਂ ਹੀ ਬਣਨ ਲੱਗੀਆਂ ਜਦੋਂ ਲੋਹੇ ਦੀ ਵਰਤੋਂ ਹੋਣ ਲੱਗੀ। ਪੁਰਾਤਨ ਦੁਨੀਆ ਦੇ ਹਰ ਹਿੱਸੇ ਵਿਚ ਲੋਹਾ ਸੌਖਿਆਂ ਹੀ ਮਿਲ ਜਾਂਦਾ ਸੀ। ਆਖਰਕਾਰ ਸਟੀਲ ਦੀ ਕਾਢ ਨਿਕਲ ਆਈ।

ਲੋਹੇ ਤੇ ਕੋਇਲੇ ਦੇ ਮਿਸ਼ਰਨ ਤੋਂ ਸਟੀਲ ਬਣਾਇਆ ਜਾਂਦਾ ਸੀ। ਹੁਣ ਤਾਂ ਸੋਨੇ ਤੇ ਚਾਂਦੀ ਦੀਆਂ ਕਿਰਪਾਨਾਂ ਵੀ ਬਣਾਈਆਂ ਜਾਂਦੀਆਂ ਹਨ ਪਰ ਅਜਿਹੀਆਂ ਕਿਰਪਾਨਾਂ ਕਿਸੇ ਦੀ ਖਾਸ ਮੰਗ 'ਤੇ ਹੀ ਬਣਦੀਆਂ ਹਨ।

ਇਤਿਹਾਸਕ ਤੌਰ 'ਤੇ ਵੇਖੀਏ ਤਾਂ ਪਹਿਲਾਂ ਵਿਸ਼ੇਸ਼ ਲੁਹਾਰ ਜਾਂ ਧਾਤਕਾਰ ਹੀ ਕਿਰਪਾਨਾਂ ਬਣਾਉਂਦੇ ਸਨ, ਜਿਨ੍ਹਾਂ ਨੂੰ ਸ਼ਸਤਰਕਾਰ ਜਾਂ ਤਲਵਾਰ-ਸਾਜ਼ ਕਿਹਾ ਜਾਂਦਾ ਸੀ। ਆਧੁਨਿਕ ਸ਼ਸਤਰਕਾਰ ਤੇ ਤਲਵਾਰ-ਸਾਜ਼ ਅੱਜ ਵੀ ਇਹ ਵਪਾਰ ਕਰਦੇ ਹਨ, ਭਾਵੇਂ ਉਨ੍ਹਾਂ ਦੀ ਗਾਹਕੀ ਹੁਣ ਬਹੁਤ ਸੀਮਤ ਹੋ ਗਈ ਹੈ।

ਤਲਵਾਰਾਂ ਸਦੀਆਂ ਤੋਂ ਵੱਖਰੀਆਂ ਵੱਖਰੀਆਂ ਧਾਤਾਂ ਤੋਂ ਬਣਾਈਆਂ ਜਾਂਦੀਆਂ ਰਹੀਆਂ ਹਨ। ਇਨ੍ਹਾਂ ਨੂੰ ਬਣਾਉਣ ਲਈ ਤਰ੍ਹਾਂ-ਤਰ੍ਹਾਂ ਦੇ ਸੰਦ ਤੇ ਢੰਗ ਵਰਤੇ ਜਾਂਦੇ ਸਨ।

ਇਕ ਚੰਗੀ ਤਲਵਾਰ ਕੇਵਲ ਧਾਤ ਦਾ ਇਕ ਟੁਕੜਾ ਹੀ ਨਹੀਂ ਹੁੰਦੀ ਜਿਸ ਦਾ ਇਕ ਲੰਮਾ ਤਿੱਖਾ ਫਲ ਅਤੇ ਮਜ਼ਬੂਤ ਮੁੱਠ ਹੋਵੇ, ਇਸ ਦੇ ਬਾਵਜੂਦ ਹਜ਼ਾਰਾਂ ਸਾਲਾਂ ਤੋਂ ਵਧੀਆ ਤੇ ਸ੍ਰੇਸ਼ਟ ਤਲਵਾਰਾਂ ਦੀ ਵਰਤੋਂ ਹੁੰਦੀ ਆ ਰਹੀ ਹੈ। ਇਕ ਚੰਗੀ ਕਿਰਪਾਨ ਲੰਮੀ ਤੇ ਤਿੱਖੀ ਹੋਣ ਦੇ ਨਾਲ-ਨਾਲ ਕਾਫ਼ੀ ਸਖ਼ਤ ਤੇ ਲਚਕਦਾਰ ਵੀ ਹੋਣੀ ਚਾਹੀਦੀ ਹੈ, ਤਾਂ ਜੋ ਇਹ ਭਾਰੀ-ਭਰਕਮ ਵਾਰ ਨੂੰ ਵੀ ਸਹਿ ਜਾਏ ਅਤੇ ਤਿੜਕੇ ਜਾਂ ਟੁੱਟ ਨਾ ਜਾਏ।

ਆਖ਼ਰੀ ਗੱਲ ਇਹ ਕਿ ਕਿਰਪਾਨ ਦੀ ਲੰਬਾਈ ਤੇ ਵਜ਼ਨ ਸੰਤੁਲਿਤ ਹੋਣੇ ਚਾਹੀਦੇ ਹਨ ਤਾਂ ਜੋ ਇਸ ਨੂੰ ਆਸਾਨੀ ਨਾਲ ਘੁਮਾਇਆ-ਫਿਰਾਇਆ ਜਾ ਸਕੇ।

****



# ਅੱਗ ਨਾਲ ਖੇਡਦੇ ਲੋਕ

'ਵਧੀਆ ਦੇਸੀ ਸ਼ਰਾਬ ਦਾ ਨਾਂ ਸੁਣ ਕੇ ਤੁਹਾਡੀ ਜੀਭ ਦਾ ਰਸ ਚੋਣ ਲਗ ਪਏਗਾ।' ਇਹ ਅੰਨਗੜ੍ਹ ਦੀ ਕਹਾਵਤ ਹੈ। ਅੰਨਗੜ੍ਹ, ਅੰਮ੍ਰਿਤਸਰ ਦੇ ਨਾਲ ਲਗਦਾ ਇਕ ਇਲਾਕਾ ਹੈ ਅਤੇ ਨਾਜਾਇਜ਼ ਸ਼ਰਾਬ ਵੇਚਣ ਵਾਲਿਆਂ ਦਾ ਗੜ੍ਹ ਮੰਨਿਆ ਜਾਂਦਾ ਸੀ।

ਨਾਜਾਇਜ਼ ਸ਼ਰਾਬ ਦਾ ਧੰਦਾ, ਨਾਜਾਇਜ਼ ਸ਼ਰਾਬ ਕੱਢਣ ਦਾ ਦੂਜਾ ਨਾਂ ਹੈ ਅਤੇ ਹੁਣ ਇਹ ਆਨਗੜ੍ਹ ਦਾ ਸਮਾਨਾਰਥੀ ਬਣ ਗਿਆ ਹੈ। ਪਰ ਹੁਣ ਇਸ ਇਲਾਕੇ ਨੇ ਦੂਜੀ ਸਿਵਾਕਾਸੀ ਹੋਣ ਦਾ ਨਾਮਨਾ ਵੀ ਖੱਟ ਲਿਆ ਹੈ। (ਸਿਵਾਕਾਸੀ, ਦੱਖਣੀ ਭਾਰਤ ਵਿਚ ਪਟਾਕੇ ਆਦਿ ਬਣਾਉਣ ਲਈ ਮਸ਼ਹੂਰ ਸ਼ਹਿਰ ਹੈ।) ਅੰਨਗੜ੍ਹ ਦੇ ਲੋਕ ਪਟਾਕੇ ਵੀ ਬਣਾਉਂਦੇ ਹਨ।

ਦਿਲਚਸਪ ਗੱਲ ਇਹ ਹੈ ਕਿ ਨਾਜਾਇਜ਼ ਸ਼ਰਾਬ ਕੱਢਣ ਵਾਲੇ, ਪੁਲੀਸ ਜਾਂ ਆਬਕਾਰੀ ਮਹਿਕਮੇ ਦੇ ਛਾਪਿਆਂ ਤੋਂ ਬਚਣ ਲਈ ਅੰਨਗੜ੍ਹ ਦੇ ਨਾਲੇ ਨੂੰ ਵੀ ਵਰਤ ਲੈਂਦੇ ਸਨ। ਛਾਪਾ ਪੈਣ ਦੇ ਡਰੋਂ ਉਹ ਲਾਹਣ ਜਾਂ ਸ਼ਰਾਬ ਨੂੰ ਨਾਲੇ ਵਿਚ ਸੁੱਟ ਦਿੰਦੇ ਸਨ। ਇਲਾਕੇ ਵਿਚ ਨਾਜਾਇਜ਼ ਦੇਸੀ ਸ਼ਰਾਬ ਦੀ ਬਹੁਤ ਮੰਗ ਹੈ। ਇਸ ਲਈ ਨਾਜਾਇਜ਼ ਸ਼ਰਾਬ ਕੱਢਣ ਵਾਲੇ ਕੁਝ ਟੋਲਿਆਂ ਨੇ ਇਹ ਧੰਦਾ ਅਪਣਾ ਲਿਆ ਸੀ। ਇਸ ਧੰਦੇ ਦੇ ਜੁੰਡੀਦਾਰ ਇਕ ਥਾਂ ਤੋਂ ਦੂਜੀ ਥਾਂ ਸ਼ਰਾਬ ਲਿਜਾਣ ਲਈ ਬੜੇ ਨਵੇਂ-ਨਵੇਂ ਢੰਗ ਵਰਤਦੇ ਸਨ। ਉਹ ਸ਼ਰਾਬ ਨੂੰ ਟਿਊਬਾਂ ਵਿਚ ਭਰ ਲੈਂਦੇ ਹਨ ਜਾਂ ਸ਼ਰਾਬ ਦੇ ਪੈਕਟ ਬਣਾ ਲੈਂਦੇ। ਇਕ ਵਾਰ ਪੁਲੀਸ ਨੇ ਨਾਜਾਇਜ਼ ਸ਼ਰਾਬ ਦਾ ਇਕ ਡਰੰਮ ਫੜ ਲਿਆ, ਜਿਸ ਉਤੇ ਨਲਕਾ ਫਿੱਟ ਕੀਤਾ ਹੋਇਆ ਸੀ ਤਾਂ ਜੋ ਬੋਤਲਾਂ ਭਰਨ ਲਈ ਆਸਾਨੀ ਰਹੇ। ਸਮੇਂ ਦੀ ਕਰਵਟ ਨਾਲ ਬਹੁਤਿਆਂ ਨੇ ਇਹ ਧੰਦਾ ਛੱਡ ਦਿੱਤਾ ਹੈ।

ਪਟਾਕੇ ਬਣਾਉਣ ਦੇ ਜਿਸ ਦੂਜੇ ਕੰਮ ਲਈ ਇਹ ਇਲਾਕਾ ਮਸ਼ਹੂਰ ਹੈ, ਉਸ ਨਾਲ ਵੀ 'ਨਾਜਾਇਜ਼ ਧੰਦੇ' ਦਾ ਲੇਬਲ ਲੱਗਾ ਹੋਇਆ ਹੈ। ਪਟਾਕੇ ਬਣਾਉਣ ਵਾਲੇ ਬਹੁਤੇ ਲੋਕ ਇਹ ਧੰਦਾ ਵੀ ਨਾਜਾਇਜ਼ ਤੌਰ 'ਤੇ ਹੀ ਕਰਦੇ ਹਨ। ਪਟਾਕੇ ਬਣਾਉਣ ਸਮੇਂ ਉਹ ਲੋੜੀਂਦੇ ਸੁਰੱਖਿਆ ਪ੍ਰਬੰਧ ਵੀ ਨਹੀਂ ਕਰਦੇ।

ਪ੍ਰਸ਼ਾਸਨ ਆਪਣਾ ਫਰਜ਼ ਸਮਝ ਕੇ ਇਨ੍ਹਾਂ ਗੈਰ-ਕਾਨੂੰਨੀ ਪਟਾਕਾ-ਨਿਰਮਾਤਾਵਾਂ ਉਤੇ ਛਾਪੇ ਮਾਰਦਾ ਰਹਿੰਦਾ ਹੈ।

ਦੇਖਣ ਵਾਲਿਆਂ ਦਾ ਕਹਿਣਾ ਹੈ ਕਿ ਪ੍ਰਸ਼ਾਸਨ ਸਵੈ-ਰੋਜ਼ਗਾਰ ਵਿਚ ਰੁੱਝੇ ਨੌਜਵਾਨਾਂ ਨੂੰ ਸਿਰਫ਼ ਪਟਾਕੇ ਆਦਿ ਵੇਚਣ ਤੋਂ ਵਰਜਦਾ ਰਹਿੰਦਾ ਹੈ ਅਤੇ ਉਨ੍ਹਾਂ ਲਈ ਕਿਸੇ ਸਾਕਾਰਾਤਮਕ ਕੰਮ ਦੀ ਵਿਉਂਤ ਨਹੀਂ ਬਣਾਉਂਦਾ। ਉਹ ਕਹਿੰਦੇ ਹਨ ਕਿ ਬਜਾਏ ਇਕ ਪ੍ਰਫੁੱਲਿਤ ਦਸਤਕਾਰੀ ਉਤੇ ਛਾਪੇ ਮਾਰਨ ਦੇ ਪ੍ਰਸ਼ਾਸਨ ਨੂੰ ਕੁਝ

ਸੁਰੱਖਿਆ ਪ੍ਰਬੰਧ ਸੁਝਾਉਣੇ ਚਾਹੀਦੇ ਹਨ ਜਾਂ ਸਿਖਲਾਈ-ਕਲਾਸਾਂ ਲਾਉਣੀਆਂ ਚਾਹੀਦੀਆਂ ਹਨ ਅਤੇ ਪਟਾਕਾ-ਨਿਰਮਾਤਾਵਾਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਸ ਦਸਤਕਾਰੀ ਨੂੰ ਸੁਰੱਖਿਅਤ ਅਤੇ ਸੰਗਠਿਤ ਢੰਗ ਨਾਲ ਚਲਾਉਣਾ ਚਾਹੀਦਾ ਹੈ।

ਇਕ ਪਟਾਕਾ ਨਿਰਮਾਤਾ ਦਾ ਕਹਿਣਾ ਹੈ ਕਿ 'ਪਟਾਕਿਆਂ ਦਾ ਕਾਰੋਬਾਰ ਨਿਰੋਲ ਇਕ ਮੌਸਮੀ ਕਾਰੋਬਾਰ ਹੈ। ਇਹ ਕਾਰੋਬਾਰ ਕੁਝ ਤਿਉਹਾਰਾਂ ਤਕ ਹੀ ਸੀਮਤ ਹੈ। ਪ੍ਰਸ਼ਾਸਨ ਦੀ ਅਣ-ਵਿਉਂਤੀ ਪਹੁੰਚ ਇਸ ਘਰੇਲੂ ਦਸਤਕਾਰੀ ਦਾ ਭੋਗ ਪਾ ਸਕਦੀ ਹੈ।' ਉਸ ਨੇ ਅੱਗੇ ਕਿਹਾ ਕਿ ਸਰਕਾਰ ਨੂੰ ਪਟਾਕਾ-ਦਸਤਕਾਰੀ ਬਾਰੇ ਇਕ ਸਾਕਾਰਾਤਮਕ ਪਹੁੰਚ ਅਪਣਾਉਣੀ ਚਾਹੀਦੀ ਹੈ ਕਿਉਂਕਿ ਤਿਉਹਾਰਾਂ ਦੇ ਮੌਕੇ 'ਤੇ ਦੂਰ-ਦੁਰਾਡੀਆਂ ਥਾਵਾਂ ਤੋਂ ਲੋਕ ਪਟਾਕੇ ਖਰੀਦਣ ਲਈ ਅੰਨਗੜ੍ਹ ਆਉਂਦੇ ਹਨ।

ਅੰਨਗੜ੍ਹ ਵਿਚ 10-12 ਪਰਿਵਾਰ ਪਟਾਕੇ ਬਣਾਉਣ ਦਾ ਕੰਮ ਕਰਦੇ ਹਨ। ਪਤਾ ਲੱਗਾ ਹੈ ਕਿ ਆਮ ਤੌਰ 'ਤੇ ਔਰਤਾਂ ਤੇ ਬੱਚੇ ਹੀ ਇਹ ਕੰਮ ਕਰਦੇ ਹਨ।

ਇਹ ਵੀ ਪਤਾ ਲੱਗਾ ਹੈ ਕਿ ਜਦੋਂ ਸਰਕਾਰ ਗੈਰ-ਕਾਨੂੰਨੀ ਪਟਾਕੇ ਬਣਾਉਣ ਵਾਲੇ ਲੋਕਾਂ ਉਤੇ ਸਖ਼ਤੀ ਕਰਦੀ ਹੈ, ਤਾਂ ਨਾਜਾਇਜ਼ ਸ਼ਰਾਬ ਦੇ ਧੰਦੇ ਵਿਚ ਵਾਧਾ ਹੋ ਜਾਂਦਾ ਹੈ।

ਇਲਾਕੇ ਦੇ ਕਈ ਬਜ਼ੁਰਗ ਮਹਿਸੂਸ ਕਰਦੇ ਹਨ ਕਿ ਸਰਕਾਰ ਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਪਟਾਕੇ ਬਣਾਉਣ ਦਾ ਕੰਮ ਉਨ੍ਹਾਂ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਦਾ ਹੈ, ਜਿਹੜੇ ਤੰਗੀ-ਤੁਰਸ਼ੀ ਦੇ ਔਖੇ ਸਮੇਂ ਵਿਚ ਨਾਜਾਇਜ਼ ਸ਼ਰਾਬ ਕੱਢਣ ਲਈ ਮਜਬੂਰ ਹੋ ਜਾਂਦੇ ਹਨ।

ਇਲਾਕੇ ਦੇ ਵਸਨੀਕਾਂ ਅਨੁਸਾਰ, ਬਹੁਤੀ ਨਾਜਾਇਜ਼ ਸ਼ਰਾਬ ਪੀਣ ਨਾਲ ਇਲਾਕੇ ਵਿਚ ਹਰ ਸਾਲ ਕਈ ਮੌਤਾਂ ਹੋ ਜਾਂਦੀਆਂ ਸਨ। ਇਲਾਕੇ ਦੇ ਲੋਕ ਇਹ ਵੀ ਦਸਦੇ ਹਨ ਕਿ ਪੁਲੀਸ ਦੇ ਹੇਠਲੇ ਅਮਲੇ ਦੀ ਮਿਲੀਭੁਗਤ ਨਾਲ ਅਤੇ ਕੁਝ ਸਿਆਸੀ ਲੋਕਾਂ ਦੀ ਸਰਪ੍ਰਸਤੀ ਹੇਠ ਕੁਝ ਖਾਂਦੇ-ਪੀਂਦੇ ਅਮੀਰ ਪਰਿਵਾਰ ਵੀ ਇਸ ਗੈਰ-ਕਾਨੂੰਨੀ ਧੰਦੇ ਵਿਚ ਲਿਪਤ ਹਨ।

### ਜਾਅਲੀ ਨਾਮ

ਪ੍ਰਸ਼ਾਸਨ ਦੇ ਕਹਿਣ ਅਨੁਸਾਰ, ਭਾਵੇਂ ਇਹ ਗੱਲ ਠੀਕ ਹੈ ਕਿ ਅੰਨਗੜ੍ਹ ਦਾ ਪਟਾਕੇ ਬਣਾਉਣ ਵਾਲਾ ਧੰਦਾ ਕਈ ਇਲਾਕਾ-ਵਾਸੀਆਂ ਨੂੰ ਰੁਜ਼ਗਾਰ ਮੁਹੱਈਆ ਕਰਦਾ ਹੈ, ਪਰ ਪਟਾਕੇ ਬਣਾਉਣ ਦੇ ਕਈ ਯੂਨਿਟ ਗੈਰ-ਕਾਨੂੰਨੀ ਹਨ। ਇਹ ਯੂਨਿਟ ਵਿਸਫੋਟਕ ਐਕਟ ਦੀ ਉਲੰਘਨਾ ਕਰਦੇ ਹਨ ਅਤੇ ਉਨ੍ਹਾਂ ਕੋਲ ਕੋਈ ਲਾਇਸੈਂਸ ਵੀ ਨਹੀਂ ਹੁੰਦਾ। ਇਕ ਸੂਚਨਾ ਅਨੁਸਾਰ ਇਲਾਕੇ ਦੇ ਸਿਰਫ਼ ਪੰਜ ਬੰਦਿਆਂ ਪਾਸ ਲਾਇਸੈਂਸ ਹਨ। ਇਸ ਤੋਂ ਇਲਾਵਾ ਇਹ ਯੂਨਿਟ ਇਸ ਜਾਨ ਜੋਖੋਂ ਵਾਲੇ ਕੰਮ ਵਿਚ ਬਾਲ-ਮਜ਼ਦੂਰੀ ਐਕਟ ਦੀ ਵੀ ਉਲੰਘਣਾ ਕਰਦੇ ਹਨ।



ਭਾਵੇਂ ਕਈ ਪਟਾਕਾ-ਨਿਰਮਾਤਾ ਇਹ ਦਾਅਵਾ ਕਰਦੇ ਹਨ ਕਿ ਉਹ ਕਿਸੇ ਹੰਗਾਮੀ ਘਟਨਾ ਦਾ ਮੁਕਾਬਲਾ ਕਰਨ ਲਈ ਪਾਣੀ ਅਤੇ ਰੇਤ ਜਮ੍ਹਾ ਰੱਖਦੇ ਹਨ ਪਰ ਇਹ ਕੇਵਲ ਇਕ ਦਾਅਵੇ ਤੋਂ ਵੱਧ ਕੁਝ ਨਹੀਂ ਹੈ। ਇਸ ਤੋਂ ਇਲਾਵਾ ਅੰਨਗੜ੍ਹ ਦੇ ਪਟਾਕਾ-ਨਿਰਮਾਤਾ, ਆਪਣੇ ਪਟਾਕਿਆਂ ਦੇ ਨਾਂ ਵੱਡੀਆਂ-ਵੱਡੀਆਂ ਮਸ਼ਹੂਰ ਕੰਪਨੀਆਂ ਦੇ ਨਾਂ ਉਤੇ ਰੱਖ ਲੈਂਦੇ ਹਨ। ਇਹ ਕੰਮ ਵੀ ਗੈਰ-ਕਾਨੂੰਨੀ ਹੈ। ਪਰ ਕਈ ਹੋਰ ਵੱਡੇ-ਵੱਡੇ ਪਟਾਕਾ-ਨਿਰਮਾਤਾ ਇਹ ਗੈਰ-ਕਾਨੂੰਨੀ ਕੰਮ ਕਰਦੇ ਹਨ। ਜਦੋਂ ਦੀਵਾਲੀ ਦਾ ਤਿਉਹਾਰ ਆਉਣ ਵਿਚ ਪੰਦਰਾਂ ਦਿਨਾਂ ਤੋਂ ਵੀ ਘਟ ਸਮਾਂ ਰਹਿ ਜਾਂਦਾ ਹੈ, ਤਾਂ ਪ੍ਰਸ਼ਾਸਨ ਗੈਰ-ਕਾਨੂੰਨੀ ਪਟਾਕਾ-ਨਿਰਮਾਨ ਤੇ ਸ਼ਹਿਰ ਵਿਚ ਇਨ੍ਹਾਂ ਗੈਰ-ਕਾਨੂੰਨੀ ਪਟਾਕਿਆਂ ਨੂੰ ਜਮ੍ਹਾਂ ਕਰਨ ਦੀ ਸਮੱਸਿਆ ਉਤੇ ਕਾਬੂ ਪਾਉਣ ਲਈ ਬੜੇ ਸਖ਼ਤ ਉਪਰਾਲੇ ਕਰਦਾ ਹੈ। ਪਰ ਸ਼ਹਿਰ ਦੇ ਕਈ ਬਾਹਰਲੇ ਰਿਹਾਇਸ਼ੀ ਇਲਾਕਿਆਂ ਵਿਚ ਗੈਰ-ਕਾਨੂੰਨੀ ਪਟਾਕਿਆਂ ਦਾ ਅਚਾਨਕ ਫੱਟ ਜਾਣਾ, ਇਹ ਜ਼ਾਹਿਰ ਕਰਦਾ ਹੈ ਕਿ ਇਹ ਗੈਰ-ਕਾਨੂੰਨੀ ਧੰਦਾ ਕਿੰਨਾ ਖ਼ਤਰਨਾਕ ਹੈ।

****

# ਸ਼ਹਿਰ ਵਿਚ ਖੁੱਲ੍ਹ ਰਹੇ ਦਸਤਾਰ ਕੇਂਦਰ

ਕੀ ਤੁਸੀਂ ਕਦੀ ਦਸਤਾਰ ਸਿਖਲਾਈ ਕੇਂਦਰ ਬਾਰੇ ਸੁਣਿਆ ਹੈ? ਕੀ ਕੰਪਿਊਟਰ ਪੱਗ ਬੰਨ੍ਹਣ ਵਿਚ ਮਦਦ ਕਰ ਸਕਦਾ ਹੈ? ਭਾਵੇਂ ਇਹ ਗੱਲ ਅਜੀਬ ਲਗਦੀ ਹੈ, ਪਰ ਭਵਿੱਖ ਵਿਚ ਇਹ ਗੱਲ ਅਸਲੀਅਤ ਬਣ ਜਾਏਗੀ। 'ਦਸਤਾਰ ਬੰਨ੍ਹਣੀ ਸਿੱਖੋ' ਦੇ ਬੋਰਡ ਲੱਗ ਜਾਣਗੇ। ਕੰਪਿਊਟਰ ਦੀ ਜਾਣਕਾਰ, ਅਕਾਲ ਪੁਰਖ ਕੀ ਫ਼ੌਜ ਨੇ ਇਕ ਐਸਾ ਸਾਫ਼ਟਵੇਅਰ ਤਿਆਰ ਕੀਤਾ ਹੈ, ਜੋ ਨੌਜਵਾਨਾਂ ਨੂੰ ਉਨ੍ਹਾਂ ਦੇ ਚਿਹਰੇ ਨਾਲ ਫੱਬਦਾ, ਦਸਤਾਰ ਸਟਾਈਲ ਚੁਣਨ ਤੇ ਸਿੱਖਣ ਵਿਚ ਮਦਦ ਕਰਦਾ ਹੈ।

ਕੰਪਿਊਟਰ-ਸਕਰੀਨ ਉਤੇ ਦਸਤਾਰ-ਮਾਸਟਰ ਦੇ ਸੰਕੇਤ ਅਨੁਸਾਰ ਇਹ ਸ਼ਬਦ ਆ ਜਾਂਦੇ ਹਨ, 'ਆਪਣੀ ਪਸੰਦ ਦੇ ਦਸਤਾਰ-ਸਟਾਈਲ ਅਨੁਸਾਰ ਦਸਤਾਰ-ਸਟਾਈਲ ਚੁਣ ਸਕਦੇ ਹੋ। ਤੁਸੀਂ ਆਪਣੀ ਪਸੰਦ ਦੇ ਰੰਗ ਵੀ ਚੁਣ ਸਕਦੇ ਹੋ।'

ਦਸਤਾਰ ਸਿਖਲਾਈ ਕੇਂਦਰ ਵਿਚ ਅਤਿ-ਆਧੁਨਿਕ ਕੰਪਿਊਟਰ ਸੈੱਟ ਫਿੱਟ ਹੁੰਦੇ ਹਨ, ਜੋ ਨੌਜਵਾਨ ਪੀੜ੍ਹੀ ਨੂੰ ਸੈਂਕੜੇ ਤਰ੍ਹਾਂ ਦੇ ਦਸਤਾਰ-ਸਟਾਈਲ ਤੇ ਮਾਡਲ ਬਿਲਕੁਲ ਮੁਫ਼ਤ ਪੇਸ਼ ਕਰਦੇ ਹਨ। ਦਸਤਾਰ ਬੰਨ੍ਹਣ ਦੀ ਸਿਖਲਾਈ ਲੈਣ ਵਾਲੇ ਸਿੱਖ ਬੱਚੇ ਦੀ ਤਸਵੀਰ, ਕੰਪਿਊਟਰ ਦੀ ਸਕਰੀਨ ਉਤੇ ਦਿਖਾਈਆਂ ਦਸਤਾਰਾਂ ਵਿਚੋਂ ਕਿਸੇ ਇਕ ਦਸਤਾਰ ਨਾਲ ਜੋੜ ਦਿੱਤੀ ਜਾਂਦੀ ਹੈ, ਫੇਰ ਉਹ ਆਦਮੀ ਦਸਤਾਰ ਦੀ ਸਿਖਲਾਈ ਦੇਣ ਲਈ ਆਏਗਾ ਜਿਸ ਦੀ ਉਹ ਦਸਤਾਰ ਹੋਏਗੀ।

ਅਕਾਲ ਪੁਰਖ ਕੀ ਫ਼ੌਜ ਦੇ ਤਾਲਮੇਲ-ਕਰਤਾ ਸ. ਜਸਵਿੰਦਰ ਸਿੰਘ ਐਡਵੋਕੇਟ ਕਹਿੰਦੇ ਹਨ ਕਿ ਦਸਤਾਰ ਸਿਖਲਾਈ ਦਾ ਪਹਿਲਾ ਕੇਂਦਰ ਸ੍ਰੀ ਦਰਬਾਰ ਸਾਹਿਬ ਨੇੜੇ ਸਥਾਪਿਤ ਕੀਤਾ ਜਾਏਗਾ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਸਿਖਲਾਈ ਕੇਂਦਰ ਪਤਿਤਪੁਣੇ ਨੂੰ ਠੱਲ੍ਹ ਪਾਉਣਗੇ। ਦਸਤਾਰ ਸਜਾਉਣ ਦੇ ਇਹ ਕੇਂਦਰ ਸਿੱਖ ਬੱਚਿਆਂ ਨੂੰ ਸੁੰਦਰ ਦਿੱਖ ਪ੍ਰਦਾਨ ਕਰਨਗੇ। ਜੇਕਰ ਸਕੂਲਾਂ ਦੇ ਵਿਦਿਆਰਥੀ ਸਮੇਂ ਦੀ ਘਾਟ ਕਾਰਨ ਸਿਖਲਾਈ ਕੇਂਦਰਾਂ ਵਿਚ ਨਹੀਂ ਆ ਸਕਦੇ, ਤਾਂ ਅਕਾਲ ਪੁਰਖ ਕੀ ਫ਼ੌਜ ਉਨ੍ਹਾਂ ਦੇ ਘਰ ਜਾ ਕੇ ਸਿਖਲਾਈ ਦੇਵੇਗੀ।

ਅਕਾਲ ਪੁਰਖ ਕੀ ਫ਼ੌਜ ਨੇ ਪੱਗਾਂ ਦੇ ਕੁਝ ਖਾਸ ਡਿਜ਼ਾਈਨ ਨਕਲ ਕੀਤੇ ਹਨ ਅਤੇ ਕੁਝ ਆਪ ਈਜਾਦ ਕੀਤੇ ਹਨ। ਇਨ੍ਹਾਂ ਡਿਜ਼ਾਈਨਾਂ ਨੂੰ ਕੋਈ ਆਦਮੀ ਵਿਸ਼ੇਸ਼ ਸਮਾਰੋਹਾਂ ਜਾਂ ਸ਼ਾਦੀਆਂ 'ਤੇ ਪਹਿਨ ਸਕਦਾ ਹੈ। ਅੱਜ ਕੱਲ੍ਹ ਕੁਝ ਪੰਜਾਬੀ ਪੌਪ ਗਾਇਕ ਰੰਗ-ਬਰੰਗੀਆਂ ਪੱਗਾਂ ਬੰਨ੍ਹਦੇ ਹਨ। ਅਜਿਹੀਆਂ ਪੱਗਾਂ ਮਾਰਕੀਟ ਵਿਚ ਆਸਾਨੀ ਨਾਲ ਨਹੀਂ ਮਿਲਦੀਆਂ। ਅਕਾਲ ਪੁਰਖ ਕੀ ਫ਼ੌਜ ਕੁਝ ਦਸਤਾਰ ਨਿਰਮਾਤਾਵਾਂ ਨੂੰ ਅਜਿਹੀਆਂ ਖਾਸ ਪ੍ਰਿੰਟ ਵਾਲੀਆਂ ਪੱਗਾਂ ਬਣਾਉਣ ਲਈ ਆਪ ਕਹਿੰਦੀ ਹੈ। ਫ਼ੌਜ ਨੇ ਕੁਝ ਅਜਿਹੇ ਮਾਹਿਰਾਂ ਦਾ ਪ੍ਰਬੰਧ ਵੀ ਕੀਤਾ ਹੋਇਆ ਹੈ, ਜੋ



ਅਜਿਹੀਆਂ ਪੱਗਾਂ ਬੰਨ੍ਹਣ ਦੇ ਚਾਹਵਾਨਾਂ ਨੂੰ ਐਸੀਆਂ ਪੱਗਾਂ ਬੰਨ੍ਹਣੀਆਂ ਸਿਖਾਉਂਦੇ ਹਨ।

ਆਮ ਤੌਰ 'ਤੇ ਬੱਚੇ ਪੱਗਾਂ ਬੰਨ੍ਹਣ ਵਿਚ ਆਪਣੇ ਵੱਡਿਆਂ ਦੀ ਰੀਸ ਕਰਦੇ ਹਨ। ਉਨ੍ਹਾਂ ਕੋਲ ਹੋਰ ਕੋਈ ਚੋਣ ਨਹੀਂ ਹੁੰਦੀ। ਪਰ ਸ. ਜਸਵਿੰਦਰ ਸਿੰਘ ਕਹਿੰਦੇ ਹਨ ਕਿ ਦਸਤਾਰ ਸਿਖਲਾਈ ਦੇ ਕੇਂਦਰ ਸਿੱਖ ਨੌਜਵਾਨਾਂ ਅੱਗੇ ਪੱਗਾਂ ਦੇ ਕਈ ਡਿਜ਼ਾਈਨ ਰੱਖ ਦਿੰਦੇ ਹਨ, ਜਿਨ੍ਹਾਂ ਵਿਚੋਂ ਨੌਜਵਾਨ ਆਪਣੀ ਪਸੰਦ ਦਾ ਡਿਜ਼ਾਈਨ ਚੁਣ ਲੈਂਦਾ ਹੈ। ਬਾਅਦ ਵਿਚ ਨੌਜਵਾਨ ਪੀੜ੍ਹੀ ਨੂੰ ਪ੍ਰੇਰਿਤ ਕਰਨ ਲਈ, ਸੁੰਦਰ ਦਸਤਾਰਾਂ ਸਜਾਉਣ ਵਾਲੀਆਂ ਕੁਝ ਸਿੱਖ ਸ਼ਖ਼ਸੀਅਤਾਂ ਨੂੰ ਕੇਂਦਰ ਵਿਚ ਬੁਲਾਇਆ ਜਾਂਦਾ ਹੈ।

ਕੰਪਿਊਟਰ ਦੀ ਸਹਾਇਤਾ ਨਾਲ ਦਸਤਾਰਾਂ ਦਾ ਕੀਤਾ ਮਿਆਰੀਕਰਨ, ਦੁਨੀਆ ਭਰ ਵਿਚ ਸਿੱਖਾਂ ਦੀ ਵੱਖਰੀ ਪਛਾਣ ਨੂੰ ਸਥਾਪਿਤ ਕਰਨ ਲਈ ਅਹਿਮ ਭੂਮਿਕਾ ਨਿਭਾ ਸਕਦਾ ਹੈ। ਅਮਰੀਕਾ ਵਿਚ ਸਿੱਖਾਂ ਉਤੇ ਹੁੰਦੇ ਹਮਲਿਆਂ ਦੇ ਮੱਦੇ-ਨਜ਼ਰ (ਖਾਸ ਕਰ ਕੇ ਦੋ ਮੀਨਾਰਾਂ ਨੂੰ ਬੰਬ ਨਾਲ ਉਡਾਉਣ ਦੀ 9/11 ਦੀ ਘਟਨਾ ਤੋਂ ਬਾਅਦ) ਇਹ ਜ਼ਰੂਰੀ ਹੋ ਗਿਆ ਹੈ ਕਿ ਲੋਕ ਸਿੱਖਾਂ ਦੀ ਵੱਖਰੀ ਪਛਾਣ ਬਾਰੇ ਜਾਗਰੂਕ ਹੋਣ।

ਇਸ ਮਕਸਦ ਦੀ ਪੂਰਤੀ ਲਈ, ਸਿੱਖਾਂ ਨੂੰ ਹਰ ਸਾਲ ਵਿਸਾਖੀ ਵਾਲੇ ਦਿਨ, ਅੰਤਰਰਾਸ਼ਟਰੀ ਸਿੱਖ ਦਸਤਾਰ ਦਿਵਸ ਬੜੀ ਧੂਮ-ਧਾਮ ਨਾਲ ਮਨਾਉਣਾ ਚਾਹੀਦਾ ਹੈ। ਅਕਾਲ ਪੁਰਖ ਕੀ ਫ਼ੌਜ ਦੁਨੀਆ ਭਰ ਵਿਚ ਵਸਦੇ ਸਿੱਖਾਂ ਨੂੰ ਅਪੀਲ ਕਰਦੀ ਹੈ ਕਿ ਉਹ ਇਸ ਦਿਨ ਕੇਸਰੀ ਦਸਤਾਰਾਂ ਸਜਾਉਣ। ਸਿੱਖ ਜਥੇਬੰਦੀਆਂ ਨੂੰ ਅਪੀਲ ਹੈ ਕਿ ਉਹ ਸਿੱਖ ਬੀਬੀਆਂ ਨੂੰ ਵੀ ਇਸ ਦਿਨ ਸਿਰਾਂ ਉਤੇ ਕੇਸਰੀ ਦੁਪੱਟੇ ਲੈਣ ਲਈ ਪ੍ਰੇਰਿਤ ਕਰਨ।

ਅਕਾਲ ਪੁਰਖ ਕੀ ਫ਼ੌਜ ਦੇ ਮੁਖੀ ਕਹਿੰਦੇ ਹਨ ਕਿ ਉਮੀਦ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇਸ ਉਪਰਾਲੇ ਵਿਚ ਸਹਾਇਤਾ ਕਰਨਗੀਆਂ। 'ਦਸਤਾਰ ਦੀ ਗਾਥਾ' ਨਾਂ ਦੀ ਇਕ ਫਿਲਮ ਵੀ ਦਿਖਾਈ ਜਾਏਗੀ ਤਾਂ ਜੋ ਪਤਿਤ ਸਿੱਖਾਂ ਨੂੰ ਪ੍ਰੇਰਿਤ ਕੀਤਾ ਜਾ ਸਕੇ ਕਿ ਉਹ ਕੇਸ ਰੱਖ ਲੈਣ।

ਬਹੁਤ ਸਾਰੇ ਸਿੱਖ ਨੌਜਵਾਨ ਬਾਲੀਵੁੱਡ ਦੀ ਰੰਗ-ਰੰਗੀਲੀ ਦੁਨੀਆ ਵਿਚ ਦਾਖਲ ਹੋਣ ਤੋਂ ਪਹਿਲਾਂ ਆਪਣੇ ਕੇਸ ਕਤਲ ਕਰਵਾ ਲੈਂਦੇ ਹਨ। ਅਕਾਲ ਪੁਰਖ ਕੀ ਫ਼ੌਜ ਯਕੀਨੀ ਤੌਰ 'ਤੇ ਕੁਝ ਦਸਤਾਰ-ਧਾਰੀ ਐਕਟਰ ਪੈਦਾ ਕਰਨ ਦੀ ਕੋਸ਼ਿਸ਼ ਕਰੇਗੀ ਜੋ ਨੌਜਵਾਨ ਸਿੱਖ ਪੀੜ੍ਹੀ ਲਈ ਆਦਰਸ਼ ਸਾਬਤ ਹੋ ਸਕਣ।

ਅਕਾਲ ਪੁਰਖ ਕੀ ਫ਼ੌਜ ਹਰ ਸਾਲ 'ਮਿਸਟਰ ਸਿੰਘ ਅੰਤਰਰਾਸ਼ਟਰੀ ਮਾਡਲਿੰਗ ਮੁਕਾਬਲਾ' ਕਰਾਉਂਦੀ ਹੈ। ਇਸ ਦਾ ਨਾਅਰਾ ਹੈ: 'ਜੇ ਤੁਹਾਨੂੰ ਹੈ ਸਿੱਖੀ ਨਾਲ ਪਿਆਰ ਅਤੇ ਹੋ ਸਾਬਤ ਸੂਰਤ ਸਰਦਾਰ, ਤਾਂ ਹੋ ਜਾਓ ਤਿਆਰ, ਬੰਨ੍ਹ ਕੇ ਦਸਤਾਰ। ਇਹ ਮੌਕਾ ਹੈ ਤੁਹਾਡੇ ਲਈ ਪਹਿਲੀ ਵਾਰ। ਹੋ ਤਿਆਰ? ਤਾਂ ਦੇਖੋ www.apkf.org.'

ਇਹ ਉਪਰਾਲਾ, ਮਾਡਲ ਜਾਂ ਐਕਟਰ ਬਣਨ ਦੇ ਚਾਹਵਾਨ ਸਿੱਖ ਨੌਜਵਾਨਾਂ ਲਈ 'ਪਹਿਲਾ ਕਦਮ' ਬਣ ਗਿਆ ਹੈ। ਇਸ ਪ੍ਰੋਗਰਾਮ ਦੇ ਪਿੱਛੇ ਇਹ ਵਿਚਾਰ ਕੰਮ ਕਰ ਰਿਹਾ ਹੈ ਕਿ ਸਿੱਖ ਧਰਮ ਦੇ ਅਸੂਲਾਂ ਅਨੁਸਾਰ ਸਿੱਖ ਐਕਟਰ ਜਾਂ ਮਾਡਲ ਤਿਆਰ ਕੀਤੇ ਜਾਣੇ। ਇਹ ਮੁਕਾਬਲਾ ਦੇਸ਼ ਤੇ ਦੁਨੀਆ ਦੇ ਵੱਖ ਵੱਖ ਭਾਗਾਂ ਵਿਚ ਕਰਾਇਆ ਜਾਂਦਾ ਹੈ, ਜਿਨ੍ਹਾਂ ਵਿਚ ਮਲੇਸ਼ੀਆ, ਸਿੰਗਾਪੁਰ, ਥਾਈਲੈਂਡ, ਹਾਂਗਕਾਂਗ, ਅਮਰੀਕਾ, ਕੈਨੇਡਾ, ਲੰਡਨ, ਫਰਾਂਸ, ਇਟਲੀ ਤੇ ਜਰਮਨੀ ਸ਼ਾਮਲ ਹਨ। ਇਸ ਮੁਕਾਬਲੇ ਦਾ ਅੰਤਿਮ ਸਮਾਰੋਹ ਅੰਮ੍ਰਿਤਸਰ ਦੇ ਪਵਿੱਤਰ ਸ਼ਹਿਰ ਵਿਚ ਕਰਾਇਆ ਜਾਂਦਾ ਹੈ।

ਮੁਕਾਬਲੇ ਵਿਚ ਹਿੱਸਾ ਲੈਣ ਵਾਲੇ ਉਮੀਦਵਾਰ ਸਾਬਤ ਸੂਰਤ ਸਿੱਖ ਹੋਣੇ ਚਾਹੀਦੇ ਹਨ। ਮਾਹਿਰ ਨਿਰਨਾਕਾਰ ਮੁੰਬਈ ਅਤੇ ਦਿੱਲੀ ਤੋਂ ਬੁਲਾਏ ਜਾਂਦੇ ਹਨ। ਇਹ ਨਿਰਣਾਕਾਰ ਮਾਹਿਰ ਸਫ਼ਲ ਉਮੀਦਵਾਰਾਂ ਦੀ ਚੋਣ ਕਰਦੇ ਹਨ। ਫੇਰ ਸਬੰਧਿਤ ਜ਼ੋਨਾਂ ਵਿਚ ਉਨ੍ਹਾਂ ਨਾਲ ਸਵਾਲ-ਜਵਾਬ ਕੀਤੇ ਜਾਂਦੇ ਹਨ। ਅੰਤ ਵਿਚ ਚੁਣੇ ਗਏ ਉਮੀਦਵਾਰਾਂ ਨੂੰ ਮਾਡਲਿੰਗ ਅਤੇ ਰੈਂਪ ਸ਼ੋਜ਼ ਦੇ ਵੱਖ-ਵੱਖ ਪੱਖਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ।

****



## ਲਾਲ ਟੋਪੀ ਵਾਲੇ

ਇਕ ਆਦਮੀ ਤਕਰੀਬਨ ਅਹਿੱਲ ਬੈਠਾ ਹੈ। ਉਹ ਇਕ ਕਾਲੇ ਬਕਸੇ ਉਤੋਂ ਕਪੜਾ ਹਟਾਉਂਦਾ ਹੈ, ਜਿਹੜਾ ਤਿੰਨਾਂ ਲੱਤਾਂ ਵਾਲੀ ਤਿਪਾਈ ਉਤੇ ਟਿਕਿਆ ਹੋਇਆ ਹੈ। ਪੰਜਾਂ ਮਿੰਟਾਂ ਵਿਚ ਕਾਲੀ-ਚਿੱਟੀ ਫੋਟੋ ਬਣ ਕੇ ਤਿਆਰ ਹੈ। ਇਹ ਇਕ ਸਦੀ ਪੁਰਾਣੇ ਝੱਟ-ਪੱਟ ਕੈਮਰੇ ਦੀ ਕਰਾਮਾਤ ਹੈ।

ਭਾਵੇਂ ਪੁਰਾਣੇ ਬਰੀਕ ਛੇਕ ਵਾਲੇ ਡਾਗੂਰੀਓ-ਟਾਈਪ ਕੈਮਰੇ ਹੁਣ ਫਰਾਂਸ ਜਾਂ ਹੋਰ ਵਿਕਸਤ ਦੇਸ਼ਾਂ ਦੇ ਅਜਾਇਬ-ਘਰਾਂ ਦੇ ਸ਼ਿੰਗਾਰ ਬਣ ਗਏ ਹਨ, ਪਰ ਇਨ੍ਹਾਂ ਕੈਮਰਿਆਂ ਦੇ ਦੇਸੀ ਨਮੂਨੇ ਅਜੇ ਵੀ ਅੰਮ੍ਰਿਤਸਰ ਸ਼ਹਿਰ ਦੇ ਬਾਜ਼ਾਰਾਂ ਵਿਚ ਆਮਦਨੀ ਦੇ ਸਾਧਨ ਬਣੇ ਹੋਏ ਹਨ, ਹਾਲਾਂ-ਕਿ ਫੋਟੋਗਰਾਫ਼ੀ ਦੇ ਖੇਤਰ ਵਿਚ ਕਈ ਨਵੀਆਂ ਵਧੀਆ ਕਾਢਾਂ ਵਿਕਸਤ ਹੋ ਗਈਆਂ ਹਨ।

ਆਪਣੇ ਦੇਸ ਵਿਚ ਬਣੇ ਇਨ੍ਹਾਂ ਦੇਸੀ ਕੈਮਰਿਆਂ ਦੇ ਕਈ ਗਾਹਕ ਹਨ। ਇਨ੍ਹਾਂ ਕੈਮਰਿਆਂ ਨੂੰ 'ਝਟਪਟ' ਕੈਮਰੇ ਕਹਿੰਦੇ ਹਨ, ਜੋ ਮਿੰਟਾਂ ਵਿਚ ਫੋਟੋ ਤਿਆਰ ਕਰ ਦਿੰਦੇ ਹਨ। ਇਹ ਕੈਮਰੇ 25 ਰੁਪਿਆਂ ਵਿਚ ਪਾਸਪੋਰਟ ਸਾਈਜ਼ ਦੀਆਂ ਫੋਟੋਆਂ ਦੇ ਦੋ ਜੋੜੇ ਤਿਆਰ ਕਰ ਦਿੰਦੇ ਹਨ। ਕਈ ਲੋਕ ਕੁਝ ਰੁਪਏ ਬਚਾਉਣ ਲਈ ਇਨ੍ਹਾਂ ਕੈਮਰਿਆਂ ਦੀਆਂ ਖਿੱਚੀਆਂ ਫੋਟੋਆਂ ਨੂੰ ਤਰਜੀਹ ਦਿੰਦੇ ਹਨ। ਸਕੂਲ ਕਾਲਜ ਵਿਚ ਦਾਖਲੇ ਲਈ, ਪੈਨਸ਼ਨ ਲਈ ਜਾਂ ਹੋਰ ਸਰਕਾਰੀ ਕੰਮਾਂ ਲਈ ਇਨ੍ਹਾਂ ਕੈਮਰਿਆਂ ਦੀਆਂ ਤਸਵੀਰਾਂ ਹੀ ਵਰਤੀਆਂ ਜਾਂਦੀਆਂ ਹਨ।

ਬੇਦੀ ਸਟੱਡੀਉਜ਼ ਦੇ ਮਾਲਕ ਸ. ਕੁਲਵੰਤ ਸਿੰਘ ਕਹਿੰਦੇ ਹਨ 'ਮੇਰਾ 'ਪ੍ਰਾਚੀਨ' ਕੈਮਰਾ ਦਿਨ ਵਿਚ ਕਈ ਵਾਰ ਚਾਲੂ ਹੋ ਜਾਂਦਾ ਹੈ।' ਉਸ ਦਾ ਇਕ ਸਦੀ ਪੁਰਾਣਾ ਕੈਮਰਾ ਗੁਆਂਢੀ ਦੇ ਨਵੇਂ ਕੈਮਰੇ ਦਾ ਮੁਕਾਬਲਾ ਕਰਦਾ ਹੈ। ਗੁਆਂਢੀ ਫੋਟੋਗਰਾਫਰ ਨੇ ਨਵੇਂ ਈਜਾਦ ਹੋਏ ਕੰਪਿਊਟਰ ਦੀ ਸਹਾਇਤਾ ਨਾਲ ਚਲਣ ਵਾਲਾ ਸਟੱਡੀਉ ਕਾਇਮ ਕੀਤਾ ਹੈ। ਉਸ ਨੇ ਇਕ ਆਟੋ-ਰਿਕਸ਼ਾ ਦੇ ਪਿਛਲੇ ਹਿੱਸੇ ਵਿਚ ਕਲਰ-ਲੈਬ ਸੈੱਟ ਕੀਤੀ ਹੈ, ਜਿਸ ਵਿਚ ਮਸ਼ੀਨਰੀ ਨੂੰ ਠੰਢਾ ਰੱਖਣ ਲਈ ਇਕ ਪੱਖਾ ਵੀ ਲੱਗਾ ਹੋਇਆ ਹੈ।

ਬੜੀ ਦਿਲਚਸਪ ਗੱਲ ਹੈ ਕਿ ਵਿਦੇਸ਼ੀ ਯਾਤਰੀ ਇਨ੍ਹਾਂ ਝੱਟਪੱਟ ਕੈਮਰਿਆਂ ਨਾਲ ਫੋਟੋ ਖਿਚਾਉਣ ਲਈ ਨੱਸੇ ਆਉਂਦੇ ਹਨ ਅਤੇ ਸ਼ਹਿਰ ਦੀਆਂ ਯਾਦਾਂ ਨੂੰ ਆਪਣੇ ਨਾਲ ਲੈ ਜਾਂਦੇ ਹਨ। ਸ. ਕੁਲਵੰਤ ਸਿੰਘ ਆਪਣੇ ਝੱਟ-ਪੱਟ ਕੈਮਰੇ ਨਾਲ ਦਿਹਾੜੀ ਵਿਚ ਲਗ-ਪਗ 200 ਰੁਪਏ ਕਮਾ ਲੈਂਦਾ ਹੈ। ਕੁਲਵੰਤ ਸਿੰਘ ਦਸਦਾ ਹੈ ਕਿ ਰੇਲਵੇ ਸਟੇਸ਼ਨ ਨੂੰ ਜਾਂਦੀ ਸੜਕ ਉਤੇ ਭੰਡਾਰੀ ਪੁਲ ਦੇ ਹੇਠਾਂ ਤਕਰੀਬਨ ਸੱਤ ਇਹੋ ਜਿਹੇ ਦੇਸੀ ਸਟੱਡੀਉ ਚਲ ਰਹੇ ਹਨ।

ਇਹ ਸ਼ਹਿਰ ਕਈ ਪੱਖਾਂ ਤੋਂ ਨਿਰਾਲਾ ਹੈ। ਇੱਥੇ ਇਕ ਸਦੀ ਪੁਰਾਣੀਆਂ ਚੀਜ਼ਾਂ, ਆਧੁਨਿਕ ਤਕਨੀਕ ਵਾਲੀਆਂ ਨਵੀਆਂ ਈਜਾਦਾਂ ਦੇ ਨਾਲ-ਨਾਲ ਚਲ ਰਹੀਆਂ ਹਨ। ਫੋਟੋਗਰਾਫ਼ਰ ਦੇ ਅਗਲੇ ਪਾਸੇ ਦੰਦਾਂ ਦਾ ਇਕ ਅਨਾੜੀ ਡਾਕਟਰ ਵੱਖ-ਵੱਖ ਤਰ੍ਹਾਂ ਦੀਆਂ ਦੰਦ-ਲੜੀਆਂ ਅਤੇ ਵੱਖਰੀ ਵੱਖਰੀ ਬਨਾਵਟ ਵਾਲੇ ਦੰਦਾਂ ਦੇ ਇਸ਼ਤਿਹਾਰ ਲਾਈ ਬੈਠਾ ਹੈ। ਇਕ ਇਸ਼ਤਿਹਾਰ 'ਤੇ ਲਿਖਿਆ ਹੈ: 'ਦੰਦਾ ਦਾ ਪੂਰਾ ਪੀੜ੍ਹ ਅਤੇ ਬਣਾਉਟੀ ਦੰਦ।' ਇਹ ਅਨਾੜੀ ਡਾਕਟਰ ਦੱਸਦਾ ਹੈ ਕਿ ਉਹ ਮਹੀਨੇ ਵਿਚ ਤਕਰੀਬਨ 4000 ਰੁਪਏ ਕਮਾ ਲੈਂਦਾ ਹੈ। ਉਸ ਦੇ ਦੱਸਣ ਅਨੁਸਾਰ ਉਸ ਦਾ ਇਹ ਪੇਸ਼ਾ ਇਕ ਸਦੀ ਤੋਂ ਵੀ ਵਧ ਪੁਰਾਣਾ ਹੈ। ਉਸ ਨੂੰ ਇਹ ਪੇਸ਼ਾ ਆਪਣੇ ਬਜ਼ੁਰਗਾਂ ਤੋਂ ਮਿਲਿਆ ਹੈ। ਗੌਰਮਿੰਟ ਡੈਂਟਲ ਕਾਲਜ ਦੇ ਸਹਾਇਕ ਪ੍ਰੋਫੈਸਰ ਤੇ ਵਿਭਾਗ ਮੁਖੀ ਡਾ. ਨਵਨੀਤ ਗਰੇਵਾਲ ਕਹਿੰਦੇ ਹਨ ਕਿ ਇਸ ਤਰ੍ਹਾਂ ਦੇ ਅਨਾੜੀ ਡਾਕਟਰ (ਨੀਮ-ਹਕੀਮ, ਖ਼ਤਰਾ-ਏ-ਜਾਨ) ਇਲਾਜ ਕਰਨ ਦੇ ਯੋਗ ਨਹੀਂ ਹੁੰਦੇ। ਇਨ੍ਹਾਂ ਡਾਕਟਰਾਂ ਦੇ ਇਨਫੈਕਸ਼ਨ ਦੇ ਵਿਗੜੇ ਹੋਏ ਕੇਸ ਅਕਸਰ ਉਨ੍ਹਾਂ ਪਾਸ ਆਉਂਦੇ ਹਨ। ਇਹ ਮਰੀਜ਼ ਸਮਾਜਕ ਤੇ ਆਰਥਿਕ ਪੱਖੋਂ ਹੇਠਲੇ ਵਰਗ ਨਾਲ ਸਬੰਧਿਤ ਹੁੰਦੇ ਹਨ ਅਤੇ ਆਮ ਤੌਰ 'ਤੇ ਇਨ੍ਹਾਂ ਅਨਾੜੀ ਡਾਕਟਰਾਂ ਦੇ ਹੱਥੇ ਚੜ੍ਹ ਜਾਂਦੇ ਹਨ।

ਹਾਲ ਗੇਟ ਦੇ ਨੇੜੇ ਹਰ ਰੋਜ਼ ਸਵੇਰੇ ਸਵੇਰੇ 'ਕੰਨ, ਸਾਫ਼ ਕਰਨ ਵਾਲਿਆਂ' ਜਾਂ 'ਲਾਲ ਟੋਪੀ ਵਾਲਿਆਂ' ਦੀ ਇਕ ਟੋਲੀ ਆ ਉਤਰਦੀ ਹੈ। ਕਈ ਗਾਹਕ ਇਸ ਗੱਲ ਦਾ ਮਜ਼ਾ ਲੈਂਦੇ ਦਿਖਾਈ ਦਿੰਦੇ ਹਨ ਕਿ ਇਕ ਆਦਮੀ ਉਨ੍ਹਾਂ ਦੇ ਕੰਨ ਸਾਫ਼ ਕਰ ਰਿਹਾ ਹੈ। ਪਰ ਅਸਲੀਅਤ ਇਹ ਹੈ ਕਿ ਕੰਨਾਂ ਦੀ ਸਫਾਈ ਘਟ ਤੇ ਕਿਸੇ ਹੋਰ ਬਿਮਾਰੀ ਦੀ ਲਾਗ ਵਧ ਹੋ ਜਾਂਦੀ ਹੈ। ਅੱਖ, ਕੰਨ ਅਤੇ ਗਲੇ ਦੇ ਇਕ ਵਿਸ਼ੇਸ਼ ਡਾਕਟਰ, ਡਾ. ਵਿਵੇਕ ਖੰਨਾ ਕਹਿੰਦੇ ਹਨ ਕਿ ਇਕ ਅਨਾੜੀ ਸਫਾਈ ਵਾਲੇ ਤੋਂ ਕਰਾਈ ਕੰਨਾਂ ਦੀ ਸਫ਼ਾਈ ਇਕ ਤਰ੍ਹਾਂ ਦੀ ਇਨਫੈਕਸ਼ਨ ਨੂੰ ਜਨਮ ਦਿੰਦੀ ਹੈ ਜੋ ਗੰਦੇ ਹੱਥਾਂ ਤੇ ਸੰਦਾਂ ਤੋਂ ਪੈਦਾ ਹੁੰਦੀ ਹੈ।

ਇਸ ਤਰ੍ਹਾਂ ਦੇ 'ਮਸੀਹਾ ਡਾਕਟਰ' ਜੋ ਆਪਣੇ ਆਪ ਨੂੰ 'ਖ਼ਾਨਦਾਨੀ ਹਕੀਮ' ਕਹਿੰਦੇ ਹਨ, ਉਨ੍ਹਾਂ ਅਣਪੜ੍ਹ ਲੋਕਾਂ ਦਾ ਸ਼ੋਸਨ ਕਰਦੇ ਹਨ ਜਿਹੜੇ ਆਪਣੀਆਂ ਕਾਮੁਕ ਬਿਮਾਰੀਆਂ ਬਾਰੇ ਯੋਗਤਾ-ਪ੍ਰਾਪਤ ਡਾਕਟਰਾਂ ਨੂੰ ਦੱਸਣ ਤੋਂ ਝਿਜਕਦੇ ਹਨ। ਕੁਝ ਦੁਆਈ-ਫਰੋਸ਼ ਅਤੇ ਪਨਸਾਰੀ ਦੁਕਾਨਦਾਰ ਅਜਿਹੀਆਂ ਅਸਚਰਜ ਦੁਆਈਆਂ ਵੇਚਦੇ ਹਨ ਜੋ ਕਾਮੁਕ ਸ਼ਕਤੀ ਦਾ ਭੰਡਾਰ ਹੁੰਦੀਆਂ ਹਨ। ਅਜਿਹੇ ਨੀਮ ਹਕੀਮ ਡਾਕਟਰ ਭੋਲੇ-ਭਾਲੇ ਲੋਕਾਂ ਨੂੰ ਆਪਣੀਆਂ ਦੁਆਈਆਂ ਦੀਆਂ ਅਦਭੁੱਤ ਸਿਫ਼ਤਾਂ ਦਸ ਕੇ ਭਰਮਾ ਲੈਂਦੇ ਹਨ ਜਿਵੇਂ ਇਹ ਦੁਆਈ ਪਹਾੜਾਂ ਦੀਆਂ ਚੋਟੀਆਂ 'ਤੇ ਉੱਗੀਆਂ ਤਾਜ਼ਾ ਜੜੀ-ਬੂਟੀਆਂ ਤੋਂ ਬਣਾਈ ਗਈ ਹੈ ਜੋ ਕਮਾਲ ਦੀ ਤਾਕਤ ਪੈਦਾ ਕਰਦੀ ਹੈ। ਜੜੀ-ਬੂਟੀਆਂ ਤੋਂ ਬਣੇ ਹੋਏ ਇਹ ਕੈਪਸੂਲ ਹਾਨੀਰਹਿਤ ਹਨ। ਇਹ ਦੁਆਈ ਹਰ ਤਰ੍ਹਾਂ ਦੀ ਕਮਜ਼ੋਰੀ ਦੂਰ ਕਰ ਕੇ ਤਿਗੁਣੀ ਤਾਕਤ ਦਿੰਦੀ ਹੈ। ਇਹੋ ਜਿਹੇ ਚਤਰ-ਵਾਕ ਬੋਲ ਕੇ ਇਹ ਨੀਮ ਹਕੀਮ ਭੋਲੇ-ਭਾਲੇ ਲੋਕਾਂ ਨੂੰ ਲੁੱਟ ਲੈਂਦੇ ਹਨ। ਇਕ ਯੋਗਤਾ-ਪ੍ਰਾਪਤ ਆਯੁਰਵੈਦਿਕ ਡਾਕਟਰ, ਡਾ. ਸੁਰੇਸ਼ ਚੌਹਾਨ ਕਹਿੰਦੇ ਹਨ "ਨੀਮ-



ਹਕੀਮੀ, ਅਗਿਆਨਤਾ ਦੀ ਨਾਜਾਇਜ਼ ਔਲਾਦ ਹੈ।"

ਸ਼ਹਿਰ ਵਿਚ ਗਾਹਕਾਂ ਦੀ ਸਹੂਲਤ ਲਈ ਇਕ ਹੋਰ ਪੁਰਾਣੀ ਕਿਸਮ ਦਾ ਜੁਗਾੜ ਦਿਖਾਈ ਦਿੰਦਾ ਹੈ। ਰੇਹੜੀ ਉਤੇ ਫਿੱਟ ਇਸ ਜੁਗਾੜ ਦਾ ਨਾਂ 'ਕੱਚਾ ਕੋਇਲਾ ਪ੍ਰੈੱਸ' ਰੱਖਿਆ ਗਿਆ ਹੈ। ਪੁਰਾਣੇ ਸਮਿਆਂ ਵਿਚ ਸਿਰਫ਼ 80 ਪੈਸੇ ਦੇ ਕੇ ਕੋਈ ਵੀ ਆਪਣੀ ਕਮੀਜ਼ ਨੂੰ ਵਧੀਆ ਦਿੱਖ ਦੁਆ ਸਕਦਾ ਸੀ। ਇਹੋ ਜਿਹੀਆਂ ਪੁਰਾਣੀਆਂ ਪ੍ਰੈੱਸਾਂ ਦੇ ਮਾਡਲ ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਦੇ ਘਰਾਂ ਵਿਚ ਪੁਰਾਣੀਆਂ ਨਿਸ਼ਾਨੀਆਂ ਵਜੋਂ ਰੱਖੇ ਹੋਏ ਹਨ ਪਰ ਅੰਮ੍ਰਿਤਸਰ ਵਿਚ ਇਹ ਅਜੇ ਵੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਹਨ।

ਦੇਖਣ ਵਾਲੇ ਕੁਝ ਹੋਰ ਨਮੂਨੇ ਵੀ ਹਨ। ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦੇ ਧੋਬੀ ਘਾਟਾਂ ਉਤੇ ਅਜੇ ਵੀ ਭੱਠੀਆਂ ਬਣਾਈਆਂ ਜਾਂਦੀਆਂ ਹਨ। ਭਾਵੇਂ ਕਪੜੇ ਧੋਣ ਵਾਲੀਆਂ ਮਸ਼ੀਨਾਂ ਬਣ ਗਈਆਂ ਹਨ ਪਰ ਇਨ੍ਹਾਂ ਘਾਟਾਂ ਉਤੇ ਹੱਥ ਨਾਲ ਕਪੜੇ ਧੋਣ ਦਾ ਧੰਦਾ ਚਲ ਰਿਹਾ ਹੈ। ਇਸੇ ਤਰ੍ਹਾਂ ਕਿੱਕਰ ਦੀਆਂ ਦਾਤਨਾਂ ਵੇਚਣ ਵਾਲੇ ਫੇਰੀਦਾਰ ਅਜੇ ਵੀ ਸ਼ਹਿਰ ਵਿਚ ਫਿਰਦੇ ਰਹਿੰਦੇ ਹਨ। ਵੱਡੀ ਉਮਰ ਦੇ ਕਈ ਬਜ਼ੁਰਗ ਕਿੱਕਰ ਦੀ ਦਾਤਨ ਕਰਨਾ ਪਸੰਦ ਕਰਦੇ ਹਨ। ਸਿਹਤ ਪੱਖੋਂ ਲਾਭਦਾਇਕ ਹੋਣ ਕਰਕੇ ਕਈ ਲੋਕ ਨਿੰਮ ਤੇ ਸ਼ਹਿਤੂਤ ਦੀਆਂ ਦਾਤਨਾਂ ਵੀ ਵਰਤਦੇ ਹਨ।

ਬੁੱਢੀ ਮਾਈ ਦਾ ਝਾਟਾ ਵੇਚਣ ਵਾਲੇ ਭਾਈ ਦੀ ਟੱਲੀ ਸ਼ਹਿਰ ਦੇ ਗਲੀਆਂ ਬਾਜ਼ਾਰਾਂ ਵਿਚ ਅਕਸਰ ਸੁਣਾਈ ਦਿੰਦੀ ਰਹਿੰਦੀ ਹੈ। ਗੱਟਾ ਵੇਚਣ ਵਾਲੇ ਭਾਈ ਦੀ ਸੀਟੀ ਉੱਨੀ ਹੀ ਸੁਰੀਲੀ ਤੇ ਮਿੱਠੀ ਹੁੰਦੀ ਹੈ, ਜਿੰਨੇ ਸੁਹਣੇ ਉਹ ਗੱਟੇ ਦੇ ਮੋਰ, ਝੰਡੇ ਤੇ ਸਾਈਕਲ ਬਣਾਉਂਦਾ ਹੈ।

ਗੋਲਾ ਚੁਸਤੀ ਕੀ ਤੇ ਕੇਲੇ ਦੇ ਪੱਤਿਆਂ ਉਤੇ ਦੇਸੀ ਆਈਸ ਕਰੀਮ ਖਾਣ ਵਾਲੇ ਗਾਹਕ ਵੀ ਬਹੁਤ ਮਿਲ ਜਾਂਦੇ ਹਨ। ਵਿਰਾਸਤੀ ਮਾਰਗ ਬਣਨ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਅਮੀਂ ਚੰਦ ਦੀ ਦੁਕਾਨ 'ਤੇ ਯਾਤਰੀ ਬੱਤਾ ਜਾਂ ਬੰਟੇ ਵਾਲੀ ਲੈਮਨ ਜਾਂ ਰੋਜ਼ ਦੀ ਬੋਤਲ ਜ਼ਰੂਰ ਪੀਂਦੇ ਸਨ। ਸ਼ਹਿਰ ਦੀਆਂ ਵੱਡੀਆਂ-ਵੱਡੀਆਂ ਦੁਕਾਨਾਂ 'ਤੇ ਭਾਵੇਂ ਸੁੰਦਰ ਚਿੱਕਨੇ ਕਾਗਜ਼ਾਂ ਵਿਚ ਲਪੇਟੀਆਂ ਮਹਿੰਗੀਆਂ ਕੁਲਫ਼ੀਆਂ ਵਿਕਦੀਆਂ ਹਨ ਪਰ ਹਾਲ ਬਾਜ਼ਾਰ ਦੀ ਮਸ਼ਹੂਰ ਕੁਲਫ਼ੀ ਦਾ ਆਪਣਾ ਹੀ ਸੁਆਦ ਹੈ।

ਅੰਮ੍ਰਿਤਸਰ ਵਿਚ ਦੇਸੀ ਤੰਦੂਰ ਵੀ ਮਿਲਦੇ ਹਨ। ਇਹ ਤੰਦੂਰ ਗੁਆਂਢੀ ਦੇਸ਼ਾਂ ਨੂੰ ਖ਼ਾਸ ਕਰ ਕੇ ਦੁਬਈ ਨੂੰ ਭੇਜੇ ਜਾਂਦੇ ਹਨ। ਕਈ ਵਿਦੇਸ਼ੀ ਤੇ ਭਾਰਤੀ ਯਾਤਰੀ ਛੋਟੇ ਛੋਟੇ ਤੰਦੂਰ ਵਿਦੇਸ਼ਾਂ ਨੂੰ ਆਪਣੇ ਨਾਲ ਲੈ ਜਾਂਦੇ ਹਨ ਅਤੇ ਤੰਦੂਰੀ ਨਾਨ, ਰੋਟੀਆਂ, ਕੁਲਚਿਆਂ ਤੇ ਹੋਰ ਪੰਜਾਬੀ ਭੋਜਨਾਂ ਦੀ ਮਜ਼ਾ ਲੈਂਦੇ ਹਨ।

## ਝੱਟ-ਪੱਟ ਜਾਅਲੀ ਦਸਤਾਵੇਜ਼

ਪਤਾ ਲੱਗਾ ਹੈ ਕਿ ਜ਼ਮੀਨਾਂ ਦਾ ਜਾਅਲੀ ਵਪਾਰ ਕਰਨ ਵਾਲੇ ਕੁਝ ਲੋਕ ਝੱਟ-ਪੱਟ ਕੈਮਰਿਆਂ ਨਾਲ ਜ਼ਮੀਨੀ ਰਿਕਾਰਡ ਦੀ ਫੋਟੋ ਖਿੱਚ ਲੈਂਦੇ ਹਨ। ਘਟੀਆ

ਕੈਮਰਾ ਤੇ ਘਟੀਆਂ ਫੋਟੋ-ਕਾਗਜ਼ ਹੋਣ ਕਰ ਕੇ ਇਹ ਫੋਟੋਆਂ ਛੇਤੀ ਹੀ ਫਿੱਕੀਆਂ ਪੈ ਜਾਂਦੀਆਂ ਹਨ। ਬਰੀਕ ਛੇਕ ਵਾਲਾ ਇਹ ਕੈਮਰਾ ਇਕ ਅਜੀਬ ਤਰ੍ਹਾਂ ਦੀ ਕਾਢ ਹੈ, ਜੋ ਹਿਲਦੀਆਂ-ਜੁਲਦੀਆਂ ਪੁਰਾਣੀਆਂ ਲੱਤਾਂ ਵਾਲੀ ਇਕ ਤਿਪਾਈ ਉਤੇ ਟਿਕਿਆ ਹੁੰਦਾ ਹੈ ਅਤੇ ਫੋਟੋ ਖਿਚਾਉਣ ਵਾਲਾ ਕੈਮਰੇ ਦੇ ਸਾਹਮਣੇ ਇਕ ਕੁਰਸੀ ਉਤੇ ਬਹਿੰਦਾ ਹੈ।

ਫੇਰ ਕੈਮਰੇ ਨੂੰ ਰੌਸ਼ਨੀ ਦਾ ਇਕ ਝਲਕਾਰਾ ਦੇਣ ਲਈ ਇਕ-ਅੱਧੇ ਸਕਿੰਟ ਲਈ ਕੈਮਰੇ ਦੇ ਸ਼ੀਸ਼ੇ ਤੋਂ ਢੱਕਣ ਹਟਾਇਆ ਜਾਂਦਾ ਹੈ। ਕੈਮਰੇ ਦੇ ਸ਼ੀਸ਼ੇ ਨੂੰ ਸੂਰਜ ਦੀ ਰੌਸ਼ਨੀ ਤੋਂ ਬਚਾਉਣ ਲਈ ਉਸ ਨੂੰ ਕਾਲੇ ਕਪੜੇ ਨਾਲ ਢਕਿਆ ਜਾਂਦਾ ਹੈ। ਫੇਰ ਫੋਟੋਗਰਾਫ਼ਰ ਪਜਾਮੇ ਦੇ ਇਕ ਪਹੁੰਚੇ ਵਰਗੇ ਕਪੜੇ ਰਾਹੀਂ ਹੱਥ ਪਾ ਕੇ ਫੋਟੋ ਵਾਲਾ ਕਾਗਜ਼ ਬਾਹਰ ਕੱਢਦਾ ਹੈ ਤੇ ਉਸ ਨੂੰ ਇਕ ਮਿਨੀ ਡਾਰਕ ਰੂਮ ਵਿਚ ਡਿਵੈਲਪ ਹੋਣ ਲਈ ਸੁੱਟ ਦਿੰਦਾ ਹੈ। ਇਸ ਪਿਛੋਂ ਫੋਟੋ ਵਾਲਾ ਕਾਗਜ਼ ਇਕ ਫਿਕਸਰ ਵਿਚ ਪਾਇਆ ਜਾਂਦਾ ਹੈ ਜਿਸ ਦਾ ਤਾਪਮਾਨ ਸਹੀ ਰੱਖਣ ਲਈ ਉਸ ਦੇ ਦੁਆਲੇ ਇਕ ਗਿੱਲਾ ਤੌਲੀਆਂ ਲਪੇਟਿਆ ਹੁੰਦਾ ਹੈ। ਇਸ ਤਰ੍ਹਾਂ ਪੰਜ ਮਿੰਟਾਂ ਵਿਚ ਫੋਟੋ ਤਿਆਰ ਹੋ ਜਾਂਦੀ ਹੈ।

****



# ਸਾਰੀਆਂ ਸਰਹੱਦਾਂ ਲੰਘ ਗਿਆ ਅਫ਼ੀਮ ਦਾ ਵਪਾਰ

ਗੋਲਡਨ ਕਰੀਸੈਂਟ, ਗੈਰ-ਕਾਨੂੰਨੀ ਅਫ਼ੀਮ-ਉਤਪਾਦਨ ਲਈ ਏਸ਼ੀਆ ਦਾ ਪ੍ਰਧਾਨ ਖੇਤਰ ਮੰਨਿਆ ਜਾਂਦਾ ਹੈ। ਇਹ ਖੇਤਰ ਅਫ਼ਗਾਨਿਸਤਾਨ, ਈਰਾਨ ਅਤੇ ਪਾਕਿਸਤਾਨ ਤਿੰਨ ਦੇਸ਼ਾਂ ਵਿਚ ਫੈਲਿਆ ਹੋਇਆ ਹੈ, ਜਿਨ੍ਹਾਂ ਦਾ ਪਹਾੜੀ ਘੇਰਾ ਨਵੇਂ ਚੰਦ (ਕਰੀਸੈਂਟ) ਦਾ ਪ੍ਰਤੀਕ ਹੈ। 1991 ਵਿਚ ਅਫ਼ਗਾਨਿਸਤਾਨ ਨੇ ਸੰਸਾਰ ਭਰ ਵਿਚ ਅਫ਼ੀਮ-ਉਤਪਾਦਨ ਵਿਚ ਪਹਿਲੇ ਸਥਾਨ 'ਤੇ ਰਹਿਣ ਦਾ ਬਦਨਾਮ ਨਾਮਨਾ ਖੱਟਿਆ। ਇਸ ਸਾਲ ਅਫ਼ਗਾਨਿਸਤਾਨ ਨੇ 1782 ਮੀਟਰਕ ਟਨ ਅਫ਼ੀਮ ਪੈਦਾ ਕੀਤੀ, ਜੋ ਮਿਆਂਮਾਰ ਤੋਂ ਵੀ ਵਧ ਸੀ।

ਅਫ਼ੀਮ-ਉਤਪਾਦਨ ਵਿਚ ਗੋਲਡਨ ਕਰੀਸੈਂਟ ਦਾ ਇਤਿਹਾਸ, ਦੱਖਣ ਪੂਰਬੀ ਏਸ਼ੀਆ ਦੇ ਗੋਲਡਨ ਟਰੀਐਂਗਲ ਖੇਤਰ ਦੇ ਇਤਿਹਾਸ ਨਾਲੋਂ ਵੀ ਲੰਮਾ ਹੈ। ਅਫ਼ੀਮ-ਉਤਪਾਦਨ ਵਿਚ ਗੋਲਡਨ ਕਰੀਸੈਂਟ ਦਾ ਖੇਤਰ ਉਨੀ-ਸੌ-ਸੱਤਰਵਿਆਂ ਵਿਚ ਮਸ਼ਹੂਰ ਹੋਇਆ ਜਦ ਕਿ ਗੋਲਡਨ ਟਰੀਐਂਗਲ ਖੇਤਰ ਉੱਨੀ-ਸੌ-ਪੰਜਾਹਵਿਆਂ ਵਿਚ ਹੀ ਪ੍ਰਸਿੱਧ ਹੋ ਗਿਆ ਸੀ।

## ਅੰਤਰਰਾਸ਼ਟਰੀ ਮੰਡੀ

ਅਫ਼ਗਾਨਿਸਤਾਨ ਵਿਚ ਕੱਚੀ ਹੈਰੋਇਨ ਦੀ ਕੀਮਤ 5000 ਤੋਂ 10000 ਰੁਪਏ ਤਕ ਪ੍ਰਤੀ ਕਿਲੋਗਰਾਮ ਹੁੰਦੀ ਹੈ। ਇਹੀ ਹੈਰੋਇਨ ਸਰਹੱਦ ਟੱਪ ਕੇ ਜਦੋਂ ਅੰਮ੍ਰਿਤਸਰ ਆਉਂਦੀ ਹੈ ਤਾਂ ਇਸ ਦੀ ਕੀਮਤ ਚਾਰ ਲੱਖ ਰੁਪਏ ਹੋ ਜਾਂਦੀ ਹੈ।

ਜਿਹੜੇ ਵਿਚੋਲੇ ਸਰਹੱਦ ਪਾਰ ਤੋਂ ਗੈਰ-ਕਾਨੂੰਨੀ ਹੈਰੋਇਨ ਮੰਗਵਾਉਂਦੇ ਹਨ, ਅੱਧੀ ਰਕਮ ਉਨ੍ਹਾਂ ਦੀਆਂ ਜੇਬਾਂ ਵਿਚ ਚਲੀ ਜਾਂਦੀ ਹੈ ਪਰ ਜਿਹੜੇ ਬੰਦੇ, ਆਪਣੀਆਂ ਜਾਨਾਂ ਨੂੰ ਖ਼ਤਰੇ ਵਿਚ ਪਾ ਕੇ ਸਰਹੱਦ ਪਾਰੋਂ ਇਹ ਹੈਰੋਇਨ ਲਿਆਉਂਦੇ ਹਨ, ਉਨ੍ਹਾਂ ਨੂੰ ਮਾਮੂਲੀ ਰਕਮ ਦੇ ਕੇ ਸਾਰ ਦਿੱਤਾ ਜਾਂਦਾ ਹੈ। ਇਕ ਕਿਲੋ ਹੈਰੋਇਨ ਅੰਤਰਰਾਸ਼ਟਰੀ ਮੰਡੀ ਵਿਚ ਇਕ ਕਰੋੜ ਰੁਪਏ ਦੀ ਵਿਕਦੀ ਹੈ।

ਸਰਹੱਦ ਉਤੇ ਵਾੜ ਲੱਗਣ ਤੋਂ ਪਹਿਲਾਂ ਚੋਰੀ ਭੇਜੀਆਂ ਹੋਰ ਚੀਜ਼ਾਂ ਦੇ ਨਾਲ ਹੈਰੋਇਨ ਜਾਂ ਅਫ਼ੀਮ ਭਾਰਤ ਦੇ ਸਰਹੱਦੀ ਇਲਾਕੇ ਵਿਚ ਸਿਖਾਏ ਹੋਏ ਘੋੜਿਆਂ ਜਾਂ ਊਠਾਂ ਰਾਹੀਂ ਭੇਜੀ ਜਾਂਦੀ ਸੀ। ਇਨ੍ਹਾਂ ਘੋੜਿਆਂ ਜਾਂ ਊਠਾਂ ਦੇ ਮਗਰ ਕੋਈ ਨਹੀਂ ਸੀ ਹੁੰਦਾ। ਪੰਜਾਬ ਵਿਚ ਹੈਰੋਇਨ ਆਦਿ ਭੇਜਣ ਲਈ ਘੋੜੇ ਅਤੇ ਰਾਜਸਥਾਨ ਵਿਚ ਭੇਜਣ ਲਈ ਊਠ ਵਰਤੇ ਜਾਂਦੇ ਸਨ। ਇਹ ਘੋੜੇ ਤੇ ਊਠ ਨਸ਼ੇ ਦੇ ਆਦੀ ਹੁੰਦੇ ਸਨ ਅਤੇ ਖਾਸ ਥਾਵਾਂ 'ਤੇ ਪਹੁੰਚਣ ਲਈ ਸਿਖਾਏ ਹੁੰਦੇ ਸਨ। ਉਥੇ ਪਹੁੰਚਣ 'ਤੇ ਉਨ੍ਹਾਂ ਨੂੰ ਨਸ਼ੇ ਦੀ ਦੂਜੀ ਖ਼ੁਰਾਕ ਦਿੱਤੀ ਜਾਂਦੀ ਸੀ।

ਸਰਹੱਦ ਉਤੇ ਜਦੋਂ ਵਾੜ ਲਗ ਗਈ ਤਾਂ ਨਸ਼ੇ ਦੇ ਵਪਾਰੀ ਸਮਝੌਤਾ ਐਕਸਪ੍ਰੈਸ ਗੱਡੀ ਰਾਹੀਂ ਜਾਂ ਜ਼ਮੀਨਦੋਜ਼ ਸੁਰੰਗਾਂ ਰਾਹੀਂ ਨਸ਼ੀਲੀਆਂ ਵਸਤਾਂ ਭੇਜਣ ਲਗ ਪਏ। ਇਕ ਤਰੀਕਾ ਹੋਰ ਵੀ ਸੀ। ਨਸ਼ੀਲੀਆਂ ਵਸਤਾਂ ਦੇ ਪੈਕਟ ਵਾੜ ਦੇ ਉਪਰੋਂ ਦੀ ਸੁੱਟ ਦਿੱਤੇ ਜਾਂਦੇ ਸਨ ਅਤੇ ਅਗਲੇ ਪਾਸੇ ਸਬੰਧਿਤ ਲੋਕ ਉਨ੍ਹਾਂ ਨੂੰ ਚੁੱਕ ਲੈਂਦੇ ਸਨ।

## ਪਰਿਵਾਰਕ ਸਬੰਧ

ਦੇਸ਼-ਵੰਡ ਹੋ ਜਾਣ ਦੇ ਬਾਵਜੂਦ ਤਸਕਰਾਂ ਦੇ ਆਪਸੀ ਦੋਸਤਾਨਾ ਰਿਸ਼ਤੇ ਕਾਇਮ ਹਨ। ਟੈਲੀਫੋਨ ਰਾਹੀਂ ਉਹ ਇਕ ਦੂਜੇ ਦਾ ਹਾਲ-ਚਾਲ ਪੁੱਛਦੇ ਰਹਿੰਦੇ ਹਨ। ਖ਼ੁਫ਼ੀਆ ਏਜੰਸੀਆਂ ਦੇ ਕਰਮਚਾਰੀ ਬਿਜਲਈ ਢੰਗ ਨਾਲ ਉਨ੍ਹਾਂ ਦੀ ਗੱਲਬਾਤ ਨੂੰ ਵਿਚਾਲਿਉਂ ਰੋਕ ਕੇ ਸੁਣ ਲੈਂਦੇ ਹਨ। ਇਹ ਗੱਲ-ਬਾਤ ਬੜੀ ਦਿਲਚਸਪ ਹੁੰਦੀ ਹੈ।

ਨਸ਼ੀਲੀਆਂ ਵਸਤਾਂ ਦੇ ਇਸ ਵਪਾਰ ਨੂੰ ਰੋਕਣ ਲਈ ਭਾਰਤ ਸਰਕਾਰ ਨੇ ਵਾੜ ਦੀਆਂ ਤਾਰਾਂ ਵਿਚ ਬਿਜਲੀ ਦਾ ਕਰੰਟ ਛੱਡ ਦਿੱਤਾ ਹੈ। ਪਰ ਅਜਿਹੇ ਮਹਿੰਗੇ ਪ੍ਰਬੰਧਾਂ ਨੇ ਨਸ਼ੇ ਦੇ ਵਪਾਰ ਨੂੰ ਥੋੜ੍ਹੀ ਬਹੁਤ ਠੱਲ੍ਹ ਹੀ ਪਾਈ ਹੈ।

## ਕਾਨੂੰਨ ਲਾਗੂ ਕਰਨ ਵਾਲੇ ਮਹਿਕਮਿਆਂ ਵਿਚ ਭ੍ਰਿਸ਼ਟਾਚਾਰ

ਇਸ ਦੇ ਨਾਲ ਨਾਲ, ਕਾਨੂੰਨ ਲਾਗੂ ਕਰਨ ਵਾਲੇ ਮਹਿਕਮਿਆਂ ਵਿਚ ਫੈਲੇ ਭ੍ਰਿਸ਼ਟਾਚਾਰ ਨੇ ਨਸ਼ਾ ਵਪਾਰੀਆਂ ਦਾ ਕੰਮ ਸੌਖਾ ਕਰ ਦਿੱਤਾ ਹੈ।

ਇਸ ਤਰ੍ਹਾਂ ਦੇ ਕਈ ਕੇਸ ਸਾਹਮਣੇ ਆਏ ਹਨ, ਜਿਨ੍ਹਾਂ ਵਿਚ ਸਬੰਧਿਤ ਮਹਿਕਮਿਆਂ ਦੇ ਕਈ ਕਰਮਚਾਰੀ ਫੜੇ ਗਏ ਹਨ, ਜੋ ਖ਼ੁਦ ਨਸ਼ੀਲੀਆਂ ਵਸਤਾਂ ਕੁਝ ਸ਼ਹਿਰਾਂ ਵਿਚ ਪਹੁੰਚਾਉਂਦੇ ਸਨ ਅਤੇ ਕੁਝ ਨਫ਼ਾ ਕਮਾ ਲੈਂਦੇ ਸਨ।

ਸਰਹੱਦ ਉਤੇ ਵਾੜ ਲਗਣ ਤੋਂ ਪਿਛੋਂ ਵੀ ਕਾਨੂੰਨ ਲਾਗੂ ਕਰਨ ਵਾਲੇ ਕੁਝ ਲੋਕ ਨਸ਼ਾ-ਤਸਕਰੀ ਵਿਚ ਕਿਵੇਂ ਸਹਾਇਤਾ ਕਰਦੇ ਸਨ? ਤੱਥਾਂ ਤੋਂ ਪਤਾ ਲਗਦਾ ਹੈ ਕਿ ਨਸ਼ੀਲੀਆਂ ਵਸਤਾਂ ਦਾ ਗੈਰ-ਕਾਨੂੰਨੀ ਵਪਾਰ ਸੀਮਾ ਸੁਰੱਖਿਆ ਬਲਾਂ ਅਤੇ ਸਰਹੱਦ ਉਤੇ ਕੰਮ ਕਰਦੀਆਂ ਹੋਰ ਏਜੰਸੀਆਂ ਦੀ ਮਿਲੀ-ਭੁਗਤ ਨਾਲ ਹੀ ਚਲਦਾ ਸੀ,ਜੋ ਇਸ ਧੰਦੇ ਵਲੋਂ ਅਕਸਰ ਅੱਖਾਂ ਮੀਟ ਲੈਂਦੇ ਸਨ।

ਸਰਹੱਦ ਉਤੇ ਚਲਦੀਆਂ ਅਜਿਹੀਆਂ ਸਰਗਰਮੀਆਂ ਬਾਰੇ ਅਨੇਕਾਂ ਤੱਥ ਉਪਲਬਧ ਹਨ। ਇਕ ਵਾਰ ਪਿੰਡ ਚੱਕ ਆਉਲ ਦੀ ਪੁਲੀਸ ਚੌਕੀ 'ਤੇ ਮਜੀਠਾ ਪੁਲੀਸ ਤੇ ਸੀਮਾ ਸੁਰੱਖਿਆ ਬਲਾਂ ਨੇ ਮਿਲ ਕੇ ਛਾਪਾ ਮਾਰਿਆ ਤਾਂ ਇਕ ਫ਼ੌਜੀ ਤੇ ਦੋ ਹੋਰ ਬੰਦੇ ਫੜੇ ਗਏ। ਉਨ੍ਹਾਂ ਪਾਸੋਂ ਜਾਅਲੀ ਕਰੰਸੀ, ਨਸ਼ੀਲੇ ਪਦਾਰਥ ਅਤੇ ਕੁਝ ਹਥਿਆਰ ਬਰਾਮਦ ਹੋਏ।

ਫੜੇ ਗਏ ਵਿਅਕਤੀਆਂ ਦੀ ਪਛਾਣ 4 ਜੇ. ਐਂਡ. ਕੇ. ਲਾਈਟ ਇਨਫੈਨਟਰੀ ਦੇ ਸਿਪਾਹੀ ਅਲੀ ਮੁਹੰਮਦ ਖ਼ਾਨ; ਥਾਣਾ ਲੋਪੋਕੇ ਅਧੀਨ ਪੈਂਦੇ ਪਿੰਡ ਚੂਚਕਵਾਲ ਦੇ ਸਾਈਮਨ ਪਾਲ ਅਤੇ ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਦੀਨਾ ਨਗਰ ਦੇ ਸੁਖਵਿੰਦਰ



ਸਿੰਘ ਵਜੋਂ ਹੋਈ ਹੈ। ਅਲੀ ਮੁਹੰਮਦ ਖ਼ਾਨ ਇਨ੍ਹਾਂ ਦੋਹਾਂ ਬੰਦਿਆਂ ਨੂੰ ਨਸ਼ੀਲੀਆਂ ਵਸਤਾਂ ਸਪਲਾਈ ਕਰਦਾ ਸੀ ਅਤੇ ਆਪਣਾ ਪਛਾਣ-ਪੱਤਰ ਦਿਖਾ ਕੇ ਤਲਾਸ਼ੀ ਤੋਂ ਬਚ ਜਾਂਦਾ ਸੀ।

ਗੁਰਦਾਸਪੁਰ ਵਿਚ ਤਾਇਨਾਤ ਸੀਮਾ ਸੁਰੱਖਿਆ ਬਲ ਦੇ ਡਿਪਟੀ ਕਮਾਂਡੈਂਟ ਹਰਪ੍ਰੀਤ ਸਿੰਘ ਅਤੇ ਉਸ ਦੇ ਡਰਾਈਵਰ ਦਾ, 23 ਕਿਲੋਗਰਾਮ ਹੈਰੋਇਨ ਨਾਲ ਫੜੇ ਜਾਣਾ ਦਸਦਾ ਹੈ ਕਿ ਸਰਹੱਦ ਉਤੇ ਤਸਕਰੀ ਦੇ ਧੰਦੇ ਵਿਚ ਕੁਝ ਸਬੰਧਿਤ ਕਰਮਚਾਰੀਆਂ ਦੀ ਤਸਕਰਾਂ ਨਾਲ ਮਿਲੀ-ਭੁਗਤ ਚਲ ਰਹੀ ਹੈ।

ਨਸ਼ਾ ਕੰਟਰੋਲ ਬਿਊਰੋ ਦੇ ਖ਼ੁਫ਼ੀਆ ਅਫ਼ਸਰਾਂ ਨੇ ਅੰਮ੍ਰਿਤਸਰ ਦੇ ਜੇਲ੍ਹ ਵਾਰਡਨ ਦੀ ਕਾਰ ਵਿਚੋਂ ਚਾਰ ਕਿਲੋਗਰਾਮ ਹੈਰੋਇਨ ਫੜੀ ਹੈ। ਇਹ ਹੈਰੋਇਨ ਪਾਕਿਸਤਾਨ ਜਾਂ ਅਫ਼ਗਾਨਿਸਤਾਨ ਵਿਚੋਂ ਆ ਰਹੀ ਸੀ। ਇਸ ਸਬੰਧ ਵਿਚ ਸੰਗਰੂਰ ਜੇਲ੍ਹ ਦਾ ਇਕ ਵਾਰਡਨ ਸਤਨਾਮ ਸਿੰਘ ਫੜਿਆ ਗਿਆ ਅਤੇ ਨਸ਼ੀਲੀਆਂ ਵਸਤਾਂ ਸਬੰਧੀ ਐਕਟ ਅਧੀਨ ਉਸ ਵਿਰੁੱਧ ਕੇਸ ਦਰਜ ਕੀਤਾ ਗਿਆ। ਨਸ਼ਾ-ਵਸਤਾਂ ਦੇ ਪੈਕਟਾਂ ਉਤੇ ਲੱਗੀਆਂ ਮੋਹਰਾਂ ਅਤੇ ਮਾਰਕਿਆਂ ਤੋਂ ਨਸ਼ਾ-ਬਿਊਰੋ ਨੂੰ ਪਤਾ ਲੱਗਾ ਹੈ ਕਿ ਇਹ ਹੈਰੋਇਨ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਵਿਚੋਂ ਆ ਰਹੀ ਹੈ।

## ਖ਼ਤਰੇ ਦੀ ਘੰਟੀ

ਪਹਿਲਾਂ ਤਾਂ ਅੰਮ੍ਰਿਤਸਰ ਦਾ ਪਵਿੱਤਰ ਸ਼ਹਿਰ ਨਸ਼ਾ-ਵਪਾਰ ਦਾ ਸਿਰਫ਼ ਇਕ ਜ਼ਰੀਆ ਸੀ। ਯੂਰਪੀ ਦੇਸ਼ਾਂ ਨੂੰ ਨਵੀਂ ਦਿੱਲੀ ਰਾਹੀਂ ਭੇਜੇ ਜਾਂਦੇ ਨਸ਼ਾ-ਪਦਾਰਥ ਅੰਮ੍ਰਿਤਸਰ ਰਾਹੀਂ ਜਾਂਦੇ ਸਨ। ਬਾਅਦ ਵਿਚ ਇਹ ਨਸ਼ੀਲੀਆਂ ਵਸਤਾਂ ਅੰਮ੍ਰਿਤਸਰ ਦੀ ਸਥਾਨਕ ਮੰਡੀ ਵਿਚ ਵੀ ਪ੍ਰਵੇਸ਼ ਕਰ ਗਈਆਂ ਅਤੇ ਬਹੁਤ ਸਾਰੇ ਨੌਜਵਾਨ ਨਸ਼ਿਆਂ ਦੇ ਆਦੀ ਹੋ ਗਏ।

ਨਸ਼ੀਲੀਆਂ ਦੁਆਈਆਂ ਤਾਂ ਰਹੀਆਂ ਇਕ ਪਾਸੇ, ਅੰਮ੍ਰਿਤਸਰ-ਵਾਸੀ ਹਰ ਰੋਜ਼ 40 ਲੱਖ ਰੁਪਏ ਦੀ ਸ਼ਰਾਬ ਵੀ ਪੀ ਜਾਂਦੇ ਹਨ। ਨਾਜਾਇਜ਼ ਸ਼ਰਾਬ ਦਾ ਧੰਦਾ ਕਰਨ ਵਾਲੇ ਲੋਕ ਇਲਾਕੇ ਵਿਚ ਹਮੇਸ਼ਾ ਸਰਗਰਮ ਰਹਿੰਦੇ ਹਨ।

ਭਾਰਤ ਅਤੇ ਪਾਕਿਸਤਾਨ ਵਿਚਾਲੇ ਜੋ ਅਮਨ-ਵਾਰਤਾ ਚਲ ਰਹੀ ਸੀ, ਉਸ ਵਿਚ ਵੀ ਪਿਛਲੇ ਕੁਝ ਸਮੇਂ ਵਿਚ ਸਰਹੱਦੀ ਇਲਾਕੇ ਵਿਚ ਵਾਪਰ ਰਹੇ ਕੁਝ ਨਸ਼ਾ-ਤਸਕਰੀ ਦੇ ਕੇਸ ਸਾਹਮਣੇ ਆਏ।

ਪਿਛਲੇ ਦੋ ਮਹੀਨਿਆਂ ਵਿਚ ਜੋ ਕੇਸ ਫੜੇ ਗਏ ਹਨ, ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਅੰਤਰਰਾਸ਼ਟਰੀ ਵਾੜ ਦੇ ਨੇੜੇ ਜੋ ਪਿੰਡ ਹਨ, ਉਹ ਵਿਵਰਜਿਤ ਵਸਤਾਂ ਦੀ ਤਸਕਰੀ ਦੇ ਅੱਡੇ ਬਣ ਗਏ ਹਨ। ਅਜਿਹੀਆਂ ਵਿਵਰਜਿਤ ਚੀਜ਼ਾਂ ਸਰਹੱਦ ਪਾਰ ਨਿਸਚਿਤ ਥਾਵਾਂ 'ਤੇ ਵਗਾਹ ਮਾਰੀਆਂ ਜਾਂਦੀਆਂ ਹਨ। ਸੈਲਫੋਨਾਂ ਦੇ ਆਉਣ ਨਾਲ ਇਹ ਨਾਜਾਇਜ਼ ਧੰਦਾ ਹੋਰ ਆਸਾਨ ਹੋ ਗਿਆ ਹੈ।

ਹੈਰੋਇਨ ਤੇ ਨਸ਼ਾ-ਵਸਤਾਂ ਦੀਆਂ ਫੜੀਆਂ ਗਈਆਂ ਵੱਡੀਆਂ ਖੇਪਾਂ ਇਸ ਗੱਲ ਵੱਲ ਇਸ਼ਾਰਾ ਕਰਦੀਆਂ ਹਨ ਕਿ ਸਰਹੱਦੀ ਖੇਤਰਾਂ ਵਿਚ ਨਸ਼ਾ-ਤਸਕਰਾਂ ਦਾ

ਇਕ ਜਥੇਬੰਦ ਜਾਲ ਫੈਲਿਆ ਹੋਇਆ ਹੈ, ਜੋ ਸਰਹੱਦੀ ਪਿੰਡਾਂ ਦੇ ਆਰਥਿਕ ਪੱਖੋਂ ਕਮਜ਼ੋਰ ਲੋਕਾਂ ਨੂੰ ਆਪਣੇ ਜਾਲ ਵਿਚ ਫਸਾ ਲੈਂਦਾ ਹੈ।

## ਚਮਤਕਾਰੀ ਦੁਆਈਆਂ

ਸਰਹੱਦੀ ਖੇਤਰ ਵਿਚ ਨੀਮ-ਹਕੀਮਾਂ ਦੀ ਮੌਜ ਲੱਗੀ ਹੋਈ ਹੈ। ਸਰਹੱਦੀ ਇਲਾਕੇ ਵਿਚ ਕਈ ਥਾਈਂ ਸੜਕਾਂ ਕਿਨਾਰੇ ਨੀਮ ਹਕੀਮਾਂ ਦੇ ਕਲੀਨਿਕ ਖੁੱਲ੍ਹ ਗਏ ਹਨ। ਪਿੰਡਾਂ ਵਿਚ ਦੁਆਈ-ਫਰੋਸ਼ ਤੇ ਪਨਸਾਰੀ ਵੀ ਖੁੱਲ੍ਹਮ-ਖੁੱਲ੍ਹਾ ਚਮਤਕਾਰੀ ਦੁਆਈਆਂ ਵੇਚ ਰਹੇ ਹਨ। ਕਹਿੰਦੇ ਹਨ ਕਿ ਇਹ ਦੁਆਈ ਕਾਮੁਕ ਸ਼ਕਤੀ ਦਾ ਅਮੁੱਕ ਭੰਡਾਰ ਹੈ। ਇਹੋ ਜਿਹੇ ਜਾਅਲੀ ਦੁਆਈ-ਫਰੋਸ਼ਾਂ ਤੇ ਪੰਸਾਰੀਆਂ ਦਾ ਇਕੋ ਤਕੀਆ-ਕਲਾਮ ਹੁੰਦਾ ਹੈ ਕਿ ਇਹ ਦੁਆਈ ਉੱਚੇ ਪਹਾੜਾਂ ਤੋਂ ਲਿਆਂਦੀਆਂ ਤਾਜ਼ਾ ਜੜੀ-ਬੂਟੀਆਂ ਤੋਂ ਬਣਾਈ ਗਈ ਹੈ।

ਇਹੋ ਜਿਹੀਆਂ ਗੱਲਾਂ ਭੋਲੇ-ਭਾਲੇ ਗਾਹਕਾਂ ਨੂੰ ਲੁੱਟਣ ਲਈ ਕਾਰਗਰ ਸਾਬਤ ਹੁੰਦੀਆਂ ਹਨ। ਇਹੋ ਜਿਹੀਆਂ ਜੜੀ-ਬੂਟੀਆਂ ਤੋਂ ਬਣਾਈ ਗਈ ਇਕ ਦੁਆਈ ਦੇ ਲਫ਼ਾਫੇ ਉਤੇ ਲਿਖਿਆ ਸੀ 'ਹਰ ਤਰ੍ਹਾਂ ਦੀ ਕਮਜ਼ੋਰੀ ਨੂੰ ਦੂਰ ਕਰ ਕੇ ਇਹ ਦੁਆਈ ਬੰਦੇ ਵਿਚ ਤਿੱਗੁਣੀ ਤਾਕਤ ਭਰ ਦਿੰਦੀ ਹੈ।'

ਸਰਹੱਦੀ ਇਲਾਕੇ ਵਿਚ ਵਿਕਦੇ ਹੋਰ ਕੈਪਸੂਲ ਤੇ ਗੋਲੀਆਂ ਵੀ ਮਹਿੰਗੀਆਂ ਤੇ ਦੁਰਲੱਭ ਜੜੀ-ਬੂਟੀਆਂ ਦਾ ਦਾਅਵਾ ਕਰਦੀਆਂ ਹਨ। ਜੜੀ-ਬੂਟੀਆਂ ਤੋਂ ਤਿਆਰ ਕੀਤੀ ਇਕ ਹੋਰ ਦੁਆਈ ਦੇ ਲਫਾਫ਼ੇ ਉਤੇ ਲਿਖਿਆ ਸੀ, 'ਨਿਰਾਸ਼ਾ ਤੋਂ ਆਸ਼ਾ ਵੱਲ।'

ਇਕ ਦੁਆਈ-ਵਿਕਰੇਤਾ ਨੇ ਕਿਹਾ ਕਿ ਸੈਂਕੜੇ ਹੀ ਗਾਹਕ, ਜਿਨ੍ਹਾਂ ਵਿਚ ਔਰਤਾਂ ਵੀ ਸ਼ਾਮਿਲ ਹਨ, ਹਰ ਰੋਜ਼ ਜੜੀ-ਬੂਟੀਆਂ ਤੋਂ ਬਣੀਆਂ ਦੁਆਈਆਂ ਦੀ ਮੰਗ ਕਰਦੇ ਹਨ।

ਐਸੇ ਹਾਲਾਤ ਵਿਚ 'ਮਸੀਹਾ' ਬਣ ਕੇ ਬੈਠੇ ਨੀਮ-ਹਕੀਮ ਜੋ ਇਹ ਦਾਅਵਾ ਕਰਦੇ ਹਨ ਕਿ ਉਹ 'ਖ਼ਾਨਦਾਨੀ ਹਕੀਮ' ਹਨ, ਐਸੇ ਅਣਜਾਣ ਲੋਕਾਂ ਨੂੰ ਲੁੱਟਦੇ ਹਨ, ਜੋ ਯੋਗਤਾ-ਪ੍ਰਾਪਤ ਡਾਕਟਰਾਂ ਕੋਲ ਜਾਣ ਤੋਂ ਇਸ ਲਈ ਝਿਜਕਦੇ ਹਨ ਕਿ ਸਮਾਜ ਵਿਚ ਉਨ੍ਹਾਂ ਦੀ ਬਦਨਾਮੀ ਹੋਵੇਗੀ।

****



# ਨਸ਼ਾ ਪ੍ਰਭਾਵਿਤ ਸ਼ਹਿਰ

ਪਵਿੱਤਰ ਸ਼ਹਿਰ ਅੰਮ੍ਰਿਤਸਰ ਜਿਸ ਨੂੰ 'ਸਿਫ਼ਤੀ ਦਾ ਘਰ' ਕਹਿੰਦੇ ਹਨ ਕਦੀ ਸੌਂਦਾ ਨਹੀਂ ਹੈ। ਜਿਹੜੀਆਂ ਰੰਗ-ਰੰਗੀਨੀਆਂ ਦਿਨ ਢਲੇ ਸ਼ੁਰੂ ਹੁੰਦੀਆਂ ਹਨ, ਉਹ ਦੇਰ ਰਾਤ ਤਕ ਜਾਰੀ ਰਹਿੰਦੀਆਂ ਹਨ। ਸ਼ਹਿਰ-ਵਾਸੀਆਂ ਦਾ ਇਕ ਹਿੱਸਾ ਜਦੋਂ ਰਾਤ ਦੇ ਵਿਸ਼ਰਾਮ ਲਈ ਟਿਕ ਜਾਂਦਾ ਹੈ, ਤਾਂ ਦੂਜਾ ਹਿੱਸਾ ਸੜਕਾਂ ਤੇ ਆ ਜਾਂਦਾ ਹੈ। ਸ਼ਰਧਾਲੂਆਂ ਤੇ ਯਾਤਰੀਆਂ ਦੀ ਆਵਾਜਾਈ ਕਾਰਨ ਇਹ ਸਿਲਸਿਲਾ ਹਰ ਵਕਤ ਚਲਦਾ ਰਹਿੰਦਾ ਹੈ।

ਪਰ ਸ਼ਹਿਰ ਦੇ ਅੰਦਰ ਅਤੇ ਬਾਹਰ ਕੁਝ ਅਣਸੁਖਾਵੀਆਂ ਤੇ ਅਪਵਿੱਤਰ ਗਤੀਵਿਧੀਆਂ ਚਲ ਰਹੀਆਂ ਹਨ। ਕਾਰਨ ਇਹ ਕਿ ਨਸ਼ਈਆਂ ਦੀ ਨਿੱਤ-ਦਿਨ ਵਧਦੀ ਗਿਣਤੀ ਕਾਰਨ ਅੰਮ੍ਰਿਤਸਰ, ਪੰਜਾਬ ਦਾ ਸਭ ਤੋਂ ਵਧ ਨਸ਼ਾ-ਗ੍ਰਸਤ ਸ਼ਹਿਰ ਬਣ ਗਿਆ ਹੈ।

ਇਸ ਪੁਰਾਤਨ ਸ਼ਹਿਰ ਦਾ ਇਹ ਇਕ ਨਿਰਾਸ਼ਜਨਕ ਪੱਖ ਹੈ ਕਿ ਮਕਬੂਲਪੁਰੇ ਵਿਚ, ਇਕ ਸਮੇਂ ਸਨਅਤੀ ਸ਼ਹਿਰ ਵਜੋਂ ਮਸ਼ਹੂਰ ਛੇਹਰਟੇ ਵਿਚ ਅਤੇ ਇਸ ਸਰਹੱਦੀ ਸ਼ਹਿਰ ਦੇ ਹੋਰ ਹਿੱਸਿਆਂ ਵਿਚ ਵਾਧੂ ਨਸ਼ਾ ਵਰਤਨ ਕਾਰਨ ਮਹੀਨੇ ਵਿਚ ਘਟੋ-ਘੱਟ ਇਕ ਨਸ਼ੇੜੀ ਦੀ ਮੌਤ ਹੋ ਜਾਂਦੀ ਹੈ।

ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਸੁਸਤੀ ਅਤੇ ਅਸਫ਼ਲਤਾ ਕਾਰਨ ਇਲਾਕੇ ਵਿਚ ਨਸ਼ੀਲੀਆਂ ਦੁਆਈਆਂ ਆਸਾਨੀ ਨਾਲ ਮਿਲ ਜਾਂਦੀਆਂ ਹਨ। ਇਸ ਸਥਿਤੀ ਕਾਰਨ ਨਸ਼ੇ ਦਾ ਜਾਲ ਖ਼ਤਰਨਾਕ ਸੀਮਾ ਤਕ ਫੈਲ ਗਿਆ ਹੈ।

ਮਕਬੂਲਪੁਰਾ ਮਹੱਲੇ ਦੀ ਜ਼ਿਆਦਾਤਰ ਆਬਾਦੀ ਦਲਿਤ ਲੋਕਾਂ ਦੀ ਹੈ। ਇਹ ਮਹੱਲਾ ਬੱਸ-ਅੱਡੇ ਤੋਂ ਸਿਰਫ਼ ਤਿੰਨ ਕਿਲੋਮੀਟਰ ਦੂਰ ਹੈ। ਦੇਸ਼-ਵੰਡ ਦੇ ਮਾਰੇ ਲੋਕ ਵੀ ਇਸ ਮਹੱਲੇ ਵਿਚ ਵਸ ਗਏ ਸਨ।

ਇਸ ਮਹੱਲੇ ਦੇ ਹਰ ਘਰ ਦੀ ਇਕ ਕਹਾਣੀ ਹੈ। ਇਥੇ ਸਮੈਕ ਤੇ ਹੋਰ ਨਸ਼ਾ-ਵਸਤਾਂ ਖੁੱਲ੍ਹਮ-ਖੁੱਲ੍ਹਾ ਵੇਚਦੇ ਵਿਕਰੇਤਾ ਆਮ ਦੇਖੇ ਜਾ ਸਕਦੇ ਹਨ। ਇਸ ਤੋਂ ਵੀ ਅੱਗੇ, ਨਸ਼ੇੜੀਆਂ ਨੂੰ ਇਕੋ ਸੂਈ ਨਾਲ ਨਸ਼ੇ ਦੇ ਇੰਜੈਕਸ਼ਨ ਵੀ ਲਾਏ ਜਾਂਦੇ ਹਨ। ਇਕੋ ਸੂਈ ਦੀ ਵਰਤੋਂ ਬੇਹੱਦ ਖ਼ਤਰਨਾਕ ਹੈ। ਏਡਜ਼ ਦੇ ਇਕ ਮਰੀਜ਼ ਦੀ ਸੂਈ ਹੋਰ ਲੋਕਾਂ ਨੂੰ ਇੰਜੈਕਸ਼ਨ ਲਾਉਣ ਲਈ ਵੀ ਵਰਤੀ ਜਾਏ ਤਾਂ ਇਸ ਦੇ ਬਹੁਤ ਭਿਆਨਕ ਸਿੱਟੇ ਨਿਕਲ ਸਕਦੇ ਹਨ।

ਬਿਨਾਂ-ਸ਼ੱਕ ਮਾਲ-ਗੁਜ਼ਾਰੀ ਖੁਫ਼ੀਆ ਵਿਭਾਗ ਦੇ ਡਾਇਰੈਕਟੋਰੇਟ ਅਤੇ ਅੰਮ੍ਰਿਤਸਰ ਤਰਨ-ਤਾਰਨ, ਗੁਰਦਾਸਪੁਰ ਅਤੇ ਫ਼ਿਰੋਜ਼ਪੁਰ ਨਾਲ ਸਬੰਧਿਤ ਪੰਜਾਬ ਪੁਲੀਸ ਦੇ ਨਸ਼ਾ-ਵਿਰੋਧੀ ਸੈੱਲ ਨੇ ਢੇਰ ਨਸ਼ੀਲੇ-ਪਦਾਰਥ ਫੜੇ ਹਨ, ਪਰ ਇਕ

ਘਟਨਾ ਨੇ ਹਰ ਆਦਮੀ ਨੂੰ ਉਸ ਵੇਲੇ ਹੈਰਾਨੀ ਵਿਚ ਪਾ ਦਿੱਤਾ ਜਦੋਂ ਮਾਲ-ਗੁਜ਼ਾਰੀ ਡਾਇਰੈਕਟੋਰੇਟ ਨੇ ਸਿੱਖ ਸਾਹਿਤ ਦੇ ਇਕ ਪੁਰਾਣੇ ਪ੍ਰਕਾਸ਼ਕ ਦੇ ਪੁੱਤਰ ਨੂੰ 4.8 ਕਿਲੋਗ੍ਰਾਮ ਹੈਰੋਇਨ ਨਾਲ ਫੜ ਲਿਆ। ਇਹ ਹੈਰੋਇਨ ਉਸ ਨੇ ਗੁਰਬਾਣੀ ਦੀਆਂ ਸੀਡੀਜ਼ ਅਤੇ ਡੀ.ਵੀ.ਡੀਜ਼ ਵਿਚ ਛੁਪਾਈ ਹੋਈ ਸੀ। ਹੈਰੋਇਨ ਦੀ ਇਹ ਖੇਪ ਸਤੰਬਰ 2008 ਵਿਚ ਇਕ ਪ੍ਰਾਈਵੇਟ ਕੋਰੀਅਰ ਰਾਹੀਂ ਬੁੱਕ ਕਰਵਾਈ ਗਈ ਸੀ। ਮਾਲ-ਗੁਜ਼ਾਰੀ ਡਾਇਰੈਕਟੋਰੇਟ ਨੇ ਇਸ ਨੂੰ ਕੈਨੇਡਾ ਦੇ ਜਹਾਜ਼ ਵਿਚ ਚੜ੍ਹਾਉਣ ਤੋਂ ਪਹਿਲਾਂ ਹੀ ਫੜ ਲਿਆ।

ਇਹ ਬੜੀ ਚਿੰਤਾਜਨਕ ਗੱਲ ਹੈ ਕਿ ਅੰਮ੍ਰਿਤਸਰ ਉਨ੍ਹਾਂ ਨਸ਼ਾ-ਵਸਤਾਂ ਨੂੰ ਅੱਗੇ ਭੇਜਣ ਦਾ ਇਕ ਜ਼ਰੀਆ ਬਣ ਗਿਆ ਹੈ ਜੋ ਤਾਲਿਬਾਨ-ਪੀੜਤ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਵਿਚੋਂ ਆਉਂਦੀਆਂ ਹਨ। ਸਰਹੱਦ ਦੇ ਨੇੜੇ ਹੋਣ ਕਾਰਨ ਪਾਕਿਸਤਾਨ ਨੂੰ ਹਰ ਕਿਸਮ ਦੀਆਂ ਨਸ਼ਾ-ਵਸਤਾਂ ਭਾਰਤ ਵਿਚ ਚੋਰੀ ਭੇਜਣੀਆਂ ਆਸਾਨ ਹੋ ਜਾਂਦੀਆਂ ਹਨ। ਅਫ਼ਗਾਨਿਸਤਾਨ ਵਿਚ ਜਦੋਂ ਪੋਸਤ ਦੀ ਭਰਵੀਂ ਫਸਲ ਹੁੰਦੀ ਹੈ ਤਾਂ ਉਹ ਭਾਰਤ ਲਈ ਇਕ ਲਾਅਨਤ ਸਾਬਤ ਹੁੰਦੀ ਹੈ, ਜੋ ਪਾਕਿਸਤਾਨ ਰਾਹੀਂ ਅਫ਼ਗਾਨਿਸਤਾਨ ਨਾਲ ਜੁੜਿਆ ਹੋਇਆ ਹੈ।

ਅਫ਼ਗਾਨਿਸਤਾਨ, ਜਿਸ ਦੇ ਭਾਰਤ ਨਾਲ ਪੁਰਾਣੇ ਤਜਾਰਤੀ ਸਬੰਧ ਹਨ, ਦੁਨੀਆ ਨੂੰ ਅਫ਼ੀਮ ਤੇ ਹੈਰੋਇਨ ਸਪਲਾਈ ਕਰਨ ਵਾਲਾ ਨੰਬਰ ਇਕ ਦੇਸ਼ ਹੈ। ਪਾਕਿਸਤਾਨੀ ਤਸਕਰ ਹੈਰੋਇਨ ਦੇ ਪੈਕਟ ਸਰਹੱਦੀ-ਵਾੜ ਦੇ ਉਪਰੋਂ ਦੀ ਭਾਰਤੀ ਖੇਤਰ ਵਿਚ ਸੁੱਟ ਦਿੰਦੇ ਹਨ। ਇਸ ਤਰ੍ਹਾਂ ਦੀ ਤਸਕਰੀ ਲੰਮੇ ਸਮੇਂ ਤੋਂ ਖ਼ਬਰਾਂ ਵਿਚ ਹੈ। ਸੀਮਾ ਸੁਰੱਖਿਆ ਬਲਾਂ ਨੇ ਪਿਛਲੇ ਦਿਨੀਂ ਸਰਹੱਦ ਦੇ ਨੇੜਿਉਂ ਕਈ ਵਾਰ ਨਸ਼ਾ-ਵਸਤਾਂ ਫੜੀਆਂ ਹਨ। ਸਰਹੱਦੀ ਪੱਟੀ ਦੇ ਨੇੜੇ ਰਹਿੰਦੇ ਭਾਰਤੀ ਤਸਕਰਾਂ ਵਿਰੁੱਧ ਦਰਜ ਕੀਤੇ ਕੇਸ ਅੱਖਾਂ ਖੋਲ੍ਹਣ ਵਾਲੇ ਹਨ।

ਮਾਲ-ਗੁਜ਼ਾਰੀ ਡਾਇਰੈਕਟੋਰੇਟ ਵਲੋਂ ਫੜੀਆਂ ਗਈਆਂ ਖ਼ਤਰਨਾਕ ਨਸ਼ਾ-ਵਸਤਾਂ ਤੋਂ ਪਤਾ ਲਗਦਾ ਹੈ ਕਿ ਇਹ ਚੀਜ਼ਾਂ ਨਾ ਕੇਵਲ ਭਾਰਤ ਦੇ ਵੱਡੇ-ਵੱਡੇ ਸ਼ਹਿਰਾਂ ਨੂੰ ਭੇਜੀਆਂ ਜਾਂਦੀਆਂ ਹਨ, ਸਗੋਂ ਪੱਛਮੀ ਦੇਸ਼ਾਂ ਨੂੰ ਵੀ ਸਮੁੰਦਰੀ ਤੇ ਹਵਾਈ ਜਹਾਜ਼ਾਂ ਰਾਹੀਂ ਮੁਹੱਈਆ ਕੀਤੀਆਂ ਜਾਂਦੀਆਂ ਹਨ। ਇਸ ਸਮੱਸਿਆ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਕੁਝ ਸਾਲ ਪਹਿਲਾਂ ਮਾਲ-ਗੁਜ਼ਾਰੀ ਡਾਇਰੈਕਟਰੋਰੇਟ ਨੇ ਇਕ ਅਕਾਲੀ ਲੀਡਰ ਨੂੰ 23 ਕਿਲੋ ਗ੍ਰਾਮ ਹੈਰੋਇਨ ਨਾਲ ਫੜਿਆ ਸੀ। ਹੈਰੋਇਨ ਦੀ ਇਹ ਖੇਪ ਰਾਜਾਸਾਂਸੀ ਅੰਤਰਰਾਸ਼ਟਰੀ ਹਵਾਈ ਅੱਡਾ (ਅੰਮ੍ਰਿਤਸਰ) ਤੋਂ ਕੈਨੇਡਾ ਨੂੰ ਭੇਜੀ ਜਾ ਰਹੀ ਸੀ। ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਅੰਤਰਰਾਸ਼ਟਰੀ ਤਸਕਰਾਂ ਲਈ ਅੰਮ੍ਰਿਤਸਰ ਇਕ ਆਸਾਨ ਜ਼ਰੀਆ ਬਣ ਗਿਆ ਹੈ।

ਪੰਜਾਬ ਵਿਚ ਭਾਵੇਂ ਅਫ਼ੀਮ ਤੇ ਭੁੱਕੀ ਨੂੰ ਤਰਜੀਹ ਦਿੱਤੀ ਜਾਂਦੀ ਹੈ, ਪਰ ਹੈਰੋਇਨ ਇਕ ਨਵੀਂ ਬਲਾ ਹੈ, ਜਿਸ ਨੇ ਇਸ ਇਲਾਕੇ ਵਿਚ ਤਬਾਹੀ ਮਚਾ ਦਿੱਤੀ ਹੈ। ਪੰਜਾਬ ਹੌਲੀ-ਹੌਲੀ ਹੈਰੋਇਨ ਦਾ ਗੜ੍ਹ ਬਣਦਾ ਜਾ ਰਿਹਾ ਹੈ। ਜ਼ਿੰਦਾ ਹੋਣ ਨਾਲੋਂ



ਅੱਧ-ਮਰੇ ਨਸ਼ੇੜੀ ਮਕਬੂਲਪੁਰਾ ਅਤੇ ਅੰਮ੍ਰਿਤਸਰ ਦੇ ਹੋਰ ਮੰਦੇ-ਹਾਲ ਇਲਾਕਿਆਂ ਵਿਚ ਫਿਰਦੇ ਦੇਖੇ ਜਾ ਸਕਦੇ ਹਨ। ਉਹ ਆਪਣੇ-ਆਪ ਹੀ ਨਸ਼ੇ ਦੇ ਟੀਕੇ ਲਾ ਲੈਂਦੇ ਹਨ ਅਤੇ ਪੁਲੀਸ ਵਾਲੇ ਖੁੱਲ੍ਹਮ-ਖੁੱਲ੍ਹਾ ਵਿਕ ਰਹੇ ਨਸ਼ਿਆਂ ਨੂੰ ਦੇਖ ਕੇ ਅੱਖਾਂ ਮੀਟ ਲੈਂਦੇ ਹਨ।

ਪੁਲੀਸ ਕੰਟਰੋਲ ਕੀਤੇ ਨਸ਼ਿਆਂ ਦੀ ਖੁੱਲ੍ਹੀ ਵਿਕਰੀ ਨੂੰ ਰੋਕਣ ਵਿਚ ਨਾਕਾਮ ਰਹੀ ਹੈ। ਆਸਾਨੀ ਨਾਲ ਮਿਲ ਜਾਂਦੇ ਨਸ਼ਿਆਂ ਕਾਰਨ, ਨਸ਼ਿਆਂ ਦੀ ਵਰਤੋਂ ਵਧ ਰਹੀ ਹੈ। ਇਸ ਕਾਲੋਨੀ ਵਿਚ ਨਿੱਤ ਮੌਤਾਂ ਹੋਣ ਕਾਰਨ ਲੋਕਾਂ ਦੀ ਨੀਂਦ ਉਡ ਗਈ ਹੈ ਕਿਉਂਕਿ ਵਿਧਵਾਵਾਂ ਅਤੇ ਯਤੀਮ ਬੱਚਿਆਂ ਨੂੰ ਉਨ੍ਹਾਂ ਦੇ ਕਮਾਊ ਬਾਪ ਦੇ ਮਰ ਜਾਣ ਕਾਰਨ, ਰੋਜ਼ੀ-ਰੋਟੀ ਦਾ ਕੋਈ ਹੋਰ ਵਸੀਲਾ ਨਜ਼ਰ ਨਹੀਂ ਆਉਂਦਾ।

ਅੰਮ੍ਰਿਤਸਰ ਦੀ ਸਰਹੱਦੀ ਪੱਟੀ ਤੋਂ ਸ਼ੁਰੂ ਹੋ ਕੇ ਨਸ਼ਾ-ਵਸਤਾਂ ਦਾ ਜਾਲ ਪਵਿੱਤਰ ਸ਼ਹਿਰ ਦੇ ਕਈ ਹਿੱਸਿਆਂ ਵਿਚ ਫੈਲ ਗਿਆ ਹੈ ਪਰ ਇਸ ਖ਼ਤਰਨਾਕ ਰੁਝਾਣ ਨੂੰ ਰੋਕਣ ਲਈ ਕੋਈ ਵਿਸ਼ੇਸ਼ ਉਪਰਾਲੇ ਨਹੀਂ ਕੀਤੇ ਗਏ। ਕਾਰਨ ਇਹ ਹੈ ਕਿ ਕਈ ਸਿਆਸੀ ਲੋਕ ਨਸ਼ਾ-ਤਸਕਰਾਂ ਦੀ ਸਰਪ੍ਰਸਤੀ ਕਰ ਰਹੇ ਹਨ।

ਨਸ਼ੀਲੀਆਂ ਵਸਤਾਂ ਜੇ ਵਧ ਮਾਤਰਾ ਵਿਚ ਲੈ ਲਈਆਂ ਜਾਣ ਤਾਂ ਕਈ ਜਾਨਲੇਵਾ ਹਾਦਸੇ ਹੋ ਜਾਂਦੇ ਹਨ। ਨਸ਼ੇੜੀ ਪੱਪੂ ਬਾਬਾ ਨੇ ਜਦੋਂ ਤੇਜ਼-ਰਫ਼ਤਾਰ ਰੇਲਗੱਡੀ ਸਾਹਮਣੇ ਛਾਲ ਮਾਰ ਦਿੱਤੀ ਤਾਂ ਗੱਡੀ ਉਸ ਨੂੰ ਕੁਚਲ ਕੇ ਲੰਘ ਗਈ। ਇਹੋ ਜਿਹੀਆਂ ਕਈ ਮਿਸਾਲਾਂ ਹਨ ਕਿ ਮਕਬੂਲਪੁਰਾ ਦੇ ਛੋਟੀ ਉਮਰ ਦੇ ਕਈ ਬੱਚੇ, ਜਿਹੜੇ ਨਸ਼ੀਲੀਆਂ ਵਸਤਾਂ ਇਕ ਥਾਂ ਤੋਂ ਦੂਜੀ ਥਾਂ ਪਹੁੰਚਾਉਂਦੇ ਸਨ, ਉਹ ਆਪ ਹੀ ਇਹ ਨਸ਼ੇ ਵਰਤਣ ਲਗ ਪਏ। ਕਈ ਨਸ਼ੇੜੀ ਜਿਨ੍ਹਾਂ ਪਾਸ ਨਸ਼ਾ ਖਰੀਦਣ ਲਈ ਪੈਸੇ ਨਹੀਂ ਸਨ, ਉਹ ਚੋਰੀਆਂ ਕਰਨ ਲਗ ਪਏ। ਇਹੋ ਜਿਹਾ ਇਕ ਨਸ਼ੇੜੀ ਖੰਡਾ ਜਦੋਂ ਇਕ ਘਰ ਵਿਚ ਚੋਰੀ ਕਰਦਾ ਫੜਿਆ ਗਿਆ ਤਾਂ ਲੋਕਾਂ ਨੇ ਉਸ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ।

ਭਾਵੇਂ ਸਰਕਾਰ ਨਸ਼ਾ-ਪੀੜਤਾਂ ਨੂੰ ਇਸ ਬਿਮਾਰੀ ਤੋਂ ਛੁਟਕਾਰਾ ਦੁਆਉਣ ਲਈ ਅਸਫਲ ਰਹੀ ਹੈ, ਪਰ ਕੁਝ ਗੈਰ-ਸਰਕਾਰੀ ਸੰਸਥਾਵਾਂ ਨੇ ਨਸ਼ਾ-ਪੀੜਤਾਂ ਦੀਆਂ ਸਮੱਸਿਆਵਾਂ ਨੂੰ ਘਟਾਉਣ ਲਈ ਸ਼ਲਾਘਾਯੋਗ ਸੇਵਾ ਕੀਤੀ ਹੈ। ਸਿਟੀਜ਼ਨਜ਼ ਫੋਰਮ ਵਿਦਿਆ ਮੰਦਰ ਦੇ ਪ੍ਰਧਾਨ ਸ਼੍ਰੀ ਬ੍ਰਿਜ ਬੇਦੀ (ਮਰਹੂਮ) ਜੋ ਸਰਬਉੱਤਮ ਪੁਲੀਸ ਅਫਸਰ ਸ੍ਰੀਮਤੀ ਕਿਰਨ ਬੇਦੀ ਦੇ ਪਤੀ ਸਨ ਅਤੇ ਇਕ ਸਰਕਾਰੀ ਸਕੂਲ ਦੇ ਅਧਿਆਪਕ ਮਾਸਟਰ ਅਜੀਤ ਸਿੰਘ ਨੇ ਮਕਬੂਲਪੁਰਾ ਵਿਚ ਇਕ ਸਕੂਲ ਖੋਲ੍ਹ ਰੱਖਿਆ ਸੀ, ਜਿਸ ਵਿਚ ਨਸ਼ਾ-ਪੀੜਤਾਂ ਦੇ ਯਤੀਮ ਬੱਚਿਆਂ ਸਮੇਤ 800 ਬੱਚੇ ਪੜ੍ਹਦੇ ਹਨ, ਜਿਨ੍ਹਾਂ ਨੂੰ ਬਿਨਾਂ ਫੀਸ ਵਿਦਿਆ ਅਤੇ ਬਿਨਾਂ-ਮੁੱਲ ਖਾਣਾ ਦਿੱਤਾ ਜਾਂਦਾ ਹੈ।

ਸਰਕਾਰ ਕਹਿੰਦੀ ਹੈ ਕਿ ਉਸ ਨੇ ਗੁਰੂ ਨਾਨਕ ਦੇਵ ਹਸਪਤਾਲ ਵਿਚ ਦਸ ਬਿਸਤਰਿਆਂ ਵਾਲਾ ਨਸ਼ਾ-ਛੁਡਾਊ ਕੇਂਦਰ ਖੋਲ੍ਹ ਰੱਖਿਆ ਹੈ ਪਰ ਇਹ ਕੇਂਦਰ ਨਸ਼ਾ-ਪੀੜਤਾਂ ਦੀ ਕੋਈ ਮਦਦ ਕਰਨ ਵਿਚ ਅਸਫ਼ਲ ਰਿਹਾ ਹੈ। ਹਸਪਤਾਲ ਵਿਚ ਸਟਾਫ਼

ਦੀ ਕਮੀ ਹੈ। ਅੱਜਕਲ੍ਹ ਕੇਵਲ ਇਕ ਪ੍ਰੋਫੈਸਰ ਸਾਰੇ ਵਿਭਾਗ ਨੂੰ ਚਲਾ ਰਿਹਾ ਹੈ। ਹਸਪਤਾਲ ਵਿਚ ਕੋਈ ਮਨੋਵਿਗਿਆਨੀ ਜਾਂ ਵਿਸ਼ੇਸ਼ਗ ਨਹੀਂ ਹੈ ਜੋ ਮਰੀਜ਼ਾਂ ਦੀ ਦੇਖ-ਭਾਲ ਕਰ ਸਕੇ। ਨਸ਼ਾ-ਪੀੜਤਾਂ ਦੇ ਇਲਾਜ ਅਤੇ ਮੁੜ-ਸਿਹਤਯਾਬੀ ਲਈ ਇਕ ਮਸ਼ਵਰਾ ਦੇਣ ਵਾਲੇ ਡਾਕਟਰ ਦੀ ਜ਼ਰੂਰਤ ਹੁੰਦੀ ਹੈ। ਮੈਡੀਕਲ ਕੌਂਸਲ ਆਫ਼ ਇੰਡੀਆ ਦੀਆਂ ਹਦਾਇਤਾਂ ਅਨੁਸਾਰ ਅਜਿਹੇ ਕੇਂਦਰ ਨੂੰ ਇਕ ਪ੍ਰੋਫੈਸਰ, ਇਕ ਸਹਾਇਕ ਪ੍ਰੋਫੈਸਰ, ਇਕ ਐਸੋਸੀਏਟ ਪ੍ਰੋਫੈਸਰ ਅਤੇ ਨਰਸਿੰਗ ਤੇ ਸਹਾਇਕ ਸਟਾਫ਼ ਦੀ ਲੋੜ ਹੁੰਦੀ ਹੈ। ਯੋਗ ਨਿਰੀਖਣ ਦੀ ਘਾਟ ਕਾਰਨ 60 ਪ੍ਰਤੀਸ਼ਤ ਮਰੀਜ਼ ਇਹੀ ਸ਼ਿਕਾਇਤ ਕਰਦੇ ਹਨ ਕਿ ਕੇਂਦਰਾਂ ਵਿਚ ਯੋਗ ਨਿਰੀਖਣ ਅਤੇ ਇਲਾਜ ਦੀ ਕਮੀ ਹੈ।

ਚਾਰ ਸਾਲ ਪਹਿਲਾਂ ਇਕ ਵਿਦੇਸ਼ੀ ਗੈਰ-ਸਰਕਾਰੀ ਸੰਸਥਾ ਨੇ ਇਕ ਨਸ਼ਾ-ਛੁਡਾਊ ਤੇ ਮੁੜ-ਸਿਹਤਯਾਬੀ ਦਾ ਇਕ ਬਹੁਤ ਵਧੀਆ ਕੇਂਦਰ ਖੋਲ੍ਹਿਆ ਸੀ ਜਿਸ ਵਿਚ ਸਮਾਧੀ-ਸਿਮਰਨ, ਯੋਗਾ, ਰੂਹਾਨੀ ਇਲਾਜ ਅਤੇ ਚੌਵੀ ਘੰਟੇ ਸਖ਼ਤ ਨਿਗਰਾਨੀ ਦਾ ਪ੍ਰਬੰਧ ਸੀ। ਪਰ ਇਲਾਜ ਤੋਂ ਬਾਅਦ ਜਿਹੜੇ ਮਰੀਜ਼ ਘਰ ਪਰਤ ਗਏ ਸਨ, ਉਨ੍ਹਾਂ ਨੂੰ ਮਸ਼ਵਰਾ ਦੇਣ ਵਾਲੇ ਡਾਕਟਰਾਂ ਅਤੇ ਇਲਾਜ ਪਿਛੋਂ ਲਗਾਤਾਰ ਦੇਖ-ਭਾਲ ਦੀ ਘਾਟ ਕਾਰਨ, ਤਿੰਨ ਮਹੀਨੇ ਚੱਲਿਆ ਇਹ ਪ੍ਰਾਜੈਕਟ ਬੰਦ ਕਰਨਾ ਪਿਆ।

ਜਿਹੜੇ ਨਸ਼ਾ-ਛੁਡਾਊ ਕੇਂਦਰ ਰੈੱਡ ਕਰਾਸ ਸੁਸਾਇਟੀ ਚਲਾਉਂਦੀ ਹੈ, ਉਨ੍ਹਾਂ ਦੀ ਹਾਲਤ ਵੀ ਕੋਈ ਚੰਗੀ ਨਹੀਂ ਹੈ। ਰਾਜ ਤੇ ਕੇਂਦਰ ਸਰਕਾਰਾਂ ਇਨ੍ਹਾਂ ਕੇਂਦਰਾਂ ਨੂੰ ਪੰਜ ਲੱਖ ਦੀਆਂ ਸਾਲਾਨਾ ਗਰਾਂਟਾਂ ਜਾਰੀ ਕਰਨ ਵਿਚ ਪਿਛਲੇ ਚਾਰ ਪੰਜ ਸਾਲਾਂ ਤੋਂ ਅਸਫ਼ਲ ਰਹੀਆਂ ਹਨ। ਅੰਮ੍ਰਿਤਸਰ ਦੇ ਸਾਬਕ ਡਿਪਟੀ ਕਮਿਸ਼ਨਰ ਕੇ.ਐੱਸ. ਪੰਨੂੰ ਕਹਿੰਦੇ ਹਨ ਕਿ ਸਖ਼ਤ ਆਰਥਿਕ ਤੰਗੀ ਦੇ ਕਾਰਨ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਇਸ ਕੇਂਦਰ ਨੂੰ ਚਲਾਉਂਦੇ ਰਹੇ ਹਾਂ। ਉਨ੍ਹਾਂ ਨੇ ਸ਼ਹਿਰ ਦੇ ਉਨ੍ਹਾਂ ਦਾਨੀ ਸਜਣਾਂ ਦੀ ਤਾਰੀਫ਼ ਕੀਤੀ ਜਿਹੜੇ ਸਮੇਂ-ਸਮੇਂ ਉਨ੍ਹਾਂ ਦੀ ਮਦਦ ਕਰਦੇ ਰਹਿੰਦੇ ਸਨ।

****



**ਭਾਗ ਦਸਵਾਂ**

# ਵਿਰਾਸਤੀ ਪਿੰਡ

ਅੰਮ੍ਰਿਤਸਰ ਦਾ ਦਿਲ ਤੇ ਵਿਰਸਾ, ਅੰਮ੍ਰਿਤਸਰ ਦੇ ਆਲੇ-ਦੁਆਲੇ ਦੇ ਪਿੰਡਾਂ ਵਿਚ ਵਸਦਾ ਹੈ। ਕੁਝ ਪਿੰਡਾਂ ਨੇ ਇਤਿਹਾਸਕ ਸ਼ਖ਼ਸੀਅਤਾਂ ਨੂੰ ਜਨਮ ਦਿੱਤਾ ਹੈ ਅਤੇ ਕੁਝ ਪਿੰਡ ਵੱਖ ਵੱਖ ਕਾਰਨਾਂ ਕਰਕੇ ਇਤਿਹਾਸ ਵਿਚ ਪ੍ਰਸਿੱਧ ਹਨ।

- ਅੰਮ੍ਰਿਤਸਰ ਦੇ ਨੇੜੇ-ਤੇੜੇ ਵਸਦੇ ਕੁਝ ਪਿੰਡ ਅੰਮ੍ਰਿਤਸਰ ਨਾਲੋਂ ਵੀ ਪੁਰਾਣੇ ਹਨ। ਸੁਲਤਾਨਵਿੰਡ ਦਾ ਕਸਬਾ ਕਈ ਇਤਿਹਾਸਕ ਘਟਨਾਵਾਂ ਦਾ ਗਵਾਹ ਹੈ। ਸੰਪਰਦਾਇਕ ਏਕਤਾ ਦੇ ਆਧਾਰ ਉਤੇ ਇਸ ਨੂੰ ਆਪਣੇ ਵਿਰਸੇ ਉਤੇ ਮਾਨ ਹੈ। (ਸੁਲਤਾਨਵਿੰਡ ਦੇ 800 ਸਾਲ; ਪੰਨਾ-371)
- ਫ਼ਤਿਹਆਬਾਦ ਗੁਰੂ-ਕਾਲ ਤੋਂ ਪਹਿਲਾਂ ਹਮਲਾਵਰਾਂ ਦੇ ਕਈ ਭਿਆਨਕ ਹਮਲਿਆਂ ਦਾ ਸ਼ਿਕਾਰ ਰਿਹਾ ਹੈ। ਇਸ ਕਸਬੇ ਦੀਆਂ ਢਹਿ ਰਹੀਆਂ ਪੁਰਾਣੀਆਂ ਇਮਾਰਤਾਂ, ਜਿਨ੍ਹਾਂ ਦੀਆਂ ਦੀਵਾਰਾਂ ਅਤੇ ਦਰਵਾਜ਼ੇ ਖ਼ੂਬਸੂਰਤ ਚਿਤਰਾਂ ਨਾਲ ਸਜੇ ਹੋਏ ਹਨ, ਆਪਣੇ ਸ਼ਾਨਦਾਰ ਵਿਰਸੇ ਦੀ ਦਾਸਤਾਨ ਬਿਆਨ ਕਰ ਰਹੀਆਂ ਹਨ। (ਆਹਲੂਵਾਲੀਆ ਮਿਸਲ ਦੀ ਰਾਜਧਾਨੀ : ਫ਼ਤਿਹਆਬਾਦ ਪੰਨਾ-376)
- ਸੰਧੂ ਅਤੇ ਸਰਹਾਲੀ ਦੋਵੇਂ ਸਮਾਨਾਰਥਕ ਸ਼ਬਦ ਹਨ। ਇਹ ਕਸਬਾ ਆਪਣੇ ਪੁਰਾਤਨ ਇਤਿਹਾਸ ਨਾਲ ਓਤਪੋਤ ਹੈ। ਇਸ ਕਸਬੇ ਨੇ ਆਪਣੇ ਵਿਕਾਸ ਅਤੇ ਇਤਿਹਾਸਕ ਸ਼ਾਨ ਨੂੰ ਅੱਜ ਤਕ ਬਰਕਰਾਰ ਰੱਖਿਆ ਹੋਇਆ ਹੈ। ਕਈ ਪ੍ਰਸਿੱਧ ਧਾਰਮਕ ਆਗੂ, ਸੁਤੰਤਰਤਾ-ਸੰਗਰਾਮੀ ਅਤੇ ਸਿੱਖਿਆ-ਸ਼ਾਸਤਰੀ ਇਸ ਇਲਾਕੇ ਨਾਲ ਸਬੰਧ ਰੱਖਦੇ ਹਨ। (ਇਤਿਹਾਸ ਨਾਲ ਓਤਪੋਤ ਇਕ ਪਿੰਡ; ਪੰਨਾ-381)
- ਇਸਲਾਮਾਬਾਦ ਅੱਜ ਵੀ ਅੰਮ੍ਰਿਤਸਰ ਦਾ ਇਕ ਮਹੱਲਾ ਹੈ। ਦੇਸ਼-ਵੰਡ ਤੋਂ ਪਹਿਲਾਂ ਇਸ ਮਹੱਲੇ ਵਿਚ ਮੁਸਲਮਾਨਾਂ ਦੀ ਬਹੁਗਿਣਤੀ ਸੀ। ਮਹੱਲੇ ਦੇ ਇਸ ਨਾਂ ਨੂੰ ਪਾਕਿਸਤਾਨ ਦੀ ਮੌਜੂਦਾ ਰਾਜਧਾਨੀ ਦੇ ਨਾਂ ਨਾਲ ਟਪਲਾ ਨਹੀਂ ਖਾਣਾ ਚਾਹੀਦਾ। ਇਹ ਮਹੱਲਾ ਕਦੀ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸ਼ਰਨਗਾਹ ਹੁੰਦਾ ਸੀ। ਇਕ ਵਾਰੀ ਸੁਭਾਸ਼ ਚੰਦਰ ਬੋਸ ਵੀ ਕੁਝ ਸਮੇਂ ਲਈ ਇੱਥੇ ਠਹਿਰੇ ਸਨ। (ਭਗਤ ਸਿੰਘ ਦੀ ਸ਼ਰਨਗਾਹ: ਇਸਲਾਮਾਬਾਦ; ਪੰਨਾ-385)
- ਅਜਨਾਲੇ ਦਾ ਕਾਲਿਆਂ ਵਾਲਾ ਖੂਹ, ਭਾਵੇਂ ਅੱਜ ਆਪਣੀ ਹੋਂਦ ਗਵਾ ਚੁੱਕਾ ਹੈ ਪਰ ਇਤਿਹਾਸ ਦੇ ਲਹੂ-ਭਿੱਜੇ ਪੰਨਿਆਂ ਉਤੇ ਵਿਦਮਾਨ ਹੈ। ਇਹ ਉਹ ਥਾਂ ਹੈ ਜਿੱਥੇ ਅੰਗਰੇਜ਼ ਸਰਕਾਰ ਦਾ ਵਹਿਸ਼ੀਪੁਣਾ ਦ੍ਰਿਸ਼ਟੀ-ਗੋਚਰ ਹੁੰਦਾ ਹੈ। (ਕਾਲਿਆਂ ਵਾਲਾ ਖੂਹ ਅਜਨਾਲਾ: ਪੰਨਾ-391)

- ਲਾਹੌਰ ਤੇ ਅੰਮ੍ਰਿਤਸਰ ਦੇ ਆਲੇ-ਦੁਆਲੇ ਦਾ ਇਲਾਕਾ ਮੁਗਲਾਂ ਤੇ ਅੰਗਰੇਜ਼ਾਂ ਦੇ ਸਮੇਂ ਤੋਂ ਲੈ ਕੇ, ਦੇਸ਼-ਵੰਡ ਤੋਂ ਬਾਅਦ ਤਕ ਵੀ ਕੁਰੂਕਸ਼ੇਤਰ ਦਾ ਮੈਦਾਨ ਬਣਿਆ ਰਿਹਾ ਹੈ। ਫ਼ੌਜਾਂ ਬਿਨਾਂ-ਸ਼ੱਕ ਆਪਣੇ ਆਪਣੇ ਮੁਹਾਜ਼ਾਂ 'ਤੇ ਲੜਦੀਆਂ ਰਹੀਆਂ, ਪਰ ਬਹਾਦਰੀ ਦਾ ਅਸਲ ਸਿਹਰਾ ਉਨ੍ਹਾਂ ਲੋਕਾਂ ਦੇ ਸਿਰ ਬੱਝਦਾ ਹੈ, ਜੋ ਹਰ ਵਾਰ ਦੇਸ਼-ਪਿਆਰ ਦੇ ਜਜ਼ਬੇ ਨਾਲ ਲੜੇ। (ਸਰਹੱਦੀ ਵਿਰਸੇ ਦੀ ਤਬਾਹੀ; ਪੰਨਾ-394)
- ਅਸੀਂ ਆਪਣਾ ਖੋਜ-ਨਿਬੰਧ ਲਿਖਣ ਲਈ ਯੂਨੀਵਰਸਿਟੀਆਂ ਦੀਆਂ ਲਾਇਬਰੇਰੀਆਂ ਵਿਚੋਂ ਮਸਾਲਾ ਲਭਦੇ ਹਾਂ। ਪਰ ਯਥਾਰਥਕ ਤੇ ਮੌਲਿਕ ਸਰੋਤ ਰਾਜਾਸਾਂਸੀ ਦੇ ਨੇੜੇ ਮਾਲੂਨੰਗਲ ਵਰਗੇ ਗੁੰਮਨਾਮ ਜਿਹੇ ਪਿੰਡਾਂ ਵਿਚ ਵਿਦਮਾਨ ਹਨ। ਜੇ ਉਨ੍ਹਾਂ ਪਿੰਡਾਂ ਦੇ ਪੁਰਾਣੇ ਬਜ਼ੁਰਗਾਂ ਤਕ ਪਹੁੰਚ ਕਰੀਏ ਤਾਂ ਉਹ ਸਾਨੂੰ ਕਈ ਘਟਨਾਵਾਂ ਦੇ ਖ਼ਾਸ ਕਰ ਕੇ ਸਿੱਖ ਇਤਿਹਾਸ ਨਾਲ ਸਬੰਧਿਤ ਘਟਨਾਵਾਂ ਦੇ ਅੱਖੀਂ-ਦੇਖੇ ਹਾਲਾਤ ਦਸ ਸਕਦੇ ਹਨ। (ਇਤਿਹਾਸ ਦਾ ਖ਼ਜ਼ਾਨਾ : ਪਿੰਡ ਮਾਲੂਨੰਗਲ; ਪੰਨਾ-397)
- ਅਸੀਂ ਉਨ੍ਹਾਂ ਥਾਵਾਂ ਦੇ ਮਾਹੌਲ ਦੀ ਥਾਹ ਪਾਉਣਾ ਚਾਹੁੰਦੇ ਹਾਂ, ਜਿੱਥੇ ਪ੍ਰਾਚੀਨ ਦੇਵਤੇ ਵਧੇਰੇ ਰਹਿਣਾ ਪਸੰਦ ਕਰਦੇ ਸਨ ਅਤੇ ਬਾਅਦ ਵਿਚ ਸਿੱਖ ਗੁਰੂ ਸਾਹਿਬਾਨ ਵੀ ਉਥੇ ਹੀ ਰਹਿੰਦੇ ਰਹੇ। (ਸ਼ਿਵ ਮੰਦਰ ਦਾ ਨਵਾਂ ਰੂਪ; ਪੰਨਾ-402)
- ਪੁਰਾਣੇ ਸਮਿਆਂ ਵਿਚ ਇਹ ਪਿੰਡ 'ਬੁਰਾ ਪਿੰਡ' ਦੇ ਨਾਮ ਨਾਲ ਬਦਨਾਮ ਸੀ। ਕਹਿੰਦੇ ਹਨ-ਇਸ ਪਿੰਡ ਦੇ ਲੋਕਾਂ ਨੇ ਇਕ ਔਰਤ ਨੂੰ ਮਾਰ ਦਿੱਤਾ ਸੀ। ਇਸ ਕਰਕੇ ਇਹ ਪਿੰਡ ਬਦਨਾਮ ਹੋ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਇਸ ਪਿੰਡ ਦਾ ਨਵਾਂ ਨਾਂ ਰੱਖਿਆ-ਭਲਾ ਪਿੰਡ (ਇਸ ਭਲੇ ਪਿੰਡ ਦਾ ਕੁਝ ਵੀ ਬੁਰਾ ਨਹੀਂ; ਪੰਨਾ-404)
- ਖਾਲੜੇ ਦੇ ਨੇੜੇ ਪਿੰਡ ਨਾਰਲੀ ਸ਼ਹੀਦ ਭਗਤ ਸਿੰਘ ਦੇ ਬਜ਼ੁਰਗਾਂ ਦਾ ਪਿੰਡ ਹੈ। ਇਸ ਪਿੰਡ ਦੀ ਵੱਖਰੀ ਪਛਾਣ ਹੈ ਕਿਉਂਕਿ ਇਸ ਪਿੰਡ ਦੇ ਵਸਨੀਕਾਂ ਨੇ ਦੇਸ਼ ਦੀ ਤਰੱਕੀ ਦੇ ਵੱਖ-ਵੱਖ ਖੇਤਰਾਂ ਵਿਚ ਉੱਘਾ ਯੋਗਦਾਨ ਪਾਇਆ ਹੈ। (ਨਾਰਲੀ ਪਿੰਡ ਦਾ ਲਾਸਾਨੀ ਇਤਿਹਾਸ; ਪੰਨਾ-407)
- ਹੋਂਦ ਭਾਵੇਂ ਗੁੰਮ ਹੋ ਗਈ ਹੈ ਪਰ ਪੁਰਾਣੀਆਂ ਯਾਦਾਂ ਦਾ ਝੋਰਾ ਅਜੇ ਕਾਇਮ ਹੈ। ਇਹ ਯਾਦ ਕਰਨਾ ਕਿੰਨਾ ਹੈਰਾਨੀਜਨਕ ਹੈ ਕਿ ਸ਼ਾਹੀ ਰੁਮਾਂਸ-ਗਾਹ ਦੀਆਂ ਸਾਧਾਰਨ ਘਟਨਾਵਾਂ ਕਿਵੇਂ ਇਤਿਹਾਸਕ ਮਹੱਤਵ ਗ੍ਰਹਿਣ ਕਰ ਗਈਆਂ, (ਕਿਵੇਂ ਉੱਜੜ ਗਿਆ ਪੁਲ ਕੰਜਰੀ? ਪੰਨਾ-413)

****



## ਸੁਲਤਾਨਵਿੰਡ ਦੇ 400 ਸਾਲ

ਪੀਰ ਸਖੀ ਸੁਲਤਾਨ ਦੇ ਨਾਂ 'ਤੇ ਵਸਿਆ ਸੁਲਤਾਨਵਿੰਡ, ਅੰਮ੍ਰਿਤਸਰ ਤੋਂ ਚਾਰ ਸਦੀਆਂ ਪੁਰਾਣਾ ਹੈ। ਸ੍ਰੀ ਦਰਬਾਰ ਸਾਹਿਬ ਵਾਲੀ ਸੜਕ 'ਤੇ ਸਥਿਤ ਸੁਲਤਾਨਵਿੰਡ, ਦੇਸ਼-ਵੰਡ ਤੋਂ ਪਹਿਲਾਂ ਮੁਸਲਿਮ ਬਹੁਗਿਣਤੀ ਵਾਲਾ ਪਿੰਡ ਸੀ। ਨੇੜੇ-ਤੇੜੇ ਦੇ ਪਿੰਡਾਂ ਦੇ ਵਡੇਰੇ ਮਹਾਰਾਜਾ ਪ੍ਰਿਥਵੀਰਾਜ ਚੌਹਾਨ ਦੇ ਪੈਰੋਕਾਰ ਸਨ। ਇੱਥੇ ਵਸਣ ਤੋਂ ਪਹਿਲਾਂ ਉਨ੍ਹਾਂ ਨੇ ਮੁਹੰਮਦ ਗੌਰੀ ਦਾ ਡਟ ਕੇ ਮੁਕਾਬਲਾ ਕੀਤਾ।

ਪਿੰਡ ਦੇ ਆਲੇ-ਦੁਆਲੇ ਬਣੇ ਹੋਏ ਮਜ਼ਾਰਾਂ ਤੋਂ ਪਤਾ ਲਗਦਾ ਹੈ ਕਿ ਇੱਥੇ ਮੁਸਲਮਾਨ ਵੱਡੀ ਗਿਣਤੀ ਵਿਚ ਵਸਦੇ ਸਨ। ਦੇਸ਼-ਵੰਡ ਦੇ ਖ਼ੂਨ-ਖਰਾਬੇ ਤੋਂ ਬਾਅਦ ਉਹ ਨਵੇਂ ਬਣੇ ਦੇਸ਼ ਪਾਕਿਸਤਾਨ ਨੂੰ ਚਲੇ ਗਏ।

ਗੁਰੂ ਅਰਜਨ ਦੇਵ ਜੀ ਭਾਈ ਮੰਝ ਦੀ ਸਹਾਇਤਾ ਕਰਨ ਲਈ ਸੁਲਤਾਨਵਿੰਡ ਗਏ ਸਨ। ਭਾਈ ਮੰਝ ਗੁਰੂ ਜੀ ਦੇ ਲੰਗਰ ਲਈ ਲਕੜੀਆਂ ਲੈਣ ਲਈ ਜੰਗਲ ਵਿਚ ਗਿਆ ਸੀ। ਅਚਾਨਕ ਠੇਡਾ ਲਗ ਕੇ ਉਹ ਖੂਹ ਵਿਚ ਡਿੱਗ ਪਿਆ ਸੀ।

ਗੁਰੂ ਹਰਿਗੋਬਿੰਦ ਸਾਹਿਬ ਆਪਣੇ ਵਿਆਹ ਸਮੇਂ ਇੱਥੇ ਠਹਿਰੇ ਸਨ। ਕੁਝ ਹੋਰ ਧਾਰਮਕ ਸ਼ਖ਼ਸੀਅਤਾਂ ਵੀ ਸੁਲਤਾਨਵਿੰਡ ਆਈਆ ਸਨ, ਜਿਨ੍ਹਾਂ ਵਿਚ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਬਹਿਲੋ ਜੀ, ਭਾਈ ਸਾਲ੍ਹੋ ਜੀ ਤੇ ਭਾਈ ਬਿਧੀ ਚੰਦ ਜੀ ਸ਼ਾਮਲ ਸਨ। ਕਰੀਰ ਦੇ ਇਕ ਪੁਰਾਣੇ ਦਰਖ਼ਤ ਨਾਲ ਛੇਵੀਂ ਪਾਤਸ਼ਾਹੀ ਨੇ ਆਪਣਾ ਘੋੜਾ ਬੰਨ੍ਹਿਆ ਸੀ। ਉਹ ਕਰੀਰ ਅੱਜ ਵੀ ਗੁਰਦੁਆਰੇ ਵਿਚ ਖੜ੍ਹਾ ਹੈ। ਇਹ ਗੁਰਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ ਪਰ ਇਸ ਦੀ ਸਾਂਭ-ਸੰਭਾਲ ਚੰਗੇ ਢੰਗ ਨਾਲ ਨਹੀਂ ਕੀਤੀ ਜਾਂਦੀ।

ਮਹਾਰਾਜਾ ਰਣਜੀਤ ਸਿੰਘ ਨੇ ਪੁਰਾਣੀ ਦਰਬਾਰ ਸਾਹਿਬ ਵਾਲੀ ਸੜਕ 'ਤੇ ਦੋ ਬੁਰਜੀਆਂ ਬਣਾਈਆਂ ਸਨ। ਇਸੇ ਕਾਰਨ ਨੇੜੇ ਵਸਦੇ ਪਿੰਡ ਦਾ ਨਾਂ ਦਬੁਰਜੀ ਪੈ ਗਿਆ। ਪਰ ਬਾਅਦ ਵਿਚ ਇਹ ਦੋਵੇਂ ਬੁਰਜੀਆਂ ਢਾਹ ਦਿੱਤੀਆਂ ਗਈਆਂ।

ਬਹੁਤ ਸਮਾਂ ਪਹਿਲਾਂ ਅੰਮ੍ਰਿਤਸਰ ਸ਼ਹਿਰ ਵਾਲੀ ਥਾਂ 'ਤੇ ਸੰਘਣਾ ਜੰਗਲ ਹੁੰਦਾ ਸੀ। ਜੰਗਲ ਦੇ ਕਿਨਾਰੇ ਕਿਨਾਰੇ ਕਈ ਪਿੰਡ ਵਸਦੇ ਸਨ। ਤੁੰਗ, ਸੁਲਤਾਨਵਿੰਡ, ਗੁਮਟਾਲਾ ਅਤੇ ਗਿਲਵਾਲੀ ਪਿੰਡਾਂ ਦੀ ਧਰਤੀ ਨਾਲ ਕਈ ਇਤਿਹਾਸਕ ਤੇ ਮਿਥਿਹਾਸਕ ਹਵਾਲੇ ਜੁੜੇ ਹੋਏ ਹਨ।

ਸੁਲਤਾਨਵਿੰਡ ਨਾਲ ਸਬੰਧਿਤ ਡਾ. ਗੁਰਅਵਤਾਰ ਸਿੰਘ ਕਹਿੰਦੇ ਹਨ ਕਿ ਸੁਲਤਾਨ-ਵਿੰਡ ਦੀ ਜ਼ਮੀਨ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਸਥਿਤ ਗੁਰਦੁਆਰਾ ਦੁੱਖ ਭੰਜਨੀ ਬੇਰੀ ਤੋਂ ਸ਼ੁਰੂ ਹੁੰਦੀ ਹੈ। ਸ੍ਰੀ ਦਰਬਾਰ ਸਾਹਿਬ ਦੀ ਜ਼ਮੀਨ ਇਕ ਵੱਡੇ ਛੱਪੜ ਦੇ ਆਲੇ-ਦੁਆਲੇ ਨੀਂਵੀ ਥਾਂ 'ਤੇ ਹੁੰਦੀ ਸੀ। ਇਹ ਛੱਪੜ ਸੰਘਣੇ

ਜੰਗਲ ਨਾਲ ਘਿਰਿਆ ਹੋਇਆ ਸੀ। ਇਹ ਜਗ੍ਹਾ ਲਾਹੌਰ ਦੇ ਨੇੜੇ ਸੀ, ਜੋ ਉਦੋਂ ਪੰਜਾਬ ਦੀ ਰਾਜਧਾਨੀ ਸੀ। ਇਕ ਵੱਡੀ ਸੜਕ ਇਸ ਜ਼ਮੀਨ ਦੇ ਵਿੱਚੋਂ ਦੀ ਜਾਂਦੀ ਸੀ ਜੋ ਭਾਰਤ ਨੂੰ ਕੇਂਦਰੀ ਏਸ਼ੀਆ ਦੇ ਦੇਸ਼ਾਂ ਨਾਲ ਜੋੜਦੀ ਸੀ।

ਇੱਥੇ ਜ਼ਮੀਨ-ਜਾਇਦਾਦ ਦੀਆਂ ਕੀਮਤਾਂ ਕਈ ਗੁਣਾ ਵਧ ਗਈਆਂ ਹਨ। ਜ਼ਮੀਨ ਦਾ ਭਾਅ ਜਿਹੜਾ ਖਾੜਕੂਵਾਦ ਦੇ ਦਿਨਾਂ ਵਿਚ ਬਹੁਤ ਥੱਲੇ ਆ ਗਿਆ ਸੀ। ਹੁਣ ਫੇਰ ਉਤਾਂਹ ਚੜ੍ਹ ਗਿਆ ਹੈ। ਪੁਡਾ (PUDA) ਵੱਲੋਂ ਮਨਜ਼ੂਰ-ਸ਼ੁਦਾ ਕੰਵਰ ਇਨਕਲੇਵ, ਜਿਸ ਦਾ ਨਾਂ ਖਾਲਿਸਤਾਨ ਕਮਾਂਡੋ ਫੋਰਸ ਦੇ ਸ਼ਹੀਦ ਮੁਖੀ ਕੰਵਰਜੀਤ ਸਿੰਘ ਸੁਲਤਾਨਵਿੰਡ ਦੇ ਨਾਂ 'ਤੇ ਰੱਖਿਆ ਗਿਆ ਹੈ, ਤੇਜ਼ੀ ਨਾਲ ਵਸਦਾ ਜਾ ਰਿਹਾ ਹੈ। ਜ਼ਮੀਨ ਦੇ ਵਧ ਰਹੇ ਭਾਅ ਬੜੇ ਹੈਰਾਨੀਜਨਕ ਹਨ। ਅੱਜ ਕੱਲ੍ਹ ਜ਼ਮੀਨ ਦੇ ਭਾਅ 20,000 ਰੁਪਏ ਤਕ ਪ੍ਰਤੀ ਵਰਗ ਗਜ਼ ਹਨ।

ਬੜੀ ਦਿਲਚਸਪ ਗੱਲ ਹੈ ਕਿ ਜਦੋਂ ਬੰਦੂਕ-ਧਾਰੀ ਕੰਵਰਜੀਤ ਸਿੰਘ ਜਿਊਂਦਾ ਸੀ, ਉਦੋਂ ਜ਼ਮੀਨ ਦਾ ਕੋਈ ਗਾਹਕ ਘੱਟ-ਵੱਧ ਹੀ ਦਿਖਾਈ ਦਿੰਦਾ ਸੀ।

ਆਮ ਵਰਗੇ ਹਾਲਾਤ ਹੋ ਜਾਣ ਤੋਂ ਬਾਅਦ, ਜ਼ਮੀਨੀ ਕਾਰੋਬਾਰ, ਉਮੀਦ ਦੇ ਖ਼ਿਲਾਫ਼, ਬਹੁਤ ਉੱਚਾ ਚੜ੍ਹ ਗਿਆ ਹੈ। ਜਿਹੜਾ ਪਿੰਡ ਪਹਿਲਾਂ ਖਾੜਕੂਆਂ ਨੂੰ ਪਨਾਹ ਦਿੰਦਾ ਸੀ, ਹੁਣ ਕਾਲੋਨੀਆਂ ਕੱਟਣ ਵਾਲੇ ਬਹੁਤੇ ਕਾਰੋਬਾਰੀ ਉਸ ਪਿੰਡ ਦੇ ਮਗਰ ਹੀ ਪਏ ਹੋਏ ਸਨ। ਇਸ ਇਲਾਕੇ ਦੇ ਨਾ-ਵਿਕਸਤ ਹੋਣ ਦਾ ਇਕ ਕਾਰਨ ਖਾੜਕੂਵਾਦ ਹੈ।

ਇਸ ਪਿੰਡ ਦੀਆਂ ਬਾਰਾਂ ਪੱਤੀਆਂ ਹਨਃ ਪੱਤੀ ਮਨਸੂਰ, ਪੱਤੀ ਬਲੋਲ, ਦਾਦੂਜੱਲਾ, ਭੈਣੀਵਾਲ, ਮਲਕਾ, ਸਾਓ, ਸੁਲਤਾਨ, ਪੰਡੋਰਾ ਅਤੇ ਪੱਤੀ ਸ਼ਾਹੋ ਕੀ। ਥੋੜ੍ਹਾ ਚਿਰ ਪਹਿਲਾਂ ਇਹ ਇਲਾਕਾ, ਹਲਕਾ ਅੰਮ੍ਰਿਤਸਰ ਦੱਖਣੀ ਵਿਚ ਸ਼ਾਮਲ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਇਹ ਜੰਡਿਆਲੇ ਦੇ ਹਲਕੇ ਵਿਚ ਸੀ। ਇਕ ਮੋਟੇ ਅੰਦਾਜ਼ੇ ਅਨੁਸਾਰ ਇਸ ਪਿੰਡ ਦੀ ਆਬਾਦੀ 40000 ਹੈ ਅਤੇ ਇਸ ਦੇ 25000 ਤੋਂ ਵੱਧ ਵੋਟਰ ਹਨ।

ਸੁਲਤਾਨਵਿੰਡ ਨੂੰ 1972 ਵਿਚ ਨਗਰ ਨਿਗਮ ਅੰਮ੍ਰਿਤਸਰ ਵਿਚ ਸ਼ਾਮਲ ਕਰ ਲਿਆ ਗਿਆ। ਫੇਰ ਵੀ ਵਿਕਾਸ ਦੇ ਨਾਂ 'ਤੇ ਕੁਝ ਵੀ ਨਹੀਂ ਹੋਇਆ।

ਇਸ ਪਿੰਡ ਦੇ ਲੋਕਾਂ ਵੱਲੋਂ ਪਹਿਲੀ ਸੰਸਾਰ ਜੰਗ ਵਿਚ ਬਹਾਦਰੀ ਦਿਖਾਉਣ ਦੇ ਇਨਾਮ ਵਜੋਂ ਅੰਗਰੇਜ਼ ਸਰਕਾਰ ਨੇ ਇਸ ਪਿੰਡ ਦੀਆਂ ਚੱਕਰਦਾਰ, ਗਲੀਆਂ ਨੂੰ ਪੱਕਾ ਕਰ ਦਿੱਤਾ। ਸਾਰੀ 'ਚਿੱਟੀ ਗਲੀ' ਵਿਚ ਸੰਗਮਰਮਰ ਲਾ ਦਿੱਤਾ। ਪਰ ਹੁਣ ਇਸ ਗਲੀ ਦੀ ਹਾਲਤ ਬਹੁਤ ਮਾੜੀ ਹੈ। ਚਾਰ ਕਿਲੋਮੀਟਰ ਲੰਮੀ ਪਟੜੀ ਦੀ ਕਦੀ ਮੁਰੰਮਤ ਨਹੀਂ ਹੋਈ। ਪਟੜੀ ਵਿਚ ਵੱਡੇ-ਵੱਡੇ ਟੋਏ ਪਏ ਹੋਏ ਹਨ।

ਇਹ ਪਿੰਡ ਸੁਲਤਾਨਵਿੰਡ ਨਹਿਰ ਦੇ ਪਾਰ ਵਸਿਆ ਹੋਇਆ ਹੈ। ਇਸ ਲਈ ਵਿਕਾਸ ਤੋਂ ਵਾਂਝਾ ਰਹਿ ਗਿਆ ਹੈ।

ਕੁਝ ਸਮਾਂ ਪਹਿਲਾਂ ਪੰਜਾਬ ਸਰਦਾਰ ਨੇ ਕਾਰਗਲ ਜੰਗ ਦੇ ਸ਼ਹੀਦ ਲਾਂਸ



ਨਾਇਕ ਗੁਰਮੀਤ ਸਿੰਘ ਦੀ ਯਾਦ ਵਿਚ ਇਕ ਗੇਟ ਬਣਾਉਣ ਦਾ ਅਤੇ ਸੜਕ ਦੀ ਮੁਰੰਮਤ ਕਰਨ ਦਾ ਫੈਸਲਾ ਕੀਤਾ ਸੀ।

ਹੁਣ ਇਹ ਇਲਾਕਾ ਪਾਣੀ ਦੀ ਸੇਮ ਤੋਂ ਪ੍ਰਭਾਵਿਤ ਹੈ ਅਤੇ ਪਿੰਡ ਦੀਆਂ ਗਲੀਆਂ ਅਤੇ ਮਕਾਨਾਂ ਦਾ ਨੁਕਸਾਨ ਹੋ ਰਿਹਾ ਹੈ। ਗੁਰਦੁਆਰਾ ਅਟਾਰੀ ਸਾਹਿਬ ਵੀ ਸੇਮ ਦੀ ਜ਼ਦ ਵਿਚ ਹੈ। ਇਸ ਸਥਾਨ 'ਤੇ ਇਕ ਵਾਰ ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਠਹਿਰੇ ਸਨ।

## ਭਾਈ ਮੰਝ ਦੀ ਸਾਖੀ

ਭਾਈ ਮੰਝ ਦਾ ਅਸਲੀ ਨਾਂ ਭਾਈ ਤੀਰਥਾ ਸੀ। ਉਹ ਲੰਗਰ ਤਿਆਰ ਕਰਨ ਲਈ ਜੰਗਲ ਵਿਚੋਂ ਲਕੜੀਆਂ ਲਿਆਉਣ ਦੀ ਸੇਵਾ ਕਰਦੇ ਹੁੰਦੇ ਸੀ। ਉਹ ਪੀਰ ਸਖੀ ਸੁਲਤਾਨ ਦਾ ਪੱਕਾ ਚੇਲਾ ਸੀ। ਉਸ ਦੇ ਘਰ ਵਿਚ ਪੀਰ ਸਖੀ ਦੇ ਦੋ ਮਜ਼ਾਰ ਸਨ। ਉਹ ਇਲਾਕੇ ਦੇ ਅਮੀਰ ਜ਼ਿਮੀਂਦਾਰਾਂ ਵਿਚੋਂ ਇਕ ਸੀ ਅਤੇ ਪਿੰਡ ਦਾ ਮੁਖੀਆ ਵੀ ਸੀ। ਪਰ ਉਸ ਨੇ ਪੰਚਮ ਪਾਤਸ਼ਾਹ ਦੇ ਰੂਹਾਨੀ ਵਿਖਿਆਨ ਸੁਣਨ ਤੋਂ ਬਾਅਦ ਆਪਣੇ ਦੋਵੇਂ ਮਜ਼ਾਰ ਢਾਹ ਦਿੱਤੇ। ਇਲਾਕੇ ਦੇ ਲੋਕਾਂ ਨੇ ਉਸ ਦੀ ਬਹੁਤ ਵਿਰੋਧਤਾ ਕੀਤੀ ਪਰ ਉਸ ਨੇ ਗੁਰੂ ਦਾ ਲੜ ਨਹੀਂ ਛੱਡਿਆ।

ਇਕ ਦਿਨ ਉਹ ਜੰਗਲ 'ਚੋਂ ਲਕੜੀਆਂ ਲਿਆ ਰਿਹਾ ਸੀ ਕਿ ਨੇਰ੍ਹੀ ਚਲ ਪਈ। ਭਈ ਮੰਝ ਦਾ ਪੈਰ ਉਖੜ ਗਿਆ ਅਤੇ ਉਹ ਇਕ ਖੂਹ ਵਿਚ ਡਿਗ ਪਿਆ। ਗੁਰੂ ਅਰਜਨ ਦੇਵ ਜੀ ਨੇ ਦੇਖਿਆ ਕਿ ਮੁਸ਼ਕਿਲ ਸਥਿਤੀ ਦੇ ਬਾਵਜੂਦ ਭਾਈ ਜੀ ਨੇ ਲਕੜੀਆਂ ਗਿੱਲੀਆਂ ਨਹੀਂ ਹੋਣ ਦਿੱਤੀਆਂ। ਗੁਰੂ ਜੀ ਨੇ ਇਹ ਸ਼ਬਦ ਬੋਲ ਕੇ ਆਪਣੇ ਪਿਆਰੇ ਸਿੱਖ ਦਾ ਸਤਿਕਾਰ ਕੀਤਾ, 'ਮੰਝ ਪਿਆਰਾ ਗੁਰੂ ਕੋ ਗੁਰੂ ਮੰਝ ਪਿਆਰਾ'।

ਉਹ ਪੁਰਾਤਨ ਖੂਹ ਜਿਸ ਵਿਚ ਭਾਈ ਮੰਝ ਪੈਰ ਉੱਖੜ ਕੇ ਡਿੱਗ ਪਏ ਸਨ, ਉਸ ਨੂੰ ਸੰਗਮਰਮਰ ਨਾਲ ਢਕ ਦਿੱਤਾ ਗਿਆ ਹੈ ਅਤੇ ਉਸ ਦੀ ਇਤਿਹਾਸਕ ਮਹੱਤਤਾ ਖ਼ਤਮ ਹੋ ਗਈ ਹੈ।

ਗੁਰੂ ਹਰਿਗੋਬਿੰਦ ਸਾਹਿਬ ਦਾ ਜਦੋਂ ਵਿਆਹ ਹੋਇਆ, ਤਾਂ ਗੁਰੂ ਕੀ ਵਡਾਲੀ ਤੋਂ ਬਾਬਾ ਬਕਾਲਾ ਨੂੰ ਜਾਂਦੀ ਹੋਈ ਉਨ੍ਹਾਂ ਦੀ ਬਰਾਤ ਇੱਥੇ ਠਹਿਰੀ ਸੀ। ਇੱਥੇ ਉਨ੍ਹਾਂ ਨੇ ਇਕ ਕਿੱਲੇ ਨਾਲ ਆਪਣਾ ਘੋੜਾ ਬੰਨ੍ਹਿਆ। ਉਹ ਕਿੱਲਾ ਬਾਅਦ ਵਿਚ ਇਕ ਰੁੱਖ ਬਣ ਗਿਆ।

## ਮਹਾਨ ਕੁਰਬਾਨੀਆਂ

ਸੁਲਤਾਨਵਿੰਡ ਦੇ ਵਸਨੀਕਾਂ ਨੇ ਹਰ ਖੇਤਰ ਵਿਚ ਮਹਾਨ ਕੁਰਬਾਨੀਆਂ ਦੇ ਕੇ ਆਪਣੇ ਪਿੰਡ ਦਾ ਮਾਨ ਵਧਾਇਆ ਹੈ। ਦੋਵੇਂ ਸੰਸਾਰ ਜੰਗਾਂ, ਜੈਤੋ ਦਾ ਮੋਰਚਾ, ਗੁਰੂ ਕੇ ਬਾਗ ਦਾ ਮੋਰਚਾ ਅਤੇ ਆਜ਼ਾਦੀ ਸੰਗਰਾਮ, ਹਰ ਖੇਤਰ ਵਿਚ ਸੁਲਤਾਨਵਿੰਡ ਵਾਸੀਆਂ ਨੇ ਕੁਰਬਾਨੀਆਂ ਦਿੱਤੀਆਂ।

ਪਹਿਲੀ ਸੰਸਾਰ ਜੰਗ ਸਮੇਂ ਬੈਲਜੀਅਮ ਤੇ ਫਰਾਂਸ ਵਿਚ 138000 ਭਾਰਤੀ ਸੈਨਿਕਾਂ ਨੇ ਹਿੱਸਾ ਲਿਆ। ਉਨ੍ਹਾਂ ਵਿਚ ਵੱਡੀ ਗਿਣਤੀ ਵਿਚ ਸਿੱਖ ਸ਼ਾਮਲ ਸਨ। ਪੁਲੀਸ ਥਾਣੇ ਦੇ ਬਾਹਰ ਲੱਗੀ ਸੰਗਮਰਮਰ ਦੀ ਤਖ਼ਤੀ ਉਤੇ ਦਰਜ ਹੈ ਕਿ ਇਸ ਪਿੰਡ ਦੇ 135 ਵਸਨੀਕਾਂ ਨੇ ਪਹਿਲੀ ਸੰਸਾਰ ਜੰਗ ਵਿਚ ਹਿੱਸਾ ਲਿਆ। ਉਨ੍ਹਾਂ ਵਿਚੋਂ ਸੱਤ ਸ਼ਹੀਦ ਹੋ ਗਏ।

1914 ਵਿਚ ਫਲਾਂਡਰਜ਼ ਵਿਖੇ ਵਾਈਪ੍ਰੈਸ ਦੀ ਪਹਿਲੀ ਲੜਾਈ ਵਿਚ ਸਿੱਖਾਂ ਦੀ ਇਕ ਪਲਟਨ ਲੜ ਰਹੀ ਸੀ। ਇਸ ਪਲਟਨ ਦੇ ਸਾਰੇ ਸਿੱਖ ਸਿਪਾਹੀ ਜੰਗ ਵਿਚ ਮਾਰੇ ਗਏ। ਇਕ ਸਿੱਖ ਸਿਪਾਹੀ ਬਚਿਆ ਪਰ ਉਸ ਨੇ ਵੈਰੀਆਂ ਅੱਗੇ ਹਥਿਆਰ ਸੁੱਟਣ ਦੀ ਬਾਜਏ ਆਪਣੇ-ਆਪ ਨੂੰ ਗੋਲੀ ਮਾਰ ਲਈ।

ਸਿੱਖ ਅਜੇ ਵੀ ਉਨ੍ਹਾਂ ਫ਼ੌਜਾਂ ਵਿਚ ਵੱਡੀ ਗਿਣਤੀ ਵਿਚ ਸ਼ਾਮਲ ਹਨ, ਜਿਹੜੀਆਂ ਭਾਰਤ ਨੇ ਜੰਗੀ ਮੁਹਾਜ਼ 'ਤੇ ਭੇਜੀਆਂ। ਸਿੱਖਾਂ ਨੇ ਕਈ ਮੁਹਾਜ਼ਾਂ 'ਤੇ ਜੰਗ ਵਿਚ ਹਿੱਸਾ ਲਿਆ ਜਿੱਥੇ ਸਿੱਖ ਯੂਨਿਟਾਂ ਨੂੰ ਤਾਇਨਾਤ ਕੀਤਾ ਗਿਆ ਸੀ।

ਸੁਲਤਾਨਵਿੰਡ-ਵਾਸੀਆਂ ਵੱਲੋਂ ਪਹਿਲੀ ਸੰਸਾਰ ਜੰਗ ਵਿਚ ਬਹਾਦਰੀ ਦਿਖਾਉਣ ਦੇ ਇਨਾਮ ਵਜੋਂ, ਅੰਗਰੇਜ਼ ਸਰਕਾਰ ਨੇ ਪਿੰਡ ਦੀ ਸੁਰੱਖਿਆ ਲਈ ਪਿੰਡ ਵਿਚ ਇਕ ਪੁਲੀਸ ਚੌਕੀ ਕਾਇਮ ਕਰ ਦਿੱਤੀ ਸੀ।

## ਜਦੋਂ ਗੌਰੀ ਵਿਰੁੱਧ ਚੌਹਾਨ ਲੜਿਆ

ਅਜਮੇਰ ਅਤੇ ਦਿੱਲੀ ਦਾ ਸ਼ਾਸਕ ਪ੍ਰਿਥਵੀ ਰਾਜ ਚੌਹਾਨ (1178-1192ਈ.) ਇਕ ਸਮੇਂ ਭਾਰਤ ਦੇ ਅਤਿਅੰਤ ਤਾਕਤਵਰ ਰਾਜਿਆਂ ਵਿਚੋਂ ਇਕ ਸੀ। ਉਹ ਛੋਟੀ ਉਮਰ ਵਿਚ ਹੀ 1179 ਈ. ਵਿਚ ਰਾਜ-ਗੱਦੀ 'ਤੇ ਬੈਠਾ ਅਤੇ ਦੋ ਰਾਜਧਾਨੀਆਂ ਦਿੱਲੀ ਅਤੇ ਅਜਮੇਰ ਤੋਂ ਦੇਸ਼ ਉਤੇ ਰਾਜ ਕੀਤਾ।

1165 ਈ. ਵਿਚ ਵਿਗਰਾਹ ਰਾਜਾ ਦੀ ਮੌਤ ਪਿੱਛੋਂ ਪ੍ਰਿਥਵੀ ਰਾਜ ਚੌਹਾਨ ਦੀ ਗੱਦੀ-ਨਸ਼ੀਨੀ ਬਾਰੇ ਕੁਝ ਭਰਮ ਭੁਲੇਖੇ ਹਨ। ਪ੍ਰਿਥਵੀ ਰਾਜ ਨੇ ਚੌਹਾਨ ਰਾਜ ਨੂੰ ਮੁੜ-ਸੰਗਠਿਤ ਕੀਤਾ ਅਤੇ ਕਈ ਗੁਆਂਢੀ ਰਾਜਾਂ ਨੂੰ ਜਿੱਤ ਲਿਆ। ਇਸ ਤਰ੍ਹਾਂ ਚੌਹਾਨ-ਰਾਜ ਉਤਰੀ ਭਾਰਤ ਦਾ ਇਕ ਮੁੱਖ ਹਿੰਦੂ ਰਾਜ ਬਣ ਗਿਆ। ਪ੍ਰਿਥਵੀ ਰਾਜ ਨੇ, ਤੋਮਰ ਰਾਜਪੂਤਾਂ ਤੋਂ ਦਿੱਲੀ ਨੂੰ, ਆਪਣੇ ਰਾਜ ਦੇ ਮੁੱਢਲੇ ਸਾਲਾਂ ਵਿਚ ਹੀ ਜਿੱਤ ਲਿਆ ਅਤੇ ਇਸ ਦਾ ਨਾਂ ਕਿਲ੍ਹਾ ਰਾਏ ਪਿਥੌਰਾ ਰੱਖਿਆ। ਉਸ ਨੇ ਬੁੰਦੇਲਖੰਡ ਦੇ ਚੰਦੇਲ ਰਾਜਪੂਤਾਂ ਵਿਰੁੱਧ ਵੀ ਮੁਹਿੰਮ ਅਰੰਭ ਕੀਤੀ। ਉਸ ਦੇ ਰਾਜ ਵਿਚ ਮੌਜੂਦਾ ਰਾਜਸਥਾਨ, ਹਰਿਆਣਾ, ਪੰਜਾਬ ਅਤੇ ਉੱਤਰ ਪ੍ਰਦੇਸ਼ ਦੇ ਕਈ ਹਿੱਸੇ ਸ਼ਾਮਲ ਸਨ।

ਮੁਹੰਮਦ ਗੌਰੀ ਨੇ 1191 ਈ. ਵਿਚ ਭਾਰਤ 'ਤੇ ਹਮਲਾ ਕੀਤਾ ਅਤੇ ਬਠਿੰਡੇ ਉਤੇ ਕਬਜ਼ਾ ਕਰ ਲਿਆ। ਪ੍ਰਿਥਵੀ ਰਾਜ ਚੌਹਾਨ ਵੀ ਵਧਦੇ ਦੁਸ਼ਮਨ ਨੂੰ ਰੋਕਣ ਲਈ ਬਠਿੰਡੇ ਵੱਲ ਵਧਿਆ। ਦੋਹਾਂ ਫ਼ੌਜਾਂ ਦਾ ਤਰਾਇਣ ਦੇ ਸਥਾਨ 'ਤੇ ਮੁਕਾਬਲਾ ਹੋ ਗਿਆ। ਤਰਾਇਣ ਦੀ ਪਹਿਲੀ ਲੜਾਈ ਵਿਚ ਮੁਹੰਮਦ ਗੋਰੀ ਹਾਰ ਗਿਆ। ਤਰਾਇਣ



ਦੀ ਹਾਰ ਤੋਂ ਬਾਅਦ ਮੁਹੰਮਦ ਗੌਰੀ, ਚੌਹਾਨ ਤੇ ਮੁੜ ਹਮਲਾ ਕਰਨ ਦੇ ਮੌਕੇ ਦੀ ਤਾੜ ਵਿਚ ਸੀ। 1192 ਈ. ਵਿਚ ਉਸ ਨੇ 120000 ਫ਼ੌਜ ਨੂੰ ਨਾਲ ਲੈ ਕੇ ਮੁੜ ਭਾਰਤ ਉਤੇ ਹਮਲਾ ਕੀਤਾ। ਦੋਵੇਂ ਫ਼ੌਜਾਂ ਇਕ ਵਾਰ ਫੇਰ ਤਰਾਇਣ ਦੇ ਮੈਦਾਨ ਵਿਚ ਆਹਮੋ-ਸਾਹਮਣੇ ਸਨ। ਪ੍ਰਿਥਵੀ ਰਾਜ ਨੇ ਮਹਿਸੂਸ ਕੀਤਾ ਕਿ ਦੁਸ਼ਮਨ ਦੀ ਸਥਿਤੀ ਬੜੀ ਮਜ਼ਬੂਤ ਹੈ। ਉਸ ਨੇ ਗੌਰੀ ਨੂੰ ਅਮਨ-ਸੰਧੀ ਦੀ ਪੇਸ਼ਕਸ਼ ਕੀਤੀ। ਮੁਹੰਮਦ ਗੌਰੀ ਨੇ ਪ੍ਰਿਥਵੀ ਰਾਜ ਚੌਹਾਨ ਨੂੰ ਅਮਨ-ਵਾਰਤਾ ਵਿਚ ਉਲਝਾ ਲਿਆ ਅਤੇ ਦੂਜੇ ਪਾਸੇ ਉਸ ਦੀਆਂ ਫ਼ੌਜਾਂ ਉਤੇ ਹਮਲਾ ਕਰ ਦਿੱਤਾ। ਪ੍ਰਿਥਵੀ ਰਾਜ ਨੂੰ ਕਰਾਰੀ ਹਾਰ ਦਾ ਮੂੰਹ ਦੇਖਣਾ ਪਿਆ। ਮੁਹੰਮਦ ਗੌਰੀ ਨੇ ਪ੍ਰਿਥਵੀ ਰਾਜ ਚੌਹਾਨ ਨੂੰ ਗ੍ਰਿਫ਼ਤਾਰ ਕਰ ਕੇ ਕਤਲ ਕਰ ਦਿੱਤਾ।

ਇਸ ਲੜਾਈ ਨੇ ਹਿੰਦੂਸਤਾਨ ਦੇ ਇਤਿਹਾਸ ਨੂੰ ਇਕ ਨਵਾਂ ਮੋੜ ਦਿੱਤਾ। ਪਹਿਲਾਂ ਦਿੱਲੀ ਤੇ ਫੇਰ ਹੌਲੀ-ਹੌਲੀ ਬਾਕੀ ਭਾਰਤ ਉਤੇ ਮੁਸਲਿਮ ਹਾਕਮਾਂ ਦਾ ਕਬਜ਼ਾ ਹੋ ਗਿਆ।

ਚੌਹਾਨ ਦੇ ਕਈ ਪੈਰੋਕਾਰ ਸੁਲਤਾਨਵਿੰਡ ਵਿਚ ਵਸ ਗਏ। ਸੁਲਤਾਨਵਿੰਡ ਵਿਚ ਚੌਹਾਨਾਂ ਤੇ ਮਾਹਲ ਜੱਟਾਂ ਦੀ ਬਹੁਗਿਣਤੀ ਹੈ। ਉਹ ਆਪਣਾ ਪਿਛੋਕੜ ਰਾਜਪੂਤਾਂ ਨੂੰ ਮੰਨਦੇ ਹਨ। ਡਾ. ਗੁਰਅਵਾਤਰ ਸਿੰਘ ਵੀ ਜੋ ਚੌਹਾਨ ਹਨ, ਇਹੀ ਗੱਲ ਕਹਿੰਦੇ ਹਨ।

****

# ਆਲਹੂਵਾਲੀਆ ਮਿਸਲ ਦੀ ਰਾਜਧਾਨੀ ਫ਼ਤਿਹਆਬਾਦ

ਦਿੱਲੀ-ਲਾਹੌਰ ਸੜਕ ਉਤੇ ਸਥਿਤ ਫ਼ਤਿਹਆਬਾਦ ਵਿਚ ਕਈ ਵਿਰਾਸਤੀ ਇਮਾਰਤਾਂ ਹੁੰਦੀਆਂ ਸਨ ਜਿਵੇਂ ਸ਼ਾਹੀ ਸਰਾਵਾਂ। ਪਰ ਅੱਜਕਲ੍ਹ ਕਈ ਪੁਰਾਣੀਆਂ ਇਮਾਰਤਾਂ ਖ਼ਤਮ ਹੋ ਗਈਆਂ ਹਨ। ਉਨ੍ਹਾਂ ਦਾ ਕੋਈ ਨਾ-ਨਿਸ਼ਾਨ ਵੀ ਨਹੀਂ ਮਿਲਦਾ।

ਫ਼ਤਿਹਾਬਾਦ ਅੰਮ੍ਰਿਤਸਰ ਅਤੇ ਤਰਨ-ਤਾਰਨ ਨਾਲੋਂ ਵੀ ਬਹੁਤ ਪੁਰਾਣਾ ਹੈ। ਮੁਗਲ ਤੇ ਸਿੱਖ ਇਮਾਰਤਸਾਜ਼ੀ ਨੇ ਇਸ ਕਸਬੇ ਨੂੰ ਅਮੀਰੀ ਬਖਸ਼ੀ ਹੈ। ਫ਼ਤਿਹਆਬਾਦ ਨੂੰ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਚਰਨ-ਛੁਹ ਵੀ ਪ੍ਰਾਪਤ ਹੈ।

ਸ਼ੇਰ ਸ਼ਾਹ ਸੂਰੀ (1472-1545 ਈ.) ਨੇ ਸਭ ਤੋਂ ਪਹਿਲਾਂ ਢਾਕਾ ਦੇ ਨੇੜੇ ਪੈਨਾਮ ਨੂੰ, ਜੋ ਹੁਣ ਬੰਗਲਾ ਦੇਸ਼ ਵਿਚ ਹੈ, ਪਿਸ਼ਾਵਰ ਨਾਲ ਜੋੜਿਆ ਸੀ। ਪਿਸ਼ਾਵਰ ਪਹਿਲਾਂ ਅਫ਼ਗਾਨਿਸਤਾਨ ਵਿਚ ਹੁੰਦਾ ਸੀ। ਮਹਾਰਾਜਾ ਰਣਜੀਤ ਸਿੰਘ ਨੇ ਕਈ ਸੜਕਾਂ ਦੇ ਟੋਟੇ ਜੋੜ ਕੇ ਪਿਸ਼ਾਵਰ ਨੂੰ ਜਿੱਤਿਆ ਅਤੇ ਆਪਣੇ ਰਾਜ ਵਿਚ ਮਿਲਾ ਲਿਆ। ਅਕਬਰ ਦੇ ਰਾਜ ਸਮੇਂ ਇਹ ਸਾਰੀ ਸੜਕ ਨੇਸਤੋ-ਨਾਬੂਦ ਹੋ ਗਈ। ਫੇਰ ਰਸਤੇ ਦੀ ਨਿਸ਼ਾਨਦੇਹੀ ਕਰਨ ਲਈ ਕੋਹ-ਮੀਨਾਰ ਬਣਾਏ ਗਏ। (ਇਕ ਕੋਹ ਤਿੰਨ ਕਿਲੋਮੀਟਰ ਦੇ ਬਰਾਬਰ ਹੈ) ਵੀਹ ਕੋਹਾਂ ਦੇ ਫਾਸਲੇ 'ਤੇ ਇਕ ਸਰਾਂ ਬਣਾਈ ਗਈ। ਸਰਾਂ ਦੀਆਂ ਕੰਧਾਂ ਦੇ ਨਾਲ-ਨਾਲ ਮੁਸਾਫ਼ਰਾਂ ਦੇ ਰਹਿਣ ਲਈ, ਛੋਟੇ-ਛੋਟੇ ਕਮਰੇ ਤੇ ਵਰਾਂਡੇ ਬਣਾਏ ਗਏ। ਇਹ ਸਰਾਵਾਂ ਲੋਕ-ਭਲਾਈ ਲਈ ਬਣਾਈਆਂ ਗਈਆਂ ਸਨ। ਪਰ ਮੁਗਲ ਹਾਕਮ ਇਨ੍ਹਾਂ ਸਰਾਵਾਂ ਦੇ ਦਰਵਾਜ਼ਿਆਂ ਨੂੰ ਪੱਚੀਕਾਰੀ ਨਾਲ ਸਜਾਉਣ ਤੋਂ ਨਹੀਂ ਰਹਿ ਸਕੇ। ਇਸ ਪੁਰਾਤਨ ਕਸਬੇ ਦੇ ਵਸਨੀਕ ਸ. ਜਗਮੋਹਨ ਦਿਆਲ ਸਿੰਘ ਕਹਿੰਦੇ ਹਨ ਕਿ ਵੀਹਵੀਂ ਸਦੀ ਦੇ ਮੁੱਢਲੇ ਸਾਲਾਂ ਵਿਚ ਇਸ ਕਸਬੇ ਵਿਚ ਕਈ ਸਰਾਵਾਂ ਹੁੰਦੀਆਂ ਸਨ।

ਇਸ ਤਜਾਰਤੀ ਰਾਹ ਦੀ ਸੁਰੱਖਿਆ ਲਈ, ਮਹਿਮੂਦ ਗਜ਼ਨਵੀ ਦੇ ਸਮੇਂ ਤੋਂ ਫ਼ਤਿਹਆਬਾਦ ਦੇ ਕਿਲੇ ਵਿਚ ਇਕ ਫ਼ੌਜੀ ਟੁਕੜੀ ਰੱਖੀ ਜਾਂਦੀ ਸੀ। ਮੁਗਲ ਫ਼ੌਜਾਂ ਤੇ ਕਾਫ਼ਲਿਆਂ ਦੇ ਠਹਿਰਨ ਲਈ ਇੱਥੇ ਇਕ ਸ਼ਾਹੀ ਸਰਾਂ ਬਣਾਈ ਗਈ ਸੀ।

ਅੰਮ੍ਰਿਤਸਰ ਗਜ਼ਟੀਅਰ ਵਿਚ ਦਰਜ ਹੈ ਕਿ ਫ਼ਤਿਹਆਬਾਦ ਵਾਲੀ ਸਰਾਂ, ਨੌਰੰਗਾਬਾਦ, ਸਰਾਏ ਅਮਾਨਤ ਖ਼ਾਨ ਅਤੇ ਸਰਾਏ ਨੂਰਦੀ ਦੀਆਂ ਸਰਾਵਾਂ ਦੇ ਨਮੂਨੇ 'ਤੇ ਬਣਾਈ ਗਈ ਸੀ। ਮੁਗਲ ਕਾਲ ਵਿਚ ਅਟਾਰੀ ਤੋਂ ਗੋਇੰਦਵਾਲ ਸਾਹਿਬ ਨੂੰ ਜਾਂਦੀ 'ਬਾਦਸ਼ਾਹੀ ਸੜਕ' ਸਰਾਏ ਅਮਾਨਤ ਖ਼ਾਨ, ਨੂਰਦੀਂ, ਨੌਰੰਗਾਬਾਦ ਅਤੇ ਫ਼ਤਿਹਆਬਾਦ ਵਿੱਚੀਂ ਲੰਘਦੀ ਸੀ। ਇਹ ਸਾਰੇ ਪਿੰਡ ਤੇ ਕਸਬੇ ਹੁਣ ਤਰਨ ਤਾਰਨ ਜ਼ਿਲ੍ਹੇ ਵਿਚ ਸਥਿਤ ਹਨ। ਇਹ ਸਾਰੀਆਂ ਸਰਾਵਾਂ ਤਕਰੀਬਨ ਇਕੋ ਜਿਹੇ ਡਿਜ਼ਾਈਨ



ਅਤੇ ਮਾਪ ਦੀਆਂ ਹਨ। ਇਹ ਪਿੰਡ ਤੇ ਸਰਾਵਾਂ ਸਾਰੀਆਂ ਕਿਲ੍ਹਾਬੰਦ ਬਸਤੀਆਂ ਸਨ। ਸਾਰੀ ਆਬਾਦੀ ਸਰਾਵਾਂ ਦੀ ਚਾਰਦੀਵਾਰੀ ਵਿਚ ਰਹਿੰਦੀ ਸੀ। ਹਰ ਸਰਾਂ ਦੀਆਂ ਦੋ ਸਮਾਨਾਂਤਰ ਕੰਧਾਂ ਵਿਚ ਦੋ ਦਰਵਾਜ਼ੇ ਹੁੰਦੇ ਸਨ।

ਸ਼ਾਨਦਾਰ ਕਿਲ੍ਹਾ-ਨੁਮਾ ਸਰਾਂ ਦੀ ਚਾਰਦੀਵਾਰੀ ਪਿੰਡ-ਵਾਸੀਆਂ ਨੇ ਢਾਹ ਦਿੱਤੀ ਹੈ। ਸਰਾਂ ਦੇ ਦੋ ਸਜਾਵਟਦਾਰ ਦਰਵਾਜ਼ੇ ਅਤੇ ਇਕ ਸ਼ਾਹੀ ਮਸਜਿਦ ਹੀ ਬਚੀ ਹੈ। ਫ਼ਤਿਹਆਬਾਦ ਦੀਆਂ ਕਈ ਛੋਟੀਆਂ ਛੋਟੀਆਂ ਮਸੀਤਾਂ ਢਹਿ ਗਈਆਂ ਹਨ। ਕਿਲੇ ਦੀ ਜ਼ਮੀਨ 'ਤੇ ਹੁਣ ਕਈ ਘਰ ਉਸਰ ਗਏ ਹਨ।

ਸਜਾਵਟਦਾਰ ਕੰਧਾਂ ਵਾਲੀਆਂ ਆਲੀਸ਼ਾਨ ਇਮਾਰਤਾਂ, ਪਾਣੀ ਦੀਆਂ ਟੈਂਕੀਆਂ, ਖੂਹ ਅਤੇ ਫੁਹਾਰਿਆਂ ਵਾਲੇ ਬਾਗ-ਬਗੀਚੇ ਕਦੀ ਫ਼ਤਿਹਆਬਾਦ ਨੂੰ ਇਲਾਕੇ ਦਾ ਇਕ ਸੁੰਦਰ ਕਸਬਾ ਬਣਾਉਂਦੇ ਸਨ। ਸਰਾਂ ਦੀਆਂ ਅੰਦਰਲੀਆਂ ਅਤੇ ਬਾਹਰਲੀਆਂ ਕੰਧਾਂ ਉਤੇ ਨੀਲੇ ਅਤੇ ਹਰੇ ਪੱਥਰ ਲੱਗੇ ਹੋਏ ਸਨ। ਕੁਝ ਹੋਰ ਪੁਰਾਣੀਆਂ ਇਮਾਰਤਾਂ ਦੇ ਦਰਵਾਜ਼ੇ ਗਲ-ਸੜ ਗਏ ਹਨ ਅਤੇ ਦੀਵਾਰਾਂ ਢਹਿ ਰਹੀਆਂ ਹਨ। ਆਲੀਸ਼ਾਨ ਇਮਾਰਤਾਂ ਦੇ ਇਹ ਖੰਡਰ ਕਿਸੇ ਸਮੇਂ ਵੀ ਜ਼ਮੀਨ ਉਤੇ ਡਿੱਗ ਸਕਦੇ ਹਨ।

ਫ਼ਤਿਹਆਬਾਦ ਦੀਆਂ ਢਹਿ ਰਹੀਆਂ ਹਵੇਲੀਆਂ ਅਤੇ ਗਲੀਆਂ ਵਿਚ ਅਜੇ ਵੀ ਸਿੱਖ, ਹਿੰਦੂ ਅਤੇ ਮੁਸਲਿਮ ਇਮਾਰਤਸਾਜ਼ੀ ਦੇ ਨਮੂਨੇ ਦਿਖਾਈ ਦਿੰਦੇ ਹਨ। ਪੰਚਮ ਗੁਰੂ ਸਾਹਿਬ ਕਈ ਵਾਰ ਫ਼ਤਿਹਆਬਾਦ ਵਿਚ ਆਏ ਅਤੇ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਵੀ ਇੱਥੇ ਪਧਾਰੇ ਅਤੇ ਕੁਦਰਤ ਦੀ ਪ੍ਰਸੰਸਾ ਵਿਚ ਗੁਰਬਾਣੀ ਦੀ ਰਚਨਾ ਕੀਤੀ।

ਸ. ਬਰਿੰਦਰ ਦਿਆਲ ਸਿੰਘ ਇਹ ਦਾਅਵਾ ਕਰਦੇ ਹਨ ਕਿ ਪੰਜਾਬ ਸਰਕਾਰ ਵੱਲੋਂ ਅਠਾਰਾਂ-ਸੌ-ਸਤਰਵਿਆਂ ਵਿਚ ਖੋਲ੍ਹੇ ਗਏ ਸਕੂਲਾਂ ਵਿਚੋਂ ਫ਼ਤਿਹਆਬਾਦ ਦਾ ਪੁਰਾਣਾ ਸਕੂਲ ਵੀ ਇਕ ਸੀ। ਪਹਿਲਾਂ ਇਹ ਸਕੂਲ ਇਕ ਮਦਰਸਾ ਸੀ। ਬਾਅਦ ਵਿਚ ਅੰਗਰੇਜ਼ ਸਰਕਾਰ ਨੇ ਇਸ ਨੂੰ ਸਕੂਲ ਬਣਾ ਦਿੱਤਾ। ਇਸ ਸਕੂਲ ਦੀ ਪੁਰਾਣੀ ਇਮਾਰਤ ਦੀ ਹੋਂਦ ਹੁਣ ਖ਼ਤਮ ਹੋ ਚੁੱਕੀ ਹੈ।

ਫ਼ਤਿਆਬਾਦ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦੀ ਇਕ ਵਸਨੀਕ, ਮਿਸ ਮੀਨੂੰ ਸ਼ਰਮਾ ਕਹਿੰਦੀ ਹੈ ਕਿ ਫ਼ਤਿਹਆਬਾਦ ਅਤੇ ਇਸ ਦੇ ਨਾਲ ਲਗਦੇ ਇਲਾਕੇ ਵਿਚ ਪਹਿਲਾਂ ਖੋਖਰ ਕਬੀਲੇ ਦੇ ਲੋਕ ਵਸਦੇ ਸਨ। ਪੰਜਾਬ ਦੀ ਮਰਦਮ-ਸ਼ੁਮਾਰੀ ਦੇ ਆਧਾਰ 'ਤੇ ਡੈਨਜ਼ਿਲ ਇਬੈਟੱਸਨ ਨੇ 1883 ਈ. ਵਿਚ ਇਕ ਕਿਤਾਬ 'ਏ ਗਲਾਸਰੀ ਆਫ਼ ਦੀ ਟਰਾਈਬਜ਼ ਐਂਡ ਕਾਸਟਜ਼ ਆਫ਼ ਦੀ ਪੰਜਾਬ ਐਂਡ ਨਾਰਥ ਵੈਸਟ ਫਰੰਟੀਅਰ ਪ੍ਰਾਵਿੰਸ' ਲਿਖੀ ਸੀ। 'ਇਸ ਕਿਤਾਬ ਵਿਚ ਦਰਜ ਹੈ ਕਿ ਪੰਜਾਬ ਵਿਚ ਖੋਖਰ ਇਕ ਉਹ ਕਬੀਲਾ ਸੀ ਜਿਸ ਨੇ ਨੰਗੇ ਸਿਰ ਤੇ ਨੰਗੇ ਪੈਰੀਂ, ਹੱਥਾਂ ਵਿਚ ਨੇਜ਼ੇ ਫੜ ਕੇ ਮਹਿਮੂਦ ਗਜ਼ਨਵੀ ਦਾ ਮੁਕਾਬਲਾ ਕੀਤਾ ਸੀ। ਇਹ ਖੋਖਰ ਲੋਕ ਬਿਆਸ ਅਤੇ ਸਤਲੁਜ ਦੇ ਕਿਨਾਰੇ ਵਸਦੇ ਸਨ; ਖਾਸ ਕਰ ਕੇ ਵੈਰੋਵਾਲ (ਜੋ ਫ਼ਤਿਹਆਬਾਦ

ਤੋਂ 12 ਕਿਲੋਮੀਟਰ ਦੂਰ ਹੈ) ਭਰੋਵਾਲ ਅਤੇ ਕਾਲੂਵਾਹਨ ਵਿਚ (ਕਾਲੂਵਾਹਨ ਨੂੰ ਹੁਣ ਕਾਹਨੂੰਵਾਨ ਕਹਿੰਦੇ ਹਨ, ਜੋ ਗੁਰਦਾਸਪੁਰ ਦੇ ਜ਼ਿਲ੍ਹੇ ਵਿਚ ਹੈ।)

ਮਹਿਮੂਦ ਗਜ਼ਨਵੀ ਦੇ ਇਤਿਹਾਸਕਾਰਾਂ ਅਨੁਸਾਰ, ਮਹਿਮੂਦ ਵੱਲੋਂ ਨਿਯੁਕਤ ਕੀਤੇ ਲਾਹੌਰ ਦੇ ਸੂਬੇਦਾਰ ਨੂੰ ਖੋਖਰਾਂ ਨੇ ਬਹੁਤ ਤੰਗ ਕੀਤਾ ਅਤੇ ਉਨ੍ਹਾਂ ਨੂੰ ਕਾਬੂ ਕਰਨ ਲਈ ਭਰੋਵਾਲ ਅਤੇ ਵੈਰੋਵਾਲ ਦੇ ਵਿਚਾਲੇ ਦਰਿਆ ਬਿਆਸ ਦੇ ਕੰਢੇ ਇਕ ਗੜ੍ਹੀ ਬਣਾਈ ਗਈ, ਜਿਸ ਨੂੰ ਫ਼ਤਿਹਆਬਾਦ ਦਾ ਸਰਾਏ ਕਸਬਾ ਕਿਹਾ ਜਾਂਦਾ ਸੀ।

ਇਸ ਜਗ੍ਹਾ ਦਾ ਨਾਂ ਫ਼ਤਿਹਆਬਾਦ, ਖੋਖਰਾਂ ਉਤੇ ਹੋਈ ਜਿੱਤ ਦੀ ਯਾਦ ਵਜੋਂ ਰੱਖਿਆ ਗਿਆ। ਲੈਪਲ ਗ੍ਰਿਫ਼ਨ ਅਨੁਸਾਰ ਸਿੱਖ ਮਿਸਲ ਕਾਲ ਵਿਚ ਆਹਲੂਵਾਲੀਆ ਮਿਸਲ ਦੀਆਂ ਫ਼ੌਜਾਂ ਨੇ ਸ. ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਫ਼ਤਿਹਆਬਾਦ ਦੀ ਗੜ੍ਹੀ ਨੂੰ ਘੇਰਾ ਪਾ ਲਿਆ। ਇਹ ਗੜ੍ਹੀ ਬਹੁਤ ਮਜ਼ਬੂਤ ਸੀ ਇਸ ਲਈ ਕਈ ਦਿਨ ਗੜ੍ਹੀ ਨੂੰ ਘੇਰਾ ਪਿਆ ਰਿਹਾ। ਆਖਰਕਾਰ ਕਮਾਂਡਰ ਨੇ ਇਸ ਸ਼ਰਤ ’ਤੇ ਗੜ੍ਹੀ ਛੱਡ ਦਿੱਤੀ ਕਿ ਗੜ੍ਹੀ ਦੀ ਸਾਰੀ ਫ਼ੌਜ ਨੂੰ ਬਿਨਾਂ ਰੋਕ-ਟੋਕ ਸਹੀ ਸਲਾਮਤ ਲਾਹੌਰ ਜਾਣ ਦਿੱਤਾ ਜਾਏਗਾ। ਫ਼ਤਿਹਆਬਾਦ ਉਨ੍ਹਾਂ ਚਿਰ ਆਹਲੂਵਾਲੀਆ ਮਿਸਲ ਦੀ ਰਾਜਧਾਨੀ ਰਿਹਾ ਜਿੰਨਾ ਚਿਰ ਕਿ ਮਹਾਰਾਜਾ ਰਣਜੀਤ ਸਿੰਘ ਦੀ ਵਧਦੀ ਤਾਕਤ ਨੂੰ ਵੇਖ ਨਵਾਬ ਫ਼ਤਿਹ ਸਿੰਘ ਨੇ ਕਪੂਰਥਲਾ ਨੂੰ ਆਪਣੀ ਰਾਜਧਾਨੀ ਨਹੀਂ ਬਣਾ ਲਿਆ।

ਫ਼ਤਿਹਆਬਾਦ ਦਾ ਪੁਰਾਤਨ ਕਸਬਾ ਇਤਿਹਾਸ ਦਾ ਖ਼ਜ਼ਾਨਾ ਹੈ। ਭਾਰਤੀ ਉਪ-ਮਹਾਂਦੀਪ ਦੇ ਸਾਰੇ ਮੁੱਖ ਰਾਜਿਆਂ ਨੂੰ ਹਰਾ ਕੇ ਮੁਹੰਮਦ ਗੌਰੀ ਹੁਣ ਅਮਨ ਨਾਲ ਰਾਜ ਕਰ ਰਿਹਾ ਸੀ। ਪਰ ਪੰਜਾਬ ਵਿਚ ਅਮਨ-ਸ਼ਾਂਤੀ ਨਹੀਂ ਸੀ। ਪੰਜਾਬ ਵਿਚ ਖੋਖਰ, ਮੁਹੰਮਦ ਗੌਰੀ ਤੋਂ ਬਾਗੀ ਸਨ। ਇਸ ਲਈ ਉਹ ਉਨ੍ਹਾਂ ਨੂੰ ਸਜ਼ਾ ਦੇਣ ਲਈ ਪੰਜਾਬ ਆਇਆ। ਮੁਹੰਮਦ ਗੌਰੀ ਨੇ ਲਾਹੌਰ ਦੇ ਨੇੜੇ ਅਤੇ ਬਿਆਸ ਦੇ ਕੰਢਿਆਂ ’ਤੇ ਖੋਖਰਾਂ ਦੀਆਂ ਬਸਤੀਆਂ ਨੂੰ ਅੱਗ ਲਾ ਕੇ ਤਬਾਹ ਕਰ ਦਿੱਤਾ।

ਮੁਸਲਮਾਨ ਇਤਿਹਾਸਕਾਰ ਲਿਖਦੇ ਹਨ ਕਿ ਕੁਝ ਖੋਖਰ ਮੁਹੰਮਦ ਗੌਰੀ ਦੀ ਫ਼ੌਜ ਵਿਚ ਸ਼ਾਮਲ ਹੋ ਗਏ ਸਨ। ਉਨ੍ਹਾਂ ਨੇ ਇਕ ਸ਼ਾਮ ਭੇਸ ਬਦਲ ਕੇ ਮੁਹੰਮਦ ਗੌਰੀ ਅਤੇ ਉਸ ਦੇ ਤਿੰਨ ਅੰਗ-ਰੱਖਿਅਕਾਂ ਨੂੰ ਕਤਲ ਕਰ ਦਿੱਤਾ। ਮੁਹੰਮਦ ਗੌਰੀ ਨੂੰ ਬੜੀ ਬੇਰਹਿਮੀ ਨਾਲ ਮਾਰਿਆ ਗਿਆ। ਉਸ ਦੇ ਸਰੀਰ ਉਤੇ 22 ਜ਼ਖ਼ਮ ਲੱਗੇ ਸਨ।

ਬਾਦਸ਼ਾਹ ਜਹਾਂਗੀਰ ਦੀਆਂ ਸ਼ਾਹੀ ਫ਼ੌਜਾਂ ਨੇ ਫ਼ਤਿਹਆਬਾਦ ਦਾ ਪੁਰਾਣਾ ਪਿੰਡ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਕਿਉਂਕਿ ਇਸ ਪਿੰਡ ਦੇ ਲੋਕਾਂ ਨੇ ਉਸ ਦੇ ਬਾਗੀ ਪੁੱਤਰ ਖੁਸਰੋ ਦੀ ਮਦਦ ਕੀਤੀ ਸੀ। ਬਾਅਦ ਵਿਚ ਪਿੰਡ ਦੀ ਸਾਰੀ ਵੱਸੋਂ ਫ਼ਤਿਹਆਬਾਦ ਦੇ ਕਿਲੇ ਵਿਚ ਵਸ ਗਈ।

ਆਹਲੂਵਾਲੀਆ ਸਰਦਾਰ ਦਾ ਮਹਿਲ ਜਿਸ ਨੂੰ ਮਾਈ ਡਿਉੜੀ ਕਹਿੰਦੇ ਸਨ, ਕੁਝ ਸਮਾਂ ਪਹਿਲਾਂ ਹੀ ਵੇਚ ਦਿੱਤਾ ਗਿਆ ਹੈ। ਖਰੀਦਦਾਰਾਂ ਨੇ ਇਹ ਪੁਰਾਣੀ ਸਿੱਖ



ਵਿਰਾਸਤੀ ਇਮਾਰਤ ਢਾਹ ਕੇ ਮਿੱਟੀ ’ਚ ਮਿਲਾ ਦਿੱਤੀ ਹੈ। ਇਸੇ ਤਰ੍ਹਾਂ ਨਾਨਕ ਪੜਾਉ ਦੀ ਪੁਰਾਣੀ ਤੇ ਇਤਿਹਾਸਕ ਇਮਾਰਤ ਢਾਹ ਦਿੱਤੀ ਗਈ ਹੈ ਅਤੇ ਉਸ ਦੀ ਥਾਂ ਇਕ ਨਵੀਂ ਇਮਾਰਤ ਬਣ ਗਈ ਹੈ। ਇਸ ਜਗ੍ਹਾ ਮਹਾਰਾਜਾ ਰਣਜੀਤ ਸਿੰਘ, ਨਵਾਬ ਫ਼ਤਿਹ ਸਿੰਘ ਦੇ ਪਿਤਾ ਨਵਾਬ ਭਾਗ ਸਿੰਘ ਦੀ ਮੌਤ ਦਾ ਅਫ਼ਸੋਸ ਕਰਨ ਆਏ ਸਨ। ਨਵਾਬ ਫ਼ਤਿਹ ਸਿੰਘ, ਆਹਲੂਵਾਲੀਆ ਸਰਦਾਰ ਦਾ ਭਤੀਜਾ ਸੀ। ਮਹਾਰਾਜਾ ਰਣਜੀਤ ਸਿੰਘ ਅਤੇ ਨਵਾਬ ਫ਼ਤਿਹ ਸਿੰਘ ਨੇ ਇਸੇ ਥਾਂ ’ਤੇ ਪੱਗਾਂ ਵਟਾਈਆਂ ਸਨ। ਪਰ ਬਾਅਦ ਵਿਚ ਸ. ਫ਼ਤਿਹ ਸਿੰਘ ਦੇ ਮਹਾਰਾਜਾ ਰਣਜੀਤ ਸਿੰਘ ਨਾਲ ਮਤਭੇਦ ਹੋ ਗਏ ਅਤੇ ਸ. ਫ਼ਤਿਹ ਸਿੰਘ ਕਪੂਰਥਲੇ ਆ ਗਏ। ਕਪੂਰਥਲਾ ਉਨ੍ਹਾਂ ਦੀ ਰਿਆਸਤ ਦੀ ਰਾਜਧਾਨੀ ਬਣ ਗਿਆ।

ਜਰਨੈਲ ਰਤਨ ਸਿੰਘ ਦੀ 250 ਸਾਲ ਪੁਰਾਣੀ ਹਵੇਲੀ, ਜਿਸ ਨੂੰ ਬਾਅਦ ਵਿਚ ਜਰਨੈਲ ਰਤਨ ਸਿੰਘ ਦੇ ਪੜਪੋਤੇ ਸ. ਬਸੰਤ ਸਿੰਘ ਨੇ ਆਪਣੀ ਅਦਾਲਤ ਬਣਾ ਲਿਆ ਸੀ, ਉਸ ਦੀ ਮੁਰੰਮਤ ਕਰ ਕੇ ਉਸ ਨੂੰ ਨਵੀਂ ਸ਼ਕਲ ਦਿੱਤੀ ਗਈ ਹੈ। ਅੱਜਕਲ੍ਹ ਫਿਰ ਹਵੇਲੀ ਸ. ਚਰਨਜੀਤ ਸਿੰਘ (ਮਰਹੂਮ) ਦਾ ਘਰ ਬਣ ਗਈ, ਜੋ ਭਾਰਤੀ ਕਿਸਾਨ ਯੂਨੀਅਨ ਦੇ ਮੀਤ ਪ੍ਰਧਾਨ ਸਨ। ਜਰਨੈਲ ਅਤਰ ਸਿੰਘ ਦੇ ਸਕੇ ਵੰਸ਼ਜ ਸ. ਚਰਨਜੀਤ ਸਿੰਘ ਦੇ ਪਰਿਵਾਰ ਪਾਸ, ਫ਼ਾਰਸੀ ਵਿਚ ਲਿਖਿਆ ਇਕ ਪਟਾ ਹੈ ਜਿਸ ਉਤੇ ਸ. ਜੱਸਾ ਸਿੰਘ ਆਹਲੂਵਾਲੀਆ ਦੇ ਚਚੇਰੇ ਭਰਾ ਨਵਾਬ ਭਾਗ ਸਿੰਘ ਦੇ ਦਸਤਖ਼ਤ ਹਨ।

ਸੰਨ 1812 ਈ. ਵਿਚ ਲਿਖੇ ਗਏ ਇਸ ਪਟੇ ਦੀ ਇਬਾਰਤ ‘ਅਕਾਲ ਸਹਾਇ’ ਨਾਲ ਸ਼ੁਰੂ ਹੁੰਦੀ ਹੈ। ਪਟੇ ਵਿਚ ਦਰਜ ਹੈ ਕਿ ‘ਜੰਡਿਆਲੇ ਤੋਂ ਹਰੀਕੇ ਤਕ 22 ਪਿੰਡ ਬੀਬੀ ਸਾਹਿਬ (ਨਵਾਬ ਭਾਗ ਸਿੰਘ ਦੀ ਪੁੱਤਰੀ) ਨੂੰ ਦਿੱਤੇ ਜਾਂਦੇ ਹਨ। ਇਹ ਪਿੰਡ ਉੱਨਾ ਚਿਰ ਉਨ੍ਹਾਂ ਦੀ ਮਲਕੀਤ ਰਹਿਣਗੇ ਜਿੰਨਾ ਚਿਰ ਉਪਰ ਲਿਖੀਆਂ ਸੈਨਿਕ ਸ਼ਰਤਾਂ ਦੀ ਪਾਲਨਾ ਕੀਤੀ ਜਾਂਦੀ ਹੈ।’

ਪੰਜਾਬ ਸਰਕਾਰ ਦੇ ਅਧੀਨ-ਸਕੱਤਰ ਲੈਪਲ ਗ੍ਰਿਫ਼ਨ ਦੀ 1870 ਈ. ਵਿਚ ਛਪੀ ਪੁਸਤਕ ‘ਦੀ ਰਾਜਾਜ਼ ਆਫ਼ ਪੰਜਾਬ’ ਅਨੁਸਾਰ ਸ. ਜੱਸਾ ਸਿੰਘ ਆਹਲੂਵਾਲੀਆ ਨੇ 1771 ਈ. ਵਿਚ ਪਠਾਨਾਂ ਤੋਂ ਰਾਏਕੋਟ ਅਤੇ ਰਾਜਪੂਤਾਂ ਤੋਂ ਵੈਰੋਵਾਲ ਜਿੱਤ ਲਏ ਸਨ।

ਸ. ਜੱਸਾ ਸਿੰਘ ਦੀਆਂ ਦੋ ਧੀਆਂ ਸਨ। ਇਕ ਧੀ ਫ਼ਤਿਹਆਬਾਦ ਦੇ ਰਾਜਾ ਮਹਾਂ ਸਿੰਘ ਨਾਲ ਵਿਆਹੀ ਹੋਈ ਸੀ ਤੇ ਦੂਜੀ ਅੰਮ੍ਰਿਤਸਰ ਦੇ ਨੇੜੇ ਤੁੰਗਵਾਲਾ ਦੇ ਰਾਜਾ ਅਮਰ ਸਿੰਘ ਨਾਲ। ਰਾਜਾ ਮਹਾਂ ਸਿੰਘ ਦੀ ਸਮਾਧ ਦੀ ਹਾਲਤ ਜਿਸ ਦੀਆਂ ਕੰਧਾਂ ਉਤੇ ਸੁੰਦਰ ਚਿਤਰ ਬਣੇ ਹੋਏ ਹਨ, ਬਹੁਤ ਖਸਤਾ ਹੈ। ਕੰਧ-ਚਿਤਰਾਂ ਉਤੇ ਪਲੱਸਤਰ ਕਰ ਦਿੱਤਾ ਗਿਆ ਹੈ, ਜਿਸ ਕਾਰਨ ਉਨ੍ਹਾਂ ਦੀ ਛਬੀ ਗੁੰਮ ਹੋ ਗਈ ਹੈ।

ਨਵਾਬ ਜੱਸਾ ਸਿੰਘ ਆਹਲੂਵਾਲੀਆ ਨੇ ਜਲੰਧਰ ਦੇ ਸੂਬੇਦਾਰ ਅਦੀਨਾ ਬੇਗ ਨੂੰ ਖਡੂਰ ਸਾਹਿਬ ਅਤੇ ਫ਼ਤਿਹਆਬਾਦ ਨੇੜੇ ਸ਼ਿਕਸਤ ਦਿੱਤੀ ਸੀ। ਸ. ਆਹਲੂਵਾਲੀਆ

ਆਪਣੀ ਮੌਤ ਤਕ ਫ਼ਤਿਹਆਬਾਦ ਵਿਚ ਰਹੇ। ਉਸ ਨੇ ਅਹਿਮਦ ਸ਼ਾਹ ਅਬਦਾਲੀ ਦੇ ਪੰਜੇ 'ਚੋਂ 2200 ਮਾਸੂਮ ਕੁੜੀਆਂ ਨੂੰ ਛੁਡਾਇਆ ਅਤੇ ਉਨ੍ਹਾ ਨੂੰ ਉਨ੍ਹਾਂ ਦੇ ਮਾਪਿਆਂ ਦੇ ਹਵਾਲੇ ਕੀਤਾ। ਇਸ ਕਾਰਨ ਸ. ਆਹਲੂਵਾਲੀਆ ਨੂੰ 'ਬੰਦੀਛੋੜ' ਵੀ ਕਹਿੰਦੇ ਹਨ। ਇਹ ਘਟਨਾ ਗੋਇੰਦਵਾਲ ਸਾਹਿਬ ਦੇ ਨੇੜੇ ਵਾਪਰੀ ਸੀ।

ਸਰਦਾਰ ਆਹਲੂਵਾਲੀਆ ਦੀ ਇਕ ਧੀ ਫ਼ਤਿਹਆਬਾਦ ਦੇ ਮੋਹਨ ਸਿੰਘ ਉਰਫ਼ ਮਹਾਂ ਸਿੰਘ ਨਾਲ ਵਿਆਹੀ ਹੋਈ ਸੀ। ਉਸ ਦੀ ਸਮਾਧ ਅੱਜ ਵੀ ਫ਼ਤਿਆਬਾਦ ਵਿਚ ਕਾਇਮ ਹੈ। ਸਰਦਾਰ ਆਹਲੂਵਾਲੀਆ ਦੀ ਚਚੇਰੀ ਭੈਣ ਅਤੇ ਨਵਾਬ ਭਾਗ ਸਿੰਘ ਦੀ ਸਕੀ ਭੈਣ ਜਰਨੈਲ ਰਤਨ ਸਿੰਘ ਭੌਰ ਨੂੰ ਵਿਆਹੀ ਹੋਈ ਸੀ। ਸ. ਰਤਨ ਸਿੰਘ ਦਾ ਮਹਿਲ ਅੱਜ ਵੀ ਫ਼ਤਿਹਆਬਾਦ ਵਿਚ ਕਾਇਮ ਹੈ।

****



# ਇਤਿਹਾਸ ਨਾਲ ਓਤਪੋਤ ਇਕ ਪਿੰਡ

ਪੁਰਾਣੀ ਪੱਟੀ-ਕਸੂਰ ਸੜਕ 'ਤੇ ਸਥਿਤ ਪਿੰਡ ਸਰਹਾਲੀ ਅਤੇ ਇਸ ਨਾਲ ਸਬੰਧਿਤ 21 ਪਿੰਡ, ਇਕ ਵੱਡੇ ਪਰਿਵਾਰ ਦਾ ਵਿਲੱਖਣ ਇਤਿਹਾਸ ਪੇਸ਼ ਕਰਦੇ ਹਨ। ਇਨ੍ਹਾਂ ਪਿੰਡਾਂ ਦੇ ਲੋਕਾਂ ਦੇ ਪੁਰਖੇ ਅਤੇ ਨਸਲ ਇਕੋ ਹਨ। ਸਦੀਆਂ ਪੁਰਾਣਾ ਪਿੰਡ ਸਰਹਾਲੀ, ਅੰਮ੍ਰਿਤਸਰ ਤੇ ਤਰਨਤਾਰਨ ਦੇ ਇਤਿਹਾਸਕ ਸ਼ਹਿਰਾਂ ਨਾਲੋਂ ਵੀ ਪੁਰਾਣਾ ਹੈ।

ਇਕ ਸਰਬੋਤਮ ਨਸਲ ਪੈਦਾ ਕਰਨ ਦੀ ਬਦਨਾਮ ਨਾਜ਼ੀ ਯੋਜਨਾ ਦੇ ਉਲਟ ਸਰਹਾਲੀ ਸਮੇਤ 22 ਪਿੰਡਾਂ ਵਿਚ ਵਸਦੇ 60000 ਸੰਧੂ ਜੱਟਾਂ ਦੀਆਂ ਰਗਾਂ ਵਿਚ ਕੁਦਰਤੀ ਤੌਰ 'ਤੇ ਇਕੋ ਸ਼ੁੱਧ ਖ਼ੂਨ ਵਹਿ ਰਿਹਾ ਹੈ। ਪਿੰਡਾਂ ਦੇ ਇਸ ਸਮੂਹ ਨੂੰ 'ਬਾਹੀਆ' ਕਹਿੰਦੇ ਹਨ, ਭਾਵ 22 ਪਿੰਡ।

ਜਨਮ-ਮਰਨ ਦੇ ਅੰਕੜਿਆਂ ਦੇ ਆਧਾਰ 'ਤੇ ਜਿਵੇਂ ਜਨਮ-ਮਰਨ ਦੇ ਸਰਟੀਫੇਕਟ, ਪਰਵਾਸ ਅਤੇ ਹੋਰ ਪ੍ਰਬੰਧਕ ਰਿਕਾਰਡ ਅਤੇ ਪਰਿਵਾਰ ਦੀ ਬਣਤਰ ਦੇ ਇਤਿਹਾਸ ਦੇ ਅਧਿਐਨ ਤੋਂ ਅਤੇ ਪਰਿਵਾਰ ਦੀ ਬੰਸਾਵਲੀ ਤੋਂ ਪਤਾ ਲਗਦਾ ਹੈ ਕਿ 22 ਪਿੰਡਾਂ ਦੇ ਸੰਧੂ ਜੱਟ ਇਕੋ ਬਜ਼ੁਰਗ ਦੀ ਔਲਾਦ ਹਨ।

ਪਰਿਵਾਰਕ ਅਧਿਐਨ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਪਿੰਡਾਂ ਦੇ ਸੰਧੂ ਜੱਟ ਇਕ ਵਿਸ਼ਾਲ ਰਿਸ਼ਤੇਦਾਰੀ ਨਾਲ ਆਪਸ ਵਿਚ ਜੁੜੇ ਹੋਏ ਹਨ। ਸਾਰੇ ਸੰਧੂ ਜੱਟ ਜਾਗੋ ਨਾਂ ਦੇ ਇਕ ਬਜ਼ੁਰਗ ਦੇ ਵੰਸ਼ਜ ਹਨ, ਜਿਸ ਨੇ ਸਰਹਾਲੀ ਪਿੰਡ ਵਸਾਇਆ ਸੀ। ਸਰਹਾਲੀ ਦੇ ਸ਼ਬਦਿਕ ਅਰਥ ਹਨः ਇਕ ਹਾਲੀ ਦੁਆਰਾ ਬੰਜਰ ਜ਼ਮੀਨ ਨੂੰ ਉਪਜਾਊ ਜ਼ਮੀਨ ਵਿਚ ਬਦਲਣਾ। ਜਿਸ ਵਿਅਕਤੀ ਨੇ ਇਸ ਜ਼ਮੀਨ ਨੂੰ ਵਾਹੀਯੋਗ ਬਣਾਇਆ ਅਤੇ ਪਿੰਡ ਦੀ ਨੀਂਹ ਰੱਖੀ ਉਸ ਦਾ ਨਾਂ ਜਾਗੋ ਸੀ ਜੋ ਸਾਰੇ ਸੰਧੂ ਜੱਟਾਂ ਦਾ ਬਜ਼ੁਰਗ ਸੀ।

ਪ੍ਰਸਿੱਧ ਸਿੱਖ ਵਿਦਵਾਨ ਪ੍ਰੋ. ਮਹਿਲ ਸਿੰਘ ਅਨੁਸਾਰ ਇੱਥੇ ਜੰਗਲ ਹੁੰਦਾ ਸੀ। ਮਸ਼ਹੂਰ ਨਾਥ ਜੋਗੀ ਜਲੰਧਰ ਨਾਥ ਦੇ ਚੇਲੇ ਭੀਮ ਨਾਥ ਨੇ, ਸਿੱਖ ਧਰਮ ਦੇ ਜਨਮ ਤੋਂ ਢੇਰ ਚਿਰ ਪਹਿਲਾਂ 1170 ਈ. ਵਿਚ ਸਰਹਾਲੀ ਦੀ ਇਕਾਂਤ ਥਾਂ ਨੂੰ ਧਿਆਨ ਲਾਉਣ ਤੇ ਸਮਾਧੀ ਲਈ ਚੁਣਿਆ ਸੀ।

ਨਾਥ ਪਰੰਪਰਾ ਅਧਿਆਤਮਿਕ ਜੋਗੀਆਂ ਦੀ ਇਕ ਸੰਪਰਦਾਇ ਹੈ, ਜੋ ਸਰਵ ਸਮਿਆਂ ਦੇ ਮਹਾਨ ਯੋਗੀ ਗੋਰਖਨਾਥ ਰਾਹੀਂ ਅਨੰਤ ਚੇਤਨਾ ਨਾਲ ਜੁੜੀ ਹੋਈ ਹੈ। ਇਨ੍ਹਾਂ ਪੁਰਾਤਨ ਯੋਗੀਆਂ ਨੂੰ ਇਹ ਗਿਆਨ ਹਾਸਲ ਹੋਇਆ ਹੈ ਕਿ ਬ੍ਰਹਿਮੰਡੀ ਚੇਤਨਾ ਦਾ ਭੇਤ ਗਹਿਰੀ ਤਰ੍ਹਾਂ ਸਵਾਸ ਕਿਰਿਆ ਨਾਲ ਜੁੜਿਆ ਹੋਇਆ ਹੈ। ਜੀਵਨ-ਸ਼ਕਤੀ ਜਿਹੜੀ ਅਸੀਂ ਆਮ ਤੌਰ 'ਤੇ ਸਰੀਰਕ ਕਾਰਜਾਂ ਲਈ ਵਰਤਦੇ ਹਾਂ,

ਉਸ ਨੂੰ ਸਵਾਸਾਂ ਨੂੰ ਸ਼ਾਂਤ ਤੇ ਸਥਿਰ ਕਰਨ ਦੀ ਜੁਗਤ ਨਾਲ, ਉਚੇਰੀਆਂ ਰੂਹਾਨੀ ਗਤੀਵਿਧੀਆਂ ਲਈ ਵਰਤ ਸਕਦੇ ਹਾਂ। ਪਤੰਜਲੀ ਦੁਆਰਾ ਸਥਾਪਿਤ ਕੀਤੀ ਫ਼ਿਲਾਸਫ਼ੀ (ਦਰਸ਼ਨ) ਦੀ ਯੋਗ-ਵਿਧੀ ਅਜਿਹੀਆਂ ਜੁਗਤਾਂ ਸਿਖਾਉਂਦੀ ਹੈ, ਜਿਨ੍ਹਾਂ ਦੁਆਰਾ ਮਨੁੱਖੀ ਆਤਮਾ ਸਰਬ-ਉੱਚ ਹਸਤੀ ਨਾਲ ਇਕ-ਮਿਕ ਹੋ ਸਕਦੀ ਹੈ। ਪਰ ਸਿੱਖ ਧਰਮ ਦੇ ਆਗਮਨ ਨਾਲ ਪੰਜਾਬ ਵਿਚ ਨਾਥ ਪਰੰਪਰਾ ਨੂੰ ਬਹੁਤ ਧੱਕਾ ਲੱਗਾ।

ਜਾਗੋ ਨਾਂ ਦਾ ਇਕ ਕਿਸਾਨ ਜੋ ਆਪਣੇ ਰਿਸ਼ਤੇਦਾਰਾਂ ਦੇ ਪਸ਼ੂਆਂ ਦਾ ਪਾਲਣ-ਪੋਸ਼ਣ ਕਰਦਾ ਸੀ, 12ਵੀਂ ਸਦੀ ਵਿਚ ਇਕ ਦਿਨ ਚੰਗੇ ਦਿਨਾਂ ਦੀ ਭਾਲ ਵਿਚ ਭੀਮ ਨਾਥ ਦੇ ਡੇਰੇ ਚਲਾ ਗਿਆ। ਜਾਗੋ ਤੇ ਭੀਮ ਨਾਥ ਦੋਵੇਂ ਇਕ ਦੂਜੇ ਦੇ ਬਹੁਤ ਨੇੜੇ ਹੋ ਗਏ। ਇਕ ਦਿਨ ਭੀਮ ਨਾਥ ਨੇ ਜਾਗੋ ਨੂੰ ਕਿਹਾ ਕਿ ਤੂੰ ਪੱਕੇ ਤੌਰ ’ਤੇ ਇੱਥੇ ਹੀ ਵਸ ਜਾ। ਉਸ ਵੇਲੇ ਉਥੇ ਪਿੰਡ ਨਾਂ ਦੀ ਕੋਈ ਚੀਜ਼ ਨਹੀਂ ਸੀ ਹੁੰਦੀ ਕਿਉਂਕਿ ਆਲੇ-ਦੁਆਲੇ ਦੀ ਜ਼ਮੀਨ ਵਿਚ ਸੇਮ ਬਹੁਤ ਸੀ। ਖੇਤ ਵੱਡੇ ਵੱਡੇ ਸਨ ਤੇ ਦੂਰ-ਦੂਰ ਤਕ ਖਿੱਲਰੇ ਹੋਏ ਸਨ। ਫੇਰ ਵੀ ਹੌਲੀ-ਹੌਲੀ ਇਸ ਥਾਂ ’ਤੇ ਸਰਹਾਲੀ ਪਿੰਡ ਵਸ ਗਿਆ।

ਹੁਣ ਸਰਹਾਲੀ ਦੇ ਨੌਂ ਸਦੀਆਂ ਪੁਰਾਣੇ ਨਾਥ ਡੇਰੇ ਨੂੰ ਬਣਾ-ਸਵਾਰ ਨੇ ਨਵਾਂ ਰੂਪ ਦਿੱਤਾ ਜਾ ਰਿਹਾ ਹੈ। ਇਸ ਡੇਰੇ ਦੀ ਇਤਿਹਾਸਕ ਮਹੱਤਤਾ ਨੂੰ ਅੱਖੋਂ ਓਹਲੇ ਕਰ ਕੇ, ਨਾਥ ਜੋਗੀਆ ਦੀ ਨੌਂ-ਸੌ-ਸਾਲ ਪੁਰਾਣੀ ਇਮਾਰਤ ਉਤੇ ਟਾਈਲਾਂ ਜੜੀਆਂ ਜਾ ਰਹੀਆਂ ਹਨ। ਪਰ ਬਾਬਾ ਭੀਮ ਨਾਥ ਵੱਲੋਂ ਜਲਾਈ ਧੂਣੀ ਅਜੇ ਵੀ ਧੁਖ ਰਹੀ ਹੈ।

ਡੇਰੇ ਦਾ ਨਵੀਨੀਕਰਨ ਜੰਗੀ ਪੱਧਰ ’ਤੇ ਕੀਤਾ ਜਾ ਰਿਹਾ ਹੈ, ਤਾਂ ਜੋ ਸਾਰੇ ਡੇਰੇ ਨੂੰ ਆਧੁਨਿਕ ਦਿੱਖ ਦਿੱਤੀ ਜਾ ਸਕੇ। ਡੇਰੇ ਦਾ ਸੁੰਦਰ ਗੁੰਬਦ ਜੋ ਨਾਨਕਸ਼ਾਹੀ ਇੱਟਾਂ ਦਾ ਬਣਿਆ ਹੋਇਆ ਸੀ, ਉਸ ਉਤੇ ਵੀ ਗੁਸਲਖਾਨੇ ਵਿਚ ਲਗਣ ਵਾਲੀਆਂ ਟਾਈਲਾਂ ਜੜ ਦਿੱਤੀਆਂ ਗਈਆਂ ਹਨ। ਬਾਕੀ ਦੀ ਇਮਾਰਤ ਨੂੰ ਕਲੀ ਕੀਤੀ ਜਾ ਰਹੀ ਹੈ। ਡੇਰੇ ਦੇ ਮੋਹਰਲੇ ਹਿੱਸੇ ’ਤੇ ਪਲੱਸਤਰ ਕਰ ਦਿੱਤਾ ਗਿਆ ਹੈ ਅਤੇ ਪ੍ਰਬੰਧਕ ਕਮੇਟੀ ਇਸ ਹਿੱਸੇ ਉਤੇ ਵੀ ਟਾਈਲਾਂ ਲਾਉਣ ਬਾਰੇ ਸੋਚ ਰਹੀ ਹੈ। ਡੇਰੇ ਦੇ ਬਾਨੀ ਬਾਬਾ ਭੀਮ ਨਾਥ ਦੀ ਮੂਰਤੀ ਉਤੇ ਵੀ ਚਿੱਟਾ ਸੰਗਮਰਮਰ ਲਾ ਦਿੱਤਾ ਗਿਆ ਹੈ।

ਪਰ ਇਕ ਪੁਰਾਣਾ ਰੁੱਖ, ਜੋ ਡੇਰੇ ਦੇ ਬਾਨੀ ਨੇ ਲਾਇਆ ਸੀ, ਕੁਝ ਹੋਰ ਦੁਰਲੱਭ ਦਰੱਖਤਾਂ ਨਾਲ ਉਚੇਚੀ ਸਾਂਭ-ਸੰਭਾਲ ਦੇ ਕਾਰਨ ਅਜੇ ਕਾਇਮ ਹੈ। ਡੇਰੇ ਦੇ ਮੌਜੂਦਾ ਮੁਖੀ ਬਾਬਾ ਵਿਚਾਰ ਨਾਥ ਅਤੇ ਬਾਬਾ ਉਂਕਾਰ ਨਾਥ ਕਹਿੰਦੇ ਹਨ ਕਿ ਹੁਣ ਤੁਰੰਤ ਡੇਰੇ ਦੀ ਮੁਰੰਮਤ ਤੇ ਨਵੀਨੀਕਰਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇੰਜ ਕਰਨਾ ਇਸ ਲਈ ਜ਼ਰੂਰੀ ਹੈ ਕਿ ਪੁਰਾਤਨ ਭਵਨ ਨੂੰ ਸੁੱਰਖਿਅਤ ਕੀਤਾ ਜਾ ਸਕੇ।

ਸਰਹਾਲੀ ਨੂੰ ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਤੇਗ਼ ਬਹਾਦਰ ਜੀ, ਤਿੰਨ ਗੁਰੂ ਸਾਹਿਬਾਨ ਦੀ ਚਰਨ ਛੂਹ ਵੀ ਪ੍ਰਾਪਤ ਹੈ। ਇੱਥੇ ਗੁਰੂ ਅਰਜਨ ਦੇਵ ਜੀ ਦੀ ਯਾਦ ਵਿਚ ਬਣਿਆ ਇਕ ਗੁਰਦੁਆਰਾ ਚੁਬੱਚਾ ਸਾਹਿਬ ਹੈ। ਕਿਹਾ ਜਾਂਦਾ ਹੈ ਕਿ ਬੀੜ ਸਾਹਿਬ ਤੋਂ ਸਰਹਾਲੀ ਕਲਾਂ ਨੂੰ ਆਉਂਦੇ ਹੋਏ ਗੁਰੂ ਜੀ ਇੱਥੇ ਠਹਿਰੇ ਸਨ।



ਗਜ਼ਟੀਅਰ ਆਫ਼ ਇੰਡੀਆ ਅਨੁਸਾਰ ਗੁਰੂ ਅਰਜਨ ਦੇਵ ਜੀ ਇਸ ਪਿੰਡ ਨੂੰ ਇਕ ਮਹੱਤਵਪੂਰਨ ਧਾਰਮਕ ਸਥਾਨ ਬਣਾਉਣਾ ਚਾਹੁੰਦੇ ਸਨ। ਸਰਹਾਲੀ ਕਲਾਂ ਵਿਚ ਜੋਗੀ, ਜਿਨ੍ਹਾਂ ਨੂੰ ਨਾਥ ਵੀ ਕਹਿੰਦੇ ਹਨ, ਬੜੇ ਹਰਮਨ-ਪਿਆਰੇ ਸਨ। ਜੋਗੀਆਂ ਦੀ ਚੁੱਕ ਵਿਚ ਆ ਕੇ ਸਰਹਾਲੀ ਦੇ ਵਸਨੀਕਾਂ ਨੇ ਗੁਰੂ ਜੀ ਨੂੰ ਜ਼ਮੀਨ ਦੇਣ ਤੋਂ ਨਾਂਹ ਕਰ ਦਿੱਤੀ। ਗੁਰੂ ਜੀ ਨਾਰਾਜ਼ ਹੋ ਗਏ। ਉਨ੍ਹਾਂ ਨੇ ਇਕ ਇੱਟ ਦੇ ਚਾਰ ਟੁਕੜੇ ਕੀਤੇ ਅਤੇ ਇਧਰ-ਉੱਧਰ ਸੁੱਟ ਦਿੱਤੇ ਭਾਵ ਕਿ ਪਿੰਡ ਉੱਜੜ ਜਾਵੇਗਾ। ਅਗਲੇ ਦਿਨ ਪਿੰਡ ਵਾਸੀਆਂ ਨੇ ਗੁਰੂ ਜੀ ਕੋਲ ਹਾਜ਼ਰ ਹੋ ਕੇ ਮੁਆਫ਼ੀ ਮੰਗੀ। ਬਾਬਾ ਬੁੱਢਾ ਜੀ ਨੇ ਇਕ ਚੁਬੱਚੇ ਵਿਚ ਪਾਣੀ ਭਰਿਆ ਜਿਸ ਵਿਚ ਗੁਰੂ ਜੀ ਨੇ ਇਸ਼ਨਾਨ ਕੀਤਾ। ਇਸ ਚੁਬੱਚੇ ਨੂੰ ਹੁਣ ਚੁਬੱਚਾ ਸਾਹਿਬ ਕਿਹਾ ਜਾਂਦਾ ਹੈ। ਕਹਿੰਦੇ ਹਨ, ਇਸ ਚੁਬੱਚੇ ਵਿਚ ਇਸ਼ਨਾਨ ਕਰਨ ਨਾਲ ਰੋਗ ਦੂਰ ਹੋ ਜਾਂਦੇ ਹਨ।

ਸਰਹਾਲੀ ਨੇ ਸੰਤ ਬਾਬਾ ਤਾਰਾ ਸਿੰਘ ਵਰਗੀਆਂ ਮਹਾਨ ਆਤਮਾਵਾਂ ਨੂੰ ਵੀ ਜਨਮ ਦਿੱਤਾ ਹੈ। ਬਾਬਾ ਤਾਰਾ ਸਿੰਘ ਜੀ ਨੇ ਕਈ ਇਤਿਹਾਸਕ ਗੁਰਦੁਆਰਿਆਂ ਦੀ ਕਾਰ-ਸੇਵਾ ਕੀਤੀ। ਪਿੰਡ ਵਿਚ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਬਣਾਉਣ ਪਿੱਛੇ ਵੀ ਉਨ੍ਹਾਂ ਦੀ ਪਵਿੱਤਰ ਰੂਹ ਹੀ ਕਾਰਜਸ਼ੀਲ ਸੀ। ਦਿਲਚਸਪ ਗੱਲ ਇਹ ਹੈ ਕਿ ਕਾਲਜ ਦੇ ਵਿਧਾਨ ਵਿਚ ਦਰਜ ਹੈ ਕਿ ਸਰਹਾਲੀ ਦੇ ਬਾਹੀਏ, ਭਾਵ 22 ਪਿੰਡਾਂ ਦਾ ਕੋਈ ਵਸਨੀਕ ਹੀ ਕਾਲਜ ਦੀ ਪ੍ਰਬੰਧਕ ਕਮੇਟੀ ਦਾ ਅਹੁਦੇਦਾਰ ਬਣ ਸਕਦਾ ਹੈ।

## ਅਜਿੱਤ ਹੀਰੋ

ਪਰਵੀਨ ਭੀਮ ਕੁਮਾਰ ਸੋਬਤੀ ਸਰਹਾਲੀ ਦੇ ਰਹਿਣ ਵਾਲਾ ਸੀ। ਉੱਨੀ-ਸੌ-ਸੱਠਵਿਆਂ ਅਤੇ ਸੱਤਰਵਿਆਂ ਵਿਚ ਉਹ ਭਾਰਤੀ ਅਥਲੈਟਿਕ ਖੇਡਾਂ ਦਾ ਹੀਰੋ ਸੀ। ਛੇ ਫੁੱਟ ਸੱਤ ਇੰਚ ਕਦ ਵਾਲਾ ਇਹ ਜਵਾਨ, ਖੇਡਾਂ ਦੇ ਮੈਦਾਨ ਵਿਚ ਆਉਣ ਤੋਂ ਪਹਿਲਾਂ ਹੀ ‘ਜਮਾਂਦਰੂ ਜੇਤੂ’ ਸੀ। ਸਰਹਾਲੀ ਦਾ ਇਹ ਸਾਊ ਸੂਰਮਾ ਕਈ ਸਾਲ ਹੈਮਰ ਤੇ ਡਿਸਕਸ ਥਰੋ ਦਾ ਅਜਿੱਤ ਬਾਦਸ਼ਾਹ ਰਿਹਾ। ਜਿੱਥੇ ਉਹ ਹਾਜ਼ਰ ਹੋਵੇ, ਉੱਥੇ ਉਹ ਨੂੰ ਹਰਾਉਣਾ ਤਾਂ ਰਿਹਾ ਇਕ ਪਾਸੇ, ਉਸ ਦਾ ਕੋਈ ਮੁਕਾਬਲਾ ਕਰਨ ਬਾਰੇ ਵੀ ਸੋਚ ਨਹੀਂ ਸਕਦਾ ਸੀ। ਉਸ ਨੇ 1966 ਅਤੇ 1970 ਦੀਆਂ ਏਸ਼ੀਆ ਖੇਡਾਂ ਵਿਚ ਸੋਨੇ ਦਾ ਮੈਡਲ ਜਿੱਤਿਆ। ਡਿਸਕਸ ਥਰੋ ਵਿਚ 56.57 ਮੀਟਰ ਉਸ ਦਾ ਰਿਕਾਰਡ ਸੀ। ਉਸ ਨੇ 1974 ਵਿਚ ਤਹਿਰਾਨ ਵਿਚ ਹੋਈਆਂ ਏਸ਼ੀਅਨ ਖੇਡਾਂ ਵਿਚ ਚਾਂਦੀ ਦਾ ਮੈਡਲ ਜਿੱਤਿਆ ਅਤੇ 1966 ਵਿਚ ਕਿੰਗਸਟਨ ਵਿਚ ਹੋਈਆਂ ਕਾਮਨਵੈਲਥ ਖੇਡਾਂ ਵਿਚ ਵੀ ਚਾਂਦੀ ਦਾ ਮੈਡਲ ਜਿੱਤਿਆ।

## ਮਨ ਬਦਲ ਗਿਆ

ਭਾਈ ਬਿਧੀ ਚੰਦ ਨੇ ਭਾਈ ਵਾਸਨ ਦੇ ਘਰ ਜਨਮ ਲਿਆ। ਭਾਈ ਵਾਸਨ ਸੁਰ ਸਿੰਘ ਨਾਂ ਦੇ ਪਿੰਡ ਵਿਚ ਰਹਿੰਦਾ ਸੀ। ਉਸ ਦੀ ਮਾਤਾ ਅੰਮ੍ਰਿਤਸਰ ਦੇ ਮਸ਼ਹੂਰ

ਪਿੰਡ ਸਰਹਾਲੀ ਦੀ ਸੀ। ਭਾਈ ਬਿਧੀ ਚੰਦ ਬਚਪਨ ਵਿਚ ਮਾੜੀ ਸੰਗਤ ਵਿਚ ਪੈ ਗਿਆ ਅਤੇ ਡਾਕੂ ਬਣ ਗਿਆ।

ਗੁਰੂ ਰਾਮਦਾਸ ਜੀ ਦੇ ਵੇਲੇ ਦਾ ਇਕ ਸਿੱਖ ਭਾਈ ਅਦਲੀ ਉਸ ਨੂੰ ਮਿਲਿਆ। ਭਾਈ ਬਿਧੀ ਚੰਦ ਉਸ ਦੇ ਨਾਲ ਅੰਮ੍ਰਿਤਸਰ ਦੀ ਯਾਤਰਾ 'ਤੇ ਗਿਆ। ਇਸ ਤੋਂ ਪਿੱਛੋਂ ਇਕ ਦਿਨ ਭਾਈ ਬਿਧੀ ਚੰਦ ਗੁਰੂ ਅਰਜਨ ਦੇਵ ਜੀ ਕੋਲ ਗਿਆ ਅਤੇ ਦੱਸਿਆ ਕਿ ਮੈਂ ਇਕ ਡਾਕੂ ਹਾਂ। ਗੁਰੂ ਜੀ ਨੇ ਉਸ ਨੂੰ ਈਮਾਨਦਾਰੀ ਨਾਲ ਦਸਾ ਨਹੁੰਆਂ ਦੀ ਕਿਰਤ ਕਰਨ ਦਾ ਉਪਦੇਸ਼ ਦਿੱਤਾ। ਭਾਈ ਬਿਧੀ ਚੰਦ ਦਾ ਮਨ ਉਸੇ ਵੇਲੇ, ਉਸੇ ਥਾਂ ਬਦਲ ਗਿਆ ਅਤੇ ਉਹ ਜ਼ਿੰਦਗੀ ਭਰ ਲਈ ਸੁਧਰ ਗਿਆ।

### ਬੇਲੋੜੀ ਬਦਨਾਮੀ

ਸਰਹਾਲੀ ਬਾਰੇ ਕੁਝ ਭਰਮ-ਭੁਲੇਖੇ ਵੀ ਪਾਏ ਜਾਂਦੇ ਹਨ। ਜਿਸ ਪਿੰਡ ਨੇ ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਵਰਗੇ ਸੁਤੰਤਰਤਾ-ਸੰਗਰਾਮੀ, ਪਰਵੀਨ ਕੁਮਾਰ ਵਰਗੇ ਸੰਸਾਰ-ਪ੍ਰਸਿੱਧ ਖਿਡਾਰੀ ਅਤੇ ਬਾਬਾ ਰਾਮ ਸਿੰਘ ਵਰਗੇ ਧਾਰਮਕ ਪੁਰਸ਼ ਪੈਦਾ ਕੀਤੇ ਹੋਣ, ਉਸ ਨੂੰ 'ਸਰਹਾਲੀ ਚੋਰਾਂਵਾਲੀ' ਕਿਹਾ ਜਾਂਦਾ ਸੀ। ਪ੍ਰੋ. ਮਹਿਲ ਸਿੰਘ ਆਪਣੀ ਪੁਸਤਕ ਵਿਚ ਲੋਕ-ਕਹਾਣੀਆਂ ਦੇ ਆਧਾਰ 'ਤੇ ਕਈ ਕਾਰਨ ਦਸਦੇ ਹਨ, ਜਿਨ੍ਹਾਂ ਕਰ ਕੇ ਸਰਹਾਲੀ ਨੂੰ ਇਹ ਬਦਨਾਮ ਨਾਂ ਮਿਲਿਆ।

****



## ਭਗਤ ਸਿੰਘ ਦੀ ਸ਼ਰਨਗਾਹ : ਇਸਲਾਮਬਾਦ

ਅੰਮ੍ਰਿਤਸਰ ਦੇ ਇਸ ਮਹੱਲੇ ਦੇ ਪ੍ਰਸਿੱਧ ਮਹਿਮਾਨ ਸ਼ਹੀਦ ਭਗਤ ਸਿੰਘ ਤੇ ਸੁਖਦੇਵ ਸਨ। ਉਨ੍ਹਾਂ ਨੇ 1928 ਵਿਚ ਲਾਹੌਰ ਦੇ ਏ.ਐੱਸ.ਪੀ. ਸਾਂਡਰਸ ਨੂੰ ਗੋਲੀ ਮਾਰ ਕੇ ਬਾਰਾਂ-ਮਕਾਨ ਗਲੀ ਵਿਚ ਸੁਤੰਤਰਤਾ-ਸੰਗਰਾਮੀ ਸੋਹਣ ਸਿੰਘ ਜੋਸ਼ ਦੇ ਘਰ ਵਿਚ ਪਨਾਹ ਲਈ ਸੀ।

ਇਸ ਇਸਲਾਮਾਬਾਦ ਨੂੰ ਪੋਠੋਹਾਰ ਦੀ ਪਠਾਰ 'ਤੇ ਵਸੇ ਪਾਕਿਸਤਾਨ ਦੇ ਰਾਜਧਾਨੀ ਸ਼ਹਿਰ ਇਸਲਾਮਾਬਾਦ ਨਾਲ ਰਲਗਡ ਨਾ ਕੀਤਾ ਜਾਵੇ। ਅੰਮ੍ਰਿਤਸਰ ਦੇ ਇਸ ਮਹੱਲੇ ਵਿਚ ਕਿਉਂਕਿ ਮੁਸਲਮਾਨਾਂ ਦੀ ਬਹੁ ਗਿਣਤੀ ਸੀ, ਇਸ ਲਈ ਵੀਹਵੀਂ ਸਦੀ ਦੇ ਮੁੱਢਲੇ ਸਾਲਾਂ ਵਿਚ ਇਸ ਮਹੱਲੇ ਦਾ ਨਾਂ ਇਸਲਾਮਾਬਾਦ ਰੱਖ ਦਿੱਤਾ ਗਿਆ ਭਾਵ ਇਸਲਾਮ ਦਾ ਘਰ।

ਦੇਸ਼ਵੰਡ ਸਮੇਂ ਇਸ ਮਹੱਲੇ ਦੇ ਮੁਸਲਮਾਨ ਨਵੇਂ ਬਣੇ ਦੇਸ਼ ਪਾਕਿਸਤਾਨ ਨੂੰ ਹਿਜਰਤ ਕਰ ਗਏ ਅਤੇ ਉਨ੍ਹਾਂ ਦੇ ਘਰ ਤੇ ਮਸੀਤਾਂ ਵੀਰਾਨ ਹੋ ਗਈਆਂ।

1970 ਵਿਚ ਇਸ ਮਹੱਲੇ ਦੀ ਇਕ ਸ਼ਾਨਦਾਰ ਮਸੀਤ, ਗੁਰਦੁਆਰਾ ਸਿੰਘ ਸਭਾ ਵਿਚ ਤਬਦੀਲ ਕਰ ਦਿੱਤੀ ਗਈ। ਜਿਉਂ ਜਿਉਂ ਸਾਲ ਬੀਤਦੇ ਗਏ ਸਥਾਨਕ ਲੋਕਾਂ ਨੇ ਮੁਸਲਮਾਨਾਂ ਦੇ ਘਰ ਮੱਲ ਲਏ।

ਜਿਹੜਾ ਪਿੰਡ ਇਸਲਾਮਾਬਾਦ ਅੰਮ੍ਰਿਤਸਰ ਦੇ ਬਾਹਰਲੇ ਪਾਸੇ, ਮਾਝੇ ਦਾ ਇਕ ਨਿੱਕਾ ਜਿਹਾ ਪਿੰਡਾਂ ਹੁੰਦਾ ਸੀ, ਹੁਣ ਪਵਿੱਤਰ ਸ਼ਹਿਰ ਦੇ ਸੰਘਣੀ ਆਬਾਦੀ ਵਾਲੇ ਕੁਝ ਮਹੱਲਿਆਂ ਵਿਚੋਂ ਇਕ ਬਣ ਗਿਆ ਹੈ।

ਇਹ ਮਹੱਲਾ ਦੇਸ਼ ਦੇ ਆਜ਼ਾਦੀ ਸੰਗਰਾਮ ਨਾਲ ਸਬੰਧਿਤ ਕਈ ਬਹਾਦਰੀ ਤੇ ਕੁਰਬਾਨੀ ਦੇ ਕਾਰਨਾਮਿਆਂ ਨਾਲ ਭਰਪੂਰ ਹੈ।

ਇਸਲਾਮਾਬਾਦ ਕਦੀ ਬਾਗ-ਬਗੀਚਿਆਂ ਅਤੇ ਖੇਤੀਯੋਗ ਜ਼ਮੀਨ ਨਾਲ ਘਿਰਿਆ ਹੋਇਆ ਹੁੰਦਾ ਸੀ ਅਤੇ ਇਹ ਆਜ਼ਾਦੀ-ਘੁਲਾਟੀਆਂ ਦੀ ਸ਼ਰਨਗਾਹ ਸੀ। ਪਰ ਇਸ ਨੂੰ ਬਹੁਤ ਘਟ ਲੋਕ ਜਾਣਦੇ ਸਨ।

ਇਸ ਮਹੱਲੇ ਦੇ ਮਸ਼ਹੂਰ ਮਹਿਮਾਨ ਸ਼ਹੀਦ ਭਗਤ ਸਿੰਘ ਅਤੇ ਸੁਖਦੇਵ ਸਨ, ਜਿਨ੍ਹਾਂ ਨੇ ਲਾਹੌਰ ਦੇ ਏ.ਐੱਸ.ਪੀ.ਜੇ.ਪੀ ਸਾਂਡਰਸ ਨੂੰ ਗੋਲੀ ਮਾਰ ਕੇ ਇਸ ਮਹੱਲੇ ਦੀ ਬੇਨਾਮ ਜਿਹੀ ਗਲੀ ਬਾਰਾਂ-ਘਰ ਜਾਂ ਬਾਰਾਂ ਮਕਾਨ ਵਿਚ ਸ਼ਰਨ ਲਈ ਸੀ। (ਬਾਰਾਂ-ਮਕਾਨ ਦਾ ਅਰਥ ਹੈ ਬਾਰਾਂ ਘਰਾਂ ਦਾ ਸਮੂਹ)

ਬਾਰਾਂ-ਘਰ ਗਲੀ ਵਿਚ ਇਹ ਸੁਤੰਤਰਤਾ-ਸੰਗਰਾਮੀ ਸੋਹਣ ਸਿੰਘ ਜੋਸ਼ ਦਾ ਕਿਰਾਏ 'ਤੇ ਲਿਆ ਮਕਾਨ ਸੀ, ਜਿਸ ਵਿਚ ਅੰਗਰੇਜ਼ ਪੁਲਿਸ ਅਫ਼ਸਰ ਨੂੰ ਗੋਲੀ ਮਾਰ ਕੇ ਦੋ ਨੌਜਵਾਨ ਇਨਕਲਾਬੀਆਂ ਨੇ ਪਨਾਹ ਲਈ ਸੀ। ਇਸ ਘਟਨਾ ਨੂੰ

ਬਾਅਦ ਵਿਚ ਲਾਹੌਰ ਸਾਜ਼ਿਸ਼ ਕੇਸ ਕਿਹਾ ਜਾਣ ਲਗ ਪਿਆ। ਭਗੌੜੇ ਇਨਕਲਾਬੀਆਂ ਨੂੰ ਪਨਾਹ ਦੇਣ ਤੋਂ ਇਲਾਵਾ ਬਾਰਾਂ-ਮਕਾਨ ਜਾਂ ਬਾਰਾਂ-ਘਰ, ਗੁਪਤ ਪੰਜਾਬੀ ਮਾਸਕ ਰਸਾਲੇ 'ਕਿਰਤੀ' ਦਾ ਹੈੱਡ-ਕੁਆਰਟਰ ਵੀ ਸੀ।

ਸ਼ਹੀਦ ਭਗਤ ਸਿੰਘ ਨੇ ਵੀ ਤਿੰਨ ਮਹੀਨੇ ਇਸ ਮਾਸਕ ਪੱਤਰ ਦੇ ਸੰਪਾਦਕੀ ਮੰਡਲ ਵਿਚ ਕੰਮ ਕੀਤਾ ਸੀ। ਮਸ਼ਹੂਰ ਸੀ.ਪੀ.ਆਈ. ਲੀਡਰ ਸਤਪਾਲ ਡਾਂਗ ਆਖਦੇ ਹਨ ਕਿ ਉਨ੍ਹਾਂ ਦਿਨਾਂ ਵਿਚ 'ਕਿਰਤੀ' ਨੂੰ ਛਾਪਣਾ ਤੇ ਵੰਡਣਾ ਬਹੁਤ ਔਖਾ ਕੰਮ ਹੁੰਦਾ ਸੀ।

ਹੁਣ ਅਸੀਂ ਇਤਿਹਾਸ ਵੱਲ ਆਉਂਦੇ ਹਾਂ। ਭਗਤ ਸਿੰਘ ਨੇ ਕਿਹਾ ਸੀ ਕਿ ਉਸ ਦਾ ਅਸਲ ਨਿਸ਼ਾਨਾ ਲਾਹੌਰ ਦਾ ਐੱਸ.ਐੱਸ.ਪੀ. ਮਿਸਟਰ ਸਕਾਟ ਸੀ। ਮਿਸਟਰ ਸਕਾਟ ਉਤੇ ਇਲਜ਼ਾਮ ਲਾਇਆ ਗਿਆ ਸੀ ਕਿ ਉਸ ਨੇ 20 ਅਕਤੂਬਰ 1928 ਨੂੰ ਲਾਲਾ ਲਾਜਪਤ ਰਾਏ ਨੂੰ ਲਾਠੀਆਂ ਮਾਰੀਆਂ ਸਨ, ਜਦੋਂ ਉਹ ਲਾਹੌਰ ਵਿਚ ਸਾਈਮਨ ਕਮਿਸ਼ਨ ਦੇ ਆਉਣ ਦਾ ਵਿਰੋਧ ਕਰ ਰਹੇ ਸਨ। ਲਾਲਾ ਜੀ ਬਾਅਦ ਵਿਚ ਜ਼ਖ਼ਮਾਂ ਦੀ ਤਾਬ ਨਾ ਲਿਆਉਂਦੇ ਹੋਏ ਸੁਰਗਵਾਸ ਹੋ ਗਏ ਸਨ। ਇਹ ਕਿਹਾ ਜਾਂਦਾ ਹੈ ਕਿ ਐੱਸ.ਐੱਸ.ਪੀ. ਬਜ਼ੁਰਗ ਨੇਤਾ ਨੂੰ ਅੱਧੇ ਘੰਟੇ ਤੋਂ ਵੀ ਵਧ ਸਮੇਂ ਲਈ ਮਾਰਦਾ ਰਿਹਾ। ਲਾਲਾ ਜੀ ਦੀ ਮੌਤ ਦਾ ਬਦਲਾ ਲੈਣ ਲਈ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਚੰਦਰ ਸ਼ੇਖਰ ਆਜ਼ਾਦ ਤੇ ਕੁਝ ਹੋਰ ਇਨਕਲਾਬੀਆਂ ਨੇ 15 ਦਸੰਬਰ 1928 ਨੂੰ ਮਿਸਟਰ ਸਕਾਟ ਨੂੰ ਮਾਰਨ ਦਾ ਫੈਸਲਾ ਕੀਤਾ। ਪਰ ਉਨ੍ਹਾਂ ਤੋਂ ਇਕ ਗਲਤੀ ਹੋ ਗਈ, ਜੋ ਹੁਣ ਇਤਿਹਾਸ ਬਣ ਗਈ ਹੈ। ਸਕਾਟ ਉਤੇ ਗੋਲੀ ਚਲਾਉਣ ਦੀ ਬਜਾਏ ਰਾਜਗੁਰੂ ਨੇ ਸਾਂਡਰਸ ਉਤੇ ਗੋਲੀ ਚਲਾ ਦਿੱਤੀ। ਉਸ ਨੇ ਗਲਤੀ ਨਾਲ ਏ.ਐੱਸ.ਪੀ. ਨੂੰ ਐੱਸ.ਐੱਸ.ਪੀ. ਸਮਝ ਲਿਆ। ਭਗਤ ਸਿੰਘ ਨੇ ਵੀ ਪੁਲੀਸ ਅਫ਼ਸਰ 'ਤੇ ਕਈ ਗੋਲੀਆਂ ਚਲਾ ਦਿੱਤੀਆਂ, ਜਿਨ੍ਹਾਂ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸਾਂਡਰਸ ਦੀ ਲਾਸ਼ ਨੂੰ ਮੇਓ ਹਸਪਤਾਲ ਵਿਚ ਲੈ ਗਏ।

ਜਿਉਂ ਹੀ ਦੋਵੇਂ ਇਨਕਲਾਬੀ ਮੌਕੇ ਤੋਂ ਡੀ.ਏ.ਵੀ. ਕਾਲਜ ਵੱਲ ਨੂੰ ਦੌੜੇ, ਟਰੈਫ਼ਿਕ ਇੰਸਪੈਕਟਰ ਫਰਨ ਅਤੇ ਹੈੱਡ ਕਾਂਸਟੇਬਲ ਚੰਨਣ ਸਿੰਘ ਨੇ ਉਨ੍ਹਾਂ ਦਾ ਪਿੱਛਾ ਕੀਤਾ। ਭਗਤ ਸਿੰਘ ਨੇ ਚੰਨਣ ਸਿੰਘ ਨੂੰ ਵੀ ਗੋਲੀ ਮਾਰ ਕੇ ਮਾਰ ਦਿੱਤਾ।

ਇਸ ਪਿਛੋਂ ਦੋਵੇਂ ਇਨਕਲਾਬੀ ਅੰਮ੍ਰਿਤਸਰ ਆ ਗਏ ਅਤੇ ਸੋਹਣ ਸਿੰਘ ਜੋਸ਼ ਦੇ ਘਰ ਪਨਾਹ ਲਈ। ਤਿੰਨ ਸਾਲ ਪਿੱਛੋਂ 23 ਮਾਰਚ 1931 ਨੂੰ ਦੋ ਪੁਲਸੀਆਂ ਨੂੰ ਮਾਰਨ ਦੇ ਦੋਸ਼ ਵਿਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਸੀ।

ਬਾਰਾਂ-ਮਕਾਨ ਗਲੀ ਦੇ ਦੋ ਦਰਵਾਜ਼ਿਆਂ ਦੇ ਕੁਝ ਹਿੱਸੇ ਅਜੇ ਕਾਇਮ ਹਨ। ਅੰਗਰੇਜ਼ ਸਰਕਾਰ ਦੇ ਭਗੌੜੇ ਇਨਕਲਾਬੀ, ਆਪਣੇ ਗੁਪਤਵਾਸ ਸਮੇਂ ਜਿਸ ਖੂਹ ਤੋਂ ਪਾਣੀ ਲਿਆਉਂਦੇ ਸਨ, ਉਹ ਪੂਰ ਦਿੱਤਾ ਗਿਆ ਹੈ ਅਤੇ ਉਸ ਉਤੇ ਇਕ ਇਮਾਰਤ ਬਣਾ ਦਿੱਤੀ ਗਈ ਹੈ।



ਭਗਤ ਸਿੰਘ ਅਤੇ ਸੁਖਦੇਵ ਨੇ ਸਾਂਡਰਸ ਨੂੰ ਮਾਰਨ ਤੋਂ ਬਾਅਦ ਜਿਸ ਘਰ ਵਿਚ ਇਕ ਰਾਤ ਗੁਜ਼ਾਰੀ ਸੀ, ਉਸ ਮਕਾਨ ਦਾ ਮਾਲਕ ਹੁਣ ਮਸ਼ਹੂਰ ਸ਼ਾਇਰ ਦੇਵ ਦਰਦ ਹੈ।

ਦੇਵ ਦਰਦ, ਮਿਊਂਸਪਲ ਇੰਜੀਨੀਅਰ ਟੀ.ਏ. ਮਿਲਰ ਬਰਾਊਨਲਿਟ ਦਾ 1914 ਦਾ ਕਪੜੇ ਉਤੇ ਬਣਾਇਆ ਅੰਮ੍ਰਿਤਸਰ ਦਾ ਇਕ ਨਕਸ਼ਾ ਅਤੇ ਮਿਊਂਸਪਲ, ਇੰਜੀਨੀਅਰ ਕੇ. ਚਾਂਦ ਦਾ 1922 ਵਿਚ ਕਪੜੇ ਉਤੇ ਬਣਾਇਆ ਅੰਮ੍ਰਿਤਸਰ ਦਾ ਇਕ ਨਕਸ਼ਾ ਦਿਖਾਉਂਦਾ ਹੈ, ਜਿਨ੍ਹਾਂ ਵਿਚ ਇਸਲਾਮਾਬਾਦ ਨੂੰ ਇਕ ਪਿੰਡ ਵਜੋਂ ਦਿਖਾਇਆ ਗਿਆ ਹੈ।

ਬਾਰਾਂ-ਮਕਾਨ ਦੇ ਨੇੜੇ-ਤੇੜੇ ਦੀਆਂ ਗਲੀਆਂ ਦੇ ਨਾਂ ਹੁਣ ਆਜ਼ਾਦੀ-ਘੁਲਾਟੀਆਂ ਦੇ ਨਾਵਾਂ ਉਤੇ ਰੱਖ ਦਿੱਤੇ ਗਏ ਹਨ ਜਿਵੇਂ ਗਾਂਧੀ ਗਲੀ, ਜਵਾਹਰ ਗਲੀ, ਤਿਲਕ ਗਲੀ ਅਤੇ ਲਾਜਪਤ ਗਲੀ।

ਦੇਵ ਦਰਦ ਦਾ ਕਹਿਣਾ ਹੈ ਕਿ ਸੁਤੰਤਰਤਾ ਸੰਗਰਾਮੀ ਗਿ. ਗੁਰਮੁਖ ਸਿੰਘ ਮੁਸਾਫ਼ਿਰ ਵੀ ਕਈ ਵਾਰ ਇਨ੍ਹਾਂ ਗਲੀਆਂ ਵਿਚ ਆ ਕੇ ਰਹਿੰਦੇ ਸਨ। ਉਹ ਇਸ ਗੱਲ 'ਤੇ ਅਫ਼ਸੋਸ ਜ਼ਾਹਿਰ ਕਰਦਾ ਹੈ ਕਿ ਆਜ਼ਾਦੀ ਸੰਗਰਾਮ ਨਾਲ ਸਬੰਧਿਤ ਮਹਾਨ ਘਟਨਾਵਾਂ ਵਾਲੇ ਇਸ ਅਸਥਾਨ ਦੀ ਸਾਂਭ-ਸੰਭਾਲ ਕਰਨ ਬਾਰੇ ਅਜੇ ਤਕ ਕਿਸੇ ਨੇ ਨਹੀਂ ਸੋਚਿਆ।

ਸਰਕਾਰੀ ਰਿਕਾਰਡ ਦੇ ਮੁਤਾਬਿਕ ਬਾਰਾਂ-ਮਕਾਨ ਗਲੀ ਦੇ ਦੋਵੇਂ ਪਾਸੇ ਛੇ ਛੇ ਮਕਾਨ ਹਨ। ਇਹ ਕਿਹਾ ਜਾਂਦਾ ਹੈ ਕਿ ਇਸ ਜਗ੍ਹਾ ਦੀ ਰਣਨੀਤਕ ਸਥਿਤੀ ਕਾਰਨ ਇਨਕਲਾਬੀ ਇਸ ਨੂੰ ਸਭ ਤੋਂ ਸੁਰੱਖਿਅਤ ਸਥਾਨ ਸਮਝਦੇ ਸਨ।

ਬਾਰਾਂ ਘਰਾਂ ਵਾਲੀ ਇਸ ਗਲੀ ਦੇ ਦੋਹਾਂ ਸਿਰਿਆਂ ਉਤੇ ਵੱਡੇ ਵੱਡੇ ਗੇਟ ਬਣੇ ਹੋਏ ਹਨ ਜਿਨ੍ਹਾਂ ਨੂੰ ਅੰਦਰੋਂ-ਬਾਹਰੋਂ ਦੋਵੇਂ ਪਾਸੇ ਤਾਲੇ ਲਾਏ ਜਾ ਸਕਦੇ ਹਨ।

ਪ੍ਰਮੁੱਖ ਕਮਿਊਨਿਸਟ ਲੀਡਰ ਅਤੇ ਸੋਹਣ ਸਿੰਘ ਜੋਸ਼ ਦੇ ਸਾਥੀ ਕਾਮਰੇਡ ਪਰਦੁਮਨ ਸਿੰਘ ਨੇ ਆਪਣੀ ਮੌਤ ਤੋਂ ਕੁਝ ਸਾਲ ਪਹਿਲਾਂ ਇਸ ਲੇਖਕ ਨੂੰ ਦੱਸਿਆ ਸੀ ਕਿ ਸੋਹਣ ਸਿੰਘ ਜੋਸ਼ ਉਸ ਨੂੰ ਦੱਸਿਆ ਕਰਦੇ ਸਨ ਕਿ ਭਗਤ ਸਿੰਘ ਅਤੇ ਸੁਖਦੇਵ ਨੇ ਸਾਂਡਰਸ ਨੂੰ ਮਾਰਨ ਤੋਂ ਬਾਅਦ ਬਾਰਾਂ-ਮਕਾਨ ਵਿਚ ਸ਼ਰਨ ਲਈ ਸੀ। ਪੁਰਾਣੇ ਇਸਲਾਮਾਬਾਦ ਪਿੰਡ ਬਾਰੇ ਦੱਸਦੇ ਹੋਏ ਉਹ ਕਿਹਾ ਕਰਦੇ ਸਨ ਕਿ ਇੱਥੇ ਆ ਕੇ ਇਨਕਲਾਬੀ ਸੁਖ ਦਾ ਸਾਹ ਲਿਆ ਕਰਦੇ ਸਨ ਅਤੇ ਆਪਣਾ ਅਗਲਾ ਪ੍ਰੋਗਰਾਮ ਬਣਾਉਂਦੇ ਸਨ। ਬਾਰਾਂ-ਮਕਾਨ ਗਲੀ ਦੀ ਸਥਿਤੀ ਐਸੀ ਸੀ ਕਿ ਪੁਲੀਸ ਦੇ ਛਾਪੇ ਸਮੇਂ ਇਥੋਂ ਭਜ ਨਿਕਲਣ ਦੀ ਚੰਗੀ ਸਹੂਲਤ ਸੀ।

ਸਥਾਨਕ ਲੋਕ ਕਹਿੰਦੇ ਹਨ ਕਿ ਕਾਮਰੇਡ ਜੋਸ਼ ਦੇ ਘਰ ਵਿਚ ਸਿਰਫ਼ ਦੋ ਮੰਜੇ ਹੁੰਦੇ ਸਨ। 'ਸੁਖਦੇਵ ਛੋਟੇ ਮੰਜੇ 'ਤੇ ਸੌਂ ਜਾਂਦਾ ਸੀ ਅਤੇ ਭਗਤ ਸਿੰਘ ਤੇ ਜੋਸ਼ ਵੱਡੇ ਮੰਜੇ 'ਤੇ ਸੌਂ ਜਾਂਦੇ ਸਨ। ਕਿਤੇ ਜਾਣ ਲਈ ਉਹ ਸਵੇਰੇ ਚਾਰ ਵਜੇ ਤੋਂ ਕੁਝ ਚਿਰ ਪਹਿਲਾਂ ਜਾਗ ਜਾਂਦੇ ਸਨ। ਉਹ ਇਕ ਦੂਜੇ ਨੂੰ ਜੱਫ਼ੀ ਪਾ ਕੇ ਮਿਲਦੇ ਅਤੇ ਆਪਣੇ

ਵੱਖ ਵੱਖ ਰਾਹਾਂ 'ਤੇ ਤੁਰ ਪੈਂਦੇ ਸਨ। ਬਾਰਾਂ-ਮਕਾਨ ਤੋਂ ਜਾਣ ਤੋਂ ਪਹਿਲਾਂ ਉਹ ਆਪਣੀ ਅਗਲੀ ਮੰਜ਼ਿਲ ਬਾਰੇ ਕੁਝ ਨਹੀਂ ਦਸਦੇ ਸਨ।'

ਕਾਮਰੇਡ ਜੋਸ਼ 1925 ਵਿਚ 'ਕਿਰਤੀ' ਰਸਾਲੇ ਵਿਚ ਆ ਗਏ। 1935 ਵਿਚ ਮਾਸਕ ਪੱਤਰ ਦਾ ਨਾਂ 'ਪ੍ਰਭਾਤ' ਰੱਖ ਦਿੱਤਾ ਗਿਆ। ਸੋਹਣ ਸਿੰਘ ਜੋਸ਼ ਇਸ ਦੇ ਸੰਪਾਦਕ ਅਤੇ ਪ੍ਰਕਾਸ਼ਕ ਸਨ।

ਸੁਤੰਤਰਤਾ-ਸੰਗਰਾਮੀ ਅਰਜਨ ਸਿੰਘ ਗੜਗੱਜ ਆਪਣੀ ਸਵੈ-ਜੀਵਨੀ 'ਮੇਰਾ ਆਪਣਾ ਆਪ' ਵਿਚ ਲਿਖਦੇ ਹਨ ਕਿ ਸ. ਜੋਸ਼ ਸਮੇਤ ਇਸ ਦੇ ਸੰਪਾਦਕਾਂ ਨੂੰ ਜਾਨ ਦੇ ਖ਼ਤਰੇ ਦੇ ਬਾਵਜੂਦ, 'ਕਿਰਤੀ' ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕੀਤਾ ਜਾਂਦਾ ਸੀ। ਉਹ ਇਹ ਵੀ ਲਿਖਦੇ ਹਨ ਕਿ ਭਗਤ ਸਿੰਘ ਨੇ 'ਕਿਰਤੀ' ਦੇ ਸੰਪਾਦਕੀ ਬੋਰਡ ਵਿਚ ਕੰਮ ਕੀਤਾ, ਜਦੋਂ ਇਹ ਹਾਲ ਗੇਟ ਦੇ ਬਾਹਰ ਉਂਕਾਰ ਪ੍ਰੈਸ ਤੋਂ ਪ੍ਰਕਾਸ਼ਿਤ ਕੀਤਾ ਜਾਂਦਾ ਸੀ।

1925 ਵਿਚ ਭਗਤ ਸਿੰਘ ਲਾਹੌਰ ਚਲਾ ਗਿਆ ਅਤੇ ਉਥੇ ਹੋਰ ਸਾਥੀਆਂ ਨਾਲ ਮਿਲ ਕੇ ਇਕ ਹਥਿਆਰਬੰਦ ਨੌਜਵਾਨ ਜਥੇਬੰਦੀ ਸੰਗਠਿਤ ਕੀਤੀ ਜਿਸ ਦਾ ਨਾਂ ਸੀ-ਨੌਜਵਾਨ ਭਾਰਤ ਸਭਾ।

ਅਗਲੇ ਅਪ੍ਰੈਲ ਮਹੀਨੇ ਵਿਚ ਭਗਤ ਸਿੰਘ ਨੇ ਸੋਹਣ ਸਿੰਘ ਜੋਸ਼ ਅਤੇ ਵਰਕਰਜ਼ ਐਂਡ ਪਈਜੈਂਟਸ ਪਾਰਟੀ ਨਾਲ ਸਬੰਧ ਪੈਦਾ ਕਰ ਲਏ ਜੋ 'ਕਿਰਤੀ' ਨੂੰ ਪ੍ਰਕਾਸ਼ਿਤ ਕਰਦੀ ਸੀ। ਭਗਤ ਸਿੰਘ ਨੇ ਜੋਸ਼ ਨਾਲ ਮਿਲ ਕੇ 'ਕਿਰਤੀ' ਲਈ ਕੰਮ ਕੀਤਾ।

ਕਾਮਰੇਡ ਜੋਸ਼ ਦੇ ਪੋਤਰੇ ਡਾ. ਪਰਮਜੀਤ ਸਿੰਘ ਜੋਸ਼ ਕਹਿੰਦੇ ਹਨ ਕਿ ਭਗਤ ਸਿੰਘ ਉਦੋਂ ਤਕ ਉਨ੍ਹਾਂ ਦੇ ਦਾਦਾ ਜੀ ਦੇ ਸੰਪਰਕ ਵਿਚ ਰਹੇ ਜਦੋਂ ਤਕ ਕਿ ਉਸ ਨੂੰ ਲਾਹੌਰ ਸਾਜ਼ਿਸ਼ ਕੇਸ ਦੇ ਸਬੰਧ ਵਿਚ ਗ੍ਰਿਫ਼ਤਾਰ ਨਹੀਂ ਕਰ ਲਿਆ ਗਿਆ।

ਇਸ ਸਮੇਂ ਦੌਰਾਨ ਕਮਿਊਨਿਸਟ ਪਾਰਟੀ ਉਤੇ ਪਾਬੰਦੀ ਲੱਗੀ ਹੋਈ ਸੀ। ਗ਼ਦਰ ਪਾਰਟੀ ਨੇ 1926 ਵਿਚ 'ਕਿਰਤੀ' ਨੂੰ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ। ਸੋਹਣ ਸਿੰਘ ਜੋਸ਼ ਇਸ ਦੇ ਐਡੀਟਰ ਸਨ। 'ਕਿਰਤੀ' ਵਿਚ ਬਿਤਾਇਆ ਇਹ ਥੋੜ੍ਹਾ ਜਿਹਾ ਸਮਾਂ ਸੀ ਜਿਸ ਨੇ ਕਹਿੰਦੇ ਹਨ ਕਿ ਭਗਤ ਸਿੰਘ ਦੇ ਖਿਆਲ ਬਦਲ ਦਿੱਤੇ।

ਸੋਹਣ ਸਿੰਘ ਜੋਸ਼ ਨਾਲ ਮੇਲ-ਜੋਲ ਅਤੇ ਵਿਚਾਰ ਵਟਾਂਦਰਾ ਕਰਨ ਨਾਲ ਭਗਤ ਸਿੰਘ ਦੀ ਸੋਚ ਵਿਗਿਆਨਕ ਹੋ ਗਈ ਅਤੇ ਉਸ ਨੇ 'ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਆਰਮੀ' ਵਿਚ ਵੀ ਆਪਣੀਆਂ ਸਰਗਰਮੀਆਂ ਜਾਰੀ ਰੱਖੀਆਂ।

ਕਹਿੰਦੇ ਹਨ ਕਿ ਇਸ ਥੋੜ੍ਹੇ ਜਿਹੇ ਸਮੇਂ ਵਿਚ ਭਗਤ ਸਿੰਘ ਨੇ ਅਨੁਭਵ ਕਰ ਲਿਆ ਕਿ ਆਜ਼ਾਦੀ ਪ੍ਰਾਪਤ ਕਰਨ ਦਾ ਅਤੇ ਗਰੀਬ ਲੋਕਾਂ ਨੂੰ ਅਸਲ ਆਜ਼ਾਦੀ ਦੁਆਉਣ ਦਾ ਇਕੋ-ਇਕ ਰਾਹ ਹੈ ਕਿ ਸਮਾਜਵਾਦ ਸਥਾਪਿਤ ਕੀਤਾ ਜਾਏ।

## ਜੋ ਕੁਝ ਜੋਸ਼ ਨੇ ਲਿਖਿਆ

ਭਗਤ ਸਿੰਘ ਅਤੇ ਸੁਖਦੇਵ ਨੂੰ ਪਨਾਹ ਦੇਣ ਬਾਰੇ ਆਪਣਾ ਨਿੱਜੀ ਬਿਰਤਾਂਤ ਦਸਦੇ ਹੋਏ ਜੋਸ਼ ਆਪਣੀ ਸਵੈਜੀਵਨੀ 'ਮਾਈ ਟਰਿਸਟ ਵਿਦ ਸੈਕੂਲਰਿਜ਼ਮ' (ਧਰਮ



ਨਿਰਪੇਖਤਾ ਨਾਲ ਮੇਰੀ ਪ੍ਰਤੀਬੱਧਤਾ) ਵਿਚ ਲਿਖਦੇ ਹਨ, "17 ਦਸੰਬਰ ਨੂੰ ਲੌਢੇ ਵੇਲੇ ਕੁਝ ਇਨਕਲਾਬੀਆਂ ਨੇ ਪੁਲੀਸ ਹੈੱਡਕੁਆਰਟਰਜ਼ ਦੇ ਬਾਹਰ ਇਕ ਅੰਗਰੇਜ਼ ਅਫ਼ਸਰ ਨੂੰ ਮਾਰ ਦਿੱਤਾ। ਸ਼ਾਮ ਤਕ ਸਾਰੇ ਅੰਮ੍ਰਿਤਸਰ ਵਿਚ ਇਸ ਤਰ੍ਹਾਂ ਦੀਆਂ ਅਫ਼ਵਾਹਾਂ ਗਰਮ ਸਨ ਕਿ ਐੱਸ.ਐੱਸ.ਪੀ. ਸਕਾਟ ਜਾਂ ਸਾਂਡਰਸ ਮਾਰਿਆ ਗਿਆ ਹੈ। ਉਸ ਦੇ ਨਾਲ ਇਕ ਭਾਰਤੀ ਵੀ ਮਾਰ ਦਿੱਤਾ ਗਿਆ, ਜੋ ਮਨ੍ਹਾ ਕਰਨ ਦੇ ਬਾਵਜੂਦ ਹਮਲਵਰਾਂ ਦਾ ਪਿੱਛਾ ਕਰਦਾ ਰਿਹਾ।"

ਸ.ਜੋਸ਼ ਅੱਗੇ ਲਿਖਦੇ ਹਨ ਕਿ 'ਉਸੇ ਰਾਤ ਗਿਆਰਾਂ ਵਜੇ ਤੋਂ ਕੁਝ ਪਿੱਛੋਂ, ਇਸਲਾਮਾਬਾਦ ਵਿਚ ਬਾਰਾਂ-ਘਰਾਂ ਵਿਚ ਮੇਰੇ ਘਰ ਦੇ ਦਰਵਾਜ਼ੇ 'ਤੇ ਕਿਸੇ ਨੇ ਦਸਤਕ ਦਿੱਤੀ। ਮੈਂ ਘਰ ਵਿਚ ਇਕੱਲਾ ਸੀ ਕਿਉਂਕਿ ਮੇਰਾ ਪਰਿਵਾਰ ਜ਼ਿਲ੍ਹਾ ਅੰਮ੍ਰਿਤਸਰ ਵਿਚ ਮੇਰੇ ਪਿੰਡ ਚੇਤਨਪੁਰਾ ਵਿਚ ਗਿਆ ਹੋਇਆ ਸੀ। ਮੈਂ ਦਰਵਾਜ਼ਾ ਖੋਲ੍ਹਿਆ ਤੇ ਹੈਰਾਨ ਰਹਿ ਗਿਆ; ਭਗਤ ਸਿੰਘ ਤੇ ਸੁਖਦੇਵ ਦਰਵਾਜ਼ੇ ਵਿਚ ਖੜ੍ਹੇ ਸਨ। ਮੈਂ ਉਨ੍ਹਾਂ ਨੂੰ ਅੰਦਰ ਬੁਲਾ ਲਿਆ ਪਰ ਆਖਿਆ ਕਿ ਇਸ ਘਰ ਵਿਚ ਤੁਹਾਡਾ ਰਹਿਣਾ ਬੜੇ ਖ਼ਤਰੇ ਵਾਲੀ ਗੱਲ ਹੈ ਕਿਉਂਕਿ ਇੱਥੇ ਪੁਲੀਸ ਕਿਸੇ ਵੇਲੇ ਵੀ ਛਾਪਾ ਮਾਰ ਸਕਦੀ ਹੈ। ਪਰ ਭਗਤ ਸਿੰਘ ਬੋਲਿਆ, 'ਕੋਈ ਫ਼ਿਕਰ ਨਾ ਕਰੋ, ਅਸੀਂ ਸਾਰੇ ਬੰਦੋਬਸਤ ਕਰ ਲਏ ਹਨ।' ਉਹ ਕਹਿੰਦੇ 'ਸਾਨੂੰ ਭੁੱਖ ਲੱਗੀ ਹੋਈ ਹੈ। ਕੁਝ ਖਾਣ ਨੂੰ ਦਿਓ।'

ਮੈਂ ਉਨ੍ਹਾਂ ਨੂੰ ਦੋ ਰੋਟੀਆਂ ਕੁਝ ਸਬਜ਼ੀ ਅਤੇ ਦੁੱਧ ਦਾ ਇਕ ਗਲਾਸ ਦਿੱਤਾ। ਮੈਂ ਕਿਹਾ ਮੈਂ ਤੁਹਾਡੇ ਲਈ ਹੋਰ ਰੋਟੀਆਂ ਪਕਾ ਦਿੰਦਾ ਹਾਂ ਪਰ ਉਹ ਬੋਲੇ 'ਕੁਝ ਕਰਨ ਦੀ ਲੋੜ ਨਹੀਂ। ਅਸੀਂ ਗੱਲਾਂ ਕਰਾਂਗੇ ਤੇ ਸੌਂ ਜਾਵਾਂਗੇ।'

ਕਾਮਰੇਡ ਜੋਸ਼ ਅੱਗੇ ਲਿਖਦੇ ਹਨ ਕਿ 'ਭਗਤ ਸਿੰਘ ਦੇ ਸਿਰ 'ਤੇ ਹੈਟ ਸੀ ਅਤੇ ਉਸ ਨੇ ਅੰਗਰੇਜ਼ੀ ਸਟਾਈਲ ਦਾ ਸੂਟ ਪਹਿਨਿਆ ਹੋਇਆ ਸੀ। ਇਨ੍ਹਾਂ ਕਪੜਿਆਂ ਵਿਚ ਉਹ ਬਿਲਕੁਲ ਨਹੀਂ ਪਛਾਨਿਆ ਜਾਂਦਾ ਸੀ। ਸੁਖਦੇਵ ਨੇ ਵੀ ਅੰਗਰੇਜ਼ੀ ਹੈਟ ਤੇ ਸੂਟ ਪਹਿਨਿਆ ਹੋਇਆ ਸੀ। ਭਗਤ ਸਿੰਘ ਨੇ ਆਪਣਾ ਹੈਟ ਲਾਹਿਆ ਅਤੇ ਮੇਜ਼ ਉਤੇ ਰੱਖ ਦਿੱਤਾ। ਉਸ ਨੇ ਆਪਣਾ ਪਿਸਤੌਲ ਆਪਣੇ ਮੰਜੇ ਦੇ ਉਪਰ ਇਕ ਕਿੱਲੀ 'ਤੇ ਟੰਗ ਦਿੱਤਾ। ਫੇਰ ਥੋੜ੍ਹਾ ਜਿਹਾ ਖਾਣਾ ਖ਼ਤਮ ਕਰ ਕੇ ਉਸ ਨੇ ਇਕ ਦਮ ਮੈਨੂੰ ਪਹਿਲਾ ਸਵਾਲ ਪੁੱਛਿਆ, 'ਸਾਂਡਰਸ ਦੇ ਕਤਲ ਬਾਰੇ ਲੋਕਾਂ ਦਾ ਕੀ ਪ੍ਰਤੀਕਰਮ ਹੈ?' ਉਸ ਵੇਲੇ ਮੈਨੂੰ ਪਤਾ ਲੱਗਾ ਕਿ ਮਾਰਿਆ ਗਿਆ ਅੰਗਰੇਜ਼ ਅਫ਼ਸਰ ਸਾਂਡਰਸ ਸੀ।

'ਨੌਜਵਾਨ ਖ਼ੁਸ਼ ਹਨ।' ਮੈਂ ਜਵਾਬ ਦਿੱਤਾ। 'ਪਰ ਜੇ ਸਕਾਟ ਮਾਰਿਆ ਜਾਂਦਾ ਤਾਂ ਉਹ ਹੋਰ ਵੀ ਖ਼ੁਸ਼ ਹੁੰਦੇ।'

"ਅਸੀਂ ਗਏ ਤਾਂ ਉਹਦੇ ਮਗਰ ਹੀ ਸਾਂ, ਪਰ ਹੋਰ ਸ਼ੈਤਾਨ ਵਿਚ ਆ ਗਿਆ।" ਭਗਤ ਸਿੰਘ ਨੇ ਕਿਹਾ। "ਅਤੇ ਦੂਜੀ ਗੱਲ ਇਹ ਕਿ ਜਿੰਨੀ ਅਸੀਂ ਤਿਆਰੀ ਕੀਤੀ ਸੀ, ਅਸੀਂ ਖਾਲੀ ਹੱਥ ਨਹੀਂ ਜਾਣਾ ਚਾਹੁੰਦੇ ਸਾਂ।" ਫੇਰ ਉਸ ਨੇ ਕਿਹਾ, "ਕੁਝ ਵੀ ਹੋਵੇ, ਕੁਝ ਸ਼ੁਰੂਆਤ ਤਾਂ ਹੋਈ ਹੈ।"

ਜੋਸ਼ ਅਨੁਸਾਰ, ਭਗਤ ਸਿੰਘ ਇਹ ਵੀ ਜਾਣਨਾ ਚਾਹੁੰਦਾ ਸੀ ਕਿ ਸਾਂਡਰਸ ਦੇ ਮਰਨ ਬਾਰੇ ਲੋਕ ਕੀ ਸੋਚਦੇ ਹਨ। ਮਹਾਤਮਾ ਗਾਂਧੀ ਦੇ ਪੈਰੋਕਾਰਾਂ ਦੀ ਨੁਕਤਾਚੀਨੀ ਬਾਰੇ ਜਿਹੜੇ ਹਿੰਸਕ ਕਾਰਵਾਈਆਂ ਦੇ ਵਿਰੁੱਧ ਸਨ, ਭਗਤ ਸਿੰਘ ਬੋਲਿਆ, "ਸਾਨੂੰ ਇਸ ਦਾ ਪਹਿਲਾਂ ਹੀ ਪਤਾ ਸੀ। ਅਸੀਂ ਕਾਰਵਾਈ ਕਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਸੋਚ-ਵਿਚਾਰ ਕਰ ਲਈ ਸੀ।"

ਫੇਰ ਉਸ ਨੇ ਬੜੀ ਨਫ਼ਰਤ ਨਾਲ ਆਖਿਆ "ਗਾਂਧੀ ਨੇ ਅਸਹਿਯੋਗ ਅੰਦੋਲਨ ਨੂੰ ਵਾਪਸ ਲੈ ਕੇ ਦੇਸ਼ ਦੀ ਪਿੱਠ ਵਿਚ ਛੁਰਾ ਮਾਰਿਆ ਹੈ।"

ਇਸ ਸਾਰੇ ਵਾਰਤਾਲਾਪ ਵਿਚ, ਸੁਖਦੇਵ ਇਕ ਲਫ਼ਜ਼ ਵੀ ਨਹੀਂ ਬੋਲਿਆ।

****



## ਕਾਲਿਆਂਵਾਲਾ ਖੂਹ ਅਜਨਾਲਾ

ਅਜਨਾਲੇ ਦੇ ਸਰਹੱਦੀ ਕਸਬੇ ਨੇ, ਦੇਸ਼ ਨੂੰ ਅੰਗਰੇਜ਼ਾਂ ਦੇ ਪੰਜੇ 'ਚੋਂ ਛੁਡਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਪਰ ਜਾਪਦਾ ਹੈ ਕਿ 1857 ਦੀ ਕ੍ਰਾਂਤੀ ਵਿਚ ਫ਼ੌਜੀ ਜਵਾਨਾਂ ਵਲੋਂ ਕੀਤੀਆਂ ਮਹਾਨ ਕੁਰਬਾਨੀਆਂ ਨੂੰ ਦੇਸ਼ ਭੁੱਲ ਗਿਆ ਹੈ।

ਜਦੋਂ 1857 ਵਿਚ ਮੰਗਲ ਪਾਂਡੇ ਨੇ ਅੰਗਰੇਜ਼ਾਂ ਦੇ ਖ਼ਿਲਾਫ਼ ਬਗਾਵਤ ਦਾ ਬਿਗਲ ਵਜਾਇਆ, ਤਾਂ ਇਸ ਦੀ ਗੂੰਜ ਇਸ ਸਰਹੱਦੀ ਜ਼ਿਲ੍ਹੇ ਵਿਚ ਵੀ ਸੁਣਾਈ ਦਿੱਤੀ। ਲਾਹੌਰ ਵਿਚ ਤਾਇਨਾਤ 300 ਸਿਪਾਹੀਆਂ ਦੀ ਇਕ ਪਲਟਨ ਆਪਣੀਆਂ ਬੈਰਕਾਂ ਵਿਚੋਂ ਬਾਹਰ ਦੌੜ ਕੇ ਬਾਗੀ ਹੋ ਗਈ।

ਇਤਿਹਾਸ ਦਸਦਾ ਹੈ ਕਿ ਚੜ੍ਹੇ ਹੋਏ ਦਰਿਆ ਰਾਵੀ ਨੂੰ ਬਹਾਦਰੀ ਨਾਲ ਪਾਰ ਕਰ ਕੇ ਇਹ ਸਿਪਾਹੀ ਕਸਬਾ ਅਜਨਾਲੇ ਵਿਚ ਪਹੁੰਚ ਗਏ। ਕਿਸੇ ਤਰ੍ਹਾਂ ਅੰਮ੍ਰਿਤਸਰ ਦੇ ਤਤਕਾਲੀ ਡਿਪਟੀ ਕਮਿਸ਼ਨਰ ਫਰੈਡ੍ਰਿਕ ਕੂਪਰ ਨੂੰ ਇਸ ਘਟਨਾ ਦੀ ਸੂਹ ਲਗ ਗਈ। ਉਸ ਨੇ ਹੁਕਮ ਦਿੱਤਾ ਕਿ ਇਨ੍ਹਾਂ ਸਾਰੇ ਸਿਪਾਹੀਆਂ ਨੂੰ ਅਜਨਾਲੇ ਦੀ ਪੁਰਾਣੀ ਤਹਿਸੀਲ ਦੇ ਇਕ ਪਿੰਜਰੇ-ਨੁਮਾ ਕਮਰੇ ਵਿਚ ਬੰਦ ਕਰ ਦਿੱਤਾ ਜਾਏ। ਉਸ ਤੰਗ ਕਮਰੇ ਵਿਚ ਤਕਰੀਬਨ 200 ਸਿਪਾਹੀ ਸਾਹ ਘੁੱਟ ਕੇ ਮਰ ਗਏ। ਬਾਕੀ ਸਿਪਾਹੀਆਂ ਨੂੰ ਅਗਲੀ ਸਵੇਰ ਨੂੰ ਬੜੀ ਬੇਰਹਿਮੀ ਨਾਲ ਗੋਲੀਆਂ ਮਾਰ ਦਿੱਤੀਆਂ ਗਈਆਂ ਅਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਇਕ ਡੂੰਘੇ ਖੂਹ ਵਿਚ ਸੁੱਟ ਦਿੱਤਾ ਗਿਆ ਜਿਸ ਨੂੰ ਅੱਜਕੱਲ੍ਹ ਅਜਨਾਲੇ ਦਾ ਕਾਲਿਆਂ ਵਾਲਾ ਖੂਹ ਕਿਹਾ ਜਾਂਦਾ ਹੈ।

ਹੁਣ ਜਦੋਂ ਕਿ ਮੰਗਲ ਪਾਂਡੇ ਦੀ ਸ਼ੁਰੂ ਕੀਤੀ ਗਈ ਬਗਾਵਤ ਭਾਰਤੀ ਇਤਿਹਾਸ ਦਾ ਇਕ ਅੰਗ ਬਣ ਗਈ ਹੈ, ਲਾਹੌਰ ਕੈਂਪ ਦੇ ਇਨ੍ਹਾਂ ਬਾਗੀ ਸਿਪਾਹੀਆਂ ਦੀ ਕੁਰਬਾਨੀ ਨੂੰ ਭੁਲਾ ਦਿੱਤਾ ਗਿਆ ਹੈ। ਉਨ੍ਹਾਂ ਦੀ ਕੋਈ ਢੁਕਵੀਂ ਯਾਦਗਾਰ ਬਣਾਉਣੀ ਤਾਂ ਰਹੀ ਇਕ ਪਾਸੇ, ਉਨ੍ਹਾਂ ਨੂੰ ਕੋਈ ਯਾਦ ਵੀ ਨਹੀਂ ਕਰਦਾ। ਇਹ ਭਾਰਤੀ ਬਗਾਵਤ 1857 ਵਿਚ ਅੰਗਰੇਜ਼ੀ ਰਾਜ ਵਿਰੁੱਧ ਇਕ ਕਿਸਾਨੀ ਤੇ ਫ਼ੌਜੀ ਬਗਾਵਤ ਬਣ ਗਈ ਸੀ। ਬਹੁਤ ਸਾਰੇ ਲੋਕ ਇਸ ਬਗਾਵਤ ਨੂੰ ਭਾਰਤੀ ਆਜ਼ਾਦੀ ਦੀ ਪਹਿਲੀ ਜੰਗ ਕਹਿੰਦੇ ਹਨ। ਇਸ ਬਗਾਵਤ ਨੇ ਨਸਲੀ ਨਫ਼ਰਤ ਦਾ ਇਕ ਐਸਾ ਮਾਹੌਲ ਬਣਾ ਦਿੱਤਾ ਜੋ ਸ਼ਾਸਕ ਅਤੇ ਸ਼ਾਸਿਤ ਲੋਕਾਂ ਦੇ ਰਿਸ਼ਤਿਆਂ ਦੇ ਹਰ ਖੇਤਰ ਵਿਚ ਫੈਲ ਗਿਆ।

ਇਤਿਹਾਸਕ ਕਾਲਿਆਂ ਵਾਲੇ ਖੂਹ ਅਤੇ ਅਜਨਾਲੇ ਦੀ ਪੁਰਾਣੀ ਤਹਿਸੀਲ ਨੂੰ ਜਾ ਕੇ ਵੇਖਿਆਂ ਪਤਾ ਲਗਦਾ ਹੈ ਕਿ ਇਨ੍ਹਾਂ ਵਿਰਾਸਤੀ ਅਸਥਾਨਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਜਿਸ ਇਤਿਹਾਸਕ ਖੂਹ ਨੂੰ 1857 ਵਿਚ ਬਾਗੀ ਸਿਪਾਹੀਆਂ ਦੀਆਂ ਲਾਸ਼ਾਂ ਨਾਲ ਭਰ ਦਿੱਤਾ ਗਿਆ ਸੀ, ਪਿਛਲੀ ਡੇਢ੍ਹ ਸਦੀ ਤੋਂ ਅਣਗੌਲਿਆ ਪਿਆ ਹੈ।

ਕਿਹਾ ਜਾਂਦਾ ਹੈ ਕਿ 1857 ਦੇ ਗ਼ਦਰ ਵਿਚ 300 ਜਵਾਨਾਂ ਨੇ ਬਗਾਵਤ ਕਰ ਦਿੱਤੀ ਸੀ। ਇਹ ਬਗਾਵਤ ਉੱਤਰ ਪ੍ਰਦੇਸ਼ ਵਿਚ ਸ਼ੁਰੂ ਹੋਈ ਸੀ। ਇਹ 300 ਫ਼ੌਜੀ ਜਵਾਨ, ਜਿਹੜੇ ਬਗਾਵਤ ਕਰ ਕੇ ਲਾਹੌਰ ਤੋਂ ਭੱਜੇ ਸਨ, ਦਰਿਆ ਰਾਵੀ ਦੇ ਕਿਨਾਰੇ ਕਿਨਾਰੇ ਸਫ਼ਰ ਕਰ ਕੇ ਪਹਿਲਾਂ ਫ਼ਤਿਹਵਾਲ ਤੇ ਫੇਰ ਲੱਖੋਵਾਲ ਪਹੁੰਚੇ ਸਨ। ਉਨ੍ਹਾਂ ਨੂੰ ਉਸ ਵੇਲੇ ਦੇ ਤਹਿਸੀਲਦਾਰ ਨੇ ਪੁਰਾਣੀ ਤਹਿਸੀਲ ਵਿਚ ਰੱਖਿਆ। ਇਹ ਘਟਨਾ 3 ਜੂਨ 1857 ਦੀ ਹੈ।

ਪੁਰਾਣੀ ਤਹਿਸੀਲ ਦਾ ਖੁੱਲ੍ਹਾ-ਡੁੱਲ੍ਹਾ ਅਹਾਤਾ, ਜਿੱਥੇ ਬਾਗੀਆਂ ਨੂੰ ਰੱਖਿਆ ਗਿਆ ਸੀ, ਹੁਣ ਇਕ ਉਜਾੜ ਥਾਂ ਬਣ ਗਿਆ ਹੈ। ਬਿਨਾਂ-ਸ਼ੱਕ ਸੂਬਾ ਸਰਕਾਰ ਨੇ ਇਸ ਜਗ੍ਹਾ ਨੂੰ 'ਸੁਰੱਖਿਅਤ ਇਮਾਰਤ' ਐਲਾਨ ਕਰ ਦਿੱਤਾ ਹੈ, ਪਰ ਨਾਜਾਇਜ਼ ਤੌਰ 'ਤੇ ਜ਼ਮੀਨ ਮੱਲਣ ਵਾਲਿਆਂ ਦੀ ਭੀੜ ਲੱਗੀ ਹੋਈ ਹੈ।

ਪੁਰਾਣੀ ਤਹਿਸੀਲ ਦੇ ਸਾਹਮਣੇ ਲੱਗੇ ਹੋਏ ਵੱਡੇ ਸਾਰੇ ਬੋਰਡ ਉਤੇ ਲਿਖਿਆ ਹੈ ਕਿ "ਇਹ ਜਗ੍ਹਾ ਪੰਜਾਬ ਪੁਰਾਤਨ ਅਤੇ ਇਤਿਹਾਸਕ ਇਮਾਰਤਾਂ, ਪੁਰਾਣੀਆਂ ਥਾਵਾਂ ਅਤੇ ਨਿਸ਼ਾਨੀਆਂ ਸਬੰਧੀ 1964 ਦੇ ਐਕਟ ਅਧੀਨ ਸੁਰੱਖਿਅਤ ਹੈ, ਜਿਹੜਾ ਵਿਅਕਤੀ ਕਿਸੇ ਤਰ੍ਹਾਂ ਵੀ ਇਸ ਇਮਾਰਤ ਨੂੰ ਢਾਹੇਗਾ, ਵਿਗਾੜੇਗਾ, ਬਦਲੇਗਾ, ਬਦਸ਼ਕਲ ਕਰੇਗਾ, ਨੁਕਸਾਨ ਪਹੁੰਚਾਏਗਾ, ਉਹ ਸਜ਼ਾ ਦਾ ਭਾਗੀ ਹੋਏਗਾ। ਇਹ ਸਜ਼ਾ ਜੁਰਮਾਨਾ ਜਾਂ ਤਿੰਨ ਮਹੀਨੇ ਦੀ ਕੈਦ ਹੋ ਸਕਦੀ ਹੈ ਜਾਂ ਦੋਵੇਂ ਸਜ਼ਾਵਾਂ ਇਕੱਠੀਆਂ ਹੋ ਸਕਦੀਆਂ ਹਨ।"

ਪਰ ਡਿਪਟੀ ਕਮਿਸ਼ਨਰ ਦੀ ਮੋਹਰ ਅਧੀਨ ਜਾਰੀ ਹੋਏ ਇਸ ਹੁਕਮ ਦੀ ਸ਼ਰੇਆਮ ਉਲੰਘਣਾ ਹੋ ਰਹੀ ਹੈ। 'ਸੁਰੱਖਿਅਤ ਇਮਾਰਤ' ਦੀ ਚਾਰਦੀਵਾਰੀ ਦੇ ਨਾਲ ਨਾਲ ਖੋਖੇ ਬਣੇ ਹੋਏ ਹਨ। ਇਸ ਵਿਰਾਸਤੀ ਇਮਾਰਤ ਦੇ ਅੰਦਰ ਤੇ ਬਾਹਰ ਕੂੜੇ-ਕਰਕਟ ਦੇ ਢੇਰ ਲੱਗੇ ਹੋਏ ਹਨ। ਇਸ ਤੋਂ ਵੀ ਬੁਰੀ ਗੱਲ ਇਹ ਹੈ ਕਿ ਬੀ.ਐੱਸ.ਐੱਨ.ਐੱਲ. ਨੇ ਤਹਿਸੀਲ ਦੇ ਅਹਾਤੇ ਅੰਦਰ ਆਪਣਾ ਟਾਵਰ ਗੱਡ ਦਿੱਤਾ ਹੈ, ਜਿਸ ਨਾਲ ਇਮਾਰਤ ਨੂੰ ਖ਼ਤਰਾ ਪੈਦਾ ਹੋ ਗਿਆ ਹੈ। ਬੀ.ਐੱਸ.ਐੱਨ.ਐੱਲ. ਦੀਆਂ ਉਪਰੋਂ ਦੀ ਲੰਘ ਰਹੀਆਂ ਤਾਰਾ ਨੇ ਵਿਰਾਸਤੀ ਇਮਾਰਤ ਦਾ ਮੂੰਹ ਮੱਥਾ ਵਿਗਾੜ ਦਿੱਤਾ ਹੈ।

ਹੁਣ ਟੈਲੀਫ਼ੋਨ ਦਫ਼ਤਰ ਭਾਵੇਂ ਨੇੜੇ ਬਣੀ ਇਕ ਨਵੀਂ ਇਮਾਰਤ ਵਿਚ ਬਦਲ ਦਿੱਤਾ ਗਿਆ ਹੈ ਪਰ ਟਾਵਰ ਨੂੰ ਹਟਾਉਣ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ। ਪੁਰਾਣੀ ਤਹਿਸੀਲ ਦੀਆਂ ਚਾਬੀਆਂ, ਕਹਿੰਦੇ ਹਨ ਕਿ ਬੀ.ਐੱਸ.ਐੱਨ.ਐੱਲ. ਦੇ ਕਰਮਚਾਰੀਆਂ ਕੋਲ ਹਨ।

ਸ਼ਹਿਰ ਦੇ ਬਜ਼ੁਰਗ ਕਹਿੰਦੇ ਹਨ ਕਿ ਇਹ ਵਿਰਾਸਤੀ ਇਮਾਰਤ ਆਜ਼ਾਦੀ ਤੋਂ ਬਾਅਦ ਕਈ ਚਿਰ ਤਹਿਸੀਲਦਾਰ ਤੇ ਖ਼ਜ਼ਾਨਾ ਅਫ਼ਸਰ ਦੀ ਰਿਹਾਇਸ਼ ਤੇ ਦਫ਼ਤਰ ਬਣੀ ਰਹੀ ਅਤੇ ਉੱਨੀ-ਸੌ-ਅੱਸੀਵਿਆਂ ਦੇ ਅੰਤ ਤਕ ਇਸ ਇਮਾਰਤ ਦੀ ਹਾਲਤ ਚੰਗੀ ਸੀ।

## ਆਜ਼ਾਦੀ ਦੀ ਪਹਿਲੀ ਜੰਗ



ਭਾਵੇਂ ਕਈ ਲੋਕ 1857 ਦੇ ਗ਼ਦਰ ਨੂੰ ਮਹਿਜ਼ ਫ਼ੌਜੀਆਂ ਦੀ ਬਗਾਵਤ, ਜਾਂ ਕੇਵਲ ਹਲਚਲ ਜਾਂ ਕਿਸਾਨਾਂ ਦੀ ਅਸੰਗਠਿਤ ਬਗਾਵਤ ਜਾਂ ਅੰਗਰੇਜ਼ਾਂ ਵੱਲੋਂ ਭਾਰਤੀਆਂ ਦੇ ਧਾਰਮਕ ਹੱਕਾਂ ਦੀ ਉਲੰਘਣਾ ਵਿਰੁੱਧ ਰੋਸ ਆਦਿ ਕਹਿ ਕੇ ਨਕਾਰ ਦਿੰਦੇ ਹਨ ਪਰ ਬਾਅਦ ਵਿਚ ਇਸ ਨੂੰ ਭਾਰਤੀ ਆਜ਼ਾਦੀ ਦੀ ਪਹਿਲੀ ਜੰਗ ਵਜੋਂ ਮਾਨਤਾ ਦੇ ਦਿੱਤੀ ਗਈ। ਇਸ ਤੋਂ ਇਲਾਵਾ ਵਿਸ਼ਾਲ ਰੂਪ ਵਿਚ ਦੇਖੀਏ ਤਾਂ ਇਹ ਗ਼ਦਰ ਸਮੁੱਚੀ ਉੱਨੀਵੀਂ ਸਦੀ ਵਿਚ ਬਸਤੀਵਾਦੀ ਰਾਜ ਵਿਰੁੱਧ ਇਕ ਬਹੁਤ ਵੱਡੀ ਹਥਿਆਰਬੰਦ ਵੰਗਾਰ ਸੀ।

ਇਸ ਬਗਾਵਤ ਵਿਚ ਹਰ ਖੇਤਰ ਦੇ ਭਾਰਤੀ ਸ਼ਾਮਲ ਹੋਏ। ਇਸ ਕ੍ਰਾਂਤੀ ਨੇ ਬੁਨਿਆਦੀ ਸਮਾਜਕ ਅਤੇ ਆਰਥਿਕ ਸੁਧਾਰਾਂ ਲਈ ਆਵਾਜ਼ ਬੁਲੰਦ ਕੀਤੀ ਅਤੇ ਇਕ ਨਵੇਂ ਸਮਾਜ ਦੀ ਸਿਰਜਣਾ ਦਾ ਬੁਲਾਵਾ ਦਿੱਤਾ ਜੋ ਵਧੇਰੇ ਲੋਕਤੰਤਰੀ ਅਤੇ ਲੋਕਾਂ ਦੀਆਂ ਜ਼ਰੂਰੀ ਮੰਗਾਂ ਦੀ ਪ੍ਰਤੀਨਿਧਤਾ ਕਰੇਗਾ।

****

# ਸਰਹੱਦੀ ਵਿਰਸੇ ਦੀ ਤਬਾਹੀ

ਪੰਜਾਬ ਸਿੰਘ ਕੁੰਮੇਦਾਨ ਦੀ ਹਵੇਲੀ ਅਤੇ ਸਮਾਧ ਵੱਲ ਵਰਤੀ ਗਈ ਅਣਗਹਿਲੀ, ਇਸ ਕਿਸਮ ਦਾ ਇਕ ਮਾਮਲਾ ਹੈ। ਵਿਰਾਸਤੀ ਅਸਥਾਨਾਂ ਦੀ ਅਦ੍ਰਿਸ਼ਤਾ ਨੇ ਇਸ ਸਰਹੱਦੀ ਜ਼ਿਲ੍ਹੇ ਦੀ ਸੈਰ-ਸਪਾਟਾ-ਸਮਰਥਾ ਨੂੰ ਬਹੁਤ ਵੱਡਾ ਨੁਕਸਾਨ ਪਹੁੰਚਾਇਆ ਹੈ। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਅੰਮ੍ਰਿਤਸਰ ਵਿਚ ਪੂਰਵ-ਇਤਿਹਾਸ ਅਤੇ ਮਧਕਾਲੀਨ ਸਮੇਂ ਦੀਆਂ ਕਈ ਨਿਸ਼ਾਨੀਆਂ ਸਨ, ਜਿਨ੍ਹਾਂ ਦੀ ਸਬੰਧਿਤ ਵਿਭਾਗਾਂ ਨੇ ਸੰਭਾਲ ਨਹੀਂ ਕੀਤੀ। ਪਿੰਡ ਰਸੂਲਪੁਰ ਵਿਚ ਇਕ ਵੱਡਾ ਸਾਰਾ ਢਾਹਾ ਹੁੰਦਾ ਸੀ ਜਿਸ ਵਿਚੋਂ ਪੁਰਾਣੇ ਸਮੇਂ ਦੇ ਭਾਂਡਿਆਂ ਦੀਆਂ ਠੀਕਰੀਆਂ ਨਿਕਲੀਆਂ ਸਨ। ਹੁਣ ਉਹ ਢਾਹਾ ਐਨ ਪੱਧਰਾ ਕਰ ਦਿੱਤਾ ਗਿਆ ਹੈ ਤੇ ਉੱਥੇ ਖੇਤ ਬਣ ਗਏ ਹਨ। ਉਥੇ ਹੁਣ ਕੋਈ ਪੁਰਾਣੀ ਨਿਸ਼ਾਨੀ ਨਹੀਂ ਰਹੀ। ਕਿਸੇ ਨੇ ਵੀ ਇਸ ਪੁਰਾਣੇ ਢਾਹੇ ਨੂੰ ਬਚਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਜ਼ਿਮੀਂਦਾਰਾਂ ਨੇ ਇਸ ਢਾਹੇ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਹੈ।

ਅੰਮ੍ਰਿਤਸਰ ਵਿਚੋਂ ਹੁਣ ਕਿਉਂਕਿ ਸਾਰੀਆਂ ਵਿਰਾਸਤੀ ਥਾਵਾਂ ਖ਼ਤਮ ਕਰ ਦਿੱਤੀਆਂ ਗਈਆਂ ਹਨ, ਇਸ ਲਈ ਬਾਹਰੋਂ ਆਇਆ ਯਾਤਰੀ ਸ੍ਰੀ ਦਰਬਾਰ ਸਾਹਿਬ, ਦੁਰਗਿਆਣਾ ਮੰਦਰ ਤੇ ਜੱਲਿਆਂਵਾਲਾ ਬਾਗ ਦੇ ਦਰਸ਼ਨ ਕਰ ਕੇ ਅਤੇ ਵਾਹਗੇ ਦੀ ਵਿਸਰਾਮ ਪਰੇਡ (ਰੀਟਰੀਟ ਸੈਰੇਮਨੀ) ਦੇਖ ਕੇ ਤੁਰ ਜਾਂਦਾ ਹੈ।

ਜੇ ਵਿਰਾਸਤੀ ਅਸਥਾਨਾਂ ਨੂੰ ਕਾਇਮ ਰੱਖਿਆ ਜਾਂਦਾ ਤਾਂ ਬਾਹਰੋਂ ਆਇਆ ਯਾਤਰੀ ਅੰਮ੍ਰਿਤਸਰ ਵਿਚ ਕੁਝ ਹੋਰ ਦਿਨ ਬਿਤਾ ਸਕਦਾ ਸੀ। ਜਿਨ੍ਹਾਂ ਪੁਰਾਣੀਆਂ ਇਮਾਰਤਾਂ ਦੀ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਜਰਨੈਲਾਂ ਨੇ ਸਾਂਭ-ਸੰਭਾਲ ਕੀਤੀ ਸੀ, ਉਨ੍ਹਾਂ ਨੂੰ ਉਨ੍ਹਾਂ ਦੇ ਵਾਰਸਾਂ ਨੇ ਅਤੇ ਪਿੱਛੋਂ ਆਈਆਂ ਰਾਜ ਸਰਕਾਰਾਂ ਨੇ ਨਜ਼ਰਅੰਦਾਜ਼ ਕਰ ਦਿੱਤਾ।

ਪਾਕਿਸਤਾਨ ਦੀ ਸਰਹੱਦ ਤੋਂ ਕੁਝ ਕਿਲੋਮੀਟਰ ਦੂਰ ਪਿੰਡ ਰਸੂਲਪੁਰ ਵਿਚ ਜਾਓ ਤਾਂ ਤੁਹਾਨੂੰ ਪਤਾ ਲਗੇਗਾ ਕਿ ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਸ. ਪੰਜਾਬ ਸਿੰਘ ਕੁੰਮੇਦਾਨ ਦੀ ਸਮਾਧ ਵਿਚ ਜੋ ਕੰਧ ਚਿਤਰ ਬਣੇ ਹੋਏ ਸਨ, ਉਹ ਐਨੀ ਬੁਰੀ ਤਰ੍ਹਾਂ ਖਰਾਬ ਹੋ ਗਏ ਹਨ ਕਿ ਹੁਣ ਉਨ੍ਹਾਂ ਨੂੰ ਸਵਾਰਿਆ ਨਹੀਂ ਜਾ ਸਕਦਾ। ਇਕ ਵਾਰੀ ਇਨ੍ਹਾਂ ਕੰਧ-ਚਿਤਰਾਂ ਨੂੰ ਸਾਫ਼ ਕਰਨ ਦੀ ਕੋਸ਼ਿਸ਼ ਕੀਤੀ ਗਈ, ਉਸ ਨਾਲ ਇਹ ਚਿਤਰ ਹੋਰ ਵੀ ਖਰਾਬ ਹੋ ਗਏ। ਸਮਾਧ ਦੇ ਹੇਠਲੇ ਹਿੱਸੇ ਨੂੰ ਕਲੀ ਕਰਨ ਨਾਲ ਕਈ ਕੰਧ-ਚਿਤਰ ਖ਼ਤਮ ਹੋ ਗਏ ਹਨ। ਸਮਾਧ ਦੇ ਗੁੰਬਦ ਦੇ ਨੇੜੇ ਕੁਝ ਫੁੱਲਾਂ ਦੇ ਡਿਜ਼ਾਈਨ ਅਤੇ ਛੋਟੀਆਂ ਗੁਮਟੀਆਂ ਦੇ ਚਿਤਰ ਉਲੀਕੇ ਹੋਏ ਸਨ। ਇਹ ਸਮਾਧ ਨਾਨਕਸ਼ਾਹੀ ਇੱਟਾਂ ਦੀ ਬਣੀ ਹੋਈ ਹੈ। ਇਸ ਦੇ ਪੂਰਬ, ਪੱਛਮ ਅਤੇ ਉੱਤਰ, ਦੱਖਣ



ਵਿਚ ਦਰਵਾਜ਼ੇ ਹਨ। ਸ. ਪੰਜਾਬ ਸਿੰਘ ਦੀਆਂ ਅਸਥੀਆਂ ਸਮਾਧ ਵਿਚ ਦਫ਼ਨ ਕੀਤੀਆਂ ਗਈਆਂ ਹਨ।

ਪਿੰਡ ਰਸੂਲਪੁਰ ਨੂੰ ਪਟਵਾਰੀ ਦੇ ਰਿਕਾਰਡ ਵਿਚ ਬੀੜ ਤੇਜਾ ਸਿੰਘ ਲਿਖਿਆ ਹੋਇਆ ਹੈ। ਇਹ ਬੀੜ ਅਟਾਰੀ-ਝਬਾਲ ਸੜਕ 'ਤੇ, ਹਿੰਦ-ਪਾਕਿ ਅੰਤਰਰਾਸ਼ਟਰੀ ਸਰਹੱਦ ਦੇ ਨੇੜੇ ਸੜਕ ਦੇ ਪੱਛਮ ਵਲ ਪੰਜ ਕਿਲੋਮੀਟਰ ਦੇ ਫਾਸਲੇ 'ਤੇ ਸਥਿਤ ਹੈ। ਇਹ ਇਲਾਕਾ ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਸ. ਤੇਜਾ ਸਿੰਘ ਦੀ ਮਲਕੀਅਤ ਸੀ। ਉਸ ਨੇ ਇਹ ਜ਼ਮੀਨ ਸ. ਪੰਜਾਬ ਸਿੰਘ ਕੁੰਮੇਦਾਨ ਨੂੰ ਤੋਹਫ਼ੇ ਵਜੋਂ ਦੇ ਦਿੱਤੀ ਸੀ। ਸ. ਪੰਜਾਬ ਸਿੰਘ ਨੇ ਪਿੰਡ ਵਿਚ ਰਿਹਾਇਸ਼ ਲਈ ਇੱਥੇ ਕਿਲੇ-ਨੁਮਾ ਇਕ ਹਵੇਲੀ ਬਣਾ ਲਈ ਸੀ। ਹਵੇਲੀ ਦੇ ਖੰਡਰ ਹੁਣ ਵੀ ਦੇਖੇ ਜਾ ਸਕਦੇ ਹਨ। ਪੰਜਾਬ ਸਿੰਘ ਕੁੰਮੇਦਾਨ ਦੀ ਆਲੀਸ਼ਾਨ ਹਵੇਲੀ ਦੇ ਇਕ ਵੱਡੇ ਹਿੱਸੇ ਨੂੰ, ਉਸ ਦੇ ਵਾਰਸਾਂ ਨੇ ਮੁਰੰਮਤ ਕਰ ਕੇ ਰਿਹਾਇਸ਼ ਲਈ ਨਵਾਂ ਰੂਪ ਦੇ ਦਿੱਤਾ ਹੈ।

ਕੁਝ ਸਮਾਂ ਪਹਿਲਾਂ, ਇਕ ਪੁਰਾਤੱਤਵ-ਪ੍ਰੇਮੀ ਸ੍ਰੀ ਦੇਵ ਦਰਦ ਦੇ ਕਹਿਣ 'ਤੇ ਪੰਜਾਬ ਪੁਰਾਤੱਤਵ ਵਿਭਾਗ ਦੀ ਇਕ ਟੀਮ ਇਸ ਪਿੰਡ ਨੂੰ ਦੇਖਣ ਆਈ।

ਪ੍ਰਸਿੱਧ ਸਿੱਖ ਇਤਿਹਾਸਕਾਰ ਬਾਬਾ ਪ੍ਰੇਮ ਸਿੰਘ ਹੋਤੀ ਨੇ ਆਪਣੀ ਪੁਸਤਕ 'ਸਿੱਖ ਰਾਜ ਦੇ ਉਸਰੱਈਏ' ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ, ਪੰਜਾਬ ਸਿੰਘ ਕੁੰਮੇਦਾਨ ਦੇ ਯੋਗਦਾਨ ਦੀ ਬਹੁਤ ਪ੍ਰਸੰਸਾ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਕੁੰਮੇਦਾਨ, ਮਹਾਰਾਜੇ ਦਾ ਨਜ਼ਦੀਕੀ ਭਰੋਸੇਯੋਗ ਵਿਅਕਤੀ ਸੀ। ਪੰਜਾਬ ਸਿੰਘ ਕੁਝ ਉਨ੍ਹਾਂ ਵੱਡੇ ਸਰਦਾਰਾਂ ਵਿਚ ਸ਼ਾਮਲ ਸੀ ਜਿਨ੍ਹਾਂ ਨੂੰ ਸਿੱਖ ਰਾਜ ਸਮੇਂ ਵੱਡੀਆਂ ਵੱਡੀਆਂ ਜਗੀਰਾਂ ਮਿਲੀਆਂ।

ਉਸ ਨੇ 32 ਜੰਗਾਂ ਵਿਚ ਭਾਗ ਲਿਆ। ਉਸ ਦੇ ਪੁੱਤਰ ਜਵਾਲਾ ਸਿੰਘ ਅਤੇ ਆਲਾ ਸਿੰਘ ਵੀ ਮਹਾਨ ਸਿੱਖ ਸੂਰਮੇ ਸਨ। ਪੰਜਾਬ ਸਿੰਘ ਕੁੰਮੇਦਾਨ ਦਾ ਇਕ ਵੰਸ਼ਜ, ਪੁਰਾਣੀ ਵਿਰਾਸਤੀ ਹਵੇਲੀ ਦੇ ਇਕ ਹਿੱਸੇ ਨੂੰ ਨਵਾਂ ਰੂਪ ਦੇ ਕੇ, ਉਸ ਵਿਚ ਰਹਿ ਰਿਹਾ ਹੈ।

ਉਸ ਨੇ ਅੰਮ੍ਰਿਤਸਰ ਪਲੱਸ ਟੀਮ ਨੂੰ ਪੁਰਾਣੀ ਇਮਾਰਤ ਦੇ ਖੰਡਰ ਦਿਖਾਏ। ਉਸ ਨੇ ਉਹ ਥਾਂ ਵੀ ਦਿਖਾਈ ਜਿੱਥੇ ਹਵੇਲੀ ਦਾ ਵੱਡਾ ਦਰਵਾਜ਼ਾ ਅਤੇ ਵੱਡੀਆਂ-ਵੱਡੀਆਂ ਕੰਧਾਂ ਸਨ। ਹਵੇਲੀ ਅਤੇ ਉਸ ਦੇ ਦਰਵਾਜ਼ੇ ਨਾਨਕਸ਼ਾਹੀ ਇੱਟਾਂ ਦੇ ਬਣੇ ਹੋਏ ਸਨ। ਦੇਵ ਦਰਦ ਨੇ ਹਵੇਲੀ ਦੇ ਕੁਝ ਹੋਰ ਹਿੱਸੇ ਵੀ ਦਿਖਾਏ ਜਿਹੜੇ ਅਜੇ ਤਕ ਕਾਇਮ ਹਨ। ਉਸ ਨੇ ਦੱਸਿਆ ਕਿ ਦੇਸ਼-ਵੰਡ ਤੋਂ ਬਾਅਦ, ਪਾਕਿਸਤਾਨ ਨੂੰ ਜਾਣ ਵਾਲੇ ਮੁਸਲਮਾਨ ਕੁਝ ਸਮਾਂ ਇਸ ਵਿਰਾਸਤੀ ਹਵੇਲੀ ਵਿਚ ਰਹੇ ਸਨ। ਹਵੇਲੀ ਦਾ ਅਸਲ ਢਾਂਚਾ ਦੇਸ਼-ਵੰਡ ਤੋਂ ਪਹਿਲਾਂ ਹੀ ਵਿਗੜਨਾ ਸ਼ੁਰੂ ਹੋ ਗਿਆ ਸੀ।

ਇਹ ਆਲੀਸ਼ਾਨ ਹਵੇਲੀ ਹੌਲੀ-ਹੌਲੀ ਡਿਗਣੀ ਸ਼ੁਰੂ ਹੋਈ। ਹਵੇਲੀ ਤੋਂ ਬਾਹਰ ਇਕ ਸ਼ਾਨਦਾਰ ਸਰਾਂ ਵੀ ਬਣਾਈ ਗਈ ਸੀ, ਜਿਹੜੀ ਹੁਣ ਢਹਿ ਰਹੀ ਹੈ।

ਸਮਾਧ ਦੇ ਨੇੜੇ ਨਾਨਕਸ਼ਾਹੀ ਇੱਟਾਂ ਦਾ ਬਣਿਆ ਹੋਇਆ ਇਕ ਖੂਹ ਹੈ। ਪਾਣੀ ਦਾ ਤਲ ਹੇਠਾਂ ਜਾਣ ਕਰ ਕੇ ਇਹ ਖੂਹ ਸੁੱਕ ਗਿਆ ਹੈ।

ਉਸ ਸਮੇਂ ਦੀ ਇਕ ਹੋਰ ਪੁਰਾਣੀ ਇਮਾਰਤ ਬਾਬਾ ਹੀਰਾ ਦਾਸ ਨਾਲ ਸਬੰਧਿਤ ਹੈ। ਹੀਰਾ ਦਾਸ ਨੂੰ ਪਿੰਡ ਰਸੂਲਪੁਰ ਦਾ ਬਾਨੀ ਕਿਹਾ ਜਾਂਦਾ ਹੈ। ਸ. ਪੰਜਾਬ ਸਿੰਘ ਦੇ ਵੰਸ਼ਜ ਬਾਬਾ ਹੀਰਾ ਦਾਸ ਦਾ ਬਹੁਤ ਸਤਿਕਾਰ ਕਰਦੇ ਹਨ। ਬਾਬਾ ਹੀਰਾ ਦਾਸ ਦੀ ਯਾਦ ਵਿਚ ਬਣਾਏ ਗਏ ਗੁਰਦੁਆਰੇ ਅਤੇ ਉਸ ਦੇ ਨਾਲ ਬਣਾਏ ਗਏ ਡੇਰੇ ਵਿਚ ਵੀ ਕੰਧ-ਚਿਤਰ ਚਿਤਰੇ ਹੋਏ ਹਨ।

ਰਾਜ ਪੁਰਾਤੱਤਵ ਵਿਭਾਗ ਦੀ ਟੀਮ ਵੱਲੋਂ ਕੀਤੇ ਗਏ ਸਰਵੇਖਨ ਅਨੁਸਾਰ ਸ. ਪੰਜਾਬ ਸਿੰਘ ਕੁੰਮੇਦਾਨ ਦੀ ਸਮਾਧ, 3 ਫੁੱਟ 8 ਇੰਚ ਉੱਚੇ ਅਤੇ 31×31 ਫੁੱਟ ਲੰਮੇ ਚੌੜੇ ਇੱਟਾਂ ਦੇ ਥੜ੍ਹੇ ਉਤੇ ਬਣੀ ਹੋਈ ਹੈ। ਇਹ ਇਕ ਅੱਠਕੋਨੀ ਸਮਾਧ ਹੈ ਜਿਸ ਦੇ ਉਪਰ ਮੂਧੇ ਮਾਰੇ ਹੋਏ ਕੰਵਲ ਫੁੱਲ ਵਰਗਾ ਗੁੰਬਦ ਅਤੇ ਕਲਸ਼ ਬਣਿਆ ਹੋਇਆ ਹੈ।

ਲਾਹੌਰ ਸਲਤਨਤ ਦੇ ਹੋਰ ਹਿੱਸਿਆਂ ਵਾਂਗ ਅੰਮ੍ਰਿਤਸਰ ਵੀ, ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਗਾਤਾਰ ਬਦਅਮਨੀ ਦਾ ਸ਼ਿਕਾਰ ਰਿਹਾ ਹੈ। 1839 ਤੋਂ 1849 ਤਕ ਦੇ ਪੂਰੇ ਦਹਾਕੇ ਵਿਚ ਸ਼ੇਰੇ-ਪੰਜਾਬ ਦੇ ਕਮਜ਼ੋਰ ਅਤੇ ਅਯੋਗ ਉਤਰ-ਅਧਿਕਾਰੀਆਂ ਦੇ ਕਾਰਨ ਢਿੱਲੇ ਪੈ ਗਏ ਕੇਂਦਰੀ ਪ੍ਰਬੰਧ ਕਰ ਕੇ, ਹੱਲਾ-ਗੁੱਲਾ ਮਚਿਆ ਰਿਹਾ। ਬੇਲਗਾਮ ਹਥਿਆਰਬੰਦ ਫ਼ੌਜ ਨੇ ਅਮਨ ਅਤੇ ਕਾਨੂੰਨ ਦੀ ਵਿਵਸਥਾ ਨੂੰ ਖ਼ਤਰਨਾਕ ਹੱਦ ਤਕ ਵਿਗਾੜ ਦਿੱਤਾ ਸੀ। ਇਸ ਲਈ ਇਹੋ ਜਿਹੇ ਅਸਥਿਰ ਹਾਲਾਤ ਵਿਚ ਵਿਰਾਸਤੀ ਅਸਥਾਨਾਂ ਦੀ ਸੰਭਾਲ ਕਰਨਾ ਮੁਸ਼ਕਲ ਹੋ ਗਿਆ ਸੀ।

****



# ਇਤਿਹਾਸ ਦਾ ਖ਼ਜ਼ਾਨਾ: ਪਿੰਡ ਮਾਲੂਨੰਗਲ

ਮਾਝੇ ਦੇ ਇਲਾਕੇ ਵਿਚ ਇਕ ਗੁੰਮਨਾਮ ਜਿਹਾ ਸਰਹੱਦੀ ਪਿੰਡ ਕੁਝ ਸਮੇਂ ਤੋਂ ਖੋਜ ਵਿਚ ਦਿਲਚਸਪੀ ਰੱਖਣ ਵਾਲੇ ਇਤਿਹਾਸਕਾਰਾਂ ਅਤੇ ਪੁਸਤਕ-ਪ੍ਰੇਮੀਆਂ ਦਾ ਮੱਕਾ ਬਣ ਗਿਆ ਹੈ। ਪਿੰਡ ਮਾਲੂਨੰਗਲ ਦੇ ਇਤਿਹਾਸਕ ਗੁਰਦੁਆਰੇ ਦੀ ਚਾਰਦੀਵਾਰੀ ਵਿਚ ਦੁਰਲੱਭ ਸਾਹਿਤਕ ਪੁਸਤਕਾਂ ਦਾ ਇਕ ਭੰਡਾਰ ਵਿਦਮਾਨ ਹੈ।

ਵੈਦਿਕ ਕਾਲ ਨਾਲ ਸਬੰਧਿਤ ਦੁਰਲੱਭ ਹੱਥ-ਲਿਖਤਾਂ, ਲਘੂ ਚਿਤਰ, ਫ਼ਾਰਸੀ, ਦੇਵਨਾਗਰੀ ਅਤੇ ਗੁਰਮੁਖੀ ਵਿਚ ਲਿਖੇ ਦਸਤਾਵੇਜ਼, ਜਿਹੜੇ ਸਿੱਖ ਧਰਮ ਦੀ ਖੋਜ ਦੇ ਮੁੱਢਲੇ ਸਰੋਤ ਹਨ; ਸੰਸਾਰ ਪ੍ਰਸਿੱਧ ਚਿੰਤਕਾਂ ਦੀਆਂ ਪੁਸਤਕਾਂ ਦੇ ਪੁਰਾਣੇ ਐਡੀਸ਼ਨ ਅਤੇ ਅਤੀਤ ਦੇ ਵੱਖ-ਵੱਖ ਧਰਮਾਂ ਦੀਆਂ ਮਹੱਤਵਪੂਰਨ ਪੁਸਤਕਾਂ ਦੇ ਸੰਗ੍ਰਹਿ ਇਸ ਇਤਿਹਾਸਕ ਗੁਰਦੁਆਰੇ ਨੂੰ ਸਾਰੇ ਧਰਮਾਂ ਦੇ ਵਿਦਵਾਨਾਂ ਲਈ ਇਕ ਅਨੋਖਾ ਸਥਾਨ ਸਾਬਤ ਕਰ ਰਹੇ ਹਨ।

ਇਹ ਸਮਝਣ ਲਈ ਕਿ ਛਾਪੇਖਾਨੇ ਦੇ ਆਗਾਜ਼ ਤੋਂ ਪਹਿਲਾਂ ਪੁਸਤਕਾਂ ਕਿਵੇਂ ਹੋਂਦ ਵਿਚ ਆਉਂਦੀਆਂ ਸਨ; ਜੇ ਖੁੱਲ੍ਹੇ ਟਾਈਪ ਨਾਲ ਛਪੀਆਂ ਪੁਰਾਤਨ ਪੁਸਤਕਾਂ, ਪੱਥਰ-ਛਾਪੇ ਨਾਲ ਛਪੀਆਂ ਪੁਸਤਕਾਂ ਅਤੇ 1798 ਵਿਚ ਸ਼ੁਰੂ ਹੋਇਆ ਪੱਥਰ-ਛਾਪਾ ਦੇਖਣਾ ਹੋਵੇ, ਤਾਂ ਇਸ ਇਤਿਹਾਸਕ ਗੁਰਦੁਆਰੇ ਦੇ ਦਰਸ਼ਨ ਕਰਨਾ ਜ਼ਰੂਰੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੱਸੀਆਂ ਨੂੰ ਢੁੱਕੇ ਪ੍ਰਤਿਭਾਸ਼ੀਲ ਸਾਬਕ ਮੀਤ ਪ੍ਰਧਾਨ ਜਥੇਦਾਰ ਦਲੀਪ ਸਿੰਘ ਦੀਆਂ ਕੋਸ਼ਿਸ਼ਾਂ ਨੇ ਇਸ ਗੁਰਦੁਆਰੇ ਦੀ ਲਾਇਬ੍ਰੇਰੀ ਨੂੰ ਹਿੰਦੂ ਮਿਥਿਹਾਸ ਦੀਆਂ ਦੁਰਲੱਭ ਹੱਥ-ਲਿਖਤਾਂ, ਸਿੱਖ ਗ੍ਰੰਥਾਂ ਅਤੇ ਯੂਰਪੀਅਨ ਪੁਨਰ-ਜਾਗ੍ਰਿਤੀ ਕਾਲ ਦੀਆਂ ਮਹੱਤਵਪੂਰਨ ਨਿਸ਼ਾਨੀਆਂ ਦਾ ਖ਼ਜ਼ਾਨਾ ਬਣਾ ਦਿੱਤਾ ਹੈ।

ਚਿੱਟਾ ਕੁੜਤਾ ਪਜਾਮਾ ਪਹਿਨੀ ਅਤੇ ਨੀਲੀ ਦਸਤਾਰ ਸਜਾਈ ਸੱਤਰ-ਸਾਲਾ ਇਹ ਅੰਮ੍ਰਿਤਧਾਰੀ ਸਿੱਖ, ਪਿੰਡ ਦੇ ਗੁਰਦੁਆਰੇ ਵਿਚ ਇਕ ਰੁੱਖ ਦੇ ਹੇਠਾਂ ਡਾਹੇ ਮੰਜੇ ਉਤੇ ਬੈਠਾ ਜਾਂ ਲੇਟਿਆ ਦਿਖਾਈ ਦਿੰਦਾ ਹੈ। ਉਹ ਆਮ ਤੌਰ ‘ਤੇ ਹੱਥ-ਲਿਖਤਾਂ ਅਤੇ ਪੰਜਾਬੀ ਤੇ ਉਰਦੂ ਲੋਕਧਾਰਾ ਬਾਰੇ ਗੱਲਾਂ ਕਰਦਾ ਰਹਿੰਦਾ ਹੈ। ਉਹ ਇਸ ਗੱਲ ’ਤੇ ਝੂਰਦਾ ਹੈ ਕਿ ਕੁਝ ਦੁਰਲੱਭ ਹੱਥ-ਲਿਖਤਾਂ ਕੁਝ ਲੋਕ ਮੰਗ ਕੇ ਲੈ ਗਏ ਸਨ, ਜੋ ਮੁੜ ਕੇ ਵਾਪਸ ਨਹੀਂ ਆਈਆਂ। ਇਨ੍ਹਾਂ ਹੱਥ ਲਿਖਤਾਂ ਵਿਚ ਪ੍ਰਸਿੱਧ ਕਵੀ ਹਾਸ਼ਮ ਸ਼ਾਹ ਦੀਆਂ ਕੁਝ ਲਿਖਤਾਂ ਵੀ ਸ਼ਾਮਲ ਸਨ, ਜਿਸ ਨੇ ਸੱਸੀ ਤੋਂ ਇਲਾਵਾ ਹੀਰ ਦਾ ਕਿੱਸਾ ਵੀ ਲਿਖਿਆ ਸੀ।

ਗੁਰਦੁਆਰੇ ਦੀ ਲਾਇਬ੍ਰੇਰੀ ਵਿਚ ਜਿਹੜੀਆਂ ਨਾਯਾਬ ਪੁਸਤਕਾਂ ਸੰਗ੍ਰਹਿਤ

ਹਨ, ਉਨ੍ਹਾਂ ਵਿਚ ਅੰਮ੍ਰਿਤਸਰ ਸਰੋਵਰ ਦਾ ਮਹਾਤਮ, ਕਵੀ ਮਾਧਵਾਨਲ ਦੀ ਦੁਰਲੱਭ ਹੱਥ-ਲਿਖਤ ਪੋਥੀ ਗੁਰ ਬਿਲਾਸ, ਮੱਕੇ ਵਾਲੀ ਜਨਮ ਸਾਖੀ (ਗੁਰੂ ਨਾਨਕ ਦੇਵ ਜੀ) ਦਸਮ ਗ੍ਰੰਥ, ਸ਼ਬਦ ਪ੍ਰਕਾਸ਼, ਜ਼ਫ਼ਰਨਾਮਾ ਪਾਤਸ਼ਾਹੀ ਦਸਵੀਂ, ਜ਼ਿੰਦਗੀਨਾਮਾ ਭਾਈ ਨੰਦ ਲਾਲ ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਸ਼ਾਮਲ ਹਨ।

ਕਈ ਹੱਥ-ਲਿਖਤਾਂ ਦੀ ਖ਼ੂਬਸੂਰਤ ਸਜਾਵਟੀ ਲਿਖਾਈ ਅਤੇ ਉਨ੍ਹਾਂ ਦਾ ਸੁਨਹਿਰੀ ਤੇ ਨੀਲਾ ਹਾਸ਼ੀਆ ਦੇਖਣ ਵਾਲੇ ਦਾ ਮਨ ਮੋਹ ਲੈਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਬੱਚਿਤਰ ਨਾਟਕ ਦੇ ਇਕ ਹਿੱਸੇ ਦੇ ਅਤਰ ਸਿੰਘ ਭਦੌੜ ਵਲੋਂ ਕੀਤੇ ਉਰਦੂ ਤਰਜਮੇ ਉਤੇ 31 ਜਨਵਰੀ 1875 ਦੀ ਤਰੀਕ ਪਈ ਹੋਈ ਹੈ। ਇਸ ਪੁਸਤਕ ਦਾ ਹਾਸ਼ੀਆ ਸੁਨਹਿਰੀ ਹੈ। ਇਕ ਹੋਰ ਹੱਥ-ਲਿਖਤ, ਗੁਰ ਰਤਨਾਵਲੀ ਸਾਖੀ ਦੀ ਸੁੰਦਰ ਲਿਖਾਈ ਇਕ ਮਿਸਾਲ ਹੈ। ਇਸ ਸੰਗ੍ਰਹਿ ਵਿਚ ਗੁਰੂ ਗ੍ਰੰਥ ਸਾਹਿਬ ਦੀ ਮਾਚਸ ਦੀ ਡੱਬੀ ਵਾਲੇ ਸਾਈਜ਼ ਦੀ ਇਕ ਬੀੜ ਵੀ ਹੈ। ਇਸ ਬੀੜ ਦੇ 1430 ਪੰਨੇ ਹਨ, ਜਿਨ੍ਹਾਂ ਨੂੰ ਵਡਦਰਸ਼ੀ ਸ਼ੀਸ਼ੇ ਦੀ ਮਦਦ ਨਾਲ ਹੀ ਪੜ੍ਹਿਆ ਜਾ ਸਕਦਾ ਹੈ।

ਜਥੇਦਾਰ ਦਲੀਪ ਸਿੰਘ ਨੇ ਇਹ ਹੱਥ-ਲਿਖਤਾਂ ਅਤੇ ਪੁਸਤਕਾਂ ਬੜੀ ਮਿਹਨਤ ਅਤੇ ਕੋਸ਼ਿਸ਼ਾਂ ਨਾਲ ਇਕੱਠੀਆਂ ਕੀਤੀਆਂ ਹਨ। ਹੱਥ-ਲਿਖਤਾਂ ਪ੍ਰਾਪਤ ਕਰਨ ਦੇ ਸਰੋਤ ਕਈ ਤਰ੍ਹਾਂ ਦੇ ਸਨ ਜਿਵੇਂ ਸੰਤਾਂ ਅਤੇ ਉਦਾਸੀਆਂ ਦੇ ਡੇਰੇ।

ਸਿੱਖੀ ਅਸੂਲਾਂ ਦਾ ਧਾਰਨੀ ਜਥੇਦਾਰ ਦਲੀਪ ਸਿੰਘ ਇਕ ਧਰਮ-ਨਿਰਪੱਖ ਵਿਦਵਾਨ ਹੈ। ਉਹ ਵੇਦਾਂ, ਵਿਸ਼ਨੂੰ ਪੁਰਾਣ, ਕੁਰਾਨ ਸ਼ਰੀਫ਼ ਅਤੇ ਬਾਈਬਲ ਦੇ ਹਵਾਲੇ ਦੇ ਸਕਦਾ ਹੈ। ਉਹ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਹੈ। ਉਸ ਨੇ ਸਾਰੀਆਂ ਧਾਰਮਕ ਹੱਥ-ਲਿਖਤਾਂ ਨੂੰ ਰੇਸ਼ਮੀ ਰੁਮਾਲਿਆਂ ਵਿਚ ਬੰਨ੍ਹ ਕੇ ਰੱਖਿਆ ਹੋਇਆ ਹੈ।

ਹੱਥ-ਲਿਖਤਾਂ ਨੂੰ ਸੰਭਾਲ ਕੇ ਰੱਖਣਾ ਇਸ ਬਜ਼ੁਰਗ ਦਾ ਸ਼ੌਕ ਹੈ। ਉਹ 'ਸਾਦਾ ਜੀਵਨ ਉੱਚ ਵਿਚਾਰ' ਵਿਚ ਵਿਸ਼ਵਾਸ ਰੱਖਦਾ ਹੈ।

1984 ਦੇ ਦੁਖਦਾਈ ਸਾਕਾ ਨੀਲਾ ਤਾਰਾ ਦੌਰਾਨ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦੀਆਂ ਬਹੁਤ ਸਾਰੀਆਂ ਹੱਥ-ਲਿਖਤਾਂ ਅਤੇ ਪੁਸਤਕਾਂ ਤਬਾਹ ਹੋ ਗਈਆਂ ਸਨ। ਪਰ ਜਥੇਦਾਰ ਦਲੀਪ ਸਿੰਘ ਆਪਣੇ ਖ਼ਜ਼ਾਨੇ ਨੂੰ ਸੁਰੱਖਿਅਤ ਰੱਖਣ ਵਿਚ ਕਾਮਯਾਬ ਰਿਹਾ ਜਿਹੜਾ ਹੁਣ ਖੋਜਕਾਰਾਂ ਅਤੇ ਪੁਸਤਕ-ਪ੍ਰੇਮੀਆਂ ਦੀ ਸੰਤੁਸ਼ਟੀ ਦਾ ਸਾਧਨ ਸਿੱਧ ਹੋ ਰਿਹਾ ਹੈ।

ਇਸ ਸਭ ਕੁਝ ਦੇ ਬਾਵਜੂਦ ਇਨ੍ਹਾਂ ਪੁਰਾਣੀਆਂ ਪੁਸਤਕਾਂ, ਪੁਰਾਤਨ ਹੱਥ-ਲਿਖਤਾਂ ਅਤੇ ਦੁਰਲੱਭ ਤਸਵੀਰਾਂ ਉਤੇ ਸਮੇਂ ਦਾ ਅਸਰ ਹੋ ਰਿਹਾ ਹੈ। ਕੁਝ ਤਸਵੀਰਾਂ ਧੁੰਦਲੀਆਂ ਹੋ ਗਈਆਂ ਹਨ ਅਤੇ ਕੁਝ ਦਾ ਰੰਗ ਫਿੱਕਾ ਪੈ ਗਿਆ ਹੈ। ਪੈਸੇ ਦੀ ਕਮੀ ਕਾਰਨ ਇਤਿਹਾਸ ਦਾ ਇਕ ਕੀਮਤੀ ਖ਼ਜ਼ਾਨਾ ਖੇਰੂੰ-ਖੇਰੂੰ ਹੋ ਰਿਹਾ ਹੈ। ਇਸ ਖ਼ਜ਼ਾਨੇ ਨੂੰ ਸੰਭਾਲਣ ਅਤੇ ਸੁਰੱਖਿਅਤ ਰੱਖਣ ਦੀ ਲੋੜ ਹੈ, ਤਾਂ ਜੋ ਇਹ ਆਉਣ ਵਾਲੀਆਂ ਪੀੜ੍ਹੀਆਂ ਦੇ ਕੰਮ ਆ ਸਕੇ। ਪੁਰਾਲੇਖ ਗ੍ਰਹਿ ਬਣਾਉਣ ਦੀ ਵੀ ਲੋੜ ਹੈ।



ਜਥੇਦਾਰ ਦਲੀਪ ਸਿੰਘ ਪਾਸ ਇਸ ਦੁਰਲੱਭ ਖ਼ਜ਼ਾਨੇ ਨੂੰ ਮਾਈਕਰੋ-ਫਿਲਮਿੰਗ ਜਾਂ ਡਿਜ਼ੀਲਾਈਜ਼ੇਸ਼ਨ ਰਾਹੀਂ ਸੁਰਖਿਅਤ ਕਰਨ ਲਈ ਪੈਸੇ ਨਹੀਂ ਹਨ, ਜੋ ਕਿ ਸਾਰੀ ਦੁਨੀਆ ਵਿਚ ਅਜਿਹੇ ਖ਼ਜ਼ਾਨੇ ਨੂੰ ਸੁਰੱਖਿਅਤ ਕਰਨ ਦਾ ਤਰੀਕਾ ਹੈ। ਉਹ ਪੈਸੇ ਦੀ ਕਮੀ ਕਾਰਨ ਆਪਣੇ ਇਸ ਨਾਯਾਬ ਖ਼ਜ਼ਾਨੇ ਦੀ ਸਾਂਭ-ਸੰਭਾਲ ਲਈ ਕੋਈ ਮੁਲਾਜ਼ਮ ਜਾਂ ਪ੍ਰਬੰਧਕ (ਕਿਉਰੇਟਰ) ਵੀ ਨਹੀਂ ਰੱਖ ਸਕਦਾ। ਨਤੀਜੇ ਵਜੋਂ ਲਾਇਬ੍ਰੇਰੀ ਦਾ ਰਿਕਾਰਡ, ਸਮੇਂ ਦੇ ਮਾਰੂ ਪ੍ਰਭਾਵ ਕਾਰਨ ਖ਼ਰਾਬ ਹੁੰਦਾ ਜਾ ਰਿਹਾ ਹੈ।

ਬਹੁਤ ਸਾਰੀਆਂ ਪੁਰਾਣੀਆਂ ਕਿਤਾਬਾਂ, ਫੋਟੋਆਂ ਅਤੇ ਪ੍ਰਿੰਟ, ਲੱਕੜ ਦੇ ਗੁੱਦੇ ਤੋਂ ਬਣਾਏ ਕਾਗਜ਼ ਉਤੇ ਬਣੇ ਹੋਏ ਹਨ। ਅਜਿਹੇ ਕਾਗਜ਼ ਵਿਚ ਤੇਜ਼ਾਬੀ ਮਾਦਾ ਹੁੰਦਾ ਹੈ। ਜਿਸ ਕਾਰਨ ਸਮਾਂ ਬੀਤਣ ਨਾਲ ਇਹ ਚੀਜ਼ਾਂ ਖ਼ਰਾਬ ਹੋ ਜਾਂਦੀਆਂ ਹਨ। ਕਾਗਜ਼ ਆਪ ਹੀ ਆਪਣੇ ਰਸਾਇਨਿਕ ਤਾਪ ਕਾਰਨ ਪੁਸਤਕਾਂ ਨੂੰ ਤਬਾਹ ਕਰ ਦਿੰਦਾ ਹੈ, ਕਮਜ਼ੋਰ ਤੇ ਬਦਰੰਗ ਕਰ ਦਿੰਦਾ ਹੈ ਅਤੇ ਉਨ੍ਹਾਂ ਦੇ ਪੰਨੇ ਭੁਰਭੁਰੇ ਹੋ ਜਾਂਦੇ ਹਨ।

ਮਾਲੂਨੰਗਲ ਦੀਆਂ ਰਵਾਇਤਾਂ ਅਤੇ ਪਰੰਪਰਾਵਾਂ ਬੇਹੱਦ ਧਰਮ-ਨਿਰਪੱਖ ਹਨ। ਪਿੰਡ ਵਿਚ ਗੁਰਦੁਆਰਾ, ਪੰਜਵੀਂ ਪਾਤਸ਼ਾਹੀ ਦੇ ਇੱਥੇ ਆਗਮਨ ਦੀ ਯਾਦ ਵਿਚ ਬਣਾਇਆ ਗਿਆ ਸੀ ਜਦ ਕਿ ਪਿੰਡ ਦੀ ਬਹੁਗਿਣਤੀ ਆਬਾਦੀ ਪਠਾਣਾਂ ਦੀ ਸੀ। ਦੇਸ਼ ਦੀ ਵੰਡ ਤਕ ਪਿੰਡ ਵਿਚ ਮੁਸਲਮਾਨ ਹਾਵੀ ਰਹੇ। ਜਦੋਂ ਦੇਸ਼ ਦੀ ਵੰਡ ਹੋਈ ਤਾਂ ਪਿੰਡ ਦੇ ਸਿੱਖ, ਮੁਸਲਮਾਨਾਂ ਨੂੰ ਨਵੀਂ ਬਣੀ ਰੈੱਡਕਲਿਫ਼ ਸਰਹੱਦ ਤਕ ਸੁਰੱਖਿਅਤ ਛੱਡ ਕੇ ਆਏ। ਪੰਜਾਬ ਵਿਚ ਖਾੜਕੂਵਾਦ ਦੇ ਸਮੇਂ ਵੀ ਕਿਸੇ ਹਿੰਦੂ ਪਿੰਡ ਵਾਸੀ ਦਾ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਹੋਇਆ।

ਸਾਕਾ ਨੀਲਾ ਤਾਰਾ ਦੌਰਾਨ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਨੂੰ ਲੱਗੀ ਅੱਗ ਦਾ ਭੇਤ, 35 ਸਾਲ ਬੀਤ ਜਾਣ ਉਪਰੰਤ ਵੀ ਨਹੀਂ ਖੁੱਲ੍ਹਿਆ। ਇਸ ਲਾਇਬ੍ਰੇਰੀ ਵਿਚ 1500 ਬਹੁਮੁੱਲੀਆਂ ਦੁਰਲੱਭ ਹੱਥ-ਲਿਖਤਾਂ, ਜਿਨ੍ਹਾਂ ਵਿਚ ਆਦਿ ਗ੍ਰੰਥ ਦੀਆਂ ਬੀੜਾਂ, 1739 ਬਿਕਰਮੀ ਦੀ ਮਿਤੀਬੱਧ ਦਮਦਮੀ ਬੀੜ, ਅਨੇਕਾਂ ਚਿਤਰ ਅਤੇ ਹੋਰ ਹੱਥ-ਲਿਖਤਾਂ ਸ਼ਾਮਲ ਸਨ; ਦਰਬਾਰ ਸਾਹਿਬ ਉਤੇ ਫ਼ੌਜੀ ਹਮਲੇ ਦੌਰਾਨ ਤਬਾਹ ਹੋ ਗਈਆਂ।

ਵੀਹ ਸਾਲ ਤੋਂ ਵੱਧ ਸਮਾਂ ਬੀਤ ਜਾਣ ਉਪਰੰਤ ਵੀ ਪਤਾ ਨਹੀਂ ਲਗ ਸਕਿਆ ਕਿ ਲਾਇਬ੍ਰੇਰੀ ਨੂੰ ਅਸਲ ਵਿਚ ਹੋਇਆ ਕੀ ਸੀ। ਸਾਬਕ ਰੱਖਿਆ ਮੰਤਰੀ ਜਾਰਜ ਫਰਨਾਂਡੀਜ਼ ਦੇ ਪਰਸਪਰ ਵਿਰੋਧੀ ਬਿਆਨਾਂ ਨੇ ਮਾਮਲਾ ਹੋਰ ਉਲਝਾ ਦਿੱਤਾ ਹੈ। ਸੇਵਾ ਮੁਕਤ ਸੀ.ਬੀ.ਆਈ. ਇੰਸਪੈਕਟਰ ਰਣਜੀਤ ਸਿੰਘ ਨੰਦਾ ਨੇ ਆਪਣੀ ਮੌਤ ਤੋਂ ਪਹਿਲਾਂ ਇਕ ਹੈਰਾਨੀਜਨਕ ਇੰਕਸ਼ਾਫ਼ ਕੀਤਾ ਸੀ ਕਿ ਦੁਰਲੱਭ ਹੱਥ-ਲਿਖਤਾਂ, ਹੁਕਨਾਮੇ, ਕਿਤਾਬਾਂ ਅਤੇ ਲਾਇਬ੍ਰੇਰੀ ਦਾ ਹੋਰ ਕੀਮਤੀ ਰਿਕਾਰਡ ਬੋਰੀਆਂ ਅਤੇ ਟਰੰਕਾਂ ਵਿਚ ਭਰਿਆ ਗਿਆ ਸੀ ਅਤੇ ਇਸ ਸਾਰੇ ਸਾਮਾਨ ਨੂੰ ਸਾਕਾ ਨੀਲਾ ਤਾਰਾ ਤੋਂ ਬਾਅਦ ਕਿਸੇ ਅਣਦੱਸੀ ਥਾਂ 'ਤੇ ਲੈ ਗਏ ਸਨ।

ਤਤਕਾਲੀ ਰਾਸ਼ਟਰਪਤੀ ਡਾ.ਏ.ਪੀ.ਜੇ. ਅਬਦੁਲ ਕਲਾਮ ਜਦੋਂ ਪਿੱਛੇ ਜਿਹੇ ਸ੍ਰੀ ਹਰਿਮੰਦਰ ਸਾਹਿਬ ਦੀ ਯਾਤਰਾ ’ਤੇ ਆਏ ਸਨ ਤਾਂ ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਯਕੀਨ ਦੁਆਇਆ ਸੀ ਕਿ ਉਹ ਸਬੰਧਿਤ ਵਿਭਾਗ ਪਾਸ ਇਹ ਮਾਮਲਾ ਉਠਾਉਣਗੇ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣਾ ਇਹ ਖ਼ਜ਼ਾਨਾ ਪ੍ਰਾਪਤ ਨਹੀਂ ਹੋਇਆ। ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਿਚ ਦੁਰਲੱਭ ਇਤਿਹਾਸਕ ਪੁਸਤਕਾਂ, ਦਸਤਾਵੇਜ਼, ਸਿੱਖ ਧਰਮ, ਇਤਿਹਾਸ ਤੇ ਸੱਭਿਆਚਾਰ ਨਾਲ ਸਬੰਧਿਤ ਹੱਥ ਲਿਖਤ ਬੀੜਾਂ ਤੇ ਹੁਕਮਨਾਮੇ ਸੁਰੱਖਿਅਤ ਸਨ। ਕੁਝ ਹੁਕਮਨਾਮਿਆਂ ਉਪਰ ਗੁਰੂ ਸਾਹਿਬਾਨ ਦੇ ਦਸਤਖ਼ਤ ਸਨ। ਲਾਇਬ੍ਰੇਰੀ ਵਿਚ ਆਜ਼ਾਦੀ ਸੰਗਰਾਮ ਬਾਰੇ ਕੁਝ ਦਸਤਾਵੇਜ਼ ਵੀ ਸਨ। ਸੀ.ਬੀ.ਆਈ. ਨੇ ਕੁਝ ਦਸਤਾਵੇਜ਼ ਵਾਪਸ ਕੀਤੇ ਹਨ ਪਰ ਉਹ ਗੁਆਚੇ ਸਰਮਾਏ ਦਾ ਕੇਵਲ ਦੋ ਪ੍ਰਤੀਸ਼ਤ ਹੀ ਹਨ।

ਲਾਇਬ੍ਰੇਰੀ ਦੇ ਬਾਕੀ ਰਿਕਾਰਡ ਨਾਲ ਕੀ ਬੀਤੀ? ਇਹ ਸਵਾਲ ਇੰਨਾ ਮਹੱਤਵਪੂਰਨ ਹੈ ਕਿ ਇਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਸਿੱਖ ਰੈਫ਼ਰੈਂਸ ਲਾਇਬ੍ਰੇਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਤਾ ਨੂੰ 822 ਮਿਤੀ 27 ਅਕਤੂਬਰ 1946 ਅਨੁਸਾਰ 1946 ਵਿਚ ਸਥਾਪਿਤ ਕੀਤੀ ਗਈ ਸੀ। ਲਾਇਬ੍ਰੇਰੀ ਨੂੰ ਸਥਾਪਿਤ ਕਰਨ ਵਿਚ ਸਿੱਖ ਹਿਸਟੋਰੀਕਲ ਸੁਸਾਇਟੀ ਦੀ ਬਹੁਤ ਵੱਡੀ ਭੂਮਿਕਾ ਸੀ। ਸਿੱਖ ਹਿਸਟੋਰੀਕਲ ਸੁਸਾਇਟੀ 1930 ਵਿਚ ਲਾਹੌਰ ਵਿਖੇ ਬਣਾਈ ਗਈ ਸੀ, ਜਿਸ ਦੀ ਅਗਵਾਈ ਬਾਵਾ ਬੁੱਧ ਸਿੰਘ ਕਰ ਰਹੇ ਸਨ।

ਪੰਦਰ੍ਹਵੀਂ ਸਦੀ ਦੇ ਅੱਧ ਵਿਚ ਪ੍ਰਿੰਟਿੰਗ ਪ੍ਰੈਸ ਦੇ ਆਗਾਜ਼ ਨਾਲ ਕਿਤਾਬਾਂ ਦੀ ਦੁਨੀਆ ਵਿਚ ਤਬਦੀਲੀ ਆ ਗਈ। ਗੁਟਨਬਰਗ 1397 ਈ. ਵਿਚ ਜਰਮਨੀ ਦੇ ਇਕ ਅਮੀਰ ਪਰਿਵਾਰ ਵਿਚ ਪੈਦਾ ਹੋਇਆ। 1452 ਵਿਚ ਉਸ ਨੂੰ ਚੱਲਣਸ਼ੀਲ ਟਾਈਪ (movable type) ਦਾ ਖਿਆਲ ਆਇਆ। ਆਪਣੀ ਵਰਕਸ਼ਾਪ ਵਿਚ ਉਸ ਨੇ ਕਿਤਾਬਾਂ ਛਾਪਣ ਲਈ ਕਾਗਜ਼ ਦੀ ਤਕਨੀਕ, ਤੇਲ ਵਾਲੀ ਸਿਆਹੀ ਤੇ ਵਾਈਨਪ੍ਰੈਸ ਆਦਿ ਚੀਜ਼ਾਂ ਇਕੱਠੀਆਂ ਕੀਤੀਆਂ। ਜਥੇਦਾਰ ਦਲੀਪ ਸਿੰਘ ਦਾਅਵਾ ਕਰਦੇ ਹਨ ਕਿ ਉਸ ਦੇ ਸੰਗ੍ਰਹਿ ਵਿਚ ਗੁਟਨਬਰਗ ਦੇ ਸਮੇਂ ਦੀਆਂ ਲਿਖਤਾਂ ਮੌਜੂਦ ਹਨ।

ਪੱਥਰ ਛਾਪੇ ਦੀ ਕਾਢ 1798 ਵਿਚ ਅਲਾਇਜ਼ ਸੇਨਫੈਲਡਰ ਨੇ ਕੀਤੀ। ਇਹ ਪਲੈਨੋਗਰਾਫ਼ੀ ਦਾ ਇਕ ਰੂਪ ਹੈ ਜਿਸ ਵਿਚ ਪੱਧਰੀ ਪਲੇਟ ਦੁਆਰਾ ਛਪਾਈ ਕੀਤੀ ਜਾਂਦੀ ਹੈ। ਇਹ ਤਕਨੀਕ ਇਸ ਅਸੂਲ ’ਤੇ ਆਧਾਰਿਤ ਹੈ ਕਿ ਤੇਲ ਤੇ ਪਾਣੀ ਆਪਸ ਵਿਚ ਨਹੀਂ ਘੁਲਦੇ। ਆਮ ਤੌਰ ’ਤੇ ਪੱਥਰ-ਛਾਪੇ ਵਿਚ ਤੇਲ ਦੀ ਵਰਤੋਂ ਨਾਲ ਇਕ ਖਾਕਾ ਬਣਾਇਆ ਜਾਂਦਾ ਹੈ। ਉਸ ਖਾਕੇ ਨੂੰ ਪੱਥਰ ਦੀ ਸਤਹ ਨਾਲ ਜੋੜ ਦਿੱਤਾ ਜਾਂਦਾ ਹੈ। ਫੇਰ ਪੱਥਰ ਦੀਆਂ ਸਾਰੀਆਂ ਖਾਲੀ ਥਾਵਾਂ ’ਤੇ ਗੂੰਦ ਅਤੇ ਸ਼ੋਰੇ ਦੇ ਤੇਜ਼ਾਬ ਦਾ ਘੋਲ ਲਾ ਦਿੱਤਾ ਜਾਂਦਾ ਹੈ, ਤਾਂ ਜੋ ਉਹ ਤੇਲ ਜਜ਼ਬ ਨਾ ਕਰ ਸਕੇ। ਇਸ ਤਰ੍ਹਾਂ ਪੱਥਰ ਸਿਆਹੀ ਲਾਉਣ ਲਈ ਤਿਆਰ ਹੋ ਜਾਂਦਾ ਹੈ। ਫੇਰ ਪੱਥਰ ਨੂੰ



ਗਿੱਲਾ ਕਰ ਕੇ, ਉਸ ਉਤੇ ਇਕ ਵੱਡੇ ਹੱਥ-ਵੇਲਨੇ (ਰੋਲਰ) ਨਾਲ ਸਿਆਹੀ ਲਾਈ ਜਾਂਦੀ ਹੈ। ਗਿੱਲੀਆਂ ਥਾਵਾਂ ਉਤੇ ਸਿਆਹੀ ਨਹੀਂ ਲਗਦੀ ਪਰ ਖਾਕਾ ਸਿਆਹੀ ਨੂੰ ਜਜ਼ਬ ਕਰ ਲੈਂਦਾ ਹੈ। ਇਸ ਅਮਲ ਨੂੰ ਉਦੋਂ ਤਕ ਦੁਹਰਾਇਆ ਜਾਂਦਾ ਹੈ ਜਦੋਂ ਤਕ ਸਿਆਹੀ ਛਾਪਾ ਲਾਉਣ ਲਈ ਤਿਆਰ ਨਹੀਂ ਹੋ ਜਾਂਦੀ। ਪੱਥਰ ਛਾਪਾ ਸ਼ਾਇਦ ਸਾਰੇ ਛਪਾਈ-ਸਾਧਨਾਂ ਵਿਚੋਂ ਵਧੇਰੇ ਸੰਵੇਦਨਸ਼ੀਲ ਹੈ ਕਿਉਂਕਿ ਇਹ ਕਲਾਕਾਰ ਦੀ ਕਲਾ ਦਾ ਵਧੀਆ ਨਤੀਜਾ ਪੇਸ਼ ਕਰਦਾ ਹੈ।

ਪਿੰਡ ਮਾਲੂਨੰਗਲ ਬਾਰਾਂ ਪਿੰਡਾਂ ਦੇ ਸਮੂਹ ਦਾ ਇਕ ਹਿੱਸਾ ਹੈ। ਬਹੁਤੇ ਪਿੰਡ-ਵਾਸੀ ਗਿੱਲ ਜੱਟ ਹਨ। ਇਸ ਪਿੰਡ ਨੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਿੱਖਾਂ ਨੂੰ ਹਥਿਆਰਬੰਦ ਕਰਨ ਤੋਂ ਪਹਿਲਾਂ, ਗੁਰੂ ਅਰਜਨ ਦੇਵ ਜੀ ਦੇ ਸਿੱਖਾਂ ਅਤੇ ਪਠਾਣਾਂ ਦੀ ਲੜਾਈ ਵੇਖੀ। ਦੋਵੇਂ ਧਿਰਾਂ ਮਾਲੂਨੰਗਲ ਦੀਆਂ ਹੀ ਸਨ। ਨਾ ਹੀ ਜਥੇਦਾਰ ਦਲੀਪ ਸਿੰਘ ਅਤੇ ਨਾ ਹੀ ਹੋਰ ਪਿੰਡ-ਵਾਸੀ, ਪਿੰਡ ਦੇ ਤਬਾਹ ਹੋ ਰਹੇ ਵਿਰਸੇ ਨੂੰ ਬਚਾ ਸਕੇ। ਗੁਰਦੁਆਰੇ ਦੀਆਂ ਕੰਧਾਂ ਤੋਂ ਪੁਰਾਣੇ ਖ਼ੂਬਸੂਰਤ ਕੰਧ ਚਿਤਰ ਮਿਟ ਗਏ ਹਨ। ਇੱਥੋਂ ਤਕ ਕਿ ਪਿੰਡ ਦੇ ਬਾਨੀ ਮਾਲੂ ਦੀ ਸਮਾਧ ਵੀ ਗਾਇਬ ਹੋ ਗਈ ਹੈ। ਇਕ ਥੇਹ ਜਿਸ ਵਿੱਚੋਂ ਪੁਰਾਣੀ ਸੱਭਿਅਤਾ ਦੀਆਂ ਨਿਸ਼ਾਨੀਆਂ ਮਿਲ ਸਕਦੀਆਂ ਸਨ, ਉਸ ਨੂੰ ਪੱਧਰਾ ਕਰ ਕੇ ਖੇਤ ਬਣਾ ਲਏ ਹਨ।

****

## ਸ਼ਿਵ ਮੰਦਰ ਦਾ ਨਵਾਂ ਰੂਪ

ਪੰਜਾਬ ਦੇ ਸਰਹੱਦੀ ਪਿੰਡਾਂ ਜਿਵੇਂ ਅਜਨਾਲਾ, ਅਟਾਰੀ, ਕਸੇਲ, ਭੱਕਣਾ ਕਲਾਂ, ਸਰਾਏ ਅਮਾਨਤ ਖਾਂ ਅਤੇ ਖਾਲੜਾ ਵਿਚੋਂ ਦੇਸ਼-ਵੰਡ ਤੋਂ ਪਹਿਲਾਂ ਦੀਆਂ ਪੁਰਾਣੇ ਸਟਾਈਲ ਦੀਆਂ ਇਮਾਰਤਾਂ ਢਹਿ-ਢੇਰੀ ਹੋ ਰਹੀਆਂ ਹਨ।

ਪਾਕਿਸਤਾਨ ਦੀ ਸਰਹੱਦ ਦੇ ਨੇੜੇ ਇਤਿਹਾਸ ਨਾਲ ਓਤਪੋਤ ਪਿੰਡ ਕਸੇਲ ਦਾ ਸ਼ਿਵ ਮੰਦਰ, ਜਿਸ ਦੇ ਦਰਸ਼ਨ ਕਰਨ ਭਗਵਾਨ ਰਾਮ ਦੀ ਮਾਤਾ ਕੁਸ਼ੱਲਿਆ ਆਇਆ ਕਰਦੀ ਸੀ, ਅੱਜਕਲ੍ਹ ਡਿਗੂੰ-ਡਿਗੂੰ ਕਰ ਰਿਹਾ ਹੈ।

ਸਥਾਨਕ ਮਹੰਤ ਇਹ ਦਾਅਵਾ ਕਰਦੇ ਹਨ ਕਿ ਕਸੇਲ, ਭਗਵਾਨ ਰਾਮ ਦੇ ਨਾਨਾ ਦਾ ਜੱਦੀ ਪਿੰਡ ਹੈ। ਪਿੰਡ ਕਸੇਲ ਦਾ ਨਾਂ, ਮਾਤਾ ਕੁਸ਼ੱਲਿਆ ਦੇ ਨਾਮ ’ਤੇ ਪਿਆ ਹੈ। ਇਸ ਦਾ ਪੁਰਾਤਨ ਨਾਮ ਕੁਸ਼ੱਲਿਆਪੁਰੀ ਸੀ।

ਕਿਹਾ ਜਾਂਦਾ ਹੈ ਕਿ ਇਕ ਵਾਰ ਮਹਾਰਾਜਾ ਰਣਜੀਤ ਸਿੰਘ ਇਸ ਪਿੰਡ ਵਿਚ ਆਏ। ਉਨ੍ਹਾਂ ਨੇ ਮਾਤਾ ਕੁਸ਼ੱਲਿਆ ਦੇ ਨਾਮ ਨਾਲ ਸਬੰਧਿਤ ਮੰਦਰ ਨੂੰ ਕਾਫ਼ੀ ਰਕਮ ਤੇ ਜ਼ਮੀਨ ਭੇਟਾ ਕਰ ਦਿੱਤੀ। ਮੰਦਰ ਦੇ ਮਹੰਤਾਂ ਨੇ, ਜੋ ਮੰਦਰ ਦੇ ਵੱਡੇ ਹਿੱਸੇ ਨੂੰ ਆਪਣੀ ਨਿੱਜੀ ਵਰਤੋਂ ਲਈ ਵਰਤਦੇ ਸਨ, ਮੰਦਰ ਦੀ ਕੁਝ ਮੁਰੰਮਤ ਕਰਾਈ।

ਮੰਦਰ ਦੇ ਤਲਾਅ ਦੀ, ਜੋ ਨਾਨਕਸ਼ਾਹੀ ਇੱਟਾਂ ਦਾ ਬਣਿਆ ਹੋਇਆ ਹੈ, ਕਦੀ ਗਾਰ ਨਹੀਂ ਕੱਢੀ ਗਈ। ਪਿੰਡ ਦੇ ਬੱਚੇ, ਜਿਨ੍ਹਾਂ ਨੂੰ ਪਾਣੀ ਦੀਆਂ ਬਿਮਾਰੀਆਂ ਦਾ ਕੋਈ ਗਿਆਨ ਨਹੀਂ, ਬਰਸਾਤ ਦੇ ਦਿਨਾਂ ਵਿਚ ਗੰਦੇ ਪਾਂਣੀ ਵਿਚ ਖੇਲ੍ਹਦੇ ਰਹਿੰਦੇ ਹਨ। ਮਹਾਰਾਜਾ ਰਣਜੀਤ ਸਿੰਘ ਸ਼ਿਵ ਮੰਦਰ ਦੇ ਖੂਹ ਦਾ ਪਾਣੀ ਊਠਾਂ ਉਤੇ ਮੰਗਵਾਇਆ ਕਰਦਾ ਸੀ। ਇਸ ਖੂਹ ਦਾ ਪਾਣੀ, ਪਾਣੀ ਦੀਆਂ ਬਿਮਾਰੀਆਂ ਦੂਰ ਕਰ ਦਿੰਦਾ ਸੀ।

ਮੰਦਰ ਦੇ ਰਿਕਾਰਡ ਵਿਚ ਦਰਜ ਹੈ ਕਿ “ਮੌਜਾ ਢੰਡ ਕਸੇਲ ਦੇ ਸ਼ਿਵਾਲੇ ਦੀ ਸਾਂਭ-ਸੰਭਾਲ ਲਈ ਇਹ ਮਾਫ਼ੀਨਾਮਾ ਪੱਤਰ ਨੰ. 520 ਮਿਤੀ 13 ਅਪ੍ਰੈਲ 1875 ਅਨੁਸਾਰ ਪੰਜਾਬ ਸਰਕਾਰ ਵੱਲੋਂ ਮਨਜ਼ੂਰ ਕੀਤਾ ਗਿਆ ਸੀ। (ਰਜਿਸਟਰੀ 93 ਮਾਫ਼ੀ, ਤਹਿਸੀਲ ਤਰਨਤਾਰਨ)”

ਇਹ ਮਾਫ਼ੀਨਾਮਾ, ਅੰਮ੍ਰਿਤਸਰ ਦੇ ਉਸ ਸਮੇਂ ਦੇ ਕਮਿਸ਼ਨਰ ਆਰ.ਕਲਾਰਕ ਵਲੋਂ 1901 ਵਿਚ ਜਾਰੀ ਕੀਤਾ ਗਿਆ ਸੀ। ਇਸ ਤੋਂ ਬਾਅਦ ਇਕ ਅਪ੍ਰੈਲ 1914 ਨੂੰ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਹੋਏ ਹੁਕਮ ਅਨੁਸਾਰ ਇਸ ਮੰਦਰ ਦੀ ਇਤਿਹਾਸਕਤਾ ਨੂੰ ਮਾਨਤਾ ਦਿੱਤੀ ਗਈ ਸੀ।

ਮਹੰਤ ਬਲਦੇਵ ਗਿਰੀ ਕਹਿੰਦੇ ਹਨ ਕਿ ਦੇਸ਼ ਦੇ ਚਾਰ ਪੁਰਾਤਨ ਸ਼ਿਵਲਿੰਗਾਂ ਵਿਚੋਂ ਇਕ ਸ਼ਿਵਲਿੰਗ ਇਸ ਮੰਦਰ ਵਿਚ ਸਥਾਪਿਤ ਹੈ। ਉਹ ਕਹਿੰਦੇ ਹਨ ਕਿ



ਖਾੜਕੂਵਾਦ ਤੋਂ ਪਹਿਲਾਂ, ਦੂਰ-ਦਰਾਜ਼ ਤੋਂ ਸ਼ਰਧਾਲੂ ਇਸ ਮੰਦਰ ਦੇ ਦਰਸ਼ਨ ਕਰਨ ਆਇਆ ਕਰਦੇ ਸਨ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਜਦੋਂ ਮਹੰਤਾਂ ਨੇ ਇਸ ਸ਼ਿਵਲਿੰਗ ਦੀ ਖੁਦਾਈ ਕੀਤੀ ਤਾਂ 30 ਮੀਟਰ ਤਕ ਖੁਦਾਈ ਕਰਨ ‘ਤੇ ਵੀ ਸ਼ਿਵਲਿੰਗ ਦਾ ਸਿਰਾ ਨਹੀਂ ਮਿਲਿਆ।

ਇਕ ਹੋਰ ਮਹੰਤ ਸ੍ਰੀ ਓਮ ਪ੍ਰਕਾਸ ਦੋਸ਼ ਲਾਉਂਦੇ ਹਨ ਕਿ ਨਾ ਤਾਂ ਰਾਜ ਸਰਕਾਰ ਨੇ ਅਤੇ ਨਾ ਹੀ ਭਾਰਤ ਦੇ ਪੁਰਾਤੱਤਵ ਵਿਭਾਗ ਨੇ ਇਸ ਮੰਦਰ ਦੀ ਸਾਂਭ ਸੰਭਾਲ ਲਈ ਕੋਈ ਪੈਸਾ ਖਰਚ ਕੀਤਾ ਹੈ। ਪੁਰਾਣੇ ਦਿਨਾਂ ਵਿਚ ਇਸ ਮੰਦਰ ਦੇ ਦਰਸ਼ਨ ਕਰਨ ਲਈ ਦੂਰ ਦੁਰਾਡੇ ਤੋਂ ਲੋਕ ਕਈ ਕਈ ਮਹੀਨੇ ਸਫ਼ਰ ਕਰਦੇ ਰਹਿੰਦੇ ਸਨ। ਪਰ ਅੱਜਕੱਲ੍ਹ ਕੋਈ ਯਾਤਰੀ ਮੰਦਰ ਦੇ ਦਰਵਾਜ਼ੇ ਤਕ ਆਪਣੀ ਗੱਡੀ ਵਿਚ ਪਹੁੰਚ ਸਕਦਾ ਹੈ।

ਸ੍ਰੀ ਮਹੰਤ ਦਾਅਵਾ ਕਰਦੇ ਹਨ ਕਿ ਹੋਰ ਚਾਰ ਸ਼ਿਵ ਧਾਮਾਂ ਵਾਂਗ ਇਹ ਮੰਦਰ ਵੀ ਸ਼ਰਧਾਲੂਆਂ ਲਈ ਇਕ ਪਵਿੱਤਰ ਧਾਮ ਹੈ।

****

## ਇਸ ਭਲੇ ਪਿੰਡ ਦਾ ਕੁਝ ਵੀ ਬੁਰਾ ਨਹੀਂ

ਭਲਾ ਪਿੰਡ ਉਸ ਵੇਲੇ ਮਸ਼ਹੂਰ ਹੋਇਆ ਜਦੋਂ ਇੱਥੋਂ ਦੇ ਥੇਹ ਦੀ ਖੁਦਾਈ ਦੌਰਾਨ ਚਾਰ ਸਦੀਆਂ ਪੁਰਾਣੇ ਮੁਗਲ ਰਾਜ ਵੇਲੇ ਦੇ ਸਿੱਕੇ ਮਿਲੇ। ਇਸ ਦੇ ਬਾਵਜੂਦ ਰਾਜ ਸਰਕਾਰ ਜਾਂ ਕੇਂਦਰ ਸਰਕਾਰ ਦਾ ਕੋਈ ਨੁਮਾਇੰਦਾ ਥੇਹ ਨੂੰ ਪੱਧਰਾ ਹੁੰਦਿਆਂ ਦੇਖਣ ਨਹੀਂ ਆਇਆ। ਖੁਦਾਈ ਦੌਰਾਨ ਨਿਕਲਿਆ ਨਾਨਕਸ਼ਾਹੀ ਇੱਟਾਂ ਦਾ ਢਾਂਚਾ, ਉਦੋਂ ਤਕ ਖ਼ਤਮ ਹੋ ਗਿਆ ਸੀ, ਜਦੋਂ ਪੁਰਾਤੱਤਵ ਵਿਭਾਗ ਦੇ ਲੋਕ ਇਸ ਇਤਿਹਾਸਕ ਪਿੰਡ ਵਿਚ ਪਹੁੰਚੇ। ਪਿੰਡ ਦੇ ਲੋਕ ਇਸ ਥੇਹ ਨੂੰ ਪੱਧਰਾ ਕਰਨ ਲਈ ਦਿਨ ਰਾਤ ਜੁਟੇ ਹੋਏ ਸਨ। ਉਨ੍ਹਾਂ ਨੂੰ ਇਸ ਅਸਥਾਨ ਦੀ ਵਿਰਾਸਤੀ ਕੀਮਤ ਦਾ ਕੋਈ ਗਿਆਨ ਨਹੀਂ ਸੀ। ਟਰੈਕਟਰ ਲਗਾਤਾਰ ਥੇਹ ਨੂੰ ਢਾਹ ਰਹੇ ਸਨ।

ਸਿੱਕਿਆਂ ਦੀ ਲੱਭਤ ਨੇ ਇਹ ਗੱਲ ਬਿਨਾਂ-ਸ਼ੱਕ ਸਾਬਤ ਕਰ ਦਿੱਤੀ ਸੀ ਕਿ ਇਹ ਕਸਬਾ ਕਦੀ ਦਰਿਆ ਰਾਵੀ ਦੇ ਕੰਢੇ ਉਤੇ ਵਸਦਾ ਸੀ, ਜੋ ਕਦੀ ਇਸ ਇਲਾਕੇ ਵਿਚੋਂ ਲੰਘਦਾ ਸੀ। ਇਹ ਸਥਾਨ ਗੋਇੰਦਵਾਲ-ਸ੍ਰੀਨਗਰ ਸੜਕ ਵਜੋਂ ਮਸ਼ਹੂਰ ਸੀ, ਜਿਸ ਰਾਹੀਂ ਮੁਗਲ ਬਾਦਸ਼ਾਹ ਸਫ਼ਰ ਕਰਿਆ ਕਰਦੇ ਸਨ। ਪਿੰਡ-ਵਾਸੀਆਂ ਦਾ ਵਿਸ਼ਵਾਸ ਹੈ ਕਿ ਸਮੇਂ ਦੇ ਬੀਤਣ ਨਾਲ ਦਰਿਆ ਰਾਵੀ ਨੇ ਆਪਣਾ ਵਹਿਣ ਬਦਲ ਲਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਗੱਲ ਇਸ ਤੱਥ ਤੋਂ ਸਾਬਤ ਹੁੰਦੀ ਹੈ ਕਿ ਇਲਾਕੇ ਵਿਚ ਖੁਦਾਈ ਸਮੇਂ, ਹੇਠੋਂ ਰੇਤ ਦੀ ਮੋਟੀ ਤਹਿ ਨਿਕਲਦੀ ਹੈ।

ਕੁਝ ਸਮਾਂ ਪਹਿਲਾਂ ਤਕ ਇਸ ਵੱਡੇ ਥੇਹ ਨੂੰ ਪਿੰਡ ਦੇ ਸ਼ਮਸ਼ਾਨਘਾਟ ਵਜੋਂ ਵਰਤਿਆ ਜਾਂਦਾ ਸੀ। ਇਸ ਨੂੰ ਅਸਲ ਹਾਲਤ ਵਿਚ ਬਚਾ ਕੇ ਰੱਖਿਆ ਜਾ ਸਕਦਾ ਸੀ ਕਿਉਂਕਿ ਇਹ ਥੇਹ ਪਿੰਡ ਦੀ ਜ਼ਮੀਨ ਦਾ ਇਕ ਉਜਾੜ-ਜੰਗਲੀ ਹਿੱਸਾ ਸੀ ਜਿਸ ਵਿਚ ਦਾਖਲ ਹੋਣਾ ਮੁਸ਼ਕਿਲ ਸੀ। ਇਸ ਥੇਹ ਦੇ ਆਲੇ-ਦੁਆਲੇ ਕਿਸਾਨਾਂ ਦੀ ਜ਼ਮੀਨ ਸੀ।

ਇਤਿਹਾਸ ਵਿਚ ਦਿਲਚਸਪੀ ਰੱਖਣ ਵਾਲੇ ਵਿਦਵਾਨਾਂ ਅਨੁਸਾਰ ਇਹ ਥੇਹ ਇਕ ਐਸਾ ਦੁਰਲੱਭ ਖ਼ਜ਼ਾਨਾ ਹੈ ਜਿਸ ਵਿਚੋਂ ਮਿਲੇ ਸਿੱਕਿਆਂ ਉਤੇ ਫਾਰਸੀ ਲਿੱਪੀ ਵਿਚ ਲਿਖੇ ਸ਼ਾਹ ਜਹਾਨ ਦੇ ਨਾਂ ਨੂੰ ਪੜ੍ਹ ਕੇ, ਪੁਰਾਤੱਤਵ ਵਿਗਿਆਨੀ ਮੁਗਲ ਸਿੱਕਿਆਂ ਬਾਰੇ ਜਾਣਕਾਰੀ ਹਾਸਲ ਕਰ ਸਕਦੇ ਹਨ। ਸ਼ਾਹ ਜਹਾਨ ਇਕ ਮਹਾਨ ਭਵਨ-ਨਿਰਮਾਤਾ ਸੀ। ਉਸ ਨੇ ਮੁਗਲ ਸਿੱਕਾ-ਢਲਾਈ ਨੂੰ ਵੀ ਮਿਆਰ-ਬੱਧ ਕਰ ਦਿੱਤਾ ਸੀ।

ਸ਼ਾਹ ਜਹਾਨ ਰਾਜ ਦੇ ਮੁੱਢਲੇ ਸਾਲਾਂ ਵਿਚ ਵੱਖ-ਵੱਖ ਡਿਜ਼ਾਈਨਾਂ ਦੇ ਸਿੱਕੇ ਜਾਰੀ ਕੀਤੇ ਗਏ। ਸ਼ਾਹ ਜਹਾਨ ਰਾਜ ਦੇ ਆਖ਼ਰੀ ਸਾਲਾਂ ਵਿਚ ਸਿੱਕਿਆਂ ਦੇ ਇਨ੍ਹਾਂ



ਡਿਜ਼ਾਈਨਾਂ ਨੂੰ ਮਿਆਰ-ਬੱਧ ਕਰ ਦਿੱਤਾ ਗਿਆ। ਸ਼ਾਹਜਹਾਨ ਵੱਲੋਂ ਢਾਲੇ ਗਏ ਸਿੱਕੇ ਬਹੁਤ ਖ਼ੂਬਸੂਰਤ ਤੇ ਸ਼ੋਭਨੀਕ ਸਨ, ਜਦ ਕਿ ਸ਼ਾਹਜਹਾਨ ਦੇ ਪੂਰਵਗਾਮੀ ਬਾਦਸ਼ਾਹਾਂ ਦੇ ਸਿੱਕਿਆਂ ਵਿਚ ਖ਼ੂਬਸੂਰਤੀ ਦੀ ਕਮੀ ਸੀ।

ਵਿਰਸਾ ਪ੍ਰੇਮੀ ਅਤੇ ਪੁਰਾਤੱਤਵ ਵਿਗਿਆਨੀ ਕਹਿੰਦੇ ਹਨ ਕਿ ਭਲਾ ਪਿੰਡ ਵਿਚੋਂ ਲੱਭੇ ਸਿੱਕੇ ਮੌਲਿਕਤਾ ਅਤੇ ਨਵੀਨ ਹੁਨਰਕਾਰੀ ਦੀ ਝਲਕ ਪੇਸ਼ ਕਰਦੇ ਹਨ।

ਇਸ ਦੇ ਬਾਵਜੂਦ ਪਿੰਡ-ਵਾਸੀ ਇਨ੍ਹਾਂ ਸਿੱਕਿਆਂ ਦੀ ਇਤਿਹਾਸਕ ਅਹਿਮੀਅਤ ਬਾਰੇ ਬਹੁਤੇ ਜਾਗਰੂਕ ਨਹੀਂ ਹਨ। ਪਹਿਲਾਂ ਥੇਹ ਨੂੰ ਪੁੱਟ ਰਹੇ ਚਾਰ ਮਜ਼ਦੂਰਾਂ ਨੂੰ 70 ਬਹੁ-ਮੁੱਲੇ ਚਾਂਦੀ ਦੇ ਸਿੱਕੇ ਮਿਲੇ ਜਿਹੜੇ ਮਿੱਟੀ ਦੇ ਇਕ ਬਰਤਨ ਵਿਚ ਪਾਏ ਹੋਏ ਸਨ। ਮਜ਼ਦੂਰਾਂ ਨੂੰ ਪੁਰਾਤਨ ਵਿਰਾਸਤੀ ਐਕਟ 1878 ਦੀ ਉਲੰਘਣਾ ਦੇ ਤਹਿਤ ਜੇਲ੍ਹ ਵਿਚ ਸੁੱਟ ਦਿੱਤਾ ਗਿਆ। ਚਾਰ ਮਜ਼ਦੂਰ ਜਿਨ੍ਹਾਂ ਨੂੰ ਜੇਲ੍ਹ ਵਿਚ ਸੁੱਟਿਆ ਗਿਆ, ਉਨ੍ਹਾਂ ਦੀ ਪਛਾਣ ਬਲਬੀਰ ਸਿੰਘ ਉਰਫ਼ ਬੀਰਾ, ਦਲਬੀਰ ਸਿੰਘ ਉਰਫ਼ ਬਿੱਟੂ ਤੇ ਦਰਬਾਰਾ ਸਿੰਘ (ਤਿੰਨੇ ਭਲਾ ਪਿੰਡ ਦੇ ਜੋਗਿੰਦਰ ਸਿੰਘ ਦੇ ਪੁੱਤਰ) ਅਤੇ ਜੈਮਲ ਸਿੰਘ ਵਜੋਂ ਹੋਈ। ਭਾਰਤੀ ਦੰਡ ਸੰਹਿਤਾ ਦੀ ਧਾਰਾ 414 ਅਤੇ ਭਾਰਤੀ ਵਿਰਾਸਤ ਐਕਟ ਅਨੁਸਾਰ ਰਾਜਾ ਸਾਂਸੀ ਦੇ ਥਾਣੇ ਵਿਚ ਕੇਸ ਦਰਜ ਕੀਤੇ ਗਏ। ਪਿੰਡ ਦੇ ਸਰਪੰਚ ਸ. ਰਣਜੀਤ ਸਿੰਘ ਭਲਾ ਨੇ ਦੋਸ਼ ਲਾਇਆ ਕਿ ਪੁਲੀਸ ਨੇ ਚਾਰ ਮਜ਼ਦੂਰਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਨਾਲ ਬੇਇਨਸਾਫ਼ੀ ਕੀਤੀ ਹੈ ਕਿਉਂਕਿ ਉਨ੍ਹਾਂ ਨੂੰ ਸਿੱਕਿਆਂ ਦੇ ਵਿਰਾਸਤੀ ਮਹੱਤਵ ਦਾ ਪਤਾ ਨਹੀਂ ਸੀ।

ਸਿੱਕਿਆਂ ਦੀ ਪੁਰਾਤੱਤਵ ਅਹਿਮੀਅਤ ਤੋਂ ਅਣਜਾਣ ਮਜ਼ਦੂਰਾਂ ਨੇ ਕੁਝ ਸਿੱਕੇ ਇਕ ਸਥਾਨਕ ਸੁਨਿਆਰੇ ਨੂੰ 25 ਰੁਪਏ ਪ੍ਰਤੀ ਸਿੱਕਾ ਦੇ ਹਿਸਾਬ ਨਾਲ ਵੇਚ ਦਿੱਤੇ ਅਤੇ ਦੇਸੀ ਸ਼ਰਾਬ ਦੀਆਂ ਦੋ ਬੋਤਲਾਂ ਖਰੀਦ ਲਈਆਂ। ਖੁਸ਼ਕਿਸਮਤੀ ਦੀ ਗੱਲ ਇਹ ਹੋਈ ਕਿ ਕਿਸੇ ਨੇ ਪੁਲੀਸ ਨੂੰ ਸੂਚਨਾ ਦੇ ਦਿੱਤੀ ਅਤੇ ਪੁਲੀਸ ਨੇ ਛਾਪਾ ਮਾਰ ਕੇ ਸਿੱਕੇ ਆਪਣੇ ਕਬਜ਼ੇ ਵਿਚ ਲੈ ਲਏ। ਪਿੰਡ ਦੇ ਸਰਪੰਚ ਨੇ ਸਿੱਕੇ ਲਭਾਉਣ ਵਿਚ ਮਦਦ ਕੀਤੀ। ਉਸ ਨੇ ਮਜ਼ਦੂਰਾਂ ਨੂੰ ਪ੍ਰੇਰਿਆ ਕਿ ਉਹ ਪੁਲੀਸ ਦੇ ਸਾਹਮਣੇ ਪੇਸ਼ ਹੋ ਜਾਣ ਅਤੇ ਉਨ੍ਹਾਂ ਉਤੇ ਕੋਈ ਕੇਸ ਨਹੀਂ ਬਣਾਇਆ ਜਾਵੇਗਾ। ਪਰ ਸਰਪੰਚ ਨੇ ਦੋਸ਼ ਲਾਇਆ ਕਿ ਪੁਲੀਸ ਨੇ ਕਹਾਣੀ ਘੜ ਲਈ ਕਿ ਖ਼ਬਰ ਮਿਲਣ ’ਤੇ ਮਜ਼ਦੂਰਾਂ ਨੂੰ ਪੁਲੀਸ ਨਾਕੇ ’ਤੇ ਗ੍ਰਿਫ਼ਤਾਰ ਕੀਤਾ ਗਿਆ ਸੀ।

ਪਿੰਡ ਦੀ ਇਕ ਬਜ਼ੁਰਗ ਔਰਤ ਬੀਬੀ ਬਲਵੀਰ ਕੌਰ ਨੇ ਦੱਸਿਆ ਕਿ ਸਾਡਾ ਪਿੰਡ ਬਹੁਤ ਪੁਰਾਣਾ ਹੈ ਅਤੇ ਇੱਥੇ ਪਹਿਲਾਂ ਵੀ ਕਈ ਲੋਕਾਂ ਨੂੰ ਪੁਰਾਤਨ ਚੀਜ਼ਾਂ ਲੱਭੀਆਂ ਹਨ। ਉਸ ਨੇ ਕਿਹਾ, ਪਰ ਕਦੀ ਕਿਸੇ ਨੇ ਮੁਗਲ ਰਾਜ ਦੇ ਸਿੱਕੇ ਜ਼ਿਲ੍ਹਾ ਖ਼ਜ਼ਾਨੇ ਵਿਚ ਜਮ੍ਹਾ ਨਹੀਂ ਕਰਾਏ।

### ਸਿੱਕੇ ਦਾ ਦੂਜਾ ਪਾਸਾ

ਪਿੰਡ ਦੇ ਬਜ਼ੁਰਗ ਕਹਿੰਦੇ ਹਨ ਕਿ ਪਿੰਡ ਦਾ ਭਲਾ ਨਾਂ ਮਹਾਰਾਜਾ ਰਣਜੀਤ ਸਿੰਘ ਨੇ ਰੱਖਿਆ ਸੀ। ਪੁਰਾਣੇ ਸਮਿਆਂ ਵਿਚ ਇਹ ਪਿੰਡ ‘ਬੁਰਾ’ ਨਾਮ ਨਾਲ

ਬਦਨਾਮ ਸੀ। ਕਹਿੰਦੇ ਹਨ ਕਿ ਇਸ ਪਿੰਡ ਦੇ ਲੋਕਾਂ ਨੇ ਇਕ ਵਾਰ ਕੁਝ ਔਰਤਾਂ ਮਾਰ ਦਿੱਤੀਆਂ ਸਨ (ਕਈ ਕਹਿੰਦੇ ਹਨ ਕਿ ਚੁੜੇਲਾਂ) ਇਸ ਕਰ ਕੇ ਪਿੰਡ ਦਾ ਨਾਂ 'ਬੁਰਾ' ਪੈ ਗਿਆ। ਇਹ ਮਿਥਿਹਾਸਕ ਘਟਨਾ ਹੈ, ਇਤਿਹਾਸਕ ਨਹੀਂ।

ਭਾਈ ਕਾਠਾ ਸਿੰਘ ਅਨੁਸਾਰ ਭਲਾ ਪਿੰਡ, ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਜਰਨੈਲ ਸ. ਲਹਿਣਾ ਸਿੰਘ ਮਜੀਠੀਆ ਦਾ ਨਾਨਕਾ ਪਿੰਡ ਸੀ। ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਪਤਾ ਲੱਗਾ ਕਿ ਪਿੰਡ ਦਾ ਨਾਂ 'ਬੁਰਾ' ਹੈ ਤਾਂ ਉਸ ਨੇ ਆਪ ਮਹਿਕਮਾ ਮਾਲ ਦੇ ਕਾਗਜ਼ਾਂ ਵਿਚ ਪਿੰਡ ਦਾ ਨਾਂ 'ਭਲਾ' ਦਰਜ ਕਰਵਾਇਆ। ਪਿੰਡ ਦੇ ਗੁਰਦੁਆਰੇ ਦੀ ਕੰਧ 'ਤੇ ਇਕ ਤਸਵੀਰ ਬਣੀ ਹੋਈ ਹੈ, ਜਿਸ ਉਤੇ 'ਮਹਾਰਾਜਾ ਪਿੰਡ ਦਾ ਨਾਂ ਬਦਲ ਰਿਹਾ ਹੈ' ਲਿਖਿਆ ਹੋਇਆ ਹੈ।

### ਭਾਈਚਾਰਕ ਸਾਂਝ ਦੀ ਮਿਸਾਲ

ਭਲਾ ਪਿੰਡ ਦੇ ਲੋਕਾਂ ਨੇ ਦੇਸ਼-ਵੰਡ ਦੇ ਹੱਲੇ-ਗੁੱਲੇ ਵਾਲੇ ਦਿਨਾਂ ਵਿਚ ਭਾਈਚਾਰਕ ਸਾਂਝ ਦੀ ਔਖੀ ਪ੍ਰੀਖਿਆ ਪਾਸ ਕਰ ਲਈ ਜਦੋਂ ਉਨ੍ਹਾਂ ਨੇ ਆਪਣੇ ਮੁਸਲਮਾਨ ਭਰਾਵਾਂ ਨੂੰ ਵਾਹਗੇ ਦੀ ਸਰਹੱਦ ਤਕ ਸਹੀ ਸਲਾਮਤ ਪਹੁੰਚਾਇਆ।

ਪਿੰਡ ਦੇ ਮੌਜੂਦਾ ਸਰਪੰਚ ਸ. ਰਣਜੀਤ ਸਿੰਘ ਭਲਾ ਦੇ ਪੜਦਾਦਾ ਭਾਈ ਈਸ਼ਰ ਸਿੰਘ ਉਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਨ। ਉਨ੍ਹਾਂ ਨੇ ਆਪਣੇ ਪਿੰਡ ਦੇ ਇਕ ਮੁਸਲਮਾਨ ਵਾਸੀ ਗੁਲਾਮ ਮੁਹੰਮਦ ਨੂੰ ਦੇਸ਼-ਵੰਡ ਤੋਂ ਬਾਅਦ ਵੀ ਉਸ ਦੇ ਗਹਿਣੇ ਵਾਪਸ ਕਰ ਦਿੱਤੇ। ਗੁਲਾਮ ਮੁਹੰਮਦ ਦਾ ਪਰਿਵਾਰ ਭਲਾ ਪਿੰਡ ਵਿਚ ਅਜੇ ਤਕ ਵੀ ਆਪਣੀਆਂ ਜੜ੍ਹਾਂ ਨਾਲ ਜੁੜਿਆ ਹੋਇਆ ਹੈ।

****



## ਨਾਰਲੀ ਪਿੰਡ ਦਾ ਲਾਸਾਨੀ ਇਤਿਹਾਸ

ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪੰਜਾਬ ਨਾਟਸ਼ਾਲਾ ਅੰਮ੍ਰਿਤਸਰ ਵਿਖੇ ਪੁਨਰਜੋਤ ਸੰਸਥਾ ਵਲੋਂ ਸ਼ਹਿਰ ਦੀਆਂ ਪ੍ਰਤਿਸ਼ਟ ਸ਼ਖ਼ਸੀਅਤਾਂ ਦੇ ਸਾਹਮਣੇ ਆਵਾਜ਼ ਅਤੇ ਰੌਸ਼ਨੀ ਦਾ ਇਕ ਨਾਟਕ 'ਕੁਕਨੂਸ ਭਗਤ ਸਿੰਘ' ਪੇਸ਼ ਕੀਤਾ ਗਿਆ। ਪੁਨਰਜੋਤ ਸੰਸਥਾ ਦਾ ਮਨੋਰਥ ਪੰਜਾਬ ਦੇ ਵਿਰਸੇ ਨੂੰ ਸੰਭਾਲਣਾ ਅਤੇ ਉਸ ਨੂੰ ਉੱਨਤ ਕਰਨਾ ਹੈ।

ਇਸ ਆਵਾਜ਼ ਅਤੇ ਰੌਸ਼ਨੀ ਦੇ ਪ੍ਰੋਗਰਾਮ ਦਾ ਮਕਸਦ ਪੁਰਾਣੇ ਪਿੰਡ ਨਾਰਲੀ ਦੀ ਪੁਰਾਤਨ ਸ਼ਾਨ ਨੂੰ ਪ੍ਰਦਰਸ਼ਿਤ ਕਰਨਾ ਸੀ, ਜੋ ਕਿ ਸ਼ਹੀਦ ਭਗਤ ਸਿੰਘ ਦੇ ਬਜ਼ੁਰਗਾਂ ਨਾਲ ਸਬੰਧਿਤ ਹੈ ਅਤੇ ਹਿੰਦ-ਪਾਕਿ ਸਰਹੱਦ ਦੇ ਨੇੜੇ ਹੈ।

ਕੁਕਨੂਸ ਇਕ ਅਜਿਹਾ ਕਲਪਿਤ ਪੰਛੀ ਹੈ, ਜੋ ਇਕ ਪ੍ਰਾਚੀਨ ਮਿਥ ਦੇ ਅਨੁਸਾਰ ਹਰ 500 ਸਾਲ ਬਾਅਦ ਆਪਣੀ ਅੱਗ ਵਿਚ ਸੜ ਕੇ ਸੁਆਹ ਹੋ ਜਾਂਦਾ ਹੈ ਅਤੇ ਫੇਰ ਜ਼ਿੰਦਾ ਹੋ ਜਾਂਦਾ ਹੈ।

ਆਵਾਜ਼ ਅਤੇ ਰੌਸ਼ਨੀ ਦਾ ਪ੍ਰੋਗਰਾਮ ਕਲਪਿਤ ਪੰਛੀ ਕੁਕਨੂਸ ਦੇ ਰੂਪਕ ਦੁਆਰਾ ਸ਼ਹੀਦ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਦੀਆਂ ਮਹਾਨ ਕੁਰਬਾਨੀਆਂ ਨੂੰ ਪ੍ਰਦਰਸ਼ਿਤ ਕਰਦਾ ਹੈ ਅਤੇ ਇਹ ਦਰਸਾਉਂਦਾ ਹੈ ਕਿ ਭਗਤ ਸਿੰਘ ਵਰਗੇ ਇਨਕਲਾਬੀ ਕਦੀ ਨਹੀਂ ਮਰਦੇ।

ਆਵਾਜ਼ ਅਤੇ ਰੌਸ਼ਨੀ ਦੇ ਪ੍ਰੋਗਰਾਮ ਵਿਚ ਭਗਤ ਸਿੰਘ ਨੂੰ ਕੁਕਨੂਸ ਵਾਂਗ ਇਨਕਲਾਬ ਦੀ ਰਾਖ ਵਿਚੋਂ ਉਭਰਦਾ ਹੋਇਆ ਦਿਖਾਇਆ ਹੈ। ਦਿਲਚਸਪ ਗੱਲ ਇਹ ਕਿ ਇਹ ਪ੍ਰੋਗਰਾਮ ਉਸੇ ਸ਼ਾਨਦਾਰ ਹਵੇਲੀ ਵਿਚ ਦਿਖਾਇਆ ਗਿਆ, ਜਿਸ ਵਿਚ ਜਿਵੇਂ ਕਹਿੰਦੇ ਹਨ ਕਿ ਭਗਤ ਸਿੰਘ ਆਪਣੇ ਗੁਪਤ ਜੀਵਨ ਸਮੇਂ ਅਕਸਰ ਆਇਆ ਕਰਦਾ ਸੀ।

ਆਵਾਜ਼ ਅਤੇ ਰੌਸ਼ਨੀ ਦੇ ਪ੍ਰੋਗਰਾਮ ਵਿਚ ਪਿੰਡ ਨਾਰਲੀ ਦਾ ਇਤਿਹਾਸ ਵੀ ਪ੍ਰਦਰਸ਼ਿਤ ਕੀਤਾ ਗਿਆ, ਜਿੱਥੋਂ ਦੇ ਜੰਮ-ਪਲ ਰਾਜਾ ਚਰਮਕ ਨੇ ਯੂਨਾਨੀਆਂ ਦਾ ਮੁਕਾਬਲਾ ਕੀਤਾ ਸੀ। ਕਰੋੜ ਸਿੰਘੀਆ ਮਿਸਲ ਦਾ ਸਰਦਾਰ ਬਘੇਲ ਸਿਘ, ਜਿਸ ਨੇ ਦਿੱਲੀ ਦੇ ਲਾਲ ਕਿਲੇ 'ਤੇ ਸਿੱਖ ਨਿਸ਼ਾਨ ਸਾਹਿਬ ਝੁਲਾਇਆ ਸੀ, ਉਹ ਵੀ ਨਾਰਲੀ ਪਿੰਡ ਵਿਚ ਹੀ ਪੈਦਾ ਹੋਇਆ ਸੀ। ਸ਼ਹੀਦ ਭਗਤ ਸਿੰਘ ਦੇ ਪੁਰਖਿਆਂ ਨੇ ਵੀ ਨਾਰਲੀ ਵਿਚ ਵੀ ਜਨਮ ਲਿਆ।

ਨਾਰਲੀ ਉਹੀ ਪਿੰਡ ਹੈ, ਜਿੱਥੇ ਸ. ਸੋਭਾ ਸਿੰਘ ਅਤੇ ਉਸ ਦੇ ਵੰਸ਼ਜਾਂ ਨੇ ਵਿੱਦਿਆ ਦੇ ਖੇਤਰ ਵਿਚ ਇਤਿਹਾਸਕ ਪੈੜਾਂ ਛੱਡੀਆਂ ਹਨ। ਇਸ ਡਰਾਮੇ ਵਿਚ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਨੂੰ ਪਿੰਡ ਦੇ ਬਜ਼ੁਰਗਾਂ ਦੇ ਸੁਪਨਿਆਂ ਨਾਲ

ਰਲਦੇ-ਮਿਲਦੇ ਦਿਖਾਇਆ ਗਿਆ ਹੈ। ਇਸ ਨਾਟਕ ਦਾ ਨਾਟਕਕਾਰ ਤੇ ਡਾਇਰੈਕਟਰ ਕੇਵਲ ਧਾਲੀਵਾਲ ਸੀ, ਜਿਸ ਦੀ ਰਾਹ-ਨੁਮਾਈ ਸਪਰਿੰਗ ਡੇਲ ਸੀਨੀਅਰ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਮਨਵੀਨ ਸੰਧੂ ਅਤੇ ਸਪਰਿੰਗ ਡੇਲ ਐਜੂਕੇਸ਼ਨ ਸੁਸਾਇਟੀ ਦੇ ਟਰੱਸਟੀ ਡਾ. ਸ਼ਵਿੰਦਰ ਸਿਘ ਸੰਧੂ ਨੇ ਕੀਤੀ ਸੀ। ਅਫ਼ਸੋਸ ਕਿ ਇਹ ਦੰਪਤੀ ਹੁਣ ਸਾਡੇ ਵਿਚ ਨਹੀਂ ਹਨ!

ਇਸ ਜੋੜੇ ਨੇ ਪੁਨਰਜੋਤ ਨਾਂ ਦੀ ਇਕ ਸੰਸਥਾ ਬਣਾਈ ਸੀ। ਪੁਨਰਜੋਤ ਦੀ ਸਿਰਜਨਾ ਇਸ ਨਾਟਕ ਦਾ ਨਿਸ਼ਾਨਾ, ਸੁਤੰਤਰਤਾ-ਸੰਗਰਾਮੀਆਂ ਦੇ ਸਿਧਾਂਤਾਂ ਅਤੇ ਸੁਪਨਿਆਂ ਬਾਰੇ ਦਿਲਚਸਪੀ ਪੈਦਾ ਕਰਨਾ ਸੀ। ਇਹ ਵਾਰਤਾਲਾਪ ਆਧਾਰਿਤ ਇਕ ਨਾਟਕ ਹੈ ਜਿਸ ਦੀ ਮਲਟੀ-ਮੀਡੀਆ ਦੀਆਂ ਆਧੁਨਿਕ ਤਕਨੀਕਾਂ ਜਿਵੇਂ ਫਿਲਮ ਆਦਿ ਅਤੇ ਰਵਾਇਤੀ ਥੀਏਟਰ ਦੀਆਂ ਤਕਨੀਕਾਂ ਨੂੰ ਮਿਲਾ-ਜੁਲਾ ਕੇ ਸਿਰਜਨਾ ਕੀਤੀ ਗਈ ਹੈ।

ਨਾਟਕ ਵਿਚ ਕੁਝ ਸੁੰਦਰ ਕਵਿਤਾਵਾਂ, ਅਤੇ ਭਗਤ ਸਿੰਘ ਦੀਆਂ ਕੁਝ ਆਪਣੀਆਂ ਲਿਖਤਾਂ ਦੀ ਵਰਤੋਂ ਕੀਤੀ ਗਈ ਹੈ। ਨਾਟਕ ਦੀ ਲਿਖਤ ਵਿਚ ਕੇਵਲ ਸਥਾਨਕ ਨਾਵਾਂ-ਥਾਵਾਂ ਦਾ ਜ਼ਿਕਰ ਨਹੀਂ ਕੀਤਾ ਗਿਆ, ਸਗੋਂ ਨਾਰਲੀ ਅਤੇ ਭਗਤ ਸਿੰਘ ਦੀ ਸਾਂਝ ਨੂੰ ਇਕ ਵਿਚਾਰਧਾਰਾ ਅਧੀਨ ਬੜੀ ਹੁਨਰਮੰਦੀ ਨਾਲ ਪੇਸ਼ ਕੀਤਾ ਗਿਆ ਹੈ। ਬਾਅਦ ਵਿਚ ਇਸ ਨਾਟਕ ਨੂੰ ਭਾਰਤ ਵਿਚ ਅੰਮ੍ਰਿਤਸਰ, ਜਲੰਧਰ, ਖਟਕੜ ਕਲਾਂ, ਢੁੱਡੀ ਕਲਾਂ (ਲਾਲਾ ਲਾਜਪਤ ਰਾਏ ਦਾ ਜੱਦੀ ਪਿੰਡ) ਅਤੇ ਹੁਸੈਨੀਵਾਲਾ ਵਿਚ ਅਤੇ ਪਾਕਿਸਤਾਨ ਵਿਚ ਲਾਹੌਰ, ਕਸੂਰ ਅਤੇ ਬੰਗਾ ਵਿਚ ਖੇਡਿਆ ਗਿਆ।

## ਪਿੰਡ ਦਾ ਸਕੂਲ : ਮਹਾਨ ਸ਼ਖ਼ਸੀਅਤਾਂ ਦੀ ਬਾਲਵਾੜੀ

ਸਰਹੱਦੀ ਪੱਟੀ ਦੇ ਸਰਕਾਰੀ ਸਕੂਲਾਂ ਦੀ ਹਾਲਤ ਤਰਸਯੋਗ ਹੈ ਪਰ ਨਾਰਲੀ ਪਿੰਡ ਦੇ ਹਾਈ ਸਕੂਲ ਦੀ ਇਹ ਸਿਫ਼ਤ ਹੈ ਕਿ ਇਸ ਨੇ ਆਪਣੇ ਕੁਝ ਵਿਦਿਆਰਥੀਆਂ ਨੂੰ ਐਸੀ ਜੀਵਨ-ਸੇਧ ਦਿੱਤੀ ਹੈ ਕਿ ਉਨ੍ਹਾਂ ਨੇ ਡਾਕਟਰੀ, ਸਿੱਖਿਆ, ਸਸ਼ਸਤਰ ਫ਼ੌਜਾਂ ਅਤੇ ਇੰਜੀਨੀਅਰਿੰਗ ਆਦਿ ਦੇ ਖੇਤਰ ਵਿਚ ਉੱਚੀਆਂ ਪਦਵੀਆਂ ਹਾਸਲ ਕੀਤੀਆਂ ਹਨ।

ਸ਼ਹੀਦ ਭਗਤ ਸਿੰਘ ਦੇ ਬਜ਼ੁਰਗ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਪਹਿਲਾਂ ਨਾਰਲੀ ਨੂੰ ਛੱਡ ਕੇ ਨਵਾਂ ਸ਼ਹਿਰ ਜ਼ਿਲ੍ਹੇ ਦੇ ਪਿੰਡ ਖਟਕੜ ਕਲਾਂ ਵਿਚ ਜਾ ਕੇ ਵਸ ਗਏ ਸਨ। ਨਾਰਲੀ ਦੇ ਸਕੂਲ ਨੂੰ ਸਥਾਪਿਤ ਹੋਇਆਂ ਸੌ ਸਾਲ ਤੋਂ ਵੀ ਵੱਧ ਸਮਾਂ ਹੋ ਗਿਆ ਹੈ। ਦੇਸ਼-ਵੰਡ ਤੋਂ ਪਹਿਲਾਂ ਬਹੁਤੇ ਅਧਿਆਪਕ ਮੁਸਲਮਾਨ ਸਨ ਅਤੇ ਉਨ੍ਹਾਂ ਨੂੰ ਮੁਨਸ਼ੀ ਕਿਹਾ ਜਾਂਦਾ ਸੀ। ਮੁਨਸ਼ੀ ਦਾ ਅਰਥ ਹੈ ਅਧਿਆਪਕ।

ਪਿੰਡ-ਵਾਸੀ, ਜਿਨ੍ਹਾਂ ਨੇ ਮਿਸਰੀਆਂ, ਮੁਗਲਾਂ ਅਤੇ ਅੰਗਰੇਜ਼ਾਂ ਵਿਰੁੱਧ ਸੰਘਰਸ਼ ਕੀਤਾ ਸੀ, ਆਪਣੇ ਬੱਚਿਆਂ ਨੂੰ ਕਦੀ ਅੰਗਰੇਜ਼ੀ ਮਾਧਿਅਮ ਵਾਲੇ ਪਬਲਿਕ ਸਕੂਲਾਂ



ਵਿਚ ਦਾਖ਼ਲ ਨਹੀਂ ਕਰਵਾਉਂਦੇ ਸਨ ਅਤੇ ਪਿੰਡ ਦੇ ਸਕੂਲ ਨੂੰ ਤਰਜੀਹ ਦਿੰਦੇ ਸਨ। ਸ. ਸੋਭਾ ਸਿੰਘ ਦੇ ਨਾਰਲੀ ਪਰਿਵਾਰ ਨੇ ਵਿੱਦਿਆ ਦੇ ਖੇਤਰ ਵਿਚ ਬਹੁਤ ਵੱਡਾ ਯੋਗਦਾਨ ਪਾਇਆ। ਉਨ੍ਹਾਂ ਨੇ ਭਰਾਵਾਂ ਦੀ ਹਵੇਲੀ ਵਿਚ ਕੁੜੀਆਂ ਦਾ ਪਹਿਲਾ ਸਕੂਲ ਖੋਲ੍ਹਿਆ। ਉਸ ਤੋਂ ਬਾਅਦ ਉਨ੍ਹਾਂ ਨੇ ਨੇੜੇ ਹੀ ਖਾਲੜਾ ਹਾਈ ਸਕੂਲ ਸਥਾਪਿਤ ਕੀਤਾ। ਵਿੱਦਿਆ ਇਸ ਪਰਿਵਾਰ ਦੀ ਪਹਿਚਾਨ ਸੀ। ਇਸ ਪਰਿਵਾਰ ਦੀਆਂ ਧੀਆਂ ਅਤੇ ਨੂੰਹਾਂ ਨੇ ਨਾਰਲੀ ਸਕੂਲ ਵਿਚ ਪੜ੍ਹਾਇਆ। ਕੁਝ ਬੀਬੀਆਂ ਦੇ ਨਾਂ ਇਸ ਤਰ੍ਹਾਂ ਹਨ: ਬੀਬੀ ਸੇਵਾ ਕੌਰ, ਬੀਬੀ ਹਰਦੀਪ ਕੌਰ, ਬੀਬੀ ਨਿਰੰਜਨ ਕੌਰ ਅਤੇ ਬੀਬੀ ਮਹਿੰਦਰ ਕੌਰ।

ਸੌ ਸਾਲ ਤੋਂ ਵੀ ਪੁਰਾਣਾ ਜੰਡ ਦਾ ਇਕ ਦਰੱਖਤ ਸਕੂਲ ਦੇ ਦਰਵਾਜ਼ੇ ਦੇ ਬਾਹਰ ਸ਼ਾਨ ਨਾਲ ਖੜ੍ਹਾ ਹੈ, ਜੋ ਇਸ ਗੱਲ ਦਾ ਸੱਚਾ ਗਵਾਹ ਹੈ ਕਿ ਇਸ ਸਕੂਲ ਦੀ ਨੀਂਹ ਕਿੰਨੀ ਮਜ਼ਬੂਤ ਰੱਖੀ ਗਈ ਸੀ, ਜੋ ਅੱਜ ਵੀ ਮਹਾਨ ਬੁੱਧੀਮਾਨ ਸ਼ਖ਼ਸੀਅਤਾਂ ਨੂੰ ਜਨਮ ਦੇ ਰਿਹਾ ਹੈ। ਇਸ ਸਕੂਲ ਤੋਂ ਪਾਸ ਹੋ ਕੇ ਗਏ ਕੁਝ ਵਿਦਿਆਰਥੀ ਅੱਜ ਵੀ ਸੂਬੇ ਦੇ ਪ੍ਰਸਿੱਧ ਕਾਲਜਾਂ, ਡੈਂਟਲ ਕਾਲਜਾਂ ਅਤੇ ਇੰਜੀਨੀਅਰਿੰਗ ਕਾਲਜਾਂ ਵਿਚ ਪੜ੍ਹ ਰਹੇ ਹਨ।

ਸਪਰਿੰਗ ਡੇਲ ਐਜੂਕੇਸ਼ਨ ਸੁਸਾਇਟੀ ਦੀ ਸਰਪ੍ਰਸਤੀ ਹੇਠ ਚਲ ਰਹੀ ਪੁਨਰਜੋਤ ਸੰਸਥਾ ਨੇ ਸ਼ਹੀਦ ਭਗਤ ਸਿੰਘ ਦੀ ਯਾਦ ਵਿਚ ਇਕ ਬਹੁਤ ਹੀ ਵਧੀਆ ਕੰਪਿਊਟਰ ਸੈਂਟਰ ਖੋਲ੍ਹਿਆ ਹੈ।

ਇਸ ਸਕੂਲ ਨੂੰ ਇਸ ਗੱਲ ਦਾ ਮਾਨ ਹੈ ਕਿ ਇਸ ਨੇ ਆਪਣੀ ਵਧੀਆ ਸਿੱਖਿਆ ਨਾਲ ਕਵੀ ਮਹਾਂਰਥੀ ਪੈਦਾ ਕੀਤੇ ਹਨ। ਕੁਝ ਨਾਮ ਇਸ ਤਰ੍ਹਾਂ ਹਨ: ਇਸ ਸਕੂਲ ਵਿਚ ਪੜ੍ਹਿਆ ਰਾਮ ਚੰਦ ਇਸ ਪਿੰਡ ਦਾ ਪਹਿਲਾ ਵਿਅਕਤੀ ਹੈ ਜਿਸ ਨੇ ਲਾਹੌਰ ਤੋਂ ਐੱਮ.ਏ. (ਅੰਗਰੇਜ਼ੀ) ਪਾਸ ਕੀਤੀ ਅਤੇ ਬਾਅਦ ਵਿਚ ਲੇਖਾ-ਪੜਤਾਲ (ਆਡਿਟ) ਵਿਭਾਗ ਵਿਚ ਨਿਯੁਕਤ ਹੋ ਗਿਆ। ਇਸ ਸਕੂਲ ਵਿਚ ਪੜ੍ਹਿਆ ਇਕ ਹੋਰ ਮਹਾਂਰਥੀ ਦਲੀਪ ਸਿੰਘ ਹੈ, ਜੋ ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਜਨਰਲ ਮੈਨੇਜਰ ਵਜੋਂ ਸੇਵਾ ਮੁਕਤ ਹੋਇਆ ਹੈ। ਉਸ ਨੂੰ ਇਹ ਮਾਨ ਵੀ ਹਾਸਲ ਹੈ ਕਿ ਉਸ ਨੇ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਅਧੀਨ ਤਿੰਨ ਸਾਲ ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਗਵਰਨਰ ਵਜੋਂ ਕੰਮ ਕੀਤਾ।

ਇਸ ਸਕੂਲ ਨੇ ਕਈ ਫ਼ੌਜੀ ਅਫ਼ਸਰ ਵੀ ਪੈਦਾ ਕੀਤੇ ਹਨ ਜਿਵੇਂ ਬ੍ਰਿਗੇਡੀਅਰ ਨਰਿੰਦਰ ਸਿੰਘ ਸੰਧੂ। ਉਹ 1965 ਅਤੇ 1971 ਦੀਆਂ ਜੰਗਾਂ ਵਿਚ ਖੇਮਕਰਨ ਅਤੇ ਡੇਰਾ ਬਾਬਾ ਨਾਨਕ ਕੇ ਮੁਹਾਜ਼ਾਂ 'ਤੇ ਬਹਾਦਰੀ ਨਾਲ ਲੜੇ ਅਤੇ ਮਹਾਂਵੀਰ ਚੱਕਰ ਪ੍ਰਾਪਤ ਕੀਤਾ। ਸੇਵਾ-ਮੁਕਤ ਹੋਣ ਪਿੱਛੋਂ ਉਨ੍ਹਾਂ ਨੇ ਯੂਥ ਸਰਵਿਸਿਜ਼ ਪੰਜਾਬ ਦੇ ਡਾਇਰੈਕਟਰ ਵਜੋਂ ਕੰਮ ਕੀਤਾ। ਬਖ਼ਸ਼ੀਸ਼ ਸਿੰਘ ਸੰਧੂ ਆਪਣੀ ਅਗਲੀ ਪੜ੍ਹਾਈ ਲਈ ਆਰ.ਆਈ.ਐੱਮ.ਸੀ. ਦੇਹਰਾਦੂਨ ਗਏ ਅਤੇ ਉਨ੍ਹਾਂ ਨੂੰ ਇਹ ਮਾਨ ਹਾਸਲ ਹੈ ਕਿ ਉਹ ਦੇਸ਼-ਵੰਡ ਤੋਂ ਪਹਿਲਾਂ ਸੰਯੁਕਤ ਪੰਜਾਬ ਵਿਚੋਂ ਪਹਿਲੇ ਵਿਅਕਤੀ ਸਨ ਜੋ

ਇੰਗਲੈਂਡ ਦੇ ਮਿਲਟਰੀ ਕਾਲਜ ਸੈਂਡਹਰਸਟ ਤਕ ਪਹੁੰਚੇ। ਮੇਜਰ ਭਗਵਾਨ ਸਿੰਘ ਸੰਧੂ ਨੇ ਦੂਜੀ ਸੰਸਾਰ ਜੰਗ ਵਿਚ ਹਿੱਸਾ ਲਿਆ ਅਤੇ ਜਰਮਨੀ ਵਿਚ ਨੌਂ ਸਾਲ ਜੰਗੀ ਕੈਦੀ ਵਜੋਂ ਬਤੀਤ ਕੀਤੇ। ਸੁਰਿੰਦਰ ਸਿੰਘ ਸੰਧੂ ਇਕ ਪ੍ਰਸਿੱਧ ਸਿੱਖਿਆ-ਸ਼ਾਸਤਰੀ ਹਨ ਜੋ ਈਥੋਪੀਆ (ਅਫਰੀਕਾ) ਦੇ ਸਿੱਖਿਆ ਮੰਤਰਾਲੇ ਵਿਚ ਇਤਿਹਾਸ ਵਿਭਾਗ ਦੇ ਮੁਖੀ ਰਹੇ। ਭਾਰਤ ਵਾਪਸ ਆ ਕੇ ਉਹ ਸਪਰਿੰਗ ਡੇਲ ਸਕੂਲ ਦੀ ਨੀਂਹ ਰੱਖਣ ਵਾਲਿਆਂ ਵਿਚ ਸ਼ਾਮਲ ਸਨ ਅਤੇ ਸਪਰਿੰਗ ਡੇਲ ਐਜੂਕੇਸ਼ਨਲ ਸੁਸਾਇਟੀ ਦੇ ਚੇਅਰਮੈਨ ਹਨ। ਕਰਨਲ ਦੇਵਿੰਦਰ ਸਿੰਘ ਸੰਧੂ ਨੇ ਫ਼ੌਜ ਤੋਂ ਸੇਵਾ-ਮੁਕਤ ਹੋਣ ਪਿੱਛੋਂ ਸੀ। ਪਾਇਟੀ (C-PYTE) ਦੇ ਪ੍ਰੋਗਰਾਮ ਅਧੀਨ ਸਰਹੱਦੀ ਨੌਜਵਾਨਾਂ ਦੇ ਮੁੜ-ਵਸੇਬੇ ਵਿਚ ਉੱਘਾ ਯੋਗਦਾਨ ਪਾਇਆ।

ਪਿੰਡ ਨਾਰਲੀ ਦੀ ਇਕ ਹੋਰ ਉੱਘੀ ਸ਼ਖ਼ਸੀਅਤ ਗੁਰਨਾਮ ਸਿੰਘ ਸੰਧੂ ਸਨ, ਜੋ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਅੰਮ੍ਰਿਤਸਰ ਦੇ ਬਾਨੀ ਪ੍ਰਿੰਸੀਪਲ ਸਨ। ਇਸ ਸਕੂਲ ਦੇ ਵਿਦਿਆਰਥੀ ਕਰਨਲ ਗੁਰਬੀਰ ਸਿੰਘ ਸੰਧੂ ਨੂੰ ਇਹ ਮਾਨ ਹਾਸਲ ਹੈ ਕਿ ਉਨ੍ਹਾਂ ਨੇ ਪੰਜਾਬ ਵਿਚ ਪਹਿਲਾ ਡੈਂਟਲ ਕਾਲਜ ਸਥਾਪਿਤ ਕੀਤਾ।

## ਬ੍ਰਿਗੇਡੀਅਰ ਐੱਨ.ਐੱਸ.ਸੰਧੂ

'ਪੈਟਨ ਟੈਂਕਾਂ ਦਾ ਕਬਰਸਤਾਨ' ਬਣਾਉਣ ਵਾਲਿਆਂ ਵਿਚੋਂ ਬ੍ਰਿਗ. ਸੰਧੂ ਇਕ ਸਨ, ਜਿਨ੍ਹਾਂ ਨੂੰ ਅਦਭੁੱਤ ਬਹਾਦਰੀ ਦਿਖਾਉਣ ਵਾਲੇ ਬਹਾਦਰਾਂ ਨੂੰ ਦਿੱਤੇ ਜਾਂਦੇ ਫ਼ੌਜੀ ਸਨਮਾਨਾਂ ਵਿਚੋਂ ਦੂਜੇ ਨੰਬਰ ਦਾ ਸਭ ਤੋਂ ਉੱਚਾ ਫ਼ੌਜੀ ਸਨਮਾਨ ਮਹਾਂਵੀਰ ਚੱਕਰ ਪ੍ਰਦਾਨ ਕੀਤਾ ਗਿਆ। ਭਾਰਤ-ਪਾਕਿ ਜੰਗਾਂ ਦੌਰਾਨ ਮੈਦਾਨੇ-ਜੰਗ ਵਿਚ ਮਿਸਾਲੀ ਦਲੇਰੀ ਦਿਖਾਉਣ ਤੋਂ ਬਾਅਦ, ਬ੍ਰਿਗ. ਐੱਨ.ਐੱਸ. ਸੰਧੂ ਨੇ ਗਰੀਬ ਕਿਸਾਨਾਂ ਦੀ ਜੰਗ ਲੜਨ ਦਾ ਫੈਸਲਾ ਕੀਤਾ, ਜਿਹੜੇ ਸਰਹੱਦੀ ਵਾੜ ਤੋਂ ਪਾਰ ਆਪਣੀਆਂ ਜ਼ਮੀਨਾਂ ਨੂੰ ਵਾਹੁਣ-ਬੀਜਣ ਲਈ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਅਤੇ ਅਪਮਾਨਾਂ ਦਾ ਸਾਹਮਣਾ ਕਰ ਰਹੇ ਸਨ। ਪਾਕਿਸਤਾਨ ਨਾਲ ਲਗਦੀ 533 ਕਿਲੋਮੀਟਰ ਲੰਮੀ ਸਰਹੱਦੀ ਪੱਟੀ, ਗੁਰਦਾਸਪੁਰ, ਅੰਮ੍ਰਿਤਸਰ, ਤਰਨ ਤਾਰਨ, ਅਤੇ ਫ਼ਿਰੋਜ਼ਪੁਰ ਦੇ ਜ਼ਿਲ੍ਹਿਆਂ ਵਿਚ ਫੈਲੀ ਹੋਈ ਹੈ। ਬਹੁਤ ਸਾਰੇ ਪੰਜਾਬੀ ਕਿਸਾਨਾਂ ਦੇ ਖੇਤ ਸਰਹੱਦੀ ਵਾੜ ਦੇ ਪਰਲੇ ਪਾਸੇ ਹਨ। ਵਧੀਆ ਕਿਸਮ ਦੀਆਂ ਫਸਲਾਂ ਪੈਦਾ ਕਰਨ ਵਾਲੀ ਉਪਜਾਊ ਜ਼ਮੀਨ ਮਨਾਹੀ ਵਾਲੇ ਖੇਤਰ ਵਿਚ ਆ ਗਈ ਹੈ। ਜਿਸ ਦੇ ਕਾਰਨ, ਸਰਹੱਦੀ ਪੱਟੀ ਵਿਚ ਰਹਿੰਦੇ ਕਿਸਾਨ, ਜਿਹੜੇ ਕਦੀ ਬੜੇ ਖੁਸ਼ਹਾਲ ਸਨ, ਹੁਣ ਸਰਕਾਰੀ ਸਹਾਇਤਾ ਦੀ ਉਡੀਕ ਕਰਦੇ ਰਹਿੰਦੇ ਹਨ।

ਬ੍ਰਿਗ. ਸੰਧੂ ਕਹਿੰਦੇ ਹਨ ਕਿ ਜਦੋਂ ਪਾਕਿਸਤਾਨ ਨਾਲ ਭਾਰਤ ਦੀਆਂ ਗਹਿਗੱਚ ਜੰਗਾਂ ਹੁੰਦੀਆਂ ਸਨ, ਤਾਂ ਸਰਹੱਦੀ ਪੱਟੀ ਦੇ ਕਿਸਾਨ ਫ਼ੌਜੀਆਂ ਨੂੰ ਲੰਗਰ ਅਤੇ ਰਸਦਾਂ ਪਹੁੰਚਾਉਂਦੇ ਸਨ। ਉਹ ਕਹਿੰਦੇ ਹਨ ਕਿ 'ਮੈਨੂੰ ਸਰਹੱਦੀ ਕਿਸਾਨਾਂ ਦੀ ਪ੍ਰੇਸ਼ਾਨੀ ਵੇਖ ਕੇ ਸ਼ਰਮ ਆਉਂਦੀ ਹੈ, ਜਿਨ੍ਹਾਂ ਨੇ ਅਤਿਅੰਤ ਮੁਸ਼ਕਿਲ ਸਮਿਆਂ ਵਿਚ ਫ਼ੌਜ ਦੀ ਮਦਦ ਕੀਤੀ। ਸਰਹੱਦੀ ਪੱਟੀ ਦੇ ਕਿਸਾਨ ਉਸਤਰੇ ਦੀ ਧਾਰ 'ਤੇ ਜਿਉਂਦੇ



ਹਨ ਕਿਉਂਕਿ ਹਿੰਦ-ਪਾਕਿ ਜੰਗਾਂ ਦੇ ਕਾਰਨ ਉਨ੍ਹਾਂ ਨੂੰ ਕਈ ਵਾਰ ਉਜੜਨਾ ਪਿਆ।

"ਇਨ੍ਹਾਂ ਕਿਸਾਨਾਂ ਦੀ ਹਾਲਤ ਹੋਰ ਸੂਬਿਆਂ ਦੇ ਕਿਸਾਨਾਂ ਨਾਲੋਂ ਬਿਲਕੁਲ ਵੱਖਰੀ ਹੈ। ਇਸ ਲਈ ਉਹ ਰਾਜ ਸਰਕਾਰ ਅਤੇ ਕੇਂਦਰ ਸਰਕਾਰ ਤੋਂ ਬਿਹਤਰ ਵਰਤਾਓ ਦੇ ਪਾਤਰ ਹਨ।" ਬ੍ਰਿਗ. ਸੰਧੂ ਅੱਗੇ ਕਹਿੰਦੇ ਹਨ ਕਿ ਸਰਹੱਦੀ ਕਿਸਾਨਾਂ ਦੀ ਸਹਾਇਤਾ ਤੋਂ ਬਿਨਾਂ ਪਾਕਿਸਤਾਨ ਵਿਰੁੱਧ 'ਅਸਲ ਉੱਤਰ' ਵਰਗੀਆਂ ਜੰਗਾਂ ਨੂੰ ਜਿੱਤਣਾ ਅਸੰਭਵ ਸੀ।

ਇਸ ਜੰਗ ਦਾ ਨਾਂ ਅਸਲ ਉੱਤਰ ਦੇ ਨਾਂ ਉਤੇ ਪਿਆ ਹੈ ਜਿਸ ਦਾ ਅਰਥ ਹੈ 'ਸਹੀ ਜਵਾਬ'। ਇਹ ਪਿੰਡ ਖੇਮਕਰਨ ਦੇ ਨੇੜੇ ਭਾਰਤੀ ਪੰਜਾਬ ਵਿਚ ਪੈਂਦਾ ਹੈ। ਇਹ ਉਹ ਇਲਾਕਾ ਹੈ ਜਿਸ ਨੇ ਦੋ ਦੇਸ਼ਾਂ ਵਿਚਾਲੇ ਹੋਈਆਂ ਜੰਗਾਂ ਨੂੰ ਬਾਕਾਇਦਾ ਦੇਖਿਆ ਹੈ। ਪਾਕਿਸਤਾਨੀ ਹਮਲੇ ਦੀ ਅਗਵਾਈ ਪਹਿਲੀ ਹਥਿਆਰਬੰਦ ਡਵੀਜ਼ਨ ਕਰ ਰਹੀ ਸੀ, ਜਿਸ ਨੂੰ 'ਪਾਕਿਸਤਾਨ ਦਾ ਮਾਣ' ਕਿਹਾ ਜਾਂਦਾ ਹੈ। ਪਾਕਿਸਤਾਨ ਦੀ ਅਸਲ ਯੋਜਨਾ, ਅੰਮ੍ਰਿਤਸਰ ਨੂੰ ਦੇਸ਼ ਨਾਲੋਂ ਵੱਖ ਕਰ ਦੇਣ ਦੀ ਸੀ, ਜਿਸ ਨਾਲ ਕਸ਼ਮੀਰ ਦੀ ਭਾਰਤੀ ਸਪਲਾਈ ਲਾਈਨ ਬੰਦ ਹੋ ਜਾਣੀ ਸੀ। ਬ੍ਰਿਗ. ਸੰਧੂ ਕਹਿੰਦੇ ਹਨ ਕਿ ਬੀ.ਐੱਸ. ਐੱਫ. ਦੇ ਜਵਾਨਾਂ ਵੱਲੋਂ ਕਿਸਾਨਾਂ ਨਾਲ 'ਦੁਸ਼ਮਨਾਂ' ਵਰਗਾ ਸਲੂਕ ਹੁੰਦਾ ਵੇਖ ਕੇ ਦਿਲ ਨੂੰ ਬਹੁਤ ਦੁੱਖ ਹੁੰਦਾ ਹੈ।

ਬ੍ਰਿਗ. ਸੰਧੂ ਨੇ ਉੱਚ ਅਧਿਕਾਰੀਆਂ ਤਕ ਪੂਰੀ ਕੋਸ਼ਿਸ਼ ਕੀਤੀ ਕਿ ਕਿਸਾਨਾਂ ਦੀ ਮਦਦ ਕਰਨ ਦਾ ਕੋਈ ਆਦਰਯੋਗ ਤਰੀਕਾ ਲੱਭਿਆ ਜਾ ਸਕੇ। ਉਨ੍ਹਾਂ ਨੇ ਕੇਂਦਰ ਸਰਕਾਰ ਉਤੇ ਇਸ ਗੱਲ ਲਈ ਜ਼ੋਰ ਪਾਇਆ ਕਿ ਉਨ੍ਹਾਂ ਕਿਸਾਨਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ ਜਿਨ੍ਹਾਂ ਨੂੰ ਸੁਰੱਖਿਆ ਕਾਰਨਾਂ ਕਰ ਕੇ ਸਰਹੱਦੀ ਵਾੜ ਤੋਂ ਪਾਰ ਆਪਣੇ ਖੇਤਾਂ ਵਿਚ ਗੰਨਾ ਜਾਂ ਹੋਰ ਉੱਚੇ ਕੱਦ ਵਾਲੀਆਂ ਫਸਲਾਂ ਬੀਜਣ ਦੀ ਮਨਾਹੀ ਹੈ।

ਬ੍ਰਿਗ. ਸੰਧੂ ਦਾ ਜਨਮ ਸੁਤੰਤਰਤਾ ਸੰਗਰਾਮੀਆਂ ਦੇ ਇਕ ਪ੍ਰਤਿਸ਼ਟ ਪਰਿਵਾਰ ਵਿਚ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਨਾਰਲੀ ਵਿਚ ਇਕ ਸਤੰਬਰ, 1932 ਨੂੰ ਹੋਇਆ। ਉਨ੍ਹਾਂ ਦੇ ਪਿਤਾ ਸਵਰਗਵਾਸੀ ਸ. ਹਰੀ ਸਿੰਘ ਇਕ ਸੱਚੇ-ਸੁੱਚੇ ਰਾਸ਼ਟਰਵਾਦੀ ਸਨ, ਜਿਨ੍ਹਾਂ ਨੇ ਆਜ਼ਾਦੀ ਪ੍ਰਾਪਤੀ ਦੀਆਂ ਕਈ ਮੁਹਿੰਮਾਂ ਵਿਚ ਭਾਗ ਲਿਆ। ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਪੈਦਾਵਾਰ ਬ੍ਰਿਗ. ਸੰਧੂ ਨੇ ਦਸੰਬਰ 1953 ਵਿਚ ਆਰਮਰਡ ਕੋਰ ਵਿਚ ਕਮਿਸ਼ਨ ਹਾਸਲ ਕੀਤਾ। ਉਨ੍ਹਾਂ ਨੂੰ ਗਾਜ਼ਾ (ਮਿਸਰ) ਸਥਿਤ ਸੰਯੁਕਤ ਰਾਸ਼ਟਰ ਦੀ ਅਪਾਤਕਾਲ ਫੋਰਸ ਦੇ ਨਿੱਜੀ ਸਟਾਫ਼ ਵਿਚ 1961-62 ਵਿਚ ਨਿਯੁਕਤ ਕੀਤਾ ਗਿਆ। ਉਨ੍ਹਾਂ ਦੇ ਟੀਮ-ਸੰਗਠਨ ਅਤੇ ਸੰਕਟ-ਸਥਿਤੀ ਉਤੇ ਕਾਬੂ ਪਾਉਣ ਦੇ ਅਮੀਰ ਤਜਰਬੇ ਨੂੰ ਵੇਖ ਕੇ ਉਨ੍ਹਾਂ ਨੂੰ ਨੌਜਵਾਨਾਂ ਦੀ ਸਿਖਲਾਈ ਅਤੇ ਰੋਜ਼ਗਾਰ ਸੈਂਟਰ ਪੰਜਾਬ ਦਾ ਡਾਇਰੈਕਟਰ-ਜਨਰਲ ਨਿਯੁਕਤ ਕੀਤਾ ਗਿਆ।

ਉਨ੍ਹਾਂ ਨੂੰ ਖਾੜਕੂਵਾਦ ਦੇ ਸਮੇਂ ਦੌਰਾਨ ਪੰਜਾਬੀ ਨੌਜਵਾਨਾਂ ਨੂੰ ਉਸਾਰੂ ਜੀਵਨ-ਸੇਧ ਦੇਣ ਦਾ ਚੁਣੌਤੀ-ਪੂਰਨ ਕੰਮ ਸੌਂਪਿਆ ਗਿਆ। ਸੱਚ-ਮੁੱਚ ਇਹ ਕੰਮ ਬਹੁਤ ਔਖਾ ਸੀ ਪਰ ਫੇਰ ਵੀ ਉਹ ਬਹੁਤ ਸਾਰੇ ਨੌਜਵਾਨਾਂ ਨੂੰ ਮੁੱਖ-ਧਾਰਾ ਵਿਚ ਲਿਆਉਣ ਵਿਚ ਸਫ਼ਲ ਰਹੇ। ਉਨ੍ਹਾਂ ਨੇ ਪੰਜਾਬ ਦੇ ਖਾੜਕੂਵਾਦ-ਗ੍ਰਸਤ ਇਲਾਕਿਆਂ ਵਿਚ ਕਿੱਤਾ-ਸਿਖਲਾਈ ਦੇ ਸੈਂਟਰ ਸਥਾਪਿਤ ਕੀਤੇ।

### ਮਨਵੀਨ ਅਤੇ ਸ਼ਵਿੰਦਰ ਸੰਧੂ ਦੀ ਅਨੋਖੀ ਜੋੜੀ

ਸਪਰਿੰਗ ਡੇਲ ਸਕੂਲ ਅੰਮ੍ਰਿਤਸਰ ਦੇ ਰੂਹੇ-ਰਵਾਂ 'ਏਕ ਜੋਤ ਦੋਇ ਮੂਰਤੀ' ਦੀ ਸੱਚੀ ਮਿਸਾਲ ਮਨਵੀਨ ਅਤੇ ਸ਼ਵਿੰਦਰ ਸੰਧੂ ਦਾ ਪਿੰਡ ਵੀ ਨਾਰਲੀ ਸੀ। ਉਨ੍ਹਾਂ ਨੇ ਆਪਣੇ ਜੀਵਨ ਵਿਚ ਵਿੱਦਿਆ ਅਤੇ ਸੱਭਿਆਚਾਰਕ ਸਰਗਰਮੀਆਂ ਦੇ ਖੇਤਰ ਵਿਚ ਅੰਬਰ-ਛੂਹੀ ਪ੍ਰਾਪਤੀਆਂ ਕੀਤੀਆਂ। ਉਹ ਪੂਰਬੀ ਤੇ ਪੱਛਮੀ ਦੋਹਾਂ ਪੰਜਾਬਾਂ ਵਿਚ ਚੰਗੇ ਦੋਸਤਾਨਾ ਸਬੰਧ ਕਾਇਮ ਕਰਨ ਲਈ ਯਤਨਸ਼ੀਲ ਸਨ ਪਰ ਹੋਣੀ ਨੂੰ ਕੁਝ ਹੋਰ ਹੀ ਮਨਜ਼ੂਰ ਸੀ। 11 ਜਨਵਰੀ 2009 ਨੂੰ ਉਹ ਦੋਵੇਂ ਇਕੋ ਦਿਨ ਸੜਕ ਹਾਦਸੇ 'ਚ ਚਲਾਣਾ ਕਰ ਗਏ।

****



## ਕਿਵੇਂ ਉੱਜੜ ਗਿਆ ਪੁਲ ਕੰਜਰੀ?

ਪਿੰਡ ਪੁਲ ਕੰਜਰੀ ਦੀਆਂ ਜਰਜਰੀਆਂ ਇਮਾਰਤਾਂ ਨੇੜ-ਅਤੀਤ ਦੀ ਦੁਖਦਾਈ ਦਾਸਤਾਨ ਸੁਣਾਉਂਦੀਆਂ ਹਨ। ਕਸਬੇ ਉਤੇ 1947 ਦੀ ਦੇਸ਼-ਵੰਡ ਤੋਂ ਇਕ ਹਫ਼ਤਾ ਬਾਅਦ ਕਬਾਇਲੀਆਂ ਨੇ ਹਮਲਾ ਕਰ ਦਿੱਤਾ ਸੀ ਅਤੇ ਨਵੇਂ ਬਣੇ ਪਾਕਿਸਤਾਨ ਦੇ ਜਨੂਨੀਆਂ ਨੇ ਕਸਬੇ ਦੇ ਤਕਰੀਬਨ ਸਾਰੇ ਲੋਕਾਂ ਨੂੰ ਕਤਲ ਕਰ ਦਿੱਤਾ ਸੀ।

1965 ਅਤੇ 1971 ਦੀਆਂ ਹਿੰਦ-ਪਾਕਿ ਲੜਾਈਆਂ ਦੌਰਾਨ ਪਾਕਿਸਤਾਨੀ ਫ਼ੌਜ ਨੇ ਪੁਲ ਕੰਜਰੀ 'ਤੇ ਕਬਜ਼ਾ ਕਰ ਲਿਆ ਸੀ। ਪਰ ਬਾਅਦ ਵਿਚ ਭਾਰਤੀ ਫ਼ੌਜ ਨੇ ਇਸ ਨੂੰ ਫੇਰ ਆਪਣੇ ਅਧਿਕਾਰ ਵਿਚ ਲੈ ਲਿਆ। 1971 ਵਿਚ ਪਾਕਿਸਤਾਨੀ ਫ਼ੌਜ ਤੋਂ ਪੁਲ ਕੰਜਰੀ ਨੂੰ ਆਜ਼ਾਦ ਕਰਾਉਣ ਵਾਲੇ ਸਿੱਖ ਰਜਮੈਂਟਾਂ ਦੇ ਜਵਾਨਾਂ ਦੀ ਯਾਦ ਵਿਚ ਉਸਾਰਿਆ ਗਿਆ ਯਾਦਗਾਰੀ ਮੀਨਾਰ, ਦਿੱਤੀਆਂ ਗਈਆਂ ਮਹਾਨ ਕੁਰਬਾਨੀਆਂ ਦੀ ਗਵਾਹੀ ਭਰਦਾ ਹੈ।

ਅੰਮ੍ਰਿਤਸਰ ਅਤੇ ਲਾਹੌਰ ਸਮੇਤ ਦੂਰ-ਦੁਰਾਡੇ ਇਲਾਕਿਆਂ 'ਚੋਂ ਲੋਕ ਪੁਲ ਕੰਜਰੀ ਵਿਖੇ ਖਰੀਦਾ-ਖਰਾਦੀ ਕਰਨ ਆਉਂਦੇ ਸਨ। ਦੇਸ਼-ਵੰਡ ਤੋਂ ਪਹਿਲਾਂ ਇਸ ਕਸਬੇ ਵਿਚ ਅਰੋੜੇ ਸਿੱਖ, ਮੁਸਲਮਾਨ ਤੇ ਹਿੰਦੂ ਅਮਨ-ਅਮਾਨ ਨਾਲ ਰਹਿੰਦੇ ਸਨ।

ਇਹ ਇਤਿਹਾਸਕ ਕਸਬਾ ਹੁਣ ਕੇਵਲ ਇਕ ਛੋਟਾ ਜਿਹਾ ਪਿੰਡ ਬਣ ਕੇ ਰਹਿ ਗਿਆ ਹੈ। 1947 ਦੀ ਕਤਲੋ-ਗਾਰਤ ਵਿਚੋਂ ਜਿਹੜੇ ਲੋਕ ਬਚ ਗਏ, ਉਹ ਅੰਮ੍ਰਿਤਸਰ ਚੰਡੀਗੜ੍ਹ, ਹਿਮਾਚਲ ਪ੍ਰਦੇਸ਼, ਪੰਜਾਬ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਜਾ ਕੇ ਵਸ ਗਏ। ਪਰ ਉਹ ਹਰ ਸਾਲ 22 ਅਗਸਤ ਨੂੰ ਆਪਣੇ ਬਜ਼ੁਰਗਾਂ ਨੂੰ ਸ਼ਰਧਾਂਜਲੀ ਦੇਣ ਲਈ ਪੁਲ ਕੰਜਰੀ ਵਿਚ ਇਕੱਠੇ ਹੁੰਦੇ ਹਨ ਅਤੇ ਉਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਅਖੰਡ ਪਾਠ ਕਰਾਉਂਦੇ ਹਨ ਜੋ ਇੱਥੇ ਮਾਰੇ ਗਏ।

ਮਹਾਰਾਜਾ ਰਣਜੀਤ ਸਿੰਘ ਵੱਲੋਂ ਬਣਵਾਈ ਗਈ ਸ਼ਾਨਦਾਰ ਬਾਰਾਂਦਰੀ ਜਿਸ ਵਿਚ ਉਹ ਅੰਮ੍ਰਿਤਸਰ ਤੋਂ ਲਾਹੌਰ ਨੂੰ ਜਾਂਦਿਆਂ ਠਹਿਰਿਆ ਕਰਦੇ ਸੀ, ਦੀ ਹਾਲਤ ਬਹੁਤ ਖਸਤਾ ਹੈ। ਢਹਿ ਰਹੇ ਜਰਜਰੇ ਖੰਡਰ, ਬੀਤੇ ਸਮਿਆਂ ਦੀ ਉਦਾਸ ਕਹਾਣੀ ਸੁਣਾ ਰਹੇ ਹਨ।

ਢਹਿ ਰਹੀਆਂ ਇਮਾਰਤਾਂ ਵਿਚੋਂ ਇਕ ਇਮਾਰਤ ਵਿਚ ਹਿੰਦੂ ਦੇਵੀ-ਦੇਵਤਿਆਂ ਅਤੇ ਬਾਲਾ ਤੇ ਮਰਦਾਨਾ ਸਹਿਤ ਗੁਰੂ ਨਾਨਕ ਦੇਵ ਜੀ ਦੇ ਕੁਝ ਕੰਧ-ਚਿੱਤਰ ਅਜੇ ਵੀ ਚੰਗੀ ਹਾਲਤ ਵਿਚ ਕਾਇਮ ਹਨ। ਪਰ ਸਮੇਂ ਦੇ ਬੀਤਣ ਨਾਲ ਬਹੁਤ ਸਾਰੇ ਕੰਧ-ਚਿਤਰ ਮਿਟ ਗਏ ਹਨ। ਕੁਝ ਦਰਸ਼ਕਾਂ ਨੇ ਇਨ੍ਹਾਂ ਇਤਿਹਾਸਕ ਚਿਤਰਾਂ ਉਤੇ ਆਪਣੇ ਨਾਂ ਲਿਖ ਕੇ ਇਨ੍ਹਾਂ ਨੂੰ ਵਿਗਾੜ ਦਿੱਤਾ ਹੈ।

ਕਦੀ ਵਸਦੇ-ਰਸਦੇ ਇਸ ਕਸਬੇ ਦੀ ਪੁਰਾਣੀ ਸ਼ਾਨ ਨੂੰ ਬਹਾਲ ਕਰਨਾ ਮੁਸ਼ਕਲ ਜਾਪਦਾ ਹੈ। ਅਮੀਰ ਵਿਰਸੇ ਦੇ ਖੰਡਰਾਂ ਨੂੰ ਸਹੀ ਹਾਲਤ ਵਿਚ ਲਿਆਉਣ ਲਈ ਕਾਫ਼ੀ ਪੈਸੇ ਦੀ ਲੋੜ ਹੈ, ਜੋ ਕੇਂਦਰ ਤੇ ਰਾਜ ਸਰਕਾਰਾਂ ਖਰਚ ਕਰਨਾ ਪਸੰਦ ਨਹੀਂ ਕਰਨਗੀਆਂ। ਫੇਰ ਵੀ ਇਨ੍ਹਾਂ ਇਤਿਹਾਸਕ ਇਮਾਰਤਾਂ ਦੀ ਸ਼ਾਨ ਨੂੰ ਬਹਾਲ ਕਰਨ ਦੀ ਜ਼ਿੰਮੇਵਾਰੀ ਹੁਣ ਸੀਮਾ ਸੁਰੱਖਿਆ ਬਲਾਂ ਨੂੰ ਦਿੱਤੀ ਗਈ ਹੈ। ਵੈਲਫੇਅਰ ਸੁਸਾਇਟੀ ਦੇ ਅਹੁਦੇਦਾਰ ਕਹਿੰਦੇ ਹਨ ਕਿ ਜਰਜਰੀ ਬਾਰਾਂਦਰੀ, ਢਾਬ ਅਤੇ ਪਿੰਡ ਦੇ ਗੁਰਦੁਆਰੇ ਦੀ ਅਸੁਰੱਖਿਅਤ ਇਮਾਰਤ ਨੂੰ ਜੇ ਬਚਾਉਣਾ ਹੈ ਤਾਂ ਸਰਕਾਰ ਵੱਲੋਂ ਇਨ੍ਹਾਂ ਇਮਾਰਤਾਂ ਨੂੰ 'ਸੁਰਖਿਅਤ ਕੌਮੀ ਇਮਾਰਤਾਂ' ਐਲਾਨ ਕਰਨਾ ਹੋਵੇਗਾ।

ਭਾਵੇਂ ਸੀਮਾ ਸੁਰੱਖਿਆ ਬਲਾਂ ਨੇ ਢਾਬ ਨੂੰ ਅਤੇ ਨਾਲ ਲਗਦੀਆਂ ਇਮਾਰਤਾਂ ਦੀ ਸਾਫ਼-ਸਫਾਈ ਕਰਨੀ ਸ਼ੁਰੂ ਕਰ ਦਿੱਤੀ ਹੈ ਪਰ ਕੇਂਦਰ ਜਾਂ ਰਾਜ ਸਰਕਾਰ ਨੇ ਅਜੇ ਤਕ ਇਸ ਕੰਮ ਲਈ ਕੋਈ ਫੰਡ ਮਨਜ਼ੂਰ ਨਹੀਂ ਕੀਤੇ।

ਕਮਾਂਡੰਟ ਪ੍ਰਦੀਪ ਕਤਿਆਲ ਨੇ ਆਖਿਆ ਕਿ ਭਾਵੇਂ ਕੇਂਦਰ ਤੇ ਰਾਜ ਦੀ ਸਰਕਾਰ ਵਲੋਂ ਅਜੇ ਤਕ ਕੋਈ ਪੈਸਾ ਪ੍ਰਾਪਤ ਨਹੀਂ ਹੋਇਆ ਪਰ ਸੀਮਾ ਸੁਰੱਖਿਆ ਬਲ ਇਸ ਪਿੰਡ ਦੀ ਪੁਰਾਣੀ ਸ਼ਾਨ ਨੂੰ ਬਹਾਲ ਕਰਨ ਲਈ ਪੂਰੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਸਥਾਨ ਦੀ ਸਾਂਭ-ਸੰਭਾਲ ਲਈ ਸੀਮਾ ਸੁਰੱਖਿਆ ਬਲਾਂ ਨੇ ਇਕ ਪੂਰੀ ਯੋਜਨਾ ਬਣਾ ਕੇ ਭੇਜ ਦਿੱਤੀ ਹੈ। ਉਨ੍ਹਾਂ ਹੋਰ ਕਿਹਾ ਕਿ ਪੰਜਾਬ ਦੇ ਸੈਰ-ਸਪਾਟਾ ਮੰਤਰੀ ਸ. ਜਗਮੋਹਨ ਸਿੰਘ ਕੰਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਵੱਡੇ ਅਧਿਕਾਰੀ ਇਸ ਗੱਲ ਦੇ ਕਾਇਲ ਹਨ ਕਿ ਪੁਲ ਕੰਜਰੀ ਵਿਚ ਉਨ੍ਹਾਂ ਬੇਸ਼ੁਮਾਰ ਯਾਤਰੀਆਂ ਨੂੰ ਆਪਣੇ ਵਲ ਖਿਚਣ ਦੀ ਪੂਰੀ ਸਮਰਥਾ ਹੈ ਜਿਹੜੇ ਵਾਹਗਾ ਸਰਹੱਦ 'ਤੇ ਵਿਸਰਾਮ ਪਰੇਡ (ਰੀਟਰੀਟ ਸੈਰੇਮਨੀ) ਦੇਖਣ ਲਈ ਹਰ ਰੋਜ਼ ਆਉਂਦੇ ਹਨ।

ਪਿਛਲੇ ਸਾਲ 'ਫਰੈਂਡਜ਼ ਆਫ਼ ਇੰਡੀਆ ਨਿਊਜ਼ੀਲੈਂਡ' ਨੇ ਕਬਾਇਲੀ ਹਮਲੇ ਦੀ 58ਵੀਂ ਯਾਦ ਮਨਾਉਣ ਲਈ ਅਤੇ ਇਸ ਪਿੰਡ ਦੀ ਪੁਨਰ-ਸੁਰਜੀਤੀ ਲਈ ਇਕ ਵਧੀਆ ਯੋਜਨਾ ਦਾ ਐਲਾਨ ਕੀਤਾ ਸੀ ਪਰ ਅਜੇ ਤਕ ਉਨ੍ਹਾਂ ਨੇ ਕੰਮ ਸ਼ੁਰੂ ਨਹੀਂ ਕੀਤਾ। ਸ੍ਰੀ ਕਤਿਆਲ ਕਹਿੰਦੇ ਹਨ ਕਿ ਇਸ ਸੰਸਥਾ ਨੇ ਪੁਨਰ ਸੁਰਜੀਤੀ ਦੇ ਇਸ ਵਿਸ਼ਾਲ ਅਤੇ ਵਿਸਥਾਰਿਤ ਕੰਮ ਨੂੰ ਨੇਪਰੇ ਚਾੜ੍ਹਨ ਲਈ ਕਿਸੇ ਸਰਕਾਰੀ ਅਦਾਰੇ ਤਕ ਪਹੁੰਚ ਨਹੀਂ ਕੀਤੀ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਲਿਖੇ ਇਕ ਪੱਤਰ ਵਿਚ, ਜਿਸ ਦੀ ਇਕ ਨਕਲ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਭੇਜੀ ਗਈ ; 'ਫਰੈਂਡਜ਼ ਆਫ਼ ਇੰਡੀਆ ਨਿਊਜ਼ੀਲੈਂਡ' ਦੇ ਜਨਰਲ ਸਕੱਤਰ ਸ੍ਰੀ ਐੱਚ.ਪੀ. ਲੂਥਰਾ ਨੇ ਆਪਣੀ ਯੋਜਨਾ ਦਾ ਵਿਸਥਾਰ ਨਾਲ ਵਰਨਣ ਕੀਤਾ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਇੱਥੇ ਇਕ ਬਾਰਾਂਦਰੀ ਬਣਾਈ ਸੀ ਜਿਥੇ ਉਹ ਅੰਮ੍ਰਿਤਸਰ ਤੋਂ ਲਾਹੌਰ ਨੂੰ ਜਾਂਦਿਆਂ ਠਹਿਰਿਆ ਕਰਦੇ ਸਨ। ਇਕ ਬਾਰਾਂ ਫੁੱਟ ਚੌੜੀ



ਨਹਿਰ ਵੀ ਇਸ ਪਿੰਡ ਦੇ ਨਾਲ ਦੀ ਵਗਦੀ ਸੀ, ਜਿਹੜੀ ਹੁਣ ਛੋਟਾ ਜਿਹਾ ਨਾਲਾ ਬਣ ਕੇ ਰਹਿ ਗਈ ਹੈ।

ਪਿੰਡ-ਵਾਸੀਆਂ ਦੇ ਕਹਿਣ ਅਨੁਸਾਰ ਇਸ ਨਹਿਰ ਵਿਚ ਪਾਣੀ ਕਾਹਨੂੰਵਾਨ ਛੰਭ ਤੋਂ ਆਉਂਦਾ ਸੀ, ਜੋ ਅੱਗੇ ਸ਼ਾਲੀਮਾਰ ਬਾਗ ਲਾਹੌਰ ਵਿਚ ਪਹੁੰਚ ਜਾਂਦਾ ਸੀ। ਇਸ ਨਹਿਰ ਦਾ ਨਿਰਮਾਣ ਬਾਦਸ਼ਾਹ ਸ਼ਾਹਜਹਾਨ ਨੇ ਕੀਤਾ ਸੀ।

## ਮੋਰਾਂ ਦੀ ਨਾਰਾਜ਼ਗੀ

ਇਸ ਪਿੰਡ ਦੇ ਨਾਂ ਬਾਰੇ ਇਕ ਦਿਲਚਸਪ ਕਹਾਣੀ ਹੈ। ਮੋਰਾਂ ਨਾਂ ਦੀ ਇਕ ਜਵਾਨ ਕੰਜਰੀ ਲਾਹੌਰ ਰਹਿੰਦੀ ਸੀ। ਇਸ ਪਿੰਡ ਦੀ ਤਰੱਕੀ ਵਿਚ ਉਸ ਦੀ ਮੁੱਖ ਭੂਮਿਕਾ ਹੈ। ਉਹ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਨੱਚਿਆ ਕਰਦੀ ਸੀ। ਇਕ ਵਾਰੀ ਜਦੋਂ ਉਹ ਮਹਾਰਾਜੇ ਦੀ ਬਾਰਾਂਦਰੀ ਵਿਚ ਨੱਚਣ ਜਾ ਰਹੀ ਸੀ ਤਾਂ ਉਸ ਦੀ ਜੁੱਤੀ ਸੂਏ ਵਿਚ ਡਿਗ ਪਈ। ਨਾਰਾਜ਼ ਹੋਈ ਨਾਚੀ ਨੇ ਮਹਾਰਾਜੇ ਨੂੰ ਕਿਹਾ ਜਿੰਨਾ ਚਿਰ ਇਸ ਸੂਏ 'ਤੇ ਪੁਲ ਨਹੀਂ ਬਣਦਾ, ਉੱਨਾ ਚਿਰ ਮੈਂ ਨੱਚਾਂਗੀ ਨਹੀਂ।

ਇਸ ਤਰ੍ਹਾਂ ਇਸ ਜਗ੍ਹਾ ਦਾ ਨਾਂ ਪੁਲ ਕੰਜਰੀ ਪੈ ਗਿਆ, ਜੋ ਬਾਅਦ ਵਿਚ ਵਪਾਰ ਦਾ ਇਕ ਚੰਗਾ ਕੇਂਦਰ ਬਣ ਗਿਆ। ਉਸ ਸਮੇਂ ਇਹ ਜਗ੍ਹਾ ਵਣਜ ਅਤੇ ਵਪਾਰ ਲਈ ਬਹੁਤ ਮਸ਼ਹੂਰ ਸੀ ਅਤੇ ਇੱਥੇ ਵੱਡੀ ਗਿਣਤੀ ਵਿਚ ਲੋਕ ਆਉਂਦੇ ਸਨ।

ਭਾਵੇਂ ਮਹਾਰਾਜਾ ਰਣਜੀਤ ਸਿੰਘ ਦਾ ਬਹੁਤ ਰੋਹਬ-ਦਾਬ ਸੀ ਪਰ ਅਕਾਲ ਤਖ਼ਤ ਦੇ ਜਥੇਦਾਰ ਅਕਾਲੀ ਫੂਲਾ ਸਿੰਘ ਨੇ ਮਹਾਰਾਜੇ ਦੇ ਮੋਰਾਂ ਨਾਲ ਨਾਜਾਇਜ਼ ਸਬੰਧ ਹੋਣ ਕਾਰਨ, ਉਸ ਨੂੰ ਧਾਰਮਕ ਸਜ਼ਾ ਸੁਣਾ ਦਿੱਤੀ। ਅਕਾਲੀ ਫੂਲਾ ਸਿੰਘ ਨੇ ਕਿਹਾ ਮਹਾਰਾਜੇ ਨੂੰ 50 ਕੋੜੇ ਮਾਰੇ ਜਾਣ।

ਮਹਾਰਾਜੇ ਨੇ ਕਮੀਜ਼ ਉਤਾਰ ਦਿੱਤੀ ਅਤੇ ਕੋੜੇ ਖਾਣ ਲਈ ਝੁਕ ਕੇ ਖੜ੍ਹਾ ਹੋ ਗਿਆ। ਪਰ ਜਥੇਦਾਰ ਦੇ ਕਹਿਣ 'ਤੇ ਸੰਗਤ ਨੇ ਮਹਾਰਾਜੇ ਨੂੰ ਮੁਆਫ਼ ਕਰ ਦਿੱਤਾ।

## ਭਾਰੀ ਅਣਗਹਿਲੀ

ਇਸ ਜਗ੍ਹਾ ਦੀ ਇਤਿਹਾਸਕ ਮਹਾਨਤਾ ਹੋਣ ਦੇ ਬਾਵਜੂਦ ਕੋਈ ਵੱਡੀ ਸ਼ਖ਼ਸੀਅਤ ਇੱਥੇ ਘੱਟ-ਵੱਧ ਹੀ ਆਉਂਦੀ ਹੈ। ਬਿਹਾਰ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਲਾਲੂ ਪ੍ਰਸਾਦ ਇੱਥੇ ਆਉਣ ਵਾਲੀਆਂ ਸ਼ਖ਼ਸੀਅਤਾਂ ਵਿਚੋਂ ਇਕ ਹਨ, ਜਿਨ੍ਹਾਂ ਨੇ ਇਸ ਪਿੰਡ ਦੀ ਵਿਰਾਸਤ ਨੂੰ ਸੰਭਾਲਣ ਵਿਚ ਦਿਲਚਸਪੀ ਦਿਖਾਈ। ਉਹ ਪਿੰਡ ਦੀ ਵਿਰਾਸਤ ਬਾਰੇ ਸੁਣ ਕੇ ਬਹੁਤ ਪ੍ਰਭਾਵਿਤ ਹੋਏ ਅਤੇ ਸੁਝਾਅ ਦਿੱਤਾ ਕਿ ਇਸ ਜਗ੍ਹਾ ਦੇ ਵਿਰਸੇ ਦੀ ਸੰਭਾਲ ਲਈ ਉੱਚ ਕੋਟੀ ਦੇ ਇਮਾਰਤਸਾਜ਼ਾਂ ਦੀ ਸੇਵਾ ਲੈਣੀ ਚਾਹੀਦੀ ਹੈ।

ਉਨ੍ਹਾਂ ਦਾ ਵਿਚਾਰ ਸੀ ਕਿ ਪੁਲ ਕੰਜਰੀ ਦੀਆਂ ਸ਼ਾਨਦਾਰ ਇਮਾਰਤਾਂ 'ਲਾਹੌਰੀ ਇੱਟਾਂ' ਦੀਆਂ ਬਣੀਆਂ ਹੋਈਆਂ ਸਨ ਅਤੇ ਇੱਥੇ ਬਹਾਲੀ ਦਾ ਕੰਮ ਤੁਰੰਤ ਸ਼ੁਰੂ ਹੋਣਾ

ਚਾਹੀਦਾ ਹੈ। ਪਰ ਬਦਕਿਸਮਤੀ ਦੀ ਗੱਲ ਹੈ ਕਿ ਇੱਥੇ ਜ਼ਮੀਨਾਂ ਉਤੇ ਨਾਜ਼ਾਇਜ਼ ਕਬਜ਼ੇ ਕਰਨ ਵਾਲੇ ਗਰੋਹ ਦੀਆਂ ਮੌਜਾਂ ਲੱਗੀਆਂ ਹੋਈਆਂ ਹਨ। ਐੱਸ.ਡੀ.ਐੱਮ. ਦਾ ਹੁਕਮ ਹੈ ਕਿ ਇੱਥੇ ਖ਼ੁਦਾਈ ਕਰਨ, ਦਰੱਖਤ ਵੱਢਣ ਅਤੇ ਇਤਿਹਾਸਕ ਇਮਾਰਤਾਂ ਨੂੰ ਨੁਕਸਾਨ ਪਹੁੰਚਾਉਣ ਦੀ ਮਨਾਹੀ ਹੈ। ਪਰ ਇਸ ਹੁਕਮ ਦੀ ਘੋਰ ਉਲੰਘਨਾ ਕੀਤੀ ਜਾਂਦੀ ਹੈ ਅਤੇ ਜ਼ਮੀਨਾਂ ਹੜੱਪਣ ਵਾਲੇ ਗਰੋਹ ਨੇ ਪਿੰਡ ਦੇ ਜੱਦੀ ਬਾਸ਼ਿੰਦਿਆਂ ਦੀਆਂ ਜ਼ਮੀਨਾਂ ਉਤੇ ਕਬਜ਼ਾ ਕਰ ਲਿਆ ਹੈ।

****



**ਭਾਗ ਗਿਆਰ੍ਹਵਾਂ**

# ਹਿੰਦ-ਪਾਕਿ ਰਿਸ਼ਤੇ

ਬਿਨਾਂ-ਸ਼ੱਕ ਮਨੁੱਖਾਂ ਨੇ ਜ਼ਮੀਨੀ-ਵੰਡ ਕਰ ਲਈ ਹੈ ਪਰ ਦੋਹਾਂ ਪਾਸਿਆਂ ਦੇ ਲੋਕਾਂ ਦੇ ਜਜ਼ਬਾਤ, ਸੁਆਦ ਅਤੇ ਵਿਵਹਾਰ ਇਕੋ ਜਿਹੇ ਹਨ। ਲਾਹੌਰ ਅਤੇ ਅੰਮ੍ਰਿਤਸਰ ਦੇ ਸ਼ਹਿਰਾਂ ਦੇ ਪੂਰਵ-ਵੰਡ ਰਿਸ਼ਤਿਆਂ ਨੂੰ ਤੋੜਨਾ ਮੁਸ਼ਕਲ ਸਮਝ ਕੇ, ਭਾਰਤੀ ਨੀਤੀਵਾਨ ਦੋਹਾਂ ਦੇਸ਼ਾਂ ਦੀ ਸਦੀਆਂ-ਪੁਰਾਣੀ ਏਕਤਾ ਦਾ ਸਤਿਕਾਰ ਕਰਦਿਆਂ ਦੋਹਾਂ ਦੇਸ਼ਾਂ ਦੇ ਦੋਸਤਾਨਾ ਸੰਬੰਧ ਕਾਇਮ ਰੱਖਣ ਲਈ ਹਮੇਸ਼ਾ ਯਤਨਸ਼ੀਲ ਰਹੇ ਹਨ।

- ਦੋਹਾਂ ਦੇਸ਼ਾਂ ਦੇ ਦੋਸਤਾਨਾ ਸਬੰਧ ਯਕੀਨੀ ਹੋਣ ਤਾਂ ਦੋਹਾਂ ਦੇਸ਼ਾਂ ਦੀ ਖ਼ੁਸ਼ਹਾਲੀ ਨੂੰ ਵਧਾਉਣ ਲਈ ਹਿੰਦ-ਪਾਕਿ ਤਜਾਰਤ ਦੀ ਲੋੜ ਹੈ। ਸ੍ਰੀ ਅਟਲ ਬਿਹਾਰੀ ਵਾਜਪਾਈ ਵਲੋਂ ਸ਼ੁਰੂ ਕੀਤੇ ਗਏ ਯਤਨਾਂ ਨਾਲ ਅਤੇ ਡਾ. ਮਨਮੋਹਨ ਸਿੰਘ ਵੱਲੋਂ ਅੱਗੇ ਵਧਾਏ ਗਏ ਕਦਮਾਂ ਨਾਲ ਦਿਲ ਤੇ ਦਿਮਾਗ਼ ਵਿਚ ਸਦਭਾਵਨਾ ਪੈਦਾ ਹੋਣੀ ਚਾਹੀਦੀ ਹੈ। (ਹਿੰਦ-ਪਾਕਿ ਤਜਾਰਤ; ਪੰਨਾ-419)
- ਜਦੋਂ ਪਾਕਿਸਤਾਨ ਤੋਂ ਸੋਨੇ ਦੀ ਭਰਪੂਰ ਤਸਕਰੀ ਹੁੰਦੀ ਸੀ ਤਾਂ ਅੰਮ੍ਰਿਤਸਰ ਵੱਖ-ਵੱਖ ਵੰਨਗੀ ਅਤੇ ਮੁੱਲ ਦੇ ਗਹਿਣਿਆਂ ਦੀ ਵਿਸ਼ਵ-ਮੰਡੀ ਬਣਿਆ ਹੋਇਆ ਸੀ। ਅੰਮ੍ਰਿਤਸਰ ਕਿਉਂਕਿ ਸਰਾਫ਼ਾ ਮੰਡੀ ਦਾ ਕੇਂਦਰ ਹੈ, ਇਸ ਲਈ, ਬੰਬਈ ਤਕ ਤੋਂ ਸਮੁੰਦਰ-ਪਾਰ ਦੇਸ਼ਾਂ ਨਾਲ ਹੁੰਦਾ ਭਾਰਤੀ ਵਪਾਰ ਅੰਮ੍ਰਿਤਸਰ ਰਾਹੀਂ ਹੁੰਦਾ ਹੈ। (ਪਾਕਿਸਤਾਨ ਨਾਲ ਅੰਮ੍ਰਿਤਸਰ ਦਾ ਸੋਨ-ਸੰਬੰਧ; ਪੰਨਾ-422)
- ਬਾਸਮਤੀ ਭਾਰਤ ਵਿਚ ਪੈਦਾ ਹੋਵੇ ਜਾਂ ਪਾਕਿਸਤਾਨ ਵਿਚ, ਉਹ ਹਵਾ-ਪਾਣੀ ਦੇ ਇਕੋ ਜਿਹੇ ਵੱਤਰ ਵਿਚ ਪੈਦਾ ਹੁੰਦੀ ਹੈ। ਕੀ ਹੋਇਆ, ਜੇ ਅੱਜ ਉਹ ਦੋ ਵੱਖਰੇ ਵੱਖਰੇ ਦੇਸ਼ ਹਨ, ਪਰ ਬਾਸਮਤੀ ਦੀ ਮਹਿਕ, ਪੂਰਬੀ ਅਤੇ ਪੱਛਮੀ ਦੋਹਾਂ ਪੰਜਾਬਾਂ ਦੀ ਸਾਂਝੀ ਮਹਿਕ ਦੀ ਪ੍ਰਤੀਕ ਹੈ। (ਹਿੰਦ-ਪਾਕਿ ਰਿਸ਼ਤੇ ਬਾਸਮਤੀ ਉਤੇ ਨਿਰਭਰ ਹਨ; ਪੰਨਾ-426)
- ਰੱਖੜੀਆਂ ਹੋਣ ਜਾਂ ਪਤੰਗਾਂ, ਇਹ ਸਾਡੇ ਸਦੀਆਂ ਪੁਰਾਣੇ ਰਿਸ਼ਤਿਆਂ ਦੀਆਂ ਪ੍ਰਤੀਕ ਹਨ, ਜਿਨ੍ਹਾਂ ਦੀ ਖ਼ੁਸ਼ੀ ਦਾ ਇਜ਼ਹਾਰ ਅਸੀਂ ਧਾਗਿਆਂ ਅਤੇ ਡੋਰਾਂ ਰਾਹੀਂ ਕਰਦੇ ਹਾਂ। ਖੇਲ੍ਹ-ਖੇਲ੍ਹ ਵਿਚ ਕੀਤੇ ਜਜ਼ਬਿਆਂ ਦਾ ਇਜ਼ਹਾਰ ਦੋਸਤੀ ਨੂੰ ਵਧਾਉਂਦਾ ਹੈ ਅਤੇ ਦੁਸ਼ਮਨੀ ਨੂੰ ਘਟਾਉਂਦਾ ਹੈ। (ਰੱਖੜੀ ਦੇ ਧਾਗੇ; ਪੰਨਾ-429)
- ਜ਼ਿੰਦਗੀ ਪਰਸਪਰ ਸਮਝੌਤੇ ਦਾ ਨਾਂ ਹੈ। ਭਾਵੇਂ ਵੱਖਰੇ ਵੱਖਰੇ ਸੁਤੰਤਰ ਦੇਸ਼

ਹਨ, ਪਰ ਲੋਕਾਂ ਨੂੰ ਸਾਂਝੀਆਂ ਲੋੜਾਂ ਅਤੇ ਆਪਸੀ ਸੁਰਮੇਲ ਦੀ ਪੂਰਤੀ ਲਈ ਦੂਜੇ ਦੇਸ਼ਾਂ ਵਿਚ ਜਾਣਾ ਪੈਂਦਾ ਹੈ। ਰੇਲ-ਗੱਡੀਆਂ, ਦੋਹਾਂ ਦੇਸ਼ਾਂ ਵਿਚ ਵਿਦਮਾਨ ਸਾਂਝੇ ਵਿਰਸੇ ਨੂੰ ਦੇਖਣ ਲਈ ਲੋਕਾਂ ਦੀ ਸਹਾਇਤਾ ਕਰਦੀਆਂ ਹਨ। (ਸਮਝੌਤਾ ਐਕਸਪ੍ਰੈਸ ਨੂੰ ਚੱਲਣ ਦਿਓ; ਪੰਨਾ-431)

- ਰੈੱਡਕਲਿਫ਼ ਸਰਹੱਦ ਦੇ ਆਰ-ਪਾਰ, ਭਾਰਤ ਵਿਚ ਅਟਾਰੀ ਤੋਂ ਪਾਕਿਸਤਾਨ ਵਿਚ ਵਾਹਗੇ ਤਕ, ਤਿੰਨ ਕਿਲੋਮੀਟਰ ਦਾ ਸਫ਼ਰ ਤੈਅ ਕਰਨ ਲਈ, ਉਦਾਸੀ-ਭਰਿਆ ਲੰਮਾ ਸਬਰ ਕਾਇਮ ਰੱਖਣਾ ਪੈਂਦਾ ਹੈ। ਅਟਾਰੀ ਤੋਂ ਚਲੀ ਰੇਲ, ਵਾਹਗੇ ਨੂੰ ਜਾਣ ਲਈ ਕੀੜੀ ਦੀ ਤੋਰ ਤੁਰਦੀ ਹੈ। ਇਸ ਦੇ ਬਾਵਜੂਦ, ਸਰਹੱਦ ਪਾਰ ਪਹੁੰਚ ਕੇ ਮੁਸਾਫ਼ਰਾਂ ਦੇ ਦਿਲ ਪਿਆਰ-ਭਰੇ ਜਜ਼ਬਿਆਂ ਨਾਲ ਭਰ ਜਾਂਦੇ ਹਨ। (ਕਿੰਨੀ ਕੁ ਦੂਰ ਹੈ ਅਟਾਰੀ ਤੋਂ ਵਾਹਗਾ! ਪੰਨਾ-436)

****

ਦਿਲ ਇਕ ਹੋਣ ਤਾਂ
ਵੰਡਾਂ ਦੀ ਕੀ ਪਰਵਾਹ!



# ਹਿੰਦ-ਪਾਕਿ ਤਜਾਰਤ

ਅੰਮ੍ਰਿਤਸਰ ਦਾ ਪਵਿੱਤਰ ਸ਼ਹਿਰ ਜੋ ਦੇਸ਼-ਵੰਡ ਤੋਂ ਪਹਿਲਾਂ ਅੰਤਰ-ਰਾਸ਼ਟਰੀ ਵਪਾਰ ਦਾ ਕੇਂਦਰ ਹੁੰਦਾ ਸੀ, ਹੁਣ ਆਪਣੀ ਪੁਰਾਣੀ ਸ਼ਾਨ ਨੂੰ ਸੁਰਜੀਤ ਕਰਨ ਦੀ ਉਡੀਕ ਕਰ ਰਿਹਾ ਹੈ। ਅੰਮ੍ਰਿਤਸਰ-ਲਾਹੌਰ ਸੜਕ ਭਾਰਤੀ ਉਪ ਮਹਾਂਦੀਪ ਦੀ ਅੰਤਰਰਾਸ਼ਟਰੀ ਤਜਾਰਤ ਦਾ ਪੰਜ ਸਦੀਆਂ ਤੋਂ ਵੱਧ ਸਮੇਂ ਤਕ, ਇਕੋ-ਇਕ ਕਾਫ਼ਲਾ-ਮਾਰਗ ਰਹੀ ਹੈ। ਢਾਕੇ ਤੋਂ ਈਰਾਨ ਨੂੰ ਆਪਣਾ ਮਾਲ ਲੈ ਕੇ ਜਾਂਦੇ ਵਪਾਰੀਆਂ ਦਾ ਦਰਿਆ ਬਿਆਸ ਤੇ ਦਰਿਆ ਰਾਵੀ ਦੇ ਵਿਚਾਲੇ, ਅੰਮ੍ਰਿਤਸਰ ਇਕ ਪਸੰਦੀਦਾ ਪੜਾਅ ਹੁੰਦਾ ਸੀ।

ਲਾਹੌਰ ਕਿਉਂਕਿ ਸੰਯੁਕਤ ਪੰਜਾਬ ਦੀ ਰਾਜਨੀਤਕ ਰਾਜਧਾਨੀ ਹੁੰਦਾ ਸੀ ਇਸ ਲਈ ਮਹਾਰਾਜਾ ਰਣਜੀਤ ਸਿੰਘ ਨੇ ਉੱਨ੍ਹੀਵੀਂ ਸਦੀ ਵਿਚ ਅੰਮ੍ਰਿਤਸਰ ਨੂੰ ਪੰਜਾਬ ਦੀ ਆਰਥਿਕ ਰਾਜਧਾਨੀ ਬਣਾ ਦਿੱਤਾ। ਸੰਸਾਰ ਪ੍ਰਸਿੱਧੀ ਵਾਲੇ ਮਹਾਰਾਜੇ ਨੇ ਅੰਮ੍ਰਿਤਸਰ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕੀਤਾ ਅਤੇ ਦੇਸ਼ ਭਰ ਦੇ ਮਾਹਿਰ ਕਾਰੀਗਰਾਂ ਅਤੇ ਵਪਾਰੀਆਂ ਨੂੰ ਅੰਮ੍ਰਿਤਸਰ ਆ ਕੇ ਵਸਣ ਦਾ ਸੱਦਾ ਦਿੱਤਾ। ਮਹਾਰਾਜੇ ਦਾ ਸੰਕਲਪ ਸੀ ਕਿ ਅੰਮ੍ਰਿਤਸਰ ਨੂੰ ਇਕ ਪ੍ਰਫੁੱਲਿਤ ਆਰਥਿਕ ਕੇਂਦਰ ਬਣਾਇਆ ਜਾਵੇ। ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਦੁਕਾਨਾਂ ਹੀ ਦੁਕਾਨਾਂ ਹੋ ਗਈਆਂ ਅਤੇ ਚਾਰਦੀਵਾਰੀ ਦੇ ਅੰਦਰ ਸ਼ਹਿਰ ਵਿਚ ਕਈ ਬਾਜ਼ਾਰ ਤੇ ਗਲੀਆਂ ਬਣ ਗਈਆਂ।

ਪ੍ਰਸਿੱਧ ਸ਼ੇਰਸ਼ਾਹ ਸੂਰੀ ਮਾਰਗ ਦੀ ਸ਼ਾਨਦਾਰ ਆਰਥਿਕ ਸ਼ਾਹਰਾਹ ਨੂੰ ਸੁਰਜੀਤ ਕਰਨਾ, ਜਿਸ ਉਤੋਂ ਕਦੀ ਅਫ਼ਗਾਨਿਸਤਾਨ, ਈਰਾਨ, ਇਰਾਕ ਅਤੇ ਹੋਰ ਖ਼ਲੀਜ ਦੇਸ਼ਾਂ ਨੂੰ ਜਾਂਦੇ ਕਾਫ਼ਲੇ ਗੁਜ਼ਰਦੇ ਸਨ, ਇਕ ਬਹੁਤ ਹੀ ਮਹੱਤਪੂਰਨ ਕੰਮ ਹੈ। ਈਰਾਨੀ ਗਲੀਚੇ ਅਤੇ ਹੋਰ ਦਸਤਕਾਰੀ ਦਾ ਸਾਮਾਨ ਵਪਾਰੀ ਈਰਾਨ ਤੋਂ ਮੰਗਵਾਇਆ ਕਰਦੇ ਸਨ ਅਤੇ ਬਦਲੇ ਵਿਚ ਉਨ੍ਹਾਂ ਨੂੰ ਖੇਤੀਬਾੜੀ ਦਾ ਸਾਮਾਨ ਅਤੇ ਸੂਤੀ ਕਪੜੇ ਭੇਜੇ ਜਾਂਦੇ ਸਨ। ਖੁਸ਼ਹਾਲੀ ਦਾ ਇਹ ਪੁਰਾਤਨ ਮਾਰਗ ਦੋਹਾਂ ਪੰਜਾਬਾਂ ਦੇ ਨਿਘਰ ਰਹੇ ਵਪਾਰ ਨੂੰ ਮੁੜ-ਉੱਨਤ ਕਰ ਸਕਦਾ ਹੈ, ਬਸ਼ਰਤੇ ਕਿ ਭਾਰਤ ਅਤੇ ਪਾਕਿਸਤਾਨ ਦੋਹਾਂ ਦੇਸ਼ਾਂ ਵਿਚਾਲੇ ਇਸ ਸੜਕ ਨੂੰ ਖੋਲ੍ਹ ਦਿੱਤਾ ਜਾਏ।

ਹਿੰਦ-ਵਿਦੇਸ਼ ਵਣਜ ਵਪਾਰ ਮੰਡਲ ਦੇ ਪ੍ਰਧਾਨ ਸ੍ਰੀ ਬੀ.ਕੇ. ਬਜਾਜ ਕਹਿੰਦੇ ਹਨ ਕਿ ਨਵੀਆਂ ਸੜਕਾਂ ਹੋਣ ਕਰ ਕੇ ਹੁਣ ਭਾਰਤੀ ਪੰਜਾਬ ਦਾ ਮਾਲ ਚੌਵੀ ਘੰਟਿਆਂ ਵਿਚ ਕਾਬਲ ਪਹੁੰਚ ਸਕਦਾ ਹੈ ਅਤੇ ਛੱਤੀ ਘੰਟਿਆਂ ਵਿਚ ਈਰਾਨ ਤੇ ਉਜ਼ਬੈਕਸਤਾਨ ਵਿਚ । ਇਸੇ ਤਰ੍ਹਾਂ ਉਨ੍ਹਾਂ ਦੇਸ਼ਾਂ ਦਾ ਮਾਲ ਇੰਨੇ ਸਮੇਂ ਵਿਚ ਹੀ ਭਾਰਤੀ ਪੰਜਾਬ ਵਿਚ ਆ ਸਕਦਾ ਹੈ। ਇਸ ਤਰ੍ਹਾਂ ਪਹਿਲਾਂ ਵਾਲੀ ਆਰਥਿਕ ਉੱਨਤੀ ਮੁੜ ਬਹਾਲ ਹੋ ਸਕਦੀ ਹੈ ਅਤੇ ਜੇ ਪਾਕਿਸਤਾਨ ਦੀ ਸੜਕ ਖੋਲ੍ਹ ਦਿੱਤੀ

ਜਾਵੇ ਤਾਂ ਦੋਹਾਂ ਦੇਸ਼ਾਂ ਦੇ ਵਪਾਰੀ ਮੁੜ ਖੁਸ਼ਹਾਲ ਹੋ ਸਕਦੇ ਹਨ। ਇਸ ਵੇਲੇ ਪਾਕਿਸਤਾਨ, ਅਫ਼ਗਾਨਿਸਤਾਨ ਨੂੰ ਭਾਰਤ ਨੂੰ ਖੁਸ਼ਕ ਮੇਵੇ ਭੇਜਣ ਦੀ ਆਗਿਆ ਦਿੰਦਾ ਹੈ ਪਰ ਇਸ ਜ਼ਮੀਨੀ ਰਸਤੇ ਰਾਹੀਂ ਭਾਰਤ ਨੂੰ ਅਫ਼ਗਾਨਿਸਤਾਨ ਨੂੰ ਮਾਲ ਭੇਜਣ ਦੀ ਆਗਿਆ ਨਹੀਂ ਦਿੰਦਾ। ਇਥੋਂ ਤਕ ਕਿ ਯੁੱਧ-ਗ੍ਰਸਤ ਦੇਸ਼ ਅਫ਼ਗਾਨਿਸਤਾਨ ਨੂੰ ਇਨਸਾਨੀ ਹਮਦਰਦੀ ਵਜੋਂ ਲੋੜੀਂਦੀਆਂ ਵਸਤਾ ਭੇਜਣ ਦੀ ਵੀ ਇਜਾਜ਼ਤ ਨਹੀਂ ਹੈ। ਇਸ ਦੇ ਬਾਵਜੂਦ ਸਥਾਨਕ ਵਪਾਰੀਆਂ ਨੇ ਤਜਵੀਜ਼-ਸ਼ੁਦਾ ਸਾਫ਼ਟਾ (SAFTA) ਉਤੇ ਟੇਕ ਰੱਖੀ ਹੋਈ ਹੈ, ਜਿਸ ਲਈ ਅਟਾਰੀ ਵਾਹਗਾ ਮਾਰਗ ਇਕ ਅਹਿਮ ਰੋਲ ਅਦਾ ਕਰੇਗਾ।

ਡੇਢ੍ਹ ਸਦੀ ਪੁਰਾਣਾ ਹਰੀ ਚਾਹ ਦਾ ਵਪਾਰ ਜਿਹੜਾ ਕਦੀ ਅਫ਼ਗਾਨਿਸਤਾਨ, ਈਰਾਨ ਅਤੇ ਹੋਰ ਮੁਸਲਿਮ ਦੇਸ਼ਾਂ ਦੀਆਂ ਮੰਡੀਆਂ ਵਿਚ ਤਰੱਕੀ ’ਤੇ ਹੁੰਦਾ ਸੀ, ਹੁਣ ਨਵੀਂ ਸਵੇਰ ਦੀ ਉਡੀਕ ਕਰ ਰਿਹਾ ਹੈ।

ਅੰਮ੍ਰਿਤਸਰ ਦੀ ਟਰੇਡਰਜ਼ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਆਰ.ਕੇ. ਗੋਇਲ ਮਹਿਸੂਸ ਕਰਦੇ ਹਨ ਕਿ ਜੇ ਵਪਾਰ ਦਾ ਰਸਤਾ ਖੋਲ੍ਹ ਦਿੱਤਾ ਜਾਵੇ ਤਾਂ ਹਰੀ ਚਾਹ ਦੇ ਵਪਾਰ ਨੂੰ ਨਵੀਂ ਜ਼ਿੰਦਗੀ ਮਿਲ ਜਾਏਗੀ ਕਿਉਂਕਿ ਪਾਕਿਸਤਾਨ ਤੇ ਅਫ਼ਗਾਨਿਸਤਾਨ ਹਰੀ ਚਾਹ ਦੇ ਵੱਡੇ ਗਾਹਕ ਹਨ।

ਜਦੋਂ ਸਮਝੌਤਾ ਐਕਸਪ੍ਰੈੱਸ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ’ਤੇ ਆ ਕੇ ਰੁਕਿਆ ਕਰਦੀ ਸੀ ਤਾਂ ਸਟੇਸ਼ਨ ਦੇ ਸਾਹਮਣੇ ਇਕ ਲੰਡਾ ਬਾਜ਼ਾਰ ਬਣ ਗਿਆ ਸੀ ਅਤੇ ਪਾਕਿਸਤਾਨ ਤੋਂ ਲਿਆਂਦੀਆਂ ਚੀਜ਼ਾਂ, ਯਾਤਰੀ ਇਸ ਬਾਜ਼ਾਰ ਵਿਚ ਵੇਚਿਆ ਕਰਦੇ ਸਨ।

ਸਰਹੱਦੀ ਕਸਬਾ ਖਾਲੜਾ ਹਰੀਆਂ ਤੇ ਲਾਲ ਮਿਰਚਾਂ ਦੀ ਮਸ਼ਹੂਰ ਮੰਡੀ ਹੈ। ਜੇ ਇਹ ਮਿਰਚਾਂ ਪਾਕਿਸਤਾਨ ਨੂੰ ਬਰਾਮਦ ਕੀਤੀਆਂ ਜਾਣ ਤਾਂ ਇਹ ਮੰਡੀ ਹੋਰ ਵਧ-ਫੁੱਲ ਸਕਦੀ ਹੈ। ਅੰਤਰਰਾਸ਼ਟਰੀ ਸਰਹੱਦ ਤੋਂ ਖਾਲੜਾ ਅੱਠ ਕਿਲੋਮੀਟਰ ਤੋਂ ਵੀ ਘਟ ਦੂਰ ਹੈ। ਕਈ ਹੋਰ ਖੇਤੀ-ਉਪਜਾਂ ਦੀ ਤਰ੍ਹਾਂ ਪਾਕਿਸਤਾਨ ਵਿਚ ਮਿਰਚਾਂ ਦੀ ਬਹੁਤ ਮੰਗ ਹੈ। ਸਰਹੱਦ ਤੋਂ ਪਾਰ ਲਸਣ, ਹਰੇ ਗੰਢਿਆਂ, ਹਲਦੀ ਅਤੇ ਇਮਲੀ ਦੀ ਬਹੁਤ ਲੋੜ ਹੈ। ਇਹ ਚੀਜ਼ਾਂ ਬਹੁਤਾ ਕਿਰਾਇਆ ਭਾੜਾ ਖਰਚ ਕੀਤੇ ਬਿਨਾਂ ਬਰਾਮਦ ਕੀਤੀਆਂ ਜਾ ਸਕਦੀਆਂ ਹਨ। ਦੋਹਾਂ ਦੇਸ਼ਾਂ ਵਿਚ ਕਣਕ ਦੇ ਮੁੱਲ ਵਿਚ ਬਹੁਤ ਫਰਕ ਹੈ। ਪਾਕਿਸਤਾਨ ਨੇ ਕੈਪਟਨ ਅਮਰਿੰਦਰ ਸਿੰਘ ਰਾਹੀਂ ਬਾਕਾਇਦਾ ਬੇਨਤੀ ਕੀਤੀ ਸੀ, ਕਿ ਸਾਥੋਂ ਲਗਪਗ ਦਸ ਲੱਖ ਟਨ ਕਣਕ ਖਰੀਦ ਲਈ ਜਾਵੇ। ਪਾਕਿਸਤਾਨ ਵਿਚ ਕਈ ਲੋਕ ਡਰਦੇ ਹਨ ਕਿ ਭਾਰਤ ਉਨ੍ਹਾਂ ਉਤੇ ਕਿਤੇ ਆਰਥਿਕ ਹਮਲਾ ਨਾ ਕਰ ਦੇਵੇ। ਉਨ੍ਹਾਂ ਦੀ ਦਲੀਲ ਹੈ ਕਿ ਜੇ ਭਾਰਤ ਨੂੰ ਬਿਨਾਂ ਰੋਕ-ਟੋਕ ਪਾਕਿਸਤਾਨੀ ਮੰਡੀਆਂ ਵਿਚ ਆਉਣ ਦੀ ਇਜਾਜ਼ਤ ਦਿੱਤੀ ਗਈ ਤਾਂ ਪਾਕਿਸਤਾਨੀ ਮੰਡੀਆਂ ਵਿਚ ਭਾਰਤੀ ਮਾਲ ਦਾ ਹੜ੍ਹ ਆ ਜਾਏਗਾ ਅਤੇ ਪਾਕਿਸਤਾਨ ਦੀ ਸੁਦੇਸ਼ੀ ਦਸਤਕਾਰੀ ਤਬਾਹ ਹੋ ਜਾਵੇਗੀ। ਪਰ ਇਹ ਗਲਤ-ਫ਼ਹਿਮੀ ਫ਼ਜ਼ੂਲ ਹੈ। ਇਸ ਦੀ ਪਹਿਲਾਂ ਕੋਈ ਮਿਸਾਲ ਨਹੀਂ ਮਿਲਦੀ। ਇਹ ਡਰ ਕਿ ਹਿੰਦ-ਪਾਕਿ ਵਪਾਰਕ ਰਿਸ਼ਤਿਆਂ ਦੇ ਵਧਣ ਨਾਲ, ਪਾਕਿਸਤਾਨ ਦੀ ਸਰਕਾਰ, ਭਾਰਤੀ ਜਾਲ ਵਿਚ ਫਸ ਜਾਏਗੀ, ਬੇਬੁਨਿਆਦ



ਹੈ। ਅਸਲੀਅਤ ਇਹ ਹੈ ਕਿ ਭਾਰਤ ਨਾਲ ਖੁੱਲ੍ਹਾ ਵਪਾਰ ਕਰਨ ਨਾਲ ਪਾਕਿਸਤਾਨ ਦੇ ਆਮ ਲੋਕਾਂ ਨੂੰ ਬਹੁਤ ਫ਼ਾਇਦਾ ਹੋਵੇਗਾ।

ਵਰਲਡ ਪੰਜਾਬੀ ਕਾਂਗਰਸ ਦੇ ਚੇਅਰਮੈਨ ਅਤੇ ਅਟਾਰੀ-ਵਾਹਗਾ ਜ਼ਮੀਨੀ ਰਸਤੇ ਨੂੰ ਖੋਲ੍ਹਣ ਦੇ ਸਮਰਥਕ ਜਨਾਬ ਫ਼ਖ਼ਰ ਜ਼ਮਾਂ ਕਹਿੰਦੇ ਹਨ ਕਿ ਦੁਬਈ ਰਾਹੀਂ ਅਤੇ ਮੁੰਬਈ-ਕਰਾਚੀ ਸਮੁੰਦਰੀ ਮਾਰਗ ਰਾਹੀਂ ਭਾਰਤ-ਪਾਕਿ ਵਪਾਰ ਕਰਨ ਦੀ ਬਜਾਏ, ਜੋ ਪੰਜ ਅਰਬ ਡਾਲਰ ਸਾਲਾਨਾ ਹੈ, ਜੇ ਅਟਾਰੀ ਵਾਹਗਾ ਸਰਹੱਦ ਰਾਹੀਂ ਵਪਾਰ ਕੀਤਾ ਜਾਵੇ ਤਾਂ ਪੁਰਾਣੇ ਪੰਜਾਬ ਵਾਲੀ ਖੁਸ਼ਹਾਲੀ ਦਾ ਨਵਾਂ ਰਾਹ ਖੁੱਲ੍ਹ ਜਾਵੇਗਾ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਕੁਝ ਸਵਾਰਥੀ ਤੱਤਾਂ ਨੂੰ ਜਿਉਂ-ਦੀ-ਤਿਉਂ ਸਥਿਤੀ ਨੂੰ ਕਾਇਮ ਰੱਖਣ ਵਿਚ ਲਾਭ ਹੈ। ਉਹ ਦੋਸ਼ ਲਾਉਂਦੇ ਹਨ ਕਿ ‘ਕੁਝ ਸਿਆਸਤਦਾਨਾਂ, ਵਪਾਰੀਆਂ, ਸਰਕਾਰੀ ਕਰਮਚਾਰੀਆਂ ਅਤੇ ਕੁਝ ਜਰਾਇਮ-ਪੇਸ਼ਾ ਲੋਕਾਂ ਦੀ ਜੁੰਡੀ ਰਲ-ਮਿਲ ਕੇ ਤਸਕਰੀ ਦੇ ਧੰਦੇ ਤੋਂ ਪੈਸਾ ਕਮਾਉਂਦੀ ਹੈ। ਉਹ ਤਬਦੀਲੀ ਨਹੀਂ ਚਾਹੁੰਦੇ।

ਭਾਰਤ ਵਲੋਂ ਪਾਕਿਸਤਾਨ ਨੂੰ ਭੇਜਿਆ ਜਾਂਦਾ ਮਾਲ ਜੋ ਅਪ੍ਰੈਲ-ਨਵੰਬਰ 2003-04 ਵਿਚ 110.48 ਮਿਲੀਅਨ ਡਾਲਰ ਸੀ, ਇਸ ਸਾਲ ਇਸੇ ਸਮੇਂ ਦੌਰਾਨ ਵਧ ਕੇ 314.54 ਮਿਲੀਅਨ ਡਾਲਰ ਹੋ ਗਿਆ ਹੈ। ਜਦਕਿ ਚਾਲੂ ਵਿੱਤੀ ਸਾਲ ਵਿਚ ਪਾਕਿਸਤਾਨ ਤੋਂ ਭਾਰਤ ਵਿਚ ਦਰਾਮਦ ਕੀਤਾ ਮਾਲ 44.47 ਮਿਲੀਅਨ ਡਾਲਰ ਤੋਂ ਵਧ ਕੇ 66.25 ਮਿਲੀਅਨ ਡਾਲਰ ਹੋ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਜਿਹੜੀਆਂ ਵਸਤਾਂ ਭੇਜਣ ਵਿਚ ਵਾਧਾ ਹੋਇਆ ਹੈ, ਉਨ੍ਹਾਂ ਵਿਚ ਬਾਸਮਤੀ (542 ਪ੍ਰਤੀਸ਼ਤ) ਮਿਸ਼ਰਤ ਲੋਹ ਧਾਤਾਂ (875 ਪ੍ਰਤੀਸ਼ਤ) ਦਾਲਾਂ (759 ਪ੍ਰਤੀਸ਼ਤ) ਅਤੇ ਮਾਸ ਤੇ ਮਾਸ ਤੋਂ ਬਣੀਆਂ ਵਸਤਾਂ (521 ਪ੍ਰਤੀਸ਼ਤ) ਤੋਂ ਇਲਾਵਾ ਬਨਾਵਟੀ ਫਾਈਬਰ (1145 ਪ੍ਰਤੀਸ਼ਤ) ਪਲਾਸਟਿਕ ਤੇ ਲੀਨੋਲੀਅਮ ਵਸਤਾਂ (1864 ਪ੍ਰਤੀਸ਼ਤ) ਅਲੋਹ ਧਾਤਾਂ (1311 ਪ੍ਰਤੀਸ਼ਤ) ਅਤੇ ਚੌਲ ਆਦਿ ਵਸਤਾਂ ਸ਼ਾਮਲ ਹਨ।

ਪਾਕਿਸਤਾਨ ਦੇ ਉਸ ਸਮੇਂ ਦੇ ਵਣਜ ਮੰਤਰੀ ਜਨਾਬ ਹਮਾਯੂੰ ਅਖ਼ਤਰ ਖ਼ਾਨ, ਜੋ ਉਦੋਂ ਦੋ-ਦਿਨਾ ਜੀ-20 ਮੀਟਿੰਗ ਵਿਚ ਸ਼ਾਮਲ ਹੋਣ ਲਈ ਆਏ ਹੋਏ ਸਨ, ਉਨ੍ਹਾਂ ਕਿਹਾ ਕਿ “ਅਸੀਂ ਠੀਕ ਦਿਸ਼ਾ ਵਿਚ ਜਾ ਰਹੇ ਹਾਂ। ਕੁਝ ਖਾਸ ਵਿਸ਼ਿਆਂ ’ਤੇ ਵਿਚਾਰਾਂ ਹੁੰਦੀਆਂ ਰਹਿੰਦੀਆਂ ਹਨ। ਸੰਬੰਧਿਤ ਮਾਮਲਿਆਂ ਵਿਚ ਚੰਗੀ ਪ੍ਰਗਤੀ ਹੋ ਰਹੀ ਹੈ। ਅਸੀਂ ਇਸ ਗੱਲ ਦਾ ਵੀ ਜਾਇਜ਼ਾ ਲੈ ਰਹੇ ਹਾਂ ਕਿ ਦੋਹਾਂ ਦੇਸ਼ਾਂ ਦਾ ਲਾਭ ਕਿਸ ਗੱਲ ਵਿਚ ਹੈ।”

ਲਾਹੌਰ ਚੈਂਬਰਜ਼ ਆਫ਼ ਕਾਮਰਸ ਦਾ ਇਕ ਵਫਦ, ਚੈਂਬਰਜ਼ ਦੇ ਪ੍ਰਧਾਨ ਮੀਆਂ ਅੰਜਮ ਨਿਸਾਰ ਦੀ ਅਗਵਾਈ ਵਿਚ ਆਇਆ ਸੀ। ਇਸ ਵਫਦ ਨੇ, ਵਪਾਰਕ ਸਬੰਧ ਪੈਦਾ ਕਰਨ ਦੀਆਂ ਸੰਭਾਵਨਾਵਾਂ ਬਾਰੇ ਅਤੇ ਸਾਂਝੇ ਵਪਾਰ ਬਾਰੇ ਸਥਾਨਕ ਸਨਅਤਕਾਰਾਂ ਨਾਲ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਸੀ।

****

# ਪਾਕਿਸਤਾਨ ਨਾਲ ਅੰਮ੍ਰਿਤਸਰ ਦਾ ਸੋਨ-ਸੰਬੰਧ

ਭਾਵੇਂ ਇਹ ਗੱਲ ਅਜੀਬ ਲੱਗੇਗੀ ਕਿ ਪਾਕਿਸਤਾਨ ਚਾਰ ਦਹਾਕਿਆਂ ਤੋਂ ਵੀ ਵਧ ਸਮੇਂ ਤੋਂ ਪਵਿੱਤਰ ਸ਼ਹਿਰ ਦੀ ਸੋਨ-ਮੰਡੀ ਨੂੰ ਪ੍ਰਭਾਵਿਤ ਕਰ ਰਿਹਾ ਹੈ; ਪਰ ਇਹ ਸੱਚ ਹੈ। ਪੰਜਾਬ ਦੀ 533 ਕਿਲੋਮੀਟਰ ਲੰਮੀ ਅੰਤਰਰਾਸ਼ਟਰੀ ਸਰਹੱਦ 'ਤੇ ਉੱਚੀ ਵਾੜ ਦੀ ਉਸਾਰੀ ਤੋਂ ਪਹਿਲਾਂ, ਅੰਮ੍ਰਿਤਸਰ ਦੀ ਮਾਰਕੀਟ, ਜਿਸ ਨੂੰ 'ਭਾਰਤ ਦੀ ਘਰੇਲੂ ਸੋਨ ਮੰਡੀ' ਕਹਿੰਦੇ ਸਨ, ਪਾਕਿਸਤਾਨ ਤੋਂ ਤਸਕਰੀ ਦੁਆਰਾ ਆਉਂਦੇ ਸੋਨੇ ਨਾਲ ਹੀ ਚਲਦੀ ਸੀ। 'ਬੇਮਾਲਕੀ ਧਰਤ ਪੱਟੀ' (No Man's land) ਦੇ ਨਾਲ-ਨਾਲ ਖੇਤੀਬਾੜੀ ਜ਼ਮੀਨ, ਜਿਸ ਦਾ ਅੱਜ ਕੋਈ ਗਾਹਕ ਨਹੀਂ ਹੈ, ਕਦੀ ਸ਼ਹਿਰੀ ਜ਼ਮੀਨ ਨਾਲੋਂ ਵੀ ਮਹਿੰਗੀ ਹੁੰਦੀ ਸੀ ਕਿਉਂਕਿ ਇਸ ਰਾਹੀਂ ਸੋਨੇ ਦੀ ਤਸਕਰੀ ਹੁੰਦੀ ਸੀ। ਜਦੋਂ ਤਕ ਸਰਹੱਦ 'ਤੇ ਵਾੜ ਨਹੀਂ ਸੀ ਬਣੀ, ਉਦੋਂ ਤਕ ਸੋਨੇ ਦਾ ਜੋ ਭਾਅ ਇੱਥੇ ਹੁੰਦਾ ਸੀ, ਉਸ ਦੇ ਹਿਸਾਬ ਨਾਲ ਹੀ ਬਾਕੀ ਦੇਸ਼ ਵਿਚ ਸੋਨੇ ਦੇ ਭਾਅ ਨਿਸਚਿਤ ਕੀਤੇ ਜਾਂਦੇ ਸਨ। ਉਨ੍ਹਾਂ ਦਿਨਾਂ ਵਿਚ ਦਿੱਲੀ ਨਾਲੋਂ ਅੰਮ੍ਰਿਤਸਰ ਵਿਚ ਸੋਨਾ ਸਸਤਾ ਹੁੰਦਾ ਸੀ।

ਸਰਹੱਦ-ਬੰਦੀ ਨਾਲ ਅੰਮ੍ਰਿਤਸਰ ਦੀ ਸੋਨ-ਮੰਡੀ 'ਤੇ ਬੁਰਾ ਅਸਰ ਪਿਆ ਹੈ। ਇਸ ਦੇ ਬਾਵਜੂਦ ਅੰਮ੍ਰਿਤਸਰ ਤੋਂ ਲਾਹੌਰ, ਨਨਕਾਣਾ ਸਾਹਿਬ ਬੱਸ ਸੇਵਾ ਚਾਲੂ ਹੋਣ ਦੇ ਐਲਾਨ ਨਾਲ ਸਥਾਨਕ ਸਵਰਨਕਾਰਾਂ ਦੀਆਂ ਉਮੀਦਾਂ ਵਧ ਗਈਆਂ ਹਨ। ਉਹ ਸੋਚਦੇ ਹਨ ਕਿ ਪੁਰਾਣੇ ਦਿਨ ਮੁੜ ਆਉਣਗੇ। ਜੇ ਸ੍ਰੀਨਗਰ ਤੋਂ ਮੁਜ਼ੱਫ਼ਰਾਬਾਦ ਦੀ ਬੱਸ ਸੇਵਾ ਵੀ ਸ਼ੁਰੂ ਹੋ ਜਾਏ ਤਾਂ ਵੀ ਸਥਾਨਕ ਮਾਰਕੀਟ ਨੂੰ ਵਧਣ-ਫੁੱਲਣ ਦਾ ਚੰਗਾ ਮੌਕਾ ਮਿਲ ਜਾਏਗਾ ਕਿਉਂਕਿ ਅੰਮ੍ਰਿਤਸਰ ਵਿਚ ਬਣੇ ਹੋਏ ਗਹਿਣਿਆਂ ਦੀ ਪਾਕਿਸਤਾਨ ਵਿਚ ਬਹੁਤ ਮੰਗ ਹੈ। ਪਾਕਿਸਤਾਨ ਦੀ ਨੌਜਵਾਨ ਪੀੜ੍ਹੀ ਭਾਰਤੀ ਵਸਤਾਂ ਦੀ ਦੀਵਾਨੀ ਹੈ।

ਜਦੋਂ ਵੀ ਪਾਕਿਸਤਾਨੀ ਅੰਮ੍ਰਿਤਸਰ ਆਉਂਦੇ ਹਨ, ਉਹ ਵੱਡੀ ਗਿਣਤੀ ਵਿਚ ਗਹਿਣੇ ਖਰੀਦਦੇ ਹਨ। ਸਾੜ੍ਹੀਆਂ, ਬਨਾਉਟੀ ਗਹਿਣੇ ਅਤੇ ਚੂੜੇ ਖਰੀਦ ਕੇ ਉਨ੍ਹਾਂ ਨੂੰ ਬਹੁਤ ਖ਼ੁਸ਼ੀ ਹੁੰਦੀ ਹੈ। ਅੰਮ੍ਰਿਤਸਰ ਦੀਆਂ ਕਪੜਿਆਂ ਤੇ ਗਹਿਣਿਆਂ ਦੀਆਂ ਦੁਕਾਨਾਂ ਵਿਚ ਉਨ੍ਹਾਂ ਨੂੰ ਫੈਸ਼ਨ ਮੁਤਾਬਿਕ ਨਵੇਂ ਤੋਂ ਨਵੇਂ ਡਿਜ਼ਾਈਨ ਸਸਤੀਆਂ ਕੀਮਤਾਂ 'ਤੇ ਮਿਲ ਜਾਂਦੇ ਹਨ। ਅੰਮ੍ਰਿਤਸਰ ਦੀ ਮਾਰਕੀਟ ਵਿਚ ਛੋਟੀ ਉਮਰ ਦੀਆਂ ਕੁੜੀਆਂ, ਵੀਹ ਸਾਲਾਂ ਦੀਆਂ ਫੈਸ਼ਨੀ ਮੁਟਿਆਰਾਂ ਅਤੇ 40 ਸਾਲ ਜਾਂ ਇਸ ਤੋਂ ਵੱਧ ਉਮਰ ਦੀਆਂ ਔਰਤਾਂ ਦੀ ਪਸੰਦ ਦਾ ਕੁਝ ਨਾ ਕੁਝ ਮਿਲ ਹੀ ਜਾਂਦਾ ਹੈ। ਇੱਥੇ ਕੰਨਾਂ ਦੀਆਂ ਵਾਲੀਆਂ ਤੋਂ ਲੈ ਕੇ ਪੈਰਾਂ ਦੇ ਅੰਗੂਠਿਆਂ ਦੇ ਛੱਲਿਆਂ ਤਕ ਤਰ੍ਹਾਂ ਤਰ੍ਹਾਂ ਦੇ ਗਹਿਣੇ ਉਪਲਬਧ ਹਨ।



ਅੰਮ੍ਰਿਤਸਰ ਦੇ ਸਰਾਫ਼ ਕੇਵਲ ਔਰਤਾਂ ਦੀਆਂ ਪਸੰਦਾਂ ਹੀ ਪੂਰੀਆਂ ਨਹੀਂ ਕਰਦੇ, ਸਗੋਂ ਮਰਦਾਂ ਵਾਸਤੇ ਵੀ ਉਨ੍ਹਾਂ ਪਾਸੋਂ ਵੱਖ-ਵੱਖ ਵੰਨਗੀ ਦੀਆਂ ਗੁੱਟ-ਜ਼ੰਜੀਰੀਆਂ, ਕੜੇ ਅਤੇ ਗਲ ਵਿਚ ਪਾਉਣ ਵਾਲੀਆਂ ਚੇਨਾਂ ਮਿਲ ਜਾਂਦੀਆਂ ਹਨ। ਭਾਰਤੀ ਜ਼ੇਵਰ ਪਾਕਿਸਤਾਨੀ ਗਹਿਣਿਆਂ ਨਾਲੋਂ ਵਧੀਆ ਕਿਸਮ ਦੇ ਮੰਨੇ ਜਾਂਦੇ ਹਨ।

ਮਸ਼ਹੂਰ ਸਵਰਨਕਾਰ ਅਤੇ ਪੰਜਾਬ ਸਵਰਨਕਾਰ ਸੰਘ ਦੇ ਜਨਰਲ ਸਕੱਤਰ ਸ. ਸਤਨਾਮ ਸਿੰਘ ਕੰਡਾ ਕਹਿੰਦੇ ਹਨ ਕਿ ਬੰਗਾਲੀ ਕਾਰੀਗਰ ਬਹੁਤ ਮਹਿੰਗੇ ਹਨ ਕਿਉਂਕਿ ਉਨ੍ਹਾਂ ਨੂੰ ਬਹੁਤ ਵਧੀਆ ਕਾਰੀਗਰ ਮੰਨਿਆ ਜਾਂਦਾ ਹੈ। ਅੰਮ੍ਰਿਤਸਰ ਵਿਚ ਸਸਤੇ ਕਾਰੀਗਰ ਮਿਲ ਜਾਂਦੇ ਹਨ। ਇਸ ਲਈ ਮੁੰਬਈ ਅਤੇ ਦਿੱਲੀ ਤੋਂ ਬਾਅਦ, ਅੰਮ੍ਰਿਤਸਰ ਦੀ ਸੋਨਾ-ਮਾਰਕੀਟ ਦੇਸ਼ ਦੀਆਂ ਵੱਡੀਆਂ ਸੋਨਾ-ਮਾਰਕੀਟਾਂ ਵਿਚ ਗਿਣੀ ਜਾਂਦੀ ਹੈ।

ਅੰਮ੍ਰਿਤਸਰ ਦੇ ਗਹਿਣਿਆਂ ਦੀ ਉੱਤਰ ਪ੍ਰਦੇਸ਼, ਮਹਾਰਾਸ਼ਟਰ, ਬਿਹਾਰ ਅਤੇ ਦੱਖਣ ਵਿਚ ਵੀ ਬਹੁਤ ਮੰਗ ਹੈ। ਕਾਰੀਗਰ ਗਹਿਣੇ ਘੜਨ ਲਈ ਕੇਵਲ ਦਸਤੀ ਸੰਦਾਂ ਦੀ ਵਰਤੋਂ ਕਰਦੇ ਹਨ। ਸਰਦਾਰ ਕੰਡਾ ਹੋਰ ਕਹਿੰਦੇ ਹਨ ਕਿ ਅੰਮ੍ਰਿਤਸਰ ਦੀਆਂ ਵਸਤਾਂ ਉਤੇ ਨਵੀਂ ਦਿੱਲੀ ਨਾਲੋਂ ਚਾਰ ਗੁਣਾ ਵਧ ਸੇਲ-ਟੈਕਸ ਲਾਇਆ ਜਾਂਦਾ ਹੈ। ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਅੰਮ੍ਰਿਤਸਰ ਦੇ ਦੋ ਲੱਖ ਤੋਂ ਵੀ ਵਧ ਸੁਨਿਆਰਿਆਂ ਨੂੰ ਬੇਰਜ਼ੁਗਾਰ ਬਣਾ ਸਕਦੀਆਂ ਹਨ।

ਅੰਮ੍ਰਿਤਸਰ ਦੇ ਸਵਰਨਕਾਰ ਹੁਣ ਪਾਕਿਸਤਾਨੀ ਸਰਹੱਦ ਦੇ ਖੁੱਲ੍ਹਣ ਉਤੇ ਉਮੀਦਾਂ ਲਾਈ ਬੈਠੇ ਹਨ। ਅੰਮ੍ਰਿਤਸਰ ਦੇ ਸੁਨਿਆਰੇ ਆਪਣੀ ਬੰਸਾਵਲੀ ਰਾਜਸਥਾਨ ਦੇ ਉਨ੍ਹਾਂ ਸੁਨਿਆਰਿਆਂ ਨਾਲ ਜੋੜਦੇ ਹਨ ਜਿਹੜੇ ਸ਼ਹਿਰ ਦੇ ਬਾਨੀ ਗੁਰੂ ਰਾਮਦਾਸ ਜੀ ਦੇ ਸੱਦੇ 'ਤੇ ਹੋਰ ਕਿੱਤਿਆਂ ਦੇ ਕਾਰੀਗਰਾਂ ਦੇ ਨਾਲ ਅੰਮ੍ਰਿਤਸਰ ਵਿਚ ਆ ਕੇ ਵਸ ਗਏ ਸਨ।

ਸ਼ਹਿਰ ਵਿਚ ਚੌਲਾਂ, ਰੰਗਾਂ ਅਤੇ ਕਪੜਿਆਂ ਦੀਆਂ ਅਮੀਰ ਮੰਡੀਆਂ ਹੋਣ ਕਾਰਨ ਅੰਮ੍ਰਿਤਸਰ ਇਕ ਵੱਡਾ ਵਪਾਰਕ ਕੇਂਦਰ ਬਣ ਗਿਆ ਸੀ। ਲੁਹਾਰ, ਤਰਖਾਣ, ਕਾਠੀਆਂ ਬਣਾਉਣ ਵਾਲੇ, ਹਾਥੀ-ਦੰਦ ਦੇ ਕਾਰੀਗਰ, ਘੁਮਾਰ, ਮੋਚੀ, ਜੁਲਾਹੇ, ਸੁਨਿਆਰੇ, ਚਮੜਾ-ਕਾਰੀਗਰ, ਰੰਗਸਾਜ਼ ਅਤੇ ਤੋਪ-ਨਿਰਮਾਤਾ ਆਦਿ ਕਿੱਤਿਆਂ ਦੇ ਕਾਰੀਗਰ ਅੰਮ੍ਰਿਤਸਰ ਵਿਚ ਆ ਕੇ ਵਸ ਗਏ। ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਵਿਚ ਅੰਮ੍ਰਿਤਸਰ ਦਾ ਬਹੁਤ ਵਿਕਾਸ ਹੋਇਆ। ਪਰ ਉਸ ਦੀ ਮੌਤ ਤੋਂ ਬਾਅਦ ਉਸ ਵਰਗਾ ਤਕੜਾ ਤੇ ਯੋਗ ਹੁਕਮਰਾਨ ਪੰਜਾਬ ਨੂੰ ਨਹੀਂ ਮਿਲਿਆ।

ਲੁਧਿਆਣੇ ਤੋਂ ਬਾਅਦ ਅੰਮ੍ਰਿਤਸਰ, ਸੂਬੇ ਦਾ ਸਨਅਤੀ ਤੌਰ 'ਤੇ ਸਭ ਤੋਂ ਵੱਧ ਵਿਕਸਤ ਦੂਜਾ ਸ਼ਹਿਰ ਹੈ। ਇਹ ਸੋਨੇ ਅਤੇ ਚਾਂਦੀ ਦੇ ਵੱਖ-ਵੱਖ ਵੰਨਗੀਆਂ ਦੇ ਗਹਿਣਿਆਂ ਲਈ ਵੀ ਮਸ਼ਹੂਰ ਹੈ। ਪੁਰਾਣੇ ਸ਼ਹਿਰ ਵਿਚ ਸੁਨਿਆਰਿਆਂ ਦੇ ਕਈ ਅੱਡੇ ਹਨ।

ਇਹੋ ਜਿਹੇ ਇਕ ਸੌ ਸੁਨਾਰ-ਅੱਡਿਆਂ ਦਾ ਇਕ ਸਮੂਹ ਕਟੜਾ ਹਰੀ ਸਿੰਘ, ਬਾਜ਼ਾਰ ਬੱਤੀ ਹੱਟਾਂ, ਕਟੜਾ ਅਤੇ ਨੇੜੇ ਦੇ ਹੋਰ ਇਲਾਕਿਆਂ ਵਿਚ ਸਥਿਤ ਹੈ। ਨਿੱਜੀ ਅੱਡੇ ਬਹੁਤ ਛੋਟੇ-ਛੋਟੇ ਹਨ ਅਤੇ ਬਹੁ-ਮੰਜ਼ਲੀਆਂ ਇਮਾਰਤਾਂ ਦੇ ਕਮਰਿਆਂ ਵਿਚ ਕਾਰਜਸ਼ੀਲ ਹਨ। ਇਨ੍ਹਾਂ ਇਮਾਰਤਾਂ ਵਿਚ ਲੋਕਾਂ ਦੇ ਘਰ ਵੀ ਹਨ।

ਸਥਾਨਕ ਸਵਰਨਕਾਰ ਤਕਰੀਬਨ ਇਕ ਸੌ ਵੱਖਰੇ ਵੱਖਰੇ ਡਿਜ਼ਾਈਨਾਂ ਦੇ ਗਹਿਣੇ ਬਣਾਉਂਦੇ ਸਨ। ਸਮੇਂ ਦੇ ਬੀਤਣ ਨਾਲ ਗਹਿਣਿਆਂ ਅਤੇ ਉਨ੍ਹਾਂ ਉਤੇ ਉਕਰੇ ਜਾਂਦੇ ਫੁੱਲ-ਬੂਟਿਆਂ ਦੇ ਡਿਜ਼ਾਇਨ ਬਹੁਤ ਬਦਲ ਗਏ ਹਨ।

ਇਕ ਦਹਾਕਾ ਪਹਿਲਾਂ ਗੋਲਡ ਕੰਟਰੋਲ ਐਕਟ ਦੇ ਖ਼ਤਮ ਹੋਣ ਨਾਲ ਅਤੇ ਅਮੀਰ ਵਪਾਰੀਆਂ ਵੱਲੋਂ ਲਿਸ਼ਕ-ਪੁਸ਼ਕ ਵਾਲੇ ਜ਼ੇਵਰ ਸਟੋਰ ਖੋਲ੍ਹਣ ਨਾਲ, ਅੰਮ੍ਰਿਤਸਰ ਦੇ ਸਵਰਨਕਾਰਾਂ ਦੀਆਂ ਜ਼ਿੰਦਗੀਆਂ ਵਿਚੋਂ ਚਮਕ ਗਾਇਬ ਹੋ ਗਈ ਹੈ। ਹਾਲਾਤ ਦੇ ਅਣਕਿਆਸੇ ਮੋੜ ਨਾਲ ਕਈ ਸਵਰਨਕਾਰ ਹੋਰ ਕਿੱਤੇ ਅਪਨਾਉਣ ਲਈ ਮਜਬੂਰ ਹੋ ਗਏ ਹਨ।

1990 ਵਿਚ ਗੋਲਡ ਐਕਟ ਦੀ ਮਨਸੂਖੀ ਤੋਂ ਇਕ-ਦਮ ਬਾਅਦ, ਜਿਨ੍ਹਾਂ ਵਪਾਰੀਆਂ ਕੋਲ ਕਾਫ਼ੀ ਪੈਸਾ ਸੀ, ਉਨ੍ਹਾਂ ਨੇ ਨਵੇਂ ਜ਼ੇਵਰ ਸਟੋਰ ਖੋਲ੍ਹਣੇ ਸ਼ੁਰੂ ਕਰ ਦਿੱਤੇ। ਇਹ ਸਟੋਰ ਅਮਰੀਕਾ ਅਤੇ ਹੋਰ ਅਮੀਰ ਦੇਸ਼ਾਂ ਦੇ ਇਹੋ ਜਿਹੇ ਸਟੋਰਾਂ ਦਾ ਮਿੰਨੀ ਰੂਪ ਸਨ। ਇਹ ਸਟੋਰ ਏਅਰ-ਕੰਡੀਸ਼ੰਡ ਕਮਰਿਆਂ ਵਿਚ ਬਣੇ ਬਣਾਏ ਗਹਿਣੇ ਵੇਚਦੇ ਸਨ। ਇਨ੍ਹਾਂ ਦੀ ਬਹੁਤੀ ਵਿਕਰੀ ਨਕਦ ਹੁੰਦੀ ਸੀ ਅਤੇ ਕਾਫ਼ੀ ਮੁਨਾਫ਼ਾ ਹੁੰਦਾ ਸੀ। ਡਿਜ਼ਾਈਨਾਂ ਦੀ ਵੰਨਗੀ ਬਹੁਤੀ ਹੋਣ ਕਰ ਕੇ ਲੋਕ ਇਨ੍ਹਾਂ ਸਟੋਰਾਂ ਨੂੰ ਪਸੰਦ ਕਰਦੇ ਸਨ। ਦੂਜੇ ਪਾਸੇ ਸੁਨਿਆਰਿਆਂ ਦੀਆਂ ਪੁਰਾਣੀਆਂ ਦੁਕਾਨਾਂ ਜੋ ਕਈ ਪੀੜ੍ਹੀਆਂ ਤੋਂ ਇਸ ਕਿੱਤੇ ਵਿਚ ਸਨ, ਨਵੇਂ ਜ਼ੇਵਰ ਸਟੋਰਾਂ ਦੀ ਚਮਕ ਦਮਕ ਦਾ ਮੁਕਾਬਲਾ ਨਹੀਂ ਕਰ ਸਕਦੀਆਂ ਸਨ।

ਇਸ ਤੋਂ ਇਲਾਵਾ ਬੀਤੇ 27 ਸਾਲਾਂ ਦੌਰਾਨ ਜਦੋਂ ਤੋਂ ਉਹ ਇਸ ਕਿੱਤੇ ਵਿਚ ਸਨ, ਗੋਲਡ ਕੰਟਰੋਲ ਐਕਟ ਨੇ ਉਨ੍ਹਾਂ ਦੇ ਕਾਰੋਬਾਰ ਨੂੰ ਕਾਫ਼ੀ ਸੱਟ ਮਾਰੀ ਸੀ। ਨਵੇਂ ਸਟੋਰਾਂ ਵਾਂਗ ਉਨ੍ਹਾਂ ਕੋਲ ਬਣੇ ਬਣਾਏ ਗਹਿਣੇ ਨਹੀਂ ਹੁੰਦੇ ਸਨ। ਉਨ੍ਹਾਂ ਨੂੰ ਪਿੱਤਲ ਅਤੇ ਲੋਹੇ ਦੇ ਨਮੂਨਿਆਂ ਉਤੇ ਨਿਰਭਰ ਰਹਿਣਾ ਪੈਂਦਾ ਸੀ, ਜਿਨ੍ਹਾਂ ਨੂੰ ਵੇਖ ਕੇ ਗਾਹਕ ਗਹਿਣਿਆਂ ਦੀ ਚੋਣ ਕਰਦੇ ਸਨ।

ਉਨ੍ਹਾਂ ਨੂੰ ਗਹਿਣੇ ਬਣਾਉਣ ਵਿਚ ਘੱਟੋਂ-ਘੱਟ ਇਕ ਹਫ਼ਤਾ ਲਗ ਜਾਂਦਾ ਸੀ। ਇਸ ਤੋਂ ਪਿੱਛੋਂ ਹੀ ਉਹ ਗਾਹਕਾਂ ਨੂੰ ਗਹਿਣੇ ਦੇ ਸਕਦੇ ਸਨ। ਹੀਰੇ-ਜੜੇ ਗਹਿਣਿਆਂ ਦੀ ਗਾਹਕੀ ਪਹਿਲਾਂ ਕੁਝ ਅਮੀਰ ਵਪਾਰੀ ਪਰਿਵਾਰਾਂ ਤਕ ਹੀ ਸੀਮਤ ਸੀ, ਹੁਣ ਗੋਲਡ ਕੰਟਰੋਲ ਐਕਟ ਦੇ ਹਟ ਜਾਣ ਕਰ ਕੇ ਉੱਚ ਮੱਧ ਵਰਗ ਦੇ ਪਰਿਵਾਰ ਵੀ ਹੀਰੇ ਜੜੇ ਗਹਿਣੇ ਖਰੀਦਣ ਲਗ ਪਏ ਹਨ।

ਰਵਾਇਤੀ ਸੁਨਿਆਰਿਆਂ ਦੇ ਗਾਹਕ ਹੌਲੀ-ਹੌਲੀ ਵੱਡੇ ਵੱਡੇ ਜ਼ੇਵਰ ਸਟੋਰਾਂ ਵੱਲ ਜਾਣ ਲਗ ਪਏ। ਉਨ੍ਹਾਂ ਦੀਆਂ ਸਮੱਸਿਆਵਾਂ ਵਿਚ ਵਾਧਾ ਕਰਨ ਵਾਲੀ ਇਕ



ਗੱਲ ਇਹ ਹੋਈ ਕਿ ਪੁਰਾਣੀਆਂ ਦੁਕਾਨਾਂ ਨੂੰ ਨਵਾਂ ਰੂਪ ਦੇਣ ਲਈ ਬੈਂਕ ਕੋਈ ਕਰਜ਼ਾ ਨਹੀਂ ਦਿੰਦੇ ਸਨ। ਬੈਂਕ ਕਹਿੰਦੇ ਸਨ ਕਿ ਸੁਨਿਆਰਿਆਂ ਕੋਲ ਕੋਈ ਪੱਕੀਆਂ ਜਾਇਦਾਦਾਂ ਨਹੀਂ ਸਨ, ਜਿਨ੍ਹਾਂ ਦੇ ਆਧਾਰ 'ਤੇ ਕਰਜ਼ਾ ਵਾਪਸੀ ਯਕੀਨੀ ਹੋ ਸਕੇ। ਸਰਕਾਰੀ ਅਦਾਰਿਆਂ ਪਾਸ ਵੀ ਕੋਈ ਐਸੀ ਵਿਵਸਥਾ ਨਹੀਂ ਸੀ ਕਿ ਉਹ ਸੁਨਿਆਰਿਆਂ ਨੂੰ ਕਰਜ਼ੇ ਦੇ ਸਕਣ।

****

# ਹਿੰਦ-ਪਾਕਿ ਰਿਸ਼ਤੇ
# ਬਾਸਮਤੀ ਉਤੇ ਨਿਰਭਰ ਹਨ

ਕੀ ਤਾਜ਼ਾ ਰਿੰਨ੍ਹੇ ਬਾਸਮਤੀ ਚੌਲਾਂ ਦੀ ਮਹਿਕ ਸਰਹੱਦ-ਪਾਰੋਂ ਆ ਸਕਦੀ ਹੈ? ਖ਼ੈਰ! ਭਾਵੇਂ ਇੰਨ-ਬਿੰਨ ਇੰਦਾਂ ਨਾ ਹੋ ਸਕੇ, ਪਰ ਭਾਰਤੀ ਅਤੇ ਪਾਕਿਸਤਾਨੀ ਦੋਹਾਂ ਪੰਜਾਬਾਂ ਵਿਚ ਖਾਲਸ ਬਾਸਮਤੀ ਚੌਲਾਂ ਦੀ ਮਹਿਕ ਇਕੋ ਜਿਹੀ ਮਹਿਸੂਸ ਕੀਤੀ ਜਾਂਦੀ ਹੈ। ਦਰਿਆ ਰਾਵੀ ਦੇ ਦੋਵੇਂ ਪਾਸੇ ਉਗਾਈ ਜਾਂਦੀ ਬਾਸਮਤੀ ਵਿਚ ਅਜਿਹੀ ਕੋਈ ਗੱਲ ਹੈ ਕਿ ਉਸ ਵਿਚੋਂ ਇਕ ਅਨੋਖੀ ਸਾਂਝੀ ਸੱਭਿਆਚਾਰਕ ਖ਼ੁਸ਼ਬੂ ਨਿਕਲਦੀ ਹੈ।

ਵੱਡੇ ਬਾਵਰਚੀਆਂ ਅਤੇ ਘਰੇਲੂ ਸੁਆਣੀਆਂ ਦੀ ਪ੍ਰਸੰਸਾ ਦੀ ਪਾਤਰ, ਖਾਲਸ ਬਾਸਮਤੀ ਦੋਹਾਂ ਪੰਜਾਬਾਂ ਦੀ ਸਰਹੱਦੀ-ਪੱਟੀ ਵਿਚ ਪੈਦਾ ਹੁੰਦੀ ਹੈ ਅਤੇ ਦੁਨੀਆ ਭਰ ਵਿਚ ਮਸ਼ਹੂਰ ਹੈ। ਦੋਵਾਂ ਪੰਜਾਬਾਂ ਦੀ ਮਿੱਟੀ ਦਾ ਖਮੀਰ ਇੱਕੋ ਜਿਹਾ ਹੈ। ਬਾਸਮਤੀ ਚੌਲ ਇਕ ਅਨੋਖੀ ਜਿਣਸ ਹੈ, ਜੋ ਭਾਰਤ ਅਤੇ ਪਾਕਿਸਤਾਨ ਦੇ ਖਾਸ ਹਿੱਸਿਆਂ ਵਿਚ ਉਗਾਈ ਜਾਂਦੀ ਹੈ।

ਭਾਵੇਂ ਬਾਸਮਤੀ ਚੌਲ ਹੋਰ ਇਲਾਕਿਆਂ ਵਿਚ ਵੀ ਉਗਾਏ ਜਾਂਦੇ ਹਨ ਪਰ ਉਨ੍ਹਾਂ ਦੇ ਵਿਸ਼ੇਸ਼ ਗੁਣ ਦੇਸੀ ਕਿਸਮਾਂ ਵਰਗੇ ਨਹੀਂ ਹੋ ਸਕਦੇ। ਦੱਸਣ ਵਾਲੀ ਗੱਲ ਹੈ ਕਿ ਦਰਿਆ ਰਾਵੀ ਤੋਂ ਕੁਝ ਕਿਲੋਮੀਟਰ ਦੂਰ ਇਕ ਸਰਹੱਦੀ ਪਿੰਡ ਕੁਹਾਲੀ ਹੈ। ਇਹ ਪਿੰਡ ਵਧੀਆ ਬਾਸਮਤੀ ਉਗਾਉਣ ਵਿਚ ਦੁਨੀਆ ਭਰ ਵਿਚ ਮਸ਼ਹੂਰ ਹੈ। ਇਕ ਅਗਾਂਹ-ਵਧੂ ਕਿਸਾਨ ਸ. ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਪਿੰਡ ਦੀ ਕੁਝ ਏਕੜ ਜ਼ਮੀਨ ਵਿਚ ਚਾਰਾ ਉਗਾਇਆ ਜਾਂਦਾ ਹੈ, ਅਤੇ ਬਾਕੀ ਦੀ 95 ਪ੍ਰੀਤਸ਼ਤ ਜ਼ਮੀਨ ਸਿਰਫ਼ ਬਾਸਮਤੀ ਲਈ ਰਾਖਵੀਂ ਹੈ।

ਸ਼ਮਸ਼ੇਰ ਸਿੰਘ ਕਹਿੰਦੇ ਹਨ ਕਿ ਜਿਉਂ ਹੀ ਕੁਹਾਲੀ ਦੀ ਬਾਸਮਤੀ ਮੰਡੀਆਂ ਵਿਚ ਪਹੁੰਚਦੀ ਹੈ, ਬਰਾਮਦਕਾਰ ਤੇ ਸ਼ੈਲਰ-ਮਾਲਕ ਉਸ ਨੂੰ ਖਰੀਦ ਲੈਂਦੇ ਹਨ। ਕਈ ਵਾਰੀ ਕਮਿਸ਼ਨ ਏਜੰਟ ਖੜ੍ਹੀ ਫਸਲ ਦਾ ਪੇਸ਼ਗੀ ਮੁੱਲ ਤਾਰ ਦਿੰਦੇ ਹਨ। ਕੁਹਾਲੀ ਦੇ ਨਾਲ ਲਗਦੇ ਹੋਰ ਪਿੰਡ ਜਿੱਥੇ ਬਾਸਮਤੀ ਬੀਜੀ ਜਾਂਦੀ ਹੈ, ਉਨ੍ਹਾਂ ਵਿਚ ਬਰਾਰ, ਖਿਆਲਾ, ਚੁਗਾਵਾਂ, ਭੁੱਲਰ, ਚਵਿੰਡਾ, ਅਤੇ ਚੈਨਪੁਰ ਸ਼ਾਮਲ ਹਨ। ਹੈਰਾਨੀ ਦੀ ਗੱਲ ਹੈ ਕਿ ਸਰਕਾਰ ਨੇ ਅਜੇ ਤਕ ਬਾਸਮਤੀ ਨੂੰ ਉੱਨਤ ਕਰਨ ਦਾ ਕੋਈ ਪ੍ਰੋਗਰਾਮ ਨਹੀਂ ਉਲੀਕਿਆ, ਜਦ ਕਿ ਬਾਸਮਤੀ ਨੇ ਵਿਸ਼ਵ ਮੰਡੀਆਂ ਵਿਚ ਪ੍ਰਸਿੱਧੀ ਹਾਸਲ ਕਰ ਲਈ ਹੈ। ਅਸਲੀ ਬਾਸਮਤੀ ਨਾਲ ਮਿਲਦੀਆਂ ਜੁਲਦੀਆਂ ਹੋਰ ਵੰਨਗੀਆਂ ਜਿਵੇਂ ਸ਼ਰਬਤੀ ਅਤੇ 'ਨਕਲੀ ਬਾਸਮਤੀ' ਹੁਣ ਵੱਡੀ ਮਾਤਰਾ ਵਿਚ ਉਗਾਈਆਂ ਜਾਣ ਲਗ ਪਈਆਂ ਹਨ ਅਤੇ ਉਨ੍ਹਾਂ ਨੇ ਅਸਲ ਬਾਸਮਤੀ ਦੀ ਥਾਂ ਲੈ ਲਈ ਹੈ। ਇਹ



ਉਤਪਾਦਕਾਂ ਅਤੇ ਬਰਾਮਦਕਾਰਾਂ ਲਈ ਚਿੰਤਾ ਦੀ ਗੱਲ ਹੈ। ਪਹਿਲਾਂ ਪੰਜਾਬ ਦੀ ਜਿਸ ਮਹਿਕਦਾਰ ਬਾਸਮਤੀ ਦੀ ਬਹੁਤ ਮੰਗ ਸੀ, ਹੁਣ ਉਹ ਬਾਸਮਤੀ ਵਿਸ਼ਵ ਮੰਡੀ ਵਿਚ ਨਕਲੀ ਬਾਸਮਤੀ ਦੀਆਂ ਵੰਨਗੀਆਂ ਆ ਜਾਣ ਕਰ ਕੇ ਸੰਕਟ ਵਿਚ ਪੈ ਗਈ ਹੈ।

## ਫ਼ੌਜੀ ਜਵਾਨਾਂ ਦਾ ਤੋਹਫ਼ਾ

ਵਿਸ਼ਵਾਸ ਕੀਤਾ ਜਾਂਦਾ ਹੈ ਕਿ 1965 ਦੀ ਹਿੰਦ-ਪਾਕਿ ਜੰਗ ਦੌਰਾਨ, ਜਦੋਂ ਭਾਰਤੀ ਫ਼ੌਜ ਨੇ ਪਾਕਿਸਤਾਨੀ ਇਲਾਕੇ ਉਤੇ ਕਬਜ਼ਾ ਕਰ ਲਿਆ ਸੀ ਤਾਂ ਭਾਰਤੀ ਫ਼ੌਜ ਦੇ ਜਵਾਨ ਇੱਛੋਗਿਲ ਨਹਿਰ ਦੇ ਨੇੜੇ ਬਰਕੀ (ਜ਼ਿਲ੍ਹਾ ਲਾਹੌਰ) ਤੋਂ ਅਤੇ ਭਾਰਤ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਸਾਹਮਣੇ ਪੈਂਦੇ ਸਿਆਲਕੋਟ ਤੋਂ ਪਾਕਿਸਤਾਨੀ ਬਾਸਮਤੀ ਦਾ ਬੀਜ ਲੈ ਆਏ ਸਨ। ਇਹ ਗੱਲ ਸ੍ਰੀ ਚਮਨ ਲਾਲ ਸੇਤੀਆ ਅਤੇ 'ਲਾਲ ਕਿਲ੍ਹਾ' ਬਾਸਮਤੀ ਦੀ ਪ੍ਰਸਿੱਧੀ ਵਾਲੇ 'ਅਮਰ ਸਿੰਘ ਚਾਵਲਵਾਲਾ' ਨਾਲ ਸਬੰਧਿਤ ਸ. ਪ੍ਰੀਤਮ ਸਿੰਘ ਨੇ ਦੱਸੀ।

ਸਰਕਾਰ ਨੇ ਤਿੰਨ ਸਾਲ ਪਹਿਲਾਂ 'ਅਫਪੇਡਾ' (ਐਗਰੀਕਲਚਰ ਫੂਡ ਐਂਡ ਪ੍ਰਾਸੈੱਸਡ ਐਕਸਪੋਰਟ ਡਿਵੈਲਪਮੈਂਟ ਅਥਾਰਿਟੀ) ਨਾਲ ਇਸ ਸਮਝੌਤੇ ਉਤੇ ਦਸਤਖ਼ਤ ਕੀਤੇ ਸਨ ਕਿ ਬਾਸਮਤੀ ਦੀ ਬਰਾਮਦ ਲਈ ਇਕ ਖੇਤੀਬਾੜੀ ਜ਼ੋਨ ਕਾਇਮ ਕੀਤਾ ਜਾਵੇਗਾ। ਪਰ ਇਹ ਕੰਮ ਅਜੇ ਸ਼ੁਰੂ ਨਹੀਂ ਹੋਇਆ। ਇਹ ਸਮਝੌਤਾ ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਿਚ ਪੈਦਾ ਹੁੰਦੀ ਬਾਸਮਤੀ ਦੀ ਸੁਰੱਖਿਆ ਅਤੇ ਉੱਨਤੀ ਲਈ ਕੀਤਾ ਗਿਆ ਸੀ।

ਬਾਦਸ਼ਾਹ ਬਾਸਮਤੀ, ਪਾਕਿਸਤਾਨ ਵਿਚ ਉਗਾਈ ਜਾਂਦੀ ਬਾਸਮਤੀ ਦੀ ਸਭ ਤੋਂ ਵਧੀਆ ਕਿਸਮ ਹੈ, ਜੋ ਸਰਹੱਦ ਪਾਰ ਦਰਿਆ ਰਾਵੀ ਦੇ ਨੇੜੇ 'ਚੌਲਾਂ ਦੀ ਖਾਣ' (Rice bowl region) ਨਾਂ ਦੇ ਇਲਾਕੇ ਵਿਚ ਉਗਾਈ ਜਾਂਦੀ ਹੈ। ਇਸ ਬਾਸਮਤੀ ਦਾ ਪੰਜਾਬ ਦੇ ਲੋਕ-ਗੀਤਾਂ ਵਿਚ ਵੀ ਜ਼ਿਕਰ ਆਉਂਦਾ ਹੈ। ਇਸ ਕਿਸਮ ਦੀ ਉੱਤਮਤਾ ਦਾ ਕਾਰਨ ਇਸ ਇਲਾਕੇ ਦੀ ਵਿਸ਼ੇਸ਼ ਜਲ-ਵਾਯੂ ਹੈ ਜਿਸ ਕਾਰਨ ਚੌਲਾਂ ਦੇ ਦਾਣੇ ਲੰਮੇ ਤੇ ਮਹਿਕਦਾਰ ਬਣ ਜਾਂਦੇ ਹਨ ਅਤੇ ਚੌਲਾ ਵਿਚ ਇਕ ਸੂਖਮ ਸੁਆਦ ਭਰ ਜਾਂਦਾ ਹੈ।

ਭਾਰਤ ਅਤੇ ਪਾਕਿਸਤਾਨ ਦੋਹਾਂ ਦੇਸ਼ਾਂ ਨੂੰ ਉੱਤਮ ਬਾਸਮਤੀ ਉਗਾਉਣ ਦਾ ਫ਼ਖ਼ਰ ਹਾਸਲ ਹੈ। ਬਾਸਮਤੀ ਚੌਲਾਂ ਦੀ ਕਾਸ਼ਤ ਕਰਨ ਲਈ ਜਿਸ ਤਰ੍ਹਾਂ ਦੀ ਜ਼ਮੀਨ ਚਾਹੀਦੀ ਹੈ, ਉਹ ਉਸ ਧਰਤ -ਪੱਟੀ ਵਿਚ ਉਪਲਬਧ ਹੈ, ਜੋ ਪਾਕਿਸਤਾਨ ਵਿਚ ਸ਼ੇਖ਼ੂਪੁਰੇ ਤੋਂ ਸਿਆਲਕੋਟ, ਗੁਜਰਾਂਵਾਲਾ ਅਤੇ ਲਾਹੌਰ ਵਿਚ ਕਲਹਾਰ ਜ਼ਿਲ੍ਹੇ ਤਕ ਅਤੇ ਭਾਰਤ ਵਿਚ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਦੋ ਸਰਹੱਦੀ ਜ਼ਿਲ੍ਹਿਆਂ ਵਿਚ ਫੈਲੀ ਹੋਈ ਹੈ।

ਪਾਕਿਸਤਾਨ ਵਿਚ ਬਾਸਮਤੀ ਦਾ ਕੱਦ ਭਾਰਤੀ ਬਾਸਮਤੀ ਨਾਲੋਂ ਉੱਚਾ

ਹੁੰਦਾ ਹੈ। ਭਾਰਤ ਤਕਰੀਬਨ ਪੰਜ ਲੱਖ ਟਨ ਬਾਸਮਤੀ ਪੈਦਾ ਕਰਦਾ ਹੈ। ਵਿਸ਼ਵ ਮਾਰਕੀਟ ਵਿਚ ਭਾਰਤੀ ਬਾਸਮਤੀ ਦੀ ਚੰਗੀ ਪ੍ਰਸਿੱਧੀ ਹੈ ਕਿਉਂਕਿ ਭਾਰਤ ਵਿਚ ਆਧੁਨਿਕ ਛੜਾਈ ਤਕਨੀਕ ਅਤੇ ਤੇਹਰੀ ਪਾਲਿਸ਼ ਤਕਨੀਕ ਉਪਲਬਧ ਹੈ। ਭਾਰਤੀ ਬਾਸਮਤੀ ਦਾ ਮੰਡੀਕਰਨ ਵੀ ਜ਼ੋਰ-ਸ਼ੋਰ ਨਾਲ ਕੀਤਾ ਜਾਂਦਾ ਹੈ। ਕਈ ਪ੍ਰਾਕਿਰਤਕ ਅਤੇ ਰਸਾਇਨਿਕ ਮਾਪ-ਦੰਡ ਜਿਵੇਂ ਲੰਬਾਈ, ਚੌੜਾਈ, ਚਮਕ, ਰੰਗ, ਛਲਾਈ ਦੀ ਮਾਤਰਾ, ਨਮੀ ਤੱਤ, ਸਾਈਜ਼, ਸਫੈਦੀ, ਪ੍ਰੋਟੀਨ ਤੱਤ, ਪਕਾਏ ਹੋਏ ਚੌਲਾਂ ਦੀ ਵਧਣਸ਼ੀਲਤਾ, ਮਹਿਕ, ਚਿਕਨਾਹਟ ਅਤੇ ਸਖ਼ਤੀ ਆਦਿ ਬਾਸਮਤੀ ਚੌਲਾਂ ਦੀ ਉੱਤਮਤਾ ਦੇ ਪ੍ਰਤੀਕ ਹਨ।

ਪਾਕਿਸਤਾਨੀ ਬਾਸਮਤੀ ਵੀ ਅੰਤਰਰਾਸ਼ਟਰੀ ਮੰਡੀ ਵਿਚ ਚੰਗੇ ਭਾਅ ਵਿਕਦੀ ਹੈ ਕਿਉਂਕਿ ਰਿੰਨ੍ਹਣ ਤੋਂ ਬਾਅਦ ਇਸ ਦੇ ਚੌਲ ਬੜੇ ਲੰਮੇ ਹੋ ਜਾਂਦੇ ਹਨ ਅਤੇ ਇਸ ਦੀ ਅਨੋਖੀ ਮਹਿਕ ਮਨ ਮੋਹ ਲੈਂਦੀ ਹੈ। ਦੇਸ਼ ਵਿਦੇਸ਼ ਵਿਚ ਇਸ ਬਾਸਮਤੀ ਦੀ ਵਧਦੀ ਹਰਮਨ-ਪਿਆਰਤਾ ਕੁਝ ਲੋਕਾਂ ਦੇ ਦਿਲ ਵਿਚ ਲਾਲਚ ਪੈਦਾ ਕਰ ਦਿੰਦੀ ਹੈ ਅਤੇ ਉਹ ਬਾਸਮਤੀ ਵਿਚ ਸਸਤੇ ਲੰਮੇ ਚੌਲਾਂ ਦੀ ਮਿਲਾਵਟ ਕਰ ਦਿੰਦੇ ਹਨ।

ਪੰਜਾਬ ਐਗਰੋ ਫੂਡ ਕਾਰਪੋਰੇਸ਼ਨ ਨੇ ਤਿੰਨ ਸਾਲ ਪਹਿਲਾਂ, ਬਾਸਮਤੀ ਨੂੰ ਉੱਨਤ ਕਰਨ ਵਾਸਤੇ ਬੜੇ ਧੂਮ-ਧੜੱਕੇ ਨਾਲ ਠੇਕੇ 'ਤੇ ਖੇਤੀ ਕਰਾਉਣੀ ਸ਼ੁਰੂ ਕੀਤੀ ਸੀ ਪਰ ਇਹ ਯੋਜਨਾ ਠੁੱਸ ਹੋ ਕੇ ਰਹਿ ਗਈ ਹੈ ਕਿਉਂਕਿ ਸਰਕਾਰ ਚੰਗੇ ਢੰਗ ਨਾਲ ਇਸ ਦਾ ਪ੍ਰਚਾਰ ਨਹੀਂ ਕਰ ਸਕੀ।

ਕੁਝ ਸਮਾਂ ਪਹਿਲਾਂ, ਭਾਰਤੀ ਅਤੇ ਪਾਕਿਸਤਾਨੀ ਬਾਸਮਤੀ ਨੂੰ ਜਿਹੜੀ ਆਪਣੀ ਮਹਿਕ ਅਤੇ ਸੁਆਦ ਲਈ ਦੁਨੀਆ ਭਰ ਵਿਚ ਮਸ਼ਹੂਰ ਹੈ, ਇਕ ਅਮਰੀਕੀ ਵਪਾਰੀ ਫਰਮ 'ਮੈਸਰਜ਼ ਰਾਈਸਟੈੱਕ' ਨੇ 'ਬਾਸਮਤੀ' ਦੇ ਨਾਂ 'ਤੇ ਪੇਟੈਂਟ ਕਰਾ ਕੇ ਅਮਰੀਕਾ ਤੇ ਹੋਰ ਦੇਸ਼ਾਂ ਵਿਚ ਵੇਚਣਾ ਸ਼ੁਰੂ ਕਰ ਦਿੱਤਾ। ਭਾਰਤ ਨੇ ਇਸ ਚਲਾਕੀ ਦਾ 'ਸਪੈਸ਼ਲ ਬਾਸਮਤੀ ਡਿਵੈਲਪਮੈਂਟ ਫੰਡ' ਸਥਾਪਿਤ ਕਰ ਕੇ ਜਵਾਬ ਦਿੱਤਾ। ਕੁਝ ਬਰਾਮਦਕਾਰਾਂ ਨੇ ਇਹ ਸੰਸਥਾ ਬਾਸਮਤੀ ਦਾ ਪਟੈਂਟ ਹਾਸਲ ਕਰਨ ਲਈ, ਅਮਰੀਕਾ ਦੀ ਅਦਾਲਤ ਵਿਚ ਕੇਸ ਲੜਨ ਵਾਸਤੇ ਬਣਾਈ ਸੀ। ਅਮਰੀਕਨ ਫਰਮ ਦਾ ਇਹ ਪੇਟੈਂਟ ਭਾਰਤ ਤੇ ਪਾਕਿਸਤਾਨੀ ਬਰਾਮਦਕਾਰਾਂ ਨੂੰ ਵਿਸ਼ਵ ਮੰਡੀ ਵਿਚ ਜਾਣ ਤੋਂ ਰੋਕਣ ਲਈ ਬਣਾਇਆ ਗਿਆ ਸੀ।

****



# ਰੱਖੜੀ ਦੇ ਧਾਗੇ

ਭਾਰਤ ਪਾਕਿਸਤਾਨ ਦੀ ਨਵੀਂ ਦੋਸਤੀ ਨੂੰ ਫਲ ਲੱਗਣ ਲਗ ਪਿਆ ਹੈ। ਦੇਸ਼-ਵੰਡ ਤੋਂ ਬਾਅਦ ਪਹਿਲੀ ਵਾਰ ਪਾਕਿਸਤਾਨ ਤੋਂ ਭਾਰਤ ਵਿਚ ਰੱਖੜੀਆਂ ਆਈਆਂ ਹਨ।

ਅਣਵੰਡੇ ਪੰਜਾਬ ਦੇ ਜੌੜੇ ਸ਼ਹਿਰਾਂ ਅੰਮ੍ਰਿਤਸਰ ਅਤੇ ਲਾਹੌਰ ਦੇ ਸਦੀਆਂ ਪੁਰਾਣੇ ਰਿਸ਼ਤੇ ਨੂੰ ਰੱਖੜੀ ਦੇ ਧਾਗਿਆਂ ਨੇ ਮੁੜ ਜੋੜ ਦਿੱਤਾ ਹੈ।

ਰੱਖੜੀ ਦੇ ਪਵਿੱਤਰ ਧਾਗਿਆਂ ਦੇ ਰਿਸ਼ਤੇ ਨੇ ਕੁਝ ਪਾਕਿਸਤਾਨੀ ਬੀਬੀਆਂ ਦਾ ਦਿਲ ਮੋਹ ਲਿਆ ਅਤੇ ਪਿੱਛੇ ਜਿਹੇ ਉਹ ਭਾਰਤ ਆਈਆਂ। ਰੱਖੜੀਆਂ ਭੇਜ ਕੇ ਉਨ੍ਹਾਂ ਨੇ ਭਾਰਤੀਆਂ ਨਾਲ ਆਪਣਾ ਉਹ ਪਵਿੱਤਰ ਰਿਸ਼ਤਾ ਪੱਕਾ ਕਰ ਲਿਆ ਜੋ ਇਕ ਭੈਣ ਭਰਾ ਵਿਚ ਹੁੰਦਾ ਹੈ। ਰੱਖੜੀਆਂ ਕਿਉਂਕਿ ਪਾਕਿਸਤਾਨ ਦੇ ਬਾਜ਼ਾਰਾਂ ਵਿਚ ਨਹੀਂ ਮਿਲਦੀਆਂ ਇਸ ਲਈ ਇਨ੍ਹਾਂ 'ਭੈਣਾਂ' ਨੇ ਹੱਥ ਨਾਲ ਬਣਾ ਕੇ ਰੱਖੜੀਆਂ ਭੇਜੀਆਂ ਹਨ।

ਲਾਹੌਰ ਦੇ ਇਕ ਪੰਜਾਬੀ ਸ਼ਾਇਰ ਨੇ ਦੋਹਾਂ ਸ਼ਹਿਰਾਂ ਦੇ ਮਸ਼ਹੂਰ ਸਾਂਝੇ ਸੱਭਿਆਚਾਰ ਦੇ 'ਪੁਨਰ-ਮਿਲਣ' ਨੂੰ ਇਨ੍ਹਾਂ ਲਫ਼ਜ਼ਾਂ ਵਿਚ ਪੇਸ਼ ਕੀਤਾ ਹੈ-

ਸਾਂਝ ਹਵਾ ਦੀ ਸਾਂਝ ਪਾਣੀ ਦੀ
ਸਾਂਝੀ ਹੀ ਮਿੱਟੀ ਦੀ ਖ਼ੁਸ਼ਬੂ
ਸਾਂਝ ਦਿਲਾਂ ਦੀ ਸਾਂਝ ਖ਼ੁਦਾ ਦੀ
ਵਸਿਆ-ਉਜੜਿਆ, ਉਜੜਿਆ ਫਿਰ ਵਸਿਆ।

ਮਾਝੇ ਦੇ ਜੌੜੇ ਸ਼ਹਿਰਾਂ ਅੰਮ੍ਰਿਤਸਰ ਤੇ ਲਾਹੌਰ ਵਿਚ ਜੋ ਰਵਾਇਤੀ ਭਾਈਬੰਦੀ ਹੈ, ਉਮੀਦ ਹੈ ਕਿ ਰੱਖੜੀ ਦੋਹਾਂ ਜ਼ਿਲ੍ਹਿਆਂ ਦੇ ਲੋਕਾਂ ਦੇ ਦਿਲਾਂ ਨੂੰ ਫੇਰ ਜੋੜ ਦੇਵੇਗੀ। ਸਰਹੱਦ ਪਾਰ ਇਸਲਾਮੀ ਜਨੂਨੀਆਂ ਲਈ ਭਾਵੇਂ ਰੱਖੜੀ ਵਿਵਰਜਿਤ ਹੋਵੇਗੀ ਪਰ ਰੱਖੜੀ ਨੇ ਰੈੱਡਕਲਿਫ਼ ਰੇਖਾ ਦੇ ਦੋਹਾਂ ਪਾਸਿਆਂ ਦੇ ਲੋਕਾਂ ਦੇ ਦਿਲਾਂ ਵਿਚ ਹਲਚਲ ਮਚਾ ਦਿੱਤੀ ਹੈ।

ਬਸੰਤ-ਮੇਲਿਆਂ ਤੋਂ ਬਾਅਦ, ਪਤੰਗਬਾਜ਼ੀ ਲਾਹੌਰੀਆਂ ਦੀ ਮਕਬੂਲ ਖੇਡ ਬਣਦੀ ਜਾ ਰਹੀ ਹੈ ਪਰ ਇਸ ਹਰਮਨ-ਪਿਆਰੇ ਸ਼ੌਕ ਨੂੰ ਕੱਟੜਵਾਦੀ ਪਸੰਦ ਨਹੀਂ ਕਰਦੇ। ਇਸ ਦੇ ਬਾਵਜੂਦ ਲਾਹੌਰ ਤੇ ਅੰਮ੍ਰਿਤਸਰ ਦੇ ਆਸਮਾਨਾਂ ਵਿਚ ਖ਼ੂਬਸੂਰਤ ਰੰਗੀਨ ਕਾਗਜ਼ੀ ਪਤੰਗਾਂ ਝਿਲਮਿਲ ਝਿਲਮਿਲ ਕਰਦੀਆਂ ਦਿਖਾਈ ਦਿੰਦੀਆਂ ਹਨ।

ਇਸੇ ਤਰ੍ਹਾਂ ਰੱਖੜੀ ਦੇ ਸਾਧਾਰਨ ਧਾਗੇ ਦੋਹਾਂ ਪੁਰਾਣੇ ਸ਼ਹਿਰਾਂ ਵਿਚਾਲੇ ਇਕ ਸਦਾ ਰਹਿਣ ਵਾਲਾ ਪੁਲ ਬਣਾ ਦੇਣਗੇ, ਜਿਨ੍ਹਾਂ ਨੂੰ ਦੇਸ਼-ਵੰਡ ਨੇ ਵਿਛੋੜ ਦਿੱਤਾ ਹੈ। ਲਾਹੌਰ ਦੀ ਮਸ਼ਹੂਰ ਪੰਜਾਬੀ ਤੇ ਉਰਦੂ ਸ਼ਾਇਰਾ ਅਤੇ ਸਾਬਕਾ ਐੱਸ.ਐੱਸ.ਪੀ. ਮਿਸ

ਨੀਲਮਾ ਨਾਹੀਦ ਦੁਰਾਨੀ ਨੂੰ ਜਦੋਂ ਇਕ ਮਹੀਨਾ ਪਹਿਲਾਂ ਰੱਖੜੀ ਦੇ ਤਿਉਹਾਰ ਦਾ ਪਤਾ ਲੱਗਾ ਤਾਂ ਉਹ ਇਸ ਗੱਲੋਂ ਬੜੀ ਫ਼ਿਕਰਮੰਦ ਸੀ ਕਿ ਕਿਤੇ ਮੈਂ ਰੱਖੜੀ ਦੇ ਤਿਉਹਾਰ ਵਿਚ ਸ਼ਾਮਲ ਹੋਣੋਂ ਰਹਿ ਨਾ ਜਾਵਾਂ।

ਲਾਹੌਰ ਦੀਆਂ ਮੁਸਲਮਾਨ 'ਭੈਣਾਂ' ਆਪਣੇ ਅੰਮ੍ਰਿਤਸਰੀ 'ਭਰਾਵਾਂ' ਨੂੰ ਰੱਖੜੀਆਂ ਭੇਜਣ ਲਈ ਬੇਹੱਦ ਉਤਸੁਕ ਹਨ। ਦੋਹਾਂ ਪੰਜਾਬਾਂ ਦੀਆਂ 'ਭੈਣਾਂ' ਅਤੇ 'ਭਰਾਵਾਂ' ਵੱਲੋਂ ਰਕਸ਼ਾ-ਬੰਧਨ ਮਨਾਇਆ ਜਾਣਾ, ਦੋਹਾਂ ਦੇਸ਼ਾਂ ਦੇ ਮੇਲ-ਜੋਲ ਦੀ ਸਿਖ਼ਰ ਸਮਝਿਆ ਜਾ ਰਿਹਾ ਹੈ, ਜੋ ਹਿੰਦ-ਪਾਕਿ ਸਾਂਝੀ ਚੈੱਕ-ਪੋਸਟ ਵਾਹਗਾ ਰਾਹੀਂ ਸੰਭਵ ਹੋਇਆ।

ਲਾਹੌਰ-ਵਾਸੀਆਂ ਨੇ ਮੁਸਲਿਮ ਕੱਟੜ-ਪੰਥੀਆਂ ਦੀ ਖੁੱਲ੍ਹਮ-ਖੁੱਲ੍ਹਾ ਉਲੰਘਨਾ ਕੀਤੀ ਜਿਨ੍ਹਾਂ ਨੇ ਹੁਕਮ ਜਾਰੀ ਕੀਤਾ ਸੀ ਕਿ ਬਸੰਤ ਦੇ ਤਿਉਹਾਰ ਸਮੇਂ 'ਕੋਈ ਪਤੰਗਾਂ ਨਹੀਂ ਚੜ੍ਹਾਈਆਂ ਜਾਣਗੀਆਂ' ਇਸ ਤਿਉਹਾਰ ਦਾ ਫ਼ਾਇਦਾ ਉਨ੍ਹਾਂ ਅੰਤਰਰਾਸ਼ਟਰੀ ਕੰਪਨੀਆਂ ਨੂੰ ਹੋਇਆ, ਜਿਹੜੀਆਂ ਪਾਕਿਸਤਾਨ ਵਿਚ ਇਕ ਸਾਂਝੇ ਵਿਸ਼ਵ-ਵਿਆਪੀ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਚਾਹੁੰਦੀਆ ਹਨ। ਇਸ ਤਿਉਹਾਰ ਨੂੰ ਮਨਾਉਣ ਦਾ ਉੱਦਮ ਕਰਨ ਵਾਲੇ ਸੱਜਣ, ਇਸ ਤਿਉਹਾਰ ਨੂੰ ਇਕ ਐਸੇ ਦੇਸ਼ ਵਿਚ ਮਨਾਉਣ ਨੂੰ ਇਕ ਦੁਰਲੱਭ ਮੌਕਾ ਸਮਝ ਰਹੇ ਹਨ, ਜੋ ਇਸਲਾਮੀ ਦਹਿਸ਼ਤਗਰਦੀ ਵਿਚ ਗ੍ਰਸਤ ਹੈ। ਉਹ ਕਹਿੰਦੇ ਹਨ "ਮੌਲਾਣਿਆਂ ਨੂੰ ਆਪਣਾ ਕੰਮ ਕਰਨ ਦਿਓ, ਜਦ ਕਿ ਅਸੀਂ ਆਪਣੇ ਕੰਮ ਵਿਚ ਖੁਸ਼ ਹਾਂ। ਇਹ ਇਕ ਰੰਗਾ-ਰੰਗ ਪ੍ਰੋਗਰਾਮ ਸੀ, ਜਿਸ ਦਾ ਲਾਹੌਰ ਦਾਅਵਾ ਕਰ ਸਕਦਾ ਹੈ।" ਇਸ ਤਿਉਹਾਰ ਵਿਚ ਸ਼ਾਮਲ ਹੋਣ ਲਈ ਪੂਰਬੀ ਪੰਜਾਬ ਤੋਂ ਵੀ ਲੋਕ ਆਏ। ਉਹ ਉਡਦੀਆਂ ਪਤੰਗਾਂ ਦਾ ਨਜ਼ਾਰਾ ਦੇਖਣਾ ਚਾਹੁੰਦੇ ਸਨ। ਚੋਟੀ ਦੇ ਹੋਟਲਾਂ ਵਿਚ ਕੋਈ ਕਮਰਾ ਖਾਲੀ ਨਹੀਂ ਸੀ। ਖੁੱਲ੍ਹੀ ਛੱਤ ਉਤੇ ਵੀ ਜਗ੍ਹਾ ਬਹੁਤ ਮਹਿੰਗੇ ਮੁੱਲ ਮਿਲ ਰਹੀ ਸੀ। ਸਾਰੀ ਰਾਤ ਮਹਿਫ਼ਲਾਂ ਚਲਦੀਆਂ ਰਹੀਆਂ।

ਇਕ ਹੋਰ ਹਿੰਦੂ ਤਿਉਹਾਰ ਹੋਲੀ ਲਾਹੌਰ ਦੇ ਕ੍ਰਿਸ਼ਨਾ ਮੰਦਰ ਵਿਚ ਮਨਾਇਆ ਜਾਂਦਾ ਹੈ। ਲਾਹੌਰੀਆਂ ਵਿਚ ਇਹ ਤਿਉਹਾਰ ਬੜੀ ਤੇਜ਼ੀ ਨਾਲ ਹਰਮਨ-ਪਿਆਰਾ ਹੋ ਰਿਹਾ ਹੈ। ਮੁਸਲਮਾਨ ਭਰਾਵਾਂ ਨੇ ਹੁਣੇ ਜਿਹੇ ਇਕ ਹੋਰ ਖੁੱਲ੍ਹਦਿਲੀ ਦਿਖਾਈ ਹੈ। ਦੇਸ਼ ਵੰਡ ਤੋਂ ਬਾਅਦ ਪਹਿਲੀ ਵਾਰ ਹਿੰਦੂਆਂ ਨੂੰ ਸ਼ਮਸ਼ਾਨਘਾਟ ਲਈ ਲਾਹੌਰ ਵਿਚ 22 ਵਿਘੇ ਜ਼ਮੀਨ ਦਿੱਤੀ ਗਈ ਹੈ।

ਦਿਲਚਸਪ ਗੱਲ ਹੈ ਕਿ ਅੰਮ੍ਰਿਤਸਰ ਦੇ ਮਰਦਾਂ ਵਿਚ ਪਾਕਿਸਤਾਨੀ ਸਲਵਾਰ-ਕਮੀਜ਼ ਦਾ ਪਹਿਰਾਵਾ ਹਰਮਨ-ਪਿਆਰਾ ਹੋ ਰਿਹਾ ਹੈ। ਇਸੇ ਤਰ੍ਹਾਂ ਪਾਕਿਸਤਾਨੀ ਔਰਤਾਂ ਨੱਥ ਤੇ ਕੋਕੇ ਨੂੰ ਬਹੁਤ ਪਸੰਦ ਕਰਦੀਆਂ ਹਨ।

****



## ਸਮਝੌਤਾ ਐਕਸਪ੍ਰੈਸ ਨੂੰ ਚੱਲਣ ਦਿਓ

"ਇਹ ਮੁਹੱਬਤ ਦੀ ਗੱਡੀ ਹੈ, ਇਸ ਨੂੰ ਬੰਦ ਨਾ ਹੋਣ ਦੇਣਾ।" ਇਹ ਬੋਲ ਹਨ ਅੱਲਾ ਦਿੱਤਾ ਦੇ, ਜੋ ਉਸ ਨੇ ਠੇਠ ਪੰਜਾਬੀ ਵਿਚ ਕਹੇ। ਅੱਲਾ ਦਿੱਤਾ ਸਮਝੌਤਾ ਐਕਸਪ੍ਰੈਸ ਦਾ ਡਰਾਈਵਰ ਹੈ, ਜੋ ਭਾਰਤ ਅਤੇ ਪਾਕਿਸਤਾਨ ਵਿਚਾਲੇ ਹਫ਼ਤੇ ਵਿਚ ਦੋ ਵਾਰ ਚਲਦੀ ਹੈ।

ਇਹ ਗੱਡੀ, ਦੇਸ਼-ਵੰਡ ਸਮੇਂ ਵੱਖ ਹੋਏ ਦੋ ਦੇਸ਼ਾਂ ਦੇ ਲੋਕਾਂ ਨੂੰ ਹੀ ਨਹੀਂ ਜੋੜਦੀ ਸਗੋਂ ਅਫ਼ਗਾਨਿਸਤਾਨ ਦੇ ਲੋਕਾਂ ਤਕ ਵੀ ਪਹੁੰਚਦੀ ਹੈ।

ਅੱਲਾ ਦਿੱਤਾ ਦੇ ਇਹ ਮੋਹ-ਭਿੱਜੇ ਬੋਲ ਉਨ੍ਹਾਂ ਲੱਖਾਂ ਮੁਸਲਮਾਨਾਂ ਦੇ ਦਿਲ ਦੀ ਆਵਾਜ਼ ਹਨ, ਜੋ ਸਮਝੌਤਾ ਐਕਸਪ੍ਰੈਸ ਰਾਹੀਂ ਰੈੱਡਕਲਿਫ਼-ਰੇਖਾ ਦੇ ਦੋਵੇਂ ਪਾਸੇ ਆਪਣੇ ਸਾਂਝੇ ਖ਼ੂਨ ਦੇ ਰਿਸ਼ਤੇਦਾਰਾਂ ਨਾਲ ਰਾਬਤਾ ਜੋੜੀ ਰੱਖਦੇ ਹਨ। ਹਫ਼ਤੇ ਵਿਚ ਦੋ ਵਾਰ ਚੱਲਣ ਵਾਲੀ ਇਹ ਰੇਲ-ਗੱਡੀ ਦੋਹਾਂ ਦੇਸ਼ਾਂ ਵਿਚ ਇਕੋ-ਇਕ ਰੇਲ ਕੜੀ ਹੈ।

ਭਾਰਤ ਅਤੇ ਪਾਕਿਸਤਾਨ ਦੇ ਵਪਾਰੀ ਇਕ-ਮਤ ਹੋ ਕੇ ਉਨ੍ਹਾਂ ਬਹੁਗਿਣਤੀ ਦੇਸ਼-ਵਾਸੀਆਂ ਦੇ ਜਜ਼ਬਾਤ ਦੀ ਪ੍ਰੋੜ੍ਹਤਾ ਕਰਦੇ ਹਨ ਜੋ ਦੋਹਾਂ ਦੇਸ਼ਾਂ ਦੇ ਵਪਾਰਕ ਅਤੇ ਸੱਭਿਆਚਾਰਕ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਦੀ ਲੋੜ ਮਹਿਸੂਸ ਕਰਦੇ ਹਨ। ਉਹ ਕਹਿੰਦੇ ਹਨ ਕਿ ਚਾਹੇ ਕਿੰਨੀ ਵੀ ਭੜਕਾਹਟ ਹੋਵੇ, ਇਹ ਰੇਲ-ਰਾਬਤਾ ਕਦੀ ਟੁੱਟਣਾ ਨਹੀਂ ਚਾਹੀਦਾ।

1947 ਵਿਚ ਵੱਡੀ ਗਿਣਤੀ ਵਿਚ ਆਬਾਦੀ ਦੇ ਤਬਾਦਲੇ ਲਈ ਸੜਕੀ-ਮਾਰਗ ਖੋਲ੍ਹ ਦਿੱਤਾ ਗਿਆ ਸੀ। ਪਰ ਦੋਹਾਂ ਦੇਸ਼ਾਂ ਦੇ ਰਿਸ਼ਤੇ ਉਸ ਸਮੇਂ ਹੀ ਸੁਖਾਵੇਂ ਹੋਏ ਤੇ ਪਰਸਪਰ ਖਿਚਾਉ ਉਸ ਸਮੇਂ ਹੀ ਘੱਟ ਹੋਇਆ ਜਦੋਂ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਵਿਚ ਲਾਹੌਰ ਅਤੇ ਅੰਮ੍ਰਿਤਸਰ ਰਾਹੀਂ ਦਿੱਲੀ ਤਕ ਰੇਲ ਸੇਵਾ ਸ਼ੁਰੂ ਹੋਈ। ਰੇਲ ਸੇਵਾ ਰਾਹੀਂ ਬੰਦਿਆਂ ਤੇ ਵਸਤਾਂ ਦਾ ਆਦਾਨ-ਪ੍ਰਦਾਨ ਆਸਾਨ ਹੋ ਗਿਆ।

ਲਾਹੌਰ ਤੇ ਅੰਮ੍ਰਿਤਸਰ ਵਿਚ ਸਤੰਬਰ 1975 ਵਿਚ ਸ਼ੁਰੂ ਹੋਈ ਸਮਝੌਤਾ ਐਕਸਪ੍ਰੈਸ ਆਪਣੀ ਰਜਤ ਜਯੰਤੀ ਮਨਾ ਚੁੱਕੀ ਹੈ, ਭਾਵੇਂ 1984 ਵਿਚ ਸਾਕਾ ਨੀਲਾ ਤਾਰਾ ਤੋਂ ਬਾਅਦ 15 ਦਿਨ ਅਤੇ ਦਸੰਬਰ 1992 ਵਿਚ ਅਯੁੱਧਿਆ ਬਾਬਰੀ ਮਸਜਿਦ ਦੇ ਢਾਹੁਣ ਉਪਰੰਤ ਇਹ ਸੇਵਾ ਬੰਦ ਰਹੀ।

ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜ਼ੁਲਫ਼ਿਕਾਰ ਅਲੀ ਭੁੱਟੋ ਦਰਮਿਆਨ 1972 ਵਿਚ ਹੋਏ ਸ਼ਿਮਲਾ ਸਮਝੌਤੇ ਵਿਚ ਕਈ ਦੁਵੱਲੀ ਫ਼ੈਸਲੇ ਕੀਤੇ ਗਏ ਸਨ, ਜਿਨ੍ਹਾਂ ਵਿਚੋਂ ਇਕ ਦੋਹਾਂ ਦੇਸ਼ਾਂ ਵਿਚਾਲੇ ਰੇਲ-ਕੜੀ ਸਥਾਪਿਤ ਕਰਨਾ ਵੀ ਸੀ। ਸਮਝੌਤਾ ਐਕਸਪ੍ਰੈਸ ਨਾਂ, ਸ਼ਿਮਲਾ ਸਮਝੌਤੇ ਦੇ ਨਾਂ 'ਤੇ ਰੱਖਿਆ ਗਿਆ ਸੀ। ਲੰਮੇ ਵਾਰਤਾਲਾਪ ਤੋਂ ਬਾਅਦ ਦੋਹਾਂ ਦੇਸ਼ਾਂ

ਵਿਚਾਲੇ ਰੇਲ-ਕੜੀ ਸਥਾਪਿਤ ਕਰਨੀ ਸੰਭਵ ਹੋਈ ਜੋ ਸਾਮਾਨ ਤੇ ਮੁਸਾਫ਼ਰਾਂ ਦੀ ਢੋਆ-ਢੋਆਈ ਕਰਦੀ ਹੈ।

ਇਸ ਰੇਲ-ਸੇਵਾ ਨੂੰ ਚਲਦੀ ਰੱਖਣ ਲਈ ਕਈ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਭਾਰਤੀ ਰੇਲਵੇ ਸਮਝੌਤਾ ਐਕਸਪ੍ਰੈਸ ਲਈ ਮੁਸਾਫ਼ਰ ਡੱਬੇ ਅਤੇ ਮਾਲ-ਡੱਬੇ ਦੇਣ ਤੋਂ ਨਾਂਹ-ਨੁੱਕਰ ਕਰ ਰਹੀ ਸੀ। ਕਾਰਨ ਇਹ ਸੀ ਕਿ 1965 ਦੀ ਜੰਗ ਵਿਚ ਭਾਰਤੀ ਰੇਲਵੇ ਦੇ ਕਈ ਸਵਾਰੀ ਤੇ ਮਾਲ ਡੱਬੇ ਨਸ਼ਟ ਹੋ ਗਏ ਸਨ। ਪਾਕਿਸਤਾਨ ਨੇ ਕਰੋੜਾਂ ਰੁਪਏ ਦੀ ਰੇਲਵੇ ਜਾਇਦਾਦ ਜ਼ਬਤ ਕਰ ਲਈ ਸੀ। ਭਾਰਤੀ ਰੇਲਵੇ ਦੇ ਸਖ਼ਤ ਰਵਈਏ ਕਾਰਨ ਦੋਹਾਂ ਦੇਸ਼ਾਂ ਵਿਚ ਸਮਝੌਤਾ ਹੋਇਆ ਕਿ ਦੋਨੋ ਮੁਲਕ ਸਮਝੌਤਾ ਐਕਸਪ੍ਰੈਸ ਲਈ ਬਰਾਬਰ ਗਿਣਤੀ ਦੇ ਡੱਬੇ ਦੇਣਗੇ। ਸਮਝੌਤਾ ਐਕਸਪ੍ਰੈਸ ਨੇ ਆਪਣਾ ਪਹਿਲਾ ਸਫ਼ਰ 22 ਸਤੰਬਰ 1975 ਨੂੰ ਤੈਅ ਕੀਤਾ।

ਇਕ ਮੋਟੇ ਅੰਦਾਜ਼ੇ ਅਨੁਸਾਰ ਇਕ ਕਰੋੜ ਤੋਂ ਵੱਧ ਮੁਸਲਮਾਨਾਂ ਨੇ ਇਸ ਰੇਲਗੱਡੀ ਰਾਹੀਂ ਸਫ਼ਰ ਕੀਤਾ। ਇਸ ਤੋਂ ਇਲਾਵਾ ਸਿੱਖ ਜਥੇ ਪਾਕਿਸਤਾਨ ਵਿਚ ਇਤਿਹਾਸਕ ਗੁਰਦੁਆਰਿਆਂ ਸ੍ਰੀ ਡੇਹਰਾ ਸਾਹਿਬ ਤੇ ਸ੍ਰੀ ਪੰਜਾ ਸਾਹਿਬ ਦੀ ਯਾਤਰਾ ਕਰਨ ਲਈ ਇਸ ਰੇਲ ਗੱਡੀ ਦੀ ਲਗਾਤਾਰ ਵਰਤੋਂ ਕਰ ਰਹੇ ਹਨ। ਲਾਹੌਰ ਵਿਚ ਵਿਸਾਖੀ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਲਈ ਵੀ ਸਿੱਖ ਜਥੇ ਇਸੇ ਗੱਡੀ ਰਾਹੀਂ ਜਾਂਦੇ ਹਨ।

ਅੰਮ੍ਰਿਤਸਰ ਅਤੇ ਲਾਹੌਰ ਵਿਚਾਲੇ ਪਹਿਲਾਂ ਇਹ ਰੇਲ ਹਰ ਰੋਜ਼ ਚਲਦੀ ਸੀ। ਪਰ ਦਸੰਬਰ 1992 ਵਿਚ ਬਾਬਰੀ ਮਸਜਿਦ ਦੇ ਢਹਿਣ ਉਪਰੰਤ ਲਾਹੌਰ ਦੇ ਕੁਝ ਭੜਕੇ ਹੋਏ ਫਸਾਦੀਆਂ ਨੇ ਸਮਝੌਤਾ ਐਕਸਪ੍ਰੈਸ ਦੀ ਕੁਝ ਭੰਨ-ਤੋੜ ਕਰ ਦਿੱਤੀ ਇਸ ਪਿਛੋਂ ਭਾਰਤੀ ਰੇਲਵੇ ਨੇ ਇਹ ਰੇਲ ਸੇਵਾ ਹਫ਼ਤੇ ਵਿਚ ਦੋ ਵਾਰ ਕਰ ਦਿੱਤੀ।

ਫੇਰ ਪਾਕਿਸਤਾਨ ਅਤੇ ਉਸ ਦੀ ਆਈ.ਐੱਸ.ਆਈ. ਏਜੰਸੀ ਨੇ ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਸਿੱਧਾ ਦਖ਼ਲ ਦੇਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਪਿਛਲੀ ਸਦੀ ਦੇ ਨੌਵੇਂ ਦਹਾਕੇ ਵਿਚ ਪੰਜਾਬ ਦੇ ਖਾੜਕੂ ਗਰੁੱਪਾਂ ਨੂੰ ਹਥਿਆਰ ਭੇਜਣੇ ਸ਼ੁਰੂ ਕਰ ਦਿੱਤੇ। ਇਸ ਕਾਰਨ ਭਾਰਤ ਸਰਕਾਰ ਨੇ ਪਾਕਿਸਤਾਨ ਨਾਲ ਲੱਗਦੀ 533 ਕਿਲੋਮੀਟਰ ਲੰਮੀ ਸਰਹੱਦ 'ਤੇ ਵਾੜ ਉਸਾਰ ਦਿੱਤੀ। ਇਸ ਵਾੜ ਦਾ ਮਕਸਦ ਸਰਹੱਦ ਪਾਰੋਂ ਆਉਂਦੇ ਆਧੁਨਿਕ ਹਥਿਆਰਾਂ ਅਤੇ ਵਿਸਫੋਟਕ ਸਮਗਰੀ ਦੀ ਸਪਲਾਈ ਨੂੰ ਰੋਕਣਾ ਸੀ।

ਜਦੋਂ ਸਰਹੱਦ ਉਤੇ ਵਾੜ ਲਗ ਗਈ ਅਤੇ ਚੌਕਸੀ ਵਧ ਗਈ ਤਾਂ ਆਈ.ਐੱਸ.ਆਈ. ਦੇ ਕਰਿੰਦਿਆਂ ਨੇ ਸਮਝੌਤਾ ਐਕਸਪ੍ਰੈਸ ਵੱਲ ਰੁੱਖ ਕਰ ਲਿਆ। ਉਹ ਰੇਲ ਰਾਹੀਂ ਛੋਟੇ ਹਥਿਆਰ, ਆਰ.ਡੀ.ਐਕਸ, ਸੋਨਾ ਤੇ ਨਸ਼ਾ-ਵਸਤਾਂ ਭੇਜਣ ਲਗ ਪਏ।

ਭਾਰਤੀ ਸੁਰੱਖਿਆ ਏਜੰਸੀਆਂ ਅਤੇ ਕਸਟਮ ਸਟਾਫ਼ ਇਹ ਦੇਖ ਕੇ ਦੰਗ ਰਹਿ ਗਏ ਕਿ ਰੇਲ ਗੱਡੀ ਦੇ ਭਾਰਤੀ ਡੱਬਿਆਂ ਵਿਚ ਬੜੀ ਚਲਾਕੀ ਨਾਲ ਛੁਪਾ ਕੇ ਵਿਵਰਜਿਤ ਚੀਜ਼ਾਂ ਭੇਜੀਆਂ ਜਾਂਦੀਆਂ ਹਨ। ਇਹ ਵਿਵਰਜਿਤ ਮਾਲ ਭਾਰਤੀ



ਕਸਟਮ ਅਧਿਕਾਰੀਆਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਜਾਂ ਤਾਂ ਡੱਬਿਆਂ ਵਿਚ ਜਾਂ ਬੋਗੀਆਂ ਦੇ ਹੇਠਾਂ ਛੁਪਾ ਕੇ ਭੇਜਿਆ ਜਾਂਦਾ ਸੀ।

ਆਈ.ਐੱਸ.ਆਈ. ਦੀ ਇਕ ਖਾਸ ਕਾਰਵਾਈ 1995 ਵਿਚ ਭਾਰਤ ਦੀਆਂ ਚੌਕਸ ਸੁਰੱਖਿਆ ਏਜੰਸੀਆਂ ਨੇ ਨਾਕਾਮ ਕਰ ਦਿੱਤੀ ਅਤੇ ਸਰਕਾਰ ਨੇ ਫੈਸਲਾ ਕੀਤਾ ਕਿ ਸਮਝੌਤਾ ਐਕਸਪ੍ਰੈਸ ਕੇਵਲ ਅੰਮ੍ਰਿਤਸਰ ਤਕ ਚਲਾਈ ਜਾਏ ਅਤੇ ਭਾਰਤ ਵਿਚ ਟਰੇਨ ਦਾ ਆਖਰੀ ਸਟੇਸ਼ਨ ਅਟਾਰੀ ਹੋਵੇਗਾ।

ਇਕ ਹੋਰ ਫੈਸਲੇ ਰਾਹੀਂ ਤੈਅ ਹੋਇਆ ਕਿ ਸਮਝੌਤਾ ਐਕਸਪ੍ਰੈੱਸ ਨਾਲ ਸਿਰਫ਼ ਪਾਕਿਸਤਾਨ ਰੇਲਵੇ ਦੇ ਡੱਬੇ ਹੀ ਲਾਏ ਜਾਣਗੇ ਅਤੇ ਕੋਈ ਭਾਰਤੀ ਸਵਾਰੀ ਡੱਬਾ ਲਾਹੌਰ ਨਹੀਂ ਜਾਏਗਾ। ਮਾਲ ਡੱਬਿਆਂ ਨੂੰ ਇਸ ਸਮਝੌਤੇ ਤੋਂ ਬਾਹਰ ਰੱਖਿਆ ਗਿਆ।

ਇਸ ਕਾਰਵਾਈ ਨਾਲ ਪਾਕਿਸਤਾਨ ਨੂੰ ਇਕ-ਦਮ ਇਹ ਅਹਿਸਾਸ ਹੋ ਗਿਆ ਕਿ ਭਾਰਤ ਵਿਚ ਗੜਬੜ ਫੈਲਾਉਣ ਦੀਆਂ ਉਨ੍ਹਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਦਾ ਅਸਰਦਾਰ ਤਰੀਕੇ ਨਾਲ ਮੁਕਾਬਲਾ ਕੀਤਾ ਜਾਏਗਾ। ਫੇਰ ਵੀ ਕਾਰਗਿਲ ਦੀ ਅਸਫਲ ਮੁਹਿੰਮਬਾਜ਼ੀ ਤੋਂ ਬਾਅਦ ਆਈ.ਐੱਸ.ਆਈ ਨੇ ਇਕ ਵਾਰ ਫੇਰ ਸਮਝੌਤਾ ਐਕਸਪ੍ਰੈਸ ਦੀ ਗਲਤ ਵਰਤੋਂ ਕਰਨ ਦੀ ਕੋਸ਼ਿਸ਼ ਕੀਤੀ। ਇਸ ਹਰਕਤ ਨਾਲ ਮਿੱਤਰਤਾ ਅਤੇ ਸਦਭਾਵਨਾ ਦੀ ਪ੍ਰਤੀਕ ਇਹ ਟਰੇਨ ਇਕ ਵਾਰ ਫੇਰ ਬਦਨਾਮ ਹੋਈ ਜਦੋਂ ਇਸ ਟਰੇਨ ਰਾਹੀਂ ਗਰੀਬ ਤੇ ਭੋਲੇ-ਭਾਲੇ ਲੋਕਾਂ ਨੂੰ ਭਾਰਤ ਵਿਚ ਜਾਅਲੀ ਕਰੰਸੀ ਲਿਆਉਣ ਲਈ ਵਰਤਿਆ ਗਿਆ।

ਭਾਰਤੀ ਕਸਟਮ ਅਤੇ ਸੁਰੱਖਿਆ ਏਜੰਸੀਆਂ ਨੇ ਸੌ ਪ੍ਰਤੀਸ਼ਤ ਚੈਕਿੰਗ ਅਤੇ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ। ਕਸਟਮ ਅਧਿਕਾਰੀਆਂ ਨੇ ਇਸ ਤਰ੍ਹਾਂ ਦੀ ਚੈਕਿੰਗ ਪਹਿਲੀ ਵਾਰ ਕਰਨੀ ਸ਼ੁਰੂ ਕੀਤੀ ਜਦੋਂ ਪਾਕਿਸਤਾਨ ਭਾਰਤੀ ਅਰਥ-ਵਿਵਸਥਾ ਨੂੰ ਅਸਥਿਰ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਪਾਕਿਸਤਾਨ ਦੀਆਂ ਇਸ ਤਰ੍ਹਾਂ ਦੀਆਂ ਕਾਰਵਾਈਆਂ ਕਾਰਨ ਭਾਰਤੀ ਕਸਟਮਜ਼ ਨੂੰ ਵਿਦੇਸ਼ੀ ਯਾਤਰੀਆਂ ਦੀਆਂ ਉਨ੍ਹਾਂ ਸਹੂਲਤਾਂ ਨੂੰ ਬੰਦ ਕਰਨਾ ਪਿਆ ਜਿਹੜੀਆਂ ਵਿਦੇਸ਼ੀ ਪ੍ਰਾਹੁਣਿਆਂ ਨੂੰ ਸਤਿਕਾਰ ਵਜੋਂ ਦਿੱਤੀਆਂ ਜਾਂਦੀਆਂ ਹਨ।

ਇਸ ਤਰ੍ਹਾਂ ਦੀ ਚੈਕਿੰਗ ਪਹਿਲਾਂ ਕਦੀ ਨਹੀਂ ਸੀ ਕੀਤੀ ਗਈ ਪਰ ਹੁਣ ਭਾਰਤੀ ਕਸਟਮ ਅਧਿਕਾਰੀ ਮੁਸਾਫ਼ਰਾਂ ਦੇ ਬੈਗ ਖੋਲ੍ਹ ਖੋਲ੍ਹ ਕੇ ਦੇਖਦੇ ਸਨ। ਬੱਚਿਆਂ ਦੇ ਖਿਡੌਣਿਆਂ ਨੂੰ ਵੀ ਤੋੜ ਕੇ ਦੇਖਿਆ ਜਾਂਦਾ ਸੀ ਤਾਂ ਕਿ ਪਾਕਿਸਤਾਨ ਵਿਚੋਂ ਕੋਈ ਵਿਵਰਜਿਤ ਚੀਜ਼ ਭਾਰਤ ਅੰਦਰ ਨਾ ਆ ਸਕੇ। ਇਸ ਤਰ੍ਹਾਂ ਦੀ ਚੈਕਿੰਗ ਨਾਲ ਮੁਸਾਫ਼ਰ ਅਕਸਰ ਨਾਰਾਜ਼ ਹੋ ਜਾਂਦੇ ਹਨ। ਅਟਾਰੀ ਦੇ ਰੇਲਵੇ ਸਟੇਸ਼ਨ 'ਤੇ ਕੁਲੀਆਂ ਦੀ ਆਵਾ-ਜਾਈ ਵੀ ਘੱਟ ਕਰ ਦਿੱਤੀ ਗਈ। ਉਨ੍ਹਾਂ ਨੂੰ ਪਲੇਟਫਾਰਮ ਨੰ. 2 'ਤੇ ਜਾਣ ਦੀ ਆਗਿਆ ਨਹੀਂ ਸੀ ਜਿਸ ਨੂੰ ਪੀ-ਦੋ (P2) ਅੰਮ੍ਰਿਤਸਰ ਐਂਡੱ) ਕਿਹਾ ਜਾਂਦਾ ਹੈ। ਉਹ ਪਲੇਟ ਫਾਰਮ ਨੰ.3 (ਲਾਹੌਰ ਐਂਡੱ) 'ਤੇ ਜਾ ਸਕਦੇ ਹਨ, ਜਿੱਥੇ ਕਸਟਮ ਦੀਆਂ ਅਤੇ ਖ਼ੁਫ਼ੀਆ ਏਜੰਸੀਆਂ ਦੀਆਂ ਕਾਰਵਾਈਆਂ ਪੂਰੀਆਂ ਹੋਣ ਤੋਂ ਬਾਅਦ ਮੁਸਾਫ਼ਰ ਅਤੇ ਸਾਮਾਨ ਪਹੁੰਚਦਾ ਹੈ।

ਖ਼ੁਫ਼ੀਆ ਏਜੰਸੀਆਂ ਦੀ ਰਿਪੋਰਟ ਹੈ ਕਿ ਜਿਹੜੇ ਲੋਕ ਵੀਜ਼ਾ ਖ਼ਤਮ ਹੋ ਜਾਣ ਤੋਂ ਬਾਅਦ ਵੀ ਵਾਧੂ ਸਮਾਂ ਭਾਰਤ ਵਿਚ ਰਹਿੰਦੇ ਹਨ, ਉਹ ਜਾਅਲੀ ਕਰੰਸੀ ਦੇ ਧੰਦੇ ਨਾਲ ਸਬੰਧਿਤ ਹੋ ਸਕਦੇ ਹਨ। ਅਜਿਹੇ ਲੋਕਾਂ ਦਾ ਪਤਾ ਲਗਾਉਣਾ ਬਹੁਤ ਔਖਾ ਹੈ।

ਹਿੰਦ-ਪਾਕਿ ਦੋਸਤੀ ਦੇ ਚਾਹਵਾਨ ਚਾਹੁੰਦੇ ਹਨ ਕਿ ਇਹ ਟਰੇਨ ਕਦੀ ਬੰਦ ਨਾ ਹੋਵੇ। ਜੇ ਕਦੀ ਬੰਦ ਕਰਨ ਦਾ ਫ਼ੈਸਲਾ ਹੋਇਆ ਤਾਂ ਲੋਕਾਂ ਉਤੇ ਇਸ ਦਾ ਬੜਾ ਮਾੜਾ ਅਸਰ ਪਏਗਾ। ਉਹ ਕਹਿਣਗੇ ਕਿ ਇਕ ਆਜ਼ਾਦ-ਸੰਪੰਨ ਦੇਸ਼ ਹਰ ਹਫ਼ਤੇ ਭਾਰਤ ਤੇ ਪਾਕਿਸਤਾਨ ਵਿਚਾਲੇ ਸਫ਼ਰ ਕਰਦੇ 3000 ਲੋਕਾਂ ਦੀ ਚੱਜ ਨਾਲ ਪਰਖ-ਪੜਤਾਲ ਨਹੀਂ ਕਰ ਸਕਿਆ। ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਨੇ ਇਕ ਸਾਲ ਪਹਿਲਾਂ ਸਦਭਾਵਨਾ ਵਜੋਂ ਬੱਸ-ਕੂਟਨੀਤੀ ਸ਼ੁਰੂ ਕੀਤੀ ਸੀ। ਜੇ ਸਮਝੌਤਾ ਐਕਸਪ੍ਰੈਸ ਬੰਦ ਹੋ ਗਈ, ਤਾਂ ਪਾਕਿਸਤਾਨ ਨਾਲ ਸਬੰਧ ਸੁਧਾਰਨ ਦੀਆਂ, ਭਾਰਤ ਦੀਆਂ ਸਾਰੀਆਂ ਕੋਸ਼ਿਸ਼ਾਂ ਨਾਕਾਮ ਹੋ ਜਾਣਗੀਆਂ।

ਅੰਦਰੂਨੀ ਭੇਤਾਂ ਦੇ ਜਾਣਕਾਰ ਕਹਿੰਦੇ ਹਨ ਕਿ ਰੇਲ ਜਾਂ ਸੜਕ ਮਾਰਗ ਬੰਦ ਕਰਨ ਦੀ ਬਜਾਏ ਭਾਰਤ ਸਰਕਾਰ ਨੂੰ ਰੇਲਵੇ ਸਟੇਸ਼ਨ ਅਟਾਰੀ ’ਤੇ ਕੰਮ ਕਰ ਰਹੀਆਂ ਏਜੰਸੀਆਂ ਦੇ ਸਾਰੇ ਕਰਮਚਾਰੀਆਂ ਦੀ ਛਾਣਬੀਣ ਕਰਨੀ ਚਾਹੀਦੀ ਹੈ ਕਿਉਂਕਿ ਹੋ ਸਕਦਾ ਹੈ ਕਿ ਉਹ ਪਾਕਿਸਤਨ ਦੀ ਆਈ.ਐੱਸ.ਆਈ. ਏਜੰਸੀ ਦੇ ਕਰਿੰਦਿਆਂ ਨਾਲ ਮਿਲੇ ਹੋਏ ਹੋਣ।

ਨਸ਼ਾ ਵਸਤਾਂ ਅਤੇ ਜਾਅਲੀ ਕਰੰਸੀ ਦੀ ਗੈਰ-ਕਾਨੂੰਨੀ ਤਸਕਰੀ ਵਰਗੀਆਂ ਕਾਰਵਾਈਆਂ ਸਰਕਾਰੀ ਕਰਮਚਾਰੀਆਂ ਦੀ ਸਰਪ੍ਰਸਤੀ ਤੋਂ ਬਿਨਾਂ ਨਹੀਂ ਹੋ ਸਕਦੀਆਂ, ਜਿਹੜੇ ਲੋਕ ਗੈਰ-ਕਾਨੂੰਨੀ ਕਾਰਵਾਈਆਂ ਕਰਦੇ ਹਨ, ਉਹ ਦੇਸ਼ ਦੀ ਸੁਰੱਖਿਆ ਨੂੰ ਵੀ ਖ਼ਤਰੇ ਵਿਚ ਪਾ ਦਿੰਦੇ ਹਨ। ਉਨ੍ਹਾਂ ਨੇ ਤਸਕਰਾਂ ਦੇ ‘ਸਵਾਰੀ’ ਵਰਗੇ ਗੁਪਤ ਨਾਂ ਰੱਖੇ ਹੋਏ ਹਨ। ਇਹ ‘ਸਵਾਰੀਆਂ’ ਜਾਅਲੀ ਪਾਸਪੋਰਟਾਂ ਦੇ ਸਹਾਰੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਸਫ਼ਰ ਕਰਦੀਆਂ ਹਨ ਅਤੇ ਦੋਹਾਂ ਦੇਸ਼ਾਂ ਵਿਚ ਚੋਰੀ ਛੁਪੇ ‘ਵਿਵਰਜਿਤ ਚੀਜ਼ਾਂ’ ਪਹੁੰਚਾਉਂਦੀਆਂ ਹਨ। ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਦੇ ਸਾਹਮਣੇ ਪ੍ਰਗਟ ਹੋਇਆ ਚੋਰ ਬਾਜ਼ਾਰ ਜਾਂ ਲੰਡਾ ਬਾਜ਼ਾਰ ਸਮਝੌਤਾ ਐਕਸਪ੍ਰੈਸ ਦੀ ਪੈਦਾਵਾਰ ਹੈ। ਮੁਸਾਫ਼ਰ, ਜਿਨ੍ਹਾਂ ਵਿਚ ਧਾਰਮਕ ਯਾਤਰਾ ਦੇ ਬਹਾਨੇ ਨਾਲ ਪਾਕਿਸਤਾਨ ਜਾਂਦੇ ਭਾਰਤੀ ਯਾਤਰੀ ਵੀ ਸ਼ਾਮਲ ਹਨ, ਅਜਿਹੇ ਬਾਜ਼ਾਰਾਂ ਵਿਚ ਵਿਦੇਸ਼ ਤੋਂ ਦਰਾਮਦ ਕੀਤੀਆਂ ਚੀਜ਼ਾਂ ਵੇਚਦੇ ਹਨ।

## ਗੱਡੀ ਨੂੰ ਚੱਲਣ ਦਿਓ

ਸਮਝੌਤਾ ਐਕਸਪ੍ਰੈਸ ‘ਪਿਆਰ ਅਤੇ ਦੋਸਤੀ’ ਦੀ ਗੱਡੀ ਹੈ। ਇਹ ਗੱਡੀ ਭਾਰਤ ਅਤੇ ਪਾਕਿਸਤਾਨ ਦੇ ਸੈਂਕੜੇ ਹੀ ਛੋਟੇ ਵੱਡੇ ਦਰਾਮਦਕਾਰਾਂ ਅਤੇ ਬਰਾਮਦਕਾਰਾਂ ਲਈ ਖ਼ੁਸ਼ਹਾਲੀ ਦਾ ਸੁਨੇਹਾ ਲੈ ਕੇ ਆਈ ਹੈ। ਦੋਹਾਂ ਦੇਸ਼ਾਂ ਵਿਚਾਲੇ ਸ਼ਿਮਲਾ ਸਮਝੌਤੇ ਦੇ ਤਹਿਤ 1975 ਵਿਚ ਬਾਕਾਇਦਾ ਵਪਾਰਕ ਸਬੰਧ ਕਾਇਮ ਹੋਏ ਸਨ। ਭਾਰਤੀ ਬਰਾਮਦਕਾਰਾਂ ਦੀ, ਪਾਕਿਸਤਾਨ ਨੂੰ ਮਸਾਲੇ, ਚਾਹ, ਤਾਜ਼ਾ ਸਬਜ਼ੀਆਂ, ਸੂਤੀ



ਕਪੜਾ ਅਤੇ ਬਿਜਲੀ ਵਸਤਾਂ ਵਰਗੀਆਂ ਰਵਾਇਤੀ ਚੀਜ਼ਾਂ ਤੋਂ ਇਲਾਵਾ ਲੋਹਾ, ਸਟੀਲ, ਇਮਾਰਤੀ ਲੱਕੜ, ਰੈਫ੍ਰਿਜਰੇਟਰ, ਸਕੂਟਰ, ਸੀਮੈਂਟ, ਟਾਇਰ ਆਦਿ ਚੀਜ਼ਾਂ ਵੇਚਣ ਦੀ, ਦੱਖਣ-ਪੱਛਮੀ ਏਸ਼ੀਆ, ਅਮਰੀਕਾ ਅਤੇ ਯੂਰਪੀਅਨ ਵਪਾਰੀਆਂ ਨਾਲ ਦੌੜ ਲੱਗੀ ਹੋਈ ਸੀ।

ਦੋਹਾਂ ਦੇਸ਼ਾਂ ਵਿਚ ਵਪਾਰ ਲਈ 173 ਤੋਂ ਵੀ ਵਧ ਚੀਜ਼ਾਂ ਦੀ ਸੂਚੀ ਬਣਾਈ ਗਈ ਸੀ। ਜਦੋਂ ਜ਼ੁਲਫ਼ਿਕਾਰ ਅਲੀ ਭੁੱਟੋ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਸੀ, ਉਦੋਂ ਦੋਹਾਂ ਦੇਸ਼ਾਂ ਵਿਚਾਲੇ ਵਪਾਰ ਬਹੁਤ ਪ੍ਰਫੁੱਲਿਤ ਹੋਇਆ ਪਰ ਪਾਕਿਸਤਾਨ ਵਿਚ ਫ਼ੌਜੀ ਰਾਜ-ਪਲਟੇ ਤੋਂ ਬਾਅਦ ਜਨਰਲ ਜ਼ਿਆ-ਉਲ-ਹੱਕ ਨੇ ਭਾਰਤ ਨਾਲ ਵਪਾਰ ਨੂੰ ਘੱਟ ਕਰਨ ਲਈ ਸਖ਼ਤ ਕਾਨੂੰਨ ਬਣਾ ਦਿੱਤੇ।

ਜਦੋਂ ਉੱਨੀ ਸੌ ਅੱਸੀਵਿਆਂ ਦੇ ਸ਼ੁਰੂ ਵਿਚ ਬੇਨਜ਼ੀਰ ਭੁੱਟੋ ਪਾਕਿਸਤਾਨ ਦੀ ਪ੍ਰਧਾਨ ਮੰਤਰੀ ਬਣੀ ਤਾਂ ਪਾਕਿਸਤਾਨ ਦਾ ਰੁਖ਼ ਇਕ ਵਾਰ ਫੇਰ ਭਾਰਤ ਵੱਲ ਹੋਇਆ। ਬਾਅਦ ਵਿਚ ਸਾਰਕ ਸਮਝੌਤੇ ਦੇ ਤਹਿਤ ਹਿੰਦ-ਪਾਕਿ ਵਪਾਰ ਨੂੰ ਇਕ ਵਾਰ ਫੇਰ ਹੁਲਾਰਾ ਮਿਲਿਆ। ਭਾਰਤ ਨੇ ਪਾਕਿਸਤਾਨ ਨੂੰ ‘ਬੇਹੱਦ ਲਿਹਾਜ਼ੀ ਦੇਸ਼’ ਐਲਾਨ ਕੀਤਾ ਪਰ ਪਾਕਿਸਤਾਨ ਨੇ ਬਦਲੇ ਵਿਚ ਇਹੋ ਜਿਹੀ ਕੋਈ ਕਾਰਵਾਈ ਨਹੀਂ ਕੀਤੀ। ਪਾਕਿਸਤਾਨ ਦੇ ਕੱਟੜਵਾਦੀ ਅਨਸਰ ਨੇ ਜਦੋਂ ਭਾਰਤ ਨਾਲ ਸੁਤੰਤਰ ਵਪਾਰ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਤਾਂ ਦੋਹਾਂ ਦੇਸ਼ਾਂ ਵਿਚ ਖੁੱਲ੍ਹੇ ਵਪਾਰ ਦੀ ਉਮੀਦ ਖ਼ਤਮ ਹੋ ਗਈ।

ਫੇਰ ਕੁਝ ਸਮੇਂ ਲਈ ਵਪਾਰ ਵਿਚ ਉਦੋਂ ਉਭਾਰ ਆਇਆ ਜਦੋਂ ਓਪਨ ਜਨਰਲ ਲਾਇਸੈਂਸ ਤਹਿਤ, ਖੰਡ ਨੂੰ ਵਪਾਰਕ ਸੂਚੀ ਵਿਚ ਸ਼ਾਮਲ ਕੀਤਾ ਗਿਆ। ਭਾਰਤ ਨੇ ਖੰਡ ਦੀ ਕਮੀ ਨੂੰ ਪੂਰਾ ਕਰਨ ਲਈ ਪਾਕਿਸਤਾਨ ਤੋਂ ਖੰਡ ਮੰਗਵਾਈ। ਭਾਰਤ ਨੇ 1998-99 ਵਿਚ ਪਾਕਿਸਤਾਨ ਤੋਂ ਸੁੱਕੀ ਖਜੂਰ ਅਤੇ ਪਹਾੜੀ ਲੂਣ ਤੋਂ ਇਲਾਵਾ ਭਾਰੀ ਮਾਤਰਾ ਵਿਚ ਖੰਡ ਦਰਾਮਦ ਕੀਤੀ ਅਤੇ ਬਦਲੇ ਵਿਚ ਪਾਕਿਸਤਾਨ ਨੂੰ ਸੋਇਆ-ਮੀਲ-ਫੀਡ, ਅਦਰਕ, ਇਲਾਇਚੀ, ਮਸਾਲੇ, ਟਾਇਰ ਅਤੇ ਸੀਮੈਂਟ ਆਦਿ ਭੇਜੇ।

ਭਾਰਤੀ ਵਪਾਰੀ ਇਹ ਮਹਿਸੂਸ ਕਰਦੇ ਹਨ ਕਿ ਉਹ ਪਾਕਿਸਤਾਨੀ ਵਪਾਰੀਆਂ ਦੇ ਦਿਲ ਵਿਚ ਭਰੋਸੇ ਤੇ ਯਕੀਨ ਦਾ ਅਹਿਸਾਸ ਪੈਦਾ ਕਰਨ ਵਿਚ ਕਾਮਯਾਬ ਹੋਏ ਹਨ। ਭਾਰਤੀ ਵਪਾਰੀ ਸਮਝਦੇ ਹਨ ਕਿ ਲਾਹੌਰ ਤੇ ਪਾਕਿਸਤਾਨ ਦੀਆਂ ਹੋਰ ਥਾਵਾਂ ਨਾਲ ਸਬੰਧਿਤ, ਸਮਝੌਤਾ ਐਕਸਪ੍ਰੈਸ ਇਕੋ ਇਕ ਕੜੀ ਹੈ। ਇਸ ਲਈ ਇਹ ਟਰੇਨ ਉਨ੍ਹਾਂ ਦੀ ਇਕੋ ਇਕ ਉਮੀਦ ਹੈ। ਉਹ ਇਸ ਗੱਲ ਦੇ ਹੱਕ ਵਿਚ ਹਨ ਕਿ ਗੱਡੀ ਚਲਦੀ ਰਹਿਣੀ ਚਾਹੀਦੀ ਹੈ। ਉਨ੍ਹਾਂ ਦਾ ਸੁਝਾਅ ਹੈ ਕਿ ਪੁਲੀਸ ਤੇ ਕਸਟਮ ਅਧਿਕਾਰੀਆਂ ਨੂੰ ਸਰਹੱਦ ਉਤੇ ਚੌਕਸੀ ਵਧਾ ਦੇਣੀ ਚਾਹੀਦੀ ਹੈ ਅਤੇ ਉਨ੍ਹਾਂ ਸ਼ਰਾਰਤੀ ਅਨਸਰਾਂ ਦੇ ਇਰਾਦਿਆਂ ’ਤੇ ਪਾਣੀ ਫੇਰ ਦੇਣਾ ਚਾਹੀਦਾ ਹੈ, ਜਿਹੜੇ ਇਸ ਰੇਲ-ਕੜੀ ਨੂੰ ਬੰਦ ਕਰਨਾ ਚਾਹੁੰਦੇ ਹਨ, ਜੋ ਦੋਹਾਂ ਦੇਸ਼ਾਂ ਦੇ ਲੋਕਾਂ ਅਤੇ ਵਪਾਰੀਆਂ ਲਈ ਲਾਹੇਵੰਦ ਹੈ।

****

## ਕਿੰਨੀ ਕੁ ਦੂਰ ਹੈ ਅਟਾਰੀ ਤੋਂ ਵਾਹਗਾ !

ਅੰਮ੍ਰਿਤਸਰ ਨੇੜੇ ਅਟਾਰੀ ਅਤੇ ਪਾਕਿਸਤਾਨ ਵਿਚ ਸਥਿਤ ਵਾਹਗੇ ਦਾ ਫਾਸਲਾ ਸਿਰਫ਼ ਤਿੰਨ ਕਿਲੋਮੀਟਰ ਹੈ। ਪਰ ਇਹ ਫਾਸਲਾ ਤੈਅ ਕਰਨਾ ਬੇਹੱਦ ਮੁਸ਼ਕਿਲ ਅਤੇ ਥਕਾ ਦੇਣ ਵਾਲਾ ਹੈ। ਅਟਾਰੀ ਦੇ ਰੇਲਵੇ ਸਟੇਸ਼ਨ 'ਤੇ ਸਹੂਲਤਾਂ ਬਹੁਤ ਘੱਟ ਅਤੇ ਸੁਰੱਖਿਆ ਤੇ ਚੈਕਿੰਗ ਦੇ ਪ੍ਰਬੰਧ ਬਹੁਤ ਕਰੜੇ ਹਨ। ਜਿਸ ਕਾਰਨ ਸਮਝੌਤਾ ਐਕਸਪ੍ਰੈਸ ਦੇ ਮੁਸਾਫ਼ਰਾਂ ਨੂੰ ਬੜੇ ਮੁਸ਼ਕਿਲ ਹਾਲਾਤ ਵਿਚੋਂ ਗੁਜ਼ਰਨਾ ਪੈਂਦਾ ਹੈ। ਸਰਹੱਦ ਤੋਂ ਕੁਝ ਕਿਲੋਮੀਟਰ ਦੂਰ ਅਟਾਰੀ ਦਾ ਕਸਬਾ ਹੈ, ਜੋ ਭਾਰਤੀ ਇਲਾਕੇ ਦਾ ਆਖਰੀ ਰੇਲਵੇ ਸਟੇਸ਼ਨ ਹੈ। ਅਟਾਰੀ ਤੋਂ ਇਸ ਦਾ ਭਰਾ-ਸ਼ਹਿਰ ਵਾਹਗਾ ਸਾਹਮਣੇ ਦਿਖਾਈ ਦਿੰਦਾ ਹੈ।

ਸਮਝੌਤਾ ਐਕਸਪ੍ਰੈਸ ਅਟਾਰੀ ਸਟੇਸ਼ਨ ਤੋਂ ਰੀਂਗਦੀ ਹੋਈ ਤੁਰਦੀ ਹੈ ਅਤੇ ਵਾਹਗੇ ਵੱਲ ਨੂੰ ਜੂੰ ਦੀ ਤੋਰ ਜਾਂਦੀ ਹੈ। ਤਿੰਨ ਕਿਲੋਮੀਟਰ ਦਾ ਫਾਸਲਾ ਤੈਅ ਕਰਨ ਲਈ ਘੱਟੋ-ਘੱਟ 30 ਮਿੰਟ ਲਗਦੇ ਹਨ। ਬੀ.ਐੱਸ.ਐੱਫ. ਦੇ ਘੋੜਸਵਾਰ ਜਵਾਨ ਰਾਹ ਵਿਚ ਚੌਕਸੀ ਰੱਖਣ ਲਈ ਟਰੇਨ ਦੇ ਨਾਲ ਨਾਲ ਦੌੜਦੇ ਹਨ।

ਅਟਾਰੀ ਦਾ ਸਟੇਸ਼ਨ ਸੁਪਰਡੰਟ ਅਤੇ ਵਾਹਗੇ ਦਾ ਸਟੇਸ਼ਨ ਮਾਸਟਰ ਮੈਗਨੈਟੋ ਫੋਨ ਰਾਹੀਂ ਲਗਾਤਾਰ ਇਕ ਦੂਜੇ ਦੇ ਸੰਪਰਕ ਵਿਚ ਰਹਿੰਦੇ ਹਨ। ਉਂਜ ਭਾਰਤ ਤੇ ਪਾਕਿਸਤਾਨ ਦੇ ਰੇਲਵੇ ਸਟੇਸ਼ਨਾਂ 'ਤੇ ਇਸ ਕਿਸਮ ਦੇ ਫੋਨਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ। ਦੋਹਾਂ ਦੇਸ਼ਾਂ ਦੇ ਅਧਿਕਾਰੀਆਂ ਨੂੰ ਦਫ਼ਤਰੀ ਗੱਲਬਾਤ ਤੋਂ ਇਲਾਵਾ ਨਿੱਜੀ ਤੌਰ 'ਤੇ ਸਾਹਿਬ ਸਲਾਮ ਕਰਨ ਦੀ ਵੀ ਖੁੱਲ੍ਹੀ ਆਗਿਆ ਹੈ। ਬਾਕੀ ਭਾਰਤ ਵਿਚ ਟਰੇਨਾਂ ਇਕ ਸਟੇਸ਼ਨ ਤੋਂ ਦੂਜੇ ਸਟੇਸ਼ਨ ਤਕ 'ਟੋਕਨ ਇੰਸਟਰੂਮੈਂਟ ਸਿਸਟਮ' ਦੇ ਆਧਾਰ 'ਤੇ ਚਲਦੀਆਂ ਹਨ, ਪਰ ਸਮਝੌਤਾ ਐਕਸਪ੍ਰੈਸ 'ਪੇਪਰ ਲਾਈਨ ਕਲੀਅਰ ਸਿਸਟਮ' ਦੇ ਆਧਾਰ 'ਤੇ ਚਲਦੀ ਹੈ।

ਹਫ਼ਤੇ ਵਿਚ ਦੋ ਵਾਰ ਚੱਲਣ ਵਾਲੀ ਸਮਝੌਤਾ ਐਕਸਪ੍ਰੈਸ ਨੇ ਸਿਰਫ਼ ਤਿੰਨ ਕਿਲੋਮੀਟਰ ਦਾ ਕੁੱਝ ਫਾਸਲਾ ਤੈਅ ਕਰਨ ਵਿਚ ਨਿਰਾਲਾ ਨਾਮਣਾ ਖੱਟਿਆ ਹੈ। ਸ਼ਾਇਦ ਦੁਨੀਆ ਭਰ ਵਿਚ ਕਿਸੇ ਟਰੇਨ ਦਾ ਇਹ ਸਭ ਤੋਂ ਛੋਟਾ ਸਫ਼ਰ ਹੈ। ਸ਼ਾਇਦ ਇਹ ਛੋਟਾ ਸਫ਼ਰ, ਰੇਲਵੇ ਦੇ ਵੱਧ ਤੋਂ ਵੱਧ ਔਖੇ ਸਫ਼ਰਾਂ ਵਿਚੋਂ ਇਕ ਹੈ। ਅਟਾਰੀ ਅਤੇ ਵਾਹਗੇ ਦੇ ਰੇਲਵੇ ਸਟੇਸ਼ਨਾਂ 'ਤੇ ਅਕਾ-ਥਕਾ ਦੇਣ ਵਾਲਾ ਇੰਤਜ਼ਾਰ ਤੁਹਾਡੇ ਸਬਰ ਦਾ ਇਮਤਿਹਾਨ ਲੈ ਲੈਂਦਾ ਹੈ।

ਸਮਝੌਤਾ ਐਕਸਪ੍ਰੈਸ ਦੇ ਕੁਝ ਮੁਸਾਫ਼ਰਾਂ ਕੋਲੋਂ ਜਾਅਲੀ ਕਰੰਸੀ, ਨਸ਼ੀਲੇ ਪਦਾਰਥ ਅਤੇ ਹਥਿਆਰ ਮਿਲਣ ਕਰ ਕੇ ਭਾਵੇਂ ਇਹ ਗੱਡੀ ਬਦਨਾਮ ਹੋ ਗਈ ਹੈ ਪਰ ਲੋੜ ਤੋਂ ਵਧ ਹੁਸ਼ਿਆਰ ਕਸਟਮ ਅਤੇ ਆਵਾਸ ਅਧਿਕਾਰੀਆਂ ਨੇ ਇਸ ਸਫ਼ਰ ਨੂੰ ਹੋਰ ਵੀ ਮੁਸ਼ਕਿਲ ਬਣਾ ਦਿੱਤਾ ਹੈ।



ਕਸਟਮ ਤੇ ਆਵਾਸ ਅਧਿਕਾਰੀਆਂ ਵੱਲੋਂ ਕੀਤੀ ਜਾਂਦੀ ਚੈਕਿੰਗ, ਸੁਰੱਖਿਆ ਕਾਰਨਾਂ ਕਰ ਕੇ ਬੇਹੱਦ ਜ਼ਰੂਰੀ ਹੈ ਪਰ ਇਹ ਮੁਸਾਫ਼ਰਾਂ ਦੇ ਨੱਕ ਵਿਚ ਦਮ ਕਰ ਦਿੰਦੀ ਹੈ। 'ਇਹ ਚੈਕਿੰਗ ਮੁਸਾਫ਼ਰਾਂ ਦੀ ਮਾਨਸਕ ਤੇ ਸਰੀਰਕ ਸੱਤਾ ਸੂਤ ਲੈਂਦੀ ਹੈ। ਲੰਮੀ ਕਾਗਜ਼ੀ ਕਾਰਵਾਈ ਅਤੇ ਬੇਲੋੜੀ ਦੇਰੀ ਸਫ਼ਰ ਨੂੰ ਬੇਹੱਦ ਅਕਾਊ ਬਣਾ ਦਿੰਦੀ ਹੈ। ਲਾਹੌਰ ਤੋਂ ਦਿੱਲੀ ਪਹੁੰਚਣ ਲਈ 25 ਘੰਟਿਆਂ ਤੋਂ ਵੀ ਵਧ ਸਮਾਂ ਲਗ ਜਾਂਦਾ ਹੈ।"

ਭਾਵੇਂ ਜ਼ਿਆਦਾਤਰ ਮੁਸਾਫ਼ਰ ਸਿਰਫ਼ ਉਰਦੂ ਤੇ ਹਿੰਦੀ ਜਾਣਦੇ ਹਨ ਪਰ ਉਨ੍ਹਾਂ ਨੂੰ ਭਰਨ ਲਈ ਪਰਵਾਸੀ ਫਾਰਮ ਅੰਗਰੇਜ਼ੀ ਵਿਚ ਦੇ ਦਿੱਤਾ ਜਾਂਦਾ ਹੈ। ਅਟਾਰੀ ਦੇ ਸਟੇਸ਼ਨ 'ਤੇ ਮੁਸਾਫ਼ਰਾਂ ਦੇ ਬਹਿਣ ਲਈ ਕੁਰਸੀਆਂ ਵੀ ਬਹੁਤ ਥੋੜ੍ਹੀਆਂ ਹਨ। ਮੁਸਾਫ਼ਰ ਸਾਰਾ ਕੰਮ ਜ਼ਮੀਨ 'ਤੇ ਬਹਿ ਕੇ ਹੀ ਕਰਦੇ ਹਨ। ਕਸਟਮ ਤੇ ਪਰਵਾਸੀ ਅਧਿਕਾਰੀਆਂ ਦੀ ਜਾਂਚ-ਪੜਤਾਲ ਲੰਮੇ ਸਮੇਂ ਤਕ ਚਲਦੀ ਰਹਿੰਦੀ ਹੈ।

ਕਹਿੰਦੇ ਹਨ, ਗ੍ਰਹਿ ਮੰਤਰਾਲਾ ਅਟਾਰੀ ਦੇ ਰੇਲਵੇ ਸਟੇਸ਼ਨ 'ਤੇ ਮੁਸਾਫ਼ਰਾਂ ਦੀਆਂ ਸਹੂਲਤਾਂ ਵਧਾਉਣ ਬਾਰੇ ਸੋਚ ਰਿਹਾ ਹੈ। ਗ੍ਰਹਿ ਵਿਭਾਗ ਅਟਾਰੀ ਦੇ ਰੇਲਵੇ ਸਟੇਸ਼ਨ ਨੂੰ ਅੰਤਰਰਾਸ਼ਟਰੀ ਰੇਲਵੇ ਸਟੇਸ਼ਨ ਦੀ ਦਿੱਖ ਦੇਣ ਬਾਰੇ ਵੀ ਯੋਜਨਾ ਬਣਾ ਰਿਹਾ ਹੈ।

ਪਰ ਮੁਸਾਫ਼ਰਾਂ ਦੀਆਂ ਸਮੱਸਿਆਵਾਂ ਇੱਥੇ ਹੀ ਖ਼ਤਮ ਨਹੀਂ ਹੋ ਜਾਂਦੀਆਂ। ਅਟਾਰੀ ਸਪੈਸ਼ਲ ਅਤੇ ਸਮਝੌਤਾ ਐਕਸਪ੍ਰੈਸ ਦਾ ਰਵਾਨਗੀ ਅਤੇ ਪਹੁੰਚ ਸਮਾਂ ਮੁਸਾਫ਼ਰਾਂ ਲਈ ਆਰਾਮਦਾਇਕ ਨਹੀਂ ਹਨ। ਅਟਾਰੀ ਸਪੈਸ਼ਲ ਦਾ ਰਵਾਨਗੀ ਸਮਾਂ ਨੌਂ ਵਜੇ ਰਾਤ ਹੈ। (ਹਰ ਐਤਵਾਰ ਬੁੱਧਵਾਰ) ਇਹ ਅਗਲੀ ਸਵੇਰ 4 ਵਜ ਕੇ 40 ਮਿੰਟ 'ਤੇ ਅਟਾਰੀ ਪਹੁੰਚਦੀ ਹੈ। (ਸੋਮਵਾਰ ਤੇ ਵੀਰਵਾਰ ਨੂੰ) ਇਸ ਦਾ ਅਰਥ ਹੈ ਕਿ ਜਿਹੜੇ ਮੁਸਾਫ਼ਰ ਅਟਾਰੀ ਸਪੈਸ਼ਲ ਰਾਹੀਂ ਦਿੱਲੀ ਤੋਂ ਅਟਾਰੀ ਪਹੁੰਚਦੇ ਹਨ ਉਨ੍ਹਾਂ ਨੂੰ ਵਾਹਗੇ ਜਾਣ ਲਈ ਅਗਲਾ ਸਫ਼ਰ ਸ਼ੁਰੂ ਕਰਨ ਵਾਸਤੇ ਸੱਤ ਘੰਟੇ ਉਡੀਕ ਕਰਨੀ ਪੈਂਦੀ ਹੈ। ਵਾਹਗਾ ਰੇਲਵੇ ਸਟੇਸ਼ਨ 'ਤੇ ਵੀ ਬਹੁਤ ਸਮਾਂ ਖਰਾਬ ਹੁੰਦਾ ਹੈ। ਦਿੱਲੀ ਤੋਂ ਲਾਹੌਰ ਦੇ 500 ਕਿਲੋਮੀਟਰ ਸਫ਼ਰ ਵਿਚ 25 ਘੰਟੇ ਤੋਂ ਵਧ ਸਮਾਂ ਲਗ ਜਾਂਦਾ ਹੈ, ਜਦ ਕਿ ਸਾਧਾਰਨ ਹਾਲਤ ਵਿਚ ਇੰਨਾ ਸਫ਼ਰ ਵੱਧ ਤੋਂ ਵੱਧ ਦਸ ਘੰਟਿਆਂ ਵਿਚ ਹੋ ਜਾਂਦਾ ਹੈ। ਵਾਪਸੀ ਸਫ਼ਰ ਵੀ ਇੰਨਾ ਹੀ ਪ੍ਰੇਸ਼ਾਨੀ ਭਰਿਆ ਹੁੰਦਾ ਹੈ ਕਿਉਂਕਿ ਕਸਟਮ ਅਧਿਕਾਰੀ ਹਰ ਇਕ ਬੈਗ ਤੋਂ ਲੈ ਕੇ ਆਖਰੀ ਰੁਮਾਲ ਤਕ ਸਭ ਕੁਝ ਚੈੱਕ ਕਰਦੇ ਹਨ!

ਇਸ ਤੋਂ ਇਲਾਵਾ ਦਿੱਲੀ ਤੇ ਅਟਾਰੀ ਵਿਚਾਲੇ ਰੁਕਣ ਲਈ ਇਕ ਵੀ ਸਟੇਸ਼ਨ ਨਹੀਂ ਹੈ। ਇਸ ਲਈ ਮੁਸਾਫ਼ਰਾਂ ਵਾਸਤੇ ਸਫ਼ਰ ਕਰਨਾ ਹੋਰ ਵੀ ਨੀਰਸ ਹੋ ਜਾਂਦਾ ਹੈ। ਕੁਝ ਮਹੀਨੇ ਪਹਿਲਾਂ 'ਸਪੈਸ਼ਲ ਟਰੇਨ' ਨੇ ਅੰਬਾਲਾ ਸਟੇਸ਼ਨ 'ਤੇ ਰੁਕਣਾ ਬੰਦ ਕਰ ਦਿੱਤਾ ਹੈ। ਇਸ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ। ਇਸ ਫੈਸਲੇ ਨਾਲ ਕਾਦੀਆਂ, ਮਲੇਰਕੋਟਲਾ ਅਤੇ ਸਹਾਰਨਪੁਰ ਦੇ ਮੁਸਲਿਮ ਬਹੁਗਿਣਤੀ ਵਾਲੇ ਸ਼ਹਿਰਾਂ ਦੇ ਵਸਨੀਕਾਂ ਨੂੰ ਬਹੁਤ ਵੱਡਾ ਝਟਕਾ ਲੱਗਾ ਹੈ। ਇਨ੍ਹਾਂ ਇਲਾਕਿਆਂ ਦੇ ਵਸਨੀਕਾਂ

ਆਮ ਤੌਰ ’ਤੇ ਅੰਬਾਲਾ ਸਟੇਸ਼ਨ ’ਤੇ ‘ਸਪੈਸ਼ਲ ਟਰੇਨ’ ਵਿਚ ਚੜ੍ਹਿਆ ਜਾਂ ਉਤਰਿਆ ਕਰਦੇ ਸਨ।

ਅੰਮ੍ਰਿਤਸਰ ਤੋਂ ਕੁਝ ਕਿਲੋਮੀਟਰ ਦੂਰ ਕਾਦੀਆਂ ਨਾਂ ਦਾ ਇਕ ਕਸਬਾ ਹੈ ਜੋ ਅਹਿਮਦੀਆ ਮੁਸਲਮਾਨਾਂ ਦਾ ਅੰਤਰਰਾਸ਼ਟਰੀ ਕੇਂਦਰ ਹੈ। ਕਾਦੀਆਂ ਦੇ ਇਕ ਬੰਦੇ ਦੀ ਪ੍ਰੇਸ਼ਾਨੀ ਦੀ ਕਲਪਨਾ ਕਰੋ, ਜਿਸ ਨੂੰ ਦਿੱਲੀ ਤੋਂ ਰੇਲ ਫੜਨ ਲਈ ਤਕਰੀਬਨ 500 ਕਿਲੋਮੀਟਰ ਦਾ ਸਫ਼ਰ ਕਰਨਾ ਪੈਂਦਾ ਹੈ। ਇਸ ਬੰਦੇ ਨੂੰ ਵਾਪਸ ਆਉਣ ਲਈ ਫੇਰ 500 ਕਿਲੋਮੀਟਰ ਦਾ ਫਾਸਲਾ ਤੈਅ ਕਰਨਾ ਪੈਂਦਾ ਹੈ।

ਅਜੀਬ ਗੱਲ ਹੈ ਕਿ ਪੰਜਾਬ ਸਰਕਾਰੀ ਰਿਕਾਰਡ ਵਿਚ ਅਜੇ ਵੀ ‘ਅਸ਼ਾਂਤ ਇਲਾਕਾ’ ਹੈ। ਖਾੜਕੂਵਾਦ ਤੋਂ ਪਹਿਲਾਂ ਸਮਝੌਤਾ ਐਕਸਪ੍ਰੈਸ ਅੰਮ੍ਰਿਤਸਰ ਵੀ ਰੁਕਿਆ ਕਰਦੀ ਸੀ।

## ਸਰਹੱਦ ਦੇ ਆਰ-ਪਾਰ ਹੁੰਦੇ ਵਿਆਹ

ਬੇਸ਼ੱਕ ਸਰਹੱਦ ਦੇ ਆਰ-ਪਾਰ ਦਾ ਸਫ਼ਰ ਬੇਹੱਦ ਅਕਾਊ ਤੇ ਥਕਾਊ ਹੈ ਪਰ ਜਿਨ੍ਹਾਂ ਲੋਕਾਂ ਦੇ ਸਰਹੱਦ ਦੇ ਆਰ-ਪਾਰ ਰਿਸ਼ਤੇ ਹਨ, ਉਹ ਸਦਾ ਦੁਆ ਕਰਦੇ ਹਨ ਕਿ ਸਮਝੌਤਾ ਐਕਸਪ੍ਰੈਸ ਕਦੀ ਨਾ ਬੰਦ ਹੋਵੇ। ਸਰਹੱਦ ਦੇ ਦੋਵੇਂ ਪਾਸੇ ਹੁੰਦੇ ਵਿਆਹ-ਸ਼ਾਦੀਆਂ ਕਾਰਨ ਇਹ ਟਰੇਨ ‘ਮੋਹ ਤੇ ਪਿਆਰ’ ਦੀ ਗੱਡੀ ਬਣ ਗਈ ਹੈ।

ਇਹ ਟਰੇਨ ਦੋਹਾਂ ਗੁਆਂਢੀ ਦੇਸ਼ਾਂ ਵਿਚਾਲੇ ਦਰਾਮਦ ਤੇ ਬਰਾਮਦ ਦੇ ਕਾਰੋਬਾਰ ਨੂੰ ਪ੍ਰਫੁੱਲਿਤ ਕਰਨ ਵਿਚ ਬੇਹੱਦ ਸਹਾਇਕ ਹੈ। ਪਿਛਲੇ ਸਮੇਂ ਵਿਚ ਜਦੋਂ ਇਹ ਰੇਲ ਬੰਦ ਹੋ ਗਈ ਸੀ ਤਾਂ ਸਰਹੱਦ ਦੇ ਦੋਵੇਂ ਪਾਸੇ ਰਹਿੰਦੇ ਰਿਸ਼ਤੇਦਾਰ ਮੇਲ-ਮਿਲਾਪ ਤੋਂ ਵਾਂਝੇ ਹੋ ਗਏ ਸਨ।

****